# ਗੁਰਬਾਣੀ ਦੀਆਂ ਵਿਆਖਿਆ-ਪ੍ਰਣਾਲੀਆਂ ਤੇ ਪ੍ਰਮੁੱਖ ਸਿਧਾਂਤਾਂ ਦੇ ਪ੍ਰਸੰਗ ਵਿੱਚ ਸੰਤ ਸਿੰਘ ਮਸਕੀਨ ਜੀ ਦਾ ਗੁਰਬਾਣੀ ਵਿਆਖਿਆ-ਸਿਧਾਂਤ ਤੇ ਸ਼ੈਲੀ

# GURBANI DIAN VIAKHIA-PRANALIAN TE PRAMUKH SIDHANTAN DE PRASANG VICH SANT SINGH MASKEEN JI DA GURBANI VIAKHIA-SIDHANT TE SHAILI

ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੀ ਆਰਟਸ ਫੈਕਲਟੀ

ਦੇ ਅੰਤਰਗਤ ਪੀਐੱਚ. ਡੀ. ਦੀ ਡਿਗਰੀ ਲਈ ਪ੍ਰਸਤੁਤ

ਖੋਜ-ਪ੍ਰਬੰਧ

2020


ਖੋਜਾਰਥੀ

**ਪ੍ਰਭਜੀਤ ਕੌਰ**

ਗੁਰੂ ਨਾਨਕ ਸਿੱਖ ਅਧਿਐਨ ਵਿਭਾਗ

ਪੰਜਾਬ ਯੂਨੀਵਰਸਿਟੀ

ਚੰਡੀਗੜ੍ਹ।

# DEPARTMENT OF GURU NANAK SIKH STUDIES
# PANJAB UNIVERSITY, CHANDIGARH

*JASPAL KAUR KAANG*
Professor & Academic Incharge

Ref. No. 225 /G.N.S.S
Date. 24/02/2021

## Correction Certificate

This is to certify that no corrections have been suggested by the examiner in the Ph.D thesis of Ms. Prabhjit Kaur entitled "GURBANI DIAN VIAKHIA-PRANALIAN TE PRAMUKH SIDHANTAN DE PRASANG VICH SANT SINGH MASKEEN JI DA GURBANI VIAKHIA-SIDHANT TE SHAILI". Her viva-voce was held on 24.02.2021 at 11:30 a.m. on google meet app.

Kaur Asha Mandgil

Supervisors

Chairperson

Chairperson
Deptt. of Guru Nanak Sikh Studies
Panjab University, Chandigarh
24/02

## PANJAB UNIVERSITY CHANDIGARH
## STUDENT APPROVAL FORM FOR ELECTRONIC THESIS SUBMISSION

| | |
|---|---|
| **Thesis Title** | "GURBANI DIAN VIAKHIA-PRANALIAN TE PRAMUKH SIDHANTAN DE PRASANG VICH SANT SINGH MASKEEN JI DA GURBANI VIAKHIA-SIDHANT TE SHAILI" |
| **Name of the Research Scholar** | PRABHJIT KAUR |
| **Supervisor / Co-Supervisors** | DR. JASPAL KAUR KAANG<br>DR. ASHA MAUDGIL |
| **Department/Centre** | GURU NANAK SIKH STUDIES |

### STUDENT AGREEMENT

1. I represent that my thesis is my original work. Proper attribution has been given to all outside sources. I understand that I am solely responsible for obtaining any needed copyright permissions. I have obtained needed written permission statements(s) from the owner(s) of each third-party copyrighted matter to be included in my work, allowing electronic distribution (if such use is not permitted by the fair use doctrine) which will be submitted to Panjab University Chandigarh.
2. I hereby grant to the university and its agents the irrevocable, non-exclusive, and royalty-free license to archive and make accessible my work in whole or in part in all forms of media, now or hereafter known. I agree that the document mentioned above may be made available for worldwide access.

### REVIEW, APPROVAL AND ACCEPTANCE

The thesis mentioned above has been reviewed and accepted by the student's advisor, on behalf of the program; I/We verify that this is the final, approved version of the student's thesis including all changes required.

It is certified that electronic copy of thesis is the same as submitted in print form and as per the Shodhganga format.

### EMBARGO AGREEMENT (OPTIONAL)

**Kindly tick the appropriate option:**

- [x] No Embargo requested
- [ ] Embargo request for 6 months
- [ ] Embargo request for 1 Year
- [ ] Embargo request for 2 Year

**Please specify the reasons for Embargo:**

- The student is applying for a patent on an invention or procedure documented in the thesis and does not wish to make the contents public until the patent application has been filed.
- The thesis contains sensitive and/or classified information
- Immediate release of the thesis may impact an existing or potential publishing agreement.
- If any other, please specify:-

______________________________________________

______________________________________________

*Note: Research scholars are requested to please fill this form and get it signed from their supervisor/co-supervisors and HOD with proper stamp/seal and save the scanned copy of same in the CD (thesis).*

Prabhjit Kaur
**Signature of the Research Scholar**

Dr Jaspal Kaur Kaang
**Supervisor**
**Name:**

Asha Maudgil
**Co-Supervisor**
**Name:** ASHA MAUDGIL

**Co-Supervisor**
**Name:**

Chairperson
Deptt. of Guru Nanak Sikh Studies
Panjab University, Chandigarh
24/2
**Head of the Department**

# ਤਤਕਰਾ

**ਭੂਮਿਕਾ** i - xi

**ਅਧਿਆਇ ਪਹਿਲਾ** 1–15

**ਵਿਸ਼ੇ ਨਾਲ ਸੰਬੰਧਤ ਪੂਰਵ ਪ੍ਰਾਪਤ ਖੋਜ ਸਾਮੱਗਰੀ ਦਾ ਸਰਵੇਖਣ ਤੇ ਮੁਲਾਂਕਣ**

1.1 ਖੋਜ ਕਾਰਜ ਨਾਲ ਸੰਬੰਧਤ ਪੂਰਵ ਪ੍ਰਾਪਤ ਉਪਾਧੀ ਸਾਪੇਖ ਖੋਜ ਪ੍ਰਬੰਧਾਂ ਦਾ ਸਰਵੇਖਣ ਤੇ ਰੀਵਿਊ

1.2 ਗੁਰਬਾਣੀ ਦੀ ਟੀਕਾਕਾਰੀ ਸੰਬੰਧੀ ਹੋਈ ਖੋਜ ਦਾ ਸਰਵੇਖਣ

1.3 ਖੋਜ ਕਾਰਜ ਦਾ ਵਿਸ਼ਾ ਅਤੇ ਉਦੇਸ਼

1.4 ਖੋਜ ਵਿਸ਼ੇ ਦੀ ਸਾਰਥਕਤਾ ਅਤੇ ਵਿਲੱਖਣਤਾ

1.5 ਖੋਜ ਕਾਰਜ ਦੀ ਪਹੁੰਚ ਵਿਧੀ

1.6 ਖੋਜ ਕਾਰਜ ਦੀਆਂ ਸੀਮਾਵਾਂ ਅਤੇ ਚੁਣੌਤੀਆਂ

1.7 ਤੱਤ ਸਾਰ

**ਅਧਿਆਇ ਦੂਜਾ** 16–102

**ਵਿਆਖਿਆ ਪਰੰਪਰਾ**

2.1 ਵਿਆਖਿਆ : ਪਰਿਚਯ

2.1.1 ਵਿਆਖਿਆ ਸ਼ਬਦ ਦਾ ਅਰਥ

2.1.2 ਪਾਠ ਦੀ ਹੋਂਦ ਵਿਧੀ

2.1.3 ਪਾਠ ਅਤੇ ਵਿਆਖਿਆ : ਅੰਤਰ ਸੰਬੰਧ

2.2 ਧਾਰਮਿਕ ਵਿਆਖਿਆ ਪਰੰਪਰਾ :

2.2.1 ਧਾਰਮਿਕ ਵਿਆਖਿਆ ਦੀ ਲੋੜ ਅਤੇ ਆਰੰਭ

2.2.2 ਵੱਖ ਵੱਖ ਧਰਮ ਪਰੰਪਰਾਵਾਂ ਵਿੱਚ ਵਿਆਖਿਆ :

2.2.2.1 ਵੈਦਿਕ ਧਰਮ ਪਰੰਪਰਾ ਵਿੱਚ ਵਿਆਖਿਆ

2.2.2.2 ਜੈਨ ਧਰਮ ਪਰੰਪਰਾ ਵਿੱਚ ਵਿਆਖਿਆ

2.2.2.3 ਬੁੱਧ ਧਰਮ ਪਰੰਪਰਾ ਵਿੱਚ ਵਿਆਖਿਆ

2.2.2.4 ਸਿੱਖ ਧਰਮ ਪਰੰਪਰਾ ਵਿੱਚ ਵਿਆਖਿਆ

2.2.2.5 ਪੱਛਮੀ ਪਰਿਪੇਖ ਵਿੱਚ ਵਿਆਖਿਆ

2.3 ਵਿਆਖਿਆਕਾਰੀ ਦਾ ਮੂਲ ਆਧਾਰ : ਸ਼ਬਦ

2.3.1 ਸ਼ਬਦ ਕੀ ਹੈ?

2.3.1.1 ਸ਼ਬਦ ਦਾ ਅਰਥ ਅਤੇ ਪਰਿਭਾਸ਼ਾ

2.3.1.2 ਸ਼ਬਦ ਦੀ ਬੁਨਿਆਦ ਅਤੇ ਅਵਸਥਾਵਾਂ

2.3.1.3 ਸ਼ਬਦ ਅਤੇ ਅਰਥ : ਅੰਤਰ ਸੰਬੰਧ

2.4 ਵੱਖ ਵੱਖ ਦਰਸ਼ਨ ਪਰੰਪਰਾਵਾਂ ਵਿੱਚ ਸ਼ਬਦ :

2.4.1 ਵੈਦਿਕ ਦਰਸ਼ਨ ਵਿੱਚ ਸ਼ਬਦ

2.4.2 ਜੈਨ ਦਰਸ਼ਨ ਵਿੱਚ ਸ਼ਬਦ

2.4.3 ਬੁੱਧ ਦਰਸ਼ਨ ਵਿੱਚ ਸ਼ਬਦ

2.4.4 ਸਿੱਖ ਦਰਸ਼ਨ ਵਿੱਚ ਸ਼ਬਦ

2.4.5 ਪੱਛਮੀ ਦਰਸ਼ਨ ਵਿੱਚ ਸ਼ਬਦ

2.5 ਭਾਰਤੀ ਅਤੇ ਪੱਛਮੀ ਚਿੰਤਨ ਵਿੱਚ ਸ਼ਬਦ ਦਾ ਸ੍ਰੋਤ, ਸਰੂਪ ਅਤੇ ਅਰਥ ਪਰੰਪਰਾ

2.5.1. ਸ਼ਬਦ ਪ੍ਰਮਾਣ : ਨਿਆਇ ਸ਼ਾਸਤਰ ਦੇ ਵਿਸ਼ੇਸ਼ ਸੰਦਰਭ ਵਿੱਚ

2.5.1.1 ਗਿਆਨ ਪ੍ਰਾਪਤੀ ਦੇ ਪਹਿਲੇ ਤਿੰਨ ਪ੍ਰਮਾਣ

2.5.1.2 ਸ਼ਬਦ ਪ੍ਰਮਾਣ

2.5.2 ਸ਼ਬਦ ਦਾ ਸਿਧਾਂਤ : ਭਰਤ੍ਰਹਰਿ ਦੀ 'ਵਾਕਯਪਦੀਯ' ਦੇ ਵਿਸ਼ੇਸ਼ ਸੰਦਰਭ ਵਿੱਚ

2.5.2.1 ਭਾਰਤੀ ਭਾਸ਼ਾ ਦਰਸ਼ਨ ਦਾ ਆਧਾਰ ਗ੍ਰੰਥ 'ਵਾਕਯਪਦੀਯ'

2.5.2.2 ਸ਼ਬਦ ਬ੍ਰਹਮ ਅਨਾਦਿ ਹੈ

2.5.2.3 ਸ਼ਬਦ ਦਾ ਅਰਥ ਵਿਗਿਆਨ / ਸਫੋਟ ਸਿਧਾਂਤ

2.5.2.4 ਸ਼ਬਦ ਅਤੇ ਅਰਥ ਅਭਿੰਨ ਹਨ

2.5.3 ਪੱਛਮੀ ਚਿੰਤਨ ਵਿੱਚ 'ਸ਼ਬਦ' ਦਾ ਪਿਛੋਕੜ

2.5.3.1 ਸ਼ਬਦ ਦੇ 'ਵਿਕੇਂਦ੍ਰੀਕਰਣ' ਦਾ ਸਿਧਾਂਤ: ਯੱਕ ਦੈਰੀਦਾ ਦੇ ਵਿਸ਼ੇਸ਼ ਸੰਦਰਭ ਵਿੱਚ

2.5.3.2 ਸ਼ਬਦ ਦੇ 'ਅਰਥ' ਦਾ ਵਿਗਿਆਨਕ ਵਿਸ਼ਲੇਸ਼ਣ: ਜੋਖ਼ਿਮ ਵਾੱਕ ਦੇ ਵਿਸ਼ੇਸ਼ ਸੰਦਰਭ ਵਿੱਚ

2.6 ਭਾਰਤੀ ਅਤੇ ਪੱਛਮੀ ਚਿੰਤਨ ਵਿੱਚ ਵਿਆਖਿਆਕਾਰੀ ਦਾ ਮੁੱਢ ਅਤੇ ਵਿਕਾਸ :

2.6.1 ਵੈਦਿਕ ਸਾਹਿਤ ਵਿੱਚ ਟੀਕਾਕਾਰੀ : ਮੁੱਢ ਅਤੇ ਵਿਕਾਸ

2.6.1.1 ਟੀਕਾ

2.6.1.2 ਨਿਰੁਕਤ

2.6.1.3 ਭਾਸ਼

2.6.1.4 ਵ੍ਰਿਤੀ

2.6.1.5 ਟਿੱਪਣੀ

2.6.1.6 ਪਰਮਾਰਥ

2.6.1.7 ਸੰਥਿਆ

2.6.1.8 ਕਥਾ

2.6.1.9 ਵਿਅਖਿਆ

2.6.2 ਵਿਆਖਿਆ ਸ਼ਾਸਤਰ : ਅਰਥ ਅਤੇ ਸਰੂਪ

2.6.2.1 ਹਰਮੇਨਿਊਟਿਕਸ: ਇਤਿਹਾਸਕ ਪਿਛੋਕੜ, ਅਰਥ ਅਤੇ ਸਰੂਪ

2.6.2.1.1 ਹਰਮੇਨਿਊਟਿਕਸ ਦਾ ਇਤਿਹਾਸਕ ਪਿਛੋਕੜ

2.6.2.1.2 ਹਰਮੇਨਿਊਟਿਕਸ ਦੀਆਂ ਤਿੰਨ ਮੂਲ ਧਾਰਾਵਾਂ

2.6.2.1.2.1 ਕਹਿਣਾ

2.6.2.1.2.2 ਵਿਆਖਿਆ ਕਰਨਾ

2.6.2.1.2.3 ਅਨੁਵਾਦ ਕਰਨਾ

2.6.2.1.3 ਸਮੱਸਿਆ ਨੂੰ ਹੱਲ ਕਰਨ ਦੀ ਪ੍ਰਕਿਰਿਆ

2.6.2.2 ਐਕਸਿਜੀਸਿਸ: ਇਤਿਹਾਸਕ ਪਿਛੋਕੜ, ਅਰਥ ਅਤੇ ਸਰੂਪ

2.7 ਤੱਤ ਸਾਰ

**ਅਧਿਆਇ ਤੀਜਾ** 103-166

**ਵਿਆਖਿਆਕਾਰੀ ਦਾ ਗੁਰਮਤਿ ਪਰਿਪੇਖ**

3.1 ਸਿੱਖ ਧਰਮ ਚਿੰਤਨ ਦਾ ਆਧਾਰ: ਸ਼ਬਦ

3.2 ਗੁਰਬਾਣੀ ਵਿਆਖਿਆ: ਸੰਕਲਪ, ਸਰੂਪ ਅਤੇ ਵਿਉਤ

3.2.1 ਗੁਰਬਾਣੀ ਵਿਆਖਿਆ: ਸੰਕਲਪ

3.2.1.1 ਗੁਰਬਾਣੀ ਅਤੇ ਵਿਆਖਿਆ: ਅੰਤਰ ਸੰਬੰਧ

3.2.1.2 ਗੁਰਬਾਣੀ ਵਿਆਖਿਆ ਅਗਾਧ ਬੋਧ ਹੈ

3.2.2 ਗੁਰਬਾਣੀ ਵਿਆਖਿਆ ਦਾ ਸਰੂਪ

3.2.2.1 ਨਿਰੁਕਤੀ

3.2.2.2 ਕੋਸ਼ਕਾਰੀ

3.2.2.3 ਕਥਾਕਾਰੀ

3.2.2.4 ਟੀਕਾਕਾਰੀ

3.2.2.5 ਵਾਰਤਕ

3.2.2.6 ਉਲਥਾਕਾਰੀ

3.2.3 ਗੁਰਬਾਣੀ ਵਿਆਖਿਆ ਦੀ ਵਿਉਤ

3.2.3.1 ਪਦ ਅਰਥ / ਸ਼ਬਦਾਰਥ

3.2.3.2 ਤੁੱਕ ਅਰਥ / ਟੀਕਾ

3.2.3.3 ਭਾਵ ਅਰਥ / ਕੇਂਦਰੀ ਅਰਥ

3.2.3.4 ਸਿਧਾਂਤਕ ਅਰਥ / ਪਰਮਾਰਥ

3.3 ਗੁਰਬਾਣੀ ਵਿਆਖਿਆਕਾਰੀ ਦਾ ਉਦੇਸ਼, ਮਹੱਤਵ ਅਤੇ ਚੁਣੌਤੀਆਂ

3.3.1 ਉਦੇਸ਼

3.3.2 ਮਹੱਤਵ

3.3.3 ਚੁਣੌਤੀਆਂ

3.4 ਗੁਰਬਾਣੀ ਵਿਆਖਿਆ ਦੇ ਵਿਵਿਧ ਪਰਿਪੇਖ

3.4.1 ਇਤਿਹਾਸਕ ਪਰਿਪੇਖ

3.4.2 ਦਾਰਸ਼ਨਿਕ ਪਰਿਪੇਖ

3.4.3 ਸਮਾਜ ਸੱਭਿਆਚਾਰਕ ਪਰਿਪੇਖ

3.4.4 ਅਕਾਦਮਿਕ / ਵਿਗਿਆਨਕ ਪਰਿਪੇਖ

3.5 ਗੁਰਬਾਣੀ ਦਾ ਵਿਆਖਿਆ ਸ਼ਾਸਤਰ: ਸੰਕਲਪੀ ਅਧਿਐਨ

3.6 ਤੱਤ ਸਾਰ

**ਅਧਿਆਇ ਚੌਥਾ** 167-225

**ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ, ਸਿਧਾਂਤ ਤੇ ਖੋਜ ਸੰਦ**

4.1 ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ

4.1.1 ਸਹਜ ਪ੍ਰਣਾਲੀ: ਬਾਣੀ ਰਾਹੀਂ ਬਾਣੀ ਦੀ ਵਿਆਖਿਆ

4.1.1.1 ਸਹਿਜ ਪ੍ਰਣਾਲੀ ਦੇ ਪ੍ਰਮੁੱਖ ਵਿਆਖਿਆਕਾਰ

4.1.1.2 ਸਹਿਜ ਪ੍ਰਣਾਲੀ ਦੀਆਂ ਪ੍ਰਮੁੱਖ ਪ੍ਰਵਿਰਤੀਆਂ

4.1.2 ਭਾਈ ਪ੍ਰਣਾਲੀ: ਸਿਧਾਂਤਮੁਖੀ ਵਿਆਖਿਆ

4.1.2.1 ਭਾਈ ਪ੍ਰਣਾਲੀ ਦੇ ਪ੍ਰਮੁੱਖ ਵਿਆਖਿਆਕਾਰ

4.1.2.2 ਭਾਈ ਪ੍ਰਣਾਲੀ ਦੀਆਂ ਪ੍ਰਮੁੱਖ ਪ੍ਰਵਿਰਤੀਆਂ

4.1.3 ਪਰਮਾਰਥ ਪ੍ਰਣਾਲੀ: ਗੁਰ ਇਤਿਹਾਸਕ ਪ੍ਰਸੰਗਾਂ ਸਹਿਤ ਵਿਆਖਿਆ

4.1.3.1 ਪਰਮਾਰਥ ਪ੍ਰਣਾਲੀ ਦੇ ਪ੍ਰਮੁੱਖ ਵਿਆਖਿਆਕਾਰ

4.1.3.2 ਪਰਮਾਰਥ ਪ੍ਰਣਾਲੀ ਦੀਆਂ ਪ੍ਰਮੁੱਖ ਪ੍ਰਵਿਰਤੀਆਂ

4.1.4 ਉਦਾਸੀ ਪ੍ਰਣਾਲੀ: ਪੌਰਾਣਿਕ ਹਵਾਲਿਆਂ ਸਹਿਤ ਵਿਆਖਿਆ

4.1.4.1 ਉਦਾਸੀ ਪ੍ਰਣਾਲੀ ਦੇ ਪ੍ਰਮੁੱਖ ਵਿਆਖਿਆਕਾਰ

4.1.4.2 ਉਦਾਸੀ ਪ੍ਰਣਾਲੀ ਦੀਆਂ ਪ੍ਰਮੁੱਖ ਪ੍ਰਵਿਰਤੀਆਂ

4.1.5 ਨਿਰਮਲਾ ਪ੍ਰਣਾਲੀ: ਵੇਦਾਂਤਮੁਖੀ ਵਿਆਖਿਆ

4.1.5.1 ਨਿਰਮਲਾ ਪ੍ਰਣਾਲੀ ਦੇ ਪ੍ਰਮੁੱਖ ਵਿਆਖਿਆਕਾਰ

4.1.5.2 ਨਿਰਮਲਾ ਪ੍ਰਣਾਲੀ ਦੀਆਂ ਪ੍ਰਮੁੱਖ ਪ੍ਰਵਿਰਤੀਆਂ

4.1.6 ਸੰਪ੍ਰਦਾਈ ਪ੍ਰਣਾਲੀ : ਬਹੁ ਅਰਥੀ ਵਿਆਖਿਆ

4.1.6.1 ਸੰਪ੍ਰਦਾਈ ਪ੍ਰਣਾਲੀ ਦੇ ਪ੍ਰਮੁੱਖ ਵਿਆਖਿਆਕਾਰ

4.1.6.2 ਸੰਪ੍ਰਦਾਈ ਪ੍ਰਣਾਲੀ ਦੀਆਂ ਪ੍ਰਮੁੱਖ ਪ੍ਰਵਿਰਤੀਆਂ

4.1.7 ਸਿੰਘ ਸਭਾਈ ਪ੍ਰਣਾਲੀ : ਤਾਰਕਿਕ ਵਿਆਖਿਆ

4.1.7.1 ਸਿੰਘ ਸਭਾਈ ਪ੍ਰਣਾਲੀ ਦੇ ਪ੍ਰਮੁੱਖ ਵਿਆਖਿਆਕਾਰ

4.1.7.2 ਸਿੰਘ ਸਭਾਈ ਪ੍ਰਣਾਲੀ ਦੀਆਂ ਪ੍ਰਮੁੱਖ ਪ੍ਰਵਿਰਤੀਆਂ

4.2 ਗੁਰਬਾਣੀ ਵਿਆਖਿਆਕਾਰੀ ਦਾ ਆਧੁਨਿਕ ਸਰੂਪ ਅਤੇ ਉੱਤਰ ਆਧੁਨਿਕ ਦ੍ਰਿਸ਼ਟੀਕੋਣ

4.2.1 ਆਧੁਨਿਕ ਪ੍ਰਣਾਲੀ ਦੇ ਪ੍ਰਮੁੱਖ ਵਿਆਖਿਆਕਾਰ

4.2.2 ਆਧੁਨਿਕ ਪ੍ਰਣਾਲੀ ਦੀਆਂ ਪ੍ਰਮੁੱਖ ਪ੍ਰਵਿਰਤੀਆਂ

4.3 ਗੁਰਬਾਣੀ ਵਿਆਖਿਆ ਦੇ ਪ੍ਰਮੁੱਖ ਸਿਧਾਂਤ

4.3.1 ਗੁਰਬਾਣੀ ਦਾ ਸਰੂਪ, ਪ੍ਰਕਿਰਤੀ ਅਤੇ ਸੁਭਾਅ

4.3.2 ਗੁਰਬਾਣੀ ਦੀ ਅੰਦਰੂਨੀ ਵਿਚਾਰਧਾਰਕ ਏਕਤਾ

4.3.3 ਬਾਣੀ-ਰੂਪੀ ਰਚਨਾ ਦੀ ਸੁਤੰਤਰ ਪਛਾਣ

4.3.4 ਧਾਰਮਿਕ ਭਾਸ਼ਾ, ਗੁਰਬਾਣੀ ਵਿਆਕਰਣ ਅਤੇ ਆਰਥੋਗ੍ਰਾਫੀ

4.3.5 ਸਮਕਾਲੀ ਵਿਆਖਿਆ ਸ਼ਾਸਤਰਾਂ ਦਾ ਰੁਝਾਨ

4.3.6 ਗੁਰਬਾਣੀ ਦੀ ਸਮੁੱਚੀ ਸਿਧਾਂਤਕ ਚੇਤਨਾ

4.3.7 ਹੋਰ ਫੁਟਕਲ ਨੇਮ

4.4 ਗੁਰਬਾਣੀ ਵਿਆਖਿਆ ਲਈ ਜ਼ਰੂਰੀ ਖੋਜ ਸੰਦ

4.4.1 ਦਰਸ਼ਨ ਸ਼ਾਸਤਰੀ ਖੋਜ ਸੰਦ

4.4.2 ਭਾਸ਼ਾ ਸ਼ਾਸਤਰੀ ਜਾਂ ਵਿਆਕਰਣਕ ਖੋਜ ਸੰਦ

4.4.3 ਕਾਵਿ ਸ਼ਾਸਤਰੀ ਖੋਜ ਸੰਦ

4.5 ਤੱਤ ਸਾਰ

**ਅਧਿਆਇ ਪੰਜਵਾਂ** 226-280

**5. ਸੰਤ ਸਿੰਘ ਮਸਕੀਨ ਜੀ:**

**ਜੀਵਨ, ਸ਼ਖ਼ਸੀਅਤ, ਸਮਕਾਲੀ ਪ੍ਰਸਥਿਤੀਆਂ ਅਤੇ ਰਚਨਾਵਾਂ**

5.1 ਗੁਰਬਾਣੀ ਵਿਆਖਿਆਕਾਰ: ਸੰਤ ਸਿੰਘ ਮਸਕੀਨ ਜੀ

5.2 ਸੰਤ ਸਿੰਘ ਮਸਕੀਨ ਜੀ: ਸਮਕਾਲੀਆਂ ਦੀ ਨਜ਼ਰ ਵਿੱਚ

5.3 ਸੰਤ ਸਿੰਘ ਮਸਕੀਨ ਜੀ: ਨਿਰਮਲਾ ਪ੍ਰਣਾਲੀ ਦੇ ਪ੍ਰਸੰਗ ਵਿੱਚ

5.4 ਸਮਕਾਲ ਅਤੇ ਸੰਤ ਸਿੰਘ ਮਸਕੀਨ ਜੀ

5.4.1 ਰਾਜਨੀਤਕ ਪ੍ਰਸਥਿਤੀਆਂ

5.4.2 ਧਾਰਮਿਕ ਪ੍ਰਸਥਿਤੀਆਂ

5.4.3 ਸਮਾਜਕ ਪ੍ਰਸਥਿਤੀਆਂ

5.5 ਸੰਤ ਸਿੰਘ ਮਸਕੀਨ ਜੀ ਦਾ ਰਚਨਾ-ਸੰਸਾਰ

5.6 ਤੱਤ ਸਾਰ

**ਅਧਿਆਇ ਛੇਵਾਂ** 281-384

**6. ਸੰਤ ਸਿੰਘ ਮਸਕੀਨ ਜੀ ਦੀ ਗੁਰਬਾਣੀ ਵਿਆਖਿਆਕਾਰੀ, ਵਿਆਖਿਆ-ਸਿਧਾਂਤ ਤੇ ਸ਼ੈਲੀ**

6.1 ਸੰਤ ਸਿੰਘ ਮਸਕੀਨ ਜੀ: ਵਿਆਖਿਆ ਵਿਸ਼ਲੇਸ਼ਣ

6.1.1 ਗੁਰਬਾਣੀ ਵਿਆਖਿਆਕਾਰੀ ਦਾ ਅਧਿਆਤਮਕ ਅਤੇ ਦਾਰਸ਼ਨਿਕ ਪੱਖ

6.1.1.1 ਪਰਮਸਤਿ

6.1.1.2 ਜਗਤ

6.1.1.3 ਜੀਵ ਆਤਮਾ

6.1.1.4 ਮਾਇਆ

6.1.1.5 ਮੁਕਤੀ

6.1.2 ਗੁਰਬਾਣੀ ਵਿਆਖਿਆਕਾਰੀ ਦਾ ਸਮਾਜ ਸੱਭਿਆਚਾਰਕ ਪੱਖ

6.1.2.1 ਸਮਾਜਕ ਭਰਮ ਭੁਲੇਖੇ ਆਦਿ ਨੂੰ ਸਪਸ਼ਟ ਕਰਨਾ

6.1.2.2 ਜੀਵਨ ਜਾਚ ਨੂੰ ਤਰਕਮਈ ਆਧਾਰ ਨਾਲ ਜੋੜਨਾ

6.1.2.3 ਮਨੁੱਖੀ ਜੀਵਨ ਨੂੰ ਸੇਧਾਂ

6.1.2.4 ਧਰਮ, ਕਲਾ ਅਤੇ ਵਿਗਿਆਨ ਸੰਬੰਧੀ ਵਿਚਾਰ

6.1.3 ਗੁਰਬਾਣੀ ਵਿਆਖਿਆਕਾਰੀ ਦਾ ਸਾਧਨਾਤਮਕ ਪੱਖ

6.1.3.1 ਬਾਣੀ ਪੜ੍ਹਨ ਅਤੇ ਜਪਣ ਵਿੱਚ ਫਰਕ

6.1.3.2 ਗੁਰੂ ਦਾ ਸਥਾਨ

6.1.3.3 ਅਰਦਾਸ ਜਾਂ ਪ੍ਰਾਰਥਨਾ

6.1.3.4 ਸਾਧਨਾ ਕਰਨ ਦਾ ਉਦੇਸ਼

6.2 ਸੰਤ ਸਿੰਘ ਮਸਕੀਨ ਜੀ ਦੀ ਵਿਆਖਿਆਕਾਰੀ: ਸੰਕਲਪੀ ਅਧਿਐਨ

6.2.1 'ਜਪੁ ਜੀ' ਦੀ ਵਿਆਖਿਆ ਦਾ ਸੰਕਲਪੀ ਅਧਿਐਨ

6.2.2 'ਆਸਾ ਦੀ ਵਾਰ' ਦੀ ਵਿਆਖਿਆ ਦਾ ਸੰਕਲਪੀ ਅਧਿਐਨ

6.2.3 'ਬਾਰਹਮਾਹਾ' ਦੀ ਵਿਆਖਿਆ ਦਾ ਸੰਕਲਪੀ ਅਧਿਐਨ

6.3 ਸੰਤ ਸਿੰਘ ਮਸਕੀਨ ਜੀ ਦਾ ਗੁਰਬਾਣੀ ਵਿਆਖਿਆ-ਸਿਧਾਂਤ

6.3.1 ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਵਿੱਚ ਅਟੱਲ ਵਿਸ਼ਵਾਸ

6.3.2 ਵਿਆਖਿਆ ਦਾ ਵਿਵੇਕੀ ਰੂਪ

6.3.3 ਸਥੂਲ ਤੋਂ ਸੂਖਮ ਅਰਥਾਂ ਵੱਲ ਲਿਜਾਣ ਦੀ ਜੁਗਤ

6.3.4 ਵਿਆਖਿਆ ਦਾ ਕੋਸ਼ਮਈ, ਪ੍ਰਯਾਇਵਾਚੀ ਅਤੇ ਵਿਆਕਰਣਕ ਪਰਿਪੇਖ

6.3.5 ਵਿਆਖਿਆ ਨੂੰ ਬੌਧਿਕ ਪਕੜ ਵਿੱਚ ਲਿਆਉਣ ਦੀ ਜੁਗਤ

6.3.6 ਵਿਆਖਿਆ ਦਾ ਅਨੁਭਵੀ ਸਰੂਪ ਪ੍ਰਮਾਣਾਂ ਸਹਿਤ

6.3.7 ਵਿਗਿਆਨਕ ਅਤੇ ਮਨੋਵਿਗਿਆਨਕ ਤੱਥਾਂ ਨੂੰ ਪ੍ਰਕਾਸ਼ਮਾਨ ਕਰਨ ਦੀ ਜੁਗਤ

6.3.8 ਵਿਆਖਿਆ ਵਿੱਚ ਦੁਹਰਾਓ ਦੀ ਜੁਗਤ

6.3.9 ਕਵੀਆਂ ਅਤੇ ਸ਼ਾਇਰਾਂ ਦੇ ਵਿਚਾਰਾਂ ਦੀ ਸ਼ਮੂਲੀਅਤ

6.4 ਸੰਤ ਸਿੰਘ ਮਸਕੀਨ ਜੀ ਦੀ ਵਿਆਖਿਆ ਸ਼ੈਲੀ ਅਤੇ ਇਸ ਦੇ ਕੁਝ ਵਿਲੱਖਣ ਪੱਖ

6.4.1 ਭਾਸ਼ਾ ਅਤੇ ਸ਼ਬਦ ਚੋਣ

6.4.2 ਇਤਿਹਾਸਕ ਅਤੇ ਮਿਥਿਹਾਸਕ ਹਵਾਲੇ

6.4.3 ਬਿਰਤਾਂਤ ਸਿਰਜਨ

6.5 ਸੰਤ ਸਿੰਘ ਮਸਕੀਨ ਜੀ ਦਾ ਗੁਰਬਾਣੀ ਵਿਆਖਿਆ ਦੇ ਸੰਦਰਭ ਵਿੱਚ ਯੋਗਦਾਨ

6.6 ਤੱਤ ਸਾਰ

**ਸਾਰ ਅਤੇ ਸਥਾਪਨਾਵਾਂ** 285-397

**ਪੁਸਤਕ ਸੂਚੀ** 398-409

# ਭੂਮਿਕਾ

ਸ੍ਰੀ ਗੁਰੂ ਗ੍ਰੰਥ ਸਾਹਿਬ ਮੱਧਕਾਲੀ ਭਾਰਤ ਦਾ ਇੱਕ ਮਹੱਤਵਪੂਰਣ ਇਤਿਹਾਸਕ, ਸਾਹਿਤਕ ਤੇ ਸੱਭਿਆਚਾਰਕ ਪਾਠ ਹੈ ਜਿਸ ਦਾ ਸੰਪਾਦਨ 1604 ਈ. ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕੀਤਾ। ਇਸ ਗ੍ਰੰਥ ਵਿੱਚ ਛੇ ਸਿੱਖ ਗੁਰੂ ਸਾਹਿਬਾਨ ਤੋਂ ਇਲਾਵਾ ਭਾਰਤ ਦੇ ਵੱਖ-ਵੱਖ ਖਿੱਤਿਆਂ, ਜਾਤਾਂ, ਨਸਲਾਂ, ਧਰਮਾਂ ਅਤੇ ਭਾਸ਼ਾਵਾਂ ਨਾਲ ਸੰਬੰਧਤ 15 ਭਗਤਾਂ, 11 ਭੱਟਾਂ ਅਤੇ 4 ਗੁਰਸਿੱਖਾਂ ਦੀ ਬਾਣੀ ਵੀ ਦਰਜ ਹੈ। ਇਹ ਬਾਣੀ ਉਸ ਸਮੇਂ ਦੇ ਜਾਤੀ, ਨਸਲੀ, ਭਾਸ਼ਾਈ, ਧਾਰਮਿਕ ਅਤੇ ਸੱਭਿਆਚਾਰਕ ਵਖਰੇਵਿਆਂ ਨੂੰ ਮਿਟਾ ਕੇ 'ਸਭੈ ਸਾਂਝੀਵਾਲ ਸਦਾਇਨਿ' ਦੇ ਸੰਦੇਸ਼ ਦਾ ਸੰਚਾਰ ਕਰਦੇ ਹੋਏ ਜਿੱਥੇ ਗੁਰੂ ਸਾਹਿਬਾਨ ਦੀ ਉਦਾਰ ਦ੍ਰਿਸ਼ਟੀ ਨੂੰ ਪ੍ਰਮਾਣਿਤ ਕਰਦੀ ਹੈ ਉੱਥੇ ਗੁਰਮੁਖੀ ਲਿਪੀ ਅਧੀਨ ਆਪਣੇ ਸਮੇਂ ਦੇ ਵੱਖ-ਵੱਖ ਸਾਹਿਤ ਰੂਪਾਕਾਰਾਂ, ਲੋਕ ਮੁਹਾਵਰਿਆਂ, ਲੋਕ ਛੰਦਾਂ, ਲੋਕ ਧੁਨੀਆਂ ਤੇ ਵੱਖ-ਵੱਖ ਭਾਸ਼ਾਵਾਂ ਦੇ ਸ਼ਬਦਾਂ ਨੂੰ ਆਪਣੇ ਅੰਦਰ ਸਮੋਈ ਬੈਠੀ ਹੈ ਜਿਨ੍ਹਾਂ ਦਾ ਬੋਧ ਕਰਨ ਲਈ ਅਕਸਰ ਵਿਆਖਿਆ ਦੀ ਲੋੜ ਪ੍ਰਤੀਤ ਹੁੰਦੀ ਹੈ।

ਕਿਸੇ ਲਿਖਤੀ ਜਾਂ ਮੌਖਿਕ ਪਾਠ ਦੇ ਅਰਥਾਂ ਨੂੰ ਸਥਾਪਿਤ ਕਰਨ ਜਾਂ ਸਪਸ਼ਟ ਕਰਨ ਦਾ ਕਾਰਜ ਵਿਆਖਿਆ ਦੇ ਅੰਤਰਗਤ ਆਉਂਦਾ ਹੈ। ਸਮਕਾਲੀਨ ਗਿਆਨ ਸ਼ਾਸਤਰ ਅਨੁਸਾਰ ਕੋਈ ਵੀ ਪਾਠ ਜਾਂ ਸਾਹਿਤਿਕ ਰਚਨਾ ਖਲਾਅ ਵਿੱਚੋਂ ਪੈਦਾ ਨਹੀਂ ਹੁੰਦੀ ਸਗੋਂ ਇਹ ਤਾਂ ਜੀਵਨ ਅਤੇ ਯਥਾਰਥ ਦੇ ਅਨੁਭਵ ਜਾਂ ਬੋਧ ਨੂੰ ਸ਼ਬਦਾਂ ਰਾਹੀਂ ਵਿਅਕਤ ਕਰਕੇ ਹੋਂਦ ਗ੍ਰਹਿਣ ਕਰਦੀ ਹੈ। ਵਿਆਖਿਆ ਦਾ ਅਰਥ ਕੇਵਲ ਟੀਕਾ ਜਾਂ ਸ਼ਾਬਦਿਕ ਅਰਥਾਂ ਦਾ ਪ੍ਰਗਟਾਵਾ ਕਰਨਾ ਹੀ ਨਹੀਂ ਹੁੰਦਾ ਸਗੋਂ ਇਹ ਮੂਲ ਅਨੁਭਵ ਦੇ ਮੂਲ ਸੰਦੇਸ਼ ਨੂੰ ਸਪਸ਼ਟਤਾ ਸਹਿਤ ਬਿਆਨ ਕਰਨ ਦਾ ਯਤਨ ਹੁੰਦਾ ਹੈ। ਯਥਾਰਥ ਦੇ ਬੋਧ ਦਾ ਅਰਥ ਨਿਰਧਾਰਿਤ ਕਰਨ ਲਈ ਵਿਆਖਿਆ ਦੀਆਂ ਵੱਖੋ-ਵੱਖਰੀਆਂ ਵਿਧੀਆਂ ਅਤੇ ਜੁਗਤਾਂ ਸਾਹਮਣੇ ਆਉਂਦੀਆਂ ਹਨ ਜਿਸ ਦੇ ਅੰਤਰਗਤ ਹੀ ਕੋਈ ਸਮਾਜ ਸੱਭਿਆਚਾਰ ਆਪਣੇ ਵਿਰਸੇ ਦੇ ਪਾਠਾਂ ਦੀ ਵਿਆਖਿਆ ਲਈ ਪ੍ਰਾਸੰਗਿਕ ਵਿਆਖਿਆ ਸ਼ਾਸਤਰ ਦੀ ਉਸਾਰੀ ਕਰਦਾ ਹੈ।

ਸੰਸਾਰ ਦੇ ਲਗਭਗ ਸਾਰੇ ਹੀ ਧਰਮ ਗ੍ਰੰਥਾਂ ਦੀ ਵਿਆਖਿਆਕਾਰੀ ਅਤੇ ਟੀਕਾਕਾਰੀ ਕਈ ਰੂਪਾਂ ਅਤੇ ਕਈ-ਕਈ ਭਾਸ਼ਾਵਾਂ ਵਿੱਚ ਹੋਈ ਹੈ ਜਿਸ ਨੂੰ ਵੱਖ-ਵੱਖ ਧਾਰਮਿਕ ਪਰੰਪਰਾਵਾਂ ਦੇ ਅੰਤਰਗਤ ਵੱਖ-ਵੱਖ ਨਾਵਾਂ ਨਾਲ ਜਾਣਿਆ ਜਾਂਦਾ ਹੈ ਜਿਵੇਂ ਬਾਈਬਲ ਦੀ

ਵਿਆਖਿਆ ਨੂੰ 'ਐਕਸਿਜੀਸਿਸ' ਕਿਹਾ ਜਾਂਦਾ ਹੈ, ਕੁਰਾਨ ਸ਼ਰੀਫ ਦੀ ਟੀਕਾਕਾਰੀ ਨੂੰ ਅਰਬੀ ਅਤੇ ਫਾਰਸੀ ਵਿੱਚ 'ਤਫ਼ਸੀਰ' ਕਿਹਾ ਜਾਂਦਾ ਹੈ, ਪੁਰਾਣਾਂ ਦੀ ਵਿਆਖਿਆ ਲਈ ਭਾਰਤੀ ਧਰਮ ਪਰੰਪਰਾ ਵਿੱਚ 'ਭਾਸ਼ਯ' ਸ਼ਬਦ ਵਰਤਿਆ ਜਾਂਦਾ ਹੈ।ਅਸਲ ਵਿੱਚ ਵਿਆਖਿਆਕਾਰੀ ਦੀ ਭਾਰਤੀ ਪਰੰਪਰਾ ਵਿੱਚ ਗਿਆਨ ਦੇ ਵੱਖ-ਵੱਖ ਪੱਧਰਾਂ ਉੱਤੇ ਵੱਖ-ਵੱਖ ਤਕਨੀਕੀ ਸ਼ਬਦਾਂ ਦੀ ਵਰਤੋਂ ਹੋਈ ਹੈ।ਇਨ੍ਹਾਂ ਵਿੱਚ ਪਦ ਅਰਥ, ਪਰਿਆਇਵਾਚੀ ਅਰਥ, ਟੀਕੇ, ਟਿੱਪਣੀਆਂ, ਵ੍ਰਿਤੀ, ਭਾਸ਼ਯ ਜਾਂ ਪਰਮਾਰਥ ਆਦਿ ਸ਼ਾਮਿਲ ਹਨ ਜੋ ਕਿ ਸਾਧਾਰਨ, ਓਪਰੀ ਜਾਂ ਸ਼ਾਬਦਿਕ ਵਿਆਖਿਆ ਤੋਂ ਲੈ ਕੇ ਗਹਿਰ ਗੰਭੀਰ ਅੰਦਰੂਨੀ ਭਾਵਾਂ ਦੀ ਵਿਆਖਿਆ ਦਾ ਰੂਪ ਹਨ।

ਪੱਛਮ ਵਿੱਚ ਵਿਕਸਿਤ ਹੋਈ ਵਿਆਖਿਆ ਪਰੰਪਰਾ ਵਿੱਚ ਵਿਆਖਿਆ-ਸ਼ਾਸਤਰ ਲਈ ਮੁੱਖ ਤੌਰ ਤੇ ਦੋ ਸ਼ਬਦ ਪ੍ਰਚਲਿਤ ਹਨ - 1.ਐਕਸਿਜੀਸਿਸ, 2.ਹਰਮੇਨਿਊਟਿਕਸ ਐਨਸਾਈਕਲੋਪੀਡੀਆ ਬ੍ਰਿਟਾਨਿਕਾ ਅਨੁਸਾਰ ਐਕਸਿਜੀਸਿਸ ਸ਼ਬਦ ਅੰਜੀਲ ਅਤੇ ਬਾਈਬਲ ਦੀ ਆਲੋਚਨਾਤਮਕ ਵਿਆਖਿਆ ਲਈ ਵਰਤਿਆ ਜਾਂਦਾ ਹੈ ਜਦ ਕਿ 'ਹਰਮੇਨਿਊਟਿਕਸ' ਸ਼ਬਦ ਵਿਆਖਿਆਤਮਕ ਨੇਮਾਂ ਜਾਂ ਅਸੂਲਾਂ ਦੇ ਵਿਗਿਆਨ ਲਈ ਵਰਤਿਆ ਜਾਂਦਾ ਹੈ।

ਪੰਜਾਬੀ ਸਾਹਿਤ ਅੰਦਰ ਵਿਆਖਿਆਕਾਰੀ ਦੀ ਪਰੰਪਰਾ ਦਾ ਮੁੱਢ ਗੁਰਬਾਣੀ ਦੀ ਰਚਨਾ ਦੇ ਨਾਲ ਹੀ ਬੱਝਦਾ ਹੈ।ਗੁਰੂ ਨਾਨਕ ਦੇਵ ਜੀ ਨੇ ਆਪ ਅਨੇਕ ਲੋਕਾਂ ਨਾਲ ਚਰਚਾ ਕਰਦਿਆਂ ਆਪਣੇ ਅਧਿਆਤਮਕ ਸਿਧਾਂਤਾਂ ਦੀ ਵਿਆਖਿਆ ਆਪਣੀ ਬਾਣੀ ਦੇ ਰਾਹੀਂ ਹੀ ਕੀਤੀ ਅਤੇ ਉਨ੍ਹਾਂ ਦੇ ਉੱਤਰਾਧਿਕਾਰੀ ਗੁਰੂ ਸਾਹਿਬਾਨ ਨੇ ਵੀ ਹੋਰ ਬਾਣੀ ਰਚ ਕੇ ਨਾਨਕ-ਬਾਣੀ ਵਿਚਲੇ ਸਿਧਾਂਤਾਂ ਦੀ ਹੀ ਵਿਆਖਿਆ ਕੀਤੀ।ਮਗਰੋਂ ਉਦਾਸੀਨ ਸਾਧੂਆਂ ਨੇ ਵੇਦਾਂ ਸ਼ਾਸਤ੍ਰਾਂ ਦਾ ਅਧਿਐਨ ਕਰ ਕੇ ਪੁਰਾਤਨ ਅਧਿਆਤਮਕ ਗਿਆਨ, ਦਰਸ਼ਨ ਅਤੇ ਧਰਮ ਦੀ ਦ੍ਰਿਸ਼ਟੀ ਤੋਂ ਗੁਰਬਾਣੀ ਦੀ ਵਿਆਖਿਆ ਆਪਣੇ ਢੰਗ ਨਾਲ ਕੀਤੀ।ਹੋਰ ਵੀ ਧਾਰਮਿਕ ਵਿਅਕਤੀਆਂ ਜਿਵੇਂ ਕਿ ਭਾਈ ਗੁਰਦਾਸ ਅਤੇ ਸੋਢੀ ਮਿਹਰਬਾਨ ਆਦਿ ਨੇ ਗੁਰਮਤਿ ਸਿਧਾਂਤਾਂ ਬਾਰੇ ਨਿਰਣੇ ਕਰਕੇ ਗੁਰਬਾਣੀ ਨੂੰ ਸਮਝਣ ਸਮਝਾਉਣ ਦੇ ਯਤਨ ਕੀਤੇ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪਰੰਪਰਾਗਤ ਢੰਗ ਨਾਲ ਰਵਾਇਤੀ ਵਿਸ਼ਿਆਂ ਤੇ ਲਿਖੀ ਜਾ ਰਹੀ ਵਿਆਖਿਆ ਵਿੱਚ ਪਰਿਵਰਤਨ ਕੀਤੇ।ਉਨ੍ਹਾਂ ਸਿੱਖ ਕੌਮ ਨੂੰ ਪੁਰਾਤਨ ਭਾਰਤੀ

ਵਿਆਖਿਆ ਪਰੰਪਰਾ ਨੂੰ ਸਮਝਣ ਹਿੱਤ ਵੇਦ, ਬ੍ਰਾਹਮਣ ਗ੍ਰੰਥ, ਉਪਨਿਸ਼ਦ, ਪੁਰਾਣ ਆਦਿ ਸੰਸਕ੍ਰਿਤ ਸਾਹਿਤ ਤੋਂ ਜਾਣੂੰ ਕਰਵਾਉਣ ਲਈ ਪੰਜ ਸਿੱਖ ਵਿਦਵਾਨਾਂ (ਗੰਡਾ ਸਿੰਘ, ਕਰਮ ਸਿੰਘ, ਸੋਭਾ ਸਿੰਘ, ਵੀਰ ਸਿੰਘ ਤੇ ਰਾਮ ਸਿੰਘ) ਨੂੰ ਬਨਾਰਸ ਭੇਜਿਆ ਤਾਂ ਜੋ ਗੁਰਬਾਣੀ ਵਿੱਚ ਆਈ ਭਾਰਤੀ ਸਨਾਤਨ ਧਰਮਾਂ ਦੀ ਸ਼ਬਦਾਵਲੀ ਨੂੰ ਮੁੱਢੋਂ ਸਮਝਿਆ ਜਾ ਸਕੇ।ਅਸਲ ਵਿੱਚ ਸਨਾਤਨੀ ਅਧਿਆਤਮਕ ਵਿੱਦਿਆ ਨੂੰ ਵਿਧੀਵਤ ਗ੍ਰਹਿਣ ਕਰਕੇ ਵਿਸ਼ਾਲ ਅਤੇ ਉਤਕ੍ਰਿਸ਼ਟ ਸਿੱਖ ਸਾਹਿਤ ਰਚਣ ਅਤੇ ਹੋਰਨਾਂ ਅਭਿਲਾਸ਼ੀਆਂ ਨੂੰ ਇਸ ਗਿਆਨ ਦਾ ਅਧਿਐਨ ਕਰਵਾਉਣ ਵਾਲੇ ਇਹ ਗਿਆਨੀ ਹੀ ਸਿੱਖ ਜਗਤ ਵਿੱਚ ਵਿੱਦਿਆਪਤੀ, ਧਰਮ ਵੇਤਾ ਜਾਂ ਨਿਰਮਲੇ ਅਖਵਾਏ।ਗੁਰਬਾਣੀ ਵਿਆਖਿਆ ਦੀ ਇਸੇ ਪ੍ਰਣਾਲੀ ਨੂੰ 'ਨਿਰਮਲਾ ਪ੍ਰਣਾਲੀ' ਦੇ ਨਾਂ ਨਾਲ ਜਾਣਿਆ ਜਾਂਦਾ ਹੈ।ਭਾਈ ਮਨੀ ਸਿੰਘ ਜੀ ਅਤੇ ਹੋਰ ਅਨੇਕ ਗੁਰਸਿੱਖਾਂ ਨੇ ਵੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮੁਖਾਰਬਿੰਦ ਤੋਂ ਗੁਰਬਾਣੀ ਦੇ ਭਾਵ ਜਾਣ ਕੇ ਗੁਰਬਾਣੀ ਵਿਆਖਿਆ ਕੀਤੀ ਜਿਸ ਨੂੰ ਬਾਅਦ ਵਿੱਚ 'ਸੰਪਰਦਾਈ ਪ੍ਰਣਾਲੀ' ਦੇ ਨਾਂ ਨਾਲ ਜਾਣਿਆ ਗਿਆ।

ਅੰਗਰੇਜ਼ੀ ਸ਼ਾਸਨ ਅਧੀਨ ਪੰਜਾਬ ਵਿੱਚ ਇਸਾਈ ਮਤ ਦੇ ਪ੍ਰਚਾਰ ਨੇ ਗੁਰਬਾਣੀ ਵਿਆਖਿਆ ਦੇ ਖੇਤਰ ਵਿੱਚ ਆ ਗਈ ਖੜੋਤ ਨੂੰ ਹਲੂਣਿਆ ਅਤੇ ਪੁਰਾਤਨ ਸਿੱਖ ਸਾਹਿਤ ਦੀ ਮੁੜ ਪੜਚੋਲ ਕਰਦੇ ਹੋਏ ਗੁਰਮਤਿ, ਗੁਰ ਇਤਿਹਾਸ ਅਤੇ ਗੁਰਸਿੱਖ ਰਹਿਣੀ ਬਹਿਣੀ ਦੀ ਵਿਆਖਿਆ ਪੱਛਮੀ ਵਿੱਦਿਅਕ ਪ੍ਰਣਾਲੀ ਦੇ ਗਿਆਨ, ਸਾਹਿਤਕ ਸ਼ੈਲੀ ਤੇ ਸਾਹਿਤਕ ਰੂਪਾਂ ਦੀ ਵਰਤੋਂ ਕਰਕੇ ਕੀਤੀ ਗਈ।ਸਮੇਂ ਦੇ ਇਸ ਬਦਲਦੇ ਪਰਿਪੇਖ ਵਿੱਚ ਨਵੇਂ ਗਿਆਨ, ਚੁਣੌਤੀਆਂ ਅਤੇ ਨਵੀਆਂ ਸੰਭਾਵਨਾਵਾਂ ਅਧੀਨ ਕੀਤੀ ਗਈ ਵਿਆਖਿਆ 'ਸਿੰਘ ਸਭਾਈ' ਵਿਆਖਿਆ ਪ੍ਰਣਾਲੀ ਦੇ ਨਾਂ ਨਾਲ ਜਾਣੀ ਗਈ।

ਵੀਹਵੀਂ ਸਦੀ ਦੇ ਪਹਿਲੇ ਅੱਧ ਵਿੱਚ ਸਿੰਘ ਸਭਾਈ ਪ੍ਰਣਾਲੀ ਦੀ ਨਿਰੰਤਰਤਾ ਵਿੱਚ ਹੀ ਗੁਰਬਾਣੀ ਦੀ 'ਆਧੁਨਿਕ' ਵਿਆਖਿਆ-ਪ੍ਰਣਾਲੀ ਦਾ ਆਰੰਭ ਮੰਨਿਆ ਜਾਣ ਲੱਗਾ ਜਦੋਂ ਸਿੱਖ ਵਿਦਵਾਨਾਂ ਦਾ ਰੁਝਾਨ ਗੁਰਬਾਣੀ ਦੀ ਟੀਕਾਕਾਰੀ ਨਾਲੋਂ ਅੱਗੇ ਵੱਧ ਕੇ ਵੱਖ-ਵੱਖ ਦ੍ਰਿਸ਼ਟੀਕੋਣਾਂ ਤੋਂ ਗੁਰਬਾਣੀ ਦੀ ਵਿਆਖਿਆਕਾਰੀ ਅਤੇ ਉਸ ਦੇ ਸਿਧਾਂਤ ਨਿਸਚੇ ਕਰਨ ਵਿੱਚ ਵਧੇਰੇ ਹੋਣ ਲੱਗਾ।ਅਕਾਦਮਿਕ ਪੱਧਰ ਉੱਤੇ ਸਮੁੱਚੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਆਖਿਆ ਅਤੇ ਭਿੰਨ-ਭਿੰਨ ਭਾਸ਼ਾਵਾਂ ਵਿੱਚ ਅਨੁਵਾਦ ਹੋਏ।ਵਿਸ਼ਵ ਵਿਦਿਆਲਿਆਂ ਦੇ

ਅਧਿਆਪਕ ਤੇ ਵਿਦਿਆਰਥੀ ਗੁਰਬਾਣੀ ਖੋਜ ਦੇ ਕਾਰਜ ਕਰਨ ਲੱਗੇ। ਗੁਰਬਾਣੀ ਚਿੰਤਨ ਬਾਰੇ ਵਿਚਾਰ ਗੋਸ਼ਟੀਆਂ ਹੋਣ ਲੱਗੀਆਂ ਤੇ ਟੀਕਾਕਾਰੀ, ਵਿਆਖਿਆਕਾਰੀ, ਸਿਧਾਂਤ ਚਿੰਤਨ ਆਧੁਨਿਕ ਕਾਲ ਵਿੱਚ ਵਿਸ਼ਵ ਵਿਦਿਆਲਿਆਂ ਵਿੱਚ ਆ ਗਿਆ।

ਵੀਹਵੀਂ ਸਦੀ ਦੇ ਦੂਜੇ ਅੱਧ ਵਿੱਚ ਜਦੋਂ ਵਿਗਿਆਨ ਨੇ ਮਨੁੱਖ ਦੀ ਸਰੀਰਕ ਸ਼ਕਤੀ ਤੋਂ ਬਾਅਦ ਬੌਧਿਕ ਸ਼ਕਤੀ ਨੂੰ ਵਧਾਉਣ ਵਾਲੇ ਅਵਿਸ਼ਕਾਰ ਜਿਵੇਂ ਕਿ ਕੰਪਿਊਟਰ, ਇੰਟਰਨੈੱਟ ਆਦਿ, ਤਿਆਰ ਕਰ ਲਏ ਤਾਂ ਸਾਹਿਤਕ ਜਗਤ ਵਿੱਚ ਵੀ ਸੰਸਾਰ ਦੇ ਸਮੁੱਚੇ ਧਰਮਾਂ ਅਤੇ ਸੱਭਿਆਚਾਰਕ ਵਖਰੇਵਿਆਂ ਨੂੰ ਵੱਖ-ਵੱਖ ਅੰਤਰ ਦ੍ਰਿਸ਼ਟੀਆਂ ਤੋਂ ਘੋਖਣ ਤੋਂ ਬਾਅਦ ਸਰਬੱਤ ਦੇ ਭਲੇ ਲਈ ਸਾਂਝੇ ਆਧਾਰਾਂ ਦੀ ਲੋੜ ਨੂੰ ਮਹਿਸੂਸਦੇ ਹੋਏ ਬੌਧਿਕ ਗਿਆਨ ਦੇ ਸਵੈ-ਅਨੁਸ਼ਾਸਨ ਦੇ ਰੂਪ ਵਿੱਚ 'ਵਿਆਖਿਆ-ਸ਼ਾਸਤਰ' ਰਚਣ ਦੇ ਯਤਨ ਹੋਣ ਲੱਗੇ। ਵਿਆਖਿਆ-ਸ਼ਾਸਤਰ ਪੱਛਮੀ ਧਰਮਾਂ ਵੱਲੋਂ ਘੜਿਆ ਇੱਕ ਅਜਿਹਾ ਸਵੈ-ਅਨੁਸ਼ਾਸਿਤ ਵਿਗਿਆਨ ਹੈ ਜਿਹੜਾ ਕਿ 'ਪਾਠ', ਵਿਸ਼ੇਸ਼ ਤੌਰ ਤੇ 'ਧਾਰਮਿਕ ਪਾਠ' ਦੇ ਵਿਧੀ ਵਿਧਾਨ ਜਾਂ ਨਿਯਮਾਂ ਨੂੰ ਮਨੁੱਖੀ ਸੋਝੀ ਅਨੁਸਾਰ ਸੇਧ ਦਿੰਦਾ ਹੈ ਤਾਂ ਜੋ ਉਸ ਦੇ ਅਸਲ ਅਰਥ ਤੱਕ ਪਹੁੰਚਿਆ ਜਾਵੇ। ਇੰਝ ਇਹ ਵਿਸ਼ਵ ਪੱਧਰ ਤੇ ਹਰੇਕ ਛੋਟੇ ਜਾਂ ਵੱਡੇ ਸੱਭਿਆਚਾਰ ਨੂੰ ਵਿਗਿਆਨਕ, ਬੌਧਿਕ, ਤਾਰਕਿਕ ਅਤੇ ਕਿਰਿਆਤਮਕ ਵਿਸ਼ਲੇਸ਼ਣ ਦੇ ਆਧਾਰ ਤੇ ਉੱਤਰ ਆਧੁਨਿਕ ਦ੍ਰਿਸ਼ਟੀਕੋਣ ਤੋਂ ਧਾਰਮਿਕ ਪ੍ਰਤੱਖਤਾ ਦੇ ਕੁਦਰਤੀ ਅਤੇ ਸਰਵ ਵਿਆਪੀ ਨਿਯਮਾਂ ਦੇ ਰੂਪ ਵਿੱਚ ਵਿਆਖਿਆ ਕਰਨ ਅਤੇ ਆਪਣੀ ਹੋਂਦ ਦੀ ਸਰਵ ਉੱਚਤਾ ਦਰਸਾਉਣ ਦੀ ਵੰਗਾਰ ਹੈ। ਵਿਗਿਆਨਕ ਢੰਗ ਨਾਲ ਕਿਸੇ ਧਰਮ ਦੀ ਕੀਤੀ ਗਈ ਵਿਆਖਿਆ ਅਤੇ ਵਿਸ਼ਲੇਸ਼ਣ ਧਰਮ ਸ਼ਾਸਤਰ ਅਖਵਾਉਂਦਾ ਹੈ ਤੇ ਅਜਿਹੀ ਵਿਆਖਿਆ ਅਤੇ ਵਿਸ਼ਲੇਸ਼ਣ ਕਰਨ ਲਈ ਜਿਨ੍ਹਾਂ ਨਿਯਮਾਂ, ਬੌਧਿਕ ਜੁਗਤਾਂ ਅਤੇ ਦਿਸ਼ਾ-ਨਿਰਦੇਸ਼ਾਂ ਦੀ ਸੇਧ ਲਈ ਗਈ, ਉਹੀ ਵਿਆਖਿਆ-ਸ਼ਾਸਤਰ ਦਾ ਨਿਰਮਾਣ ਕਰਦੇ ਹਨ।

'ਸਿੱਖ ਵਿਆਖਿਆ-ਸ਼ਾਸਤਰ' ਦੀ ਸਿਰਜਣਾ ਹਿੱਤ ਗੁਰਬਾਣੀ ਦੀ ਸਮੀਖਿਆ ਕਰਦੀਆਂ ਹੁਣ ਤਕ ਹੋ ਚੁੱਕੀਆਂ ਸਾਰੀਆਂ ਹੀ ਵਿਆਖਿਆ ਪ੍ਰਣਾਲੀਆਂ ਨੇ ਵਿਕਾਸ ਦੇ ਆਪੋ-ਆਪਣੇ ਪੜਾਅ ਤੇ ਮਹੱਤਵਪੂਰਨ ਯੋਗਦਾਨ ਪਾਇਆ ਹੈ ਪ੍ਰੰਤੂ ਅਜੇ ਵੀ ਗੁਰਬਾਣੀ ਦਾ ਵਿਆਖਿਆ ਸ਼ਾਸਤਰ ਘੜ੍ਹਨ ਲਈ ਉਸ ਸਿਧਾਂਤਬੱਧ ਚੇਤਨਾ ਦੀ ਹੋਂਦ ਕਾਇਮ ਨਹੀਂ ਹੋਈ ਜੋ ਪੱਛਮੀ ਵਿਆਖਿਆ ਸ਼ਾਸਤਰਾਂ ਵਾਂਗ ਗੁਰਬਾਣੀ ਦੀ ਸੁਤੰਤਰ ਅਤੇ ਸ੍ਵੈ-ਅਨੁਸ਼ਾਸਿਤ

ਵਿਆਖਿਆ ਲਈ ਸਿਧਾਂਤ ਘੜ ਸਕੇ ਭਾਵੇਂ ਇਸ ਸਿਧਾਂਤਬੱਧ ਸੂਖਮ ਅਤੇ ਵਿਸ਼ਲੇਸ਼ਣਾਤਮਕ ਚੇਤਨਾ ਦੀ ਪ੍ਰਾਪਤੀ ਵੱਲ ਸਿੱਖ ਜਗਤ ਨਿਰੰਤਰ ਵੱਧਦਾ ਜਾ ਰਿਹਾ ਹੈ।

ਗੁਰਬਾਣੀ ਦੇ ਇਸ ਉੱਤਰ ਆਧੁਨਿਕ ਪਰਿਪੇਖ ਦਾ ਆਧਾਰ ਅਕਾਦਮਿਕ ਖੋਜੀਆਂ ਦੇ ਨਾਲ-ਨਾਲ ਨਿਰਸੰਦੇਹ ਉਹ ਪ੍ਰਚਾਰਕ, ਲੇਖਕ ਅਤੇ ਯਾਤਰੀ ਵੀ ਬਣੇ ਜਿਨ੍ਹਾਂ ਨੇ ਆਪਣੇ ਬਿਰਤਾਂਤਾਂ ਅਤੇ ਦੂਜੇ ਧਰਮਾਂ ਬਾਰੇ ਇਕੱਤਰ ਕੀਤੀ ਜਾਣਕਾਰੀ ਦੇ ਵਰਣਨਾਂ ਰਾਹੀਂ ਧਾਰਮਿਕ ਚਿੰਤਨ ਦੇ ਸਾਂਝੇ ਆਧਾਰਾਂ ਦਾ ਇੱਕ ਅਜਿਹਾ ਨਵਾਂ ਸੰਸਾਰ ਖੋਲ੍ਹ ਦਿੱਤਾ ਜਿਸ ਨੇ ਅਨੇਕਾਂ ਦਾਰਸ਼ਨਿਕਾਂ, ਧਰਮ-ਸ਼ਾਸਤਰੀਆਂ, ਇਤਿਹਾਸਕਾਰਾਂ, ਮਾਨਵ ਵਿਗਿਆਨੀਆਂ, ਭਾਸ਼ਾ ਵਿਗਿਆਨੀਆਂ ਅਤੇ ਹੋਰ ਵਿਦਵਾਨਾਂ ਨੂੰ ਧਰਮਾਂ ਦੇ ਅਧਿਐਨ ਵੱਲ ਪ੍ਰੇਰਿਆ ਹੈ।

ਸਮੇਂ ਦੇ ਇਸੇ ਉੱਤਰ ਆਧੁਨਿਕ ਦੌਰ ਵਿੱਚ ਵਿਸ਼ਵ-ਧਰਮਾਂ ਦੇ ਇਤਿਹਾਸ ਵਿੱਚ ਸਿੱਖ ਧਰਮ ਦੀ ਨਿਵੇਕਲੀ ਦਿੱਖ ਨੂੰ ਆਪਣੇ ਅਧਿਐਨ ਅਤੇ ਅਨੁਭਵ ਦੀ ਅਥੱਕ ਅਤੇ ਅਦੁੱਤੀ ਪ੍ਰਤਿਭਾ ਨਾਲ ਉਜਾਗਰ ਕਰਨ ਵਾਲਾ ਧਰਮ-ਸ਼ਾਸਤਰੀ 'ਸੰਤ ਸਿੰਘ ਮਸਕੀਨ' ਗੁਰਬਾਣੀ ਵਿਆਖਿਆ ਦੇ ਖੇਤਰ ਵਿੱਚ ਉਭਰਿਆ।1934 ਈ. ਵਿੱਚ ਪੱਛਮੀ ਪੰਜਾਬ ਵਿੱਚ ਜਨਮੇ ਅਤੇ 1950 ਈ. ਦੇ ਲਗਭਗ ਗੁਰਬਾਣੀ ਵਿਆਖਿਆ ਦੇ ਖੇਤਰ ਵਿੱਚ ਪ੍ਰਵੇਸ਼ ਕਰਨ ਵਾਲੇ ਇਸ ਵਿਆਖਿਆਕਾਰ ਨੇ ਨਾ ਕੇਵਲ ਗੁਰਬਾਣੀ ਦੇ ਹੀ ਪੁਰਾਤਨ ਅਤੇ ਨਵੀਨ ਸਾਹਿਤ ਦਾ ਨਿੱਠਵਾਂ ਅਧਿਐਨ ਕੀਤਾ ਸਗੋਂ ਵਿਸ਼ਵ ਪੱਧਰ ਤੇ ਹੋ ਰਹੇ ਸਮਾਜਕ, ਸੱਭਿਆਚਾਰਕ ਅਤੇ ਵਿਗਿਆਨਕ ਪਰਿਵਰਤਨਾਂ ਦਾ ਵੀ ਵਿਸ਼ਲੇਸ਼ਣਾਤਮਕ ਅਧਿਐਨ ਕਰ ਕੇ ਗੁਰਬਾਣੀ ਦੀ ਉੱਤਰ ਆਧੁਨਿਕ ਪਰਿਪੇਖ ਅਧੀਨ ਲਗਭਗ ਅੱਧੀ ਸਦੀ ਤੋਂ ਵੀ ਵੱਧ ਸਮੇਂ ਤੱਕ ਵਿਆਖਿਆ ਕੀਤੀ ਜਿਸ ਸਦਕਾ ਉਨ੍ਹਾਂ ਨੂੰ ਸਿੱਖ ਜਗਤ ਦੁਆਰਾ ਪੰਥ ਰਤਨ ਅਤੇ ਗਿਆਨੀ ਆਦਿ ਆਖ ਕੇ ਸਨਮਾਨਿਆ ਗਿਆ।

ਮੌਖਿਕ ਅਤੇ ਲਿਖਤੀ ਦੋਹਾਂ ਵਿਧੀਆਂ ਨਾਲ ਸਿੱਖ ਧਰਮ ਦੀ ਬਹੁ ਪੱਖੀ, ਬਹੁ ਪਾਸਾਰੀ ਅਤੇ ਬਹੁ ਦਿਸ਼ਾਵੀ ਵਿਸਤ੍ਰਿਤ ਵਿਆਖਿਆ ਕਰਕੇ ਜਿੱਥੇ ਪੰਥ ਰਤਨ ਗਿਆਨੀ ਸੰਤ ਸਿੰਘ ਮਸਕੀਨ ਜੀ ਨੇ ਗੁਰਬਾਣੀ ਵਿਚਲੇ ਸਿਧਾਂਤਾਂ ਨੂੰ ਨਿਖੇੜ ਕੇ ਗੁਰਬਾਣੀ ਦੇ ਆਸ਼ੇ ਨੂੰ ਸਪਸ਼ਟ ਕੀਤਾ ਹੈ ਉੱਥੇ ਇਨ੍ਹਾਂ ਸਿਧਾਂਤਾਂ ਨੂੰ ਵਿਗਿਆਨਕ, ਤਾਰਕਿਕ, ਤੁਲਨਾਤਮਕ ਅਤੇ ਵਿਸ਼ਲੇਸ਼ਣਾਤਮਕ ਅੰਤਰ ਦ੍ਰਿਸ਼ਟੀਆਂ ਤੋਂ ਘੋਖ ਕੇ ਸਿੱਖ ਧਰਮ ਦੀਆਂ ਅਜਿਹੀਆਂ ਬੌਧਿਕ ਸਥਾਪਨਾਵਾਂ ਕੀਤੀਆਂ ਹਨ ਜੋ ਸਹਿਜੇ ਹੀ ਅਜੋਕੇ 'ਸਿੱਖ ਵਿਆਖਿਆ-ਸ਼ਾਸਤਰ' ਦੇ

ਸੰਕਲਪ ਦਾ ਆਧਾਰ ਪੇਸ਼ ਕਰਦੀਆਂ ਹਨ। ਅਜੋਕੇ ਸਮੇਂ ਵਿੱਚ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਰਮ ਗਿਆਨ ਸ਼ਕਤੀ ਅਤੇ ਸ੍ਵੈ ਆਜ਼ਾਦ ਹਸਤੀ ਦਾ ਗਲੋਬਲੀ ਪੱਧਰ ਉੱਤੇ ਮੁਲਾਂਕਣ ਕੀਤਾ ਜਾ ਰਿਹਾ ਹੈ ਤਾਂ ਵੀਹਵੀਂ ਸਦੀ ਦੇ ਗੁਰਬਾਣੀ ਵਿਆਖਿਆਕਾਰ ਗਿਆਨੀ ਸੰਤ ਸਿੰਘ ਮਸਕੀਨ ਜੀ ਜਿਨ੍ਹਾਂ ਨੇ ਗੁਰਮਤਿ ਦੇ ਦੈਵੀ ਗਿਆਨ ਨੂੰ ਵਿਗਿਆਨਕ ਅਤੇ ਤਰਕਸ਼ੀਲ ਦਲੀਲਾਂ ਨਾਲ ਪ੍ਰਚਾਰਿਆ, ਦੇ ਗੁਰਬਾਣੀ ਵਿਆਖਿਆ-ਸਿਧਾਂਤ ਅਤੇ ਸ਼ੈਲੀ ਦੀ ਵਿਲੱਖਣਤਾ ਦਾ ਅਧਿਐਨ ਕਰਨਾ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ ਤਾਂ ਜੋ ਅਜੋਕੇ ਉੱਤਰ ਆਧੁਨਿਕ ਸਮਿਆਂ ਵਿੱਚ ਹੋਣ ਵਾਲੀ ਗੁਰਬਾਣੀ ਵਿਆਖਿਆਕਾਰੀ ਦਾ ਦ੍ਰਿਸ਼ਟਾਂਤ ਪੇਸ਼ ਕੀਤਾ ਜਾ ਸਕੇ ਅਤੇ ਨਾਲ ਹੀ ਭਵਿੱਖ ਵਿੱਚ ਹੋਰ ਵਿਆਖਿਆਕਾਰ ਉਨ੍ਹਾਂ ਦੀ ਇਸ ਵਿਲੱਖਣ ਪ੍ਰਤਿਭਾ ਦੇ ਅਧਿਐਨ ਤੋਂ ਲੋੜੀਂਦੀ ਸੇਧ ਲੈ ਸਕਣ। ਇਸੇ ਉਦੇਸ਼ ਦੀ ਪੂਰਤੀ ਲਈ ਇਹ ਖੋਜ ਪ੍ਰਬੰਧ ਉਲੀਕਿਆ ਗਿਆ ਹੈ ਜਿਸ ਦੇ ਮੂਲ ਵਿਸ਼ੇ ਉੱਤੇ ਵਿਧੀਵਤ ਅਧਿਐਨ ਉਸਾਰਨ ਲਈ ਇਸ ਨੂੰ ਕੁਲ ਛੇ ਅਧਿਆਵਾਂ ਵਿੱਚ ਵੰਡ ਲਿਆ ਗਿਆ ਹੈ।

ਪਹਿਲੇ ਅਧਿਆਇ ਦੇ ਅੰਤਰਗਤ ਚੁਣੇ ਗਏ ਵਿਸ਼ੇ 'ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ ਅਤੇ ਪ੍ਰਮੁੱਖ ਸਿਧਾਂਤਾਂ ਦੇ ਪ੍ਰਸੰਗ ਵਿੱਚ ਸੰਤ ਸਿੰਘ ਮਸਕੀਨ ਜੀ ਦਾ ਗੁਰਬਾਣੀ ਵਿਆਖਿਆ ਸਿਧਾਂਤ ਅਤੇ ਸ਼ੈਲੀ' ਨਾਲ ਸੰਬੰਧਤ ਪੂਰਵ ਪ੍ਰਾਪਤ ਖੋਜ ਸਾਮੱਗਰੀ ਦਾ ਅਧਿਐਨ ਤੇ ਰੀਵਿਊ ਪ੍ਰਸਤੁਤ ਕੀਤਾ ਗਿਆ ਹੈ। ਇਸ ਅਧਿਐਨ ਦਾ ਉਦੇਸ਼ ਜਿੱਥੇ ਪੂਰਵ ਖੋਜ ਕਾਰਜਾਂ ਦੇ ਰੀਵਿਊ ਦੁਆਰਾ ਵਿਸ਼ੇ ਦੇ ਇਤਿਹਾਸਕ ਸੰਦਰਭ ਦਾ ਖੋਜ ਕਾਰਜ ਵਿੱਚ ਯੋਗਦਾਨ ਲੱਭਣਾ ਹੈ ਉੱਥੇ ਹਥਲੇ ਕਾਰਜ ਦੀ ਨਿਵੇਕਲਤਾ ਨੂੰ ਪ੍ਰਗਟ ਕਰਨਾ ਵੀ ਹੈ। ਇਸ ਅਧਿਆਇ ਵਿੱਚ ਸਭ ਤੋਂ ਪਹਿਲਾਂ ਡਿਗਰੀ ਸਾਪੇਖ ਖੋਜ ਕਾਰਜਾਂ ਦਾ ਸਰਵੇਖਣ ਤੇ ਰੀਵਿਊ ਕੀਤਾ ਗਿਆ ਹੈ ਅਤੇ ਬਾਅਦ ਵਿੱਚ ਇਸ ਖੇਤਰ ਵਿੱਚ ਕੁਝ ਹੋਰ ਵਿਸ਼ੇਸ਼ ਗ੍ਰੰਥਾਂ ਤੇ ਪੁਸਤਕਾਂ ਆਦਿ ਦੇ ਰੂਪ ਵਿੱਚ ਹੋਏ ਕਾਰਜ ਨੂੰ ਵੀ ਸਾਹਮਣੇ ਲਿਆਂਦਾ ਗਿਆ ਹੈ। ਵਿਸ਼ੇ ਦਾ ਅਧਿਐਨ ਕਰਦਿਆਂ ਇਹ ਵੀ ਸਪਸ਼ਟ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਇਸ ਮੂਲ ਵਿਸ਼ੇ ਨਾਲ ਸੰਬੰਧਤ ਸਿੱਧੇ ਰੂਪ ਵਿੱਚ ਅਜੇ ਤੱਕ ਕੋਈ ਹੋਰ ਖੋਜ ਕਾਰਜ ਨਹੀਂ ਹੋਇਆ।

ਇਸ ਖੋਜ ਪ੍ਰਬੰਧ ਦੇ ਦੂਜੇ ਅਧਿਆਇ 'ਵਿਆਖਿਆ-ਪਰੰਪਰਾ' ਅਧੀਨ ਭਾਰਤੀ ਅਤੇ ਪੱਛਮੀ ਚਿੰਤਨ ਪਰੰਪਰਾਵਾਂ ਵਿੱਚ ਵਿਆਖਿਆਕਾਰੀ ਦੇ ਮੁੱਢ ਅਤੇ ਵਿਕਾਸ ਸੰਬੰਧੀ ਵਰਗੀਕਰਨ ਕਰਦਿਆਂ ਇਸ ਦੇ ਵਿਚਾਰਧਾਰਕ ਆਧਾਰ 'ਸ਼ਬਦ' ਨੂੰ ਅਧਿਐਨ ਹੇਠ

ਲਿਆਂਦਾ ਗਿਆ ਹੈ।ਭਾਰਤੀ ਗਿਆਨ ਸ਼ਾਸਤਰ ਅਤੇ ਭਾਸ਼ਾ ਸ਼ਾਸਤਰ ਦਾ ਮੂਲ 'ਸ਼ਬਦ ਪ੍ਰਮਾਣ' ਅਤੇ 'ਸ਼ਬਦ ਦਾ ਸਿਧਾਂਤ' ਸ਼ਬਦ ਦੇ ਸ੍ਰੋਤ, ਸਰੂਪ ਅਤੇ ਅਰਥ ਪਰੰਪਰਾ ਨੂੰ ਨਿਰਦੇਸ਼ਿਤ ਕਰਦੇ ਹਨ ਜਦੋਂ ਕਿ ਪੱਛਮੀ ਗਿਆਨ ਸ਼ਾਸਤਰ ਪਰੰਪਰਾਵਾਦੀ ਪਰਾਭੌਤਿਕ ਮਿੱਥਾਂ ਦਾ ਵਿਸਥਾਪਨ ਕਰਕੇ ਸ਼ਬਦ ਦੇ ਵਿਕੇਂਦ੍ਰੀਕਰਣ ਅਤੇ ਸੋਝੀ ਦੇ ਸਿਧਾਂਤਾਂ ਦੁਆਰਾ ਇਸ ਖੇਤਰ ਵਿੱਚ ਨਵੀਆਂ ਸਥਾਪਨਾਵਾਂ ਕਰਦਾ ਨਜ਼ਰ ਆ ਰਿਹਾ ਹੈ।ਸ਼ਬਦ ਦੇ ਇਨ੍ਹਾਂ ਭਾਰਤੀ ਅਤੇ ਪੱਛਮੀ ਸਿਧਾਂਤਾਂ ਜੋ ਕਿ ਵਿਆਖਿਆਕਾਰੀ ਦਾ ਮੁਢਲਾ ਆਧਾਰ ਹਨ, ਨਾਲ ਹੀ ਇਸ ਖੋਜ ਕਾਰਜ ਦਾ ਮੁੱਢ ਬੰਨ੍ਹਿਆ ਗਿਆ ਹੈ ਮਗਰੋਂ ਭਾਰਤੀ ਵਿਆਖਿਆਕਾਰੀ ਦੇ ਸਨਾਤਨੀ ਯਤਨਾਂ ਅਧੀਨ ਟੀਕਾ, ਪਦਾਰਥ, ਪਰਮਾਰਥ, ਵ੍ਰਿਤੀ, ਭਾਸ਼ ਅਤੇ ਵਿਆਖਿਆ ਆਦਿ ਦੇ ਨਾਲ-ਨਾਲ ਐਕਸਿਜੀਸਿਸ ਅਤੇ ਹਰਮੇਨਿਊਟਿਕਸ ਦੇ ਵਿਗਿਆਨਕ ਆਧਾਰਾਂ ਉੱਤੇ ਸਿਰਜੇ ਗਏ ਪੱਛਮੀ ਸਿਧਾਂਤਕ ਸੰਕਲਪਾਂ ਨੂੰ ਵੀ ਇਸ ਅਧਿਆਇ ਵਿੱਚ ਵਿਚਾਰ ਅਧੀਨ ਲਿਆਉਂਦਾ ਗਿਆ ਹੈ।

ਤੀਸਰੇ ਅਧਿਆਇ 'ਵਿਆਖਿਆਕਾਰੀ ਦਾ ਗੁਰਮਤਿ ਪਰਿਪੇਖ' ਵਿੱਚ ਸਾਡਾ ਉਦੇਸ਼ ਜਿੱਥੇ ਇਹ ਵਿਚਾਰਨਾ ਹੈ ਕਿ ਸਿੱਖ ਧਰਮ ਚਿੰਤਨ ਵਿੱਚ ਗੁਰਬਾਣੀ ਵਿਆਖਿਆ ਦਾ ਮੂਲ ਆਧਾਰ 'ਸ਼ਬਦ' ਹੈ ਉੱਥੇ ਗੁਰਬਾਣੀ ਦੀ ਵਿਆਖਿਆ ਦਾ ਸੰਕਲਪ ਅਤੇ ਸਰੂਪ ਦਰਸਾਉਂਦੇ ਹੋਏ ਇਸ ਦੀ ਵਿਉਂਤ, ਉਦੇਸ਼, ਮਹੱਤਵ ਅਤੇ ਚੁਣੌਤੀਆਂ ਨੂੰ ਦਰਸਾਉਣਾ ਵੀ ਹੈ।ਇਸ ਸਾਰੀ ਵਿਚਾਰ ਚਰਚਾ ਵਿੱਚੋਂ ਇਹ ਤੱਥ ਨਿਕਲ ਕੇ ਸਾਹਮਣੇ ਆਉਂਦਾ ਹੈ ਕਿ ਗੁਰਬਾਣੀ ਅਗਾਧ ਬੋਧ ਹੈ ਅਤੇ ਇਸ ਦਾ ਬਹੁ-ਪਾਸਾਰੀ ਅਤੇ ਬਹੁ-ਦਿਸ਼ਾਵੀ ਬੋਧ ਮਨੁੱਖੀ ਗਿਆਨ ਇੰਦ੍ਰੀਆਂ ਦੀ ਪਹੁੰਚ ਤੋਂ ਬਾਹਰ ਹੈ ਪ੍ਰੰਤੂ ਵੀਹਵੀਂ ਸਦੀ ਵਿੱਚ ਸਿੱਖ ਵਿਦਵਾਨਾਂ ਨੇ ਆਪੋ-ਆਪਣੇ ਦ੍ਰਿਸ਼ਟੀਕੋਣ ਤੋਂ ਇਸ ਦੇ ਕਿਸੇ ਨਾ ਕਿਸੇ ਪਾਸਾਰ ਦਾ ਸਿਧਾਂਤੀਕਰਣ ਕਰਨ ਦਾ ਯਤਨ ਕੀਤਾ ਹੈ ਜਿਸ ਦੇ ਸਿੱਟੇ ਵਜੋਂ ਇਤਿਹਾਸਕ, ਦਾਰਸ਼ਨਿਕ, ਸਮਾਜ-ਸੱਭਿਆਚਾਰਕ ਅਤੇ ਵਿਗਿਆਨਕ ਆਦਿ ਦ੍ਰਿਸ਼ਟੀਕੋਣਾਂ ਤੋਂ ਬੋਧ ਕਰਕੇ ਇਸ ਦੇ ਸਿਧਾਂਤ ਸਿਰਜੇ ਕੀਤੇ ਗਏ ਹਨ।ਵਿਸ਼ੇਸ਼ ਤੌਰ ਤੇ ਗੁਰਬਾਣੀ ਵਿਆਖਿਆ ਦੇ ਅਕਾਦਮਿਕ ਜਾਂ ਵਿਗਿਆਨਕ ਪਰਿਪੇਖ ਨੂੰ ਦਰਸਾਉਂਦੇ ਹੋਏ ਸਮਕਾਲੀਨ ਉੱਤਰ ਆਧੁਨਿਕ ਸੰਕਲਪ ਦੇ ਪ੍ਰਮੁੱਖ ਆਧਾਰਾਂ ਦੁਆਰਾ ਪੱਛਮੀ ਚਿੰਤਨ ਦੀ ਤਰਜ਼ ਉੱਤੇ ਗੁਰਬਾਣੀ ਦਾ ਵਿਆਖਿਆ-ਸ਼ਾਸਤਰ ਉਸਾਰਨ ਦੇ ਯਤਨ ਕੀਤੇ ਜਾ ਰਹੇ ਹਨ ਜਿਸ ਦਾ ਇੱਕ ਸੰਕਲਪੀ ਅਧਿਐਨ ਪੇਸ਼ ਕਰਦੇ ਹੋਏ ਇੱਥੇ ਇਹ ਦ੍ਰਿਸ਼ਟੀਗੋਚਰ ਕੀਤਾ ਗਿਆ ਹੈ ਕਿ ਗੁਰਬਾਣੀ ਦਾ ਅਵਤਰਣ ਵਿਗਿਆਨਕ ਯੁੱਗ ਵਿੱਚ ਹੀ

ਹੋਇਆ ਹੈ ਤੇ ਇਹ ਵਿਗਿਆਨਕ ਆਧਾਰਾਂ ਤੇ ਪੂਰਣ ਰੂਪ ਵਿੱਚ ਪ੍ਰਮਾਣੀਕ ਹੈ।ਗੁਰੂਆਂ ਨੇ ਆਪ ਇਸ ਨੂੰ ਹੱਥੀਂ ਲਿਖਿਆ ਅਤੇ ਸਾਂਭਿਆ ਹੈ ਅਤੇ ਵਿਭਿੰਨ ਭਾਸ਼ਾਵਾਂ, ਨਸਲਾਂ, ਸੱਭਿਆਚਾਰਾਂ ਅਤੇ ਲੋਕਧਾਰਾਵਾਂ ਨਾਲ ਸੰਬੰਧਤ ਹੋਣ ਕਰਕੇ ਇਹ ਪਹਿਲਾਂ ਹੀ ਸਮਾਜ ਲਈ ਕਲਿਆਣਕਾਰੀ ਦ੍ਰਿਸ਼ਟੀ ਨਾਲ ਸਿਰਜਿਆ ਗਿਆ ਹੈ।ਇਸ ਦਾ ਮਾਡਲ ਸੁਤੇ-ਸਿੱਧ ਸਰਬੱਤ ਦੇ ਭਲੇ ਵਾਲਾ ਹੈ।

ਇੰਞ ਇਸ ਅਧਿਆਇ ਵਿੱਚ ਗੁਰਬਾਣੀ ਵਿਆਖਿਆ ਦੇ ਸਰਵਪੱਖੀ ਪਾਸਾਰਾਂ ਨੂੰ ਵਿਚਾਰਦੇ ਹੋਏ ਸਿੱਖ ਵਿਆਖਿਆ ਸ਼ਾਸਤਰ ਦੀ ਉਸਾਰੀ ਲਈ ਇੱਕ ਸੰਕਲਪੀ ਅਧਿਐਨ ਪੇਸ਼ ਕਰਕੇ ਸਮੁੱਚੀ ਮਾਨਵ ਜਾਤੀ ਲਈ ਸਿੱਖ ਧਰਮ ਦੀਆਂ ਪਰਤਾਂ ਨੂੰ ਖੋਲ੍ਹਣਾ ਇਸ ਖੋਜ ਕਾਰਜ ਨੂੰ ਵਿਸ਼ੇਸ਼ ਆਧਾਰ ਪ੍ਰਦਾਨ ਕਰਦਾ ਹੈ।

ਖੋਜ ਵਿਸ਼ੇ ਦੇ ਸਿਧਾਂਤਕ ਪੱਖ ਨਾਲ ਸੰਬੰਧਤ ਚੌਥਾ ਅਧਿਆਇ 'ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ, ਸਿਧਾਂਤ ਤੇ ਖੋਜ ਸੰਦ' ਗੁਰਬਾਣੀ ਰਚੀ ਜਾਣ ਦੇ ਸਮੇਂ ਤੋਂ ਲੈ ਕੇ ਅਜੋਕੇ ਉੱਤਰ ਆਧੁਨਿਕ ਕਾਲ ਤੱਕ ਵਿਕਸਿਤ ਹੋਈਆਂ ਵਿਆਖਿਆ ਪ੍ਰਣਾਲੀਆਂ ਦਾ ਸਮੁੱਚ ਵਿੱਚ ਅਤੇ ਤੁਲਨਾਤਮਕ ਅਧਿਐਨ ਕਰਦਾ ਹੈ।ਵੱਖ-ਵੱਖ ਪੱਧਰਾਂ ਉੱਤੇ ਹੋਈ ਵਿਆਖਿਆਕਾਰੀ ਦੇ ਆਧਾਰ ਉੱਤੇ ਗੁਰਬਾਣੀ ਵਿਆਖਿਆ ਦੇ ਜਿਨ੍ਹਾਂ ਪ੍ਰਮੁੱਖ ਨੇਮਾਂ ਜਾਂ ਸਿਧਾਂਤਾਂ ਦੀ ਘਾੜਤ ਕਰਕੇ ਵਿਆਖਿਆਕਾਰੀ ਦਾ ਇੱਕ ਸੁਤੰਤਰ ਅਨੁਸ਼ਾਸਨ ਸਥਾਪਿਤ ਕਰਨ ਵੱਲ ਕਦਮ ਵਧਾਏ ਜਾ ਰਹੇ ਹਨ, ਉਨ੍ਹਾਂ ਦੀ ਨਿਸ਼ਾਨਦੇਹੀ ਕੀਤੀ ਗਈ ਹੈ ਅਤੇ ਨਾਲ ਹੀ ਗੁਰਬਾਣੀ ਵਿਆਖਿਆ ਨੂੰ ਸਹੀ ਸੇਧ, ਦਿਸ਼ਾ ਨਿਰਦੇਸ਼ ਅਤੇ ਪਹੁੰਚ ਵਿਧੀ ਪ੍ਰਦਾਨ ਕਰਨ ਵਿੱਚ ਸਹਾਈ ਹੋਏ ਖੋਜ ਸੰਦਾਂ ਜਿਵੇਂ ਕੋਸ਼, ਹਵਾਲਾ ਗ੍ਰੰਥ, ਸਟੀਕ, ਪਰਿਆਇ ਕੋਸ਼, ਬਾਣੀ ਬਿਓਰੇ, ਤੁੱਕ ਤਤਕਰੇ ਅਤੇ ਅਨੁਕ੍ਰਮਣਿਕਾਵਾਂ ਆਦਿ ਦਾ ਵੀ ਉਲੇਖ ਕੀਤਾ ਗਿਆ ਹੈ।

ਇਸ ਖੋਜ ਪ੍ਰਬੰਧ ਦੇ ਪੰਜਵੇਂ ਅਧਿਆਇ 'ਸੰਤ ਸਿੰਘ ਮਸਕੀਨ ਜੀ : ਜੀਵਨ, ਸ਼ਖ਼ਸੀਅਤ, ਸਮਕਾਲੀ ਪ੍ਰਸਥਿਤੀਆਂ, ਰਚਨਾਵਾਂ' ਵਿੱਚ ਉਪਰੋਕਤ ਸਾਰੀ ਸਿਧਾਂਤਕ ਜਾਣਕਾਰੀ ਨੂੰ ਗੁਰਬਾਣੀ ਦੇ ਵਰਤਮਾਨ ਯੁੱਗ ਦੇ ਪ੍ਰਮੁੱਖ ਵਿਆਖਿਆਕਾਰ ਗਿਆਨੀ ਸੰਤ ਸਿੰਘ ਮਸਕੀਨ ਜੀ ਦੀ ਵਿਵਹਾਰਕ ਕ੍ਰਿਤ ਵਿੱਚੋਂ ਵਾਚਣ ਦਾ ਯਤਨ ਕੀਤਾ ਗਿਆ ਹੈ।ਗੁਰਮਤਿ ਵਿੱਚ ਪ੍ਰਚਾਰਕ ਦੀ ਕਥਨੀ ਕਰਨੀ, ਰਹਿਤ ਮਰਯਾਦਾ, ਰਹਿਣੀ ਸਹਿਣੀ ਤੇ ਜੀਵਨ ਜਾਚ ਦਾ ਵਿਸ਼ੇਸ਼ ਸਥਾਨ ਹੈ।ਸਿੱਖ ਧਰਮ ਦੇ ਪਹਿਲੇ ਪ੍ਰਚਾਰਕ, ਕੀਰਤਨੀਏ ਤੇ

ਕਥਾਵਾਚਕ ਗੁਰੂ ਨਾਨਕ ਦੇਵ ਜੀ ਸਨ ਜਿਨ੍ਹਾਂ ਨੇ ਦੇਸ਼ ਵਿਦੇਸ਼ ਵਿੱਚ ਥਾਂ-ਥਾਂ ਜਾ ਕੇ ਆਪ ਸਿੱਖੀ ਸਿਧਾਂਤਾਂ ਦਾ ਪ੍ਰਚਾਰ ਕੀਤਾ ਅਤੇ ਗੁਰੂ ਅਮਰਦਾਸ ਜੀ ਨੇ ਬਾਈ ਮੰਜੀਆਂ, ਬਵੰਜਾ ਪੀੜ੍ਹੇ ਤੇ ਅਨੇਕ ਮਸੰਦ ਥਾਪੇ।ਉਪਰੰਤ ਅਨੇਕ ਸੰਪ੍ਰਦਾਵਾਂ ਨੇ ਆਪਣੇ-ਆਪਣੇ ਸਮੇਂ ਵਿੱਚ ਬੋਲ ਕੇ ਤੇ ਲਿਖ ਕੇ ਸਿੱਖੀ ਸਿਧਾਂਤਾਂ ਦਾ ਪ੍ਰਚਾਰ ਕੀਤਾ।ਸੋ ਇਸ ਅਧਿਆਇ ਵਿੱਚ ਸੰਤ ਸਿੰਘ ਮਸਕੀਨ ਜੀ ਦੀ ਗੁਰਮਤਿ ਅਨੁਸਾਰੀ ਨਿਆਰੀ ਜੀਵਨ ਜਾਚ ਦਾ ਉਲੇਖ ਕੀਤਾ ਗਿਆ ਹੈ ਜੋ ਉਨ੍ਹਾਂ ਨੇ ਆਪ ਜਿਉ ਕੇ ਅਤੇ ਹੋਰਨਾਂ ਨੂੰ ਸਿਖਾਉਣ ਲਈ ਕਥਾ/ਲੈਕਚਰ, ਕਿਤਾਬਾਂ ਅਤੇ ਰਿਕਾਰਡਿਡ ਸੀਡੀਆਂ ਆਦਿ ਰਾਹੀਂ ਦ੍ਰਿੜਾਈ।

ਆਪਣੇ ਖੋਜ ਪ੍ਰਬੰਧ ਦੇ ਛੇਵੇਂ ਅਧਿਆਇ 'ਸੰਤ ਸਿੰਘ ਮਸਕੀਨ ਜੀ ਦੀ ਗੁਰਬਾਣੀ ਵਿਆਖਿਆਕਾਰੀ, ਗੁਰਬਾਣੀ-ਸਿਧਾਂਤ ਤੇ ਸ਼ੈਲੀ' ਵਿੱਚ ਗਿਆਨੀ ਸੰਤ ਸਿੰਘ ਮਸਕੀਨ ਜੀ ਦੀ ਗੁਰਬਾਣੀ ਵਿਆਖਿਆਕਾਰੀ ਦੀ ਨਿਵੇਕਲੀ ਵਿਧੀ ਦੀ ਚਰਚਾ ਕੀਤੀ ਗਈ ਹੈ।ਉਨ੍ਹਾਂ ਦੀ ਰੁਚੀ ਬਾਣੀਆਂ ਵਿੱਚ ਆਏ ਵਿਚਾਰਾਂ ਦੀ ਸਿਧਾਂਤਕ ਵਿਆਖਿਆ ਕਰਨ ਵਿੱਚ ਵਧੇਰੇ ਹੈ।ਗੁਰਬਾਣੀ ਦੇ ਕਿਸੇ ਵੀ ਸਿਧਾਂਤ ਦੀ ਸੰਪੂਰਨ ਵਿਆਖਿਆ ਕਰਨ ਲਈ ਉਹ ਨਾ ਕੇਵਲ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚਲੀਆਂ ਸੰਬੰਧਤ ਲਗਭਗ ਸਾਰੀਆਂ ਹੀ ਟੂਕਾਂ ਦਿੰਦੇ ਹਨ ਸਗੋਂ ਭਾਈ ਗੁਰਦਾਸ, ਭਾਈ ਨੰਦ ਲਾਲ, ਭਰਤ੍ਰ ਹਰਿ, ਦਸਮ ਗ੍ਰੰਥ, ਵੇਦ, ਗੀਤਾ, ਬਾਈਬਲ, ਕੁਰਾਨ ਅਤੇ ਹੋਰ ਵੀ ਧਰਮਾਂ ਦੇ ਧਾਰਮਿਕ ਆਗੂਆਂ ਜਿਵੇਂ ਸ਼ੇਖ਼ ਸਾਅਦੀ, ਮੁਹੰਮਦ ਇਕਬਾਲ, ਸੂਫੀ ਜ਼ੌਕ, ਭਗਤ ਕਬੀਰ, ਕਵੀ ਰਹੀਮ, ਸੂਫੀ ਸੰਤ ਹਾਫਿਜ਼ ਆਦਿ ਦੀਆਂ ਲਿਖਤਾਂ ਵਿੱਚੋਂ ਵੀ ਸੰਬੰਧਤ ਵਿਚਾਰ ਪੇਸ਼ ਕਰਦੇ ਹਨ ਅਤੇ ਇਸ ਦੇ ਨਾਲ ਹੀ ਡਾਰਵਿਨ, ਫਰਾਈਡ, ਨੀਤਸ਼ੇ ਅਤੇ ਨਾਸਾ ਨਾਲ ਸੰਬੰਧਤ ਹੋਰ ਵਿਗਿਆਨੀਆਂ ਦੀਆਂ ਲਿਖਤਾਂ ਦੇ ਆਧਾਰ ਉੱਤੇ ਵੀ ਦ੍ਰਿਸ਼ਟੀਕੋਣ ਪੇਸ਼ ਕਰਦੇ ਹਨ।ਉਨ੍ਹਾਂ ਦਾ ਗੁਰਬਾਣੀ ਵਿਆਖਿਆ ਦਾ ਨਿਵੇਕਲਾ ਸਿਧਾਂਤ ਤੇ ਸ਼ੈਲੀ ਨਾ ਕੇਵਲ ਜਗਿਆਸੂਆਂ ਨੂੰ ਪ੍ਰਭਾਵਿਤ ਕਰਦਾ ਹੈ ਸਗੋਂ ਹੋਰ ਪ੍ਰਚਾਰਕ ਜਨਾਂ ਵਾਸਤੇ ਪ੍ਰੇਰਨਾ ਸ੍ਰੋਤ ਵੀ ਹੈ।

ਇਸ ਖੋਜ ਪ੍ਰਬੰਧ ਦੇ ਅੰਤ ਵਿੱਚ 'ਸਾਰ ਤੇ ਸਥਾਪਨਾਵਾਂ' ਸਿਰਲੇਖ ਹੇਠ ਵਿਸ਼ੇ ਨਾਲ ਸੰਬੰਧਤ ਉਪਰੋਕਤ ਸਾਰੀ ਜਾਣਕਾਰੀ ਨੂੰ ਸਾਰ ਰੂਪ ਵਿੱਚ ਦਰਸਾ ਕੇ ਸਿੱਟੇ ਤੇ ਸਥਾਪਨਾਵਾਂ ਨੂੰ ਪੇਸ਼ ਕੀਤਾ ਗਿਆ ਹੈ ਜੋ ਕਿ ਸਮੁੱਚੀ ਖੋਜ ਦੇ ਸਿੱਟਿਆਂ ਨੂੰ ਵਿਸ਼ਲੇਸ਼ਿਤ ਕਰਕੇ ਸੂਤਰਬੱਧ ਕਰਦਾ ਹੈ ਭਾਵੇਂ ਇਸ ਅਧਿਐਨ ਦਾ ਮੂਲ ਆਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ

ਜੀ ਦੀ ਬਾਣੀ ਹੀ ਹੈ ਪਰ ਵਿਸ਼ੇ ਦੀ ਸਪਸ਼ਟਤਾ ਲਈ ਅਤੇ ਖੋਜ-ਪ੍ਰਬੰਧ ਦੀ ਉਸਾਰੀ ਹਿੱਤ ਬੁੱਧੀਜੀਵੀ ਵਿਦਵਾਨਾਂ ਦੁਆਰਾ ਲਿਖੇ ਥੀਸਿਜ਼, ਸਿੱਖ-ਸਾਹਿਤ ਅਤੇ ਵਿਸ਼ਵ ਦੇ ਹੋਰ ਪ੍ਰਮੁੱਖ ਧਰਮਾਂ ਸੰਬੰਧੀ ਲਿਖੀਆਂ ਪੁਸਤਕਾਂ ਦੀ ਸਹਾਇਤਾ ਵੀ ਲਈ ਗਈ ਹੈ, ਜਿਨ੍ਹਾਂ ਨੂੰ ਪੁਸਤਕ ਸੂਚੀ ਦੇ ਨਿਯਮਾਂ ਅਨੁਸਾਰ ਇਕੱਤਰ ਕਰਕੇ ਖੋਜ-ਪ੍ਰਬੰਧ ਦੇ ਅਖੀਰ ਵਿੱਚ ਅੰਕਿਤ ਕੀਤਾ ਗਿਆ ਹੈ।

ਉਪਰੋਕਤ ਸਾਰਾ ਖੋਜ ਕਾਰਜ ਅਸੀਂ ਆਪਣੇ ਸੁਹਿਰਦ ਨਿਗਰਾਨ ਪ੍ਰੋਫੈਸਰ ਜਸਪਾਲ ਕੌਰ ਕਾਂਗ ਜੀ ਦੀ ਯੋਗ ਅਗਵਾਈ ਅਤੇ ਸਰਪ੍ਰਸਤੀ ਹੇਠ ਕੀਤਾ ਹੈ ਜੋ 'ਗੁਰੂ ਨਾਨਕ ਸਿੱਖ ਅਧਿਐਨ ਵਿਭਾਗ', ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਪ੍ਰੋਫੈਸਰ ਹਨ ਤੇ ਇਸ ਵਿਭਾਗ ਦੇ ਚੇਅਰ ਪਰਸਨ ਵੀ ਰਹਿ ਚੁੱਕੇ ਹਨ ਤੇ ਹੁਣ ਵੀ ਇਸ ਵਿਭਾਗ ਵਿੱਚ ਅਕਾਦਮਿਕ ਇੰਚਾਰਜ ਵਜੋਂ ਕਾਰਜਸ਼ੀਲ ਭੂਮਿਕਾ ਨਿਭਾ ਰਹੇ ਹਨ।ਇਸ ਖੋਜ ਕਾਰਜ ਨੂੰ ਸੰਪੂਰਨ ਕਰਨ ਵਿੱਚ ਉਨ੍ਹਾਂ ਦੇ ਗੰਭੀਰ ਬਹੁ ਪੱਖੀ ਤੇ ਅੰਤਰ ਅਨੁਸ਼ਾਸਨੀ ਵਿਚਾਰਾਂ ਨੇ ਸਾਡਾ ਨਿਰੰਤਰ ਯੋਗ ਮਾਰਗ ਦਰਸ਼ਨ ਕੀਤਾ ਹੈ।ਉਨ੍ਹਾਂ ਦਾ ਮਿਠ ਬੋਲੜਾ ਸੁਭਾਅ ਅਤੇ ਦਿਲੀ ਸਾਂਝ ਪਾਉਣ ਦੀ ਸੁਭਾਵਿਕ ਪ੍ਰਵਿਰਤੀ ਆਪ ਮੁਹਾਰੇ ਹੀ ਖੋਜ ਕਾਰਜ ਨੂੰ ਨੇਪਰੇ ਚਾੜ੍ਹਨ ਵਿੱਚ ਸਹਾਇਕ ਹੁੰਦੀ ਰਹੀ ਹੈ।ਅਸੀਂ ਤਹਿ ਦਿਲੋਂ ਉਨ੍ਹਾਂ ਦਾ ਬਹੁਤ-ਬਹੁਤ ਧੰਨਵਾਦ ਕਰਦੇ ਹਾਂ।ਇਸੇ ਵਿਭਾਗ ਦੇ ਫੈਕਲਟੀ ਮੈਂਬਰ ਡਾ. ਸੁਖਵਿੰਦਰ ਸਿੰਘ ਹੋਰਾਂ ਦਾ ਵੀ ਅਸੀਂ ਧੰਨਵਾਦ ਕਰਦੇ ਹਾਂ ਜਿਨ੍ਹਾਂ ਨੇ ਇਸ ਖੋਜ ਕਾਰਜ ਨੂੰ ਸੇਧ ਦੇਣ ਵਿੱਚ ਸਾਡੀ ਮਦਦ ਕੀਤੀ ਹੈ।

ਸਹਿ-ਨਿਗਰਾਨ ਡਾ. ਆਸ਼ਾ ਮੌਦਗਿਲ, ਪ੍ਰੋਫੈਸਰ, ਫਿਲਾਸਫੀ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦਾ ਵੀ ਤਹਿ ਦਿਲੋਂ ਧੰਨਵਾਦ ਹੈ ਜਿਨ੍ਹਾਂ ਦੀ ਸੁਯੋਗ ਅਗਵਾਈ ਨੇ ਇਸ ਖੋਜ ਕਾਰਜ ਨੂੰ ਨੇਪਰੇ ਚਾੜ੍ਹਨ ਵਿੱਚ ਸਕਾਰਾਤਮਕ ਯੋਗਦਾਨ ਪਾਇਆ ਹੈ।

ਤਹਿ ਦਿਲੋਂ ਧੰਨਵਾਦ ਹੈ ਪ੍ਰੋ. ਆਰ. ਕੇ. ਸਿੰਗਲਾ ਜੀ ਦਾ, ਜੋ ਇਸ ਸਮੇਂ 'ਗੁਰੂ ਨਾਨਕ ਸਿੱਖ ਅਧਿਐਨ ਵਿਭਾਗ', ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਚੇਅਰਪਰਸਨ ਵੀ ਹਨ ਤੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਡੀ. ਯੂ. ਆਈ. ਵੀ ਹਨ।ਖੋਜਾਰਥੀਆਂ ਲਈ ਉਨ੍ਹਾਂ ਦਾ ਮਿਹਨਤੀ ਅਤੇ ਪ੍ਰੇਰਨਾਦਾਇਕ ਵਿਵਹਾਰ ਖੋਜ-ਕਾਰਜ ਨੂੰ ਉਤਸ਼ਾਹਮਈ ਅਤੇ ਆਨੰਦ ਪੂਰਵਕ ਰੂਪ ਵਿੱਚ ਨੇਪਰੇ ਚਾੜ੍ਹਨ ਵਿੱਚ ਸਹਾਇਕ ਰਿਹਾ ਹੈ।

ਪ੍ਰੋ. ਮਨਜੀਤ ਸਿੰਘ ਜੀ (ਆਨੰਦਪੁਰ ਸਾਹਿਬ) ਵੱਲੋਂ ਮਿਲੀ ਨਿਜੀ ਅਨੁਭਵੀ ਅਗਵਾਈ ਅਤੇ ਸਿੱਖ ਲਾਈਬ੍ਰੇਰੀ ਦੇ ਸਹਿਯੋਗ ਲਈ ਮੈਂ ਤਹਿ ਦਿਲੋਂ ਰਿਣੀ ਹਾਂ ਅਤੇ ਬਹੁਤ ਬਹੁਤ ਧੰਨਵਾਦੀ ਹਾਂ।

ਮੈਂ ਆਪਣੇ ਪਤੀ ਸ਼੍ਰੀ ਰਕਸ਼ਪਾਲ ਸਿੰਘ, ਬੇਟੇ ਬਲਪ੍ਰੀਤ ਸਿੰਘ ਅਤੇ ਬੇਟੀ ਹਰਸ਼ਪ੍ਰੀਤ ਕੌਰ ਦੀ ਬੜੀ ਧੰਨਵਾਦੀ ਹਾਂ, ਜਿਨ੍ਹਾਂ ਨੇ ਇਸ ਕਾਰਜ ਵਿੱਚ ਸਕਾਰਾਤਮਕ ਸਹਿਯੋਗ ਦੇ ਕੇ ਸਦਾ ਮੈਨੂੰ ਅਗਾਂਹਵਧੂ ਵਿਚਾਰਾਂ ਨਾਲ ਪ੍ਰੇਰਿਤ ਕੀਤਾ।ਮੈਂ ਆਪਣੇ ਸਵਰਗਵਾਸੀ ਪਿਤਾ ਸ਼੍ਰੀ ਸੁਖਦੇਵ ਸਿੰਘ ਦੀ ਧੁਰ-ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਦੁਆਰਾ ਦਿੱਤੇ ਗੁਰਸਿੱਖੀ ਦੇ ਸੰਸਕਾਰਾਂ ਸਦਕਾ ਮੈਨੂੰ ਇਹ ਖੋਜ ਕਾਰਜ ਕਰਨ ਦੀ ਪ੍ਰੇਰਨਾ ਮਿਲਦੀ ਰਹੀ।ਮੇਰੇ ਗੁਣੀ ਮਾਤਾ ਜੀ, ਭੈਣ-ਭਰਾ, ਰਿਸ਼ਤੇਦਾਰ ਅਤੇ ਸੰਗੀ-ਸਾਥੀ ਵੀ ਬਹੁਤ ਹੀ ਧੰਨਵਾਦ ਦੇ ਪਾਤਰ ਹਨ ਜਿਨ੍ਹਾਂ ਨੇ ਸਮੇਂ-ਸਮੇਂ ਤੇ ਮੈਨੂੰ ਪ੍ਰੇਰਿਤ ਕਰਕੇ ਇਸ ਮਾਰਗ਼ ਤੇ ਤੋਰੀ ਰੱਖਿਆ।

ਕੋਈ ਵੀ ਖੋਜ ਕਾਰਜ ਭਾਵੇਂ ਕਿਸੇ ਅੰਤਿਮ ਨਿਰਣੇ ਦਾ ਪ੍ਰਬੰਧ ਨਹੀਂ ਹੁੰਦਾ ਪਰ ਆਪਣੀ ਪ੍ਰਤੀਬੱਧਤਾ ਅਤੇ ਲਗਨ ਦੇ ਨਾਲ, ਸਮੇਂ ਅਤੇ ਵਿਸ਼ੇ ਦੀਆਂ ਸੀਮਾਵਾਂ ਵਿੱਚ ਰਹਿ ਕੇ ਅਸੀਂ ਇਸ ਖੋਜ ਪ੍ਰਬੰਧ ਵਿੱਚ ਕੁਝ ਨਿਰਣਿਆਂ ਨੂੰ ਵਿਵੇਕ ਸਹਿਤ ਉਲੀਕਣ ਦਾ ਉਪਰਾਲਾ ਜ਼ਰੂਰ ਕੀਤਾ ਹੈ ਤਾਂ ਕਿ ਸੰਬੰਧਤ ਵਿਸ਼ੇ ਉੱਪਰ ਕੁਝ ਸਾਰਥਕ ਸਥਾਪਨਾਵਾਂ ਬਣਾਉਣ ਵਿੱਚ ਆਪਣਾ ਯੋਗਦਾਨ ਪਾ ਸਕੀਏ।ਇਸ ਖੋਜ ਕਾਰਜ ਦੌਰਾਨ ਰਹਿ ਗਈਆਂ ਊਣਤਾਈਆਂ ਲਈ ਅਸੀਂ ਆਪ ਜਿੰਮੇਵਾਰ ਹਾਂ ਅਤੇ ਅਗੇਤੀ ਖਿਮਾ ਦੇ ਜਾਚਕ ਵੀ ਹਾਂ।

**ਪ੍ਰਭਜੀਤ ਕੌਰ**

# ਅਧਿਆਇ-ਪਹਿਲਾ

# ਵਿਸ਼ੇ ਨਾਲ ਸੰਬੰਧਤ ਪੂਰਵ ਪ੍ਰਾਪਤ ਖੋਜ ਸਾਮੱਗਰੀ ਦਾ ਸਰਵੇਖਣ ਤੇ ਮੁਲਾਂਕਣ

## ਅਧਿਆਇ-ਪਹਿਲਾ

# ਵਿਸ਼ੇ ਨਾਲ ਸੰਬੰਧਤ ਪੂਰਵ ਪ੍ਰਾਪਤ ਖੋਜ ਸਾਮੱਗਰੀ ਦਾ ਸਰਵੇਖਣ ਤੇ ਮੁਲਾਂਕਣ

ਖੋਜ ਅਧੀਨ ਵਿਸ਼ੇ 'ਗੁਰਬਾਣੀ ਦੀਆਂ ਵਿਆਖਿਆ-ਪ੍ਰਣਾਲੀਆਂ ਤੇ ਪ੍ਰਮੁੱਖ ਸਿਧਾਂਤਾਂ ਦੇ ਪ੍ਰਸੰਗ ਵਿੱਚ ਸੰਤ ਸਿੰਘ ਮਸਕੀਨ ਜੀ ਦਾ ਗੁਰਬਾਣੀ ਵਿਆਖਿਆ ਸਿਧਾਂਤ ਤੇ ਸ਼ੈਲੀ' ਉੱਤੇ ਵਿਧੀਬੱਧ ਖੋਜ ਪ੍ਰਬੰਧ ਉਸਾਰਨ ਤੋਂ ਪਹਿਲਾਂ ਇਸ ਵਿਸ਼ੇ ਨਾਲ ਸੰਬੰਧਤ ਵੱਖ-ਵੱਖ ਯੂਨੀਵਰਸਿਟੀਆਂ ਅਤੇ ਉੱਚ ਅਕਾਦਮਿਕ ਅਦਾਰਿਆਂ ਵਿੱਚ ਪੀਐੱਚ. ਡੀ. ਅਤੇ ਐਮ. ਫਿਲ. ਡਿਗਰੀ ਦੇ ਰੂਪ ਵਿੱਚ ਹੋ ਚੁੱਕੇ ਖੋਜ ਕਾਰਜਾਂ ਦਾ ਸਰਵੇਖਣ ਤੇ ਵਿਸ਼ਲੇਸ਼ਣ ਕਰਕੇ ਇਨ੍ਹਾਂ ਖੋਜ ਕਾਰਜਾਂ ਦਾ ਰੀਵਿਊ ਅਤੇ ਮੁਲਾਂਕਣ ਕਰਨਾ ਇਸ ਅਧਿਆਇ ਦਾ ਉਦੇਸ਼ ਹੈ ਕਿਉਂਕਿ ਇਸ ਖੋਜ ਕਾਰਜ ਦੇ ਇਤਿਹਾਸਕ ਪਿਛੋਕੜ ਵਿੱਚ ਹੀ ਇਸ ਵਿਸ਼ੇ ਦਾ ਵਿਕਾਸ ਲੱਭਿਆ ਜਾ ਸਕਦਾ ਹੈ ਸੋ ਇਸ ਅਧਿਆਇ ਵਿੱਚ ਸਭ ਤੋਂ ਪਹਿਲਾਂ ਡਿਗਰੀ ਸਾਪੇਖ ਖੋਜ ਕਾਰਜਾਂ ਦਾ ਸਰਵੇਖਣ ਤੇ ਰੀਵਿਊ ਕੀਤਾ ਜਾ ਰਿਹਾ ਹੈ ਅਤੇ ਇਸ ਤੋਂ ਬਾਅਦ ਇਸ ਖੇਤਰ ਵਿੱਚ ਕੁਝ ਵਿਸ਼ੇਸ਼ ਗ੍ਰੰਥਾਂ, ਪੁਸਤਕਾਂ, ਟੀਕਿਆਂ ਅਤੇ ਅਨੁਵਾਦਾਂ ਆਦਿ ਦੇ ਰੂਪ ਵਿੱਚ ਹੋਏ ਖੋਜ ਕਾਰਜ ਨੂੰ ਵੀ ਸਾਹਮਣੇ ਲਿਆਂਦਾ ਜਾਵੇਗਾ ਤਾਂ ਜੋ ਵਿਸ਼ੇ ਨੂੰ ਤਰਤੀਬ, ਵਿਕਾਸ ਅਤੇ ਵਿਆਪਕਤਾ ਪ੍ਰਾਪਤ ਹੋ ਸਕੇ ਅਤੇ ਇਸ ਤੋਂ ਇਲਾਵਾ ਇਸ ਖੋਜ ਪ੍ਰਬੰਧ ਦੀ ਯੋਜਨਾ ਬੱਧ ਰੂਪ-ਰੇਖਾ ਨੂੰ ਵੀ ਸਿਰਜਣ ਦਾ ਯਤਨ ਕੀਤਾ ਜਾਵੇਗਾ।

## 1.1 ਖੋਜ ਕਾਰਜ ਨਾਲ ਸੰਬੰਧਤ ਉਪਾਧੀ ਸਾਪੇਖ ਖੋਜ ਪ੍ਰਬੰਧਾਂ ਦਾ ਸਰਵੇਖਣ ਤੇ ਰੀਵਿਊ:

ਖੋਜ ਵਿਸ਼ੇ ਦੀ ਚੋਣ ਤੋਂ ਪਹਿਲਾਂ ਵੱਖ-ਵੱਖ ਯੂਨੀਵਰਸਿਟੀਆਂ ਵਿੱਚ ਹੋਏ ਖੋਜ ਕਾਰਜਾਂ ਦੀ ਜਾਣਕਾਰੀ ਹਾਸਿਲ ਕੀਤੀ ਗਈ ਅਤੇ ਇਨ੍ਹਾਂ ਕਾਰਜਾਂ ਦੇ ਵਿਸ਼ਿਆਂ ਦੀ ਸੂਚੀ ਵੀ ਤਿਆਰ ਕੀਤੀ ਗਈ ਜਿਸ ਵਿੱਚੋਂ ਇਹ ਸਾਹਮਣੇ ਆਇਆ ਕਿ ਸਾਡੇ ਦੁਆਰਾ ਚੁਣੇ ਜਾਣ ਵਾਲੇ ਖੋਜ-ਵਿਸ਼ੇ 'ਗੁਰਬਾਣੀ ਦੀਆਂ ਵਿਆਖਿਆ-ਪ੍ਰਣਾਲੀਆਂ ਤੇ ਪ੍ਰਮੁੱਖ ਸਿਧਾਂਤਾਂ ਦੇ ਪ੍ਰਸੰਗ ਵਿੱਚ ਸੰਤ ਸਿੰਘ ਮਸਕੀਨ ਜੀ ਦੀ ਗੁਰਬਾਣੀ ਵਿਆਖਿਆ-ਸਿਧਾਂਤ ਤੇ ਸ਼ੈਲੀ' ਨਾਲ ਸੰਬੰਧਤ

ਕੋਈ ਵੀ ਕਾਰਜ ਅਜੇ ਤੱਕ ਨਹੀਂ ਹੋਇਆ। ਇਸ ਸਰਵੇਖਣ ਦੌਰਾਨ ਖੋਜ ਵਿਦਿਆਰਥੀਆਂ ਅਤੇ ਵਿਦਵਾਨਾਂ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਉੱਤੇ ਲਿਖੇ ਹੋਏ ਵਿਭਿੰਨ ਖੋਜ ਕਾਰਜ ਤਾਂ ਮਿਲੇ ਹਨ ਪ੍ਰੰਤੂ ਗੁਰਬਾਣੀ ਵਿਆਖਿਆਕਾਰੀ ਦੇ ਖੇਤਰ ਵਿੱਚ ਸਾਡੇ ਵਿਸ਼ੇ ਨਾਲ ਸਿੱਧੇ ਤੌਰ ਤੇ ਸੰਬੰਧਤ ਕੋਈ ਖੋਜ ਕਾਰਜ ਹੋਇਆ ਨਹੀਂ ਮਿਲਦਾ। ਸਾਡੇ ਮੂਲ ਵਿਸ਼ੇ ਦੇ ਦੁਆਲੇ ਉੱਸਰੇ ਹੋਏ ਜੋ ਖੋਜ ਪ੍ਰਬੰਧ ਪ੍ਰਮੁੱਖ ਰੂਪ ਵਿੱਚ ਸਾਨੂੰ ਪ੍ਰਾਪਤ ਹੋਏ ਹਨ ਉਨ੍ਹਾਂ ਦਾ ਵੇਰਵਾ ਅਤੇ ਰਿਵਿਊ ਇਸ ਪ੍ਰਕਾਰ ਹੈ:

- ਜਪੁਜੀ ਦੇ ਪੰਜਾਬੀ ਵਿੱਚ ਰਚੇ ਟੀਕਿਆਂ ਦਾ ਆਲੋਚਨਾਤਮਕ ਅਧਿਐਨ, ਡਾ. ਜੋਗਿੰਦਰ ਸਿੰਘ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1975. ਇਸ ਖੋਜ ਪ੍ਰਬੰਧ ਵਿੱਚ ਜਪੁਜੀ ਸਾਹਿਬ ਦੇ ਪੰਜਾਬੀ ਭਾਸ਼ਾ ਵਿੱਚ ਹੋਏ ਟੀਕਿਆਂ ਦਾ ਇਤਿਹਾਸਕ ਅਤੇ ਅਧਿਆਤਮਕ ਪੱਧਰ ਉੱਤੇ ਸਰਵੇਖਣ ਅਤੇ ਪੜਚੋਲ ਕੀਤੀ ਗਈ ਹੈ ਅਤੇ ਬਾਣੀਕਾਰਾਂ ਦੇ ਵਿਚਾਰਾਂ ਦੀ ਡੂੰਘਾਈ ਤੱਕ ਪਹਿਚਾਣ ਕੀਤੀ ਗਈ ਹੈ। ਭਾਵੇਂ ਗੁਰਬਾਣੀ ਦਾ ਤੱਤ ਸਾਰ ਕਹਿ ਕੇ ਜਪੁਜੀ ਵਿੱਚੋਂ ਸਮੁੱਚੀ ਗੁਰਬਾਣੀ ਵਿਚਲੇ ਸਿਧਾਂਤਕ ਉਦੇਸ਼ਾਂ ਦੀ ਭਾਲ ਕੀਤੀ ਜਾ ਸਕਦੀ ਹੈ ਫਿਰ ਵੀ ਸਾਡਾ ਅਨੁਮਾਨ ਹੈ ਕਿ ਜਪੁਜੀ ਸਾਹਿਬ ਨੂੰ ਜੇਕਰ ਗੁਰਬਾਣੀ ਦੇ ਮੰਗਲਾਚਰਨ ਵਜੋਂ ਹੀ ਵਿਚਾਰਿਆ ਜਾਏ ਤਾਂ ਇਹ ਖੋਜ ਪ੍ਰਬੰਧ ਟੀਕਾਕਾਰੀ ਦੇ ਖੇਤਰ ਵਿੱਚ ਕਾਫੀ ਪ੍ਰਭਾਵਸ਼ਾਲੀ ਹੈ ਪ੍ਰੰਤੂ ਗੁਰਬਾਣੀ ਵਿਆਖਿਆ ਦੇ ਵਿਸਲੇਸ਼ਣ ਦਾ ਖੇਤਰ ਇਸ ਵਿਸ਼ੇ ਨਾਲੋਂ ਕਾਫੀ ਗਹਿਰਾ ਅਤੇ ਚੌੜੇਰਾ ਹੈ ਤੇ ਕਾਫੀ ਗਹਿਨ ਅਧਿਐਨ ਦੀ ਮੰਗ ਕਰਦਾ ਹੈ।
- ਸੋਢੀ ਮਿਹਰਬਾਨ ਦੀਆਂ ਗੱਦ ਰਚਨਾਵਾਂ (ਆਲੋਚਨਾਤਮਕ ਅਧਿਐਨ), ਡਾ. ਗੁਰਮੋਹਨ ਸਿੰਘ ਆਹਲੂਵਾਲੀਆ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1980. ਸਾਡੇ ਵਿਸ਼ੇ ਨਾਲ ਆਂਸ਼ਿਕ ਰੂਪ ਵਿੱਚ ਸੰਬੰਧਤ ਪ੍ਰਾਪਤ ਹੋਇਆ ਇਹ ਖੋਜ ਪ੍ਰਬੰਧ ਸੋਢੀ ਮਿਹਰਵਾਨ ਦੀ ਪਰਮਾਰਥ ਪ੍ਰਣਾਲੀ ਅਧੀਨ ਕੀਤੀ ਗਈ ਗੁਰਬਾਣੀ ਵਿਆਖਿਆ ਨੂੰ ਦਰਸਾਉਂਦਾ ਹੈ। ਸਾਡੇ ਖੋਜ ਵਿਸ਼ੇ ਦਾ ਸਰੋਕਾਰ ਗੁਰਬਾਣੀ ਦੀਆਂ ਹੁਣ ਤੱਕ ਹੋ ਚੁੱਕੀਆਂ ਸਾਰੀਆਂ ਵਿਆਖਿਆ-ਪ੍ਰਣਾਲੀਆਂ ਨਾਲ ਹੈ।
- ਗੁਰਬਾਣੀ ਦੀ ਟੀਕਾਕਾਰੀ (ਵਾਰ ਆਸਾ ਮਹਲਾ ੧ ਦੇ ਹਵਾਲੇ ਨਾਲ), ਡਾ. ਬਲਬੀਰ ਸਿੰਘ ਨੰਦਾ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1989. ਇਸ ਖੋਜ ਪ੍ਰਬੰਧ ਵਿੱਚ ਡਾ.

ਬਲਬੀਰ ਸਿੰਘ ਨੰਦਾ ਨੇ ਗੁਰਬਾਣੀ ਦੀ ਟੀਕਾਕਾਰੀ ਸੰਬੰਧੀ ਇਤਿਹਾਸਕ ਅਤੇ ਸਿਧਾਂਤਕ ਬੋਧ ਕਰਾਉਣ ਉਪਰੰਤ ਆਸਾ ਦੀ ਵਾਰ ਦੇ ਹਵਾਲੇ ਨਾਲ ਪ੍ਰਮਾਣ ਦਿੰਦੇ ਹੋਏ ਵਿਸ਼ੇ ਦਾ ਵਿਸ਼ਲੇਸ਼ਣ ਅਤੇ ਮੁਲਾਂਕਣ ਕੀਤਾ ਹੈ। ਇਹ ਠੀਕ ਹੈ ਕਿ ਗੁਰਬਾਣੀ ਦੇ ਅਰਥਾਂ ਨੂੰ ਜਾਣਨ ਦੀ ਪਰੰਪਰਾ ਟੀਕਾਕਾਰੀ ਤੋਂ ਹੀ ਆਰੰਭ ਹੁੰਦੀ ਹੈ ਪ੍ਰੰਤੂ ਟੀਕਾਕਾਰੀ ਕਦੇ ਵੀ ਵਿਆਖਿਆਕਾਰੀ ਨਹੀਂ ਹੁੰਦੀ। ਟੀਕਾਕਾਰ ਓਪਰੀ ਜਾਂ ਬਾਹਰੀ ਅਰਥਾਂ ਨੂੰ ਤਾਂ ਸਪਸ਼ਟ ਕਰਦੇ ਹਨ ਪਰ ਗੁਹਜ ਅਰਥਾਂ ਬਾਰੇ ਕੋਈ ਜਾਣਕਾਰੀ ਨਹੀਂ ਦਿੰਦੇ। ਇਹ ਖੋਜ ਪ੍ਰਬੰਧ ਤੁਕਵਾਰ ਅਰਥਾਂ ਦੇ ਮਹੱਤਵ ਨੂੰ ਦਰਸਾਉਂਦਾ ਹੈ ਪ੍ਰੰਤੂ ਆਧੁਨਿਕ ਸਮੇਂ ਵਿੱਚ ਪ੍ਰਚਲਿਤ ਵਿਆਖਿਆਕਾਰੀ ਜਾਂ ਵਿਆਖਿਆਕਾਰ ਦੇ ਵਿਸ਼ੇ ਨਾਲ ਇਸ ਨੂੰ ਨਹੀਂ ਜੋੜਿਆ ਜਾ ਸਕਦਾ ਜਿਹਾ ਕਿ ਸਾਡੇ ਖੋਜ-ਕਾਰਜ ਅਧੀਨ ਨਿਰਧਾਰਤ ਕੀਤਾ ਗਿਆ ਹੈ।

- ਜਪੁ ਜੀ ਦੇ ਟੀਕੇ ਅਤੇ ਵਿਆਖਿਆਵਾਂ : ਸਮੀਖਿਆਤਮਕ ਅਧਿਐਨ (1974 ਤੋਂ 2000 ਤੱਕ), ਡਾ. ਹਰਪਾਲ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2015. ਇਸ ਖੋਜ ਪ੍ਰਬੰਧ ਵਿੱਚ ਜਪੁ ਜੀ ਦੇ ਗੁਰਮੁਖੀ, ਹਿੰਦੀ ਅਤੇ ਅੰਗਰੇਜ਼ੀ ਭਾਸ਼ਾਵਾਂ ਵਿੱਚ ਹੋਏ ਟੀਕੇ ਅਤੇ ਵਿਆਖਿਆਵਾਂ ਦਾ ਸਮੀਖਿਆਤਮਕ ਅਧਿਐਨ ਕਰਨ ਹਿਤ ਟੀਕਾਕਾਰੀ ਦੇ ਮੁੱਢ ਅਤੇ ਵਿਕਾਸ ਨੂੰ ਖੋਜਿਆ ਗਿਆ ਹੈ। ਟੀਕਾਕਾਰੀ ਦੀਆਂ ਕਿਸਮਾਂ ਅਤੇ ਸਰੂਪ ਦਾ ਵਿਸਲੇਸ਼ਣ ਕਰਦੇ ਹੋਏ ਗੁਰਬਾਣੀ ਦੇ ਖੇਤਰ ਵਿੱਚ ਟੀਕਾਕਾਰੀ ਦੇ ਵਿਕਾਸ ਅਤੇ ਵੱਖ-ਵੱਖ ਵਿਆਖਿਆ ਪ੍ਰਣਾਲੀਆਂ ਦੀ ਵੰਡ ਬਾਰੇ ਵਰਣਨ ਕੀਤਾ ਗਿਆ ਹੈ। ਲੇਖਕ ਨੇ ਗੁਰਬਾਣੀ ਦਾ ਵਿਆਖਿਆ-ਸ਼ਾਸਤਰ ਅਤੇ ਗੁਰਬਾਣੀ ਦੇ ਸਮੁੱਚੇ ਟੀਕਿਆਂ ਦਾ ਸਮੀਖਿਆ ਸ਼ਾਸਤਰ ਉਸਾਰੇ ਜਾਣ ਦੀ ਲੋੜ ਨੂੰ ਵੀ ਮਹਿਸੂਸ ਕੀਤਾ ਹੈ। ਇਸ ਤੋਂ ਇਲਾਵਾ ਇਸ ਵਿੱਚ ਭਾਵੇਂ ਕੇਵਲ ਜਪੁ ਜੀ ਦੇ ਟੀਕਿਆਂ ਅਤੇ ਅਨੁਵਾਦਾਂ ਦੀ ਗੱਲ ਕੀਤੀ ਗਈ ਹੈ ਪ੍ਰੰਤੂ ਇਸ ਖੋਜ ਪ੍ਰਬੰਧ ਦਾ ਮੁਢਲਾ ਭਾਗ ਨਿਰਸੰਦੇਹ ਸਾਡੇ ਚੁਣੇ ਹੋਏ ਵਿਸ਼ੇ ਨੂੰ ਵਿਸਤਾਰ ਦੇਣ ਵਿੱਚ ਕਾਫੀ ਸਹਾਇਕ ਹੁੰਦਾ ਹੈ।

ਉਪਰੋਕਤ ਖੋਜ ਪ੍ਰਬੰਧਾਂ ਤੋਂ ਇਲਾਵਾ ਗੁਰਬਾਣੀ ਵਿਆਖਿਆ ਦੇ ਖੇਤਰ ਵਿੱਚ ਸਿੱਧੇ ਤੌਰ ਉੱਤੇ ਕੋਈ ਹੋਰ ਸਾਮੱਗਰੀ ਪ੍ਰਾਪਤ ਨਹੀਂ ਹੋਈ ਪਰ ਗੁਰਬਾਣੀ ਦੇ ਸਿਧਾਂਤਾਂ ਦੀ ਪੜਚੋਲ ਕਰਦੀ ਹੋਈ ਖੋਜ-ਸਾਮੱਗਰੀ ਜ਼ਰੂਰ ਉਪਲਬਧ ਹੋਈ ਹੈ ਜੋ

ਕਿ ਭਾਵੇਂ ਅਸਿੱਧੇ ਤੌਰ ਉੱਤੇ ਹੀ ਸਹੀ ਸਾਡੇ ਵਿਸ਼ੇ ਨੂੰ ਪ੍ਰਭਾਵਿਤ ਕਰਦੀ ਹੈ।ਅਜਿਹੀ ਉਪਾਧੀ ਸਾਪੇਖ ਸਾਮੱਗਰੀ ਦਾ ਵਰਣਨ ਹੇਠਾਂ ਕੀਤਾ ਗਿਆ ਹੈ:

- ਗੁਰੂ ਨਾਨਕ ਬਾਣੀ ਦੇ ਮੂਲ ਮੁੱਦੇ, ਡਾ. ਗੁਰਸ਼ਰਨਜੀਤ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1992.

ਇਸ ਖੋਜ ਪ੍ਰਬੰਧ ਵਿੱਚ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚਲੇ ਸਿਧਾਂਤਾਂ ਨੂੰ ਪਰਿਪੱਕ ਤੌਰ ਉੱਤੇ ਸਮਝਣ ਲਈ ਗੁਰੂ ਨਾਨਕ ਬਾਣੀ ਦੇ ਅਧਿਆਤਮਕ, ਸਮਾਜਕ, ਰਾਜਨੀਤਕ, ਸੱਭਿਆਚਾਰਕ ਅਤੇ ਅਰਥ-ਸ਼ਾਸਤਰੀ ਮੁੱਦੇ ਵੱਖ-ਵੱਖ ਪਰਿਪੇਖਾਂ ਤੋਂ ਪੇਸ਼ ਕੀਤੇ ਗਏ ਹਨ।ਗੁਰਬਾਣੀ ਵਿਚਲੇ ਸਿਧਾਂਤਾਂ ਨੂੰ ਪੇਸ਼ ਕਰਨਾ ਸਾਡੇ ਵਿਸ਼ੇ ਨੂੰ ਜ਼ਰੂਰ ਸੇਧ ਦਿੰਦਾ ਹੈ।

- ਗੁਰੂ ਰਵਿਦਾਸ ਜੀ ਦੀ ਬਾਣੀ ਵਿੱਚ ਰਹੱਸ ਅਨੁਭੂਤੀ, ਡਾ. ਕਰਨੈਲ ਸਿੰਘ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1992.

ਗੁਰਬਾਣੀ ਵਿਚਲੇ ਰਹੱਸਵਾਦ ਨੂੰ ਸਮਝਣ ਲਈ ਡਾ. ਕਰਨੈਲ ਸਿੰਘ ਜੀ ਦੇ ਪੀਐੱਚ. ਡੀ. ਖੋਜ-ਪ੍ਰਬੰਧ 'ਗੁਰੂ ਰਵਿਦਾਸ ਜੀ ਦੀ ਰਹੱਸ ਅਨੁਭੂਤੀ' ਨੂੰ ਵੀ ਵਾਚਿਆ ਗਿਆ ਹੈ।ਇਸ ਸੂਖ਼ਮ ਵਿਸ਼ੇ ਦੇ ਗਹਿਨ ਅਧਿਐਨ ਨੇ ਜਿੱਥੇ ਗੁਰੂ ਨਾਨਕ ਵਿਚਾਰਧਾਰਾ ਸੰਬੰਧੀ ਜਾਣੂੰ ਕਰਵਾਇਆ ਉੱਥੇ ਗੁਰਮਤਿ ਦੇ ਸਿਧਾਂਤ ਅਨੁਸਾਰ ਪਰਮਾਤਮਾ ਦੇ ਸਰਗੁਣ ਅਤੇ ਨਿਰਗੁਣ ਸਰੂਪ ਦਾ ਵੀ ਗਿਆਨ ਕਰਵਾਇਆ ਹੈ।

- ਬਾਣੀ ਸ੍ਰੀ ਗੁਰੂ ਰਾਮਦਾਸ ਸੁਹਜਾਤਮਕ ਤੇ ਦਾਰਸ਼ਨਿਕ ਅਧਿਐਨ, ਡਾ. ਹਰਮੇਲ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994,

ਪ੍ਰਸਤੁਤ ਖੋਜ ਪ੍ਰਬੰਧ ਵਿੱਚ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਵਿਚਲੇ ਸੁਹਜਾਤਮਕ ਪੱਖ ਦਾ ਦਾਰਸ਼ਨਿਕ ਅਧਿਐਨ ਕੀਤਾ ਗਿਆ ਹੈ ਜਿਸਦੇ ਅਧਿਐਨ ਵਿੱਚੋਂ ਸਮੁੱਚੀ ਬਾਣੀ ਦੇ ਕਲਾਤਮਕ ਅਤੇ ਦਾਰਸ਼ਨਿਕ ਪੱਖ ਦੀ ਝਲਕ ਮਿਲਦੀ ਹੈ।ਇਸ ਦੀ ਵਿਲੱਖਣਤਾ ਦੀ ਨਿਸ਼ਾਨਦੇਹੀ ਕਰਨ ਲਈ ਗੁਰਬਾਣੀ ਵਿਚਲੇ ਹਵਾਲਿਆਂ ਦੇ ਆਧਾਰ ਉੱਤੇ ਸਮੁੱਚਾ ਵਿਸ਼ਲੇਸ਼ਣ ਅਤੇ ਸਾਹਿਤਿਕ ਮੁਲਾਂਕਣ ਕੀਤਾ ਗਿਆ ਹੈ।

- ਗੁਰੂ ਗ੍ਰੰਥ ਬਾਣੀ ਵਿੱਚ ਗੁਰੂ ਦਾ ਸੰਕਲਪ, ਡਾ. ਦਰਸ਼ਨ ਸਿੰਘ, ਪਬਲਿਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999.

ਗੁਰੂ ਗ੍ਰੰਥ ਸਾਹਿਬ ਵਿੱਚ ਬ੍ਰਹਮ, ਆਤਮਾ, ਸ੍ਰਿਸ਼ਟੀ, ਮਨ, ਹਉਮੈ, ਮਾਇਆ, ਹੁਕਮ, ਕਰਮ, ਗਿਆਨ, ਭਗਤੀ, ਨਾਮ, ਕੀਰਤਨ, ਸਤਸੰਗ, ਗੁਰੂ ਆਦਿ ਕਈ ਵਿਸ਼ਿਆਂ ਦਾ ਅਨੁਭਵੀ ਧਰਾਤਲ ਉੱਤੇ ਨਿਰੂਪਣ ਹੋਇਆ ਹੈ। ਇਹ ਸਾਰੇ ਵਿਸ਼ੇ ਗੁਰੂ ਤੋਂ ਬਿਨਾਂ ਸਮਝਣੇ ਔਖੇ ਹੀ ਨਹੀਂ ਅਸੰਭਵ ਹਨ। ਉਪਨਿਸ਼ਦ, ਗੀਤਾ, ਤੰਤਰ ਮਤ, ਯੋਗੀਆਂ, ਨਾਥ ਪੰਥੀਆਂ ਅਤੇ ਪਰਵਰਤੀ ਸੰਤਾਂ ਨੇ ਵੀ ਗੁਰੂ ਦੀ ਮਹਿਮਾ ਦਾ ਗੁਣ ਗਾਇਣ ਕੀਤਾ ਹੈ ਸੋ ਡਾ. ਦਰਸ਼ਨ ਸਿੰਘ ਜੀ ਦੇ ਇਸ ਖੋਜ-ਪ੍ਰਬੰਧ ਵਿੱਚੋਂ ਧਰਮ ਸਾਧਨਾ ਦੇ ਖੇਤਰ ਵਿੱਚ ਗੁਰੂ ਦੀ ਵਿਆਪਕ ਪ੍ਰਭੂਸੱਤਾ ਦਾ ਅਨੁਭਵ ਹੁੰਦਾ ਹੈ, ਜਿਸ ਤੋਂ ਇਸ ਖੇਤਰ ਦਾ ਹਰ ਖੋਜਾਰਥੀ ਲੋੜ ਅਨੁਸਾਰ ਲਾਹਾ ਲੈ ਸਕਦਾ ਹੈ। ਸਾਡੇ ਖੋਜ ਖੇਤਰ ਵਿੱਚ ਵੀ ਇਸ ਦਾ ਵਿਲੱਖਣ ਯੋਗਦਾਨ ਹੈ।

- ਸੰਤ ਕਾਵਯ ਮੇਂ ਨਾਮ ਕੀ ਅਵਧਾਰਣਾ : ਦਾਰਸ਼ਨਿਕ ਆਧਾਰ ਤਥਾ ਏਤਿਹਾਸਿਕ ਪਰਿਪ੍ਰੇਕਸ਼ਯ, ਡਾ. ਵੇਦ ਪ੍ਰਕਾਸ਼ ਮਲਹੋਤ੍ਰਾ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 2005.

  ਹਿੰਦੀ ਭਾਸ਼ਾ ਵਿੱਚ ਡਾ. ਵੇਦ ਪ੍ਰਕਾਸ਼ ਮਲਹੋਤ੍ਰਾ ਜੀ ਵੱਲੋਂ ਪੇਸ਼ ਕੀਤਾ ਗਿਆ ਪੀ. ਐੱਚਡੀ. ਦਾ ਇਹ ਖੋਜ-ਪ੍ਰਬੰਧ ਜਿੱਥੇ ਭਾਰਤੀ ਦਰਸ਼ਨ ਦੇ ਨਾਲ ਨਾਲ ਦਾਰਸ਼ਨਿਕ ਸੰਤਾਂ ਬਾਰੇ ਵਿਸਤ੍ਰਿਤ ਜਾਣਕਾਰੀ ਦਿੰਦਾ ਹੈ ਉੱਥੇ ਨਾਮ ਦੇ ਸਿਧਾਂਤ ਦੀ ਭਰਪੂਰ ਵਿਆਖਿਆ ਵੀ ਕਰਦਾ ਹੈ।

ਆਪਣੇ ਚੁਣੇ ਹੋਏ ਵਿਸ਼ੇ ਨਾਲ ਸੰਬੰਧਤ ਖੋਜ ਅਧਿਐਨ ਲਈ ਵੱਖ-ਵੱਖ ਯੂਨੀਵਰਸਿਟੀਆਂ ਵਿੱਚ ਹੋਏ ਖੋਜ ਪ੍ਰਬੰਧਾਂ ਦਾ ਆਲੋਚਨਾਤਮਕ ਅਧਿਐਨ ਕਰਨ ਉਪਰੰਤ ਇਸ ਨਤੀਜੇ ਉੱਤੇ ਪੁੱਜਿਆ ਗਿਆ ਹੈ ਕਿ ਉਪਰੋਕਤ ਵਿਸ਼ਲੇਸ਼ਿਤ ਖੋਜ ਪ੍ਰਬੰਧ ਸਾਡੇ ਚੁਣੇ ਗਏ ਵਿਸ਼ੇ ਨਾਲੋਂ ਕਾਫੀ ਭਿੰਨ ਹਨ ਪਰ ਵਿਸ਼ੇ ਦੀ ਪਿੱਠ ਭੂਮੀ ਦੇ ਸੰਦਰਭ ਵਜੋਂ ਇਨ੍ਹਾਂ ਨੂੰ ਵਿਚਾਰਨਾ ਬੜਾ ਜ਼ਰੂਰੀ ਵੀ ਸਿੱਧ ਹੋਵੇਗਾ।

## 1.2 ਗੁਰਬਾਣੀ ਦੀ ਟੀਕਾਕਾਰੀ ਸੰਬੰਧੀ ਹੋਈ ਖੋਜ ਦਾ ਸਰਵੇਖਣ:

ਗੁਰਬਾਣੀ ਦੇ ਸ਼ਾਬਦਿਕ ਅਤੇ ਤੁੱਕਵਾਰ ਅਰਥਾਂ ਦੀ ਸੋਝੀ ਲਈ ਹੇਠ ਲਿਖੇ ਵਿਸ਼ੇਸ਼ ਟੀਕਿਆਂ ਦਾ ਸਰਵੇਖਣ ਕੀਤਾ ਗਿਆ:

- ਭਾਈ ਵੀਰ ਸਿੰਘ, ਸੰਥਯਾ ਸ੍ਰੀ ਗੁਰੂ ਗੰਥ ਸਾਹਿਬ (7 ਭਾਗ), (ਸੰਪਾ.) ਡਾ. ਬਲਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1958-62, (ਅਧੂਰਾ, ਕੇਵਲ ਸੋਰਠਿ ਰਾਗ ਤੱਕ)।ਗੁਰਬਾਣੀ-ਵਿਆਖਿਆ ਦੇ ਖੇਤਰ ਵਿੱਚ ਇਹ ਸਿਖ਼ਰ ਦੀ ਰਚਨਾ ਪ੍ਰਵਾਨ ਕੀਤੀ ਜਾਂਦੀ ਹੈ, ਬੇਸ਼ਕ ਇਹ ਸੰਪੂਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਨਹੀਂ।1963 ਈ. ਵਿੱਚ ਛਪੇ ਇਸ ਦੇ ਸੱਤ ਭਾਗਾਂ ਵਿੱਚ ਸਰਲ ਅਰਥ, ਸਾਧਨਾ ਪੱਖ ਅਤੇ ਨਿਰੁਕਤੀ ਦੇ ਰੂਪ ਵਿੱਚ ਤਿੰਨ ਹਿੱਸੇ ਕਰਕੇ ਗੁਰਬਾਣੀ ਦੇ ਅਰਥਾਂ ਨੂੰ ਉਜਾਗਰ ਕਰਨ ਦੀ ਵਿਧੀ ਅਪਣਾਈ ਗਈ ਹੈ।
- ਡਾ. ਸਾਹਿਬ ਸਿੰਘ ਡੀ. ਲਿਟ., ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (10 ਭਾਗ), ਰਾਜ ਪਬਲਿਕੇਸ਼ਨਜ਼, ਜਲੰਧਰ, 1962-64. ਇਹ ਟੀਕਾ ਸੰਪੂਰਨ ਬਾਣੀ ਦਾ ਹੈ।ਵਿਆਕਰਣ ਦੇ ਨਿਯਮਾਂ ਨੂੰ ਸਖ਼ਤੀ ਨਾਲ ਲਾਗੂ ਕਰਦੇ ਹੋਏ ਇਸ ਤੁਕਵਾਰ ਟੀਕੇ ਵਿੱਚ ਰਹਾਉ ਵਾਲੀ ਤੁਕ ਨੂੰ ਕੇਂਦਰ ਮੰਨ ਕੇ ਅਰਥ ਕੀਤੇ ਗਏ ਹਨ ਅਤੇ ਇੱਕ ਤੁਕ ਦਾ ਇੱਕ ਹੀ ਅਰਥ ਦਿੰਦੇ ਹੋਏ ਪਦ-ਛੇਦ ਕਰਕੇ ਵਿਸਰਾਮਾਂ ਦੀ ਵੀ ਵਰਤੋਂ ਕੀਤੀ ਗਈ ਹੈ।
- ਪ੍ਰੋ. ਤੇਜਾ ਸਿੰਘ, ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ (4 ਭਾਗ), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1986 (ਚੌਥੀ ਵਾਰ). ਵੀਹਵੀਂ ਸਦੀ ਦਾ ਇਹ ਪਹਿਲਾ ਵਿਗਿਆਨਕ ਅਤੇ ਵਿਉਂਤਬੱਧ ਵਿਆਖਿਆ ਕਾਰਜ ਹੈ।ਇਸ ਵਿੱਚ ਖੱਬੇ ਪਾਸੇ ਮੂਲ ਪਾਠ ਅਤੇ ਸੱਜੇ ਪਾਸੇ ਚੋਣਵੇਂ ਕਠਿਨ ਸ਼ਬਦਾਂ ਦੇ ਅਰਥ ਦਿੱਤੇ ਗਏ ਹਨ।ਇਸ ਵਿੱਚ ਪਰਿਭਾਸ਼ਕ ਸ਼ਬਦ ਸੰਕਲਪ, ਬਾਣੀ ਸਿਰਲੇਖਾਂ ਦੀ ਵਿਆਖਿਆ, ਸੰਗੀਤਕ ਅੰਗਾਂ ਦੀ ਵਿਆਖਿਆ, ਬਾਣੀਕਾਰਾਂ ਬਾਰੇ ਜਾਣਕਾਰੀ, ਸਾਰੰਸ਼, ਵਿਆਕਰਨ, ਉਚਾਰਨ ਅਤੇ ਭਾਸ਼ਾ ਆਦਿ ਸੰਬੰਧੀ ਉਹ ਸਾਰੀ ਜਾਣਕਾਰੀ ਹੈ ਜੋ ਇੱਕ ਵਿਆਖਿਆਕਾਰ ਦੀ ਮੁਢਲੀ ਲੋੜ ਹੁੰਦੀ ਹੈ।
- ਡਾ. ਰਤਨ ਸਿੰਘ ਜੱਗੀ, ਅਰਥ-ਬੋਧ ਸ੍ਰੀ ਗੁਰੂ ਗ੍ਰੰਥ ਸਾਹਿਬ (5 ਭਾਗ), ਆਰਸੀ ਪਬਲਿਸ਼ਰਜ਼, ਨਵੀਂ ਦਿੱਲੀ, 2007.ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪੰਜਾਬੀ ਭਾਸ਼ਾ ਵਿੱਚ ਸਾਦਾ ਤੇ ਸੌਖਾ ਅਨੁਵਾਦ ਅਤੇ ਟੀਕਾ ਹੈ ਸੰਖੇਪ ਵਿੱਚ ਦਿੱਤਾ ਗਿਆ ਇਹ ਅਰਥ-ਬੋਧ ਸਪਸ਼ਟ ਤੌਰ ਉੱਤੇ ਸਰਲ ਤੇ ਆਮ ਜਗਿਆਸੂ ਦੀ ਸਮਝ ਵਿੱਚ ਆਉਣ ਯੋਗ ਸਾਮੱਗਰੀ ਪੇਸ਼ ਕਰਦਾ ਹੈ।

ਵੀਹਵੀਂ ਸਦੀ ਵਿੱਚ ਵਿਗਿਆਨਕ ਅਤੇ ਵਿਆਕਰਣਕ ਆਧਾਰਾਂ ਉੱਤੇ ਉਪਰੋਕਤ ਅਨੁਸਾਰ ਗੁਰਬਾਣੀ ਦੀ ਟੀਕਾਕਾਰੀ ਆਉਣ ਤੋਂ ਪਹਿਲਾਂ ਇਹ ਕਾਰਜ ਗੁਰਬਾਣੀ ਦੀਆਂ ਪਰੰਪਰਾਗਤ ਪ੍ਰਣਾਲੀਆਂ ਦੇ ਅਧੀਨ ਵੀ ਹੁੰਦਾ ਰਿਹਾ ਹੈ ਜਿਵੇਂ ਕਿ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ (4 ਭਾਗ) ਕ੍ਰਿਤ ਗਿਆਨੀ ਬਦਨ ਸਿੰਘ ਜੀ, ਸਿਧਾਂਤਕ ਸਟੀਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪ੍ਰਸ਼ਨ-ਉੱਤਰ ਵਿਕਾਸ) (8 ਭਾਗ) ਕ੍ਰਿਤ ਗਿਆਨੀ ਮਨੀ ਸਿੰਘ ਜੀ, ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਸ਼ਨ ਨਿਰਣੈ ਸਟੀਕ : ਤੁਲਨਾਤਮਕ ਅਧਐਨ (14 ਭਾਗ) ਕ੍ਰਿਤ ਗਿਆਨੀ ਹਰਬੰਸ ਸਿੰਘ ਜੀ ਆਦਿ। ਗੁਰਬਾਣੀ ਦੀ ਅਜੋਕੀ ਅਤੇ ਪੁਰਾਤਨ ਟੀਕਾਕਾਰੀ ਨੂੰ ਤੁਲਨਾਤਮਕ ਦ੍ਰਿਸ਼ਟੀਕੋਣ ਤੋਂ ਸਮਝਣ ਲਈ ਇਨ੍ਹਾਂ ਨੂੰ ਵੀ ਵਾਚਿਆ ਗਿਆ ਹੈ ਤਾਂ ਜੋ ਗੁਰਬਾਣੀ ਦੀਆਂ ਸਾਰੀਆਂ ਹੀ ਵਿਆਖਿਆ ਪ੍ਰਣਾਲੀਆਂ ਅਧੀਨ ਹੋਈ ਵਿਆਖਿਆਕਾਰੀ ਬਾਰੇ ਜਾਣਕਾਰੀ ਪ੍ਰਾਪਤ ਹੋ ਸਕੇ।

ਕੁਝ ਅਨੁਵਾਦ ਹਿੰਦੀ ਵਿੱਚ ਵੀ ਪ੍ਰਾਪਤ ਹੋਏ ਹਨ ਜਿਵੇਂ:

- ਡਾ. ਮਨਮੋਹਨ ਸਹਿਗਲ, ਟੀਕਾ ਸੰਪੂਰਣ ਸ੍ਰੀ ਗੁਰੂ ਗ੍ਰੰਥ ਸਾਹਿਬ (4 ਜਿਲਦੇਂ), ਭੁਵਨ ਵਾਣੀ ਪ੍ਰਕਾਸ਼ਨ, ਲਖਨਊ, 1980-82.ਇਸ ਵਿੱਚ ਗੁਰਬਾਣੀ ਦੇ ਮੂਲ ਪਾਠ ਨੂੰ ਹਿੰਦੀ ਵਿੱਚ ਲਿਪੀ-ਅੰਤਰ ਕਰਕੇ ਸ਼ਬਦਾਂ ਦੀ ਵਿਆਖਿਆ ਕੀਤੀ ਗਈ ਹੈ। ਇਸ ਵਿੱਚ ਤੁਕਵਾਰ ਟੀਕਾ ਕਰਕੇ ਭਾਵ-ਅਰਥ ਦਿੱਤੇ ਗਏ ਹਨ।
- ਡਾ. ਜੋਧ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ : ਮੂਲ ਪਾਠ ਏਵਮ ਹਿੰਦੀ ਅਨੁਵਾਦ (4 ਭਾਗ), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 2005। ਇਸ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਸਾਰੇ 1430 ਪੰਨਿਆਂ ਦੀ ਵਿਆਖਿਆ ਵੀ 1430 ਪੰਨਿਆਂ ਵਿੱਚ ਹੀ ਕੀਤੀ ਗਈ ਹੈ ਜਿਸ ਵਿੱਚ ਪੰਨੇ ਦੇ ਇੱਕ ਪਾਸੇ ਬਾਣੀ ਦਾ ਮੂਲ ਪਾਠ ਅਤੇ ਸਾਹਮਣੇ ਹਿੰਦੀ ਵਿੱਚ ਵਿਆਖਿਆ ਕੀਤੀ ਗਈ ਹੈ।

ਕੁਝ ਅਨੁਵਾਦ ਅੰਗਰੇਜ਼ੀ ਭਾਸ਼ਾ ਵਿੱਚ ਵੀ ਪ੍ਰਾਪਤ ਹੋਏ ਹਨ:

1. Max Arther Macauliffe, The Sikh Religion, Its Gurus Sacred Writings and Authors (6 Volumes), Cambridge University Press, New York, 1909.

2. Dr. Gopal Singh, Sri Guru Granth Sahib [English Version] (4 Volumes), Published by Allied Publishers Pvt. Limited, New Delhi, 1960.
3. Prof. Gurbachan Singh Talib (in consultation with Bhai Jodh Singh), Sri Guru Granth Sahib In English Translation (4 Volumes), Publication Bureau, Punjabi University, Patiala, 1991.
4. Sr. Gurbachan Singh Maakin, The Essence Of Sri Guru Granth Sahib (Five Volumes). Guru Teg Bahadur Educational Center, The University of Michigan, United States. 2000.
5. Dr. Darshan Singh, Guru Granth Sahib, Sentence by Sentence Gurmukhi Text, Roman Transliteration and English Translation, complete set in 5 volumes, Singh Brothers, Amritsar, 2005.
6. Dr. Kartar Singh Duggal, The Holy Granth Sri Guru Granth Sahib (4 volumes), Hemkunt Publishers, New Delhi, 2006.
7. Dr. Harjinder Singh Dilgeer, Guru Granth Sahib - Text in Punjabi, Transliteration in Roman Script and Translation in English – with explanation, Sikh University Press, London, 2016.

ਉਪਰੋਕਤ ਅਨੁਸਾਰ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿੱਚ ਪ੍ਰਾਪਤ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਨੁਵਾਦ ਅਤੇ ਵਿਆਖਿਆ ਸਾਡੇ ਵਿਸ਼ੇ ਨੂੰ ਹੋਰ ਗੰਭੀਰਤਾ ਅਤੇ ਸੰਜੀਦਗੀ ਨਾਲ ਸਮਝਣ ਵਿੱਚ ਸਹਾਇਕ ਸਿੱਧ ਹੋਏ ਹਨ।

## 1.3 ਖੋਜ ਕਾਰਜ ਦਾ ਵਿਸ਼ਾ ਅਤੇ ਉਦੇਸ਼:

ਕਿਸੇ ਵੀ ਧਰਮ ਦੀ ਨੀਂਹ ਸਮੁੱਚੀ ਲੋਕਾਈ ਲਈ ਰੱਖੀ ਜਾਂਦੀ ਹੈ ਅਤੇ ਹਰ ਧਰਮ ਗ੍ਰੰਥ ਵਿਚਲਾ ਗਿਆਨ ਦੈਵੀ ਹੋਣ ਕਰ ਕੇ ਸਮੁੱਚੀ ਮਨੁਖਤਾ ਦਾ ਅਨਮੋਲ ਖ਼ਜ਼ਾਨਾ ਹੁੰਦਾ ਹੈ।ਜਿਸ ਨੂੰ ਅਨੁਵਾਦ ਅਤੇ ਵਿਆਖਿਆ ਰਾਹੀਂ ਸੰਚਾਰਿਤ ਕਰ ਕੇ ਸਾਰੀ ਦੁਨੀਆਂ ਨੂੰ ਇਸ ਦਾ ਭਾਈਵਾਲ ਬਣਾਇਆ ਜਾ ਸਕਦਾ ਹੈ।ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮੁੱਚੇ ਤੌਰ ਉੱਤੇ ਅਤੇ ਵੱਖ-ਵੱਖ ਬਾਣੀਆਂ ਦੀ ਵਿਆਖਿਆ ਲਈ ਅੱਡ-ਅੱਡ ਪ੍ਰਣਾਲੀਆਂ ਅਤੇ ਵਿਧੀਆਂ ਅਪਣਾ

ਕੇ ਅਨੇਕਾਂ ਵਿਆਖਿਆਕਾਰਾਂ ਨੇ ਗੁਰਬਾਣੀ ਦੀ ਵਿਆਖਿਆ ਕਰਨ ਦੇ ਯਤਨ ਕੀਤੇ ਹਨ। ਵਿਆਖਿਆਕਾਰੀ ਦੇ ਇਨ੍ਹਾਂ ਯਤਨਾਂ ਦਾ ਅਧਿਐਨ ਅਤੇ ਮੁਲਾਂਕਣ ਕਰਨ ਦੇ ਮੰਤਵ ਨਾਲ਼ ਅਸੀਂ ਆਪਣੇ ਖੋਜ ਕਾਰਜ ਦਾ ਵਿਸ਼ਾ 'ਗੁਰਬਾਣੀ ਦੀਆਂ ਵਿਆਖਿਆ-ਪ੍ਰਣਾਲੀਆਂ ਅਤੇ ਪ੍ਰਮੁੱਖ ਸਿਧਾਂਤਾਂ ਦੇ ਪ੍ਰਸੰਗ ਵਿੱਚ ਸੰਤ ਸਿੰਘ ਮਸਕੀਨ ਜੀ ਦੀ ਗੁਰਬਾਣੀ ਵਿਆਖਿਆ-ਸਿਧਾਂਤ ਅਤੇ ਸ਼ੈਲੀ' ਚੁਣਿਆ ਹੈ।

ਇਸ ਖੋਜ ਕਾਰਜ ਦਾ ਉਦੇਸ਼ ਸਿੱਖ ਵਿਰਸੇ ਦੇ ਪਾਵਨ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੋ ਕਿ ਧਰਮ ਗ੍ਰੰਥ ਹੋਣ ਦੇ ਨਾਲ ਨਾਲ ਮੱਧਕਾਲੀ ਭਾਰਤੀ ਸਮਾਜ ਅਤੇ ਸੱਭਿਆਚਾਰ ਦੀ ਪ੍ਰਤੀਨਿਧਤਾ ਵੀ ਕਰਦਾ ਹੈ, ਨੂੰ ਸਾਰੀ ਲੋਕਾਈ ਦੇ ਹਿੱਤ ਲਈ ਸਾਂਝੀਵਾਲ ਬਣਾਉਣ ਖ਼ਾਤਰ ਇਸ ਦੀ ਵਿਆਖਿਆਕਾਰੀ ਦੇ ਹੁਣ ਤੱਕ ਕੀਤੇ ਗਏ ਯਤਨਾਂ ਦੀ ਪੜਚੋਲ ਕਰ ਕੇ ਗਿਆਨ ਮੂਲਕ ਸਰੋਕਾਰਾਂ ਦਾ ਪੁਨਰ ਵਿਵੇਚਨ ਹੇਠ ਲਿਖੇ ਅਨੁਸਾਰ ਕਰਨਾ ਹੈ :

- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਤੋਂ ਲੈ ਕੇ ਹੁਣ ਤੱਕ ਹੋਈਆਂ ਵਿਆਖਿਆ-ਪ੍ਰਣਾਲੀਆਂ ਨੂੰ ਇੱਕ ਥਾਂ ਰੱਖ ਕੇ ਇਤਿਹਾਸਕ, ਦਾਰਸ਼ਨਿਕ, ਅਧਿਆਤਮਕ ਅਤੇ ਸਮਾਜਿਕ ਦ੍ਰਿਸ਼ਟੀ ਤੋਂ ਵਾਚਣਾ ਅਤੇ ਇਨ੍ਹਾਂ ਦੀ ਸਮਕਾਲੀ ਪ੍ਰਾਸੰਗਿਕਤਾ ਤੇ ਸਾਰਥਕਤਾ ਨੂੰ ਜਾਨਣਾ।
- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਭਾਰਤੀ ਅਤੇ ਸਾਮੀ ਗਿਆਨ ਪਰੰਪਰਾਵਾਂ ਅਧੀਨ ਗਿਆਨ ਪ੍ਰਬੰਧਾਂ ਦਾ ਲੇਖਾ ਜੋਖਾ ਪ੍ਰਸਤੁਤ ਕਰ ਕੇ ਇਨ੍ਹਾਂ ਦੀ ਸਮਕਾਲੀ ਸਥਿਤੀ ਨੂੰ ਉਜਾਗਰ ਕਰਨਾ।
- ਅਜੋਕੇ ਦੌਰ ਦੇ ਗਿਆਨ ਸ਼ਾਸਤਰ, ਚਿੰਤਨ ਸ਼ੈਲੀ ਅਤੇ ਵਿਆਖਿਆ ਵਿਧੀ ਦੇ ਅੰਤਰਗਤ ਗੁਰਬਾਣੀ ਦੀ ਵਿਆਖਿਆ ਅਤੇ ਪੁਨਰ ਵਿਆਖਿਆ ਦੇ ਯਤਨਾਂ ਨੂੰ ਉਜਾਗਰ ਕਰਨਾ।
- ਇਸ ਗ੍ਰੰਥ ਵਿਚਲੇ ਗਿਆਨ ਮੂਲਕ ਅਤੇ ਮਨੁੱਖੀ ਜੀਵਨ ਦੇ ਸਦੀਵੀਂ ਸਰੋਕਾਰਾਂ ਦੇ ਨਿਕਟ-ਅਧਿਐਨ ਕਰਨ ਵਾਲੇ ਵਿਆਖਿਆਕਾਰਾਂ ਵਿੱਚੋਂ ਸਿੱਖ-ਪੰਥ ਦੇ ਅਨੁਭਵੀ ਵਿਆਖਿਆਕਾਰ ਸੰਤ ਸਿੰਘ ਮਸਕੀਨ ਜੀ ਦੇ ਗੁਰਬਾਣੀ, ਗੁਰਮਤਿ ਦਰਸ਼ਨ ਅਤੇ ਗੁਰ ਇਤਿਹਾਸ ਦਰਸਾਉਣ ਦੀ ਨਿਵੇਕਲੀ ਵਿਧੀ ਨੂੰ ਉਜਾਗਰ ਕਰਨਾ।

- ਸੰਤ ਸਿੰਘ ਮਸਕੀਨ ਜੀ ਦੀ ਵਿਆਖਿਆ ਸ਼ੈਲੀ ਦੀ ਮੌਲਿਕਤਾ ਅਤੇ ਵਿਲੱਖਣਤਾ ਦਾ ਭਾਰਤੀ ਪਰੰਪਰਾਗਤ ਵਿਆਖਿਆ ਪ੍ਰਣਾਲੀਆਂ ਦੇ ਅੰਤਰਗਤ ਮੁਲਾਂਕਣ ਕਰਨਾ ਤੇ ਆਧੁਨਿਕ ਵਿਗਿਆਨਕ ਵਿਆਖਿਆਕਾਰੀ ਦੀ ਦ੍ਰਿਸ਼ਟੀ ਤੋਂ ਵਰਤਮਾਨ ਸਮੇਂ ਵਿੱਚ ਇਸ ਦੀ ਪ੍ਰਾਸੰਗਿਕਤਾ ਪੇਸ਼ ਕਰਨਾ।

## 1.4 ਖੋਜ ਵਿਸ਼ੇ ਦੀ ਸਾਰਥਕਤਾ ਅਤੇ ਵਿਲੱਖਣਤਾ:

ਖੋਜ ਜੀਵਨ ਅਤੇ ਸੱਭਿਅਤਾ ਦੇ ਵਿਕਾਸ ਦੀ ਲਖਾਇਕ ਹੈ।ਖੋਜ ਦਾ ਕਾਰਜ ਵੀ ਮਨੁੱਖੀ-ਇਤਿਹਾਸ ਜਿੰਨਾ ਹੀ ਪੁਰਾਣਾ ਹੈ।ਖੋਜ ਜਿੱਥੇ ਗਿਆਨ ਦੇ ਖੇਤਰ ਵਿੱਚ ਪੁਰਾਣੀਆਂ ਪਰੰਪਰਾਵਾਂ ਨੂੰ ਵੀ ਦਰਸਾਉਂਦੇ ਹੋਏ ਨਵੇਂ ਪ੍ਰਤੀਮਾਨ ਸਿਰਜਦੀ ਹੈ, ਉੱਥੇ ਮਨੁੱਖ ਦੇ ਸਰੀਰਕ, ਮਾਨਸਿਕ, ਸੱਭਿਆਚਾਰਕ ਅਤੇ ਸਮਾਜਕ ਆਦਿ ਹਰੇਕ ਖੇਤਰ ਦੇ ਵਿਕਾਸ ਵਿੱਚ ਪੇਸ਼ ਆਉਣ ਵਾਲੀਆਂ ਸਮੱਸਿਆਵਾਂ ਦਾ ਹੱਲ ਵੀ ਖੋਜਦੀ ਹੈ।

ਹਥਲੇ ਖੋਜ ਕਾਰਜ ਦੀ ਸਾਰਥਕਤਾ ਦਾ ਸਭ ਤੋਂ ਮਹੱਤਵਪੂਰਣ ਪਹਿਲੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਵਿਆਖਿਆ-ਪ੍ਰਣਾਲੀਆਂ ਦੀ ਪਰੰਪਰਾਗਤ ਤੇ ਸਮਕਾਲੀ ਪ੍ਰਾਸੰਗਿਕਤਾ ਦਾ ਵਿਸ਼ਲੇਸ਼ਣਾਤਮਕ ਅਧਿਐਨ ਕਰਨਾ ਹੋਵੇਗਾ ਤੇ ਇਸੇ ਸੰਦਰਭ ਵਿੱਚ ਵਿਆਖਿਆਕਾਰ ਸੰਤ ਸਿੰਘ ਮਸਕੀਨ ਜੀ ਦੀ ਵਿਆਖਿਆ ਸ਼ੈਲੀ ਨੂੰ ਵਿਚਾਰਦੇ ਹੋਏ ਉਨ੍ਹਾਂ ਦੀ ਵਿਆਖਿਆਕਾਰੀ ਦੇ ਵਿਲੱਖਣ ਸਿਧਾਂਤ ਨੂੰ ਉਜਾਗਰ ਕਰਨਾ ਹੈ ਅਤੇ ਇਹ ਵੀ ਦਰਸਾਉਣਾ ਹੈ ਕਿ ਵਿਆਖਿਆਕਾਰੀ ਦੇ ਵਰਤਮਾਨ ਪ੍ਰਸੰਗ ਵਿੱਚ ਸੰਤ ਸਿੰਘ ਮਸਕੀਨ ਜੀ ਦੇ ਨਵੇਂ, ਵਿਗਿਆਨਕ, ਖੋਜ ਭਰਪੂਰ, ਬਾ-ਦਲੀਲ ਅਤੇ ਪੁਰ-ਅਸਰ ਵਿਚਾਰਾਂ ਨੇ ਬਹੁਤ ਹੀ ਨਿਮਰਤਾ, ਮਿਠਾਸ, ਹਲੀਮੀ ਤੇ ਸਿੱਖੀ ਸਿਦਕ ਦਾ ਹੁੰਗਾਰਾ ਭਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਆਖਿਆ ਕੀਤੀ ਹੈ।

## 1.5 ਖੋਜ ਕਾਰਜ ਦੀ ਪਹੁੰਚ ਵਿਧੀ:

ਕਿਸੇ ਵੀ ਖੋਜ ਕਾਰਜ ਨੂੰ ਵਿਗਿਆਨਕ ਤੇ ਤਰਕਸੰਗਤ ਬਣਾਉਣ ਲਈ ਨਿਸ਼ਚਿਤ ਖੋਜ-ਵਿਧੀਆਂ ਨੂੰ ਲਾਗੂ ਕਰਨਾ ਜ਼ਰੂਰੀ ਹੁੰਦਾ ਹੈ।ਭਾਵੇਂ ਸਾਡੇ ਖੋਜ-ਕਾਰਜ ਦਾ ਮੂਲ ਆਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਆਖਿਆਕਾਰੀ ਨੂੰ ਪੇਸ਼ ਕਰਨ ਦਾ ਹੋਵੇਗਾ ਪ੍ਰੰਤੂ ਰਿਗਵੇਦ ਸੰਹਿਤਾ, ਬ੍ਰਾਹਮਣ ਗ੍ਰੰਥ, ਭਾਗਵਤ ਗੀਤਾ, ਰਾਮਾਇਣ, ਮਹਾਂਭਾਰਤ ਆਦਿ ਗ੍ਰੰਥਾਂ ਦੀ

ਟੀਕਾਕਾਰੀ, ਭਾਸ਼ਯ, ਪਰਮਾਰਥ ਅਤੇ ਨਿਰੁਕਤ ਆਦਿ ਦੇ ਗਿਆਨ ਲਈ ਸੰਬੰਧਤ ਸਾਮੱਗਰੀ ਦੀ ਵੀ ਮਦਦ ਲਈ ਜਾਵੇਗੀ।ਪ੍ਰਸਿੱਧ ਵਿਦਵਾਨਾਂ ਦੀਆਂ ਲਿਖਤਾਂ ਅਤੇ ਟੀਕਿਆਂ ਦੀ ਮਦਦ ਵੀ ਲਈ ਜਾਵੇਗੀ।ਇਸ ਲਈ ਸਾਡੇ ਇਸ ਖੋਜ ਕਾਰਜ ਦੇ ਅੰਤਰਗਤ ਜਿੱਥੇ ਪਾਠਗਤ ਵਿਧੀ ਪ੍ਰਮੁੱਖ ਤੌਰ ਉੱਤੇ ਵਰਤੀ ਜਾਵੇਗੀ ਉੱਥੇ ਜ਼ਰੂਰਤ ਅਨੁਸਾਰ ਅੰਤਰ-ਅਨੁਸ਼ਾਸਨੀ ਵਿਧੀ ਦੇ ਅਧੀਨ ਆਉਂਦੀਆਂ ਵੱਖ-ਵੱਖ ਅੰਤਰ ਦ੍ਰਿਸ਼ਟੀਆਂ ਦੀ ਵੀ ਵਰਤੋਂ ਕੀਤੀ ਜਾਵੇਗੀ।ਸਨਾਤਨੀ, ਬੁੱਧ, ਜੈਨ ਆਦਿ ਭਾਰਤੀ ਧਰਮਾਂ ਦੇ ਨਾਲ ਨਾਲ ਯਹੂਦੀ, ਈਸਾਈ ਅਤੇ ਇਸਲਾਮ ਆਦਿ ਸਾਮੀ ਧਰਮਾਂ ਵਿੱਚ ਹੋਏ ਟੀਕਿਆਂ ਅਤੇ ਵਿਆਖਿਆਕਾਰੀ ਦੇ ਰੁਝਾਨ ਦਾ ਅਧਿਐਨ ਕਰਦੇ ਹੋਏ ਤੁਲਨਾਤਮਕ ਅਧਿਐਨ ਵਿਧੀ ਦਾ ਵੀ ਪ੍ਰਯੋਗ ਕੀਤਾ ਜਾਵੇਗਾ।ਮੱਧਕਾਲ ਵਿੱਚ ਗੁਰਮਤਿ ਵਿਆਖਿਆਕਾਰੀ ਨਾਲ ਜੁੜੇ ਇਤਿਹਾਸਕ ਤੱਥਾਂ ਨੂੰ ਜਾਣਨ ਦੇ ਲਈ ਇਤਿਹਾਸਕ ਖੋਜ ਵਿਧੀਆਂ ਨਾਲ ਸੰਬੰਧਤ ਪੁਸਤਕਾਂ ਨੂੰ ਮੂਲ ਸੰਦ ਵਜੋਂ ਵਰਤਿਆ ਜਾਵੇਗਾ ਜਿਸ ਦੇ ਅੰਤਰਗਤ ਇਤਿਹਾਸਕ, ਮਿਥਿਹਾਸਕ ਅਤੇ ਸਮਾਜਕ ਵਿਧੀਆਂ ਦੀ ਵਰਤੋਂ ਕੀਤੀ ਜਾਵੇਗੀ ਅਤੇ ਆਪਣੇ ਵਿਸ਼ੇ ਨਾਲ ਸੰਬੰਧਤ ਹਵਾਲਾ ਪੁਸਤਕਾਂ ਦੀ ਵਰਤੋਂ ਕੀਤੀ ਜਾਵੇਗੀ।ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਵਿਆਖਿਆ ਭਾਵ ਅਤੇ ਪਦ ਅਰਥ ਜਾਣਨ ਲਈ ਪ੍ਰੋ. ਸਾਹਿਬ ਸਿੰਘ ਕ੍ਰਿਤ 'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ' ਅਤੇ ਕਾਹਨ ਸਿੰਘ ਨਾਭਾ ਕ੍ਰਿਤ 'ਗੁਰਸ਼ਬਦ ਰਤਨਾਗਰ ਮਹਾਨ ਕੋਸ਼' ਆਦਿ ਵਿੱਚੋਂ ਗੁਰਬਾਣੀ ਦੇ ਅਰਥ ਸਮਝੇ ਜਾਣਗੇ।ਗੁਰਬਾਣੀ ਵਿਚਲੀਆਂ ਗੁੜ੍ਹ ਰਮਜ਼ਾਂ ਨੂੰ ਸਮਝਣ ਲਈ ਗੁਰਬਾਣੀ ਟੀਕਿਆਂ ਅਤੇ ਵਿਆਖਿਆਵਾਂ ਦੀ ਮਦਦ ਵੀ ਲਈ ਜਾਵੇਗੀ।

ਆਧੁਨਿਕ ਵਿਆਖਿਆਕਾਰੀ ਦੇ ਸੰਦਰਭ ਵਿੱਚ ਗੁਰਮਤਿ ਦਰਸ਼ਨ ਅਤੇ ਗੁਰ ਇਤਿਹਾਸ ਨੂੰ ਉੱਘੇ ਲੇਖਕਾਂ ਦੀ ਦ੍ਰਿਸ਼ਟੀ ਤੋਂ ਵਾਚਿਆ ਜਾਵੇਗਾ।ਸਿੱਖ ਸਾਹਿਤ ਦੀਆਂ ਲਾਈਬ੍ਰੇਰੀਆਂ ਵਿੱਚ ਵਿਸ਼ੇ ਨਾਲ ਸੰਬੰਧਤ ਪੁਸਤਕਾਂ ਦਾ ਅਧਿਐਨ ਅਤੇ ਫੀਲਡ ਵਰਕ ਵੀ ਕੀਤਾ ਜਾਵੇਗਾ।ਇਸ ਸੰਬੰਧ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ, ਗੁਰੂ ਨਾਨਕ ਸਿੱਖ ਅਧਿਐਨ ਵਿਭਾਗ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਕੁਰੂਕਸ਼ੇਤਰ ਯੂਨੀਵਰਸਿਟੀ ਹਰਿਆਣਾ ਅਤੇ ਦਿੱਲੀ ਯੂਨੀਵਰਸਿਟੀ ਦਿੱਲੀ ਆਦਿ ਦੀਆਂ ਲਾਈਬ੍ਰੇਰੀਆਂ ਵਿਖੇ ਸਿੱਖ-ਸਾਹਿਤ ਅਤੇ ਗੁਰਬਾਣੀ-ਵਿਆਖਿਆਕਾਰੀ ਨਾਲ ਸੰਬੰਧਤ ਲਿਖ਼ਤਾਂ ਦਾ ਅਧਿਐਨ ਕਰਨ ਲਈ ਫੀਲਡ ਵਰਕ ਕੀਤਾ ਜਾਵੇਗਾ ਅਤੇ ਸੰਤ ਸਿੰਘ ਮਸਕੀਨ ਜੀ ਦੇ ਨਿਵਾਸ-ਸਥਾਨ, ਅਲਵਰ,

ਰਾਜਸਥਾਨ ਵਿਖੇ ਜਾ ਕੇ ਉਨ੍ਹਾਂ ਦੁਆਰਾ ਚਲਾਏ ਗਏ ਪ੍ਰੋਜੈਕਟਾਂ ਸੰਬੰਧੀ ਸਰਵੇਖਣ ਕੀਤਾ ਜਾਵੇਗਾ। ਇਸ ਤਰ੍ਹਾਂ ਆਪਣੇ ਖੋਜ ਕਾਰਜ ਨੂੰ ਸਾਰਥਕ ਅਤੇ ਪ੍ਰਮਾਣਕ ਬਣਾਉਣ ਲਈ ਕਿਸੇ ਇੱਕ ਖੋਜ ਵਿਧੀ ਤੇ ਨਿਰਭਰ ਰਹਿਣ ਦੀ ਬਜਾਏ ਲੋੜ ਮੁਤਾਬਿਕ ਵੱਖ-ਵੱਖ ਖੋਜ ਵਿਧੀਆਂ ਦਾ ਪ੍ਰਯੋਗ ਕੀਤਾ ਜਾਵੇਗਾ।

## 1.6 ਖੋਜ ਕਾਰਜ ਦੀਆਂ ਸੀਮਾਵਾਂ ਅਤੇ ਚੁਣੌਤੀਆਂ:

ਸ਼ੋਧ ਕਾਰਜ ਦੌਰਾਨ ਹੇਠ ਲਿਖੇ ਮਸਲੇ, ਮੁੱਦੇ, ਸੱਮਸਿਆਵਾਂ, ਚੁਣੌਤੀਆਂ ਅਤੇ ਪ੍ਰਸ਼ਨ ਸਾਡੀ ਦਿਸ਼ਾ ਨਿਰਧਾਰਤ ਕਰਦੇ ਹੋਏ ਸਾਡਾ ਮਾਰਗ ਦਰਸ਼ਨ ਕਰਨ ਵਿੱਚ ਸਹਾਇਕ ਹੋਣਗੇ:

- ਕੀ ਵਰਤਮਾਨ ਸਮੇਂ ਵਿੱਚ ਧਾਰਮਿਕ ਸਥਾਨਾਂ ਤੇ ਵਿਵਹਾਰਕ ਤੌਰ ਉੱਤੇ ਪਰੰਪਰਾਗਤ ਵਿਆਖਿਆਕਾਰੀ ਦਾ ਅਨੁਸਰਨ ਹੁੰਦਾ ਹੈ?
- ਕੀ ਅਜੋਕੇ ਸਮੇਂ ਵਿੱਚ ਪਰੰਪਰਾਗਤ ਵਿਆਖਿਆ ਪ੍ਰਣਾਲੀਆਂ ਦੀ ਪਛਾਣ ਪਹਿਲਾਂ ਵਰਗੀ ਹੈ ਜਾਂ ਇਸ ਵਿੱਚ ਕੋਈ ਅੰਤਰ ਆਇਆ ਹੈ?
- ਮੱਧਕਾਲ ਵਿੱਚ ਗੁਰੂ ਸਾਹਿਬਾਨ ਦੇ ਸਮੇਂ ਗੁਰਬਾਣੀ ਵਿਆਖਿਆ ਦੇ ਸਿਧਾਂਤਕ ਅਤੇ ਵਿਵਹਾਰਕ ਸਰੂਪ ਅਤੇ ਅਜੋਕੇ ਆਧੁਨਿਕ ਅਤੇ ਉੱਤਰ ਆਧੁਨਿਕ ਕਾਲ ਵਿੱਚ ਗੁਰਬਾਣੀ ਵਿਆਖਿਆ ਦੇ ਸਿਧਾਂਤਕ ਅਤੇ ਵਿਵਹਾਰਕ ਸਰੂਪ ਵਿੱਚ ਆਏ ਅੰਤਰ।
- ਗੁਰਬਾਣੀ ਵਿਆਖਿਆ ਦੇ ਪੂਰਬੀ ਤੇ ਪੱਛਮੀ ਵਿਧਾਨ ਨੂੰ ਸਮਝਣਾ ਅਤੇ ਇਸ ਗੱਲ ਦਾ ਨਿਰਣਾ ਕਰਨਾ ਕਿ ਅਸਲ ਵਿੱਚ ਵਿਰਸੇ ਨੂੰ ਵਰਤਮਾਨ ਵਿੱਚ ਸਾਰਥਕ ਅਤੇ ਪ੍ਰਾਸੰਗਿਕ ਬਣਾ ਕੇ ਗ੍ਰਹਿਣ ਕਰਨ ਦੀ ਲੋਚਾ ਹੀ ਕਿਸੇ ਧਾਰਮਿਕ ਪਰੰਪਰਾ ਦੇ ਪ੍ਰਗਤੀਸ਼ੀਲ ਅਤੇ ਜੀਵੰਤ ਹੋਣ ਦੀ ਨਿਸ਼ਾਨੀ ਹੁੰਦੀ ਹੈ।
- ਵਿਆਖਿਆ ਦੀ ਸਦੀਆਂ ਪੁਰਾਣੀ ਸ਼ਰਧਾ ਮੂਲਕ ਪਰੰਪਰਾ ਨਾਲ ਜੁੜੇ ਹੋਏ ਪਿੰਡਾਂ-ਸ਼ਹਿਰਾਂ ਦੇ ਸਾਧਾਰਣ ਵਸਨੀਕਾਂ ਨੂੰ ਨਵੀਂ ਤਰਕਸ਼ੀਲ, ਅਕਾਦਮਿਕ ਅਤੇ ਵਿਗਿਆਨਕ ਵਿਧੀ ਨਾਲ ਗੁਰਬਾਣੀ ਦੇ ਅਰਥ ਗ੍ਰਹਿਣ ਕਰਨ ਵਿੱਚ ਕੋਈ ਦਿੱਕਤ ਤਾਂ ਪੇਸ਼ ਨਹੀਂ ਆਉਂਦੀ?
- ਸੰਤ ਸਿੰਘ ਮਸਕੀਨ ਜੀ ਦੀ ਵਿਸਥਾਰਤ, ਦਲੀਲਮਈ ਅਤੇ ਗਹਿਰ-ਗੰਭੀਰ ਵਿਆਖਿਆ ਦਾ ਪ੍ਰਭਾਵ ਦੇਸ਼ੀ-ਵਿਦੇਸ਼ੀ ਜਨ-ਸਾਧਾਰਣ, ਜਿਗਿਆਸੂਆਂ, ਪਰਚਾਰਕਾਂ, ਲੇਖਕਾਂ ਅਤੇ ਵਿਆਖਿਆਕਾਰਾਂ ਤੇ ਕੈਸਾ ਹੈ?

ਉਪਰੋਕਤ ਸਰਵੇਖਣ ਦੇ ਨਤੀਜੇ ਵਜੋਂ ਸੰਖੇਪ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਆਖਿਆਕਾਰੀ ਲਈ ਬੜੇ ਯਤਨ ਹੋ ਚੁੱਕੇ ਹਨ ਅਤੇ ਹੋ ਵੀ ਰਹੇ ਹਨ ਪਰ ਸਾਡੀ ਜਾਚੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਆਖਿਆ ਬਾਰੇ ਹਾਲੇ ਤੱਕ ਡਾਕਟਰੇਟ ਪੱਧਰ ਦਾ ਅਜਿਹਾ ਕੋਈ ਸ਼ੋਧ ਕਾਰਜ ਨਹੀਂ ਸੀ ਹੋਇਆ ਜਿਸ ਵਿੱਚ ਹੁਣ ਤੱਕ ਹੋਏ ਵਿਆਖਿਆਕਾਰੀ ਕਾਰਜਾਂ ਨੂੰ ਇਕੱਠੇ ਕਰਕੇ ਉਨ੍ਹਾਂ ਦਾ ਮੁਲਾਂਕਣ ਕੀਤਾ ਗਿਆ ਹੋਵੇ ਅਤੇ ਕਿਸੇ ਆਧੁਨਿਕ ਵਿਆਖਿਆਕਾਰ ਦੇ ਵਿਆਖਿਆ-ਸਿਧਾਂਤ ਅਤੇ ਸ਼ੈਲੀ ਨੂੰ ਉਨ੍ਹਾਂ ਸਾਰੀਆਂ ਵਿਆਖਿਆਪ੍ਰਣਾਲੀਆਂ ਅਤੇ ਸਿਧਾਂਤਾਂ ਦੇ ਪ੍ਰਸੰਗ ਵਿੱਚ ਵਾਚਿਆ ਗਿਆ ਹੋਵੇ।ਅਸੀਂ ਆਪਣੇ ਖੋਜ ਪ੍ਰਬੰਧ ਰਾਹੀਂ ਗੁਰਬਾਣੀ ਵਿਆਖਿਆ ਪ੍ਰਣਾਲੀਆਂ ਤੇ ਸਿਧਾਂਤ ਦੇ ਖੇਤਰ ਵਿੱਚ ਇੱਕ ਨਵਾਂ ਦ੍ਰਿਸ਼ਟੀਕੋਣ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ।

## 1.7 ਤੱਤ ਸਾਰ:

ਇਸ ਅਧਿਆਇ ਵਿੱਚ ਆਪਣੇ ਖੋਜ ਵਿਸ਼ੇ ਨਾਲ ਸੰਬੰਧਤ ਸਾਮੱਗਰੀ ਦੇ ਸਰਵੇਖਣ ਅਤੇ ਮੁਲਾਂਕਣ ਦਾ ਵੇਰਵਾ ਦੇਣ ਉਪਰੰਤ ਤੱਤ ਸਾਰ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਵਿਭਿੰਨ ਯੂਨੀਵਰਸਿਟੀਆਂ ਅਤੇ ਅਕਾਦਮਿਕ ਅਦਾਰਿਆਂ ਵਿੱਚ ਪੀਐੱਚ. ਡੀ. ਅਤੇ ਐਮ. ਫਿਲ. ਪੱਧਰ ਉੱਤੇ ਗੁਰਬਾਣੀ ਦੀ ਟੀਕਾਕਾਰੀ ਨਾਲ ਸੰਬੰਧਤ ਖੋਜ ਕਾਰਜ ਅਜੇ ਤੱਕ ਬਹੁਤ ਹੀ ਘੱਟ ਹੋਇਆ ਹੈ ਅਤੇ ਜੋ ਪ੍ਰਾਪਤ ਹੋਇਆ ਹੈ ਉਹ ਵੱਖ ਵੱਖ ਬਾਣੀਆਂ ਜਿਵੇਂ ਕਿ ਆਸਾ ਦੀ ਵਾਰ, ਜਪੁਜੀ ਸਾਹਿਬ ਆਦਿ ਨੂੰ ਆਧਾਰ ਮੰਨ ਕੇ ਰਚਿਆ ਗਿਆ ਹੈ।ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀ ਸਮੁੱਚੀ ਗੁਰਬਾਣੀ ਨਾਲ ਸੰਬੰਧਤ ਕੋਈ ਖੋਜ ਕਾਰਜ ਉਪਲਬਧ ਨਹੀਂ ਹੋਇਆ।ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਭਾਸ਼ਾਵਾਂ ਵਿੱਚ ਰਚੇ ਗਏ ਪਾਰੰਪਰਿਕ ਟੀਕੇ ਅਤੇ ਵਿਆਕਰਣ ਆਧਾਰਤ ਟੀਕੇ ਵੀ ਵਾਚੇ ਗਏ।ਇਸ ਤੋਂ ਇਲਾਵਾ ਵੱਖ ਵੱਖ ਸੈਮੀਨਾਰਾਂ ਵਿੱਚ ਸਿੱਖ ਵਿਦਵਾਨਾਂ ਦੁਆਰਾ ਪੇਸ਼ ਕੀਤੇ ਗਏ ਵਿਚਾਰਾਂ ਅਤੇ ਖੋਜ-ਪੱਤਰਾਂ ਰਾਹੀਂ ਗੁਰਬਾਣੀ ਵਿਆਖਿਆ ਦੇ ਇਤਿਹਾਸਕ, ਦਾਰਸ਼ਨਿਕ, ਸਮਾਜਕ, ਸੱਭਿਆਚਾਰਕ ਅਤੇ ਵਿਗਿਆਨਕ ਪੱਖਾਂ ਤੇ ਤਾਜ਼ੀ ਜਾਣਕਾਰੀ ਦੇ ਰੂਪ ਵਿੱਚ ਮਹੱਤਵਪੂਰਣ ਖੋਜ ਸਾਮੱਗਰੀ ਪ੍ਰਾਪਤ ਹੋਈ ਹੈ।ਸੰਤ ਸਿੰਘ ਮਸਕੀਨ ਜੀ ਦੇ ਲੈਕਚਰਾਂ ਦੇ ਆਧਾਰ ਉੱਤੇ ਛਪੀਆਂ ਪੁਸਤਕਾਂ ਦਾ ਅਧਿਐਨ ਕਰਕੇ ਉਨ੍ਹਾਂ ਦੇ ਗੁਰਬਾਣੀ ਸਿਧਾਂਤ ਅਤੇ ਸ਼ੈਲੀ ਨੂੰ ਸਮਝਣ ਦੇ ਯਤਨ ਕੀਤੇ

ਗਏ ਹਨ।ਇਸ ਖੋਜ ਕਾਰਜ ਦੇ ਵਿਸ਼ਾ ਖੇਤਰ, ਉਦੇਸ਼, ਪਹੁੰਚ ਵਿਧੀ ਅਤੇ ਵਿਸ਼ੇ ਦੀ ਸਾਰਥਕਤਾ ਆਦਿ ਨੂੰ ਦਰਸਾਉਣ ਨਾਲ ਖੋਜ ਕਾਰਜ ਨੂੰ ਵਿਧੀਵਤ ਢੰਗ ਨਾਲ ਵਿਕਸਿਤ ਕਰਨ ਲਈ ਇਸ ਅਧਿਆਇ ਵਿੱਚ ਜੋ ਨਿਸ਼ਚਿਤ ਰੂਪ ਰੇਖਾ ਅੰਕਿਤ ਕੀਤੀ ਗਈ ਹੈ ਉਹ ਅਗਲੇ ਅਧਿਆਇਆਂ ਨੂੰ ਵਿਚਾਰ ਅਧੀਨ ਲਿਆਉਣ ਲਈ ਸਾਡਾ ਮਾਰਗ ਦਰਸ਼ਨ ਕਰਕੇ ਸੇਧ ਪ੍ਰਦਾਨ ਕਰਨ ਵਿੱਚ ਸਹਾਇਕ ਸਿੱਧ ਹੋਵੇਗੀ।

# ਅਧਿਆਇ-ਦੂਜਾ

# ਵਿਆਖਿਆ ਪਰੰਪਰਾ

# ਅਧਿਆਇ-ਦੂਜਾ

# ਵਿਆਖਿਆ ਪਰੰਪਰਾ

ਇਸ ਖੋਜ ਪ੍ਰਬੰਧ ਦੇ ਦੂਜੇ ਅਧਿਆਇ ਦਾ ਮੁੱਖ ਉਦੇਸ਼ ਭਾਰਤੀ ਅਤੇ ਪੱਛਮੀ ਸਾਹਿਤ ਪਰੰਪਰਾਵਾਂ ਵਿੱਚ ਵਿਆਖਿਆਕਾਰੀ ਦੇ ਅਰਥ, ਸੰਕਲਪ, ਸਰੂਪ, ਮੁੱਢ, ਵਿਕਾਸ ਅਤੇ ਕਿਸਮਾਂ ਨੂੰ ਦਰਸਾਉਣਾ ਹੈ।

## 2.1 ਵਿਆਖਿਆ: ਪਰਿਚਯ

ਮਨੁੱਖੀ ਸੱਭਿਅਤਾ ਦੇ ਆਰੰਭ ਤੋਂ ਹੀ ਮਨੁੱਖ ਆਪਣੇ ਮਾਨਸਿਕ ਅਤੇ ਬਾਹਰੀ ਜਗਤ ਵਿੱਚ ਵਾਪਰਦੀਆਂ ਘਟਨਾਵਾਂ ਦੇ ਠੋਸ ਅਨੁਭਵੀ ਗਿਆਨ ਨੂੰ ਤੱਥਾਂ ਦੇ ਰੂਪ ਵਿੱਚ ਪ੍ਰਮਾਣਿਤ ਕਰਦਾ ਹੋਇਆ 'ਪਾਠ'[1] ਸਿਰਜਦਾ ਆ ਰਿਹਾ ਹੈ ਜੋ ਆਪਣੇ ਸਮਕਾਲ ਦੀਆਂ ਇਤਿਹਾਸਕ, ਸਮਾਜਕ, ਭੂਗੋਲਿਕ, ਰਾਜਨੀਤਕ ਜਾਂ ਸੱਭਿਆਚਾਰਕ ਸਥਿਤੀਆਂ ਨੂੰ ਇੱਕ ਨਿਵੇਕਲੇ ਰੂਪ ਵਿੱਚ ਪੇਸ਼ ਕਰਦਾ ਹੈ।ਇਸ ਨੂੰ ਪੀੜ੍ਹੀਆਂ ਤੀਕਣ ਵਿਰਾਸਤ ਸਮਝ ਕੇ ਆਪੋ ਆਪਣੀ ਚੇਤਨਾ ਦੇ ਦ੍ਰਿਸ਼ਟੀਕੋਣ ਤੋਂ ਆਪਣੇ ਵੇਲੇ ਦੀਆਂ ਪ੍ਰਸਥਿਤੀਆਂ ਅਤੇ ਚੁਣੌਤੀਆਂ ਅਨੁਸਾਰ ਵਿਚਾਰਿਆ ਜਾਂਦਾ ਹੈ ਅਤੇ ਪਾਠ ਦੇ ਮੂਲ ਤੱਤ ਨੂੰ ਵਿਸਾਰੇ ਬਿਨਾਂ ਇੱਕ ਨਵੇਂ ਪਰਿਪੇਖ ਤੋਂ ਇਸ ਦੇ ਅਰਥਾਂ ਦੀ ਸਾਰਥਕਤਾ ਦਾ ਨਿਰਧਾਰਣ ਕੀਤਾ ਜਾਂਦਾ ਹੈ।ਇਸ ਤਰ੍ਹਾਂ ਹਰ ਲਿਖਤ ਦੀ ਸੰਰਚਨਾ ਵਿੱਚ ਕਿਸੇ ਨਵੇਂ ਪਰਿਪੇਖ਼ ਤੋਂ ਅਰਥਾਂ ਦੀਆਂ ਅਨੇਕ ਸੰਭਾਵਨਾਵਾਂ ਮੌਜੂਦ ਹੁੰਦੀਆਂ ਹਨ ਜੋ ਕਿਸੇ ਪਾਠ ਦੀਆਂ ਇੱਕ ਤੋਂ ਵੱਧ ਪੜ੍ਹਤਾਂ ਨੂੰ ਸਿਰਜ ਦਿੰਦੀਆਂ ਹਨ ਇੱਥੋਂ ਹੀ ਵਿਆਖਿਆਕਾਰੀ ਦਾ ਆਰੰਭ ਹੁੰਦਾ ਹੈ।

### 2.1.1 ਵਿਆਖਿਆ ਸ਼ਬਦ ਦਾ ਅਰਥ:

ਵਿਆਖਿਆ ਦਾ ਅਰਥ ਹੈ ਕਿਸੇ ਵਸਤੂ, ਵਰਤਾਰੇ ਜਾਂ ਪਾਠ ਦਾ ਭਾਵ ਸਪਸ਼ਟ ਕਰਨਾ। ਮਾਨਕ ਹਿੰਦੀ ਕੋਸ਼ ਅਨੁਸਾਰ 'ਵਿਆਖਿਆ' ਕਿਸੇ ਵਾਕ, ਕਥਨ ਆਦਿ ਦਾ ਆਪਣੀ ਬੁੱਧੀ ਜਾਂ ਆਪਣੇ ਦ੍ਰਿਸ਼ਟੀਕੋਣ ਤੋਂ ਲਗਾਇਆ ਜਾਣ ਵਾਲਾ ਅਰਥ ਹੈ।[2] ਸੰਸਕ੍ਰਿਤ ਡਿਕਸ਼ਨਰੀ ਅਨੁਸਾਰ 'ਵਿਆਖਿਆ' ਦਾ ਅਰਥ ਹੈ – ਖੋਲ੍ਹ ਕੇ ਦੱਸਣਾ, ਵਿਵ੍ਰਿਤੀ, ਟੀਕਾ।[3] ਸਿੱਖ ਪੰਥ ਵਿਸ਼ਵਕੋਸ਼ ਅਨੁਸਾਰ ਵਿਸਤਾਰ ਵਿੱਚ ਅਰਥ ਸਮਝਾਉਣ ਵਾਲੀ ਰਚਨਾ ਨੂੰ

'ਵਿਆਖਿਆ' ਦਾ ਨਾਂ ਦਿੱਤਾ ਜਾਂਦਾ ਹੈ।[4] 'ਵਿਆਖਿਆ' ਸ਼ਬਦ ਦੀ ਵਰਤੋਂ ਕਿਸੇ ਵੀ ਕਥਨ, ਸਿਧਾਂਤ ਜਾਂ ਵਿਚਾਰਧਾਰਾ ਨੂੰ ਬਹੁਪੱਖੀ ਵਿਸਲੇਸ਼ਣ ਰਾਹੀਂ ਸਰਲ ਅਤੇ ਸਪਸ਼ਟ ਕਰਕੇ ਸਮਝਾਉਣ ਲਈ ਕੀਤੀ ਜਾਂਦੀ ਹੈ।ਵਿਆਖਿਆ ਸ਼ਬਦ ਆਪਣੇ ਸਰੂਪ ਕਾਰਨ ਵਿਸ਼ਾਲ ਅਰਥਾਂ ਦਾ ਧਾਰਨੀ ਬਣ ਚੁੱਕਾ ਹੈ।ਇਸ ਵਿੱਚ ਸੰਬੰਧਤ ਰਚਨਾ ਦਾ ਬਹੁਪੱਖੀ ਅਧਿਐਨ ਸ਼ਾਮਲ ਰਹਿੰਦਾ ਹੈ ਜਿਵੇਂ ਅਧਿਆਤਮਕ, ਰਹੱਸਵਾਦੀ, ਭਾਸ਼ਾਈ, ਸਾਹਿਤਕ, ਸਮਾਜਕ, ਰਾਜਨੀਤਕ ਪੱਖ ਆਦਿ ਸਭ ਕੁਝ ਵਿਆਖਿਆ ਦੇ ਘੇਰੇ ਵਿੱਚ ਆਉਂਦੇ ਹਨ।[5] ਹਾਲਾਂਕਿ ਵਿਆਖਿਆ ਦੇ ਇਹ ਸਾਰੇ ਪੱਖ ਪੂਰਨ ਤੌਰ ਉੱਤੇ ਵਿਆਖਿਆਕਾਰ ਦੀ ਪ੍ਰਤਿਭਾ ਅਨੁਸਾਰ ਹੁੰਦੇ ਹਨ।

ਸਾਧਾਰਣ ਬੋਲ-ਚਾਲ ਵਿੱਚ ਵਿਆਖਿਆ ਕਰਨ ਨੂੰ 'ਕਥਾ' ਜਾਂ 'ਪ੍ਰਵਚਨ' ਕਰਨਾ ਵੀ ਕਹਿ ਦਿੱਤਾ ਜਾਂਦਾ ਹੈ ਜੋ ਕਿ ਆਮ ਤੌਰ ਉੱਤੇ ਕਿਸੇ ਮਿਥਿਹਾਸ, ਕਹਾਣੀ ਜਾਂ ਘਟਨਾ ਦੇ ਪ੍ਰਸੰਗ ਨੂੰ ਉਜਾਗਰ ਕਰਦਾ ਹੈ, ਸਿਧਾਂਤਕ ਤੌਰ ਤੇ ਵਿਆਖਿਆ ਮੂਲ-ਪਾਠ ਜਾਂ ਮੂਲ-ਪਾਠ ਤੋਂ ਅਗਲੇ ਦਰਜ਼ੇ ਦੀ ਉਹ ਕੋਈ ਵੀ ਕਿਰਤ ਜਾਂ ਰਚਨਾ ਹੁੰਦੀ ਹੈ, ਜਿਸ ਰਾਹੀਂ 'ਮੂਲ' ਦੇ 'ਭਾਵ' ਨੂੰ ਸਰਲਤਾ ਅਤੇ ਵਿਸਥਾਰ ਸਹਿਤ ਲੋਕਾਂ ਦੀ ਸਮਝ ਦੇ ਪੱਧਰ ਉੱਤੇ ਲਿਜਾਇਆ ਜਾਂਦਾ ਹੈ ਪ੍ਰੰਤੂ ਵਿਵਹਾਰਕ ਤੌਰ ਤੇ ਵਿਆਖਿਆ ਤੋਂ ਭਾਵ ਉਸ ਰਚਨਾ ਤੋਂ ਲਿਆ ਜਾਂਦਾ ਹੈ ਜੋ ਕਿ ਮੂਲ ਪਾਠ ਦੇ ਅਰਥਾਂ ਨੂੰ ਹੋਰ ਵਿਸਥਾਰ ਨਾਲ ਸਮਝਾਉਣ ਦੇ ਮੰਤਵ ਨਾਲ ਸਿਰਜੀ ਜਾਂਦੀ ਹੈ।ਵਿਆਖਿਆ ਦੇ ਸੰਕਲਪ ਦੇ ਇਸ ਵਿਵਹਾਰਕ ਰੂਪ ਨੂੰ ਸੰਬੋਧਤ ਕਰਨ ਵਾਲੀ ਪ੍ਰਕਿਰਿਆ ਦਾ ਨਾਂ ਵਿਆਖਿਆਕਾਰੀ ਹੈ।ਡਾ. ਤਾਰਨ ਸਿੰਘ ਅਨੁਸਾਰ:

> ਵਿਆਖਿਆਕਾਰੀ ਉਹ ਸਿਰਜਨਾਤਮਕ ਕਲਾ ਹੈ ਜੋ ਕਿਸੇ ਅਨੁਭਵੀ ਸਾਹਿਤਕ ਕਿਰਤ ਦੇ ਵਿਚਾਰਾਂ, ਭਾਵਾਂ, ਭਾਵਨਾਵਾਂ ਨੂੰ ਸਪਸ਼ਟ ਕਰਨ ਦਾ ਯਤਨ ਕਰਦੀ ਹੈ।ਧਰਮ ਗ੍ਰੰਥਾਂ ਦੇ ਵਿਸ਼ੇਸ਼ ਕਰਕੇ ਅਤੇ ਹੋਰ ਸਾਹਿਤਕ ਗ੍ਰੰਥਾਂ ਦੇ ਆਮ ਕਰਕੇ ਜੋ ਪਦਾਰਥ, ਟੀਕੇ, ਭਾਸ਼, ਪਰਮਾਰਥ ਆਦਿ ਮਿਲਦੇ ਹਨ, ਉਹ ਇਸੇ ਵਰਗ ਦੀਆਂ ਰਚਨਾਵਾਂ ਕਹੇ ਜਾ ਸਕਦੇ ਹਨ।[6]

ਵਿਆਖਿਆ ਕਰਨ ਲਈ ਪਾਠ ਦੀ ਹੋਂਦ ਜ਼ਰੂਰੀ ਹੁੰਦੀ ਹੈ ਕਿਉਂਕਿ ਵਿਆਖਿਆਕਾਰੀ ਅਤੇ ਉਸ ਦੇ ਵਿਭਿੰਨ ਸਰੋਕਾਰਾਂ ਦਾ ਮੁੱਢ ਪਾਠ ਕਰਕੇ ਹੀ ਬੱਝਦਾ ਹੈ।ਵਿਆਖਿਆਕਾਰੀ ਦੇ

ਸੰਦਰਭ ਵਿੱਚ ਗੰਭੀਰ ਅਤੇ ਸਾਰਥਕ ਢੰਗ ਨਾਲ ਚਰਚਾ ਕਰਨ ਲਈ ਕੁਝ ਬੁਨਿਆਦੀ ਪ੍ਰਸ਼ਨਾਂ ਜਿਵੇਂ ਕਿ ਪਾਠ ਕੀ ਹੈ? ਅਤੇ ਇਹ ਕਿਵੇਂ ਹੋਂਦ ਵਿੱਚ ਆਉਂਦਾ ਹੈ? ਵਿਆਖਿਆ ਕੀ ਹੈ? ਪਾਠ ਅਤੇ ਵਿਆਖਿਆ ਦਾ ਆਪਸ ਵਿੱਚ ਕੀ ਰਿਸ਼ਤਾ ਹੈ? ਬਾਰੇ ਜਾਣ ਲੈਣਾ ਜ਼ਰੂਰੀ ਹੈ ਤਾਂ ਜੋ ਵਿਆਖਿਆਕਾਰੀ ਦੇ ਸੰਕਲਪ ਨੂੰ ਮੁੱਢ ਤੋਂ ਪਹਿਚਾਣਿਆ ਜਾ ਸਕੇ।

### 2.1.2 ਪਾਠ ਦੀ ਹੋਂਦ ਵਿਧੀ:

ਜੋ ਕੁਝ ਅਸੀਂ ਮੂੰਹੋਂ ਉਚਾਰਦੇ ਹਾਂ, ਉਸ ਨੂੰ 'ਬਾਣੀ' ਕਿਹਾ ਜਾਂਦਾ ਹੈ।'ਬਾਣੀ' ਸ਼ਬਦ ਸੰਸਕ੍ਰਿਤ ਦੇ 'ਵਾਣੀ' ਦਾ ਤਦਭਵ ਰੂਪ ਹੈ।ਇਸ ਦੀ ਮੂਲ ਧਾਤੂ 'ਵਾ' ਹੈ ਜਿਸ ਨੂੰ ਪੰਜਾਬੀ ਵਿੱਚ 'ਵਾ' ਜਾਂ 'ਹਵਾ' ਕਿਹਾ ਜਾਂਦਾ ਹੈ।'ਵਾਰਤਾ', 'ਵਾਕ', 'ਵਾਦ', 'ਵਾਜੇ' ਆਦਿ ਸ਼ਬਦ 'ਵਾ' ਧਾਤੂ ਤੋਂ ਹੀ ਬਣੇ ਹਨ।'ਬਾਣੀ' ਉਹ ਹੈ ਜੋ ਹਵਾ ਰਾਹੀਂ ਪ੍ਰਸਾਰਿਤ ਹੋ ਕੇ ਕੰਨਾਂ ਤੱਕ ਪਹੁੰਚਦੀ ਹੈ।'ਵਾਣੀ' ਜਾਂ 'ਬਾਣੀ' ਕਹੀ ਜਾਂਦੀ ਹੈ, ਕਹਿ ਕੇ ਸੁਣੀ ਜਾਂਦੀ ਹੈ, ਸੁਣ ਕੇ ਲਿਖੀ ਜਾਂਦੀ ਹੈ ਅਤੇ ਲਿਖ ਕੇ ਪੜ੍ਹੀ ਜਾਂਦੀ ਹੈ।ਜਦੋਂ ਲਿਖੇ ਹੋਏ ਨੂੰ ਅਸੀਂ ਪੜ੍ਹਦੇ ਹਾਂ ਤਾਂ ਉਸ ਨੂੰ 'ਅਧਿਐਨ' ਕਹਿੰਦੇ ਹਾਂ ਅਤੇ ਜੋ ਕੁਝ ਲਿਖਿਆ ਜਾਵੇ ਉਸ ਨੂੰ ਅਸੀਂ 'ਪਾਠ' ਜਾਂ 'ਟੈਕਸਟ' (Text) ਕਹਿੰਦੇ ਹਾਂ।ਪਾਠ ਦਾ ਮੁਢਲਾ ਅਰਥ ਹੈ - ਸ਼ਬਦਾਂ ਦੇ ਮਾਧਿਅਮ ਦੁਆਰਾ ਸਿਰਜੀ ਗਈ ਸਾਰਥਕ ਰਚਨਾ।ਇਹ ਭਾਸ਼ਾਈ ਚਿੰਨ੍ਹਾਂ ਜਾਂ ਪ੍ਰਤੀਕਾਂ ਦਾ ਅਜਿਹਾ ਇੱਕਸੁਰ ਸੰਗਠਨ ਹੈ ਜੋ ਕਿਸੇ ਸੂਚਨਾ, ਗਿਆਨ, ਸੰਦੇਸ਼ ਜਾਂ ਉਪਦੇਸ਼ ਦਾ ਸੰਚਾਰ ਕਰਦਾ ਹੈ।[7] ਕਿਸੇ ਲਿਖ਼ਤੀ ਜਾਂ ਮੌਖਿਕ ਰੂਪ ਵਿੱਚ ਰਚੇ ਗਏ ਪਾਠ ਨੂੰ ਪੜ੍ਹ ਕੇ ਜਾਂ ਸੁਣ ਕੇ ਗ੍ਰਹਿਣ ਕੀਤਾ ਜਾਂਦਾ ਹੈ।ਮੁੱਖ ਤੌਰ ਉੱਤੇ ਇਹ ਸਾਡੇ ਆਲ਼ੇ ਦੁਆਲ਼ੇ ਜਾਂ ਸਮਕਾਲੀਨ ਹਾਲਾਤ ਅਨੁਸਾਰ ਪੈਦਾ ਹੋਣ ਵਾਲੇ ਕਿਸੇ ਸਾਹਿਤਕ, ਸੱਭਿਆਚਾਰਕ ਜਾਂ ਧਾਰਮਿਕ ਸੰਕਲਪ ਦੇ ਸੰਦਰਭ ਵਿੱਚ ਸਥਾਪਿਤ ਕੀਤਾ ਜਾਂਦਾ ਹੈ।

ਚੌਗਿਰਦੇ ਵਿੱਚ ਵਾਪਰ ਰਹੇ ਵਰਤਾਰੇ ਹਰ ਵੇਲੇ ਮਨੁੱਖੀ ਮਨ ਨੂੰ ਪ੍ਰਭਾਵਿਤ ਕਰਦੇ ਹਨ।ਜਿਸ ਤਰ੍ਹਾਂ ਇਹ ਵਰਤਾਰੇ ਮਨੁੱਖੀ ਮਨ ਤੇ ਆਪਣੀ ਛਾਪ ਛੱਡਦੇ ਹਨ, ਉਸੇ ਤਰ੍ਹਾਂ ਮਨੁੱਖ ਵੀ ਕਿਸੇ ਮੌਖ਼ਿਕ ਜਾਂ ਲਿਖ਼ਤੀ ਪਾਠ ਰੂਪੀ ਰਚਨਾ ਦੀ ਸਿਰਜਣਾ ਕਰਕੇ ਸਮੇਂ ਅਤੇ ਸਮਾਜ ਉੱਤੇ ਆਪਣੇ ਅਨੁਭਵੀ ਗਿਆਨ ਦੀ ਛਾਪ ਛੱਡਦੇ ਹਨ।ਅਜੋਕੇ ਗਿਆਨ ਸ਼ਾਸਤਰ ਅਨੁਸਾਰ ਕੋਈ ਵੀ ਪਾਠ ਖਲਾਅ ਵਿੱਚੋਂ ਪੈਦਾ ਨਹੀਂ ਹੁੰਦਾ ਸਗੋਂ ਇਹ ਤਾਂ ਜੀਵਨ ਵਿਚਲੇ ਯਥਾਰਥ ਦੇ ਬੋਧ ਨੂੰ ਸ਼ਬਦਾਂ ਦੇ ਮਾਧਿਅਮ ਨਾਲ ਵਿਅਕਤ ਕਰਦਾ ਹੋਇਆ ਹੋਂਦ ਗ੍ਰਹਿਣ

ਕਰਦਾ ਹੈ ਅਰਥਾਤ ਕੋਈ ਵੀ ਪਾਠ ਗਿਆਨ ਇੰਦਰੀਆਂ ਦੁਆਰਾ ਪ੍ਰਤੱਖ ਤੌਰ ਤੇ ਅਨੁਭਵ ਕੀਤੇ ਗਏ ਯਥਾਰਥ ਦੀ ਭਾਸ਼ਾ ਦੇ ਮਾਧਿਅਮ ਰਾਹੀਂ ਵਿਆਖਿਆ ਕਰ ਰਿਹਾ ਹੁੰਦਾ ਹੈ ਸੋ ਹਰ ਸਮਾਜ ਅਤੇ ਸੱਭਿਆਚਾਰ ਵਿੱਚ ਆਪਣੇ ਆਲ਼ੇ ਦੁਆਲ਼ੇ ਦੇ ਜੀਵਨ ਅਤੇ ਯਥਾਰਥ ਨਾਲ ਪ੍ਰਤੱਖਣ ਅਤੇ ਪਾਠ ਦੇ ਰੂਪ ਵਿੱਚ ਪ੍ਰਗਟਾਵੇ ਦਾ ਰਿਸ਼ਤਾ ਹੀ ਵਿਆਖਿਆਕਾਰੀ ਦੇ ਰੂਪ ਵਿੱਚ ਹੋਂਦ ਗ੍ਰਹਿਣ ਕਰਦਾ ਹੈ।

ਸਪਸ਼ਟ ਹੈ ਕਿ ਪਾਠ ਸਿਰਜਣ ਦੀ ਪ੍ਰਕਿਰਿਆ ਵਿੱਚ ਪ੍ਰਤੱਖ ਦੇ ਅਨੁਭਵੀ ਗਿਆਨ ਦੀ ਅਜਿਹੀ ਮਹੱਤਵਪੂਰਣ ਭੂਮਿਕਾ ਹੈ ਜਿਸ ਦਾ ਕੋਈ ਬਦਲ ਨਹੀਂ।ਹਰ ਮਨੁੱਖ ਦਾ ਆਪਣੇ ਆਲ਼ੇ-ਦੁਆਲ਼ੇ ਨਾਲ ਪਹਿਲਾ ਸੰਪਰਕ ਆਪਣੀਆਂ ਪੰਜ ਗਿਆਨ ਇੰਦਰੀਆਂ (ਅੱਖਾਂ, ਕੰਨ, ਨੱਕ, ਜੀਭ, ਤੇ ਚਮੜੀ) ਦੁਆਰਾ ਹੀ ਹੁੰਦਾ ਹੈ।ਉਹ ਜਿਸ ਕਿਸੇ ਵੀ ਵਸਤੂ ਜਾਂ ਵਿਅਕਤੀ ਦੇ ਪਹਿਲੀ ਵਾਰ ਸਿੱਧਾ ਸੰਪਰਕ ਵਿੱਚ ਆ ਕੇ ਉਸ ਸੰਬੰਧੀ ਜੋ ਵੀ ਬੋਧ ਜਾਂ ਸੋਝੀ ਪ੍ਰਾਪਤ ਕਰਦਾ ਹੈ, ਉਹ ਉਸ ਦੇ ਅਨੁਭਵ ਦੇ ਰੂਪ ਵਿੱਚ ਉਸ ਵਸਤੂ ਦਾ ਅਰਥ ਹੁੰਦਾ ਹੈ।ਇਸ ਪ੍ਰਕਾਰ ਗਿਆਨ ਇੰਦਰੀਆਂ ਨੂੰ ਪ੍ਰਤੱਖ ਤੌਰ ਉੱਤੇ ਹੋਇਆ ਇਹ ਪਹਿਲਾ ਅਨੁਭਵੀ ਗਿਆਨ ਸ਼ਬਦਾਂ ਦੇ ਮਾਧਿਅਮ ਰਾਹੀਂ ਸੰਚਾਰਿਤ ਹੁੰਦਾ ਹੈ ਜੋ ਕਿ ਅਰਥ ਸੰਚਾਰਨ ਦੀ ਮੁਢਲੀ ਅਤੇ ਮੂਲ ਇਕਾਈ ਵਜੋਂ ਜਾਣਿਆ ਜਾ ਸਕਦਾ ਹੈ।ਮਨੁੱਖੀ ਅਨੁਭਵ ਅਨੁਸਾਰ ਸਿਰਜੇ ਗਏ ਵਸਤੂ ਜਗਤ ਦੇ ਸੰਕਲਪਿਕ ਬੋਧ ਨੂੰ ਅਸੀਂ ਮੂਲ ਜਾਂ ਪਾਠ ਆਖ ਦਿੰਦੇ ਹਾਂ।ਡਾ. ਜਗਬੀਰ ਸਿੰਘ ਅਨੁਸਾਰ:

> ਪੰਜਾਬੀ ਵਿੱਚ 'ਪਾਠ' ਦਾ ਅਰਥ 'ਪੜ੍ਹਨਾ' ਵੀ ਹੈ ਅਤੇ 'ਪੜ੍ਹਨਯੋਗ ਰਚਨਾ ਜਾਂ ਲਿਖਤ' (Text) ਵੀ।ਜੇ ਇੱਕ ਅਰਥ ਪੜ੍ਹਨ ਦੀ ਕਿਰਿਆ ਵੱਲ ਸੰਕੇਤ ਕਰਦਾ ਹੈ ਤਾਂ ਦੂਸਰਾ ਰਚਨਾ ਦੇ ਸੰਗਠਿਤ-ਪ੍ਰਬੰਧ ਵੱਲ।ਇਸ ਲਈ ਕਿਸੇ ਵੀ ਪਾਠ ਦੀ ਹਰ ਨਵੀਂ ਪੜ੍ਹਤ ਉਸ ਦਾ ਪੁਨਰ-ਪਾਠ ਉਸਾਰਦੀ ਹੈ ਜੋ ਮੂਲ ਪਾਠ ਨਾਲ ਨਜ਼ਦੀਕੀ ਸਾਂਝ ਰੱਖਦਾ ਹੋਇਆ ਵੀ ਉਸ ਨਾਲੋਂ ਭਿੰਨ ਅਤੇ ਵਿਲੱਖਣ ਹੋ ਨਿੱਬੜਦਾ ਹੈ।[8]

### 2.1.3 ਪਾਠ ਅਤੇ ਵਿਆਖਿਆ : ਅੰਤਰ ਸੰਬੰਧ

ਅਜੋਕੇ ਸਮੇਂ ਵਿੱਚ ਸਾਹਿਤ ਸਿਰਜਣਾ ਦੇ ਖੇਤਰ ਵਿੱਚ ਵਿਆਖਿਆਕਾਰੀ ਦੇ ਰੁਝਾਨ ਅਤੇ ਰੁਤਬੇ ਵਿੱਚ ਬਹੁਤ ਤੇਜ਼ੀ ਨਾਲ ਵਾਧਾ ਹੋਇਆ ਹੈ।ਅਸਲ ਵਿੱਚ 'ਸਾਹਿਤ' ਸ਼ਬਦ ਦਾ ਅਰਥ ਹੀ ਹੈ ਉਹ ਰਚਨਾ ਜੋ ਦੂਜਿਆਂ ਦੀ ਹਿੱਤ ਦੇ ਸਮੇਤ ਹੈ।ਇਸ ਅਰਥ ਵਿੱਚ ਕੋਈ ਵੀ ਸਾਹਿਤਕ ਰਚਨਾ ਉਦੋਂ ਹੀ ਸਫ਼ਲ ਹੈ ਜਦੋਂ ਉਹ ਪਾਠਕਾਂ ਦੀ ਸਮਝ ਜਾਂ ਜ਼ਿਹਨ ਵਿੱਚ ਆਪਣਾ ਸਥਾਨ ਗ੍ਰਹਿਣ ਕਰ ਲਵੇ।ਇਸ ਲਈ ਹਰੇਕ ਸਾਹਿਤ ਸਿਰਜਕ ਦਾ ਉਦੇਸ਼ ਇਹ ਹੀ ਹੁੰਦਾ ਹੈ ਕਿ ਉਸ ਦੀ ਰਚਨਾ ਵੱਧ ਤੋਂ ਵੱਧ ਪਾਠਕਾਂ ਦੀ ਸਮਝ ਗੋਚਰੇ ਹੋਵੇ ਅਤੇ ਉਸ ਦੇ ਪਾਠਕ ਵਰਗ਼ ਦਾ ਘੇਰਾ ਹੋਰ ਚੌੜੇਰਾ ਹੋਵੇ ਪ੍ਰੰਤੂ ਜਟਿਲ ਕਿਸਮ ਦੀਆਂ ਰਚਨਾਵਾਂ ਦਾ ਪਾਠਕ ਘੇਰਾ ਵਧਾਉਣ ਲਈ ਦੂਜੇ ਪੱਧਰ ਉੱਤੇ ਜੋ ਯਤਨ ਕੀਤਾ ਜਾ ਸਕਦਾ ਹੈ, ਉਹ ਹੈ ਦੂਜੇ ਪੱਧਰ ਦੀ ਵਿਆਖਿਆਕਾਰੀ ਦਾ ਉੱਦਮ।ਬਹੁਤ ਪੁਰਾਣੀਆਂ ਅਤੇ ਪ੍ਰਭਾਵਸ਼ਾਲੀ ਰਚਨਾਵਾਂ ਨੂੰ ਸਮੇਂ ਦਾ ਹਾਣੀ ਬਣਾਉਣ ਲਈ ਸਾਹਿਤਕਾਰ ਵਿਆਖਿਆ ਦਾ ਉਪਰਾਲਾ ਕਰਦੇ ਹਨ।ਵੀਹਵੀਂ ਸਦੀ ਵਿੱਚ ਵਿਆਖਿਆਕਾਰੀ ਦੇ ਸੁਤੰਤਰ ਨੇਮ ਘੜ ਕੇ ਵਿਆਖਿਆ-ਸ਼ਾਸਤਰ ਰਚਣ ਦਾ ਰੁਝਾਨ ਵਧਿਆ ਹੈ।ਸ਼ਾਬਦਿਕ ਦ੍ਰਿਸ਼ਟੀ ਤੋਂ ਵਿਆਖਿਆ ਸ਼ਾਸਤਰ ਵਿਆਖਿਆਕਾਰੀ ਦੇ ਸਿਧਾਂਤਕ ਪਰਿਪੇਖ ਨਾਲ ਸੰਬੰਧਤ ਅਨੁਸ਼ਾਸਨ ਹੈ।[9] ਮੂਲ ਰੂਪ ਵਿੱਚ ਇਹ ਭਾਸ਼ਾ ਦੇ ਮਾਧਿਅਮ ਰਾਹੀਂ ਸਿਰਜੇ ਗਏ ਪਾਠਾਂ ਦੇ ਅਧਿਐਨ ਨਾਲ ਸੰਬੰਧਤ ਅਨੁਸ਼ਾਸਨ ਹੈ।ਇਸ ਨੇ ਵਿਆਖਿਆ ਕਰਨ ਦੇ ਨੇਮ ਘੜ੍ਹ ਕੇ ਵਿਆਖਿਆਕਾਰੀ ਦਾ ਸੁਤੰਤਰ ਰਾਹ ਖੋਲ੍ਹਿਆ ਹੈ।ਇਸੇ ਕਰਕੇ ਇਸ ਨੂੰ 'ਵਿਆਖਿਆ ਦਾ ਸਿਧਾਂਤ' (Theory of interpretation) ਵੀ ਕਿਹਾ ਜਾਂਦਾ ਹੈ।[10]

## 2.2 ਧਾਰਮਿਕ ਵਿਆਖਿਆ ਪਰੰਪਰਾ:

ਸਾਹਿਤਕ ਅਤੇ ਸੱਭਿਆਚਾਰਕ ਪਾਠਾਂ ਤੋਂ ਇਲਾਵਾ ਧਾਰਮਿਕ ਪਾਠ ਵੀ ਕਿਸੇ ਸਮਾਜ ਜਾਂ ਸੱਭਿਆਚਾਰ ਦੀ ਜੀਵਨ-ਜਾਚ ਦੀ ਨੁਮਾਇੰਦਗੀ ਕਰਦੇ ਹਨ।ਇਨ੍ਹਾਂ ਧਾਰਮਿਕ ਪਾਠਾਂ ਵਿੱਚ ਬਿਆਨ ਕੀਤਾ ਗਿਆ ਅਨੁਭਵ ਇੱਕ ਵਿਸ਼ੇਸ਼ ਪ੍ਰਕਿਰਤੀ ਵਾਲਾ ਅਨੁਭਵੀ ਗਿਆਨ ਹੁੰਦਾ ਹੈ ਜੋ ਕਿ ਅਕਸਰ ਬੌਧਿਕ ਪ੍ਰਬੰਧਕਾਰੀ ਅਤੇ ਸਿਧਾਂਤਕਾਰੀ ਦੀਆਂ ਸੀਮਾਵਾਂ ਤੋਂ ਸੁਤੰਤਰ ਹੁੰਦਾ ਹੈ।ਇਹ ਪਰਾਭੌਤਿਕ ਅਨੁਭਵੀ ਗਿਆਨ ਦੁਨਿਆਵੀ ਬੌਧਿਕ ਗਿਆਨ ਦੇ ਟਾਕਰੇ ਤੇ ਸੰਪੂਰਨ ਅਤੇ ਪ੍ਰਮਾਰਥਕ ਗਿਆਨ ਹੈ ਭਾਵੇਂ ਇਸ ਅਲੌਕਿਕ ਗਿਆਨ ਦੇ ਮੂਲ

ਤੱਤ ਅਤੇ ਗੁਣ ਦੀ ਵਿਆਖਿਆ ਕਰਨਾ ਅਸੰਭਵ ਹੈ ਪ੍ਰੰਤੂ ਫਿਰ ਵੀ ਮਨੁੱਖੀ ਸਮਾਜ ਵਿੱਚ ਇਸ ਦੀ ਪ੍ਰਕਿਰਤੀ ਨੂੰ ਸਮਝਣ ਲਈ ਇਸ ਨੂੰ ਬੌਧਿਕ ਗਿਆਨ ਦੇ ਚੌਖਟੇ ਵਿੱਚ ਰੱਖ ਕੇ ਅਦਿੱਖ ਸੰਸਾਰ ਦਾ ਪ੍ਰਤੱਖੀਕਰਣ ਕਰਨ ਦਾ ਯਤਨ ਕੀਤਾ ਜਾਂਦਾ ਹੈ।[11] ਮਨੁੱਖ ਨੂੰ ਹੋਏ ਅਜਿਹੇ ਦੈਵੀ ਇੱਛਾ ਦੇ ਸੰਚਾਰ ਨੂੰ ਵੱਖ-ਵੱਖ ਧਾਰਮਿਕ ਪਰੰਪਰਾਵਾਂ ਵਿੱਚ ਇਲਹਾਮ, ਰਿਵੀਲੇਸ਼ਨ, ਸ਼ਰੁਤੀ ਗਿਆਨ, ਨਾਮ, ਬੋਧ, ਕੇਵਲਯ, ਬ੍ਰਹਮ-ਗਿਆਨ, ਅਨਹਦ ਨਾਦ, ਮਾਰਫਤ ਆਦਿ ਦੇ ਨਾਵਾਂ ਨਾਲ ਜਾਣਿਆ ਜਾਂਦਾ ਹੈ ਜਿਸ ਦੁਆਰਾ ਪ੍ਰਮਾਤਮਾ ਮਨੁੱਖਾਂ ਲਈ ਆਪਣੇ ਆਪ ਨੂੰ ਉਜਾਗਰ ਕਰਦਾ ਮੰਨਿਆ ਜਾਂਦਾ ਹੈ।ਇਸ ਇਲਹਾਮੀ ਰਹੱਸਮਈ ਗਿਆਨ ਦਾ ਪ੍ਰਗਟਾਅ ਪੈਗੰਬਰ ਪ੍ਰਮਾਤਮਾ ਦੀ ਕਿਰਪਾ ਰਾਹੀਂ ਸ਼ਬਦਾਂ ਦੇ ਮਾਧਿਅਮ ਨਾਲ ਚਿੰਨ੍ਹਾਂ ਅਤੇ ਪ੍ਰਤੀਕਾਂ ਦੇ ਰੂਪ ਵਿੱਚ ਕਰਦਾ ਹੈ ਜਿਸ ਦੇ ਗੂਹਜ ਅਰਥਾਂ ਤੱਕ ਪੁੱਜਣਾ ਵਿਆਖਿਆਕਾਰੀ ਦਾ ਇੱਕ ਜਟਿਲ ਕਾਰਜ ਹੈ।[12] ਇਸ ਗਿਆਨ ਦਾ ਪਹਿਲਾ ਪ੍ਰਗਟਾਵਾ ਅਰਥਾਤ ਮੂਲ-ਰਚਨਾ ਹੀ ਇਸ ਅਨੁਭਵ ਦੀ ਵਿਆਖਿਆ ਦਾ ਪਹਿਲਾ ਉੱਦਮ ਹੁੰਦਾ ਹੈ।ਇਸ ਪ੍ਰਕਾਰ ਕਿਸੇ ਵੀ ਧਰਮ ਦੀ ਮੂਲ ਰਚਨਾ ਅਤੇ ਵਿਆਖਿਆ ਵਿਚਲਾ ਰਿਸ਼ਤਾ ਧਾਰਮਿਕ ਅਨੁਭਵ ਅਤੇ ਉਸ ਨੂੰ ਬਿਆਨਣ ਦਾ ਰਿਸ਼ਤਾ ਹੀ ਹੁੰਦਾ ਹੈ।ਇਹੀ ਅਨੁਭਵੀ ਗਿਆਨ ਬਾਅਦ ਵਿੱਚ ਧਰਮ ਗ੍ਰੰਥਾਂ ਦਾ ਰੂਪ ਧਾਰਨ ਕਰਦਾ ਹੈ।

ਵਿਸ਼ਵ ਧਰਮਾਂ ਦੇ ਅਧਿਐਨ ਨੂੰ ਆਮ ਤੌਰ ਤੇ ਦੋ ਭਾਗਾਂ ਵਿੱਚ ਵੰਡਿਆ ਗਿਆ ਹੈ – ਪੂਰਬੀ (ਭਾਰਤੀ) ਧਰਮ ਪਰੰਪਰਾ ਅਤੇ ਪੱਛਮੀ (ਸਾਮੀ) ਧਰਮ ਪਰੰਪਰਾ।ਪੂਰਬੀ ਧਰਮ ਪਰੰਪਰਾ ਵਿੱਚ ਵੈਦਿਕ, ਜੈਨ, ਬੁੱਧ ਅਤੇ ਸਿੱਖ ਧਰਮ ਅਤੇ ਪੱਛਮੀ ਧਰਮ ਪਰੰਪਰਾ ਵਿੱਚ ਯਹੂਦੀ, ਪਾਰਸੀ, ਈਸਾਈ ਅਤੇ ਇਸਲਾਮ ਧਰਮ ਆ ਜਾਂਦੇ ਹਨ।ਦੋਹਾਂ ਹੀ ਧਰਮ ਪਰੰਪਰਾਵਾਂ ਵਿੱਚ ਹਰੇਕ ਧਰਮ ਦਾ ਆਧਾਰ, ਧਰਮ ਗ੍ਰੰਥ ਹੁੰਦੇ ਹਨ ਜੋ ਕਿ ਰੱਬੀ ਅਨੁਭਵ ਦਾ ਲਿਖਤੀ ਪ੍ਰਗਟਾਵਾ ਹੁੰਦੇ ਹਨ।ਇਨ੍ਹਾਂ ਧਰਮ ਗ੍ਰੰਥਾਂ ਰਾਹੀਂ ਮਨੁੱਖ ਨੂੰ ਵਿਅਕਤੀਗਤ ਅਤੇ ਦੁਨਿਆਵੀ ਸੋਝੀ ਦੇ ਨਾਲ ਨਾਲ ਪਰਾਭੌਤਿਕ ਸੋਝੀ ਪ੍ਰਾਪਤ ਹੁੰਦੀ ਹੈ।ਧਾਰਮਿਕ ਵਿਆਖਿਆਕਾਰੀ ਦਾ ਉੱਦਮ ਦੈਵੀ ਗਿਆਨ ਨੂੰ ਮਨੁੱਖੀ ਗਿਆਨ ਦੇ ਮਾਪਦੰਡਾਂ ਨਾਲ ਸਮਝਣ ਦਾ ਯਤਨ ਹੀ ਹੁੰਦਾ ਹੈ।ਇਸ ਪ੍ਰਕਾਰ ਧਰਮ ਨੂੰ ਸਾਮੱਗਰੀ ਬਣਾ ਕੇ ਰਚਿਆ ਗਿਆ ਸਾਹਿਤ ਪ੍ਰਮੁੱਖ ਤੌਰ ਉੱਤੇ ਦੋ ਰੂਪਾਂ ਵਿੱਚ ਸਾਡੇ ਸਾਹਮਣੇ ਆਉਂਦਾ ਹੈ।ਇਨ੍ਹਾਂ ਵਿੱਚੋਂ ਇੱਕ ਤਾਂ ਧਰਮ ਪ੍ਰਵਰਤਕ ਦੇ ਅਨੁਭਵ ਦੀ ਉਹੋ ਮੂਲ ਅਭਿਵਿਅਕਤੀ ਜੋ ਕਿ ਧਰਮ ਗ੍ਰੰਥ ਦਾ ਰੂਪ ਧਾਰਨ ਕਰ ਲੈਂਦੀ ਹੈ ਅਤੇ ਜਿਸ ਨੂੰ 'ਇਲਹਾਮ' ਦਾ ਨਾਂ ਦਿੱਤਾ ਜਾਂਦਾ ਹੈ ਅਤੇ ਦੂਜਾ ਰੂਪ

ਵੱਖ ਵੱਖ ਵਿਦਵਾਨਾਂ ਦੁਆਰਾ ਕੀਤੀ ਗਈ ਇਨ੍ਹਾਂ ਧਰਮ ਗ੍ਰੰਥਾਂ ਦੀ ਵਿਆਖਿਆਕਾਰੀ ਦਾ ਹੈ।ਧਾਰਮਿਕ ਵਿਆਖਿਆ ਪਰਾਭੌਤਿਕ ਅਨੁਭਵ ਨੂੰ ਮਨੁੱਖੀ ਚੇਤਨਾ ਦੇ ਪੱਧਰ ਉੱਤੇ ਪ੍ਰਗਟ ਕਰਨ ਦਾ ਕੇਵਲ ਇੱਕ ਯਤਨ ਹੈ।ਡਾ. ਸਰਬਜਿੰਦਰ ਸਿੰਘ ਅਨੁਸਾਰ:

> ਧਰਮ ਗ੍ਰੰਥ ਰੱਬ ਦਾ ਪ੍ਰਕਾਸ਼ ਹੈ ਜਦੋਂ ਕਿ ਗ੍ਰੰਥ (ਵਿਆਖਿਆਕਾਰੀ) ਮਨੁੱਖ ਦੀ ਕਿਰਤ ਹੈ।ਜਿਸ ਤਰ੍ਹਾਂ ਮਨੁੱਖ ਪੂਰਨ ਨਹੀਂ ਹੈ ਉਸੇ ਤਰ੍ਹਾਂ ਹੀ ਉਸ ਦੀ ਕਿਰਤ (ਵਿਆਖਿਆਕਾਰੀ) ਵੀ ਪੂਰਨਤਾ ਦਾ ਰੁਤਬਾ ਗ੍ਰਹਿਣ ਨਹੀਂ ਕਰ ਸਕਦੀ।[13]

### 2.2.1 **ਧਾਰਮਿਕ ਵਿਆਖਿਆ ਦੀ ਲੋੜ ਅਤੇ ਆਰੰਭ:**

ਇਹ ਆਮ ਕਿਹਾ ਜਾਂਦਾ ਹੈ ਕਿ ਹਰ ਧਰਮ ਗ੍ਰੰਥ ਲੋਕਾਂ ਦੀ ਭਾਸ਼ਾ ਵਿੱਚ ਲਿਖਿਆ ਗਿਆ ਹੁੰਦਾ ਹੈ ਪਰ ਉਸ ਸਮੇਂ ਵਿੱਚ ਵੀ ਜ਼ਰੂਰ ਹੀ ਕੁਝ ਲੋਕ ਅਜਿਹੇ ਹੁੰਦੇ ਹਨ ਜੋ ਉਸ ਧਰਮ ਗ੍ਰੰਥ ਨੂੰ ਚੰਗੀ ਤਰ੍ਹਾਂ ਸਮਝਣ ਤੋਂ ਅਸਮਰੱਥ ਹੁੰਦੇ ਹਨ।ਉਹ ਆਪਣੇ ਧਰਮ ਗ੍ਰੰਥ ਨੂੰ ਸਮਝਣ ਲਈ ਆਪਣੇ ਪੈਗੰਬਰ ਜਾਂ ਉਸ ਸਮੇਂ ਦੇ ਸੂਝਵਾਨ ਲੋਕਾਂ ਤੋਂ ਜਾਣਕਾਰੀ ਮੰਗਦੇ ਹਨ ਤਾਂ ਜੋ ਸ਼ਬਦਾਂ ਦੁਆਰਾ ਪੇਸ਼ ਕੀਤੇ ਗਏ ਰੱਬੀ-ਗਿਆਨ ਦੇ ਬਾਰੇ ਪੂਰੀ ਤਰ੍ਹਾਂ ਪਤਾ ਲੱਗ ਸਕੇ ਭਾਵੇਂ ਮਨੁਖਤਾ ਦੇ ਭਲੇ ਲਈ ਹੋਏ ਇਸ ਰੱਬੀ ਇਲਹਾਮ ਨੂੰ ਉਸ ਸਮੇਂ ਦੀ ਪ੍ਰਸਿੱਧ ਬੋਲੀ ਵਿੱਚ ਦਰਜ ਕੀਤਾ ਗਿਆ ਹੁੰਦਾ ਹੈ ਪ੍ਰੰਤੂ ਸਮੇਂ ਅਤੇ ਸਥਾਨ ਅਨੁਸਾਰ ਬੋਲੀ ਜਾਂ ਭਾਸ਼ਾ ਵਿੱਚ ਪਰਿਵਰਤਨ ਆਉਂਦਾ ਰਹਿੰਦਾ ਹੈ।ਭਾਸ਼ਾ ਨੂੰ 'ਸੰਚਾਰ ਦਾ ਮਾਧਿਅਮ' ਕਿਹਾ ਜਾਂਦਾ ਹੈ ਪ੍ਰੰਤੂ ਸੰਚਾਰ ਦਾ ਇਹ ਮਾਧਿਅਮ ਸੁਭਾਅ ਵਿੱਚ ਸਥਿਰ ਨਹੀਂ, ਪਰਿਵਰਤਨਸ਼ੀਲ ਹੈ।ਸਮੇਂ ਵਿੱਚ ਤਬਦੀਲੀ ਅਨੁਸਾਰ ਕਈ ਸ਼ਬਦ ਆਪਣਾ ਭਾਵਾਰਥ ਬਦਲ ਲੈਂਦੇ ਹਨ, ਕਈ ਸ਼ਬਦਾਂ ਦਾ ਅਰਥ-ਵਿਸਥਾਰ ਤੇ ਕਈ ਸ਼ਬਦਾਂ ਦਾ ਅਰਥ-ਸੰਕੋਚ ਵੀ ਹੋ ਜਾਂਦਾ ਹੈ।[14]

ਕਿਸੇ ਧਰਮ ਦੇ ਧਰਮ-ਗ੍ਰੰਥ ਦੇ ਹੋਂਦ ਵਿੱਚ ਆ ਜਾਣ ਨਾਲ ਵੱਖੋ ਵੱਖਰੇ ਦ੍ਰਿਸ਼ਟੀਕੋਣਾਂ ਤੋਂ ਉਸ ਦੇ ਮੂਲ ਪਾਠ ਦੇ ਸੰਦੇਸ਼ ਦੀ ਵਿਆਖਿਆ ਆਰੰਭ ਹੋ ਜਾਂਦੀ ਹੈ।ਹਰ ਸੂਝਵਾਨ ਚਿੰਤਕ ਉਸ ਨੂੰ ਆਪਣੇ ਨਜ਼ਰੀਏ ਅਤੇ ਆਪਣੇ ਸਮੇਂ ਦੇ ਪਰਿਪੇਖ ਤੋਂ ਵੇਖਣ ਅਤੇ ਘੋਖਣ ਦਾ ਯਤਨ ਕਰਦਾ ਹੈ।ਗੂੜ੍ਹ ਅਨੁਭਵਾਂ ਤੇ ਆਧਾਰਿਤ ਇਸ ਰਹੱਸਾਤਮਕ ਸਾਹਿਤ ਵਿੱਚ ਮੁੱਖ

ਤੌਰ ਉੱਤੇ ਸੂਖਮ ਕਿਸਮ ਦੀ ਸ਼ਬਦਾਵਲੀ ਹੁੰਦੀ ਹੈ ਜਿਸ ਨੂੰ ਸਮਝਣ ਲਈ ਸਰਲ ਵਿਆਖਿਆਕਾਰੀ ਦੀ ਲੋੜ ਪੈਂਦੀ ਹੈ।

ਭਾਰਤੀ ਅਤੇ ਪੱਛਮੀ ਧਰਮ ਪਰੰਪਰਾਵਾਂ ਵਿੱਚ ਮੁੱਢ ਤੋਂ ਹੀ ਵਿਆਖਿਆ ਦੇ ਸੰਕਲਪ ਦਾ ਬਹੁਤ ਮਹੱਤਵ ਰਿਹਾ ਹੈ।ਵਿਆਖਿਆ ਦੇ ਸੰਕਲਪ ਨੂੰ ਡਾ. ਸਰਬਜਿੰਦਰ ਸਿੰਘ ਨੇ ਇੰਝ ਸਪਸ਼ਟ ਕੀਤਾ ਹੈ:

> ਵਿਆਖਿਆ ਇੱਕ ਸੰਕਲਪ ਹੈ ਜਿਹੜਾ ਪਵਿੱਤਰ ਪ੍ਰਵਚਨਾਂ ਦੇ ਮੂਲ ਭਾਵ ਰੂਪ ਨੂੰ ਸੁਖੈਨ ਢੰਗ ਨਾਲ ਜਨ-ਸਾਧਾਰਨ ਦੀ ਮਾਨਸਿਕਤਾ ਤੱਕ ਲੈ ਕੇ ਜਾਣ ਵਾਲੇ ਕੁੱਲ ਯਤਨਾਂ ਵੱਲ ਸੰਕੇਤਕ ਹੈ, ਜਦਕਿ ਵਿਆਖਿਆਕਾਰੀ ਉਪਰੋਕਤ ਸੰਕਲਪ ਦੇ ਵਿਵਹਾਰਕ ਰੂਪ ਦਾ ਨਾਂ ਹੈ।ਵਿਆਖਿਆਕਾਰੀ ਦਾ ਘੇਰਾ ਬੇਹੱਦ ਵਿਸ਼ਾਲ ਹੁੰਦਾ ਹੈ ਅਤੇ ਇਹ ਮਹਿਜ਼ ਟੀਕੇ, ਕੋਸ਼ ਜਾਂ ਭਾਸ਼ਯ ਤੱਕ ਹੀ ਸੀਮਿਤ ਨਹੀਂ ਹੁੰਦੀ, ਸਗੋਂ ਧਰਮ ਗ੍ਰੰਥ ਨੂੰ ਸੰਬੋਧਤ ਸਾਹਿਤ ਦਾ ਹਰ ਹਿੱਸਾ ਵਿਆਖਿਆਕਾਰੀ ਦੇ ਘੇਰੇ ਵਿੱਚ ਹੀ ਹੁੰਦਾ ਹੈ।[15]

### 2.2.2 ਵੱਖ-ਵੱਖ ਧਰਮ ਪਰੰਪਰਾਵਾਂ ਵਿੱਚ ਵਿਆਖਿਆ:

ਭਾਰਤੀ ਅਤੇ ਪੱਛਮੀ ਧਾਰਮਿਕ ਸਾਹਿਤ ਵਿੱਚ ਵਿਆਖਿਆਕਾਰੀ ਦਾ ਚਲਨ ਬਹੁਤ ਪੁਰਾਣਾ ਹੈ।ਧਰਮ ਗ੍ਰੰਥਾਂ ਦੀ ਵਿਆਖਿਆਕਾਰੀ ਦੀ ਕਿਰਿਆ ਨਾਲ ਮੁੱਢੋਂ ਜੁੜਨ ਲਈ ਅਸੀਂ ਭਾਰਤੀ ਅਤੇ ਪੱਛਮੀ ਧਰਮ ਪਰੰਪਰਾਵਾਂ ਦੇ ਵਿਆਖਿਆ ਸਾਹਿਤ ਨੂੰ ਵਿਚਾਰਦੇ ਹਾਂ:

#### 2.2.2.1 ਵੈਦਿਕ ਧਰਮ ਪਰੰਪਰਾ ਵਿੱਚ ਵਿਆਖਿਆ:

ਭਾਰਤੀ ਸੱਭਿਆਚਾਰ ਵਿੱਚ ਵਿਆਖਿਆ ਪਰੰਪਰਾ ਦਾ ਆਰੰਭ ਵੈਦਿਕ ਸਾਹਿਤ ਦੀ ਵਿਆਖਿਆ ਨਾਲ ਹੁੰਦਾ **ਹੈ** ਜਿਸ ਦੀ ਰਚਨਾ ਲਗਭਗ 1500 ਈ. ਪੂ. ਵਿੱਚ ਹੋਈ ਮੰਨੀ ਜਾਂਦੀ ਹੈ।ਡਾ. ਜਗਬੀਰ ਸਿੰਘ ਅਨੁਸਾਰ ਇਸ ਦੇ ਅੰਤਰਗਤ ਹੇਠ ਲਿਖੇ ਚਾਰ ਪ੍ਰਕਾਰ ਦੇ ਪਾਠ ਸਨਾਤਨੀ ਵਿਆਖਿਆ ਅਧੀਨ[16] ਆਉਂਦੇ ਹਨ:

- ਸ਼ਰੁਤੀ ਸਾਹਿਤ (ਵੇਦ ਅਤੇ ਉਪਨਿਸ਼ਦਾਂ) ਦੀ ਵਿਆਖਿਆ।ਜਿਸ ਦੇ ਸਿੱਟੇ ਵਜੋਂ ਭਾਰਤੀ ਖਟ ਦਰਸ਼ਨ-ਸ਼ਾਸਤਰ ਹੋਂਦ ਵਿੱਚ ਆਇਆ।
- ਸੰਮ੍ਰਿਤੀ ਸਾਹਿਤ ਦੀ ਵਿਆਖਿਆ।ਜਿਸ ਦਾ ਮੂਲ ਸਰੋਕਾਰ ਆਚਾਰ-ਵਿਹਾਰ ਨਾਲ ਸੰਬੰਧਤ ਨੇਮਾਂ ਨਾਲ ਰਿਹਾ ਹੈ ਜਿਨ੍ਹਾਂ ਦੀ ਵਿਆਖਿਆ ਸਮੇਂ ਅਤੇ ਸਥਾਨ ਦੇ ਪਰਿਵਰਤਨਸ਼ੀਲ ਸੰਦਰਭ ਨਾਲ ਸੰਬੰਧਤ ਹੈ।
- ਸ਼ਾਸਤਰ ਸਾਹਿਤ (ਵੇਦਾਂਗਾਂ) ਦੀ ਵਿਆਖਿਆ।ਇਸ ਵਿਆਖਿਆ ਦਾ ਸਰੋਕਾਰ ਸੁਨਿਸ਼ਚਿਤ ਢੰਗ ਨਾਲ ਸ਼ਬਦਾਂ ਅਤੇ ਵਾਕਾਂ ਦੇ ਅਰਥਾਂ ਨੂੰ ਨਿਰਧਾਰਿਤ ਕਰਨ ਨਾਲ ਹੈ।
- ਕਾਵਿ-ਰਚਨਾਵਾਂ (ਮਹਾਂਕਾਵਿ, ਇਤਿਹਾਸ ਅਤੇ ਪੁਰਾਣਾਂ ਆਦਿ) ਦੀ ਵਿਆਖਿਆ।

ਇਨ੍ਹਾਂ ਵਿੱਚੋਂ ਸ਼ਾਸਤਰ ਗ੍ਰੰਥਾਂ ਜਾਂ ਵੇਦਾਂਗਾਂ ਦੀਆਂ ਵਿਸਤ੍ਰਿਤ ਵਿਆਖਿਆਵਾਂ ਭਾਸ਼, ਨਿਰੁਕਤ, ਵ੍ਰਿਤੀ ਆਦਿ ਦੇ ਰੂਪ ਵਿੱਚ ਸਾਹਮਣੇ ਆਈਆਂ ਹਨ ਜਿਨ੍ਹਾਂ ਦਾ ਕਾਰਜ ਤਿੰਨ ਪ੍ਰਕਾਰ ਦਾ ਮੰਨਿਆ ਗਿਆ ਹੈ:

- ਪਾਠ ਦੇ ਅੱਖਰਾਂ ਨੂੰ ਨਿਰਧਾਰਿਤ ਕਰਨਾ ਅਤੇ ਸਮਝਾਉਣਾ।
- ਕਿਸੇ ਸ਼ਾਸਤਰ ਦੇ ਨੇਮਾਂ ਦੀ ਨਿਸ਼ਾਨਦੇਹੀ ਕਰਨਾ, ਉਨ੍ਹਾਂ ਦੀ ਸਾਰਥਕਤਾ ਅਤੇ ਪ੍ਰਾਸੰਗਿਕਤਾ ਨਿਰਧਾਰਿਤ ਕਰਨਾ।
- ਸ਼ਾਸਤਰਾਂ ਦੇ ਅੰਦਰਲੇ ਵਿਵੇਕ ਨੂੰ ਸਥਾਪਿਤ ਕਰਕੇ ਸਪਸ਼ਟੀਕਰਨ ਪੇਸ਼ ਕਰਨਾ।

ਵਿਆਖਿਆਕਾਰੀ ਦੀ ਪੁਰਾਤਨ ਪਰੰਪਰਾ ਵਿੱਚ ਟੀਕਾਕਾਰੀ ਦੀਆਂ ਕਈ ਕਿਸਮਾਂ ਜਾਂ ਵਿਧਾਵਾਂ ਮਿਲਦੀਆਂ ਹਨ।ਇਨ੍ਹਾਂ ਵਿੱਚ ਪਦ-ਅਰਥ, ਪਰਿਆਇਵਾਚੀ ਅਰਥ, ਟੀਕੇ, ਟਿੱਪਣੀਆਂ, ਭਾਸ਼ਯ, ਪਰਮਾਰਥ, ਵ੍ਰਿਤੀ, ਵਾਰਤਕ, ਸੰਥਯਾ ਅਤੇ ਕਥਾ ਆਦਿ ਵਿਆਖਿਆ ਨਾਲ ਹੀ ਸੰਬੰਧਤ ਸ਼ਬਦ ਹਨ।ਮੀਮਾਂਸਾ[17] ਅਤੇ ਵੇਦਾਂਤ[18] ਬਾਰੇ ਪ੍ਰਾਪਤ ਸਭ ਤੋਂ ਪੁਰਾਣੀ ਵਿਆਖਿਆ ਸ਼ਾਬਰ ਭਾਸ਼ਯ[19] ਹੈ ਜਿਸ ਵਿੱਚ ਹੋਰਨਾਂ ਟੀਕਿਆਂ ਦਾ ਵੀ ਜ਼ਿਕਰ ਕੀਤਾ ਹੋਇਆ ਹੈ।ਇਸ ਤੋਂ ਬਾਅਦ ਉਪਵਰਸ਼ ਦੀ ਰਚਨਾ 'ਵ੍ਰਿਤੀ' ਦਾ ਨਾਮ ਲਿਆ ਜਾ ਸਕਦਾ ਹੈ।ਵਿਆਕਰਨ ਸਾਹਿਤ ਵਿੱਚ ਪਾਣਿਨੀ[20] ਰਚਿਤ 'ਅਸ਼ਟਾਧਿਆਈ' ਦਾ ਵਿਲੱਖਣ ਅਤੇ ਕੇਂਦਰੀ ਸਥਾਨ ਹੈ।ਕਾਤਿਆਯਨ ਪਾਣਿਨੀ ਰਚਿਤ ਅਸ਼ਟਾਧਿਆਈ ਦਾ ਪਹਿਲਾ ਵਿਆਖਿਆਕਾਰ ਹੈ।ਉਸ ਦਾ ਪਰਵਰਤੀ ਵਿਆਖਿਆ-ਪਾਠ ਪਤੰਜਲੀ ਦਾ ਮਹਾਭਾਸ਼ਯ

ਹੈ।ਯਾਸਕ ਮੁਨੀ ਦਾ 'ਨਿਰੁਕਤ' ਭਾਰਤੀ ਵਿਆਖਿਆ ਪਰੰਪਰਾ ਵਿੱਚ ਵਿਸ਼ੇਸ਼ ਸਥਾਨ ਰੱਖਦਾ ਹੈ।[21]

### 2.2.2.2 ਜੈਨ ਧਰਮ ਪਰੰਪਰਾ ਵਿੱਚ ਵਿਆਖਿਆ :

ਭਾਰਤੀ ਧਰਮ-ਚਿੰਤਨ ਅਤੇ ਅਧਿਆਤਮਕ ਸਾਹਿਤ ਵਿੱਚ ਜੈਨ ਆਗਮ ਸਾਹਿਤ ਦੀ ਆਪਣੀ ਇੱਕ ਪ੍ਰਾਚੀਨ, ਵਿਲੱਖਣ ਅਤੇ ਵਿਆਪਕ ਪਹਿਚਾਣ ਹੈ ਜਿਸ ਵਿੱਚ ਕਿ ਗਿਆਨ ਅਤੇ ਵਿਗਿਆਨ ਦਾ, ਆਚਾਰ ਅਤੇ ਵਿਚਾਰ ਦਾ, ਨਿਆਂ ਅਤੇ ਨੀਤੀ ਦਾ, ਅਧਿਆਤਮ ਅਤੇ ਅਨੁਭਵ ਦਾ, ਧਰਮ ਅਤੇ ਦਰਸ਼ਨ ਦਾ ਅਨੋਖਾ ਮਹਾਨ ਕੋਸ਼ ਸਮਾਇਆ ਹੋਇਆ ਹੈ ਭਾਵੇਂ ਇਹ ਸਾਰੇ ਦਾ ਸਾਰਾ ਆਗਮ ਸਾਹਿਤ ਭਗਵਾਨ ਮਹਾਂਵੀਰ ਦੇ ਨਿਰਵਾਣ ਤੋਂ ਬਾਅਦ ਵੀ ਲਗਭਗ 800-1000 ਸਾਲਾਂ ਤੱਕ ਆਗਮਾਂ ਦੇ ਰੂਪ ਵਿੱਚ ਸੰਪਾਦਿਤ ਨਹੀਂ ਹੋਇਆ ਸੀ।ਕਈ ਸਭਾਵਾਂ ਕਰਕੇ ਬਾਅਦ ਦੇ ਸਾਲਾਂ ਵਿੱਚ ਮਹਾਂਵੀਰ ਜੀ ਦੇ ਉਪਦੇਸ਼ਾਂ ਨੂੰ ਇਕੱਤਰ ਕਰਕੇ ਸੰਪਾਦਿਤ ਕੀਤਾ ਗਿਆ।[22] ਅੱਜ ਇਹ ਵਿਸ਼ਾਲ ਸਾਹਿਤ ਜੈਨ ਧਰਮ ਦੀ ਵਿਆਖਿਆ ਕਰਕੇ ਸੰਸਾਰ ਭਰ ਵਿੱਚ ਆਪਣੇ ਤੀਰਥੰਕਰਾਂ ਦੁਆਰਾ ਦਿੱਤੇ ਗਿਆਨ ਦੀ ਅਗਵਾਈ ਕਰ ਰਿਹਾ ਹੈ।

### 2.2.2.3 ਬੁੱਧ ਧਰਮ ਪਰੰਪਰਾ ਵਿੱਚ ਵਿਆਖਿਆ:

ਬੋਧੀ ਧਰਮ ਸਾਹਿਤ ਬਹੁਤ ਵਿਸਤ੍ਰਿਤ ਅਤੇ ਅਨੇਕਾਂ ਭਾਸ਼ਾਵਾਂ ਵਿੱਚ ਹੈ।ਇਸ ਧਰਮ ਦੇ ਤਿੰਨ ਧਰਮ ਗ੍ਰੰਥ ਵਿਨਯਪਿਟਿਕ[23], ਸੂਤ੍ਰਪਿਟਿਕ[24] ਅਤੇ ਅਭਿਧੱਮਪਿਟਿਕ[25] ਤ੍ਰਿਪਿਟਿਕ ਅਖਵਾਉਂਦੇ ਹਨ।ਪੁਰਾਣੇ ਸਮਿਆਂ ਵਿੱਚ ਇਹ ਗ੍ਰੰਥ ਮਾਗਧੀ, ਪਾਲੀ ਅਤੇ ਸੰਸਕ੍ਰਿਤ ਭਾਸ਼ਾਵਾਂ ਵਿੱਚ ਤਿਆਰ ਕੀਤੇ ਗਏ ਸਨ।ਬੁੱਧ ਧਰਮ ਦੇ ਧਾਰਮਿਕ ਅਤੇ ਸਦਾਚਾਰਕ ਸਿਧਾਂਤਾਂ ਦਾ ਇੱਕ ਹੋਰ ਗ੍ਰੰਥ ਧੱਮਪਦ[26] ਵੀ ਬਹੁਤ ਪ੍ਰਸਿੱਧ ਹੈ ਜਿਸ ਵਿੱਚ ਕਿ ਬੁੱਧ ਧਰਮ ਦੇ ਨੇਮਾਂ ਅਤੇ ਅਸੂਲਾਂ ਦੀ ਪਦਿਆਂ ਦੇ ਰੂਪ ਵਿੱਚ ਵਿਆਖਿਆ ਕੀਤੀ ਗਈ ਹੈ।

### 2.2.2.4 ਸਿੱਖ ਧਰਮ ਪਰੰਪਰਾ ਵਿੱਚ ਵਿਆਖਿਆ:

ਸਿੱਖ ਧਰਮ ਵਿੱਚ ਵਿਆਖਿਆਕਾਰੀ ਦੀ ਪਰੰਪਰਾ ਗੁਰਬਾਣੀ ਨਾਲ ਸੰਬੰਧਤ ਹੈ।ਪੰਜਾਬੀ ਸਾਹਿਤ ਅੰਦਰ ਸਿੱਖ ਧਰਮ ਬਾਰੇ ਜੋ ਵੀ ਵਿਆਖਿਆ ਮਿਲਦੀ ਹੈ ਉਹ ਬਾਣੀ ਦੀ ਹੀ ਵਿਆਖਿਆ ਹੈ।ਵਿਆਖਿਆ ਦਾ ਇਹ ਕਾਰਜ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ

ਤੋਂ ਹੀ ਸ਼ੁਰੂ ਹੋ ਜਾਂਦਾ ਹੈ।[27] ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਦੇ ਉੱਤਰਾਧਿਕਾਰੀ ਗੁਰ ਸਾਹਿਬਾਨ ਨੇ ਉਨ੍ਹਾਂ ਦੀ ਹੀ ਬਾਣੀ ਦੀ ਵਿਆਖਿਆ ਹੋਰ ਬਾਣੀ ਰਚ ਕੇ ਕੀਤੀ ਹੈ।ਹੋਰ ਵੀ ਧਾਰਮਿਕ ਵਿਅਕਤੀਆਂ ਨੇ ਵਿਆਖਿਆਕਾਰੀ ਦੁਆਰਾ ਗੁਰਮਤਿ ਸਿਧਾਂਤਾਂ ਨੂੰ ਨਿਖੇੜਨ ਦਾ ਯਤਨ ਕੀਤਾ ਹੈ।[28] ਉਦਾਸੀ ਸਾਧੂਆਂ ਨੇ ਵੇਦਾਂ ਸ਼ਾਸਤ੍ਰਾਂ ਦਾ ਅਧਿਐਨ ਕਰ ਕੇ ਪੁਰਾਤਨ ਧਰਮ ਗਿਆਨ ਅਤੇ ਦਰਸ਼ਨ ਦੀ ਸਹਾਇਤਾ ਨਾਲ ਗੁਰਬਾਣੀ ਦੀ ਆਪਣੇ ਵੱਖਰੇ ਢੰਗ ਨਾਲ ਵਿਆਖਿਆ ਕੀਤੀ।[29] ਉਸ ਤੋਂ ਮਗਰੋਂ ਨਿਰਮਲਿਆਂ ਨੇ ਵੇਦਾਂਤੀ ਪਰਿਪੇਖ਼ ਵਿੱਚ ਗੁਰਬਾਣੀ ਦੀ ਵਿਆਖਿਆ ਕੀਤੀ।ਗੁਰਬਾਣੀ ਵਿਆਖਿਆ ਦੀ ਇਸੇ ਪ੍ਰਣਾਲੀ ਨੂੰ ‘ਨਿਰਮਲਾ ਪ੍ਰਣਾਲੀ’ ਦੇ ਨਾਂ ਨਾਲ ਜਾਣਿਆ ਜਾਂਦਾ ਹੈ।[30] ਭਾਈ ਮਨੀ ਸਿੰਘ ਦੁਆਰਾ ਕੀਤੀ ਗਈ ਗੁਰਬਾਣੀ ਵਿਆਖਿਆ ਨੂੰ ਬਾਅਦ ਵਿੱਚ ‘ਸੰਪਰਦਾਈ ਪ੍ਰਣਾਲੀ’ ਦਾ ਨਾਂ ਦਿੱਤਾ ਗਿਆ।ਗੁਰੂ ਗੋਬਿੰਦ ਸਿੰਘ ਜੀ ਦੇ ਮੁਖਾਰਬਿੰਦ ਤੋਂ ਭਾਈ ਮਨੀ ਸਿੰਘ ਅਤੇ ਬਾਬਾ ਦੀਪ ਸਿੰਘ ਤੋਂ ਇਲਾਵਾ ਬਾਬਾ ਗੁਰਬਖਸ਼ ਸਿੰਘ, ਭਾਈ ਨੰਦ ਲਾਲ, ਭਾਈ ਕੁਇਰ ਸਿੰਘ, ਭਾਈ ਰਾਮ ਸਿੰਘ, ਭਾਈ ਤਰਲੋਕ ਸਿੰਘ ਆਦਿ ਨੇ ਵੀ ਗੁਰਬਾਣੀ ਦੇ ਅਰਥ ਸ੍ਰਵਣ ਕੀਤੇ।ਭਾਈ ਮਨੀ ਸਿੰਘ ਵੱਲੋਂ ਗੁਰਬਾਣੀ ਵਿਆਖਿਆ ਦੀ ‘ਸੰਪ੍ਰਦਾਈ ਟਕਸਾਲ’ ਅਤੇ ਬਾਬਾ ਦੀਪ ਸਿੰਘ ਵੱਲੋਂ ‘ਦਮਦਮੀ ਟਕਸਾਲ’ ਚਲਾਈ ਗਈ।ਭਾਈ ਮਨੀ ਸਿੰਘ ਦੁਆਰਾ ਚਲਾਈ ‘ਸ਼੍ਰੋਮਣੀ ਸੰਪ੍ਰਦਾਇ ਟਕਸਾਲ ਭਾਈ ਮਨੀ ਸਿੰਘ’ ਅੱਜ ਵੀ ਅੰਮ੍ਰਿਤਸਰ ਵਿੱਚ ਸੱਤੋ ਵਾਲੀ ਗਲੀ ਵਿਖੇ ਕਾਰਜਸ਼ੀਲ ਹੈ ਅਤੇ ਦਮਦਮੀ ਟਕਸਾਲ ਨੂੰ ਬਾਬਾ ਸੁੰਦਰ ਸਿੰਘ, ਗਿਆਨੀ ਗੁਰਬਚਨ ਸਿੰਘ, ਸੰਤ ਕਰਤਾਰ ਸਿੰਘ, ਸੰਤ ਜਰਨੈਲ ਸਿੰਘ, ਬਾਬਾ ਠਾਕੁਰ ਸਿੰਘ ਅਤੇ ਬਾਬਾ ਹਰਨਾਮ ਸਿੰਘ ਆਦਿ ਨੇ ਅੱਜ ਵੀ ਜਾਰੀ ਰੱਖਿਆ ਹੋਇਆ ਹੈ।[31] ਪੰਜਾਬ ਉੱਤੇ ਅੰਗਰੇਜ਼ੀ ਰਾਜ ਕਾਇਮ ਹੋ ਜਾਣ ਨਾਲ ਗੁਰਮਤਿ, ਗੁਰ ਇਤਿਹਾਸ ਅਤੇ ਗੁਰਸਿੱਖ ਰਹਿਣੀ-ਬਹਿਣੀ ਦੀ ਵਿਆਖਿਆ ਨਵੀਨ ਵਿੱਦਿਅਕ ਪ੍ਰਣਾਲੀ ਦੇ ਗਿਆਨ, ਸਾਹਿਤਿਕ ਸ਼ੈਲੀ ਤੇ ਸਾਹਿਤਿਕ ਰੂਪਾਂ ਦੀ ਵਰਤੋਂ ਕਰਕੇ ਕੀਤੀ ਜਾਣ ਲੱਗੀ।ਇਸ ਨਵੇਂ ਹਾਲਾਤ, ਗਿਆਨ ਅਤੇ ਵੰਗਾਰ ਅਧੀਨ ਕੀਤੀ ਗਈ ਵਿਆਖਿਆ ਨੂੰ ‘ਸਿੰਘ ਸਭਾਈ’ ਵਿਆਖਿਆ-ਪ੍ਰਣਾਲੀ ਦਾ ਨਾਂ ਦਿੱਤਾ ਗਿਆ।[32] ਆਧੁਨਿਕ ਕਾਲ ਵਿੱਚ ਗੁਰਬਾਣੀ ਦੇ ਸਿਧਾਂਤ ਨਿਸ਼ਚਿਤ ਕਰਕੇ ਅਕਾਦਮਿਕ ਪੱਧਰ ਉੱਤੇ ਵੱਖ ਵੱਖ ਵਿਦਵਾਨਾਂ ਦੁਆਰਾ ਸਮੁੱਚੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਆਖਿਆ ਅਤੇ ਭਿੰਨ-ਭਿੰਨ ਭਾਸ਼ਾਵਾਂ ਵਿੱਚ ਅਨੁਵਾਦ ਕਰਨ ਦੇ ਯਤਨ ਕੀਤੇ ਗਏ।[33] ਗੁਰਬਾਣੀ ਦੀ ਟੀਕਾਕਾਰੀ, ਵਿਆਖਿਆਕਾਰੀ ਅਤੇ ਸਿਧਾਂਤ ਚਿੰਤਨ ਦੇ ਹੋਏ ਸਮੁੱਚੇ ਯਤਨਾਂ ਨੂੰ ਘੋਖ ਕੇ ਅਜੋਕੇ ਸਮੇਂ

ਵਿੱਚ ਗੁਰਬਾਣੀ ਦਾ ਵਿਆਖਿਆ ਸ਼ਾਸਤਰ ਤਿਆਰ ਕਰਨ ਵੱਲ ਝੁਕਾਅ ਹੈ ਤਾਂ ਜੋ ਗੁਰਮਤਿ ਦੇ ਵਿਗਿਆਨਕ ਪਰਿਪੇਖ ਨੂੰ ਵਿਸ਼ਵ ਪੱਧਰ ਉੱਤੇ ਸਥਾਪਿਤ ਕੀਤਾ ਜਾਵੇ।

### 2.2.2.5 ਪੱਛਮੀ ਪਰਿਪੇਖ ਵਿੱਚ ਵਿਆਖਿਆ:

ਪੱਛਮੀ ਵਿਗਿਆਨਕ ਪ੍ਰਣਾਲੀ ਤਾਰਕਿਕ ਖੋਜ ਅਤੇ ਕਿਰਿਆਤਮਕ ਵਿਸ਼ਲੇਸ਼ਣ ਉੱਤੇ ਜ਼ੋਰ ਦਿੰਦੀ ਹੈ।ਵਿਗਿਆਨਕ ਵਿਧੀ ਨਾਲ ਤੱਥਾਂ ਦੇ ਨਿਯਮਾਂ ਦੀ ਖੋਜ, ਨਿਗਮਨ ਅਤੇ ਏਕੀਕਰਣ ਰਾਹੀਂ ਕੀਤੀ ਜਾਣ ਵਾਲੀ ਵਿਆਖਿਆ ਨੂੰ ਵਿਗਿਆਨਕ ਵਿਆਖਿਆ ਕਿਹਾ ਜਾਂਦਾ ਹੈ।ਅਸਲ ਵਿੱਚ ਵੀਹਵੀਂ ਸਦੀ ਦੇ ਪਿਛਲੇ ਅੱਧ ਵਿੱਚ ਸੰਸਾਰ ਦੇ ਧਰਮਾਂ ਦੀ ਅਕਾਦਮਿਕ ਪੱਧਰ ਉੱਤੇ ਅਧਿਐਨ ਕਰਨ ਦੀ ਰੁਚੀ ਵਿੱਚ ਜੋ ਵਿਸ਼ੇਸ਼ ਵਾਧਾ ਹੋਇਆ ਹੈ ਇਸ ਨਾਲ ਹਰ ਧਰਮ ਨੂੰ ਵੱਖ ਵੱਖ ਅੰਤਰ ਦ੍ਰਿਸ਼ਟੀਆਂ ਤੋਂ ਘੋਖਿਆ ਜਾਣ ਲੱਗਾ ਹੈ।ਇਸ ਰੁਚੀ ਦਾ ਆਧਾਰ ਵਿਆਖਿਆਕਾਰ, ਪ੍ਰਚਾਰਕ, ਲੇਖਕ ਅਤੇ ਯਾਤਰੀ ਲੋਕ ਬਣੇ ਹਨ ਜਿਨ੍ਹਾਂ ਨੇ ਆਪਣੇ ਬਿਰਤਾਂਤਾਂ ਅਤੇ ਦੂਜੇ ਧਰਮਾਂ ਬਾਰੇ ਇਕੱਤਰ ਕੀਤੀ ਜਾਣਕਾਰੀ ਦੇ ਵਰਣਨਾਂ ਰਾਹੀਂ ਧਾਰਮਿਕ ਵਿਸ਼ਵਾਸਾਂ, ਪਰੰਪਰਾਵਾਂ ਅਤੇ ਰੀਤੀ ਰਿਵਾਜਾਂ ਦਾ ਇੱਕ ਨਵਾਂ ਰੂਪ ਪੇਸ਼ ਕੀਤਾ।ਧਰਮ ਦੀ ਅਜਿਹੀ ਵਿਗਿਆਨਕ ਵਿਆਖਿਆ ਦੇ ਸੰਬੰਧ ਵਿੱਚ ਨਰਿੰਦਰ ਸਿੰਘ ਕਪੂਰ ਆਖਦੇ ਹਨ:

> ਅਜੋਕੇ ਵਿਗਿਆਨਕ ਯੁੱਗ ਵਿੱਚ ਧਰਮ ਦੀ ਵਿਗਿਆਨਕ ਵਿਆਖਿਆ ਕਰਨ ਦੀ ਲੋੜ ਹੈ ਤਾਂ ਜੁ ਧਰਮ, ਵਿਗਿਆਨ ਦੀ ਕਸਵੱਟੀ ਉੱਤੇ ਵੀ ਪੂਰਾ ਉਤਰ ਸਕੇ।[34]

ਗਿਆਨ ਦੀ ਪ੍ਰਾਪਤੀ ਲਈ ਮਨੁੱਖ ਵੱਲੋਂ ਅਪਣਾਈਆਂ ਜਾਣ ਵਾਲੀਆਂ ਵੱਖ ਵੱਖ ਵਿਧੀਆਂ ਵਿੱਚੋਂ ਵਿਗਿਆਨਕ ਵਿਧੀ ਸਭ ਤੋਂ ਵੱਧ ਨਿਯਮਬੱਧ, ਤਾਰਕਿਕ, ਯਥਾਰਥਕ ਸੱਚਾਈਆਂ ਤੇ ਅਧਾਰਿਤ ਅਤੇ ਵਿਸ਼ਵਾਸ਼ਯੋਗ ਹੈ।ਇਹ ਇੱਕ ਅਜਿਹੀ ਵਿਵਸਥਿਤ ਵਿਧੀ ਹੈ ਜਿਸ ਵਿੱਚ ਸੱਚਾਈ ਦੀ ਜਾਂਚ ਕਰਨ ਦੇ ਲਈ ਸਮੱਸਿਆ ਨਾਲ ਸੰਬੰਧਤ ਆਂਕੜੇ ਇਕੱਤਰ ਕਰਕੇ ਉਨ੍ਹਾਂ ਦਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ ਤਾਂ ਕਿ ਪ੍ਰਾਪਤ ਨਤੀਜਿਆਂ ਅਨੁਸਾਰ ਕਿਸੇ ਤੱਥ ਦੀ ਸਥਾਪਨਾ ਅਤੇ ਪੁਸ਼ਟੀ ਕੀਤੀ ਜਾ ਸਕੇ।ਇਵੇਂ ਧਰਮ ਅਧਿਐਨ ਦਾ ਸਰੂਪ ਕੁਦਰਤੀ ਅਤੇ ਸਰਵ ਵਿਆਪੀ ਨਿਯਮਾਂ ਦੇ ਰੂਪ ਵਿੱਚ ਕੀਤੀ ਗਈ ਵਿਆਖਿਆ ਵਾਲਾ ਹੋ ਜਾਂਦਾ ਹੈ।ਵਿਗਿਆਨਕ ਵਿਆਖਿਆ ਵਧੇਰੇ ਸੂਖਮ ਅਤੇ ਵਿਵਸਥਿਤ ਹੀ ਨਹੀਂ ਹੁੰਦੀ ਬਲਕਿ

ਅਜਿਹੀ ਵਿਆਖਿਆ ਦਾ ਆਧਾਰ ਵੀ ਵਧੇਰੇ ਪੁਖਤਾ, ਸੁਦ੍ਰਿੜ ਅਤੇ ਵਿਸ਼ਵਾਸ ਕਰਨ ਯੋਗ ਹੁੰਦਾ ਹੈ। ਇਹੀ ਕਾਰਣ ਹੈ ਕਿ ਕਈ ਵਾਰ ਸਧਾਰਣ ਵਿਆਖਿਆ ਨੂੰ, ਜਿਹੜੀ ਕਿ ਤਾਰਕਿਕ ਅਧਾਰ ਤੋਂ ਰਹਿਤ ਹੁੰਦੀ ਹੈ, ਅੰਧ ਵਿਸ਼ਵਾਸ ਹੀ ਮੰਨ ਲਿਆ ਜਾਂਦਾ ਹੈ। ਵਿਗਿਆਨਕ ਢੰਗ ਨਾਲ ਕਿਸੇ ਧਰਮ ਦੀ ਵਿਆਖਿਆ ਅਤੇ ਵਿਸ਼ਲੇਸ਼ਣ ਧਰਮ-ਸ਼ਾਸਤਰ[35] ਅਖਵਾਉਂਦਾ ਹੈ। ਪੱਛਮ ਵਿੱਚ ਬਾਈਬਲ ਦੀ ਵਿਆਖਿਆ ਨਾਲ਼ ਵਿਆਖਿਆਕਾਰੀ ਦਾ ਪੂਰਨ ਤੌਰ ਉੱਤੇ ਸੁਤੰਤਰ ਅਨੁਸ਼ਾਸਨ ਹੋਂਦ ਵਿੱਚ ਆਇਆ ਹੈ ਜਿਹੜਾ ਕਿ 'ਹਰਮੇਨਿਉਟਿਕਸ'[36] ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸ ਨੂੰ 'ਵਿਆਖਿਆ ਦਾ ਵਿਗਿਆਨ' ਵੀ ਕਿਹਾ ਜਾਂਦਾ ਹੈ। ਪੱਛਮੀ ਧਰਮ-ਗ੍ਰੰਥ ਬਾਈਬਲ ਦੀ ਆਲੋਚਨਾਤਮਕ ਵਿਆਖਿਆ ਅਤੇ ਵਿਸ਼ਲੇਸ਼ਣ ਲਈ 'ਐਕਸਿਜੀਸਿਸ'[37] ਸ਼ਬਦ ਦੀ ਵਰਤੋਂ ਕੀਤੀ ਗਈ ਹੈ।

ਉਪਰੋਕਤ ਅਨੁਸਾਰ ਵੱਖ ਵੱਖ ਭਾਰਤੀ ਧਰਮ ਪਰੰਪਰਾਵਾਂ ਅਤੇ ਪੱਛਮੀ ਪਰਿਪੇਖ ਵਿੱਚ ਵਿਆਖਿਆ ਦੇ ਆਧਾਰ ਉੱਤੇ ਵਿਚਾਰ ਕਰਨ ਉਪਰੰਤ ਕਿਹਾ ਜਾ ਸਕਦਾ ਹੈ ਕਿ ਅਜੋਕੇ ਸਮੇਂ ਵਿੱਚ ਵਿਆਖਿਆਕਾਰੀ ਦਾ ਰੁਝਾਨ ਵਿਸ਼ਵ ਵਿਆਪੀ ਵਿਗਿਆਨਕ ਵਿਧੀ ਵਾਲਾ ਹੈ। ਸਿੱਖ ਧਰਮ ਦੇ ਆਧੁਨਿਕ ਧਰਮ ਚਿੰਤਕ ਵੀ ਸਿੱਖ ਧਰਮ ਦਾ ਵਿਗਿਆਨਕ ਵਿਧੀ ਨਾਲ਼ ਤਾਰਕਿਕ ਵਿਸ਼ਲੇਸ਼ਣ ਕਰਕੇ ਅਤੇ ਪਰੰਪਰਾਗਤ ਸਿਧਾਂਤਾਂ ਨਾਲੋਂ ਨਵੇਂ ਸਿਧਾਂਤਕ ਨੁਕਤੇ ਸਾਹਮਣੇ ਲਿਆ ਕੇ ਗੁਰਬਾਣੀ-ਵਿਆਖਿਆ ਕਰ ਰਹੇ ਹਨ। ਗੁਰਬਾਣੀ ਦੀ ਅਜੋਕੀ ਵਿਆਖਿਆਕਾਰੀ ਦੇ ਸੰਬੰਧ ਵਿੱਚ ਡਾ. ਤਾਰਨ ਸਿੰਘ ਦੇ ਸ਼ਬਦਾਂ ਵਿੱਚ ਕਿਹਾ ਜਾ ਸਕਦਾ ਹੈ:

> ਟੀਕੇ ਤੇ ਗੁਰਬਾਣੀ-ਵਿਆਖਿਆ ਦਾ ਪਹਿਲਾ ਸਰੂਪ ਸਰਲ, ਸੁਖੈਨ, ਸੰਕੋਚਵਾਂ ਤੇ ਸਿੱਧਾ ਸੀ ਪਰ ਹੁਣ ਅਤਿ ਆਧੁਨਿਕ ਕਾਲ ਵਿੱਚ ਜਿੱਥੇ ਵਿਆਖਿਆਕਾਰੀ ਦਾ ਮੁਹਾਣ ਜਟਿਲਤਾ ਵੱਲ ਹੈ ਉੱਥੇ ਨਵ-ਜਾਗਰਤੀ ਅਤੇ ਪੱਛਮੀ ਗਿਆਨ ਸੋਮਿਆਂ ਨਾਲ ਇਸ ਪ੍ਰਣਾਲੀ ਦਾ ਮੁਹਾਣ ਸਪਸ਼ਟਤਾ, ਸਰਲਤਾ ਅਤੇ ਦ੍ਰਿੜਤਾ ਵੱਲ ਹੋ ਗਿਆ ਹੈ। ਹੁਣ ਨਿਰੀ ਵਿਦਵਤਾ ਦਾ ਜ਼ੋਰ ਹੋਣ ਕਾਰਣ ਵਿਆਖਿਆ-ਪ੍ਰਣਾਲੀ ਫਿਰ ਜਟਿਲ, ਗੁੰਝਲਦਾਰ, ਬਾਰੀਕ ਤੇ ਵਿਸ਼ਲੇਸ਼ਣਾਤਮਕ ਹੁੰਦੀ ਜਾ ਰਹੀ ਹੈ।[38]

## 2.3 ਵਿਆਖਿਆਕਾਰੀ ਦਾ ਮੂਲ ਆਧਾਰ : ਸ਼ਬਦ

ਆਮ ਤੌਰ ਉੱਤੇ ਭਾਰਤੀ ਅਤੇ ਪੱਛਮੀ ਵਿਚਾਰਧਾਰਾਵਾਂ ਵਿੱਚ ਮਨੁੱਖੀ ਗਿਆਨ ਅਤੇ ਅਨੁਭਵ ਦੇ ਤਿੰਨ ਪ੍ਰਮੁੱਖ ਸੋਮੇ ਮੰਨੇ ਗਏ ਹਨ : ਇੰਦ੍ਰੀ ਬੋਧ (Cognitive Experience) , ਤਰਕ ਪੂਰਨ ਵਿਚਾਰ (Discursive Reasoning) ਅਤੇ ਅੰਤਰ-ਦ੍ਰਿਸ਼ਟੀ ਅਨੁਭਵ (Intuitive apprehension)।[39] ਗਿਆਨ ਇੰਦਰੀਆਂ ਕੇਵਲ ਵਰਤਮਾਨ ਸੱਚ ਦਾ ਬੋਧ ਕਰਾਉਂਦੀਆਂ ਹਨ ਜਦੋਂ ਕਿ ਵਿਚਾਰ ਅਤੇ ਅਨੁਭਵ ਇਸ ਪ੍ਰਤੱਖ ਗਿਆਨ ਨੂੰ ਸਦੀਵੀਂ ਕਾਇਮ ਰੱਖਦੇ ਹਨ।ਗਿਆਨ ਅਤੇ ਅਨੁਭਵ ਦਾ ਤਿੰਨਾਂ ਕਾਲਾਂ ਵਿੱਚ ਬੋਧ ਕਰਾਉਣ ਦਾ ਇੱਕੋ ਇੱਕ ਸਾਧਨ 'ਸ਼ਬਦ' ਹੈ।ਸ਼ਬਦ ਦੇ ਮਾਧਿਅਮ ਨਾਲ ਹੀ ਹਜ਼ਾਰਾਂ ਸਾਲ ਪਹਿਲਾਂ ਵਿਚਰੇ ਰਿਸ਼ੀਆਂ ਮੁਨੀਆਂ ਦੀ 'ਵਾਣੀ' ਅੱਜ ਵੀ ਬੋਲੀ, ਸੁਣੀ ਅਤੇ ਪੜ੍ਹੀ ਜਾ ਸਕਦੀ ਹੈ।ਇਸ ਤਰ੍ਹਾਂ 'ਸ਼ਬਦ' ਨੂੰ ਜਿੱਥੇ ਭਾਸ਼ਾ ਦੇ ਰੂਪ ਵਿੱਚ ਸੰਚਾਰ ਦੇ ਮਾਧਿਅਮ ਵਜੋਂ ਵਰਤਿਆ ਜਾਂਦਾ ਹੈ ਉੱਥੇ ਅਤੀਤ ਦੇ ਪ੍ਰਵਚਨ ਸੁਣਨ ਦੇ ਨਾਲ ਨਾਲ ਭਵਿੱਖ ਦੀਆਂ ਪੀੜ੍ਹੀਆਂ ਨੂੰ ਵੀ 'ਸ਼ਬਦ' ਦੇ ਮਾਧਿਅਮ ਰਾਹੀਂ ਸੰਬੋਧਤ ਕੀਤਾ ਜਾ ਸਕਦਾ ਹੈ।

### 2.3.1 ਸ਼ਬਦ ਕੀ ਹੈ?

ਮਨੁੱਖ ਇੱਕ ਸਮਾਜਕ ਪ੍ਰਾਣੀ ਹੈ।ਸਮਾਜ ਵਿੱਚ ਹਰੇਕ ਮਨੁੱਖ ਇੱਕ-ਦੂਜੇ ਦੇ ਸੰਪਰਕ ਵਿੱਚ ਆਉਂਦਾ ਹੈ ਅਤੇ ਉਸ ਨੂੰ ਆਪਣੇ ਵਿਚਾਰ ਦੂਜਿਆਂ ਨਾਲ਼ ਸਾਂਝੇ ਕਰਨ ਦੀ ਲੋੜ ਪੈਂਦੀ ਹੈ ਭਾਵੇਂ ਆਪਣਾ ਸੰਦੇਸ਼ ਦੂਜਿਆਂ ਤੱਕ ਪਹੁੰਚਾਉਣ ਦੇ ਅਨੇਕ ਸਾਧਨ ਜਾਂ ਸੰਕੇਤ ਹਨ ਜਿਵੇਂ ਕਿ ਰੇਲਵੇ ਗਾਰਡ ਦਾ ਹਰੀ ਝੰਡੀ ਦਿਖਾਉਣਾ ਗੱਡੀ ਚੱਲਣ ਅਤੇ ਲਾਲ ਝੰਡੀ ਦਿਖਾਉਣਾ ਗੱਡੀ ਰੁਕਣ ਦਾ ਸੰਦੇਸ਼ ਦਿੰਦਾ ਹੈ, ਹੱਥ ਜੋੜਨਾ ਨਮਸਕਾਰ ਦਾ ਸੂਚਕ ਹੈ, ਹੱਥ ਸਿਰ ਤੇ ਰੱਖਣਾ ਆਸ਼ੀਰਵਾਦ ਦੇਣ ਦੀ ਨਿਸ਼ਾਨੀ ਹੈ ਆਦਿ ਪ੍ਰੰਤੂ ਸੰਚਾਰ ਲਈ ਸ਼ਬਦ[40] ਦੀ ਵਰਤੋਂ ਕਰ ਸਕਣ ਦੀ ਸਮਰੱਥਾ ਵੀ ਮਨੁੱਖ ਕੋਲ ਹੈ ਅਤੇ ਕੇਵਲ ਮਨੁੱਖ ਕੋਲ ਹੀ ਹੈ।ਇਸੇ ਕਾਰਣ ਹੀ ਮਨੁੱਖ ਦੂਸਰੇ ਜੀਵਾਂ ਨਾਲੋਂ ਵਿਲੱਖਣ ਹੈ।

ਸ਼ਬਦ, ਬੋਲ ਜਾਂ ਵਾਕ ਅਕਸਰ ਦੋ ਜਾਂ ਦੋ ਤੋਂ ਵਧੇਰੇ ਵਿਅਕਤੀਆਂ ਵਿਚਕਾਰ ਉਚਾਰਿਆ ਜਾਂਦਾ ਹੈ ਜੋ ਕਿ ਤਾਲ-ਮੇਲ ਜਾਂ ਕਿਸੇ ਕਾਰਜ ਦੀ ਪ੍ਰਕਿਰਿਆ ਦਾ ਸੰਕੇਤ ਦੇਂਦਾ ਹੈ।ਮਨੁੱਖ ਆਪਣੇ ਮਨ ਦੇ ਭਾਵ ਜਾਂ ਵਿਚਾਰ ਪ੍ਰਗਟ ਕਰਨ ਲਈ ਜਦੋਂ ਸ਼ਬਦਾਂ ਦਾ ਸਹਾਰਾ ਲੈਂਦਾ ਹੈ ਤਾਂ ਉਸ ਦੁਆਰਾ ਬੋਲੇ ਜਾਂ ਲਿਖੇ ਗਏ ਸਾਰਥਕ ਸ਼ਬਦਾਂ ਦਾ ਸਮੂਹ ਉਸ ਦੀ ਬੋਲੀ

ਜਾਂ ਭਾਸ਼ਾ[41] ਅਖਵਾਉਂਦੀ ਹੈ ਅਤੇ ਇਸ ਭਾਸ਼ਾ ਦੇ ਵਿਕਾਸ ਨਾਲ ਉਸ ਦੀ ਬੁੱਧੀ ਵਿੱਚ ਨਿਖਾਰ ਆਉਂਦਾ ਹੈ ਜਿਸ ਦੇ ਨਤੀਜੇ ਵਜੋਂ ਸਮਾਜਕ ਅਤੇ ਸੱਭਿਆਚਾਰਕ ਉਸਾਰ ਸੰਭਵ ਹੁੰਦੇ ਹਨ।ਬੰਦੇ ਨੂੰ ਬੰਦੇ ਨਾਲ, ਢਾਣੀਆਂ ਨੂੰ ਢਾਣੀਆਂ ਨਾਲ ਤੇ ਦੇਸ਼ਾਂ ਨੂੰ ਦੇਸ਼ਾਂ ਨਾਲ ਜਾਣੂੰ ਕਰਵਾਉਣਾ ਭਾਸ਼ਾ ਦਾ ਪਹਿਲਾ ਸਮਾਜਕ ਕਰਤੱਵ ਹੈ।ਭਾਸ਼ਾ ਤੋਂ ਹੀਣਾ ਮਨੁੱਖ ਨਿਰਾ ਗੂੰਗਾ ਹੁੰਦਾ ਹੈ।ਇਹ ਇੱਕ ਅਟੱਲ ਸੱਚਾਈ ਹੈ ਕਿ ਭਾਸ਼ਾ ਦੀ ਨਿਊਨਤਮ ਸਾਰਥਕ ਇਕਾਈ ‘ਸ਼ਬਦ’ ਮਾਨਵੀ ਸਮਾਜ ਦਾ ਪਰਿਭਾਸ਼ਕ ਅਤੇ ਵਜੂਦਾਤਮਕ ਤੱਤ ਹੈ ਕਿਉਂਕਿ ਸ਼ਬਦ ਹੀ ਪਰੰਪਰਾ ਨੂੰ ਸਾਡੇ ਜੀਵਨ ਦਾ ਅੰਗ ਬਣਾਉਂਦੇ ਹਨ ਭਾਵ ਅਤੀਤ ਨੂੰ ਯਾਦ ਰੱਖਣ, ਸਾਥੀਆਂ ਸੰਗ ਸਾਂਝ ਬਣਾਉਣ ਅਤੇ ਅਗਲੀਆਂ ਪੀੜ੍ਹੀਆਂ ਤੱਕ ਜੀਵੰਤ ਰੂਪ ਵਿੱਚ ਵਿਚਰਨ ਦਾ ਸਾਧਨ ਬਣਦੇ ਹਨ।

ਅਸਲ ਵਿੱਚ ਸ਼ਬਦ ਹੀ ਮਨੁੱਖ ਦੇ ਅੰਦਰੂਨੀ ਮਨੋਭਾਵਾਂ ਦਾ ਸਥੂਲ ਰੂਪ ਹੁੰਦੇ ਹਨ ਭਾਵੇਂ ਇਹ ਭੌਤਿਕ ਤੌਰ ਤੇ ਕਦੇ ਦਿਖਾਈ ਨਹੀਂ ਦਿੰਦੇ।ਸਾਡੀ ਸੋਚ ਵਿੱਚ ਪਈਆਂ ਹੋਈਆਂ ਸਾਰੀਆਂ ਵਸਤੂਆਂ ਸ਼ਬਦਾਂ ਰਾਹੀਂ ਸਰੂਪ ਧਾਰਨ ਕਰਦੀਆਂ ਹਨ।ਹਰੇਕ ਸ਼ਬਦ ਕਿਸੇ ਨਾ ਕਿਸੇ ਠੋਸ ਵਸਤੂ ਦਾ ਹਵਾਲਾ ਦੇਣ ਦਾ ਹੀ ਕਾਰਜ ਨਹੀਂ ਕਰਦਾ ਸਗੋਂ ਉਹ ਵਸਤੂਆਂ ਤੋਂ ਪਾਰ ਵਿਚਰਦੇ ਸੰਕਲਪਿਕ ਜਗਤ ਦਾ ਬੋਧ ਵੀ ਕਰਾਉਂਦਾ ਹੈ।[42] ਹਰੇਕ ਸ਼ਬਦ ਕਿਸੇ ਮਾਨਸਿਕ ਜਾਂ ਤਾਰਕਿਕ ਵਿਚਾਰ ਨੂੰ ਅੰਕਿਤ ਕਰਦਾ ਹੈ।ਅਸਲ ਵਿੱਚ ਇਹ ‘ਵਿਚਾਰ’ ਹੀ ਉਸ ‘ਸ਼ਬਦ’ ਦਾ ‘ਰੂਪ’ ਹੁੰਦਾ ਹੈ।

### 2.3.1.1 ਸ਼ਬਦ ਦਾ ਅਰਥ ਅਤੇ ਪਰਿਭਾਸ਼ਾ:

ਸਾਧਾਰਨ ਸ਼ਬਦਾਂ ਵਿੱਚ ਕਿਸੇ ਵਸਤੂ ਜਾਂ ਭਾਵ ਦੇ ਸਰੂਪ ਦਾ ਬੋਧ ਕਰਾਉਣ ਵਾਲੀ ਧੁਨੀ ਨੂੰ ਸ਼ਬਦ ਕਿਹਾ ਜਾਂਦਾ ਹੈ।ਵਿਆਕਰਣ ਅਨੁਸਾਰ ‘ਸ਼ਬਦ’ ਉਨ੍ਹਾਂ ਸਾਰਥਕ ਧੁਨੀਆਂ ਦਾ ਸਮੂਹ ਹੈ ਜਿਨ੍ਹਾਂ ਨਾਲ ਵਿਚਾਰਾਂ ਦਾ ਆਦਾਨ-ਪ੍ਰਦਾਨ ਕੀਤਾ ਜਾਂਦਾ ਹੈ।ਇਸ ਦੇ ਕੋਸ਼ਗਤ ਅਰਥ ਹਨ ਧੁਨੀ, ਆਵਾਜ਼ ਜਾਂ ਸੁਰ।[43] ਸੰਸਕ੍ਰਿਤ ਭਾਸ਼ਾ ਵਿੱਚ ਸ਼ਬਦ ਇੱਕ ਧਾਤੂ ਹੈ, ਜੋ ਸੰਗਿਆ ਰੂਪ ਵਿੱਚ ਵਰਤਿਆ ਜਾਂਦਾ ਹੈ।ਇਸ ਨੂੰ ਆਵਾਜ਼, ਰੌਲਾ, ਬੈਣ, ਧੁਨੀ ਅਤੇ ਤਾਨ ਆਦਿ ਅਰਥਾਂ ਵਿੱਚ ਪ੍ਰਵਾਨ ਕੀਤਾ ਗਿਆ ਹੈ।[44] ਭਾਈ ਕਾਨ੍ਹ ਸਿੰਘ ਨਾਭਾ ਦੇ ਮਹਾਨ ਕੋਸ਼ ਅਨੁਸਾਰ ‘ਸ਼ਬਦ’ ਦੇ ਕੋਸ਼ਗਤ ਅਰਥ ਧੁਨੀ, ਆਵਾਜ਼, ਸੁਰ, ਪਦ, ਲਫ਼ਜ਼, ਗੁਫ਼ਤਗੂ, ਗੁਰ ਉਪਦੇਸ਼, ਬ੍ਰਹਮ, ਕਰਤਾਰ, ਧਰਮ, ਮਜ਼ਹਬ, ਪੈਗ਼ਾਮ, ਸੁਨੇਹਾ ਆਦਿ ਲਏ ਹਨ।[45] ਹਿੰਦੂ

ਰਿਸ਼ੀਆਂ ਨੇ ਸ਼ਬਦ ਨੂੰ ਨਾਦ, ਆਕਾਸ਼ਵਾਣੀ, ਦਿੱਭ-ਧੁਨੀ, ਰਾਮ-ਧੁਨਿ, ਉਦਗੀਥ (ਉੱਪਰ ਦਾ ਰਾਗ) ਆਦਿ ਨਾਵਾਂ ਨਾਲ ਪ੍ਰਗਟ ਕੀਤਾ ਹੈ।ਵੈਦਿਕ ਰਿਸ਼ੀਆਂ ਨੇ 'ਸ਼ਬਦ-ਬ੍ਰਹਮ' ਦਾ ਅਨੁਭਵ ਦਿੱਤਾ ਹੈ।ਰਿਗਵੇਦ ਵਿੱਚ 'ਸ਼ਬਦ' ਤੋਂ ਹੀ ਸਾਰੀ ਸ੍ਰਿਸ਼ਟੀ ਦੀ ਰਚਨਾ ਹੋਈ ਮੰਨੀ ਗਈ ਹੈ।ਸਾਮਵੇਦ ਅਨੁਸਾਰ ਸ਼ਬਦ ਹੀ ਪਰਮਾਤਮਾ ਹੈ ਅਤੇ ਸ਼ਬਦ ਹੀ ਕਰਤਾ ਹੈ।ਇੱਥੇ ਬ੍ਰਹਮ ਦਾ ਸਰਗੁਣ ਤੇ ਨਿਰਗੁਣ ਸਰੂਪ ਪ੍ਰਵਾਨ ਕਰਦੇ ਹੋਏ ਇਸ ਨੂੰ 'ਸ਼ਬਦ' ਅਤੇ 'ਅਸ਼ਬਦ' ਰਾਹੀਂ ਬਿਆਨ ਕੀਤਾ ਗਿਆ ਹੈ।ਅਥਰਵ ਵੇਦ ਵਿੱਚ 'ਸ਼ਬਦ' ਨੂੰ ਨਾਦ ਕਿਹਾ ਗਿਆ ਹੈ।[46] ਇਸ ਪ੍ਰਕਾਰ ਭਾਰਤੀ ਧਰਮ-ਪਰੰਪਰਾਵਾਂ ਵਿੱਚ ਮਹਾਂਪੁਰਖਾਂ ਦੇ ਵਚਨਾਂ ਅਤੇ ਵੇਦਾਂ ਦੇ ਪਾਠ ਆਦਿ ਨੂੰ 'ਸ਼ਬਦ' ਕਿਹਾ ਜਾਂਦਾ ਹੈ।

ਸ਼ਬਦ ਦੀ ਪਰਿਭਾਸ਼ਾ ਦੇ ਸੰਬੰਧ ਵਿੱਚ ਸਿੱਖ ਵਿਦਵਾਨ ਸਿਰਦਾਰ ਕਪੂਰ ਸਿੰਘ ਲਿਖਦੇ ਹਨ "ਸ਼ਬਦ ਉਹ ਤੱਤ ਹੈ ਜਿਸ ਨੂੰ ਜਾਣਦਿਆਂ ਸੱਚ ਦੀ ਸੋਝੀ ਹੁੰਦੀ ਹੈ ਅਤੇ ਸੱਚ ਨਾਲ ਇੱਕਮਿਕ ਹੋ ਜਾਈਦਾ ਹੈ।"[47] ਮੈਕਨਿਕਲ ਦੇ ਅਨੁਸਾਰ "ਸ਼ਬਦ ਭਾਸ਼ਾ ਦਾ ਉਹ ਗੁਪਤ ਬਚਨ ਹੈ ਜਿਹੜਾ ਅਣਦਿਸਦੇ ਬਾਰੇ ਗਿਆਨ ਪ੍ਰਦਾਨ ਕਰਦਾ ਹੈ।"[48] 'ਸ਼ਬਦ' ਬਾਰੇ ਪਤੰਜਲੀ ਦੇ ਵਿਚਾਰ ਹਨ "ਅਸੀਂ ਤਾਂ ਸ਼ਬਦ ਨੂੰ ਵਰਤਣ ਵਾਲੇ ਹਾਂ।ਸ਼ਬਦ ਹੀ ਸਾਡੀ ਸਾਰੀ ਸਮਝ ਦਾ ਆਧਾਰ ਹਨ।"[49] ਇਸੇ ਵਿਚਾਰ ਦੀ ਵਿਆਖਿਆ ਕਰਦਾ ਹੋਇਆ ਭਰਤ੍ਰਹਰਿ ਕਹਿੰਦਾ ਹੈ "ਕਿਮ ਆਸਮਾਕੰ ਵਸਤੂਗਤੇਨ ਵਿਚਾਰੇਣ"[50] ਅਰਥਾਤ ਵਸਤੂਆਂ ਦੀ ਪ੍ਰਕਿਰਤੀ ਤੇ ਵਿਚਾਰ ਕਰਨ ਦਾ ਕੀ ਲਾਭ?, ਉਹ ਤਾਂ ਸਾਨੂੰ ਉਵੇਂ ਹੀ ਦਿਸ ਰਹੀਆਂ ਹਨ ਜਿਵੇਂ ਸ਼ਬਦ ਉਨ੍ਹਾਂ ਨੂੰ ਸਾਡੇ ਸਾਹਮਣੇ ਪ੍ਰਸਤੁਤ ਕਰਦੇ ਹਨ।ਭਾਰਤੀ ਧਰਮ ਪਰੰਪਰਾ ਵਿੱਚ ਸ਼ਬਦ ਨੂੰ ਬ੍ਰਹਮ ਕਿਹਾ ਗਿਆ ਹੈ।ਇਸ ਸੰਬੰਧੀ ਵੈਦਿਕ ਸਾਹਿਤ ਦਾ ਹਵਾਲਾ ਦਿੰਦਾ ਹੋਇਆ ਸਰ ਜਾਨ ਵੁਡਰਫ ਲਿਖਦਾ ਹੈ- ਪ੍ਰਜਾਪਤਿਰ ਵਾਇ ਇਦਮ ਆਸੀਤ: ਆਰੰਭ ਵਿੱਚ ਬ੍ਰਹਮਾ ਸੀ, ਤਸਯਵਾਗ ਦਵਿਤੀਯ ਆਸੀਤ: ਵਾਕ ਜਾਂ ਸ਼ਬਦ ਉਸ ਦੇ ਕੋਲ ਹੀ ਸੀ, ਵਾਗ ਵਾਇ ਪਰਮੋ ਬ੍ਰਹਮੰ: ਸ਼ਬਦ ਹੀ ਬ੍ਰਹਮ ਹੈ।[51] ਪਵਿੱਤਰ ਬਾਈਬਲ ਦੀ ਚੌਥੀ ਗਾਸਪਲ ਵੀ ਕੁਝ ਇਸ ਤਰ੍ਹਾਂ ਆਰੰਭ ਹੁੰਦੀ ਹੈ - ਆਰੰਭ ਵਿੱਚ ਸ਼ਬਦ ਸੀ ਤੇ ਸ਼ਬਦ ਹੀ ਪ੍ਰਮਾਤਮਾ ਸੀ।ਇਸ ਦੀ ਪ੍ਰੋੜਤਾ ਗੁਰਬਾਣੀ ਵਿੱਚ ਵੀ ਕੀਤੀ ਹੋਈ ਹੈ:

ਉਤਪਤਿ ਪਰਲਉ ਸਬਦੇ ਹੋਵੈ॥

ਸਬਦੇ ਹੀ ਫਿਰਿ ਓਪਤਿ ਹੋਵੈ॥[52]

ਸ਼ਬਦ ਦਾ ਅਖੰਡ ਅਨੁਭਵ ਬ੍ਰਹਮ ਹੈ ਪਰ ਜਦੋਂ ਸ਼ਬਦ ਦਾ ਇਹ ਅਖੰਡ ਅਨੁਭਵ ਖੰਡ-ਖੰਡ ਹੋ ਕੇ ਬਿਖਰ ਜਾਂਦਾ ਹੈ ਵਿਯੋਗ ਕਾਰਨ ਇੱਕ ਸ਼ਬਦ ਅਨੇਕ ਹੋ ਜਾਂਦਾ ਹੈ ਅਤੇ ਮੁੜ ਸੰਯੋਗ ਰਾਹੀਂ ਅਨੇਕ ਸ਼ਬਦ ਇੱਕ ਬਣ ਜਾਂਦੇ ਹਨ ਅਰਥਾਤ ਸੁੰਨ ਸ਼ਬਦ ਵਿੱਚੋਂ ਹੀ ਅਨੰਤ ਸ਼ਬਦਾਂ ਦਾ ਸ਼ੋਰ ਉਤਪੰਨ ਹੋਇਆ ਹੈ। ਇੰਝ ਬ੍ਰਹਮ ਰੂਪ ਹੁੰਦਾ ਹੋਇਆ ਸ਼ਬਦ ਕਰਤਾ ਵੀ ਹੈ ਅਤੇ ਹਰਤਾ ਵੀ ਹੈ।

ਸ੍ਰਿਸ਼ਟੀ ਦੀ ਉਤਪੱਤੀ ਨਾਲ ਸੰਬੰਧਤ ਪੱਛਮੀ ਭੌਤਿਕ ਵਿਗਿਆਨੀਆਂ ਦੁਆਰਾ ਦਿੱਤਾ ਗਿਆ 'ਬਿਗ ਬੈਂਗ' ਸਿਧਾਂਤ ਵੀ ਸੁੰਨ ਅਵਸਥਾ ਨੂੰ ਹੀ ਸ੍ਰਿਸ਼ਟੀ ਦੀ ਕੁੱਖ ਮੰਨਦਾ ਹੈ। ਇਸ ਸਿਧਾਂਤ ਅਨੁਸਾਰ ਸਮੇਂ ਅਤੇ ਸਥਾਨ ਤੋਂ ਪੂਰਬਲੀ ਅਵਸਥਾ ਵਿੱਚ ਇਹ ਸੁੰਨ ਹੀ ਇੱਕ ਬਿੰਦੂ ਉੱਪਰ ਇਕੱਤਰ ਸਾਰੇ ਮਾਦੇ ਦੀ ਸੰਘਣੀ ਸਥਿਤੀ ਹੈ ਜਿਸ ਵਿੱਚੋਂ ਬਿਗ ਬੈਂਗ ਰਾਹੀਂ ਸ੍ਰਿਸ਼ਟੀ ਸਮੇਂ ਅਤੇ ਸਥਾਨ ਵਿੱਚ ਫੈਲੀ ਹੈ। ਇਸੇ ਸਿਧਾਂਤ ਨੂੰ ਅੱਗੇ ਤੋਰਦਿਆਂ ਉਹ ਸ੍ਰਿਸ਼ਟੀ ਦੇ ਅੰਤ ਬਾਰੇ ਵੀ ਸਿਧਾਂਤ ਦਿੰਦੇ ਹਨ ਕਿ ਬੈਂਗ ਦੌਰਾਨ ਪੈਦਾ ਹੋਈ ਇਹ ਸ੍ਰਿਸ਼ਟੀ ਅਖ਼ੀਰ ਤੇ ਬਿਗ ਬੈਂਗ ਵਰਗੀ ਹੀ ਇੱਕ ਅੰਤਲੀ ਘਟਨਾ 'ਬਿਗ ਕਰੰਚ' ਰਾਹੀਂ ਮਾਦੇ ਨੂੰ ਅਤਿ ਸੰਘਣੇ ਰੂਪ ਵਿੱਚ ਇੱਕ ਬਿੰਦੂ ਉੱਪਰ ਸਮੇਟ ਲੈਂਦੀ ਹੈ।[53]

### 2.3.1.2 ਸ਼ਬਦ ਦੀ ਬੁਨਿਆਦ ਅਤੇ ਅਵਸਥਾਵਾਂ:

ਇੱਥੇ ਵਿਚਾਰ ਉੱਠਦਾ ਹੈ ਕਿ ਸ਼ਬਦ ਦੀ ਬੁਨਿਆਦ ਕੀ ਹੈ? ਇਹ ਕਦੋਂ ਅਤੇ ਕਿਵੇਂ ਹੋਂਦ ਵਿੱਚ ਆਇਆ? ਭਾਰਤੀ ਭਾਸ਼ਾ ਦਰਸ਼ਨ ਵਿੱਚ 'ਸ਼ਬਦ' ਬਾਰੇ ਵਿਚਾਰ ਚਰਚਾ ਵੈਦਿਕ ਕਾਲ ਵਿੱਚ ਹੀ ਆਰੰਭ ਹੋ ਗਈ ਸੀ। ਭਾਰਤੀ ਚਿੰਤਨ ਪਰੰਪਰਾ ਦਾ ਪ੍ਰਾਚੀਨਤਮ ਗ੍ਰੰਥ (ਰਿਗਵੇਦ) ਹੀ ਭਾਸ਼ਾ (ਸ਼ਬਦ) ਅਤੇ ਬੋਲੀ (ਵਾਕ) ਨੂੰ ਉਜਾਗਰ ਕਰਨ ਵਾਲਾ ਵਿਸ਼ਵ ਦਾ ਪਹਿਲਾ ਚਿੰਤਨ-ਸਰੋਤ ਹੈ।[54]

ਹਿੰਦੂ ਧਰਮ ਨੂੰ ਸਨਾਤਨ ਅਥਵਾ ਅਨਾਦਿ ਕਿਹਾ ਜਾਂਦਾ ਹੈ ਅਤੇ ਇਸ ਧਰਮ ਅਨੁਸਾਰ ਵੇਦ ਅਨਾਦਿ ਹਨ ਅਤੇ ਵੇਦ ਦੀ ਅਭਿਵਿਅਕਤੀ ਨਾਦ ਜਾਂ ਸ਼ਬਦ ਤੋਂ ਹੋਈ ਹੈ। ਇਹ ਮੂਲ ਜਾਂ ਪਹਿਲੇ ਸ਼ਬਦ ਕਿੱਥੋਂ ਅਤੇ ਕਿਸ ਰੂਪ ਵਿੱਚ ਉਤਪੰਨ ਹੋਏ? ਵੇਦ ਅਥਵਾ

ਸ਼ਬਦ ਬਾਰੇ ਭਾਰਤੀ ਭਾਸ਼ਾ ਚਿੰਤਕਾਂ ਦਾ ਮੱਤ ਹੈ ਕਿ ਸ੍ਰਿਸ਼ਟੀ ਦੀ ਰਚਨਾ ਤੋਂ ਪਹਿਲਾਂ ਵੇਦ ਪ੍ਰਮਾਤਮਾ ਦੇ ਅੰਦਰ ਸਨ।ਜਦੋਂ ਪ੍ਰਮਾਤਮਾ ਨੇ ਸ੍ਰਿਸ਼ਟੀ ਦੀ ਰਚਨਾ ਕੀਤੀ ਤਾਂ ਉਸ ਨੇ ਸ਼ਬਦ ਰਾਹੀਂ ਵੇਦ ਦੀ ਅਭਿਵਿਅਕਤੀ ਕੀਤੀ।ਪ੍ਰਸ਼ਨ ਉੱਠਦਾ ਹੈ ਜਦੋਂ ਉਸ ਨੇ ਵੇਦ ਦੀ ਅਭਿਵਿਅਕਤੀ ਕੀਤੀ ਤਾਂ ਵੇਦ ਅਨਾਦਿ ਕਿਵੇਂ ਹੋਏ? ਵੇਦ ਪ੍ਰਮਾਤਮਾ ਦੇ ਅੰਦਰ ਕਿਸ ਰੂਪ ਵਿੱਚ ਸਨ।ਇਸ ਦਾ ਵਰਣਨ ਰਿਗਵੇਦ ਵਿੱਚ ਕੀਤਾ ਗਿਆ ਹੈ।ਰਿਗਵੇਦ ਅਨੁਸਾਰ, "ਮਾਨਵੀ ਬੋਲਾਂ ਦੇ ਚਾਰ ਪੱਧਰ ਹਨ – ਪਰਾ, ਪਸ਼ਯੰਤੀ, ਮਧਿਅਮਾ, ਵੈਖਰੀ।ਸਿਆਣੇ ਤੇ ਬੁੱਧੀਮਾਨ ਲੋਕ ਇਨ੍ਹਾਂ ਚਾਰਾਂ ਨੂੰ ਜਾਣਦੇ ਹਨ ਪਰ ਸਧਾਰਨ ਮਨੁੱਖ ਲਈ ਪਰਾ, ਪਸ਼ਯੰਤੀ ਤੇ ਮਧਿਅਮਾ ਅਰਥਹੀਣ ਹਨ ਕਿਉਂਕਿ ਸ਼ਬਦ ਦੇ ਇਹ ਤਿੰਨੇ ਪੱਧਰ ਨਜ਼ਰ ਨਹੀਂ ਆਉਂਦੇ।ਉਹ ਕੇਵਲ ਚੌਥੀ ਪੱਧਰ (ਵੈਖਰੀ) ਦੇ ਬੋਲਾਂ ਨੂੰ ਹੀ ਪਹਿਚਾਨਦਾ ਹੈ ਕਿਉਂਕਿ ਇਹ ਪਰਗਟ ਹੁੰਦੇ ਹਨ"[55] ਵੇਦ ਪਰਾ ਵਾਣੀ ਦੇ ਰੂਪ ਵਿੱਚ ਹਨ ਜਿਸ ਨੂੰ ਜਦੋਂ ਪ੍ਰਮਾਤਮਾ ਨੇ ਅਭਿਵਿਅਕਤ ਕੀਤਾ ਤਾਂ ਉਸ ਨੇ ਇਹ ਬ੍ਰਹਮਾ ਆਦਿ ਦੇਵਤਿਆਂ ਨੂੰ ਪਸ਼ਯੰਤੀ ਅਤੇ ਮਧਿਅਮਾ ਵਾਣੀ ਦੇ ਰੂਪ ਵਿੱਚ ਪ੍ਰਦਾਨ ਕੀਤਾ।ਉਨ੍ਹਾਂ ਦੇਵਤਿਆਂ ਨੇ ਇਸ ਨੂੰ ਵੈਖਰੀ ਵਾਣੀ ਦੇ ਰੂਪ ਵਿੱਚ ਪ੍ਰਸਤੁਤ ਕੀਤਾ।ਵੈਖਰੀ ਵਾਣੀ ਭਾਵੇਂ ਸ੍ਰਿਸ਼ਟੀਆਂ ਦੀਆਂ ਰਚਨਾਵਾਂ ਦੇ ਨਾਲ ਬਦਲਦੀ ਰਹਿੰਦੀ ਹੋਵੇ ਪਰ ਗਿਆਨ ਜੋ ਕਿ ਪਰਾ ਵਾਣੀ ਵਿੱਚ ਹੈ, ਸਮਾਨ ਹੀ ਰਹਿੰਦਾ ਹੈ।ਇੱਕ ਗਿਆਨ ਸ਼ਬਦਾਂ ਦੇ ਰੂਪ ਵਿੱਚ ਹੁੰਦਾ ਹੈ ਅਤੇ ਦੂਜਾ ਗਿਆਨ ਜਿਹੜਾ ਕਿ ਅੰਦਰੋਂ ਪ੍ਰਕਾਸ਼ਿਤ ਹੁੰਦਾ ਹੈ।ਅੰਦਰੋਂ ਪ੍ਰਕਾਸ਼ਿਤ ਹੋਇਆ ਇਹ ਅਨੁਭਵੀ ਗਿਆਨ ਸ਼ਬਦਾਂ ਤੋਂ ਪਰ੍ਹੇ ਹੁੰਦਾ ਹੈ ਕਿਉਂਕਿ ਇਹ ਅਨੁਭਵੀ ਗਿਆਨ ਅਰਥਾਤ ਪਰਾਵਾਕ ਵਿਚਾਰ ਅਤੇ ਭਾਸ਼ਾ ਤੋਂ ਰਹਿਤ ਹੈ ਸ਼ਬਦ ਉਸ ਗਿਆਨ ਨੂੰ ਪੇਸ਼ ਕਰਨ ਵਾਲੇ ਸੀਮਿਤ ਸਾਧਨ ਹੁੰਦੇ ਹਨ ਜੋ ਕਿਸੇ ਵੀ ਤਰ੍ਹਾਂ ਅੰਦਰਲੇ ਗਿਆਨ ਨੂੰ ਇੰਨ-ਬਿੰਨ ਬਾਹਰ ਨਹੀਂ ਕੱਢ ਸਕਦੇ।[56] ਸ਼ਬਦ ਦੀਆਂ ਪਹਿਲੀਆਂ ਤਿੰਨ ਕਿਸਮਾਂ : ਪਰਾ, ਪਸ਼ਯੰਤੀ ਅਤੇ ਮਧਿਅਮਾ ਦੀ ਵਰਤੋਂ ਉਸ ਗਹਿਰੇ ਪੱਧਰ ਤੇ ਕੀਤੀ ਜਾਂਦੀ ਹੈ ਜਿੱਥੇ ਕਿਸੇ ਭਾਸ਼ਾ ਦੀ ਵਰਤੋਂ ਨਹੀਂ ਕੀਤੀ ਜਾਂਦੀ।ਸ਼ਬਦ ਦੇ ਇਹ ਤਿੰਨੇ ਸੂਖਮ ਰੂਪ ਸਾਡੀ ਚੇਤਨਾ ਦੀਆਂ ਸ਼ਬਦ ਦੇ ਸਥੂਲ ਰੂਪ (ਵੈਖਰੀ) ਤੋਂ ਪਹਿਲਾਂ ਦੀਆਂ ਅਵਸਥਾਵਾਂ ਹਨ ਭਾਵ ਸ਼ਬਦ ਸਾਡੀ ਚੇਤਨਾ ਵਿੱਚ ਚਾਰ ਅਵਸਥਾਵਾਂ ਵਿੱਚ ਵਾਸ ਕਰਦਾ ਹੈ।ਪਰਾ ਉੱਤਮ ਚੇਤਨਾ, ਪਸ਼ਯੰਤੀ ਮਾਨਸਿਕ ਚੇਤਨਾ, ਮਧਿਅਮਾ ਬੌਧਿਕ ਚੇਤਨਾ ਅਤੇ ਵੈਖਰੀ ਸਰੀਰਕ ਚੇਤਨਾ ਨੂੰ ਦਰਸਾਉਂਦਾ ਹੈ।ਸ਼ਬਦ ਦੀਆਂ ਇਹ ਚਾਰੋਂ ਅਵਸਥਾਵਾਂ ਸਾਡੀ ਚੇਤਨਾ ਦੀਆਂ ਕ੍ਰਮਵਾਰ ਚਾਰ ਅਵਸਥਾਵਾਂ ਤੁਰੀਆ, ਸੁਸ਼ੁਪਤੀ, ਸਵਪਨ, ਜਾਗਰਤ ਨਾਲ ਸੰਬੰਧਤ

ਹਨ।ਚਾਰੋਂ ਸ਼੍ਰੇਣੀਆਂ ਨੂੰ ਅਨੁਭਵ ਕਰਨ ਦੀ ਯੋਗਤਾ ਸਾਡੀ ਚੇਤਨਾ ਦੇ ਉੱਥਾਨ ਤੇ ਨਿਰਭਰ ਕਰਦੀ ਹੈ।ਅਜਿਹੀ ਅਵਸਥਾ ਜਿਸ ਵਿੱਚ ਕੋਈ ਭਾਸ਼ਾ ਨਹੀਂ ਵਰਤੀ ਜਾਂਦੀ ਪਰ ਅਨੁਭਵ ਦਾ ਸਾਰ ਪੂਰੀ ਤਰ੍ਹਾਂ ਨਾਲ ਸਮਝਿਆ ਜਾ ਸਕਦਾ ਹੈ, ਇਹ ਸ਼ਬਦ ਦੀ ਪਹਿਲੀ ਅਵਸਥਾ 'ਪਰਾ ਵਾਕ' ਕਹਾਉਂਦੀ ਹੈ।[57] ਸ਼ਬਦ ਦੀ ਇਸ ਪਹਿਲੀ ਅਵਸਥਾ ਵਿੱਚ ਸ਼ਬਦ ਬੀਜ ਰੂਪ ਵਿੱਚ ਪ੍ਰਗਟ ਹੁੰਦਾ ਹੈ ਜੋ ਕਿ ਸਾਡੀਆਂ ਸਾਰੀਆਂ ਵਾਣੀਆਂ ਦਾ ਸ੍ਰੋਤ ਹੈ।ਇਸ ਅਵਸਥਾ ਵਿੱਚ ਸ਼ਬਦ ਨਿਰੀ ਚੇਤਨਾ ਹੀ ਹੁੰਦਾ ਹੈ ਅਤੇ ਸਵੈ ਪ੍ਰਗਟਾਵੇ ਦੀ ਇੱਛਿਆ ਦੇ ਰੂਪ ਵਿੱਚ, ਅਤਿਅੰਤ ਸੂਖ਼ਮ ਅਤੇ ਅਪ੍ਰਗਟ ਰੂਪ ਵਿੱਚ ਅਤੇ ਸਰੀਰ ਦੇ ਅੰਦਰ ਨਿਰੀ ਚੇਤਨਾ ਜਾਂ ਧੁਨੀ ਦੇ ਰੂਪ ਵਿੱਚ ਸਥਿਤ ਹੁੰਦਾ ਹੈ।[58] ਇਹ ਪਰਾ ਸ਼ਬਦ ਹੀ ਸ਼ਬਦ ਬ੍ਰਹਮ ਹੈ ਜਿਹੜਾ ਕਿ ਆਪਣੇ ਮੂਲ ਸ੍ਰੋਤ ਬ੍ਰਹਮ ਜਾਂ ਸਰਵਉੱਚ ਚੇਤਨਾ, ਜੋ ਕਿ ਵਿਅਕਤੀ ਦੀ ਤੇ ਸਾਰੇ ਬ੍ਰਹਿਮੰਡੀ ਤੰਤ੍ਰ ਦੀ ਵੀ ਆਤਮਾ ਹੈ, ਨਾਲ ਇੱਕਮਿਕ ਹੁੰਦਾ ਹੈ।ਇਹ ਪਰਾ ਵਾਕ ਹੀ ਸਵੈ ਪ੍ਰਕਾਸ਼ਿਤ 'ਓਅੰਕਾਰ' ਹੈ ਜਿਹੜਾ ਕਿ ਸਾਰੇ ਕਿਸਮ ਦੀਆਂ ਧੁਨੀਆਂ ਦਾ ਮੂਲ ਸ੍ਰੋਤ ਤੇ ਸਾਰ ਵੀ ਹੈ।[59] ਇਸ ਪਰਾ ਸ਼ਬਦ ਦੀ ਹੋਂਦ ਵਿਅਕਤੀ ਵਿੱਚ ਕਿੱਥੇ ਹੈ, ਇਸ ਬਾਰੇ ਸਿੱਧਾਂ ਦੇ ਨਾਲ ਪ੍ਰਸ਼ਨ ਉੱਤਰ ਕਰਦਿਆਂ ਗੁਰੂ ਨਾਨਕ ਦੇਵ ਜੀ ਨੇ ਵਿਚਾਰ ਦਿੱਤਾ ਹੈ।ਸਿੱਧ ਗੁਰੂ ਜੀ ਨੂੰ ਪ੍ਰਸ਼ਨ ਕਰਦੇ ਹਨ :

ਸੁ ਸ਼ਬਦ ਕਾ ਕਹਾ ਵਾਸੁ ਕਥੀਅਲੇ ਜਿਤੁ ਤਰੀਐ ਭਵਜਲੁ ਸੰਸਾਰੋ॥[60]

ਇਸ ਪ੍ਰਸ਼ਨ ਦਾ ਬੜਾ ਹੀ ਸਟੀਕ ਉੱਤਰ ਦਿੰਦੇ ਹੋਏ ਗੁਰੂ ਜੀ ਆਖਦੇ ਹਨ :

ਨਾਭਿ ਪਵਨੁ ਘਰਿ ਆਸਣਿ ਬੈਠੇ ਗੁਰਮੁਖਿ ਖੋਜਤ ਤਤੁ ਲਹੈ॥[61]

ਅਰਥਾਤ ਸ਼ਬਦ ਨਾਭੀ ਰੂਪੀ ਘਰ ਵਿੱਚ ਪਵਨ (ਸੁਆਸ) ਦਾ ਆਸਣ ਕਰਕੇ ਬੈਠਦਾ ਹੈ।ਸੁਆਸਾਂ ਦਾ ਆਰੰਭ ਨਾਭੀ ਤੋਂ ਮੰਨਿਆ ਗਿਆ ਹੈ ਅਤੇ ਪਰਾ ਸ਼ਬਦ ਇੱਥੋਂ ਹੀ ਉੱਪਰ ਵੱਲ ਨੂੰ ਆਉਂਦਾ ਹੈ।ਨਾਭੀ ਵਿੱਚ ਧੁਨੀ ਸੂਖਮ ਅਤੇ ਕੇਵਲ ਪ੍ਰਕਾਸ਼ ਰੂਪ ਵਿੱਚ ਹੁੰਦੀ ਹੈ ਜਿਹੜੀ ਸੁਣੀ ਨਹੀਂ ਜਾ ਸਕਦੀ।ਨਾਭੀ ਵਿੱਚੋਂ ਇਹ ਉਤਾਂਹ ਨੂੰ ਉੱਠਦੀ ਹੈ ਅਤੇ ਸੁਖਮਨਾ ਨਾੜੀ ਵਿੱਚ ਸਵੈ ਪ੍ਰਕਾਸ਼ਮਾਨ ਪਸ਼ਯੰਤੀ ਦਾ ਰੂਪ ਧਾਰਨ ਕਰਦੀ ਹੈ।ਫਿਰ ਹਿਰਦੇ ਕਮਲ ਤੱਕ ਪੁੱਜ ਕੇ ਇਹ ਵਿਚਾਰ ਦਾ ਰੂਪ ਧਾਰਦੀ ਹੈ।

ਪਸ਼ਯੰਤੀ ਵਾਕ ਦਾ ਵਾਸ ਸਾਡੇ ਮਨ ਜਾਂ ਹਿਰਦੇ ਵਿੱਚ ਹੁੰਦਾ ਹੈ।'ਪਸ਼ਯੰਤੀ' ਸੰਸਕ੍ਰਿਤ ਸ਼ਬਦ 'ਪਸ਼ਯ' ਤੋਂ ਬਣਿਆ ਹੈ ਜਿਸ ਦਾ ਅਰਥ ਹੈ ਦੇਖਣਾ ਜਾਂ ਪਰਖਣਾ।ਇਹ ਉਹ ਸੂਖ਼ਮ ਰਚਨਾਤਮਕ ਵਿਚਾਰ ਤੱਤ ਹੈ ਜਿਸ ਨੂੰ ਕੇਵਲ ਚੇਤਨਾ ਪ੍ਰਤੱਖ ਦੇਖ ਸਕਦੀ ਹੈ।ਗਹਿਰੀ ਨੀਂਦ ਦੀ ਇਸ ਸੁਸ਼ੁਪਤ ਅਵਸਥਾ ਵਿੱਚ ਸ਼ਬਦ ਕਿਸੇ ਧੁਨਾਤਮਕ ਰੂਪ ਵਿੱਚ ਪ੍ਰਗਟ ਨਹੀਂ ਹੋਏ ਹੁੰਦੇ, ਸਗੋਂ ਇਸ ਅਵਸਥਾ ਵਿੱਚ ਵਿਚਾਰ ਪ੍ਰਕਾਸ਼ ਦੇ ਰੂਪ ਵਿੱਚ ਆਉਂਦੇ ਹਨ।ਸਵੈ ਅਭਿਵਿਅਕਤੀ ਦੀ ਇੱਛਾ ਇੱਥੇ ਸ਼ਰੀਰਕ ਅੰਗਾਂ ਉੱਤੇ ਜ਼ੋਰਦਾਰ ਤਰੀਕੇ ਨਾਲ ਕੰਮ ਕਰਦੀ ਹੈ।ਸ਼ਬਦ ਇੱਥੇ ਮਾਨਸਿਕ ਪੱਧਰ ਉੱਤੇ ਆਕਾਰ ਧਾਰਨ ਕਰਦਾ ਹੈ, ਸਰੀਰਕ ਪੱਧਰ ਤੇ ਨਹੀਂ।

ਤੀਜੀ ਕਿਸਮ ਦੀ ਵਾਣੀ, ਜਿਸ ਨੂੰ ਮੱਧਿਅਮਾ ਕਿਹਾ ਜਾਂਦਾ ਹੈ, ਦਾ ਵਾਸ ਸਾਡੀਆਂ ਗਿਆਨ-ਇੰਦਰੀਆਂ ਵਿੱਚ ਹੁੰਦਾ ਹੈ ਇਹ ਸ਼ਬਦ ਦੇ ਆਦਰਸ਼ ਰੂਪ ਅਰਥਾਤ ਬੋਲੇ ਜਾ ਸਕਣ ਵਾਲੇ ਰੂਪ ਅਤੇ ਉਚਾਰਣ ਕੀਤੀ ਬੋਲੀ ਦੇ ਵਿਚਕਾਰਲੀ ਅਵਸਥਾ ਹੈ।ਇਸ ਅਵਸਥਾ ਵਿੱਚ ਅੰਦਰੂਨੀ ਮਾਨਸਿਕ ਬੋਲੀ ਨੂੰ ਬਾਹਰੀ ਰੂਪ ਵਿੱਚ ਪ੍ਰਗਟ ਕਰਨ ਦੀ ਕੋਸ਼ਿਸ਼ ਦੇ ਰੂਪ ਵਿੱਚ ਸਰੀਰਕ ਢਾਂਚੇ ਦੇ ਅੰਦਰ ਸੂਖ਼ਮ ਧੁਨੀਆਂ ਉਤਪੰਨ ਹੁੰਦੀਆਂ ਹਨ।ਸ਼ਬਦ ਅਜੇ ਵੀ ਸਰੀਰ ਦੇ ਅੰਦਰ ਹੀ ਹੈ ਅਤੇ ਅੱਖਰਾਂ ਜਾਂ ਵਾਕਾਂ ਦੇ ਰੂਪ ਵਿੱਚ ਅਜੇ ਪ੍ਰਗਟ ਨਹੀਂ ਹੋਇਆ।ਇਹ ਉਹ ਹੈ ਜੋ ਅਸੀਂ ਬੋਲਣ ਤੋਂ ਪਹਿਲਾਂ ਸੋਚਦੇ ਹਾਂ।ਇੱਥੇ ਸ਼ਬਦ ਦੀ ਉਹ ਕਿਸਮ ਆਉਂਦੀ ਹੈ ਜਦੋਂ ਅਸੀਂ ਬਿਨਾਂ ਭਾਸ਼ਾ ਦੀ ਸਹਾਇਤਾ ਲਏ ਸੋਚਦੇ ਹਾਂ।

ਸ਼ਬਦ ਦੀ ਸਭ ਤੋਂ ਹੇਠਲੀ ਜਾਂ ਸਥੂਲ ਅਵਸਥਾ ਹੈ - ਵੈਖਰੀ ਵਾਣੀ ਜਿਹੜੀ ਕਿ ਸਾਡੇ ਉਚਾਰਣ ਅੰਗਾਂ ਰਾਹੀਂ ਕਾਰਜ ਕਰਨ ਵਾਲੀ ਅਵਸਥਾ ਹੈ।ਵਾਣੀ ਦੀ ਇਸ ਆਖਰੀ ਜਾਂ ਚੌਥੀ ਕਿਸਮ ਦੀ ਵਰਤੋਂ ਨਾਲ ਹੀ ਮਨੁੱਖ ਇੱਕ ਦੂਜੇ ਨਾਲ ਗੱਲ ਬਾਤ ਕਰ ਸਕਣ ਦੇ ਸਮਰੱਥ ਹਨ।ਅਸੀਂ ਜਿੰਨੇ ਤਰ੍ਹਾਂ ਦੀਆਂ ਵੀ ਭਾਸ਼ਾਵਾਂ ਜਾਣਦੇ ਹਾਂ, ਉਹ ਸਭ ਇੱਕੋ ਪੱਧਰ ਦੀਆਂ ਹੁੰਦੀਆਂ ਹਨ ਜਿਸ ਨੂੰ ਵੈਖਰੀ ਕਹਿੰਦੇ ਹਨ ਅਰਥਾਤ ਸਾਰੀਆਂ ਮਨੁੱਖੀ ਭਾਸ਼ਾਵਾਂ ਵੈਖਰੀ ਸ਼ਬਦ ਹਨ।[62] ਵੈਖਰੀ ਦਾ ਵਾਸ ਸਾਡੇ ਉਚਾਰਣ ਅੰਗਾਂ ਵਿੱਚ ਹੁੰਦਾ ਹੈ।

ਨਿਰਸੰਦੇਹ ਸ਼ਬਦ ਹੀ ਮਨੁੱਖ ਦੀ ਅੰਦਰੂਨੀ ਸਖਸ਼ੀਅਤ ਹੈ ਪ੍ਰੰਤੂ ਵੇਦ, ਜੋ ਕਿ ਈਸ਼ਵਰੀ-ਨਾਦ ਜਾਂ ਪਰਾਵਾਕ ਤੋਂ ਹੋਂਦ ਵਿੱਚ ਆਏ ਹਨ, ਅਨੁਸਾਰ ਮਨੁੱਖ ਆਪਣੀ ਇਸ

ਅੰਦਰੂਨੀ ਸ਼ਖਸੀਅਤ ਦੇ ਪ੍ਰਗਟਾਵੇ ਲਈ ਸ਼ਬਦ ਦੀਆਂ ਚਾਰ ਸ਼੍ਰੇਣੀਆਂ ਜਾਂ ਪੱਧਰਾਂ ਵਿੱਚੋਂ ਕੇਵਲ ਇੱਕ ਹੀ ਸ਼ਰੇਣੀ ਤੋਂ ਜਾਣੂੰ ਹੈ ਜਿਹੜੀ ਕਿ ਉਹ ਆਪਣੀ ਜ਼ੁਬਾਨ ਨਾਲ ਬੋਲਦਾ ਹੈ।

### 2.3.1.3 ਸ਼ਬਦ ਅਤੇ ਅਰਥ : ਅੰਤਰ ਸੰਬੰਧ

ਸ਼ਬਦ, ਧੁਨੀ ਨੂੰ ਆਕਾਰ ਦਿੰਦੇ ਹਨ ਪ੍ਰੰਤੂ ਨਾਲ ਹੀ ਇਹ ਅਰਥ ਦਾ ਸੰਚਾਰ ਵੀ ਕਰਦੇ ਹਨ।ਹਰੇਕ ਸ਼ਬਦ ਦੇ ਅਰਥ ਦੀ ਸੱਤਾ ਉਸ ਸ਼ਬਦ ਦੇ ਵਿੱਚ ਹੀ ਵਿਰਾਜਮਾਨ ਹੁੰਦੀ ਹੈ ਅਰਥਾਤ ਇੱਕ ਸ਼ਬਦ ਦਾ ਅਰਥ ਉਸ ਹਵਾਲਾਮੂਲਕ ਵਸਤੂ ਦਾ ਰੂਪ ਹੁੰਦਾ ਹੈ ਜਿਸ ਦਾ ਬੋਧ ਉਸ ਸ਼ਬਦ ਨਾਲ ਹੁੰਦਾ ਹੈ।ਇਸ ਪ੍ਰਕਾਰ ਸ਼ਬਦ ਤੇ ਅਰਥ ਪ੍ਰਸਪਰ ਸੰਬੰਧਤ ਹਨ ਅਤੇ ਇੱਕ ਦੂਜੇ ਉੱਤੇ ਆਧਾਰਿਤ ਹੋ ਕੇ ਆਪਣੀ ਹੋਂਦ ਕਾਇਮ ਰੱਖਦੇ ਹਨ।ਇਨ੍ਹਾਂ ਵਿੱਚੋਂ ਸ਼ਬਦ ਜੇਕਰ ਭੌਤਿਕ ਵਸਤੂ-ਜਗਤ ਦਾ 'ਗਿਆਨ' ਕਰਵਾਉਂਦਾ ਹੈ ਤਾਂ ਅਰਥ ਸੰਕਲਪਿਕ ਵਸਤੂ-ਜਗਤ ਦਾ 'ਬੋਧ' ਸੰਚਾਰਦਾ ਹੈ।ਭੌਤਿਕ ਵਸਤੂ-ਜਗਤ ਦੇ ਰੂਪ ਵਿੱਚ ਸ਼ਬਦ 'ਸੁਣਿਆ' ਜਾਂਦਾ ਹੈ ਜਦ ਕਿ ਸੰਕਲਪਿਕ ਵਸਤੂ-ਜਗਤ ਦੇ ਰੂਪ ਵਿੱਚ ਇਹ 'ਸਮਝਿਆ' ਜਾਂਦਾ ਹੈ।[63] ਇਸ ਤਰ੍ਹਾਂ ਸ਼ਬਦ ਦੇ ਮਾਧਿਅਮ ਰਾਹੀਂ ਵਿਅਕਤੀ ਸੰਸਾਰਕ ਅਤੇ ਸਮਾਜਕ ਚੇਤਨਾ ਨੂੰ ਆਪਣੀ ਅੰਦਰੂਨੀ ਭਾਵਾਤਮਕ ਅਤੇ ਬੌਧਿਕ ਚੇਤਨਾ ਨਾਲ ਜੋੜ ਲੈਂਦਾ ਹੈ।

ਸ਼ਬਦ ਹੀ ਕਿਸੇ ਰਚਨਾ ਦੇ ਮੂਲ ਜਾਂ ਆਧਾਰ ਤੱਤ ਹੁੰਦੇ ਹਨ।ਕਿਸੇ ਵੀ ਰਚਨਾ ਵਿਚਲੇ ਸਬਦਾਂ ਦੇ ਗੁੱਝੇ ਅਰਥਾਂ ਨੂੰ ਸਰਲ ਅਤੇ ਸੁਖੈਨ ਢੰਗ ਨਾਲ ਪਾਠਕਾਂ ਜਾਂ ਸਰੋਤਿਆਂ ਦੀ ਸਮਝ ਗੋਚਰੇ ਕਰਨਾ ਉਹ ਜਟਿਲ ਪ੍ਰਕਿਰਿਆ ਹੈ ਜਿਸ ਨੂੰ ਕਿ ਵੱਖੋ-ਵੱਖਰੇ ਪ੍ਰਬੁੱਧ ਵਿਦਵਾਨ ਆਪੋ-ਆਪਣੀ ਅੰਤਰ ਦ੍ਰਿਸ਼ਟੀ ਅਨੁਸਾਰ ਪੇਸ਼ ਕਰਦੇ ਹਨ।ਭਾਰਤੀ ਪਰੰਪਰਾ ਵਿੱਚ ਸ਼ਬਦ ਬੋਧ ਦਾ ਵਿਵੇਚਨ ਵਿਆਕਰਣ, ਮੀਮਾਂਸਾ ਅਤੇ ਨਿਆਇ ਸ਼ਾਸਤਰਾਂ ਵਿੱਚ ਕੀਤਾ ਗਿਆ ਹੈ।ਇਸ ਤੋਂ ਇਲਾਵਾ ਬੋਧੀ ਤੇ ਜੈਨੀ ਪਰੰਪਰਾਵਾਂ ਦਾ ਵੀ ਇਸ ਵਿੱਚ ਯੋਗਦਾਨ ਰਿਹਾ ਹੈ।ਵਿਆਕਰਣ ਵਿੱਚ ਇਸ ਨੂੰ ਸ਼ਬਦ ਸ਼ਾਸਤਰ ਜਾਂ ਪਦ ਸ਼ਾਸਤਰ ਕਿਹਾ ਜਾਂਦਾ ਹੈ।ਇਸ ਖੇਤਰ ਵਿੱਚ ਯਾਸਕ ਮੁਨੀ, ਪਾਣਿਨੀ, ਕਾਤਿਆਇਨ, ਪਤੰਜਲੀ ਅਤੇ ਭਰਤ੍ਰਹਰਿ ਆਦਿ ਦੀ ਵਿਸ਼ੇਸ਼ ਭੂਮਿਕਾ ਰਹੀ ਹੈ।ਇਸ ਤੋਂ ਬਾਅਦ ਸ਼ਬਦ ਅਤੇ ਅਰਥ ਦੇ ਸੰਬੰਧ ਵਿੱਚ ਮੀਮਾਂਸਾ ਸ਼ਾਸਤਰ ਅਤੇ ਨਿਆਇ ਸ਼ਾਸਤਰ ਦੇ ਵੱਖੋ-ਵੱਖਰੇ ਚਿੰਤਨ ਹੋਏ ਹਨ।ਨਿਆਇ ਸ਼ਾਸਤਰ ਦੁਆਰਾ ਸ਼ਬਦ ਦੀ ਸਭ ਤੋਂ ਵੱਧ ਸਮਰੱਥਾ ਉਸ ਦੀ ਅਰਥ ਉਤਪਾਦਕਤਾ ਨੂੰ ਦੱਸਿਆ ਗਿਆ ਹੈ ਜਿਸ ਨੂੰ ਕਿ ਸ਼ਬਦ ਸ਼ਕਤੀ ਕਿਹਾ ਜਾਂਦਾ ਹੈ।ਇਹ ਸ਼ਬਦ ਸ਼ਕਤੀ ਹੀ ਸ਼ਬਦ ਨੂੰ

ਅਰਥ ਨਾਲ ਜੋੜਦੀ ਹੈ।[64] ਮੀਮਾਂਸਕਾਂ ਅਨੁਸਾਰ 'ਸ਼ਬਦ' ਅਤੇ 'ਅਰਥ' ਦਾ ਸੰਬੰਧ ਉਸੇ ਤਰ੍ਹਾਂ ਕੁਦਰਤੀ ਹੈ ਜਿਸ ਤਰ੍ਹਾਂ ਮਨੁੱਖੀ ਇੰਦਰੀਆਂ ਵਿੱਚ ਸੰਵੇਦਨਾ ਦੀ ਸ਼ਕਤੀ ਕੁਦਰਤੀ ਹੈ।ਉਹ ਸ਼ਬਦ ਅਤੇ ਅਰਥ ਦਾ ਸੰਬੰਧ ਸਦੀਵੀਂ ਅਤੇ ਅਪਰਿਵਰਤਨਸ਼ੀਲ ਇਸ ਲਈ ਆਖਦੇ ਹਨ ਕਿਉਂਕਿ ਉਹ ਵੇਦਾਂ ਦੇ ਪਰਾਭੌਤਿਕ ਅਰਥਾਂ ਦੀ ਸਥਾਪਨਾ ਕਰਦੇ ਹਨ ਅਤੇ ਸ਼ਬਦ ਨੂੰ ਹੀ ਸੱਤਾਵਾਨ ਮੰਨਦੇ ਹਨ ਪ੍ਰੰਤੂ ਨਿਆਇਕ ਵੈਸ਼ੇਸ਼ਿਕਾਂ ਦੇ ਇਸ ਸਿਧਾਂਤ ਨਾਲ ਅਸਹਿਮਤੀ ਪ੍ਰਗਟ ਕਰਦੇ ਹੋਏ ਸ਼ਬਦ ਵਿੱਚ ਕੁਦਰਤੀ ਰੂਪ ਵਿੱਚ ਅਰਥ ਵਿਰਾਜਮਾਨ ਨਹੀਂ ਮੰਨਦੇ, ਸਗੋਂ ਉਨ੍ਹਾਂ ਅਨੁਸਾਰ ਅਰਥ ਰੀਤ ਅਤੇ ਪ੍ਰਚਲਣ ਨਾਲ ਸਥਾਪਿਤ ਹੁੰਦੇ ਹਨ।ਗੌਤਮ ਰਿਸ਼ੀ ਦਾ ਕਹਿਣਾ ਹੈ ਕਿ ਸ਼ਬਦ ਅਤੇ ਅਰਥ ਵਿੱਚ ਕੋਈ ਸਿੱਧਾ ਸੰਬੰਧ ਨਹੀਂ ਕਿਉਂਕਿ ਸ਼ਬਦ 'ਤਲਵਾਰ' ਦਾ ਉਚਾਰਣ ਕਰਨ ਨਾਲ ਸਾਡੀ ਜੀਭ ਨਹੀਂ ਟੁੱਕੀ ਜਾਂਦੀ ਅਤੇ ਸ਼ਬਦ 'ਸ਼ਹਿਦ' ਕਹਿਣ ਨਾਲ ਮੂੰਹ ਮਿੱਠਾ ਨਹੀਂ ਹੋ ਜਾਂਦਾ।[65] ਨਿਆਇ ਦਰਸ਼ਨ ਅਨੁਸਾਰ ਅਰਥ ਸਿਰਫ ਵਸਤੂ ਨਹੀਂ ਸਗੋਂ ਵਸਤੂ ਦੀ ਮਾਨਸਿਕ ਧਾਰਣਾ ਹੈ ਅਤੇ ਨਿਆਇ ਦਰਸ਼ਨ ਦੀ ਇਸ ਧਾਰਣਾ ਦੀ 19ਵੀਂ ਸਦੀ ਵਿੱਚ ਹੋਏ ਪੱਛਮੀ ਭਾਸ਼ਾ ਵਿਗਿਆਨੀ ਸੌਸਿਊਰ ਨੇ ਵੀ ਪ੍ਰੌੜ੍ਹਤਾ ਕੀਤੀ ਹੈ।[66] ਬੋਧ ਚਿੰਤਕਾਂ ਅਨੁਸਾਰ ਸ਼ਬਦ ਅਤੇ ਅਰਥ ਵਿੱਚ ਕੋਈ ਵਾਸਤਵਿਕ ਸੰਬੰਧ ਨਹੀਂ ਹੋ ਸਕਦਾ ਕਿਉਂਕਿ ਸ਼ਬਦ ਕੇਵਲ ਪਰਿਕਲਪਨਾਤਮਕ ਬਿੰਬ ਹਨ ਅਤੇ ਕਿਸੇ ਸ਼ਬਦ ਦੀ ਪਰਿਕਲਪਨਾ ਤੋਂ ਕੋਈ ਅਰਥ ਉਤਨਾ ਹੀ ਪ੍ਰਗਟ ਹੁੰਦਾ ਹੈ ਜਿਤਨਾ ਉਹ ਆਪਣੇ ਅਰਥ ਵਿੱਚ ਅਣ ਅਰਥ ਦੀ ਭਿੰਨਤਾ ਨਾਲ ਸਥਾਪਿਤ ਹੈ ਜਿਵੇਂ ਗਾਂ ਤੋਂ ਭਾਵ ਉਹ ਪਰਿਕਲਪਨਾ ਹੈ ਜੋ ਅ-ਗਾਂ ਨਹੀਂ ਹੈ।ਇਸ ਪ੍ਰਕਾਰ ਬੋਧ ਚਿੰਤਕ ਦਿੰਗਨਾਗ ਦੇ ਅਪੋਹ ਸਿਧਾਂਤ ਅਨੁਸਾਰ ਸ਼ਬਦਾਂ ਦੁਆਰਾ ਕਿਸੇ ਵੀ ਵਸਤੂ ਦੀ ਹੋਂਦ ਦੀ ਪਰਿਕਲਪਨਾ ਉਸ ਦੀ ਅਣਹੋਂਦ ਨਾਲ ਸੰਰਚਿਤ ਹੁੰਦੀ ਹੈ।[67] ਪ੍ਰੋ. ਗੋਪੀਚੰਦ ਨਾਰੰਗ ਇਸ ਸੰਬੰਧੀ ਆਖਦੇ ਹਨ:

> ਅਰਥ ਸਿਰਜਣ ਦੀ ਪ੍ਰਕਿਰਿਆ ਅਸਲ ਵਿੱਚ ਦੂਹਰੀ ਪ੍ਰਕਿਰਿਆ ਹੈ ਅਤੇ ਇਹ ਪ੍ਰਕਿਰਿਆ ਸਮੇਂ ਦੀ ਇੱਕ ਹੀ ਧੁਰੀ ਉੱਤੇ ਅਰਥਾਤ ਦੁਵੱਲੀ ਹੁੰਦੀ ਹੈ।ਅਰਥ ਭਿੰਨਤਾ ਨਾਲ ਹੀ ਸਥਾਪਿਤ ਹੁੰਦਾ ਹੈ ਅਤੇ ਸਥਗਨ ਵਿੱਚ ਵੀ ਰਹਿੰਦਾ ਹੈ, ਅਣ-ਅਰਥ ਗ਼ੈਰ ਹਾਜ਼ਰ ਹੁੰਦੇ ਹੋਏ ਵੀ ਅਵਚੇਤਨ ਵਿੱਚ ਆਪਣੀ ਝਲਕ ਦਿਖਾਉਂਦਾ ਹੈ।ਇਉਂ ਬੋਧ ਚਿੰਤਨਧਾਰਾ ਵਿੱਚ ਜ਼ਾਹਰ ਅਰਥ ਦੇ ਨਾਲ ਅਪ੍ਰਤੱਖ ਅਰਥ ਦੀ ਕਿਰਿਆ

> ਕਦੇ ਖਤਮ ਨਹੀਂ ਹੁੰਦੀ, ਦੈਰੀਦਾ ਵੀ ਇਹੀ ਗੱਲ ਕਹਿੰਦਾ ਹੈ।ਦੋਹਾਂ ਵਿੱਚ ਅੰਤਰ ਸਿਰਫ ਸਿਧਾਂਤ ਨਿਰੂਪਣ ਦੀ ਸ਼ੈਲੀ ਦਾ ਹੈ।[68]

ਭਰਤ੍ਰ ਹਰਿ ਦੇ ਸਫੋਟ ਸਿਧਾਂਤ ਦੇ ਸੰਬੰਧ ਵਿੱਚ ਵੀ ਪ੍ਰੋ. ਗੋਪੀਚੰਦ ਨਾਰੰਗ ਦਾ ਵਿਚਾਰ ਇਸ ਪ੍ਰਕਾਰ ਹੈ:

> ਅਰਥ ਵਿਗਿਆਨ ਦੇ ਖੇਤਰ ਵਿੱਚ ਇਹ ਭਾਰਤੀ ਚਿੰਤਨ ਦੀ ਸੰਸਾਰ ਨੂੰ ਇੱਕ ਮਹੱਤਵਪੂਰਨ ਦੇਣ ਹੈ।ਭਰਤ੍ਰ ਹਰਿ ਧੁਨੀਆਂ ਜਾਂ ਸ਼ਬਦਾਂ ਦੀ 'ਇਕਾਈ' ਨੂੰ, ਜਿਸ ਤੋਂ ਤਤੱਫਟ ਅਰਥ ਫੁੱਟਦਾ ਹੈ, 'ਸਫੋਟ' ਦਾ ਨਾਮ ਦਿੰਦਾ ਹੈ।ਇਸ ਪ੍ਰਕਾਰ ਉਹ ਸ਼ਬਦ ਅਤੇ ਅਰਥ ਵਿੱਚ ਏਕਤਾ ਪੈਦਾ ਕਰਕੇ ਸ਼ਬਦ ਵਿਹਾਰ ਨੂੰ ਨੇਮ ਬੱਧ ਕਰ ਦਿੰਦਾ ਹੈ।[69]

ਭਰਤ੍ਰ ਹਰਿ ਦੇ ਸਫੋਟ ਸਿਧਾਂਤ ਅਤੇ ਜੈਨ ਚਿੰਤਕ ਆਨੰਦਵਰਧਨ ਦੇ ਧੁਨੀ ਸਿਧਾਂਤ ਵਿੱਚ ਗਹਿਰਾ ਸੰਬੰਧ ਹੈ।ਆਨੰਦਵਰਧਨ ਕਾਵਿ ਸ਼ਾਸਤਰ ਦੇ ਖੇਤਰ ਵਿੱਚ ਧੁਨੀ ਨੂੰ ਕਾਵਿਕ ਭਾਸ਼ਾ ਦਾ ਸੁਹਜਾਤਮਕ ਆਨੰਦ ਮੰਨਦਾ ਹੈ ਜੋ ਕਿ ਪਹਿਲਾਂ ਤੋਂ ਤੁਰੀ ਆ ਰਹੀ ਰਸ ਪਰੰਪਰਾ ਦਾ ਹੀ ਵਿਕਾਸਿਤ ਰੂਪ ਹੈ।ਆਨੰਦਵਰਧਨ ਖੁਦ ਕਹਿੰਦਾ ਹੈ ਕਿ ਜਿਸ ਤਰ੍ਹਾਂ ਧੁਨੀ ਤੋਂ ਸਫੋਟ ਅਰਥਾਤ ਭਾਸ਼ਾਈ ਚਿਹਨ ਉਭਰਦਾ ਹੈ, ਬਿਲਕੁਲ ਉਸੇ ਤਰ੍ਹਾਂ ਇੱਕ ਵਾਕ ਦੀਆਂ ਧੁਨੀਆਂ ਅਤੇ ਅਰਥ ਤੋਂ ਇੱਕ ਸੁਹਜਾਤਮਕ ਅਵਸਥਾ ਉਭਰਦੀ ਹੈ ਜੋ ਸ਼ਾਬਦਿਕ ਅਰਥ ਤੋਂ ਉਚੇਰੀ ਤੇ ਉੱਦਾਤ ਹੈ।ਇਸ ਪ੍ਰਕਾਰ ਧੁਨੀ ਦੇ ਸੁਹਜਾਤਮਕ ਆਨੰਦ ਤੋਂ ਬਿਨਾਂ ਕਾਵਿ ਨਿਰਜਿੰਦ ਹੈ।[70]

ਉਪਰੋਕਤ ਅਨੁਸਾਰ ਪੁਰਾਤਨ ਭਾਰਤੀ ਦਰਸ਼ਨ ਪਰੰਪਰਾਵਾਂ ਵਿੱਚ ਸ਼ਬਦ ਅਤੇ ਅਰਥ ਦੀ ਸੰਬੰਧਾਤਮਕਤਾ ਦੇ ਪ੍ਰਗਟਾਅ ਦੁਆਰਾ ਭਾਸ਼ਾ ਸ਼ਾਸਤਰ ਦੀਆਂ ਵੱਖ ਵੱਖ ਅੰਤਰਦ੍ਰਿਸ਼ਟੀਆਂ ਉੱਤੇ ਵਿਚਾਰ ਕੀਤੀ ਗਈ ਜਿਨ੍ਹਾਂ ਤੋਂ ਬਿਨਾਂ ਸ਼ਬਦਾਂ ਅਤੇ ਸੰਕਲਪਾਂ ਦੇ ਮੂਲ ਅਤੇ ਵਿਲੱਖਣ ਅਰਥ ਨਿਸ਼ਚਿਤ ਕਰਨਾ ਕਠਿਨ ਹੀ ਨਹੀਂ ਸਗੋਂ ਅਸੰਭਵ ਹਨ।

## 2.4 ਵੱਖ ਵੱਖ ਦਰਸ਼ਨ ਪਰੰਪਰਾਵਾਂ ਵਿੱਚ ਸ਼ਬਦ:

ਭਾਰਤੀ ਅਤੇ ਪੱਛਮੀ ਦਰਸ਼ਨ ਪਰੰਪਰਾਵਾਂ ਨੇ ਸ਼ਬਦ ਦੇ ਰਹੱਸ ਨੂੰ ਆਪੋ ਆਪਣੇ ਅਨੁਭਵਾਂ ਦੁਆਰਾ ਜਾਣਨ ਦੀ ਕੋਸ਼ਿਸ਼ ਕੀਤੀ ਹੈ ਅਤੇ ਆਪਣੇ ਦੇਸ਼ ਕਾਲ ਦੀ ਭਾਸ਼ਾ ਵਿੱਚ ਬਿਆਨ ਕਰਨ ਦੇ ਯਤਨ ਵੀ ਕੀਤੇ ਹਨ।

### 2.4.1 ਵੈਦਿਕ ਦਰਸ਼ਨ ਵਿੱਚ ਸ਼ਬਦ:

ਸ਼ਬਦ ਦੇ ਸਥੂਲ ਧੁਨੀ ਰੂਪ, ਜਿਸ ਦੁਆਰਾ ਕੋਈ ਵਿਅਕਤੀ ਆਪਣੇ ਵਿਚਾਰ ਦੂਜੇ ਵਿਅਕਤੀਆਂ ਤੱਕ ਪਹੁੰਚਾ ਸਕਦਾ ਹੈ ਅਤੇ ਦੂਜਿਆਂ ਦੇ ਵਿਚਾਰ, ਭਾਵਨਾਵਾਂ ਅਤੇ ਇੱਛਾਵਾਂ ਨੂੰ ਸਮਝਣ ਦੇ ਯੋਗ ਬਣਦਾ ਹੈ, ਨੂੰ ਭਾਰਤੀ ਵੈਦਿਕ ਚਿੰਤਨ ਵਿੱਚ 'ਵੈਖਰੀ' ਦੇ ਨਾਂ ਨਾਲ ਜਾਣਿਆ ਜਾਂਦਾ ਹੈ।'ਵੈਖਰੀ' ਦਾ ਅਰਥ ਹੈ ਵਿਭਿੰਨਤਾ। ਅਸਲ ਵਿੱਚ ਜਦੋਂ ਅਸੀਂ ਕੋਈ ਭਾਸ਼ਾ ਬੋਲਦੇ ਹਾਂ ਤਾਂ ਉਸ ਵਿੱਚ ਇੱਕ ਬੋਲਣ ਵਾਲਾ ਅਤੇ ਦੂਜਾ ਸੁਣਨ ਵਾਲਾ ਮੌਜੂਦ ਹੁੰਦਾ ਹੈ ਅਰਥਾਤ ਭਾਸ਼ਾ ਰਾਹੀਂ ਸੰਚਾਰ ਦੋ ਪੱਖੀ ਹੁੰਦਾ ਹੈ ਜਾਂ ਇੰਝ ਕਹਿ ਲਿਆ ਜਾਵੇ ਕਿ ਭਾਸ਼ਾ ਰਾਹੀਂ ਸੰਚਾਰ ਉਸ ਸਭ ਨਾਲ ਹੋ ਸਕਦਾ ਹੈ ਜੋ ਸੰਸਾਰ ਵਿੱਚ ਜਾਂ ਸਾਡੇ ਆਲੇ-ਦੁਆਲੇ ਮੌਜੂਦ ਹੈ, ਸੰਚਾਰ ਦੇ ਇਸੇ ਮਾਧਿਅਮ ਰੂਪੀ ਸ਼ਬਦ ਦੀ ਕਿਸਮ ਨੂੰ ਵੈਖਰੀ ਕਿਹਾ ਜਾਂਦਾ ਹੈ।ਇਸ ਵਿਭਿੰਨਤਾ ਦੇ ਕਾਰਣ ਹੀ ਸੰਸਾਰ ਵਿੱਚ ਵਿਭਿੰਨ ਭਾਸ਼ਾਵਾਂ ਹਨ।ਸੰਸਾਰ ਵਿੱਚ ਇੱਕ ਦੂਜੇ ਨਾਲ ਸੰਚਾਰ ਕਰਨ ਲਈ ਭਾਵੇਂ ਜਿੰਨੀਆਂ ਵੀ ਭਾਸ਼ਾਵਾਂ ਹਨ, ਇਹ ਸਭ ਵੈਖਰੀ ਹੀ ਕਹਾਉਂਦੀਆਂ ਹਨ ਕਿਉਂਕਿ ਇਸ ਪੱਧਰ ਉੱਤੇ ਹੀ ਮਨੁੱਖ ਆਪਣੇ ਮਨੋਭਾਵਾਂ ਨੂੰ ਸਥੂਲ ਜਾਂ ਪ੍ਰਤੱਖ ਰੂਪ ਦੇ ਕੇ ਹੋਰਨਾਂ ਸਾਹਮਣੇ ਪ੍ਰਸਤੁਤ ਕਰਦਾ ਹੈ ਭਾਵੇਂ ਇਸ ਪੱਧਰ ਉੱਤੇ ਵੀ ਸ਼ਬਦ ਭੌਤਿਕ ਰੂਪ ਵਿੱਚ ਅਦ੍ਰਿਸ਼ਟ ਹੀ ਰਹਿੰਦਾ ਹੈ।[71] ਸ਼ਬਦ ਦੀਆਂ ਚਾਰ ਅਵਸਥਾਵਾਂ ਤੋਂ ਇਲਾਵਾ ਸ਼ਬਦ ਦੇ ਸਥੂਲ ਅਥਵਾ ਦ੍ਰਿਸ਼ਟ ਰੂਪ ਲਈ ਇੱਕ ਹੋਰ ਅਵਸਥਾ ਜਾਣੀ ਜਾਂਦੀ ਹੈ ਜਿਸ ਨੂੰ ਕਿ 'ਮਾਤ੍ਰਿਕਾ' ਕਿਹਾ ਜਾਂਦਾ ਹੈ।ਮਾਤ੍ਰਿਕਾ ਅਵਸਥਾ ਵਿੱਚ ਸ਼ਬਦ ਵੈਖਰੀ ਦੇ ਧੁਨਾਤਮਕ ਚਿੰਨ੍ਹਾਂ ਜਾਂ ਸੰਕੇਤਾਂ ਦੇ ਰਾਹੀਂ ਦ੍ਰਿਸ਼ਟੀਗੋਚਰ ਹੁੰਦਾ ਹੈ।ਇੱਥੇ ਸ਼ਬਦ ਉਚਰਿਤ ਧੁਨੀਆਂ ਰਾਹੀਂ ਲਿਖਤੀ ਰੂਪ ਵਿੱਚ ਪ੍ਰਗਟ ਹੁੰਦਾ ਹੈ ਅਤੇ 'ਵਰਣ' ਜਾਂ 'ਅੱਖਰ' ਉਸ ਰੂਪ ਨੂੰ ਸਾਡੀਆਂ ਅੱਖਾਂ ਸਾਹਮਣੇ ਪੇਸ਼ ਕਰਦੇ ਹਨ।ਇਹ ਅੱਖਰ ਹੀ ਸਾਰੀਆਂ ਭਾਸ਼ਾਵਾਂ ਦੇ ਲਿਖਣ ਲਈ ਬੀਜ ਰੂਪ ਹਨ।ਇਨ੍ਹਾਂ ਅੱਖਰਾਂ ਤੋਂ ਹੀ ਸੰਸਾਰ ਭਰ ਦੀਆਂ ਭਾਸ਼ਾਵਾਂ

ਉਪਜਦੀਆਂ ਹਨ, ਇਨ੍ਹਾਂ ਅੱਖਰਾਂ ਨੂੰ ਹੀ ਮਾਤ੍ਰਿਕਾਵਾਂ ਕਿਹਾ ਜਾਂਦਾ ਹੈ ਜਿਨ੍ਹਾਂ ਤੋਂ ਸੰਸਾਰ ਭਰ ਦੀਆਂ ਭਾਸ਼ਾਵਾਂ ਉਪਜਦੀਆਂ ਹਨ।[72]

## 2.4.2 ਜੈਨ ਦਰਸ਼ਨ ਵਿੱਚ ਸ਼ਬਦ:

ਜੈਨ ਮਤ ਵਿੱਚ 'ਸ਼ਬਦ' ਗੁਰੂ ਉਪਦੇਸ਼ ਹੈ।ਜੈਨ ਦਰਸ਼ਨ ਵਿੱਚ ਚੇਤਨਾ ਜੀਵ ਦਾ ਮੂਲ ਗੁਣ[73] ਹੈ।ਆਤਮਾ ਨੂੰ ਜੀਵ ਦਾ ਸਮਾਨਾਰਥੀ ਮੰਨਿਆ ਗਿਆ ਹੈ ਅਤੇ ਆਤਮਾ ਹੀ ਗਿਆਨ ਦਾ ਪ੍ਰਮੁੱਖ ਕੇਂਦਰ ਹੈ ਜਿੱਥੇ 'ਸ਼ਬਦ' ਗਿਆਨ ਦੇ ਰੂਪ ਵਿੱਚ ਪ੍ਰਕਾਸ਼ਮਾਨ ਹੁੰਦਾ ਹੈ।ਜੈਨ ਪ੍ਰਕਾਸ਼ਮਾਨ ਆਤਮਾ ਦੀ ਪਰਮ ਅਵਸਥਾ ਨੂੰ ਹੀ ਪ੍ਰਮਾਤਮਾ ਮੰਨਦੇ ਹਨ।ਇਹ ਪਰਮ ਅਵਸਥਾ ਰਾਗ, ਦ੍ਵੈਸ਼ ਅਤੇ ਮੋਹ ਤੋਂ ਮੁਕਤ ਹੈ।ਗਿਆਨ ਦੀ ਇਸ 'ਅਰਹਤ' ਅਵਸਥਾ ਵਿੱਚ ਤੀਰਥੰਕਰ ਪ੍ਰਗਟ ਹੁੰਦਾ ਹੈ, ਜੋ ਮੁਕਤੀ ਪ੍ਰਾਪਤੀ ਲਈ ਮਾਨਵ-ਜਾਤੀ ਦਾ ਮਾਰਗ-ਦਰਸ਼ਨ ਕਰਦਾ ਹੈ।ਇਸ ਮਾਰਗ-ਦਰਸ਼ਨ ਵਿੱਚ ਸ਼ਬਦ ਜਾਂ ਮੰਤ੍ਰ ਉਸ ਦਾ ਮੂਲ ਆਧਾਰ ਹੈ।ਜੈਨ-ਦਰਸ਼ਨ ਵਿੱਚ ਮੁਕਤੀ ਦੀ ਪ੍ਰਾਪਤੀ ਨੂੰ ਜੀਵਨ ਦਾ ਸਭ ਤੋਂ ਉੱਚਾ ਉਦੇਸ਼ ਮੰਨਿਆ ਗਿਆ ਹੈ।ਇਸ ਮਾਰਗ਼ ਤੇ ਚੱਲਣ ਲਈ ਮਨੁੱਖ ਵਿੱਚ ਤਿੰਨ ਰਤਨ ਅਥਵਾ ਸੱਚਾ ਵਿਸ਼ਵਾਸ਼, ਸੱਚਾ ਗਿਆਨ ਅਤੇ ਸੱਚਾ ਆਚਾਰ ਨਿਰਧਾਰਤ ਕੀਤੇ ਗਏ ਹਨ।ਜੈਨ ਧਰਮ ਦੇ ਅਨੁਸਾਰ ਪਹਿਲਾਂ ਜੀਵ-ਆਤਮਾ ਸ਼ੁੱਧ ਰੂਪ ਵਿੱਚ ਹੁੰਦਾ ਹੈ, ਮਗਰੋਂ ਇਹ ਕਾਰਮਿਕ ਪਦਾਰਥਾਂ ਕਾਰਨ ਦੂਸ਼ਿਤ ਹੋ ਜਾਂਦਾ ਹੈ। ਜੇਕਰ ਗੁਰੂ ਉਪਦੇਸ਼ ਰਾਹੀਂ ਕਾਰਮਿਕ ਪਦਾਰਥਾਂ ਦਾ ਨਾਸ਼ ਕਰ ਦਿੱਤਾ ਜਾਵੇ ਤਾਂ ਮੁਕਤੀ ਦੀ ਪ੍ਰਾਪਤੀ ਹੋ ਸਕਦੀ ਹੈ।ਜੈਨ ਮਾਰਗ਼ ਦੇ ਚੌਬੀਵੇਂ ਤੀਰਥੰਕਰ ਵਰਧਮਾਨ ਮਹਾਂਵੀਰ ਦੇ ਧਰਮ ਉਪਦੇਸ਼ ਨੂੰ ਉਨ੍ਹਾਂ ਦੀ ਮੌਤ ਤੋਂ ਕਈ ਸਦੀਆਂ ਮਗਰੋਂ ਵਲਭੀ ਦੀ ਮਹਾਂ ਸਭਾ ਵਿੱਚ ਅਜੋਕਾ ਸਾਹਿਤਿਕ ਰੂਪ ਪ੍ਰਦਾਨ ਕੀਤਾ ਗਿਆ।ਮਹਾਂਵੀਰ ਨੂੰ ਪ੍ਰਮਾਤਮਾ ਦੀ ਹੋਂਦ ਤੇ ਵਿਸ਼ਵਾਸ ਨਹੀਂ ਸੀ।ਉਨ੍ਹਾਂ ਦਾ ਵਿਚਾਰ ਸੀ ਕਿ ਮਨੁੱਖ ਦੀ ਆਤਮਾ ਵਿੱਚ ਜੋ ਕੁਝ ਮਹਾਨ ਹੈ ਅਤੇ ਜੋ ਸ਼ਕਤੀ ਤੇ ਨੈਤਿਕਤਾ ਹੈ, ਉਹੀ ਪਰਮਾਤਮਾ ਹੈ।ਮਹਾਂਵੀਰ ਜੈਨ ਨੇ ਆਪਣੇ ਗਿਆਨ ਦੀ ਪ੍ਰਾਪਤੀ ਮਗ਼ਰੋਂ ਜੈਨ ਸੰਘਾਂ ਦੀ ਸਥਾਪਨਾ ਕੀਤੀ।ਜਿੱਥੇ ਕਿ ਜੈਨ ਭਿਖਸ਼ੂਆਂ ਨੂੰ ਕਠੋਰ ਅਨੁਸ਼ਾਸ਼ਨ ਅਤੇ ਨੈਤਿਕਤਾ ਉੱਪਰ ਚੱਲਣ ਦੀ ਸਿਖਿਆ ਪ੍ਰਾਪਤ ਹੁੰਦੀ ਹੈ।ਇਸ ਸਿਖਲਾਈ ਦਾ ਉਦੇਸ਼ ਨਿਰਵਾਣ ਅਤੇ ਮੋਕਸ਼ ਦੀ ਪ੍ਰਾਪਤੀ ਹੀ ਹੁੰਦਾ ਹੈ।ਇਸ ਪ੍ਰਕਾਰ ਕਿਹਾ ਜਾ ਸਕਦਾ ਹੈ ਕਿ ਜੈਨ ਮਾਰਗ਼ ਅਧੀਨ

ਆਤਮਾ ਦਾ ਯਥਾਰਥ ਸਰੂਪ ਅਨੰਤ ਗਿਆਨ, ਅਨੰਤ ਦਰਸ਼ਨ ਅਤੇ ਅਨੰਤ ਆਨੰਦ ਹੈ ਜੋ ਕਿ 'ਸ਼ਬਦ' ਦੇ ਅਨੁਭਵੀ ਰੂਪ ਤੋਂ ਬਿਨਾਂ ਸੰਭਵ ਨਹੀਂ।

### 2.4.3 ਬੁੱਧ ਦਰਸ਼ਨ ਵਿੱਚ ਸ਼ਬਦ:

ਜੈਨ ਮਤ ਦੀ ਤਰ੍ਹਾਂ ਬੁੱਧ ਮਤ ਵੀ ਆਪਣੇ ਮੁਢਲੇ ਰੂਪ ਵਿੱਚ ਪਰਮਾਤਮਾ ਜਾਂ ਈਸ਼ਵਰ ਦੇ ਅਸਤਿਤਵ ਬਾਰੇ ਚੁੱਪ ਹੈ।ਇਸ ਵਿੱਚ ਧਿਆਨ ਉੱਤੇ ਵਧੇਰੇ ਜ਼ੋਰ ਦਿੱਤਾ ਗਿਆ ਹੈ ਜਾਂ ਇੰਝ ਕਹਿ ਲਿਆ ਜਾਵੇ ਕਿ ਬੁੱਧ ਧਰਮ ਦੀ ਆਧਾਰਸ਼ਿਲਾ ਹੀ 'ਧਿਆਨ' ਹੈ।ਧਿਆਨ ਸ਼ੁਰੂ ਤਾਂ ਸ਼ਬਦ ਤੋਂ ਹੁੰਦਾ ਹੈ ਪਰ ਇੱਕ ਪੱਧਰ ਉੱਤੇ ਜਾ ਕੇ ਇਹ ਸ਼ਬਦ ਤੋਂ ਮੁਕਤ ਹੋ ਜਾਂਦਾ ਹੈ।ਇਸੇ ਕਰਕੇ ਬੁੱਧਮਤ ਸ਼ਬਦ ਨੂੰ ਅਸ਼ਬਦ ਦੇ ਘੇਰੇ ਵਿੱਚ ਲੈ ਜਾਂਦਾ ਹੈ।ਬੌਧ ਸੰਪ੍ਰਦਾਇ ਦੀ ਮਹਾਯਾਨ ਪਰੰਪਰਾ ਦੇ ਅੰਤਰਗਤ ਆਉਂਦੇ 'ਸੁਖਾਵਤੀ-ਪੰਥ'[74] ਦਾ ਮੂਲ ਹੈ 'ਨਾਮ ਸਿਮਰਨ'। ਇਸ ਨਾਮ ਸਿਮਰਨ ਦਾ ਸ਼ਬਦ ਰੂਪ ਹੈ 'ਨਮੋ ਅਮਿਤ ਬੁੱਧਾਯ'।ਇਸ ਸ਼ਬਦ ਰੂਪ ਦੇ ਲੜ ਲੱਗ ਕੇ ਸਾਧਕ ਧਿਆਨ ਦੇ ਮਾਰਗ਼ ਤੇ ਤੁਰ ਪੈਂਦਾ ਹੈ ਪਰ ਹੌਲੀ-ਹੌਲੀ ਉਸ ਨੂੰ ਇਸ ਨਾਮ ਸਿਮਰਨ ਰੂਪੀ ਸ਼ਬਦ ਨੂੰ ਵੀ ਛੱਡ ਕੇ ਕੇਵਲ ਚੇਤਨਾ ਦਾ ਹੀ ਸਹਾਰਾ ਲੈਣਾ ਪੈਂਦਾ ਹੈ।ਇਹੀ ਸ਼ਬਦ ਦੀ ਸੱਚਾਈ ਹੈ। ਚੇਤਨਾ ਦੇ ਪੱਧਰ ਤੇ ਜਦੋਂ ਕੋਈ ਸ਼ਬਦ ਨੂੰ ਅਨੁਭਵ ਕਰਦਾ ਹੈ ਤਾਂ ਉਹ ਸ਼ਬਦ ਦੇ ਅੱਖਰੀ ਰੂਪ ਨਾਲੋਂ ਭਿੰਨ ਉਸ ਦੀ ਪਾਰਗ਼ਾਮੀ ਬਿਰਤੀ ਨਾਲ ਸਾਂਝ ਪਾਉਂਦਾ ਹੈ।ਵੈਸੇ ਧਿਆਨ ਦਾ ਰਾਹ ਹੈ ਬੜਾ ਬਿਖ਼ਮ ਕਿਉਂਕਿ ਧਿਆਨ-ਮਾਰਗ਼ ਵਿੱਚ ਨਾ ਮੂਰਤੀ ਦੀ ਕੋਈ ਥਾਂ ਹੈ ਅਤੇ ਨਾ ਹੀ ਮੰਤਰ ਦੀ।ਬਿਨਾਂ ਕਿਸੇ ਆਲੰਬਨ ਤੋਂ ਪਾਰ ਪਾਉਣਾ ਹੈ ਤਾਂ ਬੜਾ ਕਠਿਨ ਪਰ ਮਹਾਤਮਾ ਬੁੱਧ ਨੇ ਆਪ ਇਸ ਰਾਹ ਦੀ ਨਿਸ਼ਾਨਦੇਹੀ ਕਰਦਿਆਂ ਦੱਸਿਆ ਕਿ ਇਸ ਰਾਹ ਤੇ ਚੱਲ ਕੇ 'ਮੁਕਾਮ' ਛੇਤੀ ਹਾਸਲ ਕਰ ਲਈਦਾ ਹੈ।ਅਸਲ ਵਿੱਚ ਧਿਆਨ ਬੁੱਧ ਦਾ ਹਿਰਦਾ ਹੈ।ਇਸ ਧਿਆਨ ਦੀ ਨਿਸ਼ਾਨੀ ਇਹ ਹੈ ਕਿ ਸਾਡੀ ਚੁੱਪ ਵਿੱਚ ਇੱਕ ਸੱਚ ਬੋਲਦਾ ਹੈ ਅਤੇ ਜੋ ਅਸੀਂ ਅੱਖਰੀ ਸ਼ਬਦ ਬੋਲਦੇ ਹਾਂ ਤਾਂ ਉਹ ਸੱਚ ਚੁੱਪ ਹੋ ਜਾਂਦਾ ਹੈ।ਇਵੇਂ ਸ਼ਬਦ ਨਿਰੋਲ ਚੇਤਨਾ ਹੈ।ਜਦ ਇਹ ਜੜ੍ਹ ਵਸਤੂ ਬਣਦਾ ਹੈ ਤਾਂ ਇਸ ਦਾ ਅਸਤਿਤਵ ਗੁੰਮ ਹੋ ਜਾਂਦਾ ਹੈ।ਇਸ ਤੱਥ ਤੋਂ ਪੁਸ਼ਟੀ ਹੁੰਦੀ ਹੈ ਕਿ ਬੁੱਧ ਜੜ੍ਹ ਵਸਤੂ ਨਹੀਂ, ਸਗੋਂ ਚੇਤਨਾ ਦਾ ਉਹ ਆਲਮ ਹੈ ਜਿਸ ਵਿੱਚੋਂ ਬੁੱਧ ਦੇ ਅਮੂਰਤ ਜਾਂ ਧਰਮ ਕਾਇਆ ਹੋਣ ਦੇ ਰਹੱਸ ਦੀ ਅਨੁਭੂਤੀ ਹੁੰਦੀ ਹੈ।

### 2.4.4 ਸਿੱਖ ਦਰਸ਼ਨ ਵਿੱਚ ਸ਼ਬਦ:

ਸਿੱਖ-ਧਰਮ, ਜਿਸ ਨੇ ਕਿ ਸੰਪੂਰਨ ਵਿਸ਼ਵ ਨੂੰ ਇੱਕ ਵਿਸ਼ਵ ਦ੍ਰਿਸ਼ਟੀ ਪ੍ਰਦਾਨ ਕਰਨ ਦਾ ਪ੍ਰਬੰਧ ਦਿੱਤਾ, ਨੇ 'ਸ਼ਬਦ' ਦੇ ਰਹੱਸਾਂ ਨੂੰ ਪ੍ਰਗਟ ਕਰਦੇ ਹੋਏ ਸ਼ਬਦ ਨੂੰ 'ਗੁਰੂ' ਦਾ ਦਰਜਾ ਪ੍ਰਦਾਨ ਕੀਤਾ ਹੈ। ਸਿਰਜਕ ਅਤੇ ਸਿਰਜਣਾ ਵਿਚਾਲੇ ਸ਼ਬਦ ਦਾ ਹੀ ਪੁਲ ਹੈ।

ਸ਼ਬਦੁ ਗੁਰੂ ਸੁਰਤਿ ਧੁਨਿ ਚੇਲਾ॥ [75]

ਇੱਥੇ ਸ਼ਬਦ ਨੂੰ ਗੁਰੂ ਆਖਿਆ ਗਿਆ ਹੈ ਜੋ ਪਾਰੰਪਰਿਕ ਤੌਰ ਤੇ ਗਿਆਨ ਦੇ ਉਤਪਾਦਨ ਜਾਂ ਸੰਚਾਰਨ ਦਾ ਮਾਧਿਅਮ ਪ੍ਰਵਾਨ ਕੀਤਾ ਜਾਂਦਾ ਹੈ। ਇਸੇ ਸੰਦਰਭ ਵਿੱਚ ਚੇਲੇ ਨੂੰ ਵੀ ਸ਼ਬਦ ਦੀ 'ਸੁਰਤਿ' ਅਥਵਾ ਚੇਤਨਾ ਨਾਲ ਸੰਬੰਧਤ ਕੀਤਾ ਗਿਆ ਹੈ। ਸੁਰਤਿ ਸ਼ਬਦ ਨੂੰ ਗ੍ਰਹਿਣ ਕਰਨ ਦਾ ਸਜੀਵ ਉਪਕਰਣ ਹੈ। ਅੱਖਰੀ ਸ਼ਬਦ ਤਾਂ ਕੰਨਾਂ ਨਾਲ ਸੁਣਿਆ ਜਾ ਸਕਦਾ ਹੈ ਪਰ ਰਹੱਸਾਤਮਕ ਸ਼ਬਦ ਜੋ 'ਚੁੱਪ ਦੀ ਆਵਾਜ਼' ਹੈ, ਮਨ ਅੰਦਰ ਚੁੱਪ ਵਰਤਾ ਕੇ ਸੁਰਤਿ ਦੀ ਅਨੁਭਵਤਾ ਰਾਹੀਂ ਪ੍ਰਤੀਤ ਕੀਤਾ ਜਾਂਦਾ ਹੈ।

### 2.4.5 ਪੱਛਮੀ ਦਰਸ਼ਨ ਵਿੱਚ ਸ਼ਬਦ:

ਸਨਾਤਨ, ਜੈਨ, ਬੁੱਧ ਅਤੇ ਸਿੱਖ ਧਰਮ ਤੋਂ ਇਲਾਵਾ ਸਾਮੀ ਧਰਮਾਂ ਦੀ 'ਸ਼ਬਦ' ਸੰਬੰਧੀ ਵਿਚਾਰ ਹੈ ਕਿ ਪਰਮੇਸ਼ਰ ਦਾ ਮਨੁੱਖ ਦੇ ਨਾਲ ਸੰਚਾਰ ਦਾ ਸਾਧਨ 'ਸ਼ਬਦ' ਹੈ। ਯੂਨਾਨੀ ਵਿਚਾਰਧਾਰਾ 'ਲੋਗੋਸ'[76] ਨੂੰ ਦੈਵੀ ਸੱਤਾ ਦੀ ਪੂਰਕ ਦੱਸਦੀ ਹੈ। ਪਵਿੱਤਰ ਬਾਈਬਲ ਦੇ ਪਹਿਲੇ ਭਾਗ 'ਪੁਰਾਣੇ ਨੇਮ' ਵਿੱਚ ਪਰਮੇਸ਼ਰ ਨੂੰ ਨਬੀਆਂ ਰਾਹੀਂ ਇਸੇ ਸਾਧਨ ਦੀ ਵਰਤੋਂ ਕਰਦੇ ਦੇਖਿਆ ਗਿਆ। ਅੱਗੋਂ ਨਬੀਆਂ ਨੇ ਇਸੇ ਸਾਧਨ ਦੀ ਵਰਤੋਂ ਦੁਆਰਾ 'ਪੁਰਾਣੇ ਨੇਮ' ਦੀ ਰਚਨਾ ਕੀਤੀ। ਪੁਰਾਣੇ ਨੇਮ ਅਨੁਸਾਰ ਪਰਮੇਸ਼ਰ ਆਪਣੀ ਸਿਰਜਨ ਸ਼ਕਤੀ ਦਾ ਪ੍ਰਗਟਾਵਾ ਆਪਣੇ ਬੋਲਾਂ ਅਰਥਾਤ 'ਸ਼ਬਦ' ਦੁਆਰਾ ਕਰਦਾ ਹੈ। 'ਸ਼ਬਦ' ਪਰਮੇਸਰ ਦੀ ਇੱਛਾ ਅਤੇ ਉਦੇਸ਼ ਦੀ ਪੂਰਤੀ ਦਾ ਸਾਧਨ ਵੀ ਹੈ। ਉਹ 'ਸ਼ਬਦ' ਦੇ ਰਾਹੀਂ ਹੀ ਆਪਣਾ ਹਰ ਕੰਮ ਕਰਦਾ ਹੈ। ਇਸਲਾਮ 'ਸ਼ਬਦ' ਨੂੰ ਕਲਾਮ-ਏ-ਅੱਲ੍ਹਾ ਆਖਦਾ ਹੈ। ਇਸਲਾਮ ਅਨੁਸਾਰ ਪ੍ਰਕਿਰਤੀ ਦੀ ਰਚਨਾ ਤੋਂ ਪਹਿਲਾਂ ਸ਼ਬਦ 'ਕੁਨ' ਅਲ੍ਹਾ ਦਾ ਕਲਾਮ ਸੀ ਜਿਸ ਦਾ ਅਰਥ ਹੈ 'ਹੋ ਜਾ'। ਤਾਂ ਅਲ੍ਹਾ ਦੁਆਰਾ ਇਹ ਕਲਾਮ ਉਚਾਰਦਿਆਂ ਹੀ

ਪ੍ਰਕਿਰਤੀ ਹੋਂਦ ਵਿੱਚ ਆ ਗਈ।ਇਸ ਪ੍ਰਕਾਰ ਮਸੀਹੀਅਤ ਅਤੇ ਇਸਲਾਮ 'ਸ਼ਬਦ' ਨੂੰ ਪਰਮੇਸ਼ਰ ਦੀ ਇੱਛਾ ਦਾ ਦਰਜਾ ਕਬੂਲਦੇ ਹਨ।

ਸ਼ਬਦ ਸੰਬੰਧੀ ਉਪਰੋਕਤ ਵਿਚਾਰ ਚਰਚਾ ਅਨੁਸਾਰ ਸ਼ਬਦ ਦੇ ਵਿਆਕਰਣਕ, ਸਾਹਿਤਕ, ਅਧਿਆਤਮਕ ਅਤੇ ਰਹੱਸਾਤਮਕ ਰੂਪ ਨੂੰ ਭਾਰਤੀ ਅਤੇ ਪੱਛਮੀ ਚਿੰਤਨ ਪਰੰਪਰਾਵਾਂ ਅਨੁਸਾਰ ਵਾਚਦਿਆਂ ਪਤਾ ਲਗਦਾ ਹੈ ਕਿ ਆਦਿ ਕਾਲ ਤੋਂ ਹੀ ਵਿਸ਼ਵ ਦੇ ਹਰ ਖਿੱਤੇ ਵਿੱਚ 'ਸ਼ਬਦ' ਨੂੰ ਸਮਝਣ ਦੇ ਯਤਨ ਕੀਤੇ ਗਏ ਹਨ।ਭਾਰਤੀ ਚਿੰਤਨ ਵਿੱਚ ਸ਼ਬਦ ਨੂੰ ਬ੍ਰਹਮ ਆਖ਼ ਕੇ ਅਨਾਦਿ ਮੰਨਿਆ ਗਿਆ ਹੈ।ਇਹ ਮਨ ਦੇ ਅੰਦਰ ਦੀ ਚੇਤਨਤਾ ਦਾ ਪ੍ਰਤੀਕ ਹੈ।ਬੁੱਧ ਅਤੇ ਜੈਨ ਦਰਸ਼ਨ ਨੇ ਸ਼ਬਦ ਦੇ ਸਥੂਲ ਰੂਪ ਨਾਲੋਂ ਅਸ਼ਬਦ ਜਾਂ ਚੇਤਨਤਾ ਵਿੱਚ ਵਹਿੰਦੇ ਪ੍ਰਵਾਹ ਨੂੰ ਅਧਿਕ ਮਾਨਤਾ ਦਿੱਤੀ ਹੈ ਜਿਸ ਸਦਕਾ ਉਨ੍ਹਾਂ ਨੇ ਨਾਮ ਸਿਮਰਨ ਨਾਲੋਂ ਜ਼ਿਆਦਾ ਧਿਆਨ ਦੀ ਪ੍ਰੌੜ੍ਹਤਾ ਕੀਤੀ ਹੈ।ਪੱਛਮੀ ਦਰਸ਼ਨ ਵਿੱਚ ਯੂਨਾਨੀ, ਪਾਰਸੀ, ਮਸੀਹੀ ਅਤੇ ਇਸਲਾਮੀ ਧਰਮ-ਚਿੰਤਕ 'ਸ਼ਬਦ' ਨੂੰ 'ਪਰਮੇਸ਼ਰ ਦੇ ਬੋਲ' ਸਵੀਕਾਰਦੇ ਹਨ ਅਤੇ ਮੰਨਦੇ ਹਨ ਕਿ ਸ਼ਬਦ ਦੁਆਰਾ ਹੀ ਪਰਮੇਸ਼ਰ ਨੇ ਆਪਣੇ-ਆਪ ਨੂੰ ਜ਼ਾਹਿਰ ਕੀਤਾ ਹੋਇਆ ਹੈ।ਭਾਰਤੀ ਦਰਸ਼ਨ ਦੇ ਲਗਭਗ ਸਾਰੇ ਹੀ ਸਕੂਲਾਂ ਵਿੱਚ ਸ਼ਬਦ ਨੂੰ ਗਿਆਨ ਦਾ ਇੱਕ ਸ੍ਰੋਤ ਮੰਨਿਆ ਗਿਆ ਹੈ ਪਰ ਸਿੱਖ ਧਰਮ ਨੇ ਇਸ ਨੂੰ ਹੀ ਮੋਕਸ਼ ਦਾ ਮਾਰਗ ਦੱਸਿਆ ਹੈ।

## 2.5 ਭਾਰਤੀ ਅਤੇ ਪੱਛਮੀ ਚਿੰਤਨ ਵਿੱਚ ਸ਼ਬਦ ਦਾ ਸ੍ਰੋਤ, ਸਰੂਪ ਤੇ ਅਰਥ ਪਰੰਪਰਾ:

ਲਗਭਗ ਅੱਠਵੀਂ ਸਦੀ ਈਸਾ ਪੂਰਵ ਤੋਂ ਨਿਰੁਕਤ ਦੀ ਰਚਨਾ ਨਾਲ ਹੀ ਭਾਰਤੀ ਚਿੰਤਨ ਵਿੱਚ ਸ਼ਬਦ ਦੇ ਸ੍ਰੋਤ, ਉਸਦੇ ਸਰੂਪ ਅਤੇ ਅਰਥ ਦੀ ਸਮੱਸਿਆ ਉੱਤੇ ਵਿਚਾਰ ਕਰਨ ਦੇ ਯਤਨ ਹੁੰਦੇ ਆ ਰਹੇ ਹਨ।ਸ਼ਬਦ ਦੀ ਸਿਰਜਣਾਤਮਕਤਾ ਸੰਬੰਧੀ ਚਰਚਾ 'ਓਮ' ਨਾਲ਼ ਆਰੰਭ ਹੁੰਦੀ ਹੈ।ਓਮ ਹੈ ਤਾਂ ਇੱਕ ਸ਼ਾਬਦਿਕ ਚਿੰਨ੍ਹ, ਜਿਸਦਾ ਅਰਥ ਹੈ 'ਬ੍ਰਹਮ' ਪ੍ਰੰਤੂ ਬ੍ਰਹਮ ਦੀ ਖੋਜ 'ਓਮ' ਨੂੰ ਮਨੁੱਖ ਲਈ ਚਿੰਨ੍ਹ ਤੋਂ ਬ੍ਰਹਮ ਬਣਾ ਦਿੰਦੀ ਹੈ।ਇਹ ਬ੍ਰਹਮ ਦੀ ਖੋਜ ਮਨੁੱਖੀ ਦਿਮਾਗ਼ ਦਾ ਕ੍ਰਿਸ਼ਮਾ ਨਹੀਂ ਸਗੋਂ ਸ਼ਬਦ ਦਾ ਕ੍ਰਿਸ਼ਮਾ ਹੈ।[77] ਸ਼ਬਦ ਦੇ ਭੇਦ ਨੂੰ ਭਾਰਤੀ ਦਰਸ਼ਨ ਸ਼ਾਸਤਰੀਆਂ ਅਤੇ ਭਾਸ਼ਾ ਸ਼ਾਸਤਰੀਆਂ ਨੇ ਇੰਝ ਬਿਆਨਣ ਦੇ ਯਤਨ ਕੀਤੇ ਹਨ:

### 2.5.1 ਸ਼ਬਦ ਪ੍ਰਮਾਣ : ਨਿਆਇ ਸ਼ਾਸਤਰ ਦੇ ਵਿਸ਼ੇਸ਼ ਸੰਦਰਭ ਵਿੱਚ

ਭਾਰਤੀ ਦਰਸ਼ਨ ਦੀਆਂ ਕੁਲ ਨੌ ਪਰੰਪਰਾਵਾਂ, ਜਿਨ੍ਹਾਂ ਵਿੱਚੋਂ ਤਿੰਨ ਨਾਸਤਿਕ (ਬੁੱਧ, ਜੈਨ ਅਤੇ ਚਾਰਵਾਕ) ਅਤੇ ਬਾਕੀ ਛੇ ਵੈਦਿਕ ਜਾਂ ਆਸਤਿਕ ਦਰਸ਼ਨ ਹਨ, ਦਾ ਆਪਣਾ ਵਿਸ਼ੇਸ਼ ਸਥਾਨ ਹੈ।ਛੇ ਆਸਤਿਕ ਦਰਸ਼ਨਾਂ ਨੂੰ ਨਿਆਇ, ਵੈਸ਼ੇਸ਼ਿਕ, ਸਾਂਖਿਅ, ਯੋਗ, ਮੀਮਾਂਸਾ ਅਤੇ ਵੇਦਾਂਤ ਦੇ ਨਾਵਾਂ ਨਾਲ ਜਾਣਿਆ ਜਾਂਦਾ ਹੈ।ਨਿਆਇ ਸ਼ਾਸਤਰ ਨੂੰ ਭਾਰਤੀ ਦਰਸ਼ਨ ਦਾ ਪ੍ਰਵੇਸ਼ ਦੁਆਰ ਵੀ ਕਿਹਾ ਜਾਂਦਾ ਹੈ।ਨਿਆਇ ਦਾ ਅਰਥ ਹੈ – ਪ੍ਰਮਾਣਾਂ ਦੇ ਆਧਾਰ ਉੱਤੇ ਤੱਤ ਪਰੀਖਣ ਕਰਨਾ ਜਾਂ ਕਿਸੇ ਨਿਰਣੇ ਉੱਤੇ ਪੁੱਜਣਾ।ਅਕਸ਼ਪਾਦ ਗੌਤਮ ਦੁਆਰਾ ਰਚਿਆ ਗਿਆ ਇਹ ਸ਼ਾਸਤਰ ਇੱਕ ਅਜਿਹੀ ਵਿਵੇਚਨ ਪੱਧਤੀ ਪ੍ਰਸਤੁਤ ਕਰਦਾ ਹੈ ਜਿਸ ਵਿੱਚ ਕਿਸੇ ਵਸਤੂ ਜਾਂ ਵਿਚਾਰ ਦੇ ਯਥਾਰਥ ਗਿਆਨ ਤੱਕ ਪੁੱਜਣ ਲਈ ਪ੍ਰਮਾਣਾਂ ਦੁਆਰਾ ਵਿਚਾਰਾਂ ਦੀ ਉਚਿਤ ਯੋਜਨਾ ਦਾ ਨਿਰੂਪਣ ਹੁੰਦਾ ਹੈ।ਪ੍ਰਮਾਣ ਨਿਆਇ ਸ਼ਾਸਤਰ[78] ਦਾ ਮੁੱਖ ਵਿਸ਼ਾ ਹੈ ਕਿਉਂਕਿ ‘ਪ੍ਰਮਾ’ ਨਾਮ ਹੈ ਯਥਾਰਥ ਗਿਆਨ ਦਾ ਅਤੇ ਸੱਚ ਦੀ ਪ੍ਰਾਪਤੀ ਦਾ।ਸੱਚ ਨੂੰ ਸੱਚ ਅਤੇ ਝੂਠ ਨੂੰ ਝੂਠ ਸਮਝਣਾ ਹੀ ਤੱਤ ਨੂੰ ਸਮਝਣਾ ਹੈ।[79]

ਸੱਚ ਜਾਂ ਅਰਥ ਲਈ ਹੋਣ ਵਾਲੇ ਵਾਦ ਵਿਵਾਦ ਵਿੱਚ ਸਹਾਈ ਹੋਣ ਕਾਰਣ ਨਿਆਇ ਸ਼ਾਸਤਰ ਨੂੰ ਤਰਕ ਸ਼ਾਸਤਰ, ਹੇਤੂ ਵਿੱਦਿਆ, ਵਾਦ ਵਿੱਦਿਆ ਅਤੇ ਸਮੀਖਿਆਤਮਕ ਪਰੀਖਣ ਵੀ ਕਿਹਾ ਜਾਂਦਾ ਹੈ।ਭਾਰਤੀ ਪਰੰਪਰਾ ਦਾ ਸ਼ਬਦ ‘ਨਿਆਇ’ ਅੰਗਰੇਜ਼ੀ ਦੇ ਸ਼ਬਦ ‘Logic’ ਦਾ ਪ੍ਰਯਾਇਵਾਚੀ ਹੈ।ਮਹਾਰਿਸ਼ੀ ਗੌਤਮ ਨੇ ਨਿਆਇ ਸੂਤਰ ਵਿੱਚ ਕੁਲ 528 ਸੂਤਰਾਂ ਦੁਆਰਾ ਜਿਨ੍ਹਾਂ ਸੋਲ੍ਹਾਂ ਪਦਾਰਥਾਂ[80] ਦਾ ਵਿਸ਼ਲੇਸ਼ਣ ਕੀਤਾ ਹੈ, ਤਰਕ ਵੀ ਉਨ੍ਹਾਂ ਵਿੱਚੋਂ ਹੀ ਇੱਕ ਹੈ।ਤਰਕ ਦਾ ਕੰਮ ਪ੍ਰਮਾਣ ਜੁਟਾਣਾ ਨਹੀਂ ਸਗੋਂ ਇਹ ਪਤਾ ਲਗਾਉਣਾ ਹੁੰਦਾ ਹੈ ਕਿ ਕਿਸੇ ਵਸਤੂ ਦੀ ਸੱਚਾਈ ਪ੍ਰਾਪਤ ਕਰਨ ਲਈ ਸਹੀ ਪ੍ਰਮਾਣ (proof) ਪੇਸ਼ ਕੀਤਾ ਗਿਆ ਹੈ ਕਿ ਨਹੀਂ।ਇਸ ਪ੍ਰਕਾਰ ਤਰਕ ਸ਼ਾਸਤਰ ਸੱਚ ਦੇ ਸਹੀ ਆਧਾਰ ਦੀ ਖੋਜ ਕਰਦਾ ਹੈ ਅਤੇ ਪ੍ਰਮਾਣਾਂ ਨੂੰ ਸਪਸ਼ਟ ਕਰਨ ਵਾਲਾ ਇਹ ਸ਼ਾਸਤਰ ਵੀ ਪ੍ਰਮਾਣ ਸ਼ਾਸਤਰ ਦਾ ਹੀ ਇੱਕ ਭਾਗ ਹੈ।ਕਿਸੇ ਵੀ ਵਿਸ਼ੇ ਦੇ ਗਿਆਨ ਦੀ ਪ੍ਰਾਪਤੀ ਵਿੱਚ ਪ੍ਰਮਾਣ ਦੇ ਵਿਸ਼ੇਸ਼ ਮਹੱਤਵ ਕਾਰਣ ਇਸ ਸ਼ਾਸਤਰ ਵਿੱਚ ਪਹਿਲੇ ਸਥਾਨ ਤੇ ‘ਪ੍ਰਮਾਣ’ ਦੀ ਵਿਵੇਚਨਾ ਕੀਤੀ ਗਈ ਹੈ।ਭਾਰਤੀ ਦਰਸ਼ਨ ਦੇ ਵਿਭਿੰਨ ਸੰਪ੍ਰਦਾਇਆਂ ਵਿੱਚ ਪ੍ਰਮਾਣਾਂ ਦੀ ਸੰਖਿਆ ਭਿੰਨ-ਭਿੰਨ ਹੈ[81]।ਨਿਆਇ ਦਰਸ਼ਨ

ਵਿੱਚ ਕੁਲ ਚਾਰ ਪ੍ਰਮਾਣ ਮੰਨੇ ਜਾਂਦੇ ਹਨ : ਪ੍ਰਤੱਖ, ਅਨੁਮਾਨ, ਉਪਮਾਨ ਅਤੇ ਸ਼ਬਦ ਪ੍ਰਮਾਣ।

### 2.5.1.1 ਗਿਆਨ ਪ੍ਰਾਪਤੀ ਦੇ ਪਹਿਲੇ ਤਿੰਨ ਪ੍ਰਮਾਣ:

ਨਿਆਇ ਦਰਸ਼ਨ ਅਨੁਸਾਰ ਇੰਦਰੀਆਂ ਦੇ ਪਦਾਰਥਾਂ ਨਾਲ ਸੰਪਰਕ ਤੋਂ ਉਤਪੰਨ ਹੋਣ ਵਾਲਾ ਸ਼ਬਦਰਹਿਤ, ਦੋਸ਼ਰਹਿਤ ਅਤੇ ਨਿਸ਼ਚਿਤ ਗਿਆਨ ਹੀ ਪ੍ਰਤੱਖ ਪ੍ਰਮਾਣ[82] ਹੈ। ਇੰਦਰੀਆਂ ਦੇ ਵਿਸ਼ਿਆਂ ਨਾਲ ਸੰਯੋਗ ਤੋਂ ਜਿਹੜਾ ਗਿਆਨ ਪੈਦਾ ਹੁੰਦਾ ਹੈ ਉਸ ਦਾ ਸੰਬੰਧ ਮਨ ਨਾਲ ਹੁੰਦਾ ਹੈ। ਬ੍ਰਿਹਦਾਰਣਿਕ ਉਪਨਿਸ਼ਦ ਵਿੱਚ ਵੀ ਕਿਹਾ ਗਿਆ ਹੈ ਕਿ ਮਨੁੱਖ ਮਨ ਦੁਆਰਾ ਹੀ ਵੇਖਦਾ ਹੈ, ਮਨ ਦੁਆਰਾ ਹੀ ਸੁਣਦਾ ਹੈ ਅਤੇ ਮਨ ਦੁਆਰਾ ਹੀ ਜਾਣਦਾ ਹੈ।[83] ਪ੍ਰਤੱਖ ਨੂੰ ਵੇਖ ਕੇ ਲਗਾਇਆ ਗਿਆ ਅਨੁਮਾਨ ਹੀ ਅਨੁਮਾਨ ਪ੍ਰਮਾਣ ਹੈ ਜਿਵੇਂ ਦੂਰ ਧੂੰਏਂ ਨੂੰ ਵੇਖ ਕੇ ਅੱਗ ਦਾ ਅਨੁਮਾਨ ਲਗਾਇਆ ਜਾਂਦਾ ਹੈ। ਨਿਆਇਕਾਂ ਨੇ ਅਨੁਮਾਨ ਪ੍ਰਮਾਣ ਦਾ ਗਿਆਨ ਕਰਵਾਉਣ ਲਈ ਇਸ ਦਾ ਪੰਜ ਖੰਡਾਂ ਵਿੱਚ ਵਿਭਾਜਨ ਕੀਤਾ ਹੈ[84] ਜਿਨ੍ਹਾਂ ਨੂੰ ਅਵਯਵ ਕਿਹਾ ਜਾਂਦਾ ਹੈ। ਉਪਮਾਨ ਨੂੰ ਮਨੁੱਖੀ ਗਿਆਨ ਦਾ ਤੀਜਾ ਸਾਧਨ ਜਾਂ ਪ੍ਰਮਾਣ ਮੰਨਿਆ ਜਾਂਦਾ ਹੈ। ਕਿਸੇ ਜਾਣੀ ਹੋਈ ਵਸਤੂ ਤੋਂ ਨਾਂ ਜਾਣੀ ਹੋਈ ਵਸਤੂ ਦਾ ਗਿਆਨ ਜਿਸ ਪ੍ਰਮਾਣ ਦੁਆਰਾ ਹੁੰਦਾ ਹੈ ਉਸ ਨੂੰ ਉਪਮਾਨ ਕਿਹਾ ਜਾਂਦਾ ਹੈ। ਇਹ ਗਿਆਨ ਦੋ ਪਦਾਰਥਾਂ ਦੀ ਤੁਲਨਾ ਅਤੇ ਸਮਾਨਤਾ ਦੇ ਆਧਾਰ ਉੱਤੇ ਪ੍ਰਾਪਤ ਕੀਤਾ ਜਾਂਦਾ ਹੈ ਜਿਵੇਂ ਜਦੋਂ ਕੋਈ ਕਹਿੰਦਾ ਹੈ ਕਿ ਜੰਗਲ ਵਿੱਚ ਕੋਈ ਗਾਂ ਵਰਗਾ ਜਾਨਵਰ ਹੈ ਜਿਸ ਨੂੰ ਗਵਯ ਕਿਹਾ ਜਾਂਦਾ ਹੈ ਤਾਂ ਗਾਂ ਉਪਮਾਨ ਪ੍ਰਮਾਣ ਹੈ। ਬੌਧ ਅਤੇ ਵੈਸ਼ੇਸ਼ਿਕ ਦਰਸ਼ਨ ਉਪਮਾਨ ਨੂੰ ਕੋਈ ਵੱਖਰਾ ਪ੍ਰਮਾਣ ਨਹੀਂ ਮੰਨਦੇ ਸਗੋਂ ਪ੍ਰਤੱਖ ਅਤੇ ਸ਼ਬਦ ਪ੍ਰਮਾਣ ਦੇ ਅੰਤਰਗਤ ਹੀ ਮੰਨਦੇ ਹਨ।[85]

### 2.5.1.2 ਸ਼ਬਦ ਪ੍ਰਮਾਣ:

'ਸ਼ਬਦ' ਉਹ ਧੁਨੀ ਹੈ ਜਿਸ ਤੋਂ ਕਿਸੇ ਵਸਤੂ ਦੇ ਸਰੂਪ ਦਾ ਬੋਧ ਹੁੰਦਾ ਹੈ ਪਰ 'ਸ਼ਬਦ' ਨੂੰ ਪ੍ਰਮਾਣ ਉਦੋਂ ਕਿਹਾ ਜਾਂਦਾ ਹੈ ਜਦੋਂ ਉਸ ਰਾਹੀਂ ਕਿਸੇ ਯਥਾਰਥ ਗਿਆਨ ਦੀ ਪ੍ਰਾਪਤੀ ਹੋਵੇ। ਜਿਹੜਾ ਗਿਆਨ ਮਨੁੱਖ ਪ੍ਰਤੱਖ, ਅਨੁਮਾਨ ਅਤੇ ਉਪਮਾਨ ਪ੍ਰਮਾਣਾਂ ਰਾਹੀਂ ਪ੍ਰਾਪਤ ਨਹੀਂ ਕਰ ਸਕਦਾ ਪਰ ਕੇਵਲ ਸ਼ਬਦਾਂ ਰਾਹੀਂ ਪ੍ਰਾਪਤ ਕਰਦਾ ਹੈ, ਉਸ ਗਿਆਨ ਨੂੰ ਸ਼ਬਦ ਪ੍ਰਮਾਣ ਕਿਹਾ ਜਾਂਦਾ ਹੈ। ਆਤਮਵੇਤਾ ਰਿਸ਼ੀਆਂ ਦੇ ਅਨੁਭੂਤ ਬਚਨ ਸ਼ਬਦ ਪ੍ਰਮਾਣ

ਸਮਝੇ ਜਾਂਦੇ ਹਨ। ਦੂਜੇ ਸ਼ਬਦਾਂ ਵਿੱਚ ਸ਼ਬਦ ਇੱਕ ਅਜਿਹੇ ਭਰੋਸੇਯੋਗ ਮਹਾਤਮਾ ਦੀ ਉਕਤੀ ਹੁੰਦੀ ਹੈ ਜਿਸ ਨੂੰ ਕਿਸੇ ਤੱਤ ਦੇ ਵਾਸਤਵਿਕ ਸਰੂਪ ਦਾ ਗਿਆਨ ਹੋ ਗਿਆ ਹੋਵੇ। ਗਿਆਨ ਪ੍ਰਾਪਤੀ ਦੀਆਂ ਇਨ੍ਹਾਂ ਤਿੰਨਾਂ ਸੀਮਿਤ ਵਿਧੀਆਂ ਦੇ ਮੁਕਾਬਲੇ ਚੌਥੀ ਵਿਧੀ (ਸ਼ਬਦ ਪ੍ਰਮਾਣ) ਇੱਕ ਤਾਂ ਸੀਮਿਤ ਨਹੀਂ, ਦੂਜਾ ਇਹ ਤ੍ਰੈ ਕਾਲੀ (ਭੂਤ, ਵਰਤਮਾਨ ਅਤੇ ਭਵਿੱਖ) ਮੰਨੀ ਗਈ ਹੈ। ਗਿਆਨ ਇੰਦਰੀਆਂ ਕੇਵਲ ਵਰਤਮਾਨ ਦਾ ਬੋਧ ਕਰਾਉਂਦੀਆ ਹਨ ਜਦੋਂ ਕਿ 'ਸ਼ਬਦ' ਤਿੰਨਾਂ ਕਾਲਾਂ ਦਾ ਬੋਧ ਕਰਾਉਂਦਾ ਹੈ। ਇਸ ਤਰ੍ਹਾਂ 'ਸ਼ਬਦ' ਨੂੰ ਜਿੱਥੇ ਵਰਤਮਾਨ ਸਮੇਂ ਸੰਚਾਰ ਦੇ ਮਾਧਿਅਮ ਵਜੋਂ ਵਰਤਿਆ ਜਾਂਦਾ ਹੈ ਉੱਥੇ ਭਵਿੱਖ ਦੀਆਂ ਪੀੜ੍ਹੀਆਂ ਨੂੰ ਵੀ 'ਸ਼ਬਦ' ਦੇ ਮਾਧਿਅਮ ਰਾਹੀਂ ਸੰਬੋਧਤ ਕੀਤਾ ਜਾ ਸਕਦਾ ਹੈ।

ਮੀਮਾਂਸਾ ਅਤੇ ਵੇਦਾਂਤ ਦਰਸ਼ਨਾਂ ਵਿੱਚ ਗਿਆਨ ਦੇ ਸ਼ਬਦ ਪ੍ਰਮਾਣ ਨੂੰ ਸਾਰੇ ਪ੍ਰਮਾਣਾਂ ਵਿੱਚੋਂ ਸਭ ਤੋਂ ਜ਼ਿਆਦਾ ਮਹੱਤਵਪੂਰਣ ਪ੍ਰਮਾਣ ਜਾਂ ਸਾਧਨ ਮੰਨਿਆ ਗਿਆ ਹੈ[86] ਕਿਉਂਕਿ ਬਾਕੀ ਪ੍ਰਮਾਣਾਂ ਦੀ ਸੀਮਾ ਬਹੁਤ ਛੋਟੀ ਹੈ। ਮਨੁੱਖੀ ਗਿਆਨ ਦਾ ਸਾਰਾ ਭੰਡਾਰ ਸ਼ਬਦਾਂ ਵਿੱਚ ਹੀ ਛੁਪਿਆ ਹੋਇਆ ਹੈ ਅਤੇ ਨਿਰਸੰਦੇਹ ਇਹ ਵੀ ਕਿਹਾ ਜਾ ਸਕਦਾ ਹੈ ਕਿ ਮਨੁੱਖੀ ਗਿਆਨ ਸ਼ਬਦਾਂ ਦੀ ਸੀਮਾ ਤੋਂ ਪਰ੍ਹਾਂ ਜਾ ਵੀ ਨਹੀਂ ਸਕਦਾ। ਨਿਆਇ ਸ਼ਾਸਤਰ ਅਨੁਸਾਰ ਹਰ ਪ੍ਰਕਾਰ ਦੇ ਸ਼ਬਦ ਗਿਆਨ ਨੂੰ ਪ੍ਰਮਾਣ ਜਾਂ ਯਥਾਰਥ ਗਿਆਨ ਦਾ ਸਾਧਨ ਨਹੀਂ ਮੰਨਿਆ ਜਾਂਦਾ ਸਗੋਂ ਮਹਾਰਿਸ਼ੀ ਗੌਤਮ ਨੇ ਸ਼ਬਦ ਪ੍ਰਮਾਣ ਦੀ ਪਰਿਭਾਸ਼ਾ ਦਿੰਦੇ ਹੋਏ ਕਿਹਾ ਹੈ ਕਿ 'ਆਪਤੋਪਦੇਸ਼' ਅਰਥਾਤ ਵਿਸ਼ਵਾਸਯੋਗ ਪੁਰਸ਼ ਜਾਂ ਆਪਤ ਪੁਰਸ਼ ਦੇ ਵਾਕ ਨੂੰ ਸ਼ਬਦ ਪ੍ਰਮਾਣ ਕਿਹਾ ਜਾਂਦਾ ਹੈ। ਵਿਸ਼ਵਾਸਯੋਗ ਜਾਂ ਆਪਤ ਪੁਰਸ਼ ਉਹ ਹੁੰਦਾ ਹੈ ਜਿਹੜਾ ਹਰੇਕ ਗੱਲ ਨੂੰ ਉਸੇ ਤਰ੍ਹਾਂ ਬਿਆਨ ਕਰਦਾ ਹੈ ਜਾਂ ਲਿਖਦਾ ਹੈ ਜਿਸ ਤਰ੍ਹਾਂ ਉਹ ਯਥਾਰਥ ਅਵਸਥਾ ਵਿੱਚ ਹੁੰਦੀ ਹੈ, ਉਸ ਵਿੱਚ ਕਿਸੇ ਤਰ੍ਹਾਂ ਦੀ ਕੋਈ ਵੀ ਹੇਰਾਫੇਰੀ ਨਹੀਂ ਕਰਦਾ ਅਤੇ ਨਾ ਹੀ ਆਪਣੀ ਕਲਪਨਾ ਦੀ ਕੁਵਰਤੋਂ ਕਰਦਾ ਹੈ। ਸੰਖੇਪ ਵਿੱਚ ਆਸਤਿਕ ਦਰਸ਼ਨਾਂ ਅਨੁਸਾਰ ਯਥਾਰਥ ਵਕਤਾ ਜਾਂ ਵੇਦ-ਦ੍ਰਿਸ਼ਟਾ ਰਿਸ਼ੀ ਮੁਨੀ ਹੀ ਵਿਸ਼ਵਾਸਯੋਗ ਪੁਰਸ਼ ਹੁੰਦਾ ਹੈ। ਸ਼ਬਦ ਪ੍ਰਮਾਣ ਦੇ ਨਿਆਇ ਸ਼ਾਸਤਰ ਵਿੱਚ ਦੋ ਭੇਦ ਦੱਸੇ ਗਏ ਹਨ - ਦ੍ਰਿਸ਼ਟ ਅਰਥ ਵਾਲੇ ਸ਼ਬਦ ਅਤੇ ਅਦ੍ਰਿਸ਼ਟ ਅਰਥ ਵਾਲੇ ਸ਼ਬਦ। ਦ੍ਰਿਸ਼ਟ ਅਰਥ ਵਾਲੇ ਸ਼ਬਦ ਪ੍ਰਮਾਣ ਨੂੰ ਲੌਕਿਕ ਸ਼ਬਦ ਪ੍ਰਮਾਣ ਵੀ ਕਹਿ ਸਕਦੇ ਹਾਂ ਕਿਉਂਕਿ ਉਹ ਇਸ ਲੋਕ ਵਿੱਚ ਦਿਸਦੇ ਹਨ ਪ੍ਰੰਤੂ ਇਸ ਲੋਕ ਵਿੱਚ ਨਾ ਦਿਖਾਈ ਦੇਣ ਵਾਲੇ ਅਦ੍ਰਿਸ਼ਟਾਰਥ ਨੂੰ ਅਲੌਕਿਕ ਜਾਂ ਵੈਦਿਕ ਸ਼ਬਦ ਪ੍ਰਮਾਣ ਕਿਹਾ ਜਾਂਦਾ ਹੈ। ਅਦ੍ਰਿਸ਼ਟਾਰਥ, ਅਲੌਕਿਕ ਜਾਂ ਵੈਦਿਕ ਸ਼ਬਦ ਪ੍ਰਮਾਣ ਵਿੱਚ ਕੇਵਲ ਵੇਦ ਹੀ ਲਏ

ਜਾਂਦੇ ਹਨ ਕਿਉਂਕਿ ਨਿਆਇ ਦਰਸ਼ਨ ਦੇ ਆਚਾਰੀਆ ਈਸ਼ਵਰ ਨੂੰ ਵੇਦਾਂ ਦਾ ਕਰਤਾ ਜਾਂ ਵਕਤਾ ਮੰਨਦੇ ਹਨ। ਇਸ ਲਈ ਵੇਦਾਂ ਦੇ ਸਾਰੇ ਵਾਕ ਪ੍ਰਮਾਣ ਮੰਨੇ ਜਾਂਦੇ ਹਨ ਜਦੋਂ ਕਿ ਲੌਕਿਕ ਸ਼ਬਦ ਪ੍ਰਮਾਣ ਵਿੱਚ ਰਿਸ਼ੀਆਂ ਦੇ ਲਿਖੇ ਹੋਏ ਸਾਰੇ ਸ਼ਾਸਤਰ ਆ ਜਾਂਦੇ ਹਨ। ਇਸੇ ਪ੍ਰਮਾਣ ਵਿੱਚ ਆਧੁਨਿਕ ਸ਼ਬਦ ਪ੍ਰਮਾਣ ਦੇ ਸਾਰੇ ਵਿਸ਼ਵਾਸਯੋਗ ਸਾਧਨ ਰੇਡੀਓ, ਟੀ. ਵੀ., ਅਖ਼ਬਾਰ ਅਤੇ ਲਿਖਿਤ ਗ੍ਰੰਥ ਵੀ ਆ ਜਾਂਦੇ ਹਨ।

ਸ਼ਬਦ ਪ੍ਰਮਾਣ ਸੰਬੰਧੀ ਉਪਰੋਕਤ ਵਿਚਾਰ ਚਰਚਾ ਦੇ ਸਾਰ ਵਜੋਂ ਕਿਹਾ ਜਾ ਸਕਦਾ ਹੈ ਕਿ ਭਾਰਤੀ ਧਾਰਮਿਕ ਵਿਚਾਰਧਾਰਾ ਵਿੱਚ ਵੇਦ ਆਦਿ ਧਾਰਮਿਕ ਗ੍ਰੰਥਾਂ ਨੂੰ ਅਭੁੱਲ ਅਤੇ ਰੱਬੀ ਇਲਹਾਮ ਮੰਨਿਆ ਗਿਆ ਹੈ। ਇਨ੍ਹਾਂ ਦੀ ਅਭਿਵਿਅਕਤੀ ਦਾ ਸ੍ਰੋਤ ਮਨੁੱਖੀ ਜਗਤ ਨਹੀਂ ਸਗੋਂ ਅਪੌਰੁਸ਼ੇਯ ਹੈ। ਇਸ ਲਈ ਭਾਰਤੀ ਦਰਸ਼ਨ ਦੀ ਸਨਾਤਨੀ ਪ੍ਰਣਾਲੀ ਅਨੁਸਾਰ ਵੇਦ ਨੂੰ ਸ਼ਬਦ ਪ੍ਰਮਾਣ ਮੰਨਿਆ ਗਿਆ ਹੈ।

### 2.5.2 ਸ਼ਬਦ ਦਾ ਸਿਧਾਂਤ: ਭਰਤ੍ਰਹਰਿ ਦੀ 'ਵਾਕਯਪਦੀਯ' ਦੇ ਵਿਸ਼ੇਸ਼ ਸੰਦਰਭ ਵਿੱਚ

ਭਾਰਤੀ ਪਰੰਪਰਾ ਵਿੱਚ ਬਹੁਤ ਸਾਰੀਆਂ ਅਰਥ ਪਰੰਪਰਾਵਾਂ ਹਨ ਜਿਨ੍ਹਾਂ ਦਾ ਲੇਖਾ ਜੋਖਾ ਕਰਨਾ ਆਪਣੇ ਆਪ ਵਿੱਚ ਇੱਕ ਸੁਤੰਤਰ ਅਧਿਐਨ ਦੀ ਮੰਗ ਕਰਦਾ ਹੈ ਏਥੇ ਅਰਥ ਪਰੰਪਰਾ ਦੀ ਪ੍ਰਤੀਨਿਧਤਾ[87] ਕਰਨ ਵਾਲੇ ਸਿਰਫ ਇੱਕ ਵਿਦਵਾਨ ਭਰਤ੍ਰਹਰਿ, ਜੋ ਕਿ ਭਾਰਤ ਦੇ ਪ੍ਰਥਮ ਵਿਆਕਰਣ ਸ਼ਾਸਤਰੀ ਵਜੋਂ ਜਾਣਿਆ ਜਾਂਦਾ ਹੈ, ਨੂੰ ਕੇਂਦਰ ਬਣਾ ਕੇ ਭਾਰਤੀ ਪਰੰਪਰਾ ਅਨੁਸਾਰ ਸ਼ਬਦ ਦੇ ਸਿਧਾਂਤ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਭਾਰਤੀ ਭਾਸ਼ਾ ਵਿਗਿਆਨੀਆਂ ਜਾਂ ਵਿਆਕਰਣਕਾਰਾਂ ਵਿੱਚ ਯਾਸਕ, ਪਾਣਿਨੀ, ਕਾਤਿਯਾਯਨ, ਪਤੰਜਲੀ ਅਤੇ ਭਰਤ੍ਰਹਰਿ ਦਾ ਨਾਮ ਵਿਸ਼ੇਸ਼ ਕਰਕੇ ਆਉਂਦਾ ਹੈ। ਕੋਈ ਵੀ ਭਾਸ਼ਾ ਵਿਗਿਆਨੀ ਜਾਂ ਤਾਂ ਕਿਸੇ ਭਾਸ਼ਾ ਦੀ ਵਿਆਕਰਣ ਲਿਖਦਾ ਹੈ ਜਾਂ ਫਿਰ ਵਿਆਕਰਣ ਲਿਖਣ ਦੇ ਮੂਲ ਸਿਧਾਂਤਾਂ ਦਾ ਸਪਸ਼ਟੀਕਰਣ ਕਰਦਾ ਹੈ। ਅੰਗਰੇਜ਼ੀ ਵਿੱਚ ਪਹਿਲੇ ਨੂੰ 'ਗ੍ਰੈਮੇਰੀਅਨ' (grammarian) ਜਾਂ 'ਵਿਆਕਰਣਕਾਰ' ਅਤੇ ਦੂਜੇ ਨੂੰ 'ਥਿਉਰੈਟੀਕਲ ਲਿੰਗੁਇਸਟ' (Theoretical Linguist) ਜਾਂ 'ਭਾਸ਼ਾ ਸ਼ਾਸਤਰੀ' ਕਿਹਾ ਜਾਂਦਾ ਹੈ। ਅੱਜ ਤੋਂ ਢਾਈ ਹਜ਼ਾਰ ਤੋਂ ਵੀ ਵੱਧ ਸਾਲ ਪਹਿਲਾਂ ਹੋਏ ਭਾਰਤੀ ਭਾਸ਼ਾ-ਵਿਗਿਆਨੀ ਪਾਣਿਨੀ ਵਿਖਿਆਤ ਵਿਆਕਰਣਕਾਰ ਸਨ। ਪਾਣਿਨੀ ਨੇ ਆਪਣੇ ਵਿਆਕਰਣ ਸੰਬੰਧੀ ਸੁਪ੍ਰਸਿੱਧ ਗ੍ਰੰਥ 'ਅਸ਼ਟਾਧਿਆਈ' ਵਿੱਚ ਸੰਸਕ੍ਰਿਤ ਸੰਰਚਨਾ ਦੇ ਸਿਧਾਂਤ ਲੱਭੇ ਅਤੇ ਉਨ੍ਹਾਂ ਨੂੰ ਵਿਗਿਆਨਕ

ਸਰਵ ਵਿਆਪਕਤਾ ਦੇ ਨਾਲ ਨੇਮ ਬੱਧ ਕੀਤਾ।ਮਗਰੋਂ ਕਾਤਿਯਾਯਨ ਨੇ ਉਸ ਉੱਪਰ 'ਵਾਰਤਿਕ' ਲਿਖਿਆ ਅਤੇ ਪਾਣਿਨੀ ਦੇ ਸੂਤਰਾਂ ਵਿੱਚ ਵਾਧਾ ਕੀਤਾ।ਪਾਣਿਨੀ ਤੋਂ ਚਾਰ ਸਦੀਆਂ ਬਾਅਦ ਪਤੰਜਲੀ ਨੇ ਪਾਣਿਨੀ ਅਤੇ ਕਾਤਿਯਾਯਨ ਦੋਹਾਂ ਦੇ ਮੂਲ ਪਾਠਾਂ ਦੀ ਟੀਕਾ 'ਮਹਾਭਾਸ਼ਯ' ਦੇ ਨਾਮ ਹੇਠਾਂ ਲਿਖੀ।ਮਗਰੋਂ ਉਨ੍ਹਾਂ ਸਿਧਾਂਤਾਂ ਦੀ ਵਿਆਖਿਆ ਭਾਰਤ ਦੇ ਮਹਾਨ ਭਾਸ਼ਾ ਸ਼ਾਸਤਰੀ ਭਰਤ੍ਰਹਰਿ ਨੇ ਕੀਤੀ ਭਾਵ ਸੰਸਕ੍ਰਿਤ ਭਾਸ਼ਾ ਦਾ ਵਿਆਕਰਣ ਤਾਂ ਭਾਵੇਂ ਪਾਣਿਨੀ ਨੇ ਲਿਖਿਆ ਪਰ ਉਸ ਵਿਆਕਰਣ ਤੋਂ ਵਿਆਕਰਣ ਸ਼ਾਸਤਰ ਦੀ ਰਚਨਾ ਭਰਤ੍ਰਹਰਿ ਨੇ ਕੀਤੀ।[88]

### 2.5.2.1 ਭਾਰਤੀ ਭਾਸ਼ਾ ਦਰਸ਼ਨ ਦਾ ਅਧਾਰ ਗ੍ਰੰਥ 'ਵਾਕਯਪਦੀਯ':

ਭਰਤ੍ਰਹਰਿ ਦੇ ਸਮੁੱਚੇ ਭਾਸ਼ਾ ਵਿਗਿਆਨਕ ਸਿਧਾਂਤਾਂ ਦਾ ਪਤਾ 'ਵਾਕਯਪਦੀਯ' ਤੋਂ ਹੀ ਲੱਗਦਾ ਹੈ ਪਤੰਜਲੀ ਤੋਂ ਮਗਰੋਂ ਵਿਆਖਿਆ ਪਰੰਪਰਾ ਦਾ ਸਭ ਤੋਂ ਵੱਡਾ ਚਿੰਤਕ ਭਰਤ੍ਰਹਰਿ ਨੂੰ ਮੰਨਿਆ ਜਾਂਦਾ ਹੈ ਜਿਸਨੇ ਨਾ ਸਿਰਫ ਪਤੰਜਲੀ ਦੇ 'ਮਹਾਭਾਸ਼ਯ' ਦੀ ਟੀਕਾ 'ਮਹਾਭਾਸ਼ਯ ਦੀਪਿਕਾ' ਲਿਖੀ ਸਗੋਂ 'ਵਾਕਯਪਦੀਯ' ਦੇ ਨਾਮ ਹੇਠਾਂ ਭਾਸ਼ਾ ਦਰਸ਼ਨ ਉੱਪਰ ਇੱਕ ਵਿਸਤ੍ਰਿਤ ਗ੍ਰੰਥ ਲਿਖ ਕੇ ਅਜਿਹੇ ਸਿਧਾਂਤ ਵੀ ਸਥਾਪਿਤ ਕੀਤੇ ਜਿਨ੍ਹਾਂ ਦੀ ਸਾਰਥਕਤਾ ਕਿਧਰੇ ਹੁਣ ਜਾ ਕੇ ਪੂਰੀ ਤਰ੍ਹਾਂ ਸਪਸ਼ਟ ਹੋ ਰਹੀ ਹੈ।ਭਰਤ੍ਰਹਰਿ ਨੇ ਹੋਰ ਵੀ ਕਈ ਗ੍ਰੰਥਾਂ ਦੀ ਰਚਨਾ ਕੀਤੀ ਜਿਨ੍ਹਾਂ ਵਿੱਚ ਵਾਕਯਪਦੀਯ (ਤਿੰਨ ਕਾਂਡ), ਵਾਕਯਪਦੀਯ ਟੀਕਾ (ਪਹਿਲਾ ਤੇ ਦੂਜਾ ਕਾਂਡ), ਭੱਟਿਕਾਵਯ, ਭਾਗਵ੍ਰਿਤਿ ਅਤੇ ਸੁਭਾਸ਼ਿਤ ਤ੍ਰਿਸ਼ਤੀ ਆਦਿ ਉਸ ਦੀਆਂ ਪ੍ਰਮੁੱਖ ਕਿਰਤਾਂ ਮੰਨੀਆਂ ਜਾਂਦੀਆਂ ਹਨ।ਵਿਆਕਰਣਕਾਰ ਅਤੇ ਭਾਸ਼ਾ ਦਾਰਸ਼ਨਿਕ ਦੇ ਰੂਪ ਵਿੱਚ ਭਰਤ੍ਰਹਰਿ ਦੀ ਪ੍ਰਸਿੱਧੀ 'ਵਾਕਯਪਦੀਯ' ਗ੍ਰੰਥ ਕਾਰਨ ਹੋਈ।ਵਾਕਯਪਦੀਯ ਦਾ ਅਰਥ ਹੈ – 'ਵਾਕ ਅਤੇ ਪਦ ਦੇ ਵਿਸ਼ਿਆਂ ਸੰਬੰਧੀ ਚਰਚਾ ਕਰਨ ਵਾਲਾ ਗ੍ਰੰਥ'[89]। 'ਪਦ' ਵਾਕ ਵਿੱਚ ਵਰਤੇ ਗਏ ਸ਼ਬਦ-ਰੂਪ ਹੁੰਦੇ ਹਨ।

### 2.5.2.2 ਸ਼ਬਦ ਬ੍ਰਹਮ ਅਨਾਦਿ ਹੈ:

ਵੇਦਾਂਤੀ ਫ਼ਲਸਫ਼ੇ ਨੂੰ ਮੰਨਣ ਵਾਲੇ ਭਰਤ੍ਰਹਰਿ ਵਾਕਯਪਦੀਯ ਗ੍ਰੰਥ ਦਾ ਆਰੰਭ ਸ਼ਬਦ ਬ੍ਰਹਮ ਦੀ ਅਰਾਧਨਾ ਨਾਲ ਕਰਦੇ ਹਨ ਅਤੇ ਕਹਿੰਦੇ ਹਨ ਕਿ ਸਭ ਵਿਵਹਾਰਕ ਕਿਰਿਆ ਕਲਾਪ ਦਾ ਆਧਾਰ ਸ਼ਬਦ ਹਨ।ਵਿਵਹਾਰ ਸ਼ਬਦ ਮੂਲਕ ਹੈ ਪਰ ਸ਼ਬਦਾਂ ਦਾ ਯਥਾਰਥ-ਗਿਆਨ ਵਿਆਕਰਣ ਦੇ ਬਿਨਾਂ ਨਹੀਂ ਹੁੰਦਾ।ਵਿਆਕਰਣ ਦਾ ਅਧਿਐਨ ਕਰਨ ਨਾਲ ਮੋਕਸ਼

ਦੀ ਪ੍ਰਾਪਤੀ ਹੁੰਦੀ ਹੈ।ਵਾਕਯਪਦੀਯ ਦੀ ਪਹਿਲੀ ਕਾਰਿਕਾ ਹੀ 'ਸ਼ਬਦ ਦੇ ਸਿਧਾਂਤ' ਨੂੰ ਵਿਰਾਟ ਪੱਧਰ ਉੱਤੇ ਪ੍ਰਸਤੁਤ ਕਰ ਦਿੰਦੀ ਹੈ:

ਅਨਾਦਿਨਿਧਾਨੰ ਬ੍ਰਹਮ ਸ਼ਬਦਤਤਵੰ ਯਦਅਖਸ਼ਰਮ।

ਵਿਵਰਤੇਅਰਥਭਾਵੇਨ ਪ੍ਰਕ੍ਰਿਯਾ ਜਗਤੋ ਯਤਹ॥ [90]

ਭਾਵ ਸ਼ਬਦ-ਬ੍ਰਹਮ ਆਦਿ ਅਤੇ ਅੰਤ ਤੋਂ ਰਹਿਤ ਹੈ।ਅਕਸ਼ਰ, ਉਸ ਦਾ ਹੀ ਅਰਥ ਰੂਪ ਵਿਵਰਤ ਹੁੰਦਾ ਹੈ, ਜਿਸ ਨਾਲ ਇਸ ਸੰਸਾਰ ਦਾ ਕਾਰਜ ਚਲਦਾ ਹੈ ਅਰਥਾਤ ਜੋ ਉਤਪੰਨ ਜਾਂ ਵਿਨਾਸ਼ ਨਹੀਂ ਹੁੰਦਾ ਅਤੇ ਜੋ ਵਰਣਾਂ ਦਾ ਕਾਰਨ ਹੁੰਦੇ ਹੋਏ ਵੀ ਅਰਥ ਰੂਪ ਵਿੱਚ ਭਾਸ਼ਿਤ ਹੁੰਦਾ ਹੈ।ਉਹ ਪਸ਼ਿਅੰਤੀ ਵਾਕ-ਰੂਪ ਸ਼ਬਦ ਤਤਵ ਹੀ ਬ੍ਰਹਮ ਹੈ।

ਵਾਕਯਪਦੀਯ ਵਿੱਚ ਭਰਤ੍ਰਹਰਿ ਸ਼ਬਦ ਅਤੇ ਸ਼ਬਦ-ਬ੍ਰਹਮ ਦੀ ਵਿਸਤ੍ਰਿਤ ਵਿਆਖਿਆ ਪ੍ਰਸਤੁਤ ਕਰਦਾ ਹੈ।ਉਸ ਅਨੁਸਾਰ ਸ਼ਬਦ ਅਤੇ ਬ੍ਰਹਮ ਪਰਸਪਰ ਸੰਬੰਧਤ ਹਨ ਅਤੇ 'ਸ਼ਬਦ' ਭਾਸ਼ਾ ਦੀਆਂ ਸਾਰਥਿਕ ਧੁਨੀਆਂ ਦੀ ਇੱਕ ਅਜਿਹੀ ਇਕਾਈ ਹੁੰਦਾ ਹੈ ਜਿਸ ਨਾਲ ਇੱਕ ਜਾਂ ਇੱਕ ਤੋਂ ਵਧੇਰੇ ਰੂਪ ਅਤੇ ਇੱਕ ਜਾਂ ਇੱਕ ਤੋਂ ਵਧੇਰੇ ਭਾਵ ਜੁੜੇ ਹੁੰਦੇ ਹਨ।'ਸ਼ਬਦ' ਲਈ 'ਅਕਸ਼ਰ' ਮਦ ਦੀ ਵੀ ਵਰਤੋਂ ਕੀਤੀ ਜਾਂਦੀ ਹੈ ਜਿਸ ਦਾ ਅਰਥ ਹੈ ਜੋ ਖੁਰਦਾ ਨਹੀਂ[91] ਅਰਥਾਤ ਜੋ ਸਦੀਵੀਂ ਅਤੇ ਚਿਰੰਜੀਵੀ ਹੈ।ਭਰਤ੍ਰਹਰਿ ਅਨੁਸਾਰ ਅੱਖਰ ਤੋਂ ਭਾਵ ਹੈ - ਸਾਰਥਕ ਧੁਨੀ।ਉਹ ਸਾਰਥਕ ਧੁਨੀ ਜੋ ਵਸਤੂਆਂ ਦੇ ਰੂਪ ਜਾਂ ਭਾਵ ਨੂੰ ਪਰਗਟ ਕਰਦੀ ਹੈ ਅਤੇ ਇਸ ਤੋਂ ਹੀ ਸੰਸਾਰ ਦਾ ਆਰੰਭ ਹੁੰਦਾ ਹੈ।ਇਸ ਪ੍ਰਕਾਰ ਜੇ ਸ਼ਬਦ ਹੀ ਸੰਸਾਰ ਨੂੰ ਅਨੁਭਵ ਕਰਨ ਦਾ ਮਾਧਿਅਮ ਹੈ ਤਾਂ ਸ਼ਬਦ ਹੀ ਉਹ 'ਇੱਕ' ਹੈ।ਜੋ ਸਾਰੇ ਦਿੱਖ ਅਤੇ ਅਦਿੱਖ ਵਰਤਾਰੇ ਦਾ ਸਿਰਜਕ, ਸੰਚਾਲਕ ਅਤੇ ਸੰਘਾਰਕ ਹੈ।ਇਸੇ ਲਈ 'ਸ਼ਬਦ' ਅਤੇ 'ਬ੍ਰਹਮ' ਪ੍ਰਾਇਵਾਚੀ ਹਨ।ਬ੍ਰਹਮ ਵੀ ਸੰਸਾਰ ਦਾ ਸਿਰਜਕ ਹੈ ਅਤੇ ਸ਼ਬਦ ਵੀ।ਇਸੇ ਲਈ ਭਰਤ੍ਰਹਰਿ ਅਨੁਸਾਰ ਸ਼ਬਦ ਹੀ ਬ੍ਰਹਮ ਹੈ ਅਤੇ ਸ਼ਬਦ ਬ੍ਰਹਮ ਹੀ ਅਨਾਦਿ ਹੈ।ਉਹ ਅਭਿਧਾ ਸ਼ਕਤੀ ਦੇ ਕਾਰਨ ਭਿੰਨ ਹੋ ਕੇ ਅਰਥ ਰੂਪ ਵਿੱਚ ਵਿਕਸਿਤ ਹੁੰਦਾ ਹੈ।

### 2.5.2.3 ਸ਼ਬਦ ਦਾ ਅਰਥ ਵਿਗਿਆਨ / ਸਫੋਟ ਸਿਧਾਂਤ:

ਸ਼ਬਦ ਰਾਹੀਂ ਸੰਚਾਰਿਤ ਹੁੰਦੇ ਅਰਥ ਦੇ ਅਸਤਿਤਵ ਨੂੰ ਉਜਾਗਰ ਕਰਨਾ ਭਰਤ੍ਰਹਰਿ ਦਾ ਦੂਜਾ ਸਰੋਕਾਰ ਹੈ।ਭਾਸ਼ਾ ਦਰਸ਼ਨ ਦੀ ਇੱਕ ਵਿਸ਼ੇਸ਼ ਸਮੱਸਿਆ ਰਹੀ ਹੈ - ਸ਼ਬਦ ਅਤੇ

ਅਰਥ ਦਾ ਦ੍ਵੈਤ।ਭਰਤ੍ਰਹਰਿ ਤੋਂ ਪਹਿਲਾਂ ਭਾਸ਼ਾ ਦਰਸ਼ਨ ਮੁੱਖ ਤੌਰ ਤੇ ਵਿਉਂਤਪੱਤੀ ਅਤੇ ਪਦਯੋਜਨਾ ਬਾਰੇ ਵਿਵਾਦਾਂ ਵਿੱਚ ਹੀ ਉਲਝਿਆ ਰਿਹਾ।ਭਰਤ੍ਰਹਰਿ ਦਾ ਸਫੋਟ ਸਿਧਾਂਤ ਅਰਥ ਵਿਗਿਆਨ ਦੇ ਖੇਤਰ ਵਿੱਚ ਸੰਸਾਰ ਨੂੰ ਭਾਰਤੀ ਚਿੰਤਨ ਦੀ ਮਹੱਤਵਪੂਰਣ ਦੇਣ ਹੈ।'ਸਫੋਟ' ਸ਼ਬਦ ਦਾ ਸਭ ਤੋਂ ਪਹਿਲਾ ਪ੍ਰਯੋਗ ਭਾਵੇਂ ਪਤੰਜਲੀ ਦੇ 'ਮਹਾਭਾਸ਼ਯ' ਵਿੱਚ ਮਿਲਦਾ ਹੈ ਪਰ ਸਫੋਟ ਨਾਲ ਸੰਬੰਧਤ ਪਤੰਜਲੀ ਦੇ ਵਿਚਾਰਾਂ ਨੂੰ ਪੂਰਣਤਾ ਦਿੰਦੇ ਹੋਏ ਭਰਤ੍ਰਹਰਿ ਨੇ 'ਸਫੋਟ ਸਿਧਾਂਤ' ਨੂੰ ਸਭ ਤੋਂ ਪਹਿਲਾਂ 'ਵਾਕਯਪਦੀਯ' ਵਿੱਚ ਪੇਸ਼ ਕੀਤਾ।ਇਸ ਗ੍ਰੰਥ ਵਿੱਚ ਉਸ ਨੇ ਇਸ ਸਿਧਾਂਤ ਨਾਲ ਮਿਲਦੇ ਪੂਰਵਕਾਲੀ ਅਤੇ ਸਮਕਾਲੀ ਮਤਾਂ ਦੀ ਵਿਆਖਿਆ ਅਤੇ ਵਿਸ਼ਲੇਸ਼ਣ ਵੀ ਪ੍ਰਸਤੁਤ ਕੀਤਾ ਹੈ।[92] ਉਹ ਸ਼ਬਦਾਂ ਦੇ ਅਰਥਾਂ ਨੂੰ ਅੰਤਰ ਸੰਬੰਧਤ ਦੋ ਪੱਧਰਾਂ ਉੱਤੇ ਲੈਂਦਾ ਹੈ।ਇੱਕ ਪੱਧਰ ਤੇ ਉਹ ਸ਼ਬਦਾਂ ਦੇ ਪਦ ਅਰਥਾਂ ਦਾ ਵਰਣਨ ਕਰਦਾ ਹੈ ਅਤੇ ਦੂਜੇ ਪੱਧਰ ਤੇ ਉਹ ਇਨ੍ਹਾਂ ਦੇ ਵਾਕ ਅਰਥਾਂ ਨੂੰ ਸਪਸ਼ਟ ਕਰਦਾ ਹੈ।ਪਦ ਤੋਂ ਪਹਿਲਾਂ ਵਾਕ ਅਰਥ ਦੀ ਅਭਿਵਿਅਕਤੀ ਕਰਦੇ ਹਨ ਅਤੇ ਵਾਕ ਨਾਲ ਹੀ ਅਰਥ ਗਿਆਨ ਹੁੰਦਾ ਹੈ, ਪਦ ਨਾਲ ਨਹੀਂ।ਵਾਕ ਹੀ ਸਾਰਥਿਕ ਹੁੰਦਾ ਹੈ, ਹਰੇਕ ਪਦ ਨਹੀਂ।ਭਰਤ੍ਰਹਰਿ ਦਾ ਮੰਨਣਾ ਹੈ ਕਿ ਸੰਸਾਰ ਵਿੱਚ ਵਾਕ ਤੱਤ ਦੀ ਹੀ ਪ੍ਰਧਾਨਤਾ ਹੈ।ਵਾਕ ਤੱਤ ਹੀ ਗਿਆਨ ਦੀ ਪ੍ਰਤਿਭਾ ਅਤੇ ਪ੍ਰਕਾਸ਼ ਹੈ।ਇਹ ਵਾਕ ਤੱਤ ਸੰਸਾਰ ਵਿੱਚ ਤਿੰਨ ਰੂਪਾਂ ਵਿੱਚ ਸਥਿਤ ਹੋ ਕੇ ਪ੍ਰਕਾਸ਼ਿਤ ਹੋ ਰਿਹਾ ਹੈ।ਇਸ ਦੇ ਨਾਮ ਹਨ-ਵੈਖਰੀ, ਮਧਿਅਮਾ, ਪਸ਼ਯੰਤੀ।ਉਚਾਰਨ ਅੰਗਾਂ ਦੇ ਪ੍ਰਯਤਨ ਦੁਆਰਾ ਜੋ ਪਦ ਵਕਤਾ ਦੇ ਮੂੰਹ ਵਿੱਚੋਂ ਵਾਣੀ ਜਾਂ ਵਾਕ ਰੂਪ ਵਿੱਚ ਨਿਕਲਦੇ ਹਨ, ਉਸ ਨੂੰ ਵੈਖਰੀ ਕਹਿੰਦੇ ਹਨ।ਪ੍ਰਾਣ ਵਾਯੂ ਤੋਂ ਪਹਿਲਾਂ ਜੋ ਅੰਦਰ ਸੰਕਲਪਾਤਮਕ ਰੂਪ ਵਿੱਚ ਵਾਣੀ ਹੁੰਦੀ ਹੈ ਅਤੇ ਬੁੱਧੀ ਜਿਸ ਨੂੰ ਗ੍ਰਹਿਣ ਕਰਦੀ ਹੈ, 'ਮਧਿਅਮਾ' ਵਾਕ ਕਹਾਉਂਦੀ ਹੈ।ਭੇਦ, ਕ੍ਰਮ ਆਦਿ ਤੋਂ ਰਹਿਤ ਸੂਖ਼ਮ, ਅਵਿਨਾਸ਼ੀ ਕੇਵਲ ਪ੍ਰਕਾਸ਼ ਰੂਪ ਜੋਤੀ ਵਜੋਂ ਸ੍ਰਿਸ਼ਟੀ ਵਿੱਚ ਵਿਆਪਤ ਵਾਣੀ ਨੂੰ 'ਪਸ਼ਯੰਤੀ' ਕਹਿੰਦੇ ਹਨ।[93]

### 2.5.2.4 ਸ਼ਬਦ ਅਤੇ ਅਰਥ ਅਭਿੰਨ ਹਨ:

ਸ਼ਬਦ ਦੇ ਦੁਆਰਾ ਹੀ ਸਾਰੇ ਭਾਵਾਂ ਦੀ ਅਭਿਵਿਅਕਤੀ ਕੀਤੀ ਜਾਂਦੀ ਹੈ।ਸਭ ਪ੍ਰਕਾਰ ਦੇ ਅਰਥਾਂ ਦੇ ਬੋਧ ਦਾ ਸਾਧਨ ਸ਼ਬਦ ਹੀ ਹੈ।ਇਸ ਲਈ ਸਭ ਪ੍ਰਕਾਰ ਦੇ ਅਰਥਾਂ ਦਾ ਆਧਾਰ ਸ਼ਬਦ ਹੀ ਹੈ, ਉਹ ਬੇਸ਼ੱਕ ਦ੍ਰਿਸ਼ ਜਾਂ ਅਦ੍ਰਿਸ਼ ਸੰਸਾਰ ਨਾਲ ਸੰਬੰਧਤ ਹੋਣ।ਭਰਤ੍ਰਹਰਿ ਦਾ ਮਤ ਹੈ ਕਿ ਸ਼ਬਦ ਅਤੇ ਅਰਥ ਇੱਕ ਹੀ ਸਫੋਟ ਦੇ ਦੋ ਸਰੂਪ

ਹਨ।ਦੋਹਾਂ ਵਿੱਚੋਂ ਕਿਸੇ ਇੱਕ ਦੀ ਪਹਿਲੀ ਜਾਂ ਪ੍ਰਮੁੱਖ ਸਥਿਤੀ ਨਹੀਂ ਹੈ ਅਰਥਾਤ ਸ਼ਬਦ ਅਤੇ ਅਰਥ ਅਭਿੰਨ ਰੂਪ ਨਾਲ ਸੰਬੰਧਤ ਹਨ।ਭਰਤ੍ਰਹਰਿ ਸਪਸ਼ਟ ਕਰਦੇ ਹੋਏ ਕਹਿੰਦੇ ਹਨ ਕਿ ਸੰਚਾਰ ਪ੍ਰਕਿਰਿਆ ਦੌਰਾਨ ਸ਼ਬਦਾਂ ਦਾ ਇੱਕ ਰੂਪ 'ਵਾਚਕ' ਹੁੰਦਾ ਹੈ ਅਤੇ ਦੂਜਾ ਰੂਪ 'ਵਾਚਯ'।ਇਸ ਤਰ੍ਹਾਂ ਸ਼ਬਦ ਦਾ ਉਹ ਰੂਪ ਜੋ ਪ੍ਰਗਟ ਕਰਦਾ ਹੈ ਅਰਥਾਤ ਸ਼ਬਦ ਦਾ ਪ੍ਰਗਟਾਓ ਰੂਪ 'ਵਾਚਕ' ਅਤੇ ਜੋ ਰੂਪ ਪ੍ਰਗਟ ਹੁੰਦਾ ਹੈ ਅਰਥਾਤ ਸ਼ਬਦ ਦਾ ਅਰਥ ਉਸ ਨੂੰ 'ਵਾਚਯ' ਕਿਹਾ ਜਾਂਦਾ ਹੈ।ਇਸ ਲਈ ਜਦੋਂ ਵਕਤਾ ਆਪਣੀ ਸੋਚ ਨੂੰ ਸੰਚਾਰਨਾ ਲੋਚਦਾ ਹੈ ਤਾਂ ਉਸ ਨੂੰ ਉਨ੍ਹਾਂ ਢੁਕਵੇਂ ਸ਼ਬਦ ਰੂਪਾਂ (ਵਾਚਕ) ਦੀ ਚੋਣ ਕਰਨੀ ਪੈਂਦੀ ਹੈ ਜੋ ਉਸ ਦੀ ਸੋਚ ਵਿਚਲੇ ਅਰਥਾਂ (ਵਾਚਯ) ਨੂੰ ਸਰੋਤੇ ਤੱਕ ਪਹੁੰਚਾ ਸਕਣ।ਭਰਤ੍ਰਹਰਿ 'ਵਾਚਕ' ਨੂੰ ਸ਼ਬਦ-ਸ਼ਕਤੀ ਅਤੇ 'ਵਾਚਯ' ਨੂੰ ਅਰਥ ਸ਼ਕਤੀ ਆਖਦਾ ਹੈ।ਇਨ੍ਹਾਂ ਨੂੰ ਉਹ ਪ੍ਰਕਾਸ਼ਤਵੰ (ਵਾਚਕ) ਅਤੇ ਪ੍ਰਕਾਸ਼ਯਤਵੰ (ਵਾਚਯ) ਵੀ ਕਹਿੰਦਾ ਹੈ ਅਰਥਾਤ ਸ਼ਬਦ ਪ੍ਰਕਾਸ਼ਕ ਹੈ ਅਤੇ ਅਰਥ ਪ੍ਰਕਾਸ਼ਯ ਹੈ।ਸ਼ਬਦ ਕਾਰਣ ਹੈ, ਅਰਥ ਕਾਰਜ ਹੈ।ਇਸੇ ਅਰਥ ਵਿੱਚ ਭਰਤ੍ਰਹਰਿ ਦੀ ਕਾਰਿਕਾ ਹੈ:

ਪ੍ਰਕਾਸ਼ਕਪ੍ਰਕਾਸ਼ਯਤਵੰ ਕਾਰਯਕਾਰਣਰੂਪਤਾ।

ਅਮਤਮਾਤ੍ਰਾਤਮਨਸਤਸਯ ਸ਼ਬਦਤਤਵਸਯ ਸਰਵਦਾ॥ [94]

'ਸ਼ਬਦ' ਅਤੇ 'ਅਰਥ' ਦੇ ਭੇਦ ਨੂੰ ਸਮਝਣ ਲਈ ਭਰਤ੍ਰਹਰਿ 'ਸ਼ਬਦ ਸਫੋਟ' ਅਤੇ 'ਅਰਥ ਸਫੋਟ' ਦੇ ਸੰਕਲਪ ਪ੍ਰਸਤੁਤ ਕਰਦਾ ਹੈ ਪ੍ਰੰਤੂ ਉਸ ਦਾ ਇਹ ਪ੍ਰਵਚਨ ਸਬਦ ਦੀ ਥਾਂ 'ਵਾਕ' ਦੇ ਪ੍ਰਸੰਗ ਵਿੱਚ ਵਧੇਰੇ ਸਪਸ਼ਟ ਹੁੰਦਾ ਹੈ।

ਲਗਭਗ 450 ਈਸਵੀ ਵਿੱਚ ਭਰਤ੍ਰਹਰਿ ਨੇ ਸ਼ਬਦ ਵਿਹਾਰ ਨੂੰ ਨੇਮ ਬੱਧ ਕਰਕੇ ਸ਼ਬਦ ਅਤੇ ਅਰਥ ਦੀ ਜੋ ਏਕਤਾ ਪ੍ਰਸਤੁਤ ਕੀਤੀ ਹੈ, ਪੱਛਮ ਵਿੱਚ ਇਹ ਮਹਾਨ ਕੰਮ ਵੀਹਵੀਂ ਸਦੀ ਵਿੱਚ ਸੌਸਿਉਰ ਨੇ ਆਧੁਨਿਕ ਭਾਸ਼ਾ-ਵਿਗਿਆਨ ਵਿੱਚ 'ਚਿਹਨਕ' ਅਤੇ 'ਚਿਹਨਿਤ' ਦੀ ਭਿੰਨਤਾ ਨੂੰ ਸਵੀਕਾਰ ਕਰਕੇ ਪੇਸ਼ ਕੀਤਾ ਹੈ।ਬਾਅਦ ਵਿੱਚ ਏਕਤਾ ਦੀ ਇਸੇ ਧਾਰਣਾ ਦੇ ਜੋੜ ਦੇ ਟਾਂਕੇ ਨੂੰ ਖੋਲ੍ਹ ਕੇ ਦੈਰੀਦਾ ਨੇ ਵਿਰਚਨਾਵਾਦ ਦੁਆਰਾ ਸ਼ਬਦ ਅਤੇ ਅਰਥ ਵਿਚਲੀ ਵਿਭਿੰਨਤਾ ਦੀ ਨਕਾਰਾਤਮਕਤਾ ਨੂੰ ਪੇਸ਼ ਕੀਤਾ।ਇੰਝ ਜਾਪਦਾ ਹੈ ਕਿ ਸੌਸਿਉਰ ਦੇ ਚਿਹਨਕ ਅਤੇ ਚਿਹਨਿਤ ਸੰਕਲਪਾਂ ਦੀ ਵਧੇਰੇ ਸਪਸ਼ਟਤਾ ਭਰਤ੍ਰਹਰਿ ਦੇ ਸ਼ਬਦ ਸਿਧਾਂਤ ਵਿੱਚ ਦ੍ਰਿਸ਼ਟੀ ਗੋਚਰ ਹੁੰਦੀ ਹੈ।

### 2.5.3 ਪੱਛਮੀ ਚਿੰਤਨ ਵਿੱਚ 'ਸ਼ਬਦ' ਦਾ ਪਿਛੋਕੜ:

ਪੱਛਮੀ ਬੌਧਿਕ ਜਗਤ ਵਿੱਚ ਭਾਵੇਂ ਪੁਰਾਤਨ ਸਮਿਆਂ ਤੋਂ 'ਸ਼ਬਦ' ਅਤੇ 'ਪਾਠ' ਦੀ ਪੜ੍ਹਤ ਸੰਬੰਧੀ ਚਰਚਾ ਹੁੰਦੀ ਆ ਰਹੀ ਹੈ ਪ੍ਰੰਤੂ ਵੀਹਵੀਂ ਸਦੀ ਦੇ ਦੂਸਰੇ ਅੱਧ ਤੋਂ ਸਾਹਿਤ ਨੂੰ ਇੱਕ ਗੰਭੀਰ ਪ੍ਰਾਪਤੀ ਵਜੋਂ ਸਵੀਕਾਰਨ ਅਤੇ ਪੁਰਾਤਨ ਸਾਹਿਤ ਦੇ ਅਧਿਐਨ ਨੂੰ ਵਿਗਿਆਨ ਅਤੇ ਤਕਨਾਲੋਜੀ ਦੀਆਂ ਬੌਧਿਕ ਸੀਮਾਵਾਂ ਅਧੀਨ ਵਿਵਸਥਿਤ ਕਰਨ ਦੇ ਯਤਨ ਹੋਏ ਹਨ।ਪੱਛਮੀ ਚਿੰਤਨ ਵਿੱਚ 'ਸ਼ਬਦ' ਸੰਬੰਧੀ ਪੁਰਾਤਨ ਸਮਿਆਂ ਵਿੱਚ ਹੋਈਆਂ ਵਿਚਾਰਾਂ ਨੂੰ ਵੀ ਇੱਥੇ ਇੱਕ ਵਾਰ ਝਾਤ ਮਾਰ ਲੈਣਾ ਜ਼ਰੂਰੀ ਜਾਪਦਾ ਹੈ।

ਪੱਛਮੀ ਚਿੰਤਨ ਦੇ ਪਰਿਪੇਖ ਵਿੱਚ, ਯੂਨਾਨ ਮੂਲ ਰੂਪ ਵਿੱਚ ਦਰਸ਼ਨ ਸ਼ਾਸਤਰੀਆਂ ਦੀ ਭੂਮੀ ਰਿਹਾ ਹੈ।ਸੱਤਵੀਂ ਸਦੀ ਈਸਾ ਪੂਰਵ ਵਿੱਚ ਆਰਫੀਅਸ ਨਾਮਕ ਯੂਨਾਨੀ ਦਾਰਸ਼ਨਿਕ ਨੇ ਭਾਵੇਂ ਸ਼ਬਦ ਬਾਰੇ ਆਪਣੇ ਵਿਚਾਰ ਪ੍ਰਗਟ ਨਹੀਂ ਕੀਤੇ ਪ੍ਰੰਤੂ ਉਸ ਦੀ ਵਿਚਾਰਧਾਰਾ ਨੂੰ ਅੱਗੇ ਤੋਰਨ ਵਾਲੇ ਫੀਥਾਗੋਰਸ ਨੇ 'ਸ਼ਬਦ' ਸੰਬੰਧੀ ਗਿਆਨ ਦਾ ਮੁੱਢ ਜ਼ਰੂਰ ਆਰੰਭਿਆ।[95] ਯੂਨਾਨੀ-ਚਿੰਤਨ ਵਿੱਚ 'ਸ਼ਬਦ' ਨੂੰ 'ਲੋਗੋਸ'[96] ਕਿਹਾ ਗਿਆ ਹੈ।'ਲੋਗੋਸ' ਦੇ ਸੰਕਲਪ ਨੂੰ ਸਭ ਤੋਂ ਪਹਿਲਾਂ ਹੈਰਾਕਲੀਟਸ[97] ਨੇ ਆਪਣੀਆਂ ਰਚਨਾਵਾਂ ਵਿੱਚ ਪਰਚਾਰਿਆ।ਲੋਗੋਸ ਜਾਂ ਸ਼ਬਦ ਨੂੰ ਉਹ ਅਨਾਦਿ ਅਤੇ ਸਦੀਵੀਂ ਅਜ਼ਲੀ ਹਕੀਕਤ ਮੰਨਦਾ ਹੈ ਜਿਸ ਅਨੁਸਾਰ ਸਾਰੀਆਂ ਸਥਿਤੀਆਂ ਅਤੇ ਘਟਨਾਵਾਂ ਵਾਪਰਦੀਆਂ ਹਨ।ਉਸ ਆਖਦਾ ਹੈ 'ਸ਼ਬਦ' ਇੱਕ ਹੈ, ਸਰਬ-ਵਿਆਪੀ ਅਤੇ ਇੱਕ ਰਸ ਹੈ।ਉਹ ਅੱਗੇ ਫਿਰ ਇਹ ਕਹਿ ਕੇ ਸ਼ਬਦ ਦੀ ਏਕਤਾ ਨੂੰ ਸਵੀਕਾਰ ਕਰਦਾ ਹੈ ਕਿ ਸਾਰੀਆਂ ਵਸਤੂਆਂ ਇਸ ਇੱਕੋ ਇਕਾਈ ਵਿੱਚ ਸਥਿਤ ਹਨ ਅਤੇ ਇਹ ਹੀ ਸਾਰੇ ਬ੍ਰਹਿਮੰਡ ਨੂੰ ਚਲਾਉਣ ਵਾਲਾ ਉਹ ਨਿਯਮ ਜਾਂ ਵਿਧਾਨ ਹੈ ਜੋ ਵਕਤੀ ਜਾਂ ਅਸਥਾਈ ਨਹੀਂ ਸਗੋਂ ਇਹ ਉਹ ਸਥਾਈ ਨਿਯਮ ਹੈ ਜਿਸ ਅਨੁਸਾਰ ਸੰਸਾਰ ਉੱਤੇ ਜੀਵਨ ਦੀ ਹਰ ਘਟਨਾ ਵਾਪਰਦੀ ਹੈ।[98] ਇਸ ਪ੍ਰਕਾਰ ਹੈਰਾਕਲੀਟਸ ਨੇ ਸਦੀਆਂ ਪਹਿਲਾਂ ਯੂਨਾਨੀ ਦਰਸ਼ਨ ਨੂੰ 'ਸ਼ਬਦ' ਦੀ ਏਕਤਾ ਨਾਲ ਕੇਂਦ੍ਰਿਤ ਕਰ ਦਿੱਤਾ ਸੀ।ਇਸ ਤੋਂ ਬਾਅਦ ਸੁਕਰਾਤ, ਪਲੈਟੋ ਅਤੇ ਅਰਸਤੂ ਨੇ ਲੋਗੋਸ ਜਾਂ ਸ਼ਬਦ ਸੰਬੰਧੀ ਜਿੱਥੇ ਆਪੋ-ਆਪਣੇ ਵਿਚਾਰ ਦਿੱਤੇ ਹਨ ਉੱਥੇ ਉਹ ਇਸ ਨੂੰ ਪਰਮੇਸ਼ਰ ਦੀ ਬੁੱਧੀ ਸਵੀਕਾਰਦੇ ਹੋਏ ਮੰਨਦੇ ਹਨ ਕਿ ਲੋਗੋਸ ਜਦ ਮਨ ਮਸਤਕ ਵਿੱਚ ਹੈ ਤਾਂ ਸੰਕਲਪ ਹੈ, ਜਦ ਜੀਭ ਤੇ ਆਉਂਦਾ ਹੈ ਤਾਂ ਇਸ ਦਾ ਪਰਗਟ ਰੂਪ ਹੋ ਜਾਂਦਾ ਹੈ।ਸੰਕਲਪ ਰੂਪੀ ਇਹ ਬੁੱਧੀ ਤੱਤਵ ਹੀ ਪਰਮੇਸ਼ਰੀ

ਸ਼ਬਦ ਹੈ ਜੋ ਦ੍ਰਿਸ਼ਟਮਾਨ ਸੰਸਾਰ ਵਿੱਚ ਵਿਅਕਤ ਹੋ ਚੁੱਕਾ ਹੈ।[99] ਪਲੈਟੋ ਨੇ ਆਪਣੇ 'ਆਯਾਨ' ਦੇ ਸਿਧਾਂਤ ਵਿੱਚ ਇਹ ਸਪਸ਼ਟ ਕੀਤਾ ਹੈ ਕਿ ਸ੍ਰਿਸ਼ਟੀ ਦੀ ਰਚਨਾ ਕਰਨ ਦਾ ਫੁਰਨਾ 'ਸ਼ਬਦ' ਦੇ ਰੂਪ ਵਿੱਚ ਪਰਮੇਸ਼ਵਰ ਦੇ ਮਨ ਅੰਦਰ ਮੌਜੂਦ ਸੀ।ਇਸੇ ਸਿਧਾਂਤ ਤੋਂ ਯਹੂਦੀ ਚਿੰਤਕ ਫੀਲੋ ਨੇ ਆਪਣੇ ਸ਼ਬਦ ਸਿਧਾਂਤ ਦਾ ਦਰਸ਼ਨ ਪ੍ਰਾਰੰਭ ਕੀਤਾ।ਉਹ ਇਸ ਨੂੰ ਪਰਮੇਸ਼ਰ ਦੀ ਸ਼ਕਤੀ, ਚਿੱਤ ਜਾਂ ਦੈਵੀ ਮਨ ਆਖਦਾ ਹੈ[100] ਜਿਹੜਾ ਕਿ ਮਨੁੱਖੀ ਮਨ ਨੂੰ ਪਰਮੇਸ਼ਰ ਦੀ ਪਹਿਚਾਣ ਕਰਾਉਣ ਦਾ ਸਾਧਨ ਹੈ।

### 2.5.3.1 ਸ਼ਬਦ ਦੇ 'ਵਿਕੇਂਦ੍ਰੀਕਰਣ' ਦਾ ਸਿਧਾਂਤ : ਯੱਕ ਦੈਰੀਦਾ ਦੇ ਵਿਸ਼ੇਸ਼ ਸੰਦਰਭ ਵਿੱਚ

'ਸ਼ਬਦ' ਬਾਰੇ ਉਪਰੋਕਤ ਚਰਚਾ ਇਹ ਸਿੱਧ ਕਰਦੀ ਹੈ ਕਿ ਪੱਛਮੀ ਦਰਸ਼ਨ ਆਦਿ ਕਾਲ ਤੋਂ ਹੀ ਐਨਲਾਈਟਨਮੈਂਟ, ਚਿੰਤਨ, ਗਿਆਨਕਰਣ ਜਾਂ ਕੇਂਦਰ ਦੀ ਮਿੱਥ ਉੱਤੇ ਆਧਾਰਿਤ ਰਿਹਾ ਹੈ ਇਹ ਚਿੰਤਨ ਬ੍ਰਹਿਮੰਡੀ ਅਸਤਿਤਵ ਅਤੇ ਪ੍ਰਬੰਧ ਉਸੇ ਨੂੰ ਮੰਨਦਾ ਹੈ ਜੋ ਏਕਤਾ ਵਿੱਚ ਦੇਖਿਆ ਜਾ ਸਕੇ ਅਤੇ ਜਿਸ ਵਿੱਚੋਂ ਹਰ ਚੀਜ਼ ਉਪਜਦੀ ਦਿਖ ਸਕੇ।ਇਸ ਮਿੱਥ ਨੇ ਪੱਛਮੀ ਦਰਸ਼ਨ ਨੂੰ ਬੜੇ ਕਰੜੇ ਸੰਸਕਾਰਾਂ ਨਾਲ ਘੇਰਿਆ ਹੋਇਆ ਹੈ।ਸੰਰਚਨਾਵਾਦ, ਜਿਸ ਨੇ ਆਪਣੇ ਆਪ ਨੂੰ ਵਿਗਿਆਨਕ ਯੁੱਗ ਦਾ ਹਾਣੀ ਕਹਿਣ ਦਾ ਦਾਅਵਾ ਕੀਤਾ ਹੈ, ਵੀ ਇਸ ਮਿੱਥ ਤੋਂ ਪੱਛਮੀ ਚਿੰਤਨ ਨੂੰ ਛੁਟਕਾਰਾ ਨਹੀਂ ਦਵਾ ਸਕਿਆ।ਇਸ ਮਿੱਥ ਤੋਂ ਛੁਟਕਾਰਾ ਦਵਾਉਣ ਅਤੇ ਵਿਕੇਂਦ੍ਰੀਕਰਣ ਕਰਨ ਲਈ ਯੱਕ ਦੈਰੀਦਾ ਭਾਸ਼ਾ ਦੇ ਲਿਖ਼ਤੀ ਪ੍ਰਬੰਧ ਤੋਂ ਗੱਲ ਆਰੰਭ ਕਰਦਾ ਹੈ।ਯੱਕ ਦੈਰੀਦਾ ਉੱਤਰ ਆਧੁਨਿਕ ਦੌਰ ਵਿੱਚ ਫਰਾਂਸ ਦਾ ਇੱਕ ਪ੍ਰਭਾਵਸ਼ਾਲੀ ਦਾਰਸ਼ਨਿਕ ਹੈ।ਭਾਸ਼ਾ ਅਤੇ ਚਿੰਤਨ ਨੂੰ ਪਰਾ ਭੌਤਿਕ ਗਿਆਨ ਨਾਲੋਂ ਤੋੜਨ ਲਈ ਉਸ ਨੇ ਸਮੁੱਚਵਾਦ ਜਾਂ ਕੇਂਦ੍ਰੀਕਰਣ ਦੀ ਧਾਰਣਾ ਨੂੰ ਭਿਅੰਕਰ ਰੂਪ ਵਿੱਚ ਵਿਘਟਿਤ ਕੀਤਾ।ਉਸ ਨੇ ਸਮੁੱਚਭਾਵੀ ਅਤੇ ਪਰਾਭੌਤਿਕ ਆਰੰਭ ਨਾਲ ਜੁੜੇ ਦਰਸ਼ਨ, ਮਨੋਵਿਗਿਆਨ, ਮਾਨਵ ਸ਼ਾਸਤਰ, ਭਾਸ਼ਾ ਵਿਗਿਆਨ ਆਦਿ ਵੱਖ-ਵੱਖ ਅਨੁਸ਼ਾਸਨਾਂ ਨੂੰ ਆਪਣੇ ਵਿਸਥਾਪਨ ਦੇ ਸਿਧਾਂਤ ਅਨੁਸਾਰ ਭਾਸ਼ਾਈ ਚਿੰਨ੍ਹਾਂ ਵਿੱਚ ਬਹੁ ਮੌਲਿਕ ਪਰਤਾਂ ਦੇ ਸੰਕਲਪ ਨੂੰ ਸਥਾਪਿਤ ਕੀਤਾ।

ਦੈਰੀਦਾ ਨੇ ਪਲੈਟੋ ਅਤੇ ਅਰਸਤੂ ਤੋਂ ਲੈ ਕੇ ਰੂਸੋ, ਹੀਗੇਲ, ਹਾਈਡੈਗਰ ਅਤੇ ਹੁਸਰਲ ਦੇ ਦਾਰਸ਼ਨਿਕ ਪਾਠਾਂ ਦਾ ਵਿਸ਼ਲੇਸ਼ਣ ਕਰਕੇ ਦੱਸਿਆ ਹੈ ਕਿ ਪਰਾਭੌਤਿਕ ਸੰਕਲਪਨਾਵਾਂ ਨੂੰ ਅਰਥ ਦਾ ਦ੍ਰਿੜ ਆਧਾਰ ਦੇਣ ਵਾਲੀਆਂ ਖੋਜਾਂ ਕਾਲਪਨਿਕ ਹਨ।ਨੀਤਸ਼ੇ,

ਯੱਕ ਲਾਕਾਂ ਅਤੇ ਰੋਲਾਂ ਬਾਰਥ ਵਾਂਗ ਦੈਰੀਦਾ ਵੀ ਪਰਾਭੌਤਿਕ ਦਰਸ਼ਨ ਅਤੇ ਕਿਸੇ ਵੀ ਤਰ੍ਹਾਂ ਦੀ 'ਵਿਅਕਤੀਪਰਕਤਾ' ਦਾ ਕੱਟੜ ਵਿਰੋਧੀ ਹੈ।[101]

ਸੰਰਚਨਾਵਾਦ ਬਾਰੇ ਦੈਰੀਦਾ ਆਖਦਾ ਹੈ ਕਿ ਸੰਰਚਨਾ ਦੀ ਧਾਰਣਾ ਇਸ ਪੂਰਬਕਲਪਨਾ ਉੱਤੇ ਟਿਕੀ ਹੋਈ ਹੈ ਕਿ ਅਰਥ ਦਾ ਵੀ ਕੇਂਦਰ ਹੁੰਦਾ ਹੈ।[102] ਮਨੁੱਖ ਹਮੇਸ਼ਾ ਕੇਂਦਰ ਦੀ ਕਾਮਨਾ ਕਰਦਾ ਰਹਿੰਦਾ ਹੈ ਇਸ ਲਈ ਕੇਂਦਰ 'ਹਾਜ਼ਰੀ' ਦੀ ਗਰੰਟੀ ਹੈ।ਮਿਸਾਲ ਵਜੋਂ ਅਸੀਂ ਆਪਣੀ ਸਰੀਰਕ ਅਤੇ ਮਾਨਸਿਕ ਕੇਂਦਰਤਾ 'ਮੈਂ' ਜਾਂ 'ਅਸੀਂ' ਸ਼ਬਦ ਰਾਹੀਂ ਜ਼ਾਹਰ ਕਰਦੇ ਹਾਂ ਜੋ ਕਿ ਸਾਡੀ 'ਹਾਜ਼ਰੀ' ਦੀ ਗਰੰਟੀ ਹਨ।ਦੈਰੀਦਾ ਦੇ ਅਨੁਸਾਰ ਪੱਛਮੀ ਪਰਾਭੌਤਿਕਤਾ ਦੀਆਂ ਜਿੰਨੀਆਂ ਵੀ ਧਾਰਣਾਵਾਂ ਹਨ, ਉਹ Logo centrism ਯਾਨੀ 'ਸ਼ਬਦ-ਕੇਂਦਰਤਾ' ਜਾਂ ਸ਼ਬਦ ਦੇ ਅਰਥ ਦੀ 'ਹਾਜ਼ਰੀ' ਉੱਤੇ ਸਥਾਪਿਤ ਹਨ।ਅਰਥ ਦੀ 'ਹਾਜ਼ਰੀ' ਜਾਂ 'ਕੇਂਦਰਤਾ ਦੀ ਪੂਰਬ ਮੌਜੂਦਗੀ' ਉਸ ਏਕਤਾ ਦਾ ਸਿਧਾਂਤ ਹੈ ਜੋ ਸੰਸਾਰ ਦੀਆਂ ਸਮੂਹ ਗਤੀਵਿਧੀਆਂ ਦੀ ਸੰਰਚਨਾ ਦੀ ਤਹਿ ਵਿੱਚ ਕਿਰਿਆਸ਼ੀਲ ਹੈ।ਉਸ ਪੂਰਬ ਸਥਾਪਿਤ ਅਰਥ ਨੂੰ ਵਿਸਥਾਪਿਤ ਕਰਨਾ ਜਾਂ ਉਲਟ ਦੇਣਾ ਹੀ ਦੈਰੀਦਾ ਦਾ ਵਿਕੇਂਦ੍ਰੀਕਰਣ ਦਾ ਸਿਧਾਂਤ ਹੈ।[103] ਆਪਣੇ ਇਸ ਸਿਧਾਂਤ ਦੀ ਵਿਧੀ ਅਨੁਸਾਰ ਉਹ ਪਹਿਲਾਂ ਤੋਂ ਤੁਰੇ ਆ ਰਹੇ ਸ਼੍ਰੇਣੀਬੱਧ ਅਰਥਗਤ ਕ੍ਰਮ hierarchy ਨੂੰ ਉਲਟਾ ਦਿੰਦਾ ਹੈ।ਉਹ ਇੱਥੇ ਹੀ ਬਸ ਨਹੀਂ ਕਰਦਾ ਸਗੋਂ ਉਹ ਇਸ ਤਰ੍ਹਾਂ ਪ੍ਰਾਪਤ ਹੋਣ ਵਾਲੇ ਅਰਥਗਤ ਕ੍ਰਮ ਨੂੰ ਇੱਕ ਵਾਰੀ ਫੇਰ ਉਲਟਾ ਦਿੰਦਾ ਹੈ ਅਤੇ ਤਰਕ ਦਰ ਤਰਕ ਪੂਰੀ ਸ਼ਿੱਦਤ ਨਾਲ ਸਿੱਧ ਕਰਦਾ ਹੈ ਕਿ ਉਸ ਦਾ ਉਲਟ ਵੀ ਸਹੀ ਨਹੀਂ ਅਰਥਾਤ ਅਰਥ ਦਾ 'ਕੇਂਦਰ' ਕਿਤੇ ਵੀ ਨਹੀਂ।ਇਸ ਤੋਂ ਉਹ ਇਹ ਸਾਬਿਤ ਕਰਦਾ ਹੈ ਕਿ ਕਿਸੇ ਵੀ 'ਸ਼ਬਦ' ਦੇ 'ਅਰਥ' ਅਸਲ ਵਿੱਚ, ਵਿਅਕਤੀਗਤ ਹੋਂਦ ਉਸ ਭਿੰਨਤਾ ਤੋਂ ਗ੍ਰਹਿਣ ਕਰਦੇ ਹਨ ਜੋ ਭਾਸ਼ਾ ਦੇ ਅੰਦਰ ਉਸ ਅਰਥ ਅਤੇ ਹੋਰਨਾਂ ਅਰਥਾਂ ਦੇ ਵਿਚਕਾਰ ਹੁੰਦੀ ਹੈ।ਅਰਥ ਦੇ ਕੇਂਦਰ ਦੀ ਗ਼ੈਰਹਾਜ਼ਰੀ ਇਸ ਅਨੰਤ ਖੇਡ ਦੀ ਲਖ਼ਾਇਕ ਹੈ ਅਤੇ ਕਿਸੇ ਲਿਖੇ ਜਾਂ ਉਚਾਰੇ ਜਾਣ ਵਾਲੇ ਸ਼ਬਦ ਨੂੰ ਨਿਸ਼ਚਿਤ ਅਰਥ ਦੇਣ ਜਾਂ ਨਿਸ਼ਚੇਆਤਮਕ ਰੂਪ ਨਾਲ ਸਮਾਨਾਰਥਕਾਂ ਵਿੱਚ ਬਿਆਨ ਕਰਨ ਦਾ ਕੋਈ ਦਾਰਸ਼ਨਿਕ ਆਧਾਰ ਨਹੀਂ ਹੈ।

'In language there are only differences with no positive terms'[104]

ਇਸ ਤਰ੍ਹਾਂ ਇਸ ਵਿਚਾਰ ਦੀ ਪਕਿਆਈ ਦੇ ਆਧਾਰ ਉੱਪਰ ਦੈਰੀਦਾ ਆਖ਼ਦਾ ਹੈ ਕਿ ਨਿਰਧਾਰਿਤ ਅਰਥ ਦੀ 'ਹਾਜ਼ਰੀ' ਅਸੰਭਵ ਹੈ ਅਤੇ ਜੋ ਕੁਝ ਹੈ ਉਹ ਪਰੰਪਰਾ ਵਿੱਚ ਤੁਰੇ ਆ ਰਹੇ ਅਰਥ ਦਾ ਕੇਵਲ ਪ੍ਰਭਾਵ ਹੈ।ਆਪਣੇ ਇਸ ਵਿਰਚਨਾਵਾਦੀ ਸਿਧਾਂਤ ਦੁਆਰਾ ਭਾਸ਼ਾ ਦੇ ਸਦੀਆਂ ਤੋਂ ਤੁਰੇ ਆ ਰਹੇ ਸੰਕਲਪੀ ਪ੍ਰਬੰਧ ਨੂੰ ਤੋੜ ਕੇ ਦੈਰੀਦਾ ਜਿੱਥੇ ਅਰਥ ਦੀ ਕੇਂਦਰਹੀਣਤਾ ਨੂੰ ਪ੍ਰਗਟ ਕਰਦਾ ਹੈ ਉੱਥੇ ਪਾਠ ਦੀ ਪੜ੍ਹਤ ਦੇ ਦੌਰਾਨ ਅਰਥ ਦੇ ਸਾਰੇ ਕੋਨੇ ਖੋਲ੍ਹ ਕੇ ਪੜ੍ਹਨ ਦੇ ਹੱਕ ਵਿੱਚ ਵੀ ਹੈ।[105]

### 2.5.3.2 ਸ਼ਬਦ ਦੇ 'ਅਰਥ' ਦਾ ਵਿਗਿਆਨਕ ਵਿਸ਼ਲੇਸ਼ਣ : ਜੋਖ਼ਿਮ ਵਾੱਕ ਦੇ ਵਿਸ਼ੇਸ਼ ਸੰਦਰਭ ਵਿੱਚ

ਚਿੰਤਨ ਜਾਂ ਵੀਚਾਰ ਦਾ ਮਕਸਦ ਮਨੁੱਖੀ ਸੋਝੀ (understanding) ਤੱਕ ਪਹੁੰਚਣਾ ਹੁੰਦਾ ਹੈ।ਪੱਛਮੀ ਚਿੰਤਨ ਵਿੱਚ ਮਨੁੱਖੀ ਸੋਝੀ (understanding) ਬਾਰੇ ਜੋ ਪਹੁੰਚ ਹੈ ਉਸ ਬਾਰੇ ਭਰਪੂਰ ਚਰਚਾ ਕਾਂਟ, ਹੇਗਲ ਅਤੇ ਜੋਖ਼ਿਮ ਵਾੱਕ ਆਦਿ ਫਿਲਾਸਫਰਾਂ ਦੁਆਰਾ ਕੀਤੀ ਗਈ ਹੈ।ਜੋ ਕੁਝ ਇੰਦ੍ਰਿਆਵੀ ਅਨੁਭਵ ਰਾਹੀਂ ਗ੍ਰਹਿਣ ਕੀਤਾ ਜਾਂਦਾ ਹੈ ਉਸ ਨੂੰ ਸੋਝੀ ਦੀ ਫੈਕਲਟੀ ਵਿੱਚ ਸੂਤ੍ਰਬੱਧ ਕੀਤਾ ਜਾਂਦਾ ਹੈ।ਇਸੇ ਕਰਕੇ ਇਸ ਨੂੰ ਸੰਕਲਪਾਂ, ਵਰਗਾਂ ਅਤੇ ਸਿਧਾਂਤਾਂ ਦਾ ਸੋਮਾ ਕਿਹਾ ਜਾਂਦਾ ਹੈ।ਮਨੁੱਖ ਦੀ ਪ੍ਰਵਿਰਤੀ ਇਸ ਪ੍ਰਕਾਰ ਬਣੀ ਹੋਈ ਹੈ ਕਿ ਇਸ ਵਿੱਚ ਪ੍ਰਤੱਖ ਦੀ ਫੈਕਲਟੀ ਇੰਦ੍ਰੀ ਬੋਧ ਨਾਲ ਸੰਬੰਧਤ ਹੈ ਅਤੇ ਵਿਚਾਰਨ ਦੀ ਫੈਕਲਟੀ ਸੋਝੀ ਨਾਲ ਜੁੜੀ ਹੋਈ ਹੈ।ਗਿਆਨ ਦੀ ਪ੍ਰਾਪਤੀ ਲਈ ਇਹ ਦੋਵੇਂ ਫੈਕਲਟੀਆਂ ਬਹੁਤ ਜ਼ਰੂਰੀ ਹਨ।ਕਿਸੇ ਵੀ ਇੱਕ ਦੀ ਜ਼ਰੂਰਤ ਦੂਜੀ ਨਾਲੋਂ ਵੱਧ ਨਹੀਂ ਹੋ ਸਕਦੀ ਅਤੇ ਦੋਵੇਂ ਹੀ ਆਪੋ ਆਪਣੇ ਖੇਤਰ ਵਿੱਚ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ।

ਸਪਸ਼ਟ ਹੈ ਕਿ ਸ਼ਾਬਦਿਕ ਗਿਆਨ ਦੀ ਆਪ ਮੁਹਾਰੇ ਸਮਝ ਨਹੀਂ ਆਉਂਦੀ ਸਗੋਂ ਉਸ ਨੂੰ ਸਮਝਣ ਲਈ 'ਸੋਝੀ' ਰੂਪੀ ਫੈਕਲਟੀ ਦਾ ਜ਼ਰੀਆ ਲੋੜੀਂਦਾ ਹੈ ਕਿਉਂਕਿ ਜੋ ਵੀ ਸਾਮੱਗਰੀ ਅਸੀਂ ਆਪਣੇ ਗਿਆਨ-ਇੰਦ੍ਰੀਆਂ ਦੇ ਅਨੁਭਵ ਜਾਂ ਪ੍ਰਤੱਖ ਚੇਤਨਾ ਰਾਹੀਂ ਪ੍ਰਾਪਤ ਕਰਦੇ ਹਾਂ ਉਸਨੂੰ ਸੰਵਾਰਨ ਅਤੇ ਘੜ੍ਹਨ ਲਈ ਸੋਝੀ ਦੀ ਬਹੁਤ ਜ਼ਰੂਰਤ ਹੈ।

ਪੱਛਮੀ ਚਿੰਤਕ ਜੋਖ਼ਿਮ ਵਾੱਕ ਨੇ 'ਅਰਥ' ਬਾਰੇ ਨਿਠਵੇਂ ਰੂਪ ਵਿੱਚ ਵਿਗਿਆਨਕ ਅਤੇ ਤਰਕਮਈ ਵਿਆਖਿਆ ਦਿੱਤੀ ਹੈ।ਉਸ ਅਨੁਸਾਰ ਸੋਝੀ ਦਾ ਅਰਥ ਸਿਰਫ, ਜੋ ਕੁਝ ਪ੍ਰਤੱਖ ਗਿਆਨ ਰਾਹੀਂ ਪ੍ਰਾਪਤ ਕੀਤਾ ਜਾਂਦਾ ਹੈ, ਉਸ ਨੂੰ ਸੰਗਠਿਤ ਕਰਨਾ ਹੀ ਨਹੀਂ ਸਗੋਂ

ਸੰਪੂਰਨ ਸੱਚ ਦਾ ਅਨੁਭਵ ਕਰਨਾ ਹੈ।ਦੂਜੇ ਨਾਲ ਹੀ ਇਹ ਇੱਕ ਵਿਗਿਆਨਕ ਯਤਨ ਵੀ ਹੈ ਜੋ ਸ਼ਬਦ ਦੇ ਅਰਥ ਦੀਆਂ ਸੱਚਾਈਆਂ ਦਾ ਵਿਗਿਆਨਕ ਵਿਧੀ ਅਨੁਸਾਰ ਵਿਸ਼ਲੇਸ਼ਣ ਪ੍ਰਸਤੁਤ ਕਰਦਾ ਹੈ।[106] ਨਿਰਸੰਦੇਹ ਇਹ ਵਿਧੀ ਕਿਸੇ ਵੀ ਪੜ੍ਹਤ ਜਾਂ ਆਤਮਿਕ ਅਨੁਭਵ ਦੀਆਂ ਗਹਿਰ ਗੰਭੀਰ ਅਤੇ ਸਦੀਵੀਂ ਸੱਚਾਈਆਂ ਲੱਭ ਕੇ ਹਰੇਕ ਸਮੇਂ ਅਤੇ ਸਥਿਤੀ ਦੇ ਪ੍ਰਸੰਗ ਵਿੱਚ ਵਿਆਖਿਆ (interpretation) ਕਰਨ ਦਾ ਅਨੂਠਾ ਪ੍ਰਬੰਧ ਹੈ।

ਜੋਖ਼ਿਮ ਵਾੱਕ (1898-1955) ਨੇ ਮਨੁੱਖੀ 'ਸੋਝੀ' ਨੂੰ ਜਾਣਨ ਅਤੇ ਸਮਝਣ ਲਈ ਇਤਿਹਾਸਕ ਅਤੇ ਵਿਵਸਥਿਤ ਦਿਸ਼ਾਵਾਂ ਦੋਵਾਂ ਨੂੰ ਹੀ ਜ਼ਰੂਰੀ ਮੰਨਿਆ ਹੈ।ਉਸ ਦਾ ਇਹ ਵੀ ਮੰਨਣਾ ਹੈ ਕਿ ਸੋਝੀ ਮਨੁੱਖ ਦਾ ਇੱਕ ਜਮਾਂਦਰੂ ਅਤੇ ਕੁਦਰਤੀ ਹੁਨਰ ਹੈ।ਇਸ ਤੋਂ ਬਿਨਾਂ ਅਤੀਤ ਦੀਆਂ ਸ਼ਖ਼ਸੀਅਤਾਂ ਦੇ ਧਾਰਮਿਕ ਦਸਤਾਵੇਜ਼ਾਂ, ਕਲਾਕਾਰੀਆਂ, ਵਿਚਾਰਾਂ ਜਾਂ ਭਾਵਨਾਵਾਂ ਆਦਿ ਨੂੰ ਵੇਖ ਕੇ ਜਾਂ ਸਮਝ ਕੇ ਕੋਈ ਵੀ ਮਨੁੱਖ ਵਿਆਖਿਆਕਾਰੀ ਨਹੀਂ ਕਰ ਸਕਦਾ।ਇਸ ਸੰਬੰਧ ਵਿੱਚ ਉਸ ਦਾ ਇੱਕ ਬੜਾ ਹੀ ਮਹੱਤਵਪੂਰਨ ਕਥਨ ਹੈ "ਇੱਕ ਵਿਆਖਿਆਕਾਰ ਬਣਦਾ ਨਹੀਂ ਸਗੋਂ ਜੰਮਦਾ ਹੈ (An interpreter is not made but born)"[107] ਇੱਕ ਹੋਰ ਫਿਲਾਸਫਰ ਨੀਤਸ਼ੇ ਦਾ ਵੀ ਅਜਿਹਾ ਹੀ ਕਥਨ ਹੈ "How can a man understand anything, if he does not carry the germ of it within himself?"[108] ਪ੍ਰੰਤੂ ਫਿਰ ਵੀ ਵਿਆਖਿਆਕਾਰੀ ਦੇ ਹੁਨਰ ਵਿੱਚ ਮਹਾਰਤ ਵਿਆਖਿਆਕਾਰ ਦੀ ਸਾਲਾਂ ਬੱਧੀ ਅਧਿਐਨ ਅਤੇ ਅਨੁਭਵ ਨਾਲ ਸੋਝੀ ਨੂੰ ਨਿਖ਼ਾਰਨ ਅਤੇ ਸੂਤਰ ਬੱਧ ਕਰਨ ਦਾ ਨਤੀਜਾ ਵੀ ਹੁੰਦੀ ਹੈ।

'ਸੋਝੀ' ਦੀ ਪ੍ਰਕਿਰਤੀ ਅਤੇ ਇਸ ਦੇ ਵਿਕਾਸ ਦੇ ਪੱਧਰਾਂ ਸੰਬੰਧੀ ਸਮੁੱਚਾ ਅਧਿਐਨ ਹੋਂਦ ਦੇ ਸੰਕਲਪ ਤੋਂ ਆਰੰਭ ਹੋਵੇਗਾ।ਸਾਡੀ ਹੋਂਦ ਕੁਦਰਤ ਰੂਪੀ ਇਸ ਸਮੁੱਚੀ ਰਚਨਾ ਨੂੰ ਨਹੀਂ ਵੇਖ ਸਕਦੀ ਸਗੋਂ ਸਮੇਂ ਅਤੇ ਸਥਾਨ ਦੇ ਬੰਧਨ ਕਾਰਣ ਇੱਕ ਸੀਮਿਤ ਮਾਤਰਾ ਵਿੱਚ ਹੀ ਇਸ ਦਾ ਅਨੁਭਵ ਕਰ ਸਕਦੀ ਹੈ।ਇਸੇ ਲਈ ਅਸੀਂ 'ਹਰਮੇਨਿਊਟਿਕਸ' ਦੇ ਸਿਧਾਂਤ ਨੂੰ ਪ੍ਰਾਪਤ ਕੀਤਾ ਤਾਂ ਜੋ ਅਸੀਂ ਉਸ ਨੂੰ ਸਮੁੱਚੇ ਰੂਪ ਵਿੱਚ ਸਮਝ ਸਕੀਏ ਜੋ ਕਿ ਸਾਡੇ ਲਈ ਬਿਲਕੁਲ ਹੀ ਅਜਨਬੀ ਜਾਂ ਵੱਖਰਾ ਹੈ।ਜਿਸ ਨੂੰ ਸਮੁੱਚ ਵਿੱਚ ਨਾ ਸਮਝਿਆ ਜਾ ਸਕੇ ਉਹ ਹਰਮੇਨਿਊਟਿਕਸ ਦੇ ਸਿਧਾਂਤ ਅਨੁਸਾਰ 'eisegesis' ਅਖਵਾਏਗਾ ਨਾ ਕਿ 'exegesis'[109].

ਜੇਕਰ ਜੀਵਨ ਦੇ ਕਿਸੇ ਵਿਸ਼ੇਸ਼ ਅਨੁਭਵ, ਵਿਚਾਰ ਜਾਂ ਭਾਵਨਾ ਨੂੰ ਇਤਿਹਾਸ ਦੇ ਕਿਸੇ ਵਿਸ਼ੇਸ਼ ਸੱਭਿਆਚਾਰ, ਸਮੇਂ ਅਤੇ ਸਥਾਨ ਦੇ ਅਨੁਸਾਰ ਸਮਝਣਾ ਹੋਵੇ ਤਾਂ ਉਸ ਦੀ ਸਮੁੱਚ ਵਿੱਚ ਵਿਆਖਿਆ (interpretation) ਅਸੀਂ ਆਤਮਪਰਕ ਅਤੇ ਵਸਤੂਪਰਕ ਨਿਰੀਖਣਾਂ ਦੇ ਆਧਾਰ ਉੱਤੇ ਕਰ ਸਕਦੇ ਹਾਂ ਜੋ ਕਿ 'exegesis' ਅਖਵਾਏਗਾ। ਤੱਥ ਕੇਵਲ ਦੋ ਹੀ ਕਿਸਮਾਂ ਵਿੱਚ ਪ੍ਰਾਪਤ ਹੋ ਸਕਦੇ ਹਨ - ਆਤਮਪਰਕ ਅਭਿਵਿਅਕਤੀ ਭਾਵ ਸਵੈ-ਅਨੁਭਵ subjective experiences ਜਾਂ ਵਸਤੂਪਰਕ ਅਭਿਵਿਅਕਤੀ objective expressions ਦੇ ਆਧਾਰ ਉੱਤੇ। ਇਨ੍ਹਾਂ ਵਿੱਚੋਂ ਦੂਜੀ ਕਿਸਮ ਦੀ ਅਭਿਵਿਅਕਤੀ ਭਾਵ ਵਸਤੂਪਰਕ ਅਭਿਵਿਅਕਤੀ ਕਈ ਪ੍ਰਕਾਰ ਦੇ ਪੱਧਰਾਂ ਉੱਤੇ ਹੋ ਸਕਦੀ ਹੈ ਜਿਵੇਂ ਕਿ ਪਹਿਲੇ ਪੱਧਰ ਤੇ ਦੂਜੇ ਦੇ ਮਨ ਦੇ ਵਿਚਾਰਾਂ ਦੀ ਅਭਿਵਿਅਕਤੀ ਪਹਿਲਾਂ ਉਸ ਦੇ ਚਿਹਰੇ ਦੇ ਭਾਵ, ਫਿਰ ਸੰਕੇਤ ਅਤੇ ਫਿਰ ਚਿੰਨ੍ਹਾਂ ਦੇ ਰੂਪ ਵਿੱਚ ਹੁੰਦੀ ਹੈ ਜਿਹੜੇ ਕਿ ਸੋਝੀ ਦੁਆਰਾ ਬੁੱਝੇ ਜਾਂ ਸਮਝੇ ਜਾ ਸਕਦੇ ਹਨ। ਦੂਜੇ ਪੱਧਰ ਤੇ ਵਸਤੂਪਰਕ ਅਭਿਵਿਅਕਤੀ ਪਰੰਪਰਾ ਵਿੱਚੋਂ ਸਿੱਖੀਆਂ ਗਈਆਂ ਜਾਂ ਪ੍ਰਾਪਤ ਕੀਤੀਆਂ ਆਵਾਜ਼ਾਂ, ਸ਼ਬਦਾਂ ਜਾਂ ਸ਼ਬਦ ਸਮੂਹਾਂ ਦੇ ਆਧਾਰ ਤੇ ਹੁੰਦੀ ਹੈ ਜਿਸ ਨੂੰ ਕਿ ਸੋਝੀ ਦੁਆਰਾ ਸਮਝਿਆ ਜਾ ਸਕਦਾ ਹੈ। ਤੀਜੇ ਪੱਧਰ ਤੇ ਵਸਤੂਪਰਕ ਅਭਿਵਿਅਕਤੀ ਕਿਸੇ ਦੇ ਵਿਅਕਤੀਗਤ ਦਸਤਾਵੇਜ਼ਾਂ ਦੇ ਆਧਾਰ ਉੱਤੇ ਹੋ ਸਕਦੀ ਹੈ। ਸਮੇਂ ਅਤੇ ਸਥਾਨ ਦੇ ਅੰਤਰਾਲ ਅਨੁਸਾਰ ਉਨ੍ਹਾਂ ਦਸਤਾਵੇਜ਼ਾਂ ਨੂੰ ਪੂਰੀ ਤਰ੍ਹਾਂ ਨਾਲ ਸਮਝਣ ਲਈ ਉਨ੍ਹਾਂ ਨੂੰ ਸੰਪੂਰਨ ਰੂਪ ਵਿੱਚ ਜਾਣਨ ਦੇ ਨਾਲ ਨਾਲ ਲੇਖਕ ਦੇ ਜੀਵਨ ਅਤੇ ਸੁਭਾਅ ਨੂੰ ਜਾਣਨਾ ਵੀ ਜ਼ਰੂਰੀ ਹੈ।[110] ਇਸ ਪ੍ਰਕਾਰ 'ਸਮਝਣ ਦੇ ਸਿਧਾਂਤ'(hermeneutics) ਅਨੁਸਾਰ ਕਿਸੇ ਖਾਸ ਖਿੱਤੇ ਦੇ ਵਿਚਾਰ ਨੂੰ ਵਿਅਕਤੀਗਤ ਅਨੁਭਵ ਅਤੇ ਇਤਿਹਾਸ ਵਿੱਚ ਹੋਈਆਂ ਵਸਤੂਪਰਕ ਅਭਿਵਿਅਕਤੀਆਂ ਦੇ ਸਮੁੱਚ ਤੋਂ ਨਿਰੀਖਣਾਂ ਦੇ ਆਧਾਰ ਤੇ ਪ੍ਰਾਪਤ ਹੋਏ ਨਤੀਜਿਆਂ ਨੂੰ ਐਕਸਿਜੀਸਿਸ (exegesis) ਕਿਹਾ ਗਿਆ।

ਇਸ ਪ੍ਰਕਾਰ ਉਪਰੋਕਤ ਚਰਚਾ ਦੇ ਆਧਾਰ ਉੱਤੇ ਕਿਹਾ ਜਾ ਸਕਦਾ ਹੈ ਕਿ 20ਵੀਂ ਸਦੀ ਵਿੱਚ ਯੱਕ ਦੈਰੀਦਾ ਨੇ ਜਿੱਥੇ ਪੱਛਮੀ ਸੱਭਿਆਚਾਰ ਵਿੱਚ ਸ਼ਬਦ ਸੰਬੰਧੀ ਪੂਰਬ ਪ੍ਰਚਲਿਤ ਸਥਾਪਨਾਵਾਂ ਨੂੰ ਵਿਗਿਆਨਕ ਤਰਕਵਾਦੀ ਵਿਧੀ ਨਾਲ ਵਿਘਟਿਤ ਕੀਤਾ ਅਤੇ ਸ਼ਬਦ ਵਿੱਚ ਅਰਥ ਦੀ ਹਾਜ਼ਰੀ ਨੂੰ ਨਕਾਰਦੇ ਹੋਏ ਅਰਥ ਦੀ ਕੇਂਦ੍ਰਹੀਣਤਾ ਨੂੰ ਪ੍ਰਗਟ ਕੀਤਾ, ਉੱਥੇ ਜੋਖ਼ਿਮ ਵਾੱਕ ਨੇ ਸੋਝੀ ਦੁਆਰਾ ਸ਼ਬਦ ਸਮੂਹਾਂ ਨੂੰ ਸੰਕਲਪਾਂ, ਵਰਗਾਂ ਅਤੇ ਸਿਧਾਂਤਾਂ ਵਿੱਚ ਸੂਤ੍ਰਬੱਧ ਕਰਕੇ 'ਸਮਝਣ ਦੇ ਸਿਧਾਂਤ' ਦੀ ਸਥਾਪਨਾ ਕੀਤੀ ਹੈ। ਵਿਗਿਆਨਕ

ਵਿਸ਼ਲੇਸ਼ਣ ਦੇ ਅਧਾਰ ਤੇ ਮਨੁੱਖੀ ਸੋਝੀ ਇਤਿਹਾਸਿਕ ਅਤੇ ਵਿਵਸਥਿਤ ਦਿਸ਼ਾਵਾਂ ਵਿੱਚ ਅਧਿਐਨ ਕਰਕੇ ਸਮੁੱਚ ਵਿੱਚ ਕਿਸੇ ਅਨੁਭਵ ਜਾਂ ਵਿਚਾਰ ਦੀ ਵਿਆਖਿਆ ਤਾਂ ਕਰ ਸਕਦੀ ਹੈ ਜਿਵੇਂ ਪਵਿੱਤਰ ਬਾਈਬਲ ਦੀ ਐਕਸੀਜੀਸਿਸ ਦੁਆਰਾ ਕੀਤੀ ਗਈ ਹੈ ਪ੍ਰੰਤੂ ਹੋਂਦ ਦੇ ਸੰਕਲਪ ਨਾਲ ਜੁੜੇ ਸਮੁੱਚ ਦੇ ਅਧਿਐਨ ਨੂੰ ਸਮੇਂ ਅਤੇ ਸਥਾਨ ਦੇ ਅੰਤਰਾਲ ਦੇ ਅਧਾਰ ਤੇ ਕੇਵਲ ਨਿਯਮ ਬੱਧ ਹੀ ਕੀਤਾ ਜਾ ਸਕਦਾ ਹੈ ਜਿਵੇਂ 'ਹਰਮੇਨਿਊਟਿਕਸ' ਦੁਆਰਾ ਕੀਤਾ ਗਿਆ ਹੈ।

## 2.6 ਭਾਰਤੀ ਅਤੇ ਪੱਛਮੀ ਚਿੰਤਨ ਵਿੱਚ ਵਿਆਖਿਆਕਾਰੀ ਦਾ ਮੁੱਢ ਅਤੇ ਵਿਕਾਸ:

ਪਾਠ ਦੇ ਅਸਲ ਅਰਥਾਂ ਤੱਕ ਕਿਵੇਂ ਪਹੁੰਚਿਆ ਜਾਵੇ?, ਮੂਲ ਰੂਪ ਵਿੱਚ ਕਰਤਾ ਨੇ ਆਪ ਪਾਠ ਦੇ ਕੀ ਅਰਥ ਲਏ ਹੋਣਗੇ? ਅਤੇ ਜਿਸ ਸਮੇਂ ਪਾਠ ਕਰਤਾ ਦੇ ਅਨੁਭਵ ਵਿੱਚ ਪ੍ਰਕਾਸ਼ਮਾਨ ਹੋਇਆ, ਉਸ ਸਮੇਂ ਸ਼ਬਦ ਦੇ ਕੀ ਅਰਥ ਹੋਣਗੇ?ਇਨ੍ਹਾਂ ਪ੍ਰਸ਼ਨਾਂ ਦੇ ਹੱਲ ਲਈ ਪਾਠ ਨੂੰ ਲਿਖਣ ਅਤੇ ਸਮਝਣ ਦੇ ਸਮੇਂ ਵਿਚਲੇ ਖਲਾਅ ਨੂੰ ਭਰਨ ਲਈ ਵਿਆਖਿਆਕਾਰੀ ਦੇ ਯਤਨ ਹੋਏ।ਸਮੇਂ ਦੀ ਲੋੜ ਅਨੁਸਾਰ ਲੇਖਕ ਦੀ ਬੋਲੀ ਨੂੰ ਪਾਠਕ ਦੀ ਬੋਲੀ ਵਿੱਚ ਅਨੁਵਾਦ ਕਰਕੇ ਜਾਂ ਸਰਲ ਸ਼ਬਦਾਂ ਵਿੱਚ ਸਪਸ਼ਟ ਕਰਕੇ ਦੱਸਣ ਦਾ ਕਾਰਜ ਵਿਆਖਿਆਕਾਰ ਦਾ ਹੈ ਜਿਸ ਨੂੰ ਕਿ ਭਾਰਤੀ ਚਿੰਤਨ ਅਧੀਨ ਬਹੁਤ ਪੁਰਾਣੇ ਸਮੇਂ ਤੋਂ ਵਾਚਿਆ ਅਤੇ ਵਿਚਾਰਿਆ ਜਾ ਰਿਹਾ ਹੈ।ਵਿਆਖਿਆਕਾਰੀ ਦੇ ਇਸ ਕਾਰਜ ਨੂੰ ਭਾਰਤੀ-ਚਿੰਤਨ ਵਿੱਚ ਕਈ ਨਾਵਾਂ ਜਿਵੇਂ ਕਿ ਟੀਕਾ, ਟਿੱਪਣੀ, ਭਾਸ਼/ਭਾਸ਼ਯ, ਵ੍ਰਿਤੀ ਅਤੇ ਵਿਆਖਿਆ ਆਦਿ ਨਾਲ ਜਾਣਿਆ ਜਾਂਦਾ ਹੈ ਜਦੋਂ ਕਿ ਪੱਛਮੀ ਚਿੰਤਨ ਵਿੱਚ ਹੋਏ ਵਿਆਖਿਆਕਾਰੀ ਦੇ ਕਾਰਜ 'ਹਰਮੇਨਿਊਟਿਕਸ' ਅਤੇ 'ਐਕਸਿਜੀਸਿਸ' ਆਦਿ ਨਾਵਾਂ ਨਾਲ ਜਾਣੇ ਜਾਂਦੇ ਹਨ।

### 2.6.1 ਵੈਦਿਕ ਸਾਹਿਤ ਵਿੱਚ ਟੀਕਾਕਾਰੀ : ਮੁੱਢ ਅਤੇ ਵਿਕਾਸ

ਭਾਰਤੀ ਸਾਹਿਤ ਪਰੰਪਰਾ ਵਿੱਚ ਸਦੀਆਂ ਤੋਂ ਸਾਹਿਤਕ ਕ੍ਰਿਤੀਆਂ ਦੇ ਵਿਸ਼ੇ ਵਸਤੂ ਦੇ ਅਧਿਐਨ ਦੀ ਇੱਕ ਬਹੁਤ ਹੀ ਮਹੱਤਵਪੂਰਣ ਪ੍ਰਣਾਲੀ 'ਟੀਕਾਕਾਰੀ' ਰਹੀ ਹੈ ਜਿਸ ਨੂੰ ਅੰਗਰੇਜ਼ੀ ਵਿੱਚ 'ਐਕਸਿਜੀਸਿਸ' (exegesis) ਕਿਹਾ ਜਾਂਦਾ ਹੈ।ਇਹ ਪਾਠ ਦੀ ਦੁਰਬੋਧਤਾ ਨੂੰ ਸਰਲ ਕਰਕੇ ਅਭਿਵਿਅਕਤ ਕਰਨ ਵਿੱਚ ਸੰਪੂਰਨ ਰੂਪ ਵਿੱਚ ਕਾਮਯਾਬ ਹੋਈ ਹੈ।ਕਿਸੇ

ਸਾਹਿਤਕ ਕ੍ਰਿਤੀ ਦੀ ਦੁਰਬੋਧਤਾ ਨੂੰ ਸਰਲ ਕਰਕੇ ਪ੍ਰਗਟਾਉਣ ਦੀ ਇਹ ਪਰੰਪਰਾ ਅੱਜ ਵੀ ਘੱਟ ਮਹੱਤਵਪੂਰਣ ਨਹੀਂ ਹੈ।

ਅਸਲ ਵਿੱਚ ਟੀਕਾ, ਟਿੱਪਣੀ ਆਦਿ ਦਾ ਸਾਡੇ ਕੋਲ ਇੱਕ ਅਮੀਰ ਵਿਰਸਾ ਹੈ।ਪ੍ਰਾਚੀਨ-ਕਾਲ ਵਿੱਚ ਭਾਵੇਂ ਬ੍ਰਹਮਾ, ਵਿਸ਼ਿਸ਼ਠ, ਪਰਾਸ਼ਰ, ਜੈਮਿਨੀ, ਯਾਗਵਲਕਯ, ਕਾਤਿਯਾਯਨ, ਵੇਦ ਵਿਆਸ ਆਦਿ ਰਿਸ਼ੀਆਂ ਨੂੰ ਵੇਦਾਂ ਦੇ ਚੰਗੇ ਗਿਆਤਾ ਮੰਨਿਆ ਜਾਂਦਾ ਸੀ ਪਰ ਮੱਧਕਾਲ ਵਿੱਚ ਵੇਦਾਂ ਦੇ ਅਰਥ ਸਰਲ ਅਤੇ ਸਪਸ਼ਟ ਕਰਨ ਲਈ ਵੇਦਾਂ ਦੀ ਵਿਆਖਿਆ ਲਈ ਹੋਏ ਯਤਨਾਂ ਵਿੱਚੋਂ ਸਾਯਣ ਆਚਾਰੀਆ[111] ਦਾ ਰਚਿਆ ਚਤੁਰਵੇਦ ਭਾਸ਼ 'ਮਾਧਵੀਯ ਵੇਦਾਰਥ ਦੀਪਿਕਾ' ਬਹੁਤ ਪ੍ਰਸਿੱਧ ਹੈ।ਵੇਦ ਦੀ ਵਿਆਖਿਆ ਪਰੰਪਰਾ ਅਨੁਸਾਰ ਇੱਕ ਹੀ ਵੇਦ ਦਾ ਸਰੂਪ ਸੰਹਿਤਾ, ਬ੍ਰਾਹਮਣ, ਆਰਣਯਕ ਅਤੇ ਉਪਨਿਸ਼ਦ ਚਾਰ ਰੂਪਾਂ ਵਿੱਚ ਮੰਨਿਆ ਗਿਆ ਹੈ।ਵੈਦਿਕ ਸਾਹਿਤ ਵਿੱਚ ਵੇਦਾਂ ਦੇ ਗੂੜ੍ਹ ਭਾਵਾਂ ਨੂੰ ਸਮਝਣ ਸਮਝਾਉਣ ਲਈ ਨਿਘੰਟੂ, ਨਿਰੁਕਤ, ਟੀਕਾ, ਟਿੱਪਣੀ, ਵ੍ਰਿਤੀ, ਭਾਸ਼, ਵਿਆਖਿਆ ਆਦਿ ਦਾ ਜਨਮ ਹੋਇਆ।ਆਰੰਭ ਵਿੱਚ ਕਠਿਨ ਸ਼ਬਦਾਂ ਦੇ ਕ੍ਰਮਬੱਧ ਕੋਸ਼ ਦੇ ਰੂਪ ਵਿੱਚ ਨਿਘੰਟੂ ਦੀ ਰਚਨਾ ਕੀਤੀ ਗਈ ਜਿਸ ਉਪਰੰਤ ਸ਼ਬਦਾਂ ਦੀ ਵਿਉਂਤਪੱਤੀ ਅਤੇ ਕਠਿਨ ਸ਼ਬਦਾਂ ਦੇ ਅਰਥਾਂ ਦੀ ਸੰਪਾਦਨਾ ਲਈ 'ਨਿਰੁਕਤ' ਦੀ ਰਚਨਾ ਹੋਈ ਜਿਸ ਨੇ ਵਿਆਖਿਆ ਨੂੰ ਹੋਰ ਵੀ ਵਿਵਹਾਰਕ ਆਚਰਣ ਪ੍ਰਦਾਨ ਕਰ ਦਿੱਤਾ।ਖਟ-ਸ਼ਾਸਤਰ ਅਤੇ ਪੁਰਾਣ ਆਦਿ ਮਹਾਨ ਗ੍ਰੰਥ ਵੇਦਾਂ ਦੇ ਵਿਆਖਿਆ-ਵਖਿਆਨ ਅਤੇ ਅਰਥਾਂਤਰ ਦੇ ਕਾਰਣ ਹੀ ਰਚੇ ਗਏ।

ਪ੍ਰਾਚੀਨ ਕਾਲ ਤੋਂ ਹੀ ਭਾਰਤ ਵਿੱਚ ਵੇਦਾਂ ਦੀ ਵਿਵੇਚਨਾ ਦੇ ਅੰਤਰ ਦੇ ਕਾਰਣ ਕਈ ਮੱਤ ਬਣ ਗਏ ਸਨ।ਮੱਧਕਾਲੀਨ ਯੁੱਗ ਵਿੱਚ ਵੀ ਇਸਦੇ ਭਾਸ਼ਯਾਂ (ਵਿਆਖਿਆ) ਨੂੰ ਲੈ ਕੇ ਕਈ ਸ਼ਾਸਤਰਾਰਥ ਬਣੇ।ਗੰਭੀਰ ਵਿਸ਼ੇ ਵਾਲੀਆਂ ਕਠਿਨ ਤੇ ਸੂਤ੍ਰਿਕ ਰਚਨਾਵਾਂ ਦੇ ਗੂੜ੍ਹ ਅਰਥਾਂ ਦੇ ਬੋਧ ਲਈ ਸੰਸਕ੍ਰਿਤ ਵਿੱਚ ਨਿਘੰਟੂ, ਨਿਰੁਕਤ, ਟੀਕਾ, ਟਿੱਪਣੀ, ਵ੍ਰਿਤੀ, ਭਾਸ਼ ਅਤੇ ਵਿਆਖਿਆ ਆਦਿ ਵਿਭਿੰਨ ਵਿਧੀਆਂ ਹਨ।ਕਿਸੇ ਸ਼ਬਦ ਦਾ ਅਰਥ ਨਿਰਧਾਰਿਤ ਕਰਨ ਲਈ ਉਸ ਸ਼ਬਦ ਦੇ ਵਿਸ਼ੇਸ਼ ਪ੍ਰਯੋਗ ਅਤੇ ਸੰਦਰਭ ਦੇ ਹਵਾਲੇ ਨਾਲ ਵਿਆਖਿਆਕਾਰੀ ਦੀ ਪਰੰਪਰਾ ਰਿਗਵੇਦ ਦੀ ਰਚਨਾ ਦੇ ਨਾਲ ਹੀ ਆਰੰਭ ਹੋ ਜਾਂਦੀ ਹੈ।ਹਿੰਦੀ ਅਤੇ ਹਿੰਦੀ-ਸੰਸਕ੍ਰਿਤ ਕੋਸ਼ਾਂ ਵਿੱਚ ਵਿਆਖਿਆਕਾਰੀ ਦੇ ਪੰਜ ਭੇਦ ਦੱਸੇ ਗਏ ਹਨ - ਟੀਕਾ, ਭਾਸ਼, ਵਾਰਤਕ, ਟਿੱਪਣੀ ਅਤੇ ਵ੍ਰਿਤੀ।ਟੀਕਾਕਾਰੀ ਇਸ ਵਿਆਖਿਆ ਪਰੰਪਰਾ ਦਾ ਪ੍ਰਮੁੱਖ ਅਤੇ ਆਰੰਭਿਕ ਰੂਪ ਹੈ।

### 2.6.1.1 ਟੀਕਾ:

'ਟੀਕਾ' ਲਲਾਟ ਅਥਵਾ ਮਸਤਕ ਉੱਤੇ ਲਗਾਈ ਜਾਣ ਵਾਲੀ ਕੁਮਕੁਮ ਜਾਂ ਕੇਸਰ ਆਦਿ ਦੀ ਰੇਖਾ ਨੂੰ ਕਹਿੰਦੇ ਹਨ ਇਸੇ ਤਰ੍ਹਾਂ ਪ੍ਰਾਚੀਨ ਹਸਤ ਲੇਖ ਦੇ ਕੇਂਦਰ ਵਿੱਚ ਮੂਲ ਰਚਨਾ ਲਿਖੀ ਜਾਂਦੀ ਸੀ ਅਤੇ ਉੱਪਰਲੇ ਭਾਗ ਵਿੱਚ ਲਲਾਟ ਉੱਤੇ ਤਿਲਕ ਦੀ ਤਰ੍ਹਾਂ ਮੂਲ ਦੀ ਵਿਆਖਿਆ ਲਿਖੀ ਜਾਂਦੀ ਸੀ। ਮਸਤਕ ਜਾਂ ਮੱਥੇ ਦੇ ਟਿੱਕੇ ਦੇ ਸਮਾਨ ਹੀ ਗ੍ਰੰਥਾਂ ਦੀ ਵਿਆਖਿਆ ਨੂੰ ਵੀ ਸੰਸਕ੍ਰਿਤ ਭਾਸ਼ਾ ਅਨੁਸਾਰ ਟੀਕਾ ਕਿਹਾ ਜਾਣ ਲੱਗ ਪਿਆ।ਗ੍ਰੰਥ ਦੇ ਉੱਪਰਲੇ ਭਾਗ ਵਿੱਚ ਟੀਕਾ ਨਾ ਆ ਸਕਣ ਤੇ ਇਸ ਨੂੰ ਗ੍ਰੰਥ ਦੇ ਨਿਚਲੇ ਭਾਗ ਤੇ ਵੀ ਲਿਖ ਦਿੱਤਾ ਜਾਂਦਾ ਸੀ।[112] ਟੀਕਾ ਆਮ ਤੌਰ ਤੇ ਪਦ-ਅਰਥ ਜਾਂ ਸ਼ਾਬਦਿਕ ਅਰਥ ਸਪਸ਼ਟ ਕਰਨ ਤੱਕ ਹੀ ਸੀਮਿਤ ਹੁੰਦਾ ਹੈ।ਪਦ-ਅਰਥ ਵਿੱਚ ਪ੍ਰਯਾਯਵਾਚੀ ਅਰਥ ਹੁੰਦੇ ਹਨ ਜਦੋਂ ਕਿ ਟੀਕਾ ਟਿੱਪਣੀਆਂ ਸਹਿਤ ਰਚਨਾ ਨੂੰ ਸਰਲ ਬੋਲੀ ਵਿੱਚ ਇੰਨ ਬਿੰਨ ਪੇਸ਼ ਕਰਦਾ ਹੈ।ਇਸ ਤਰ੍ਹਾਂ ਟੀਕਾਕਾਰੀ ਦਾ ਪਹਿਲਾ ਸਰੂਪ ਔਖੇ ਪਦਾਂ ਦੇ ਪ੍ਰਯਾਇ ਦੇਣਾ ਹੈ।ਫਿਰ ਟੀਕਾਕਾਰੀ ਦਾ ਦੂਜਾ ਸਰੂਪ ਤੁਕਾਂ ਦਾ ਅਰਥ ਇਸ ਤਰ੍ਹਾਂ ਕਰਨਾ ਹੈ ਕਿ ਉਨ੍ਹਾਂ ਦੇ ਭਾਵ ਪੂਰੀ ਤਰ੍ਹਾਂ ਨਾਲ ਸਪਸ਼ਟ ਹੋ ਜਾਣ।

ਅਸਲ ਵਿੱਚ ਟੀਕਾ ਸ਼ਬਦ ਸੰਸਕ੍ਰਿਤ ਦੇ ਟੀਕ ਧਾਤੂ ਤੋਂ ਬਣਿਆ ਹੈ ਜਿਸਦੇ ਅਰਥ ਹਨ 'ਬਿਆਨ ਕਰਨਾ' ਜਾਂ 'ਕੁੱਦਣਾ'।[113] ਟੀਕੇ ਤੋਂ ਭਾਵ ਕਿਸੇ ਪਦ, ਵਾਕ, ਜਾਂ ਗ੍ਰੰਥ ਦੇ ਅਰਥ ਸਪਸ਼ਟ ਕਰਨ ਵਾਲਾ ਵਾਕ, ਕਥਨ ਲੇਖ ਜਾਂ ਗ੍ਰੰਥ ਹੈ।[114] ਟੀਕੇ ਦਾ ਮੰਤਵ ਮੂਲ ਰਚਨਾ ਦੇ ਭਾਵ ਮੰਡਲ ਵਿੱਚ ਪਰਵੇਸ਼ ਕਰ ਕੇ ਗਹਿਰਾਈ ਤੱਕ ਜਾਣਾ ਹੈ ਅਤੇ ਉਸ ਦੇ ਅਰਥਾਂ ਦਾ ਗਿਆਨ ਪ੍ਰਾਪਤ ਕਰਕੇ ਉਸ ਨੂੰ ਬਿਆਨਣਾ ਹੈ।[115]

ਡਾ. ਧੀਰੇਂਦ੍ਰ ਵਰਮਾ ਟੀਕੇ ਦੀ ਪਰਿਭਾਸ਼ਾ ਦਿੰਦੇ ਹੋਏ ਆਖਦੇ ਹਨ ਕਿ ਟੀਕੇ ਵਿੱਚ ਕੇਵਲ ਕਠਿਨ ਪਦਾਂ ਦੀ ਹੀ ਵਿਆਖਿਆ ਕੀਤੀ ਜਾਂਦੀ ਹੈ।[116] ਸ਼੍ਰੀ ਤਾਰਾ ਨਾਥ ਭੱਟਾਚਾਰੀਆ ਇਸ ਪਰਿਭਾਸ਼ਾ ਦੀ ਪੈਰਵੀ ਕਰਦੇ ਹੋਏ ਆਖਦੇ ਹਨ ਕਿ ਕੇਵਲ ਕਠਿਨ ਪਦਾਂ ਦੀ ਹੀ ਵਿਆਖਿਆ ਹੋਣ ਕਰਕੇ ਟੀਕੇ ਨੂੰ ਵ੍ਰਿਤੀ ਵਾਂਗ ਸੰਖੇਪ ਵੀ ਹੋਣਾ ਚਾਹੀਦਾ ਹੈ।[117] ਪ੍ਰੰਤੂ ਇਸ ਦੇ ਵਿਰੁੱਧ ਜੈਨ ਵਿਦਵਾਨ ਹੇਮਚੰਦ੍ਰ ਅਨੁਸਾਰ ਟੀਕਾ ਕਠਿਨ ਪਦਾਂ ਦੀ ਹੀ ਵਿਆਖਿਆ ਨਹੀਂ ਸਗੋਂ ਮੂਲ, ਸੁਖੈਨ ਅਤੇ ਕਠਿਨ ਸਾਰੇ ਪਦਾਂ ਦੀ ਨਿਰੰਤਰ ਵਿਆਖਿਆ ਹੈ।[118] ਭਾਵੇਂ

ਕੁਝ ਅਪਵਾਦ ਹੋ ਸਕਦੇ ਹਨ ਪਰ ਸੰਸਕ੍ਰਿਤ ਦੇ ਉਪਲਬਧ ਟੀਕਿਆਂ ਵਿੱਚ ਨਾ ਤਾਂ ਕੇਵਲ ਕਠਿਨ ਪਦਾਂ ਦੀ ਹੀ ਵਿਆਖਿਆ ਮਿਲਦੀ ਹੈ ਤੇ ਨਾ ਹੀ ਕਠਿਨ ਤੇ ਸੁਖੈਨ ਸਾਰੇ ਪਦਾਂ ਦੀ। ਇਨ੍ਹਾਂ ਟੀਕਿਆਂ ਵਿੱਚ ਸਾਰੇ ਆਵੱਸ਼ਕ ਪਦਾਂ ਦੀ ਵਿਆਖਿਆ ਮਿਲਦੀ ਹੈ। ਟੀਕੇ ਉੱਤੇ ਗੱਦ ਜਾਂ ਪਦ ਦਾ ਵੀ ਕੋਈ ਬੰਧਨ ਨਹੀਂ। ਗੱਦਮਈ ਜਾਂ ਪਦਮਈ ਰਚਨਾ ਦਾ ਗੱਦ ਜਾਂ ਪਦ ਕਿਸੇ ਵਿੱਚ ਵੀ ਟੀਕਾ ਕੀਤਾ ਜਾ ਸਕਦਾ ਹੈ। ਇਸ ਪ੍ਰਕਾਰ ਗੱਦ ਜਾਂ ਪਦ ਵਿੱਚ ਆਵੱਸ਼ਕ ਪਦਾਂ ਦੀ ਵਿਆਖਿਆ ਰਾਹੀਂ ਕਿਸੇ ਰਚਨਾ ਦੇ ਸਰਲ ਤੇ ਸੁਖੈਨ ਅਰਥ ਕਰਨ ਦਾ ਨਾਂ ਹੀ ਟੀਕਾ ਹੈ।

### 2.6.1.2 ਨਿਰੁਕਤ:

ਵੈਦਿਕ ਸਾਹਿਤ ਦੇ ਸ਼ਬਦ ਵਿਉਂਤਪੱਤੀ (etymology) ਦੇ ਵਿਵੇਚਨ ਨੂੰ ਨਿਰੁਕਤ ਦਾ ਨਾਂ ਦਿੱਤਾ ਗਿਆ।[119] ਨਿਰੁਕਤ ਹਿੰਦੂ ਧਰਮ ਦੇ ਛੇ ਵੇਦਾਂਗਾਂ ਵਿੱਚੋਂ ਇੱਕ ਹੈ। ਇਸਦਾ ਅਰਥ ਹੈ – ਵਿਉਂਤਪੱਤੀ ਸੰਬੰਧੀ ਵਿਆਖਿਆ। ਇਸ ਵਿੱਚ ਵੇਦਾਂ ਵਿੱਚ ਆਏ ਹੋਏ ਸ਼ਬਦਾਂ ਦੀ ਪੁਰਾਣੀ ਵਿਉਤਪੱਤੀ ਦਾ ਵਿਵੇਚਨ ਹੈ। ਨਿਰੁਕਤ ਵਿੱਚ ਸ਼ਬਦਾਂ ਦੇ ਅਰਥ ਕੱਢਣ ਲਈ ਛੋਟੇ-ਛੋਟੇ ਸੂਤਰ ਦਿੱਤੇ ਹੋਏ ਹਨ। ਇਸ ਦੇ ਨਾਲ ਹੀ ਇਸ ਵਿੱਚ ਕਠਿਨ ਅਤੇ ਘੱਟ ਪ੍ਰਯੋਗ ਹੋਏ ਸ਼ਬਦਾਂ ਦਾ ਸੰਕਲਨ ਵੀ ਹੈ। ਪਰੰਪਰਾਗਤ ਰੂਪ ਨਾਲ ਸੰਸਕ੍ਰਿਤ ਦੇ ਪ੍ਰਾਚੀਨ ਵਿਆਕਰਣ ਕਰਤਾ ਯਾਸਕ ਨੂੰ 'ਨਿਰੁਕਤ ਦਾ ਜਨਕ' ਕਿਹਾ ਜਾਂਦਾ ਹੈ। ਭਾਰਤ ਵਿੱਚ ਵਿਆਖਿਆਕਾਰੀ ਦੀ ਇਸ ਮੰਨੀ ਪ੍ਰਮੰਨੀ ਪਰੰਪਰਾ ਦੀ ਸ਼ੁਰੂਆਤ ਨਿਰੁਕਤਕਾਰ ਯਾਸਕ ਦੀ ਸੁਪ੍ਰਸਿੱਧ ਰਚਨਾ 'ਨਿਰੁਕਤ' ਜੋ ਕਿ ਅੱਠਵੀਂ ਸਦੀ ਈਸਾ ਪੂਰਵ ਵਿੱਚ ਹੋਂਦ ਵਿੱਚ ਆ ਗਈ ਸੀ, ਨਾਲ ਹੁੰਦੀ ਹੈ। ਇਸ ਵਿੱਚ ਉਸ ਨੇ ਰਿਗਵੇਦ ਵਿਚਲੇ 2041 ਅਸਪਸ਼ਟ ਸ਼ਬਦਾਂ ਦਾ ਅਰਥ ਨਿਰਧਾਰਿਤ ਕੀਤਾ। ਵੈਦਿਕ ਸ਼ਬਦਾਂ ਦੇ ਦੁਰਲਭ ਅਰਥਾਂ ਨੂੰ ਸਪਸ਼ਟ ਕਰਨਾ ਹੀ ਨਿਰੁਕਤ ਦਾ ਪ੍ਰਯੋਜਨ ਹੈ। ਨਿਰੁਕਤ ਦੀ ਜਾਣਕਾਰੀ ਤੋਂ ਬਿਨਾਂ ਵੇਦ ਦੇ ਅਰਥਾਂ ਦਾ ਗਿਆਨ ਸੰਭਵ ਨਹੀਂ ਹੈ। ਇਸੇ ਪਰੰਪਰਾ ਅਧੀਨ ਪ੍ਰਾਕ੍ਰਿਤ ਅਤੇ ਪਾਲੀ ਭਾਸ਼ਾ ਵਿੱਚ ਲਿਖੇ ਜੈਨ ਅਤੇ ਬੁੱਧ ਧਰਮ ਗ੍ਰੰਥਾਂ ਦੀ ਵੀ ਵਿਆਖਿਆਕਾਰੀ ਹੋਈ ਹੈ। ਵਰਤਮਾਨ ਵਿੱਚ ਉਪਲਬਧ ਨਿਰੁਕਤ, ਨਿਘੰਟੂ ਦੀ ਵਿਆਖਿਆ ਵੀ ਹੈ। ਇਸ ਦੀਆਂ ਵਿਸ਼ੇਸ਼ਤਾਵਾਂ ਤੋਂ ਆਕਰਸ਼ਿਤ ਹੋ ਕੇ ਵਿਦਵਾਨਾਂ ਨੇ ਨਿਰੁਕਤ ਤੇ ਟੀਕੇ ਲਿਖੇ ਹਨ। ਨਿਰੁਕਤ ਤੇ ਸਕੰਦ ਸਵਾਮੀ ਦਾ ਟੀਕਾ ਸਭ ਤੋਂ ਪ੍ਰਾਚੀਨ ਹੈ।

### 2.6.1.3 ਭਾਸ਼:

ਭਾਸ਼ ਸ਼ਬਦ ਦੇ ਕੋਸ਼ਗਤ ਅਰਥ ਹਨ – ਕਹਿਣਾ, ਬੋਲਣਾ ਜਾਂ ਗੱਲਾਂ ਕਰਨੀਆਂ।[120] ਭਾਸ਼ ਦਾ ਸ਼ਾਬਦਿਕ ਅਰਥ – 'ਵਿਆਖਿਆ ਦੇ ਯੋਗ' ਹੈ।ਭਾਸ਼ ਕਿਸੇ ਵਿਸ਼ੇਸ਼ ਦ੍ਰਿਸ਼ਟੀਕੋਣ ਤੋਂ ਕਿਸੇ ਰਚਨਾ ਦੇ ਸਿਧਾਂਤ, ਭਾਵ ਤੇ ਭਾਵਨਾ ਪ੍ਰਗਟ ਕਰਦੇ ਹਨ।ਸਾਧਾਰਣ ਬੋਲਚਾਲ ਵਿੱਚ ਕਿਸੇ ਗੂੜ੍ਹ ਗੱਲ ਜਾਂ ਵਾਕ ਦੀ ਵਿਸਤ੍ਰਿਤ ਵਿਆਖਿਆ ਨੂੰ ਵੀ ਭਾਸ਼ ਆਖ ਦਿੱਤਾ ਜਾਂਦਾ ਹੈ।[121] ਸੰਸਕ੍ਰਿਤ ਸਾਹਿਤ ਦੀ ਪਰੰਪਰਾ ਵਿੱਚ ਉਨ੍ਹਾਂ ਗ੍ਰੰਥਾਂ ਨੂੰ ਭਾਸ਼ ਕਿਹਾ ਜਾਂਦਾ ਹੈ ਜੋ ਦੂਜੇ ਗ੍ਰੰਥਾਂ ਦੇ ਅਰਥ ਦੀ ਵਿਸਤ੍ਰਿਤ ਵਿਆਖਿਆ ਜਾਂ ਟੀਕਾ ਪ੍ਰਸਤੁਤ ਕਰਦੇ ਹਨ।ਭਾਸ਼ ਮੋਕਸ਼ ਦੀ ਪ੍ਰਾਪਤੀ ਲਈ ਅਵਿੱਦਿਆ ਦਾ ਨਾਸ਼ ਕਰਨ ਦੇ ਸਾਧਨ ਦੇ ਰੂਪ ਵਿੱਚ ਜਾਣੇ ਜਾਂਦੇ ਹਨ।ਭਾਸ਼ ਦੇ ਅਰਥ ਭਾਸ਼ਾ ਗ੍ਰੰਥ ਵੀ ਕੀਤੇ ਗਏ ਹਨ ਅਤੇ ਇਸ ਅਰਥ ਵਿੱਚ ਭਾਸ਼ ਸ਼ਬਦ ਭਾਸ਼ਾ ਤੋਂ ਨਿਕਲਿਆ ਹੋਇਆ ਪ੍ਰਤੀਤ ਹੁੰਦਾ ਹੈ।[122] ਭਾਈ ਕਾਨ੍ਹ ਸਿੰਘ ਨਾਭਾ ਮਹਾਨ ਕੋਸ਼ ਵਿੱਚ ਭਾਸ਼ ਦੇ ਅਰਥ 'ਪ੍ਰਕਾਸ਼ਨ ਯੋਗ' ਅਤੇ 'ਪ੍ਰਗਟ ਕਰਨ ਲਾਈਕ' ਕਰਦੇ ਹਨ।[123] ਇਨ੍ਹਾਂ ਅਰਥਾਂ ਤੋਂ ਭਾਸ਼ ਦਾ ਮੰਤਵ ਕਿਸੇ ਰਚਨਾ ਦੇ ਗੁਹਜ ਅਰਥਾਂ ਦਾ ਪ੍ਰਕਾਸ਼ ਕਰਨਾ ਸਿੱਧ ਹੁੰਦਾ ਹੈ।

ਹੇਮਚੰਦ੍ਰ ਨੇ ਸੂਤ੍ਰ ਦੀ ਵਿਸਤਾਰ ਪੂਰਵਕ ਵਿਆਖਿਆ ਨੂੰ ਭਾਸ਼ ਮੰਨਿਆ ਹੈ।[124] ਸੰਸਕ੍ਰਿਤ ਸਾਹਿਤ ਵਿੱਚ ਭਾਸ਼ ਇੱਕ ਪਰਿਭਾਸ਼ਕ ਸ਼ਬਦ ਹੈ।ਸੂਤ੍ਰ ਅਤੇ ਭਾਸ਼ ਦਾ ਅਨਿੱਖੜ ਸੰਬੰਧ ਹੈ।ਸੂਤ੍ਰ ਅਤਿ ਸੰਖਿਪਤ ਹੁੰਦਿਆਂ ਹੋਇਆਂ ਵੀ ਅਰਥ ਭਰਪੂਰ ਹੁੰਦਾ ਹੈ ਅਤੇ ਇਸੇ ਕਰਕੇ ਅਸਪਸ਼ਟ ਵੀ।ਸੂਤਰਾਂ ਨੂੰ ਵਿਆਖਿਆ ਰਾਹੀਂ ਸਪਸ਼ਟ ਕਰਨ ਦੀ ਲੋੜ ਨੇ ਹੀ ਭਾਸ਼ ਸਾਹਿਤ ਨੂੰ ਜਨਮ ਦਿੱਤਾ।ਸੰਸਕ੍ਰਿਤ ਸਾਹਿਤ ਵਿੱਚ ਭਾਸ਼ ਦੀ ਆਪਣੀ ਵਿਸ਼ੇਸ਼ ਸ਼ੈਲੀ ਹੈ।ਪਹਿਲਾਂ ਸੂਤਰ ਦਿੱਤਾ ਜਾਂਦਾ ਹੈ।ਫਿਰ ਸੂਤਰ ਵਿੱਚ ਆਏ ਸੰਖਿਪਤ ਸੂਤਰਾਤਮਕ ਵਾਕਾਂ ਵਿੱਚ ਅਰਥ ਦਿੱਤਾ ਜਾਂਦਾ ਹੈ।ਉਸ ਤੋਂ ਪਿੱਛੋਂ ਭਾਸ਼ਕਾਰ ਦੇ ਆਪਣੇ ਵਾਕਾਂ ਵਿੱਚ ਆਏ ਪਦਾਂ ਦਾ ਵਿਸ਼ੇਸ਼ ਵਿਆਖਿਆਨ ਕੀਤਾ ਜਾਂਦਾ ਹੈ। ਭਾਸ਼ ਵਿੱਚ ਭਾਸ਼ਕਾਰ ਧਰਮ ਗ੍ਰੰਥ ਵਿੱਚ ਸ਼ਾਮਿਲ ਪਾਠ ਦੇ ਅਸਪਸ਼ਟ ਅਰਥ ਖੋਲ੍ਹਣ ਲਈ ਆਪਣੇ ਵੱਲੋਂ ਵੀ ਸਾਮੱਗਰੀ ਜੋੜ ਲੈਂਦਾ ਹੈ ਭਾਵ ਭਾਸ਼ ਵਿੱਚ ਭਾਸ਼ਕਾਰ ਸੂਤ੍ਰਾਂ ਦੀ ਜੋ ਵਿਆਖਿਆ ਕਰਦਾ ਹੈ ਉਸ ਦੀ ਪੁਸ਼ਟੀ ਉਹ ਆਪਣੇ ਵਿਚਾਰਾਂ ਨਾਲ ਕਰ ਸਕਦਾ ਹੈ।ਆਪਣੇ ਵਿਚਾਰਾਂ ਨੂੰ ਹੋਰ ਖੋਲ੍ਹ ਕੇ ਬਿਆਨ ਕਰਨ ਦੀ ਉਸ ਨੂੰ ਸੁਤੰਤਰਤਾ ਹੁੰਦੀ ਹੈ।

ਬਾਲ ਗੰਗਾਧਰ ਤਿਲਕ ਦਾ ਵਿਚਾਰ ਹੈ ਕਿ ਭਾਸ਼ਕਾਰ ਮੂਲ ਰਚਨਾ ਦੇ ਕੇਵਲ ਅਰਥ ਵਰਣਨ ਕਰਨ ਨਾਲ ਸੰਤੁਸ਼ਟ ਨਹੀਂ ਰਹਿੰਦਾ, ਉਹ ਉਸ ਗ੍ਰੰਥ ਦੀ ਨਿਆਇਯੁਕਤ ਸਮਾਲੋਚਨਾ ਕਰਦਾ ਹੈ, ਆਪਣੇ ਮੱਤ ਅਨੁਸਾਰ ਉਸਦਾ ਤਾਤਪਰਜ ਦੱਸਦਾ ਹੈ ਅਤੇ ਉਸੇ ਅਨੁਸਾਰ ਉਹ ਇਹ ਵੀ ਦੱਸਦਾ ਹੈ ਕਿ ਗ੍ਰੰਥ ਦੇ ਅਰਥ ਕਿਵੇਂ ਲਗਾਉਣੇ ਚਾਹੀਦੇ ਹਨ।[125] ਭਾਸ਼ ਕਾਲ ਵਿੱਚ ਵਿਭਿੰਨ ਮਤਾਂ ਦੇ ਦਰਸ਼ਨ ਆਚਾਰੀਆ ਆਪਸ ਵਿੱਚ ਵਾਦ ਵਿਵਾਦ ਆਮ ਕਰਿਆ ਕਰਦੇ ਸਨ ਜਿਸ ਵਿੱਚ ਵੱਖ-ਵੱਖ ਵਿਧੀਆਂ ਰਾਹੀਂ ਉਹ ਆਪਣੇ ਮੱਤ ਨੂੰ ਸਹੀ ਦਰਸਾਉਂਦੇ ਅਤੇ ਵਿਰੋਧੀਆਂ ਦੇ ਮੱਤਾਂ ਦਾ ਖੰਡਨ ਕਰਦੇ ਸਨ।ਇਸ ਵਾਦ ਪੱਧਤੀ ਦਾ ਪ੍ਰਭਾਵ ਵੀ ਭਾਸ਼ ਸਾਹਿਤ ਉੱਤੇ ਪਿਆ।ਇਸੇ ਕਰਕੇ ਪੀ. ਡੀ. ਚੰਦ੍ਰਾ ਲਿਖਦੇ ਹਨ, “ਭਾਸ਼ਕਾਰ ਵਿਭਿੰਨ ਵਿਚਾਰਾਂ ਤੇ ਵਾਦ ਵਿਵਾਦ ਕਰਦਾ ਹੈ ਅਤੇ ਆਪਣਾ ਤਰਕ ਪੇਸ਼ ਕਰਦਾ ਹੈ।”[126] ਇਸ ਤੋਂ ਸਿੱਧ ਹੁੰਦਾ ਹੈ ਕਿ ਭਾਸ਼ ਕਿਸੇ ਵਿਸ਼ੇਸ਼ ਦ੍ਰਿਸ਼ਟੀਕੋਣ ਨੂੰ ਮੁੱਖ ਰੱਖ ਕੇ ਲਿਖਿਆ ਜਾਂਦਾ ਹੈ ਅਤੇ ਇੱਕੋ ਮੂਲ ਰਚਨਾ ਦੇ ਵੱਖ ਵੱਖ ਭਾਸ਼ ਵੱਖ ਵੱਖ ਦ੍ਰਿਸ਼ਟੀਕੋਣਾਂ ਨੂੰ ਪ੍ਰਗਟਾਉਂਦੇ ਹਨ।ਸੋ ਭਾਸ਼ ਇੱਕ ਵਿਸ਼ੇਸ਼ ਸ਼ੈਲੀ ਵਿੱਚ ਸੂਤ੍ਰਾਂ ਦੀ ਅਜਿਹੀ ਵਿਸਥਾਰ ਪੂਰਵਕ ਵਿਆਖਿਆ ਹੈ ਜਿਸ ਵਿੱਚ ਭਾਸ਼ਕਾਰ ਨੇ ਆਪਣੇ ਦ੍ਰਿਸ਼ਟੀਕੋਣ ਨੂੰ ਸਹੀ ਸਿੱਧ ਕਰਨ ਲਈ ਆਪਣੇ ਵਿਚਾਰ ਵੀ ਦਿੱਤੇ ਹੁੰਦੇ ਹਨ।ਭਾਸ਼ ਵਿੱਚ ਕੀਤੀ ਵਿਆਖਿਆ ਟੀਕੇ ਨਾਲੋਂ ਕਠਿਨ, ਗੰਭੀਰ ਅਤੇ ਵਧੇਰੇ ਵਿਸਤਾਰ ਪੂਰਵਕ ਹੁੰਦੀ ਹੈ।

ਭਾਸ਼ ਕਈ ਪ੍ਰਕਾਰ ਦੇ ਹੁੰਦੇ ਹਨ - ਪ੍ਰਥਮ, ਦਵਿਤੀਯ, ਤਰਿਤੀਯ।ਜੋ ਭਾਸ਼ ਮੂਲ ਗ੍ਰੰਥਾਂ ਦੀ ਟੀਕਾ ਕਰਦੇ ਹਨ ਉਨ੍ਹਾਂ ਨੂੰ ਪ੍ਰਥਮ ਭਾਸ਼ ਕਿਹਾ ਜਾਂਦਾ ਹੈ। ਮੂਲ ਗ੍ਰੰਥਾਂ ਦੀ ਟੀਕਾ ਦੀ ਵਿਆਖਿਆ ਕਰਦੇ ਗ੍ਰੰਥਾਂ ਦੇ ਭਾਸ਼ ਦਵਿਤੀਯ ਅਤੇ ਭਾਸ਼ਾਂ ਦੀ ਵਿਆਖਿਆ ਲਈ ਲਿਖੇ ਗਏ ਭਾਸ਼ ਤਰਿਤੀਯ ਭਾਸ਼ ਹੁੰਦੇ ਹਨ। ਮੁੱਖ ਰੂਪ ਨਾਲ ਸੂਤ੍ਰ ਗ੍ਰੰਥਾਂ ਤੇ ਭਾਸ਼ ਲਿਖੇ ਗਏ ਹਨ।ਪਾਣਿਨੀ ਦੇ ‘ਅਸ਼ਟਾਧਿਆਈ’ ਗ੍ਰੰਥ ਉੱਤੇ ਪਤੰਜਲੀ ਨੇ ਵਿਆਕਰਣ ਮਹਾਭਾਸ਼ (ਸਮੀਖਿਆ, ਟਿੱਪਣੀ, ਵਿਵੇਚਨਾ, ਆਲੋਚਨਾ) ਦੀ ਰਚਨਾ ਕੀਤੀ ਜਿਸ ਵਿੱਚ ਕਾਤਿਯਾਯਨ ਦੇ ਲਗਭਗ 1500 ਵਾਰਤਿਕ ਵੀ ਸ਼ਾਮਿਲ ਕੀਤੇ ਗਏ।ਬ੍ਰਹਮਸੂਤਰਾਂ ਅਤੇ ਉਪਨਿਸ਼ਦਾਂ ਉੱਤੇ ਸ਼ੰਕਰਾਚਾਰੀਆ ਨੇ ਭਾਸ਼ ਲਿਖੇ।

ਸਭ ਤੋਂ ਪੁਰਾਣਾ ਭਾਸ਼ ਕਿਸ ਨੇ ਲਿਖਿਆ ਇਸ ਬਾਰੇ ਕਹਿਣਾ ਮੁਸ਼ਕਿਲ ਹੈ ਪਰ ਸਭ ਤੋਂ ਪ੍ਰਸਿੱਧ ਉਪਲਬਧ ਪ੍ਰਾਚੀਨ ਭਾਸ਼ ਆਚਾਰੀਆ ਸਾਯਣ ਦਾ ਹੈ।ਸਾਯਣ ਹੀ ਇੱਕ ਅਜਿਹੇ

ਪ੍ਰਾਚੀਨ ਭਾਸ਼ਕਾਰ ਹਨ ਜਿਨ੍ਹਾਂ ਦੇ ਚਾਰੋ ਵੇਦਾਂ ਦੇ ਭਾਸ਼ ਮਿਲਦੇ ਹਨ।ਪੁਰਾਤਨ ਸਮੇਂ ਤੋਂ ਲੈ ਕੇ ਵਰਤਮਾਨ ਸਮੇਂ ਤੱਕ ਹੋਏ ਪਹਿਲੀ, ਦੂਜੀ ਅਤੇ ਤੀਜੀ ਸ਼ਰੇਣੀ ਦੇ ਭਾਸ਼-ਸਾਹਿਤ ਦਾ ਸੰਖੇਪ ਵੇਰਵਾ[127] ਇਸ ਪ੍ਰਕਾਰ ਹੈ:

1. ਚਾਰੋਂ ਵੇਦਾਂ ਦੇ ਭਾਸ਼ ਰਚਣ ਵਾਲੇ ਭਾਸ਼ਕਾਰ - ਸਾਯਣ, ਮੈਕਸਮੂਲਰ, ਸਵਾਮੀ ਦਯਾਨੰਦ ਸਰਸਵਤੀ, ਮਹਾਰਿਸ਼ੀ ਅਰਬਿੰਦੋ।
2. ਕੇਵਲ ਰਿਗਵੇਦ ਦੇ ਭਾਸ਼ - ਸਕੰਦ ਸਵਾਮੀ, ਮਾਧਵ ਭੱਟ, ਵੇਂਕਟ ਮਾਧਵ, ਧਾਨੁਸ਼ਕਯਜਵਾ, ਆਨੰਦਤੀਰਥ, ਆਤਮਾਨੰਦ, ਸ਼੍ਰੀਰਾਮ ਸ਼ਰਮਾ ਆਚਾਰੀਯ
3. ਨਿਘੰਟੂ ਦੇ ਭਾਸ਼ - ਯਾਸਕ ਮੁਨੀ।
4. ਅਸਟਾਧਿਆਈ ਦੇ ਭਾਸ਼ - ਪਤੰਜਲੀ ਦਾ ਵਿਆਕਰਣ ਮਹਾਭਾਸ਼।
5. ਬ੍ਰਹਮਸੂਤਰ ਦੇ ਭਾਸ਼ - ਆਦਿ ਸ਼ੰਕਰਾਚਾਰੀਆ ਦਾ ਭਾਸ਼, ਰਾਮਾਨੁਜ ਦਾ ਬ੍ਰਹਮਸੂਤਰ ਭਾਸ਼, ਉਧੋਤਕਰ ਦੀ ਨਿਆਇ ਭਾਸ਼ ’ਤੇ ਟੀਕਾ-ਨਿਆਇਵਾਰਤਿਕ, ਨਿਆਇਵਾਰਤਿਕ ’ਤੇ ਵਾਚਸਪਤੀ ਮਿਸ਼੍ਰ ਦੀ ਟੀਕਾ-ਨਿਆਇਵਾਰਤਿਕ ਤਾਤਪਰਿਯ ਟੀਕਾ।
6. ਉਪਨਿਸ਼ਦਾਂ ਦੇ ਭਾਸ਼ - ਆਦਿ ਸ਼ੰਕਰਾਚਾਰੀਆ ਨੇ ਈਸ਼, ਕੇਨ, ਕਠ, ਪ੍ਰਸ਼ਨ, ਮੁੰਡਕ, ਮਾਂਡੂਕਯ, ਤੈਤਰੀਯ, ਏਤਰੇਯ, ਛਾਂਦੋਗਯ, ਬ੍ਰਿਹਿਦਾਰਣਯਕ, ਅਤੇ ਸ਼ਵੇਤਾਸ਼ਵਤਰ-ਇਨ੍ਹਾਂ ਗਿਆਰਾਂ ਉਪਸ਼ਿਦਾਂ ਦਾ ਭਾਸ਼ ਕੀਤਾ।
7. ਯੋਗਸੂਤਰ ਦੇ ਭਾਸ਼ - ਵਿਆਸ ਭਾਸ਼, ਵਾਚਸਪਤੀ ਮਿਸ਼੍ਰ ਕ੍ਰਿਤ ਤੱਤਵ ਵੈਸ਼ਾਰਦੀ, ਯੋਗਵਾਰਤਿਕ, ਭੋਜਵ੍ਰਤੀ।
8. ਨਿਆਇ ਦਰਸ਼ਨ ਦੇ ਭਾਸ਼ - ਵਾਤਸਯਾਯਨ ਕ੍ਰਿਤ ਨਿਆਇ ਭਾਸ਼, ਵਾਚਸਪਤੀ ਮਿਸ਼੍ਰ ਦਾ ਨਿਆਇ ਸੂਤਰੀ।
9. ਮੀਮਾਂਸਾ ਦੇ ਭਾਸ਼ - ਸ਼ਾਬਰ ਭਾਸ਼, ਸ਼ਾਬਰ ਭਾਸ਼ ਤੇ ਕੁਮਾਰਿਲ ਭੱਟ ਦੇ ਤਿੰਨ ਵ੍ਰਿਤੀ ਗ੍ਰੰਥ - ਸ਼ਲੋਕ ਵਾਰਤਿਕ, ਤੰਤਰ ਵਾਰਤਿਕ, ਟੁਪਟੀਕਾ, ਵਾਚਸਪਤੀ ਮਿਸ਼੍ਰਕ੍ਰਿਤ ਨਿਆਇਕਣਿਕਾ ਅਤੇ ਤੱਤਵਵਿੰਦੂ।

10.ਵੇਦਾਂਤ ਦੇ ਭਾਸ਼ - ਆਦਿ ਸ਼ੰਕਰਾਚਾਰੀਆ ਦਾ ਭਾਸ਼, ਵਾਚਸਪਤੀ ਮਿਸ਼੍ਰ ਦਾ ਸ਼ੰਕਰਭਾਸ਼ ਤੇ ਟੀਕਾ - ਭਾਮਤੀ, ਮੰਡਨ ਮਿਸ਼੍ਰ ਦੇ ਬ੍ਰਹਮਸਿੱਧੀ 'ਤੇ ਵਾਚਸਪਤੀ ਮਿਸ਼੍ਰ ਦੀ ਵਿਆਖਿਆ - ਬ੍ਰਹਮ ਤੱਤਵ ਸਮੀਕਸ਼ਾ।

11.ਸਾਂਖ ਦਰਸ਼ਨ ਦੇ ਭਾਸ਼ - ਵਾਚਸਪਤੀ ਮਿਸ਼੍ਰ ਕ੍ਰਿਤ ਸਾਂਖਯ ਤੱਤਵ ਕੌਮੁਦੀ।

12.ਗੀਤਾ ਦੇ ਭਾਸ਼ - ਆਦਿ ਸ਼ੰਕਰਾਚਾਰੀਆ ਦਾ ਭਾਸ਼।

### 2.6.1.4 ਵ੍ਰਿਤੀ:

ਟੀਕੇ ਤੇ ਭਾਸ਼ ਵਾਂਗ ਹੀ ਵ੍ਰਿਤੀ ਵੀ ਇੱਕ ਵਿਆਖਿਆ ਵਿਧੀ ਹੈ ਜਿਸ ਰਾਹੀਂ ਸੂਤ੍ਰ ਜਾਂ ਸੂਤ੍ਰ-ਗ੍ਰੰਥ ਦੇ ਅਰਥ ਵਰਣਨ ਕੀਤੇ ਜਾਂਦੇ ਹਨ।ਪੁਰਾਤਨ ਗ੍ਰੰਥਾਂ ਵਿੱਚ ਵ੍ਰਿਤੀ ਸ਼ਬਦ ਦਾ ਪ੍ਰਯੋਗ ਵਿਭਿੰਨ ਅਰਥਾਂ ਵਿੱਚ ਹੋਇਆ ਹੈ।ਯੋਗ ਦਰਸ਼ਨ ਦੇ ਸਮਾਧਿ ਪਾਦ ਦੇ ਸੂਤਰ ਵਿੱਚ ਪੰਜ ਵ੍ਰਿਤੀਆਂ ਲਿਖੀਆਂ ਗਈਆਂ ਹਨ - ਪ੍ਰਮਾਣ, ਵਿਪਰਯ, ਵਿਕਲਪ, ਨਿਦ੍ਰਾ ਅਤੇ ਸਮ੍ਰਿਤੀ।[128] ਵਿਆਕਰਣ ਸ਼ਾਸਤਰ ਵਿੱਚ 'ਵ੍ਰਿਤੀ' ਇੱਕ ਅਰਥ ਦੇ ਅੰਦਰ ਦੂਸਰੇ ਨਵੇਂ ਅਰਥ ਪ੍ਰਗਟ ਕਰਨ ਵਾਲੀ ਗੂੜ੍ਹ ਸ਼ਬਦ ਰਚਨਾ ਨੂੰ ਆਖਿਆ ਜਾਂਦਾ ਹੈ।ਵਿਆਕਰਣ ਸ਼ਾਸਤ੍ਰ ਦੀਆਂ ਇਹ ਵ੍ਰਿਤੀਆਂ ਹਨ - ਕ੍ਰਿਤ, ਤੱਧਿਤ, ਸਮਾਸ, ਏਕਸ਼ੇਸ਼।ਸ਼ਬਦਾਂ ਦੀਆਂ ਅਭਿਧਾ, ਲਕਸ਼ਣਾ ਅਤੇ ਵਿਅੰਜਨਾ ਨਾਮ ਦੀਆਂ ਅਰਥ ਬੋਧਿਕ ਸ਼ਕਤੀਆਂ ਲਈ ਵੀ ਵ੍ਰਿਤੀ ਸ਼ਬਦ ਵਰਤਿਆ ਗਿਆ ਹੈ।[129] ਕਾਵਿ ਸ਼ਾਸਤਰ ਵਿੱਚ ਵ੍ਰਿਤੀ ਚਾਰ ਪ੍ਰਕਾਰ ਦੀ ਮੰਨੀ ਗਈ ਹੈ - ਕੌਸ਼ਕੀ, ਭਾਰਤੀ, ਆਰਭਟੀ ਅਤੇ ਸਾਤਵਿਕੀ।[130] ਹਿੰਦੀ ਅਤੇ ਹਿੰਦੀ-ਸੰਸਕ੍ਰਿਤ ਕੋਸ਼ਾਂ ਵਿੱਚ ਵਿਆਖਿਆ ਦੇ ਜੋ ਪੰਜ ਭੇਦ ਭਾਸ਼, ਵਾਰਤਕ, ਟੀਕਾ, ਟਿੱਪਣੀ ਅਤੇ ਵ੍ਰਿਤੀ ਕੀਤੇ ਗਏ ਹਨ, ਉਨ੍ਹਾਂ ਵਿੱਚੋਂ ਵ੍ਰਿਤੀ ਸੰਖਿਪਤ ਅਤੇ ਗੰਭੀਰ ਵਿਆਖਿਆ ਵਾਲੀ ਰਚਨਾ ਨੂੰ ਆਖਿਆ ਗਿਆ ਹੈ[131] ਭਾਈ ਕਾਨ੍ਹ ਸਿੰਘ ਨਾਭਾ ਨੇ ਵ੍ਰਿਤੀ ਨੂੰ 'ਗ੍ਰੰਥ ਦੇ ਹਾਸ਼ੀਏ ਪੁਰ ਲਿਖਿਆ ਹੋਇਆ ਅਰਥ'[132] ਅਤੇ 'ਸੂਤ੍ਰ' ਦਾ ਸਾਰ ਅਰਥ ਦਿਖਾਉਣ ਵਾਲੀ ਟਿਪਣੀ'[133] ਦੱਸਿਆ ਹੈ।ਇਹ ਪਰਿਭਾਸ਼ਾਵਾਂ ਵੀ ਵ੍ਰਿਤੀ ਦੀ ਸੰਖੇਪਤਾ ਵੱਲ ਹੀ ਸੰਕੇਤ ਕਰਦੀਆਂ ਹਨ।ਮਾਨਕ ਹਿੰਦੀ ਕੋਸ਼ ਵਿੱਚ ਮੂਲ ਗ੍ਰੰਥ ਦਾ ਆਸ਼ਾ ਸਪਸ਼ਟ ਕਰਨਾ ਵੀ ਵ੍ਰਿਤੀ ਦਾ ਮੰਤਵ ਦੱਸਿਆ ਗਿਆ ਹੈ।[134] ਪਾਣਿਨੀ ਦੇ ਸੂਤ੍ਰਾਂ ਉੱਤੇ 'ਕਾਸ਼ਿਕਾ ਵ੍ਰਿਤੀ' ਬੜੀ ਪ੍ਰਸਿੱਧ ਹੈ।ਸੰਸਕ੍ਰਿਤ ਸਾਹਿਤ ਵਿੱਚ ਟੀਕੇ ਅਤੇ ਭਾਸ਼ ਦੇ ਮੁਕਾਬਲੇ ਵਿੱਚ ਵ੍ਰਿਤੀ ਸਾਹਿਤ ਬਹੁਤ ਥੋੜ੍ਹਾ ਹੈ। ਭਾਵੇਂ ਮੂਲ ਰੂਪ ਵਿੱਚ ਸੰਖਿਪਤ ਗੰਭੀਰ ਵਿਆਖਿਆ ਨੂੰ ਹੀ ਵ੍ਰਿਤੀ ਆਖਿਆ ਜਾਂਦਾ ਸੀ ਪਰ ਪਿੱਛੋਂ ਜਾ ਕੇ ਇਹ

ਸ਼ਬਦ ਵਿਆਖਿਆ ਮਾਤ੍ਰ ਦਾ ਹੀ ਸੂਚਕ ਰਹਿ ਗਿਆ ਅਤੇ ਗ੍ਰੰਥਕਾਰ ਆਪਣੀ ਇੱਛਾ ਅਨੁਸਾਰ ਆਪਣੇ ਵਿਆਖਿਆਨ ਗ੍ਰੰਥਾਂ ਦਾ ਨਾਮ ਵ੍ਰਿਤੀ, ਟੀਕਾ, ਟਿੱਪਣੀ ਆਦਿ ਰੱਖਣ ਲੱਗੇ।ਭਾਸ਼ਕਾਰ ਸ਼ੰਕਰਾਚਾਰੀਆ ਨੇ ਆਪਣੇ ਕਠ ਅਤੇ ਬ੍ਰਿਹਦਾਰਣਯਕ ਉਪਨਿਸ਼ਦਾਂ ਦੇ ਵਿਆਖਿਆਨਾਂ ਨੂੰ ਵ੍ਰਿਤੀ ਕਿਹਾ ਹੈ ਪਰ ਅੱਗੇ ਜਾ ਕੇ ਇਨ੍ਹਾਂ ਵਿਆਖਿਆਨਾਂ ਨੂੰ ਭਾਸ਼ ਵੀ ਕਿਹਾ ਗਿਆ ਹੈ।[135] ਆਮ ਤੌਰ ਤੇ ਵਿਦਵਾਨ ਵ੍ਰਿਤੀ ਤੋਂ ਭਾਵ ਕਿਸੇ ਸੂਤ੍ਰ ਜਾਂ ਸੂਤ੍ਰ-ਗ੍ਰੰਥ ਦੀ ਸੰਖਿਪਤ ਅਤੇ ਗੰਭੀਰ ਵਿਆਖਿਆ ਹੀ ਲੈਂਦੇ ਹਨ।

### 2.6.1.5 ਟਿੱਪਣੀ:

ਜਿਵੇਂ ਟੀਕੇ ਦੀ ਤੁਲਨਾ ਲਲਾਟ ਤੇ ਲਗਾਈ ਜਾਣ ਵਾਲੀ ਕੁਮਕੁਮ ਦੀ ਬਿੰਦੀ ਜਾਂ ਤਿਲਕ ਨਾਲ ਕੀਤੀ ਜਾਂਦੀ ਹੈ ਉਸੇ ਤਰ੍ਹਾਂ ਟਿੱਪਣੀ ਦੀ ਤੁਲਨਾ ਬੁੱਲਾਂ ਦੇ ਨੇੜੇ ਜਾਂ ਠੋਡੀ ਤੇ ਲਗਾਈਆਂ ਜਾਣ ਵਾਲੀਆਂ ਛੋਟੀਆਂ ਛੋਟੀਆ ਬਿੰਦੀਆਂ ਨਾਲ ਕੀਤੀ ਜਾਂਦੀ ਹੈ।ਡਾ. ਦੇਵਿੰਦਰ ਸਿੰਘ ਵਿਦਿਆਰਥੀ ਟੀਕੇ ਅਤੇ ਟਿੱਪਣੀ ਦੀ ਪਛਾਣ ਕਰਾਉਂਦੇ ਹੋਏ ਦੱਸਦੇ ਹਨ ਕਿ ਨਾਇਕਾ ਅਤੇ ਨਾਇਕ ਦੇ ਸ਼ਿੰਗਾਰ ਦੀ ਕਿਰਿਆ ਵਿੱਚ ਟੀਕਾ (ਟਿੱਕਾ, ਤਿਲਕ ਜਾਂ ਬਿੰਦੀ) ਮੱਥੇ ਦੀ ਸ਼ੋਭਾ ਬਣਦਾ ਹੈ ਅਤੇ ਟਿੱਪਣੀ ਕਪੋਲਾਂ, ਬੁੱਲਾਂ, ਠੋਡੀ ਆਦਿ ਅੰਗਾਂ ਉੱਤੇ ਨਿੱਕੀਆਂ ਨਿੱਕੀਆਂ ਰੰਗੀਨ ਜਾਂ ਸੋਨੇ ਚਾਂਦੀ ਦੇ ਵਰਕਾਂ ਨਾਲ ਬਣਾਈਆ ਬਿੰਦੀਆਂ ਹੁੰਦੀਆਂ ਹਨ।ਸਾਹਿਤ ਵਿੱਚ ਵੀ ਟੀਕਾ ਤੇ ਟਿੱਪਣੀ ਇਹੋ ਕਿਰਿਆ ਨਿਭਾਉਂਦੇ ਹਨ।ਟਿੱਪਣੀ ਵਿੱਚ ਰਚਨਾ ਦੇ ਰਸਾਤਮਕ ਅੰਗਾਂ ਵੱਲ ਵਧੇਰੇ ਧਿਆਨ ਖਿੱਚਿਆ ਜਾਂਦਾ ਹੈ।ਮੁੱਖ ਅਤੇ ਗੌਣ ਅੰਗਾਂ ਦੀ ਸੁਘੜਤਾ, ਸਰਸਤਾ ਦੀ ਸਾਰਥਕਤਾ ਸਥਾਪਤ ਕਰਨਾ ਹੀ ਟੀਕਾ ਟਿੱਪਣੀ ਦਾ ਉਦੇਸ਼ ਹੁੰਦਾ ਹੈ।ਕਈ ਵਾਰੀ 'ਟਿੱਪਣੀ' ਸ਼ਬਦ ਟੀਕੇ ਦਾ ਹੀ ਪ੍ਰਯਾਯਵਾਚੀ ਲਗਦਾ ਹੈ, ਪਰ ਸਾਹਿਤ ਵਿੱਚ ਇਹ ਸ਼ਬਦ ਵੱਖ-ਵੱਖ ਅਰਥਾਂ ਵਿੱਚ ਪ੍ਰਯੁਕਤ ਹੋਇਆ ਹੈ।ਯਾਦਾਸ਼ਤ ਲਈ ਸੰਖਿਪਤ ਰੂਪ ਵਿੱਚ ਵੱਖ ਲਿਖ ਕੇ ਰੱਖੇ ਕਿਸੇ ਲੇਖ ਨੂੰ ਟਿੱਪਣੀ ਆਖਿਆ ਗਿਆ ਹੈ।ਕਿਸੇ ਵਿਸ਼ੇ ਦੇ ਸੰਬੰਧ ਵਿੱਚ ਪ੍ਰਗਟ ਕੀਤਾ ਗਿਆ ਵਿਚਾਰ ਵੀ ਟਿੱਪਣੀ ਅਖਵਾਉਂਦਾ ਹੈ।ਕਿਸੇ ਅਖ਼ਬਾਰ, ਰਸਾਲੇ ਪੁਸਤਕ ਆਦਿ ਵਿੱਚ ਕਿਸੇ ਸ਼ਬਦ, ਵਾਕ, ਲੇਖ ਜਾਂ ਲੇਖਕ ਦੇ ਸੰਬੰਧ ਵਿੱਚ ਸੰਪਾਦਕ ਵੱਲੋਂ ਪੇਸ਼ ਕੀਤੇ ਗਏ ਸੰਖੇਪ ਵਿਚਾਰਾਂ ਲਈ ਵੀ ਟਿੱਪਣੀ ਸ਼ਬਦ ਵਰਤਿਆ ਜਾਂਦਾ ਹੈ।ਇਸ ਤੋਂ ਪਤਾ ਲੱਗਦਾ ਹੈ ਕਿ 'ਟਿੱਪਣੀ' ਸ਼ਬਦ ਅੰਗਰੇਜ਼ੀ ਦੇ 'ਨੋਟ' ਸ਼ਬਦ ਦੇ ਅਰਥ ਦਿੰਦਾ ਹੈ।'ਟੀਕਾ' ਸ਼ਬਦ ਦੇ ਨਾਲ ਜਦੋਂ ਸਮਾਸ ਰੂਪ ਵਿੱਚ 'ਟਿੱਪਣੀ' ਸ਼ਬਦ ਜੋੜ ਕੇ 'ਟੀਕਾ-

ਟਿੱਪਣੀ' ਸ਼ਬਦ ਵਰਤਿਆ ਜਾਂਦਾ ਹੈ ਤਾਂ ਇਹ ਆਲੋਚਨਾ, ਤਰਕ ਵਿਤਰਕ ਜਾਂ ਨਿੰਦਾ ਦੇ ਅਰਥ ਦਿੰਦਾ ਹੈ।ਜਦੋਂ ਟਿੱਪਣੀ ਸ਼ਬਦ ਨੂੰ ਟੀਕੇ ਦੇ ਅਰਥਾਂ ਵਿੱਚ ਵਰਤਿਆ ਜਾਂਦਾ ਹੈ ਤਾਂ ਇਸ ਤੋਂ ਭਾਵ ਅਜਿਹਾ ਸੰਖਿਪਤ ਟੀਕਾ ਹੁੰਦਾ ਹੈ ਜਿਸ ਵਿੱਚ ਮੂਲ ਰਚਨਾ ਦੇ ਕੇਵਲ ਕਠਿਨ ਪਦਾਂ ਦੀ ਹੀ ਵਿਆਖਿਆ ਹੁੰਦੀ ਹੈ।ਇਸ ਵਿੱਚ ਟੀਕੇ ਵਾਂਗ ਸਾਰੇ ਆਵੱਸ਼ਕ ਪਦਾਂ ਦੀ ਵਿਆਖਿਆ ਨਹੀਂ ਹੁੰਦੀ।ਭਾਸ਼ ਵਿੱਚ ਤਾਂ ਭਾਸ਼ਕਾਰ ਦੇ ਆਪਣੇ ਵਾਕਾਂ ਵਿੱਚ ਵਰਤੇ ਪਦਾਂ ਦੀ ਵਿਆਖਿਆ ਵੀ ਹੁੰਦੀ ਹੈ।ਟਿੱਪਣੀ ਟੀਕੇ ਦੇ ਔਖੇ ਭਾਗਾਂ ਦਾ ਅਰਥ ਸਪਸ਼ਟ ਕਰਨ ਲਈ ਲਿਖੀ ਜਾਂਦੀ ਹੈ।ਇਸ ਲਈ ਇਸ ਨੂੰ ਟੀਕੇ ਦਾ ਟੀਕਾ ਵੀ ਆਖਿਆ ਗਿਆ ਹੈ।ਪਤੰਜਲੀ ਦੇ ਮਹਾਭਾਸ਼ ਉੱਤੇ ਕਯੱਟ ਨੇ 'ਪ੍ਰਦੀਪ ਟੀਕਾ' ਲਿਖਿਆ ਅਤੇ ਇਸ ਟੀਕੇ ਉੱਤੇ ਨਾਗੇਸ਼ ਨੇ 'ਉਧੋਤ' ਟਿੱਪਣੀ ਲਿਖੀ।[136] ਭਾਸ਼ ਕਿਸੇ ਸੂਤ੍ਰ ਗ੍ਰੰਥ ਦਾ ਹੀ ਲਿਖਿਆ ਜਾਂਦਾ ਹੈ ਪਰ ਟਿੱਪਣੀ ਜ਼ਰੂਰੀ ਨਹੀਂ ਕਿ ਸੂਤ੍ਰ ਗ੍ਰੰਥ ਦੀ ਹੀ ਲਿਖੀ ਜਾਵੇ।ਭਾਸ਼ ਵਿੱਚ ਭਾਸ਼ਕਾਰ ਆਪਣਾ ਮੱਤ ਵੀ ਪ੍ਰਗਟ ਕਰਦਾ ਹੈ ਪਰ ਟਿੱਪਣੀ ਵਿੱਚ ਟਿੱਪਣੀਕਾਰ ਵਿਚਾਰ ਅਧੀਨ ਰਚਨਾ ਦੇ ਔਖੇ ਭਾਗਾਂ ਦੇ ਅਰਥ ਵਰਣਨ ਕਰਨ ਦੀ ਸੀਮਾ ਤੋਂ ਪਾਰ ਨਹੀਂ ਜਾਂਦਾ।ਟਿੱਪਣੀ ਨੂੰ 'ਗ੍ਰੰਥ ਦੇ ਹਾਸ਼ੀਏ ਤੇ ਲਿਖੀ ਸੰਖੇਪ ਟੀਕਾ'[137] ਵੀ ਆਖਿਆ ਗਿਆ ਹੈ।ਹਾਸ਼ੀਏ ਉੱਤੇ ਵਿਚਾਰ ਅਧੀਨ ਗ੍ਰੰਥ ਦੇ ਕਠਿਨ ਪਦਾਂ ਦੇ ਅਰਥ ਜਾਂ ਕਠਿਨ ਭਾਗਾਂ ਦੇ ਭਾਵ ਅਰਥ ਨੂੰ ਅਤਿ ਸੰਖੇਪ ਰੂਪ ਵਿੱਚ ਲਿਖਿਆ ਜਾਂਦਾ ਹੈ।ਇਸੇ ਤੋਂ ਟਿੱਪਣੀ ਦਾ ਸਹੀ ਰੂਪ ਪ੍ਰਗਟ ਹੁੰਦਾ ਹੈ।ਸੰਖੇਪਤਾ ਦੀ ਦ੍ਰਿਸ਼ਟੀ ਤੋਂ ਇਹ ਵ੍ਰਿਤੀ ਦੇ ਕਾਫ਼ੀ ਨੇੜੇ ਹੈ।ਭਾਵੇਂ ਇਸ ਵਿੱਚ ਕੇਵਲ ਕਠਿਨ ਸ਼ਬਦਾਂ ਦੀ ਸੰਖੇਪ ਵਿਆਖਿਆ ਹੁੰਦੀ ਹੈ ਅਤੇ ਵ੍ਰਿਤੀ ਵਿੱਚ ਸਾਰੀ ਰਚਨਾ ਦੀ ਸੰਖੇਪ ਵਿਆਖਿਆ।ਸਰਲਤਾ ਤੇ ਸੁਖੈਨਤਾ ਦੇ ਪੱਖ ਤੋਂ ਟਿੱਪਣੀ, ਵ੍ਰਿਤੀ ਤੇ ਭਾਸ਼ ਨਾਲੋਂ ਟੀਕੇ ਦੇ ਵਧੇਰੇ ਨੇੜੇ ਹੈ ਸਗੋਂ ਇਹ ਟੀਕੇ ਨਾਲੋਂ ਵੀ ਸਰਲ ਤੇ ਸੁਖੈਨ ਹੁੰਦੀ ਹੈ ਕਿਉਂਕਿ ਇਹ ਟੀਕੇ ਨੂੰ ਹੋਰ ਸਪਸ਼ਟ ਕਰਦੀ ਹੈ ਪਰ ਟੀਕੇ ਵਿੱਚ ਅਰਥ ਵਰਣਨ ਲਈ ਵਿਆਕਰਣ ਦੀਆਂ ਜੋ ਵਿਧੀਆਂ ਵਰਤੀਆਂ ਜਾਂਦੀਆਂ ਹਨ, ਟਿੱਪਣੀ ਵਿੱਚ ਸੰਖੇਪਤਾ ਕਾਰਣ ਉਨ੍ਹਾਂ ਦੀ ਕੋਈ ਵਿਵਸਥਾ ਨਹੀਂ ਹੁੰਦੀ।ਸੋ ਟਿੱਪਣੀ ਕਿਸੇ ਕ੍ਰਿਤੀ ਦੇ ਕਠਿਨ ਭਾਗਾਂ ਦੀ ਸੰਖੇਪ ਵਿਆਖਿਆ ਹੀ ਹੈ।

### 2.6.1.6 ਪਰਮਾਰਥ:

ਪਰਮਾਰਥ ਕਿਸੇ ਵੀ ਰਚਨਾ ਦੇ ਅਧਿਆਤਮਕ ਸਿਧਾਂਤਾਂ ਨੂੰ ਸਪਸ਼ਟ ਕਰਦਾ ਹੈ।ਪਰਮਾਰਥ ਵਿੱਚ ਕਠਿਨ ਸ਼ਬਦਾਂ ਦੇ ਅਰਥ ਜਾਂ ਤੁੱਕ ਵਾਰ ਅਰਥ ਦੇਣ ਦੀ ਬਜਾਇ ਪੂਰੇ

ਸਲੋਕ ਜਾਂ ਪਉੜੀ ਆਦਿ ਦੇ ਭਾਵ-ਅਰਥ ਦਿੱਤੇ ਹੁੰਦੇ ਹਨ ਜਿਨ੍ਹਾਂ ਨੂੰ ਭਾਵਪੂਰਤ ਬਣਾਉਣ ਲਈ ਉਥਾਨਕਾ ਵੀ ਬੱਧੀ ਹੁੰਦੀ ਹੈ।ਸੰਸਕ੍ਰਿਤ ਅਤੇ ਹਿੰਦੀ ਸਾਹਿਤ ਵਿੱਚ ਅਰਥਾਂ ਨੂੰ ਬਿਆਨ ਕਰਨ ਦੀ ਕਿਸੇ ਸਾਹਿਤ ਵਿਧੀ ਦਾ ਨਾਂ ਪਰਮਾਰਥ ਨਹੀਂ ਹੈ।ਉਂਝ ਪਰਮਾਰਥਾਂ ਦਾ ਵਾਸਤਵਿਕ ਵਿਕਾਸ ਪੁਰਾਣ ਸਾਹਿਤ ਵਿੱਚ ਮਿਲਦਾ ਮੰਨਿਆ ਗਿਆ ਹੈ।[138] ਗੁਰਬਾਣੀ ਵਿੱਚ ਜਨਮ ਸਾਖੀਆਂ ਉੱਤੇ ਆਧਾਰਿਤ ਟੀਕਾਕਾਰੀ ਹੋਈ ਹੈ ਜਿਸ ਨੂੰ ਗਦ ਰਾਹੀਂ 'ਪਰਮਾਰਥ' ਦਾ ਰੂਪ ਦਿੱਤਾ ਗਿਆ ਹੈ।ਇਸ ਰਾਹੀਂ ਗੁਰਬਾਣੀ ਦੇ ਅਰਥਾਂ ਨੂੰ ਪਰਮ ਅਰਥਾਂ ਅਤੇ ਪਰਾਭੌਤਿਕ ਸੰਦਰਭ ਵਿੱਚ ਵੇਖਿਆ ਗਿਆ ਹੈ।ਬੀ. ਐਸ. ਨੰਦਾ ਅਨੁਸਾਰ ਸੋਢੀ ਮਿਹਰਬਾਨ ਦੀ ਜਨਮਸਾਖੀ ਤੱਕ ਹੀ ਪਰਮਾਰਥ ਸੀਮਿਤ ਰਹੇ।ਬਾਅਦ ਵਿੱਚ ਪਰਮਾਰਥ ਨਾਂ ਮਾਤਰ ਹੀ ਮਿਲਦੇ ਹਨ।ਹੋ ਸਕਦਾ ਹੈ ਪਰਮਾਰਥਾਂ ਦੇ ਪ੍ਰਚਲਿਤ ਨਾਂ ਹੋ ਸਕਣ ਦਾ ਕਾਰਣ ਭਾਰਤੀ ਪਰੰਪਰਾ ਵਿੱਚ ਪਰਮਾਰਥ ਵਿਧੀ ਦੀ ਅਣਹੋਂਦ ਹੋਵੇ।ਜਿਵੇਂ ਕਿਵੇਂ ਵੀ ਹੈ, ਪਰਮਾਰਥਾਂ ਦੀ ਕੋਈ ਵੱਖਰੀ ਪਰੰਪਰਾ ਨਹੀਂ ਬਣ ਸਕੀ।ਮਹਾਯਾਨ ਦੀ ਇੱਕ ਦਾਰਸ਼ਨਿਕ ਸੰਪ੍ਰਦਾਇ 'ਵਿਗਿਆਨਵਾਦ' ਵਿੱਚ ਪਰਮਾਰਥ ਸ਼ਬਦ ਨੂੰ ਨਿਰਵਾਣ ਲਈ ਵਰਤਿਆ ਗਿਆ ਹੈ।[139]

ਇਸ ਸ਼ਬਦ ਨੂੰ ਟੀਕੇ ਦੇ ਅਰਥਾਂ ਵਿੱਚ ਕੇਵਲ ਪੰਜਾਬੀ ਸਾਹਿਤ ਵਿੱਚ ਹੀ ਵਰਤਿਆ ਗਿਆ ਹੈ।ਪਰਮਾਰਥ ਲਿਖਣ ਦੀ ਪਰੰਪਰਾ ਸੋਢੀ ਮਿਹਰਬਾਨ ਤੋਂ ਆਰੰਭ ਹੋਈ ਸਿੱਧ ਹੁੰਦੀ ਹੈ।ਪਰਮਾਰਥ ਵਿੱਚ ਮੂਲ ਪਾਠ ਵਿਚਲੇ ਅਧਿਆਤਮਕ ਤੱਥਾਂ ਦਾ ਵੇਰਵਾ ਵੀ ਹੁੰਦਾ ਹੈ।'ਪਰਮਾਰਥ' ਸ਼ਬਦ ਦੇ ਅਰਥ 'ਸਰਵ ਉੱਚ ਸਤ', 'ਸਤ ਆਤਮ-ਗਿਆਨ' ਅਤੇ 'ਉੱਤਮ ਭਾਵ' ਵੀ ਕੀਤੇ ਜਾਂਦੇ ਹਨ[140] ਜਦੋਂ ਇਸ ਸ਼ਬਦ ਨੂੰ ਟੀਕੇ ਦੇ ਅਰਥਾਂ ਵਿੱਚ ਵਰਤਿਆ ਜਾਂਦਾ ਹੈ ਤਾਂ ਇਸ ਤੋਂ ਭਾਵ 'ਵਾਕ ਦਾ ਭਾਵ ਅਰਥ, ਸਿਧਾਂਤ ਜਾਂ ਨਿਚੋੜ'[141] ਲਿਆ ਜਾਂਦਾ ਹੈ।ਟੀਕੇ ਵਿੱਚ ਸ਼ਬਦਾਂ ਤੇ ਪੰਕਤੀਆ ਨੂੰ ਮੁੱਖ ਰੱਖਿਆ ਜਾਂਦਾ ਹੈ ਅਤੇ ਕਿਸੇ ਪਦ ਜਾਂ ਪੰਕਤੀ ਨੂੰ ਅਰਥ ਬਿਆਨ ਕਰਨ ਲੱਗਿਆਂ ਛੱਡਿਆ ਨਹੀਂ ਜਾਂਦਾ।ਪਰਮਾਰਥ ਸ਼ਬਦਾਂ ਅਤੇ ਪੰਕਤੀਆਂ ਦੀ ਕੈਦ ਤੋਂ ਮੁਕਤ ਹੁੰਦੇ ਹਨ।ਇਨ੍ਹਾਂ ਵਿੱਚ ਕਿਸੇ ਸਲੋਕ, ਪਉੜੀ ਜਾਂ ਸ਼ਬਦ ਦੇ ਸਮੁੱਚੇ ਭਾਵ ਨੂੰ ਮੁੱਖ ਰੱਖ ਕੇ ਸਰਲ, ਸਪਸ਼ਟ ਅਤੇ ਸੰਖੇਪ ਅਰਥ ਦਿੱਤੇ ਜਾਂਦੇ ਹਨ।ਪਰਮਾਰਥ ਰਾਹੀਂ ਮੂਲ ਰਚਨਾ ਵਿਚਲੇ ਅਧਿਆਤਮਕ ਤੱਥਾਂ ਦਾ ਵਿਸ਼ੇਸ਼ ਵਿਸ਼ਲੇਸ਼ਣ ਕੀਤਾ ਜਾਂਦਾ ਹੈ।[142] ਪਹਿਲਾਂ ਮੂਲ ਰਚਨਾ ਨੂੰ ਕਿਸੇ ਮੰਨਣਯੋਗ ਪ੍ਰਕਰਣ ਵਿੱਚ ਉਥਾਨਕਾ ਦੁਆਰਾ ਕੀਲਿਆ ਜਾਂਦਾ ਹੈ।[143] ਇਸ ਪ੍ਰਕਾਰ ਇੱਕ ਵਿਸ਼ੇਸ਼ ਮਾਹੌਲ ਸਿਰਜਿਆ ਜਾਂਦਾ ਹੈ।ਇਹ ਮਾਹੌਲ ਅਧਿਆਤਮਕ ਤੱਥ ਨੂੰ ਉਘਾੜਨ ਵਿੱਚ ਸਹਾਈ ਹੁੰਦਾ ਹੈ।ਪਰਮਾਰਥ ਵਿੱਚ

ਵਿਸਤ੍ਰਿਤ ਵਿਆਖਿਆ ਨਹੀਂ ਹੁੰਦੀ ਪਰ ਕਿਤੇ ਕਿਤੇ ਲੋੜ ਅਨੁਸਾਰ ਪ੍ਰਤੀਕਾਂ, ਚਿੰਨ੍ਹਾਂ, ਰੂਪਕਾਂ, ਉਪਮਾਵਾਂ, ਹੋਰ ਅਲੰਕਾਰ ਰੂਪਾਂ ਵਿੱਚ ਆਈਆਂ ਰਮਜ਼ਾਂ ਅਤੇ ਰਹੱਸਾਂ ਦੀ ਸੰਖੇਪ ਵਿਆਖਿਆ ਹੁੰਦੀ ਹੈ।[144] ਅਸੀਂ ਆਖ ਸਕਦੇ ਹਾਂ ਕਿ 'ਪਰਮਾਰਥ' ਮੂਲ ਪਾਠ ਵਿਚਲੇ ਪਦਾਂ ਤੇ ਪੰਕਤੀਆਂ ਦੀ ਕੈਦ ਤੋਂ ਮੁਕਤ, ਸਮੁੱਚੇ ਭਾਵ ਨੂੰ ਮੁੱਖ ਰੱਖ ਕੇ ਕੀਤੀ ਗਈ ਅਜਿਹੀ ਸਰਲ ਤੇ ਸੰਖੇਪ ਵਿਆਖਿਆ ਹੈ ਜਿਸ ਵਿੱਚ ਮੂਲ ਰਚਨਾ ਦੇ ਭਾਵ ਅਰਥ ਨੂੰ ਸਪਸ਼ਟ ਕੀਤਾ ਜਾਂਦਾ ਹੈ ਅਤੇ ਉਸ ਵਿਚਲੇ ਅਧਿਆਤਮਕ ਤੱਥਾਂ ਨੂੰ ਉਘਾੜਿਆ ਜਾਂਦਾ ਹੈ।

### 2.6.1.7 ਸੰਥਯਾ:

'ਸੰਥਯਾ' ਸ਼ਬਦ ਦੀ ਵਰਤੋਂ ਭਾਈ ਵੀਰ ਸਿੰਘ ਨੇ ਗੁਰਬਾਣੀ ਦੀ ਵਿਆਖਿਆ ਲਈ ਕੀਤੀ ਹੈ।ਮਹਾਨ ਕੋਸ਼ ਅਨੁਸਾਰ 'ਸੰਥਯਾ' ਸ਼ਬਦ ਦੇ ਅਰਥ ਹਨ - ਮਨ, ਇੰਦ੍ਰੀਆਂ ਨੂੰ ਟਿਕਾ ਕੇ ਵਿਦਿਆ ਗ੍ਰਹਿਣ ਕਰਨ ਦੀ ਕ੍ਰਿਆ।[145] ਭਾਈ ਵੀਰ ਸਿੰਘ ਨੇ 'ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ' ਨੂੰ ਗੁਰਬਾਣੀ ਅਰਥ ਮੀਮਾਂਸਾ ਲਈ ਪ੍ਰਯੋਗ ਕੀਤਾ ਹੈ ਜਿਸ ਵਿੱਚ ਉਨ੍ਹਾਂ ਨੇ ਹਰ ਪਉੜੀ ਜਾਂ ਸ਼ਬਦ ਦੀ ਵਿਆਖਿਆ ਨੂੰ ਪ੍ਰਾਕਥਨ, ਮੂਲ ਤੇ ਅਰਥ, ਵਿਆਖਿਆ, ਨਿਰੁਕਤ, ਵਿਸ਼ੇਸ਼ ਵਿਚਾਰ ਅਤੇ ਸਾਧਨਾ ਪੱਖ ਆਦਿ ਸਿਰਲੇਖਾਂ ਅਧੀਨ ਪ੍ਰਸਤੁਤ ਕੀਤਾ ਹੈ।ਪ੍ਰਾਕਥਨ ਵਿੱਚ ਸ਼ਬਦ ਦਾ ਅਤਿ ਸੰਖੇਪ ਸਾਰ ਦਿੱਤਾ ਗਿਆ ਹੈ।ਮੂਲ ਤੇ ਅਰਥ ਸਿਰਲੇਖ ਹੇਠ ਇੱਕੋ ਪੰਨੇ ਦੇ ਖੱਬੇ ਹੱਥ ਮੂਲ ਪਾਠ ਦੀ ਤੁਕ ਦਿੱਤੀ ਗਈ ਹੈ ਤੇ ਉਸ ਤੁਕ ਦੇ ਸਾਹਮਣੇ ਉਸੇ ਪੰਨੇ ਦੇ ਸੱਜੇ ਪਾਸੇ ਉਸ ਦੇ ਅੱਖਰੀ ਅਰਥ ਕੀਤੇ ਗਏ ਹਨ।ਵਿਆਖਿਆ ਵਿੱਚ ਭਾਵ ਅਰਥ ਤੇ ਹੋਰ ਅੰਦਰੂਨੀ ਜਾਂ ਕੇਂਦਰੀ ਵਿਚਾਰਾਂ ਕੀਤੀਆਂ ਗਈਆਂ ਹਨ।ਨਿਰੁਕਤ ਸਿਰਲੇਖ ਅਧੀਨ ਸ਼ਬਦਾਂ ਦੀ ਵਿਉਂਤਪੱਤੀ, ਧਾਤੂ ਅਤੇ ਸ਼ਬਦ ਦੇ ਤਤਸਮ, ਤਦਭਵ ਰੂਪ ਬਾਰੇ ਦੱਸਿਆ ਗਿਆ ਹੈ।ਵਿਸ਼ੇਸ਼ ਵਿਚਾਰ ਅਧੀਨ ਸ਼੍ਰੀ ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ ਜਾਂ ਭਾਈ ਗੁਰਦਾਸ ਦੀ ਬਾਣੀ ਆਦਿ ਵਿੱਚੋਂ ਟੂਕਾਂ ਲੈ ਕੇ ਅਤੇ ਪਰੰਪਰਾਗਤ ਵਿਧੀ ਦੀ ਵੀ ਮਦਦ ਲੈ ਕੇ ਸੰਬੰਧਤ ਤੁਕ ਦੀ ਵਿਆਖਿਆ ਨੂੰ ਪ੍ਰਸਤੁਤ ਕੀਤਾ ਗਿਆ ਹੈ।ਅੰਤ ਵਿੱਚ ਸ਼ਬਦ ਦੇ ਸਾਧਨਾ ਪੱਖ ਦੀ ਵੀ ਚਰਚਾ ਕੀਤੀ ਗਈ ਹੈ।ਇੰਝ ਭਾਈ ਵੀਰ ਸਿੰਘ ਨੇ ਸ਼ਬਦ ਦਾ ਵਿਸ਼ਲੇਸ਼ਣ ਕਰਦੇ ਹੋਏ ਗੁਰਬਾਣੀ ਦੇ ਅਰਥਾਂ ਨੂੰ ਇੱਕ ਨਵਾਂ ਰੂਪ ਦਿੱਤਾ ਹੈ, ਜਿਸ ਨੂੰ ਉਨ੍ਹਾਂ ਨੇ 'ਸੰਥਯਾ' ਦਾ ਨਾਂ ਦਿੱਤਾ ਹੈ। ਸੰਥਯਾ ਦੇ ਰੂਪ ਵਿੱਚ ਭਾਈ ਵੀਰ ਸਿੰਘ ਦੁਆਰਾ ਕੀਤੀ ਗਈ ਗੁਰਬਾਣੀ ਵਿਆਖਿਆ ਸੰਬੰਧੀ ਡਾ. ਪਿਆਰ ਸਿੰਘ ਲਿਖਦੇ ਹਨ:

ਵਿਆਖਿਆ ਕਰਦੇ ਸਮੇਂ ਇਹ ਪਹਿਲਾਂ ਤਾਂ ਮੂਲ ਪਾਠ ਅਨੁਸਾਰ ਸਭ ਤੋਂ ਨੇੜੇ ਦੇ ਅਤੇ ਸਾਰਥਿਕ ਅਰਥ ਦਿੰਦੇ ਹਨ। ਇਸ ਪਿੱਛੋਂ ਇਸ ਸ਼ਬਦ ਦੀ ਵਰਤੋਂ ਗੁਰੂ ਗ੍ਰੰਥ ਸਾਹਿਬ ਵਿੱਚ ਕਿਵੇਂ ਕੀਤੀ ਗਈ ਹੈ ਉਸ ਅਨੁਸਾਰ ਉਸ ਸੰਦਰਭ ਵਿੱਚ ਅਰਥ ਦਿੰਦੇ ਹਨ। ਟੀਕਾ ਕਰਦੇ ਸਮੇਂ ਇਹ ਸ਼ਬਦ ਦਾ ਇੱਕੋ ਅਰਥ ਦਿੰਦੇ ਹਨ। ਕਈ ਥਾਵਾਂ ਤੇ ਦੋ ਅਰਥਾਂ ਦੀ ਸੰਭਾਵਨਾ ਹੁੰਦੀ ਹੈ ਅਤੇ ਠੀਕ ਵੀ ਹੁੰਦੇ ਹਨ ਉੱਥੇ ਇਹ ਦੋਵੇਂ ਅਰਥ ਦੇ ਦਿੰਦੇ ਹਨ। ਕਈ ਥਾਵਾਂ ਤੇ ਇਹ ਔਖੇ ਸ਼ਬਦਾਂ ਦੇ ਸ਼ਬਦੀ ਅਰਥ ਦਿੰਦੇ ਹਨ। ਧਾਤੂ ਦੇ ਕੇ ਇਹ ਸ਼ਬਦਾਂ ਦੇ ਮੂਲ ਅਰਥ ਵੱਖ ਵੱਖ ਭਾਸ਼ਾਵਾਂ ਜਿਵੇਂ ਸੰਸਕ੍ਰਿਤ, ਪ੍ਰਾਕ੍ਰਿਤ, ਅਪਭ੍ਰੰਸ਼, ਅਰਬੀ ਅਤੇ ਫਾਰਸੀ ਅਨੁਸਾਰ ਕਰਦੇ ਹਨ। ਇਨ੍ਹਾਂ ਨੇ ਗੁਰਬਾਣੀ ਦੇ ਅਰਥ ਵਿਆਕਰਣ ਅਨੁਸਾਰ ਵੀ ਕਰਨ ਦਾ ਯਤਨ ਕੀਤਾ ਹੈ। ਨਿਰਸੰਦੇਹ ਇਨ੍ਹਾਂ ਦੇ ਸ਼ਬਦੀ ਅਰਥ ਸਮਝ ਅਨੁਸਾਰ ਕੀਤੇ ਹਨ ਪ੍ਰੰਤੂ ਫਿਰ ਵੀ ਇਨ੍ਹਾਂ ਨੇ ਪਰੰਪਰਾਗਤ ਗਿਆਨ ਅਤੇ ਵਿਧੀ ਨੂੰ ਵੀ ਤਰਜੀਹ ਦਿੱਤੀ ਹੈ।[146]

### 2.6.1.8 ਕਥਾ:

ਵਿਆਖਿਆਕਾਰੀ ਦੇ ਉਪਰੋਕਤ ਰੂਪਾਂ ਤੋਂ ਇਲਾਵਾ ਭਾਰਤੀ ਪਰੰਪਰਾ ਅਤੇ ਸਿੱਖ ਪਰੰਪਰਾ ਵਿੱਚ ਇੱਕ ਹੋਰ ਪ੍ਰਭਾਵਸ਼ਾਲੀ ਵਿਧਾ ਪ੍ਰਚਲਿਤ ਹੈ ਜਿਸ ਨੂੰ 'ਕਥਾ' ਕਿਹਾ ਜਾਂਦਾ ਹੈ। ਕਥਾ ਦੀ ਪਰੰਪਰਾ ਕੇਵਲ ਭਾਰਤੀ ਧਰਮਾਂ ਵਿੱਚ ਹੀ ਨਹੀਂ ਸਗੋਂ ਵਿਸ਼ਵ ਦੇ ਸਾਰੇ ਧਰਮਾਂ ਵਿੱਚ ਪ੍ਰਚਲਿਤ ਹੈ। ਡਾ. ਪਿਆਰਾ ਸਿੰਘ ਪਦਮ ਅਨੁਸਾਰ "ਵਰਤਮਾਨ ਸਮੇਂ ਦੇ ਪ੍ਰਸੰਗ ਵਿੱਚ ਜ਼ੁਬਾਨੀ ਗੁਰਬਾਣੀ ਦੀ ਅਰਥ ਵਿਆਖਿਆ ਦਾ ਨਾਮ ਕਥਾ ਹੈ।"[147] ਗੁਰੂ ਗ੍ਰੰਥ ਵਿਸ਼ਵਕੋਸ਼ ਅਨੁਸਾਰ "ਧਾਰਮਿਕ ਰਮਜਾਂ ਜਾਂ ਵਿਸ਼ਿਆਂ ਨੂੰ ਜੋ ਕਈ ਵਾਰ ਸੰਖਿਪਤ ਜਾਂ ਸੰਕੇਤਕ ਰੂਪ ਵਿੱਚ ਹੁੰਦੇ ਹਨ, ਸਪਸ਼ਟ ਕਰਨ ਲਈ ਜੋ ਬ੍ਰਿਤਾਂਤ ਦਿੱਤਾ ਜਾਂਦਾ ਹੈ ਉਸ ਨੂੰ 'ਕਥਾ' ਕਿਹਾ ਜਾਂਦਾ ਹੈ।[148] ਇਸ ਵਿੱਚ ਡਾ. ਰਤਨ ਸਿੰਘ ਜੱਗੀ ਨੇ ਮੰਨਿਆ ਹੈ ਕਿ ਗੁਰਬਾਣੀ ਕਥਾ ਦਾ

ਆਰੰਭ ਧਰਮਸ਼ਾਲਾਂ ਵਿੱਚ ਗੁਰਬਾਣੀ ਦੇ ਪ੍ਰਮਾਣ ਦੇ ਕੇ ਗੁਰਬਾਣੀ ਦੀਆਂ ਵਿਚਾਰਾਂ ਕਰਨ ਤੋਂ ਹੋਇਆ ਜੋ ਕਿ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਤੋਂ ਬਾਅਦ ਗੁਰਬਾਣੀ ਕਥਾ ਦੀ ਇੱਕ ਪਰੰਪਰਾ ਵਜੋਂ ਵਿਕਸਿਤ ਹੋਇਆ।[149] ਡਾ. ਵਣਜਾਰਾ ਬੇਦੀ ਅਨੁਸਾਰ 'ਕਥਾ' ਪਦ ਦੇ ਅਰਥ ਕਹਾਣੀ, ਵਾਰਤਾ, ਉਪਦੇਸ਼, ਬਾਤ, ਪ੍ਰਸੰਗ, ਧਾਰਮਕ ਵਖਿਆਨ ਆਦਿ ਹਨ।ਸੰਸਕ੍ਰਿਤ ਵਿੱਚ 'ਕਥਾ' ਸ਼ਬਦ ਦਾ ਅਰਥ ਕਹਾਣੀ ਹੈ ਜਿਵੇਂ ਕਿ 'ਕਥਾ ਸਰਿਤ ਸਾਗਰ', 'ਬ੍ਰਿਹਤ ਕਥਾ' ਆਦਿ।ਪੰਜਾਬੀ ਵਿੱਚ 'ਕਥਾ' ਸ਼ਬਦ ਕਈ ਵਾਰ ਕਹਾਣੀ ਦੇ ਪ੍ਰਯਾਇ ਵਜੋਂ ਵੀ ਵਰਤਿਆ ਜਾਂਦਾ ਹੈ ਪਰ ਖਾਸ ਕਰਕੇ ਇਹ ਅਜਿਹੇ ਉਪਦੇਸ਼ਾਤਮਕ ਪ੍ਰਸੰਗ ਜਾਂ ਬ੍ਰਿਤਾਂਤ ਹੁੰਦੇ ਹਨ ਜੋ ਕਿਸੇ ਧਾਰਮਕ ਵਖਿਆਨ ਜਾਂ ਕੀਰਤਨ ਸਮੇਂ ਕਿਸੇ ਸੰਕਲਪ ਜਾਂ ਪ੍ਰਮਾਣ ਵਜੋਂ ਜਾਂ ਫਿਰ ਸਰੋਤਿਆਂ ਅੰਦਰ ਅਧਿਆਤਮਕ ਅਤੇ ਨੈਤਿਕ ਕਦਰਾਂ ਕੀਮਤਾਂ ਨੂੰ ਉਜਾਗਰ ਕਰਨ ਲਈ ਸੁਣਾਏ ਜਾਂਦੇ ਹਨ।ਪੰਜਾਬੀ ਵਿੱਚ ਪਹਿਲਾਂ ਪਹਿਲ ਕਥਾ ਪਦ ਦਾ ਪ੍ਰਯੋਗ ਰਮਾਇਣ, ਮਹਾਂਭਾਰਤ ਅਤੇ ਪੁਰਾਣ ਦੀ ਕਥਾ ਲਈ ਪ੍ਰਯੋਗ ਹੁੰਦਾ ਸੀ ਜੋ ਸਿੱਖ ਪਰੰਪਰਾ ਵਿੱਚ ਆ ਕੇ ਗੁਰ ਇਤਿਹਾਸ ਤੇ ਗੁਰਬਾਣੀ ਕਥਾ ਦੇ ਰੂਪ ਵਿੱਚ ਵਿਕਸਿਤ ਹੋਇਆ।[150] ਡਾ. ਵਣਜਾਰਾ ਬੇਦੀ ਨੇ ਕਥਾ ਸ਼ਬਦ ਦੀ ਹੁੰਦੀ ਵਿਆਪਕ ਵਰਤੋਂ ਕਾਰਨ ਇਸ ਦੇ ਅਰਥਾਂ ਦੀ ਪ੍ਰਕਿਰਤੀ ਨੂੰ ਤਿੰਨ ਤਰ੍ਹਾਂ ਨਾਲ ਨਿਰਧਾਰਤ ਕੀਤਾ ਹੈ (ੳ) ਕੋਈ ਵੀ ਰਚਨਾ ਜਿਸ ਵਿੱਚ ਬਿਰਤਾਂਤ ਦਾ ਤੱਤ ਹੋਵੇ (ਅ) ਇੱਕ ਵਿਸ਼ੇਸ਼ ਤਰ੍ਹਾਂ ਦਾ ਧਾਰਮਕ ਬਿਰਤਾਂਤ (ੲ) ਬਿਰਤਾਂਤ ਦੇ ਤੱਤ ਤੋਂ ਮੁਕਤ ਸ਼ਬਦ ਵਿਆਖਿਆ।[151] ਭਾਰਤੀ ਸਾਹਿਤ ਪਰੰਪਰਾ ਅਨੁਸਾਰ ਕਥਾ ਦੇ ਇਤਿਹਾਸਕ ਪਿਛੋਕੜ ਵਿੱਚ ਇਸ ਦੀ ਇੱਕ ਵਿਸ਼ਾਲ ਪਰੰਪਰਾ ਰਹੀ ਹੈ ਜੋ ਵਿਆਪਕ ਪੱਧਰ ਤੇ ਭਾਰਤੀ ਲੋਕਧਾਰਾ ਦਾ ਇੱਕ ਅੰਗ ਬਣ ਚੁੱਕੀ ਸੀ।ਭਾਰਤੀ ਅਤੇ ਪੰਜਾਬੀ ਪਰਿਪੇਖ ਤੋਂ ਇਸ ਦਾ ਸੰਬੰਧ ਸਿੰਧ ਘਾਟੀ ਦੀ ਸੱਭਿਅਤਾ ਨਾਲ ਜੋੜਿਆ ਜਾਂਦਾ ਹੈ।ਸਿੰਧ ਘਾਟੀ ਦੀ ਖੋਜ ਦੌਰਾਨ ਪ੍ਰਾਪਤ ਹੋਈਆਂ ਵਸਤਾਂ , ਖਾਸ ਕਰਕੇ ਚਿਤ੍ਰਾਂ ਦਾ ਅਧਿਐਨ ਤੋਂ ਇਹ ਪਤਾ ਲਗਦਾ ਹੈ ਕਿ ਦ੍ਰਾਵਿੜ ਸਮਾਜ ਵਿੱਚ 'ਕਥਾ' ਰੂਪ ਪ੍ਰਚਲਿਤ ਸਨ। ਡਾ. ਵਣਜਾਰਾ ਬੇਦੀ ਅਨੁਸਾਰ:

> ਇਸ ਦਾ ਘੇਰਾ ਬਹੁਤ ਵਿਸ਼ਾਲ ਹੈ।ਇੱਕ ਪਾਸੇ ਇਹ ਕਥਾ ਪੁਰਾਣ ਕਥਾਵਾਂ ਦੀ ਸੀਮਾ ਵਿੱਚ ਦਾਖਲ ਹੁੰਦੀ ਹੈ।ਦੂਜੇ ਪਾਸੇ ਸਾਖੀ, ਬਚਨ, ਸੁਖਨ ਆਦਿ ਦੇ ਖੇਤਰ ਵਿੱਚ।ਇਸ ਲਈ ਇਸ ਦੇ ਕੁਝ ਉੱਘੇ ਲੱਛਣ ਹੀ ਮਿੱਥੇ ਜਾ ਸਕਦੇ ਹਨ।ਕਥਾ

> ਕਿਸੇ ਦੇਵ-ਪੁਰਸ਼, ਗੁਰੂ-ਵਿਅਕਤੀ ਅਤੇ ਸੰਤ ਪੁਰਸ਼ ਦੇ ਜੀਵਨ ਦਾ ਅਜਿਹਾ ਉਪਦੇਸ਼ਾਤਮਕ ਪ੍ਰਸੰਗ ਹੈ ਜੋ ਸਰੋਤਿਆਂ ਵਿੱਚ ਅਧਿਆਤਮਕ ਭਾਵ ਜਾਂ ਨੈਤਿਕਤਾ ਦੀ ਭਾਵਨਾ ਉਜਾਗਰ ਕਰੇ।ਕਥਾ ਨੂੰ ਸਰੋਤੇ ਮਿਥਕ ਬਿਰਤਾਂਤ ਦੀ ਥਾਂ ਸੱਚਾ ਬਿਰਤਾਂਤ ਮੰਨਦੇ ਹਨ, ਬਿਨਾਂ ਉਸ ਦੀ ਕਿਸੇ ਰੂੜੀ ਤੇ ਕਿੰਤੂ ਕੀਤੇ।ਭਗਤੀ ਲਹਿਰ ਵੇਲੇ ਕਥਾ ਨੂੰ ਖਾਸ ਮਹੱਤਤਾ ਪ੍ਰਾਪਤ ਹੋਈ ਅਤੇ ਭਗਤਾਂ ਦੇ ਜੀਵਨ ਪ੍ਰਸੰਗ ਜਾਂ ਪੁਰਾਣਾਂ ਦੀਆਂ ਉਹ ਕਥਾਵਾਂ, ਜਿਨ੍ਹਾਂ ਵਿੱਚ ਕਿਸੇ ਵਿਅਕਤੀ ਦੀ ਭਗਤੀ ਭਾਵਨਾ ਅਤੇ ਨੈਤਿਕਤਾ ਵੱਲ ਸੰਕੇਤ ਸੀ, ਉੱਭਰ ਕੇ ਆਈਆਂ ਹਨ।[152]

ਸਿੱਖ ਪਰੰਪਰਾ ਵਿੱਚ ਗੁਰਬਾਣੀ ਦੀ ਕਥਾ ਨੂੰ ਗੁਰਬਾਣੀ ਵਿਆਖਿਆ, ਗੁਰਬਾਣੀ ਵੀਚਾਰ, ਗੁਰਮਤਿ ਵੀਚਾਰ ਜਾਂ ਸ਼ਬਦ ਵੀਚਾਰ ਵੀ ਕਿਹਾ ਜਾਂਦਾ ਹੈ।

### 2.6.1.9 **ਵਿਆਖਿਆ:**

ਵਿਆਖਿਆ ਮਨੁੱਖੀ ਸੋਚ ਦਾ ਸਭ ਤੋਂ ਜ਼ਰੂਰੀ ਅੰਗ ਹੈ।ਵਿਆਖਿਆ ਤੋਂ ਭਾਵ ਕਿਸੇ ਵਸਤੂ, ਸਾਹਿਤਕ ਰਚਨਾ ਜਾਂ ਪਾਠ ਦੇ ਵਿਚਾਰਾਂ ਨੂੰ ਹਰ ਨਜ਼ਰੀਏ ਜਾਂ ਦ੍ਰਿਸ਼ਟੀਕੋਣ ਤੋਂ ਅਧਿਐਨ ਕਰਕੇ ਉਸ ਕਿਰਤ ਦੇ ਉਪਰੀ ਸਰੂਪ ਵਿੱਚ ਲੁਕੇ ਗੁਹਜ ਭਾਵ ਨੂੰ ਸਰਲ ਅਤੇ ਸਪਸ਼ਟ ਤੌਰ ਤੇ ਵਿਸਤਾਰ ਵਿੱਚ ਉਜਾਗਰ ਕਰਕੇ ਅਰਥ ਸਮਝਾਉਣ ਵਾਲੀ ਰਚਨਾ ਨੂੰ ਵਿਆਖਿਆ ਕਿਹਾ ਜਾਂਦਾ ਹੈ।ਵਿਆਖਿਆ ਦਾ ਅਰਥ ਕੇਵਲ ਟੀਕਾ ਜਾਂ ਸ਼ਾਬਦਿਕ ਅਰਥਾਂ ਦਾ ਪ੍ਰਗਟਾਵਾ ਕਰਨਾ ਹੀ ਨਹੀਂ ਹੁੰਦਾ ਸਗੋਂ ਇਹ ਮੂਲ ਅਨੁਭਵ ਦੇ ਮੂਲ ਸੰਦੇਸ਼ ਨੂੰ ਸਪਸ਼ਟਤਾ ਸਹਿਤ ਬਿਆਨ ਕਰਨ ਦਾ ਯਤਨ ਹੁੰਦਾ ਹੈ।ਇਸ ਤਰ੍ਹਾਂ ਕਿਸੇ ਲਿਖਤੀ ਜਾਂ ਮੌਖਿਕ ਪਾਠ ਦੇ ਅਰਥਾਂ ਨੂੰ ਸਥਾਪਿਤ ਕਰਨ ਜਾਂ ਸਪਸ਼ਟ ਕਰਨ ਦਾ ਕਾਰਜ ਵਿਆਖਿਆ ਦੇ ਅੰਤਰਗਤ ਆਉਂਦਾ ਹੈ।ਸੰਸਕ੍ਰਿਤ ਗ੍ਰੰਥਾਂ ਵਿੱਚ 'ਵਿਵਰਣ ਪੇਸ਼ ਕਰਨ ਵਾਲੇ ਸ਼ਬਦ ਸਮੂਹ' ਨੂੰ ਵਿਆਖਿਆ ਮੰਨਿਆ ਗਿਆ ਹੈ।[153] ਟੀਕੇ ਵਿੱਚ ਜਿੱਥੇ ਮੂਲ ਰਚਨਾ ਦੇ ਸਰਲ ਅਤੇ ਸੁਖੈਨ ਅਰਥ ਕੀਤੇ ਹੁੰਦੇ ਹਨ ਉੱਥੇ ਵਿਆਖਿਆ ਵਿੱਚ ਡੂੰਘੇ ਅਰਥਾਂ ਨੂੰ ਖੋਲ੍ਹ ਕੇ ਸਪਸ਼ਟਤਾ ਸਹਿਤ ਬਿਆਨ ਕੀਤਾ ਗਿਆ ਹੁੰਦਾ ਹੈ। ਟੀਕੇ ਅਤੇ ਵਿਆਖਿਆ ਵਿੱਚ ਮੁਢਲਾ ਅੰਤਰ ਹੀ ਆਕਾਰ

ਤੇ ਵਿਸਤਾਰ ਦਾ ਹੈ। ਵਿਸਤਾਰ ਦੇ ਪੱਖ ਤੋਂ ਵਿਆਖਿਆ ਟੀਕੇ ਨਾਲੋਂ ਭਾਸ਼ ਦੇ ਵਧੇਰੇ ਨੇੜੇ ਹੈ ਪਰ ਭਾਸ਼ ਦੀ ਆਪਣੀ ਇੱਕ ਵਿਸ਼ੇਸ਼ ਸ਼ੈਲੀ ਹੈ ਜਿਸ ਵਿੱਚ ਭਾਸ਼ਕਾਰ ਦਾ ਆਪਣਾ ਆਪਾ ਪ੍ਰਭਾਵਕਾਰੀ ਹੁੰਦਾ ਹੈ ਜਦੋਂ ਕਿ ਵਿਆਖਿਆ ਵਿੱਚ ਕੇਵਲ ਮੂਲ ਰਚਨਾ ਦੇ ਪਦਾਂ ਦਾ ਹੀ ਵਿਸਤਾਰ ਪੂਰਵਕ ਵਖਿਆਨ ਹੁੰਦਾ ਹੈ। ਜਿੱਥੇ ਟਿੱਪਣੀ ਵਿੱਚ ਕਠਿਨ ਸ਼ਬਦਾਂ ਦੇ ਸਾਰ ਅਰਥ ਬਿਆਨ ਕੀਤੇ ਹੋਏ ਹੁੰਦੇ ਹਨ ਉੱਥੇ ਵਿਆਖਿਆ ਵਿੱਚ ਕਠਿਨ ਅਤੇ ਸਰਲ ਸਾਰੇ ਪਦਾਂ ਦੇ ਅਰਥ ਵਿਸਤਾਰ ਪੂਰਵਕ ਕੀਤੇ ਹੁੰਦੇ ਹਨ। ਸੋ ਟਿੱਪਣੀ ਸੰਕੁਚਿਤ ਅਤੇ ਸੰਖੇਪ ਹੁੰਦੀ ਹੈ ਤੇ ਵਿਆਖਿਆ ਵਿਸ਼ਾਲ ਅਤੇ ਵਿਸਤ੍ਰਿਤ। ਵਿਆਖਿਆ ਦੇ ਮੁਕਾਬਲੇ ਵਿੱਚ ਵ੍ਰਿਤੀ ਵਧੇਰੇ ਗੰਭੀਰ ਤੇ ਸੂਖਮ ਹੁੰਦੀ ਹੈ। ਇਸ ਪ੍ਰਕਾਰ ਅਸੀਂ ਕਹਿ ਸਕਦੇ ਹਾਂ ਕਿ ਕਿਸੇ ਕਠਿਨ, ਅਸਪਸ਼ਟ ਜਾਂ ਰਹੱਸਮਈ ਪਦ, ਵਾਕ, ਸੂਤ੍ਰ ਜਾਂ ਸੂਤ੍ਰ-ਗ੍ਰੰਥ ਨੂੰ ਸਪਸ਼ਟ, ਸਰਲ ਤੇ ਸੁਖੈਨ ਰੂਪ ਵਿੱਚ ਵਿਸਥਾਰਮਈ ਢੰਗ ਨਾਲ ਬਿਆਨ ਕਰਨ ਵਾਲੀ ਕ੍ਰਿਤੀ ਨੂੰ 'ਵਿਆਖਿਆ' ਕਿਹਾ ਜਾਂਦਾ ਹੈ।

ਭਾਰਤੀ ਗਿਆਨ ਪਰੰਪਰਾ ਵਿੱਚ ਵਿਆਖਿਆਕਾਰੀ ਦੇ ਮੁੱਢ ਅਤੇ ਵਿਕਾਸ ਸੰਬੰਧੀ ਉਪਰੋਕਤ ਵਿਚਾਰ ਚਰਚਾ ਕਰਨ ਉਪਰੰਤ ਇਸ ਨਤੀਜੇ ਉੱਤੇ ਪੁੱਜਿਆ ਗਿਆ ਹੈ ਕਿ ਵੈਦਿਕ ਸਾਹਿਤ ਤੋਂ ਆਰੰਭ ਹੋਈ ਟੀਕਾਕਾਰੀ ਦੀ ਪਰੰਪਰਾ ਨੂੰ ਵਿਆਖਿਆ ਦਾ ਮੁਢਲਾ ਰੂਪ ਮੰਨਿਆ ਗਿਆ ਹੈ ਜੋ ਕਿ ਅਜੋਕੇ ਸਮੇਂ ਵਿੱਚ ਵੀ ਪ੍ਰਚਲਿਤ ਅਤੇ ਲੋਕਪ੍ਰਿਯ ਹੈ ਪ੍ਰੰਤੂ ਵੱਖ ਵੱਖ ਸਮਿਆਂ ਵਿੱਚ ਲੋੜ ਅਨੁਸਾਰ ਵਿਆਖਿਆਕਾਰੀ ਨੇ ਬਹੁਪੱਖੀ ਅਤੇ ਬਹੁ ਪਾਸਾਰੀ ਵਿਕਾਸ ਕੀਤਾ ਜੋ ਕਿ ਭਾਰਤੀ ਸਾਹਿਤ ਦੀ ਬੌਧਿਕ ਪ੍ਰਫੁੱਲਤਾ ਦਾ ਲਖਾਇਕ ਹੈ।

### 2.6.2 ਵਿਆਖਿਆ-ਸ਼ਾਸਤਰ : ਅਰਥ ਅਤੇ ਸਰੂਪ

ਵਿਆਖਿਆਕਾਰੀ ਦਾ ਸੰਬੰਧ ਜਿੱਥੇ ਪਹਿਲੇ ਪੱਧਰ ਉੱਤੇ ਮੂਲ ਪਾਠ ਦੀ ਸਿਰਜਣਾ ਅਤੇ ਅਗਲੇਰੇ ਪੱਧਰਾਂ ਤੇ ਮੂਲ ਪਾਠ ਦੀ ਸਰਲਤਾ ਜਾਂ ਸਪਸ਼ਟਤਾ ਨਾਲ ਹੈ ਉੱਥੇ ਇਸ ਦਾ ਸੰਬੰਧ ਇਸ ਕਲਾ ਦੀ ਸਿਧਾਂਤਕਾਰੀ ਨਾ਼ਲ ਵੀ ਹੈ ਅਰਥਾਤ ਵਿਆਖਿਆਕਾਰੀ ਜਿੱਥੇ ਇੱਕ ਵਿਵਹਾਰਕ ਰੁਝਾਨ ਹੈ ਉੱਥੇ ਸਿਧਾਂਤਕ ਪੱਧਰ ਉੱਤੇ ਵੀ ਇਸ ਦੇ ਕੁਝ ਨਿਯਮ ਜਾਂ ਅਸੂਲ ਹਨ ਜਿਨ੍ਹਾਂ ਦੀ ਰੌਸ਼ਨੀ ਵਿੱਚ ਵਿਆਖਿਆਕਾਰੀ ਕੀਤੀ ਜਾਂਦੀ ਹੈ। ਵਿਆਖਿਆਕਾਰੀ ਕਰਨ ਲਈ ਅਜਿਹੀ ਸਿਧਾਂਤਕ ਜਾਣਕਾਰੀ ਦੇਣ ਵਾਲਾ ਗਿਆਨ ਅਨੁਸ਼ਾਸਨ ਵਿਆਖਿਆ-ਸ਼ਾਸਤਰ ਅਖਵਾਉਂਦਾ ਹੈ। ਨਿਰਸੰਦੇਹ, ਇਹ ਵਿਆਖਿਆਕਾਰੀ ਨੂੰ ਇੱਕ ਬੌਧਿਕ ਅਨੁਸ਼ਾਸਨ ਵਜੋਂ ਸਥਾਪਿਤ ਕਰਦਾ ਹੈ। ਪੱਛਮ ਵਿੱਚ ਵਿਕਸਿਤ ਹੋਈ ਵਿਆਖਿਆ ਪਰੰਪਰਾ ਵਿੱਚ

ਵਿਆਖਿਆ-ਸ਼ਾਸਤਰ ਲਈ ਮੁੱਖ ਤੌਰ ਤੇ ਦੋ ਸ਼ਬਦ ਪ੍ਰਚਲਿਤ ਹਨ:-1. ਹਰਮੇਨਿਊਟਿਕਸ, 2. ਐਕਸਿਜੀਸਿਸ 'ਹਰਮੇਨਿਊਟਿਕਸ' ਸ਼ਬਦ ਆਮ ਤੌਰ 'ਤੇ ਅੰਜੀਲ ਅਤੇ ਬਾਈਬਲ ਦੇ ਵਿਆਖਿਆਤਮਕ ਨੇਮਾਂ ਜਾਂ ਅਸੂਲਾਂ ਦੇ ਵਿਗਿਆਨ ਲਈ ਵਰਤਿਆ ਜਾਂਦਾ ਹੈ।ਵਿਆਖਿਆ-ਸ਼ਾਸਤਰ ਜਾਂ ਹਰਮੇਨਿਊਟਿਕਸ ਮਾਨਵ-ਸਿਰਜਿਤ ਪਾਠਾਂ ਦੇ ਅਰਥ ਨਿਰਧਾਰਤ ਕਰਨ ਵਾਲੇ ਵਿਆਖਿਆਕਾਰੀ ਦੇ ਕਾਰਜ ਨਾਲ਼ ਸੰਬੰਧਤ ਇੱਕ ਸੁਤੰਤਰ ਅਨੁਸ਼ਾਸਨ ਹੈ।

ਪੂਰਬੀ ਪੁਰਾਤਨ ਭਾਸ਼ਾਵਾਂ, ਖਾਸ ਕਰਕੇ ਸੰਸਕ੍ਰਿਤ ਅਤੇ ਅਰਬੀ ਵਿੱਚ ਅਰਥ ਮੀਮਾਂਸਾ ਦੀ ਪਰੰਪਰਾ ਕਾਫੀ ਪ੍ਰਾਚੀਨ ਹੈ।ਸੰਸਕ੍ਰਿਤ ਵਿੱਚ ਵੇਦਾਂ ਦੇ ਪਾਠ ਵਿਸ਼ਲੇਸ਼ਣ ਦੀ ਪਰੰਪਰਾ ਹਰਮੇਨਿਊਟਿਕਸ (ਪੱਛਮੀ ਵਿਆਖਿਆ-ਸ਼ਾਸਤਰ) ਤੋਂ ਵੀ ਪੁਰਾਣੀ ਹੈ[154] ਉਨ੍ਹੀਵੀਂ ਸਦੀ ਵਿੱਚ ਪੱਛਮੀ ਚਿੰਤਨ ਵੱਲੋਂ ਦ੍ਰਿਸ਼ ਪ੍ਰਪੰਚ ਵਿਗਿਆਨ, ਸੰਰਚਨਾਵਾਦ ਅਤੇ ਉੱਤਰ ਸੰਰਚਨਾਵਾਦ ਦੇ ਉਭਾਰ ਨਾਲ ਸਾਹਿਤਕ ਸਿਧਾਂਤੀਕਰਣ ਉੱਪਰ ਧਿਆਨ ਦਿੱਤਾ ਗਿਆ ਤਾਂ ਜਿਸ ਅਰਥ ਮੀਮਾਂਸਾ ਦਾ ਆਰੰਭ ਪ੍ਰਾਚੀਨ ਪਾਠਾਂ ਨੂੰ ਪਰਖਣ ਅਤੇ ਉਨ੍ਹਾਂ ਦੇ ਵਾਸਤਵਿਕ ਅਰਥ ਜਾਨਣ ਲਈ ਹੋਇਆ ਅਤੇ ਜਿਸ ਦੀਆਂ ਸਭ ਤੋਂ ਪ੍ਰਾਚੀਨ ਜੜ੍ਹਾਂ ਤਾਂ ਭਾਰਤੀ ਦਰਸ਼ਨ ਦੇ ਵਾਦ ਵਿਵਾਦਾਂ ਵਿੱਚ ਦਿਖਾਈ ਦਿੰਦੀਆਂ ਹਨ, ਅੱਜ ਉਹੀ ਅਰਥ ਮੀਮਾਂਸਾ ਵਿਆਖਿਆ ਸ਼ਾਸਤਰ ਜਾਂ ਹਰਮੇਨਿਊਟਿਕਸ ਦੇ ਨਾਂ ਹੇਠਾਂ ਨਵੇਂ ਸਿਰਿਓਂ ਬਹਿਸ ਵਿੱਚ ਆ ਗਈ।ਅੱਜ ਉਸ ਨੂੰ ਵੱਖ ਵੱਖ ਸ਼ਾਸਤਰਾਂ ਵਿੱਚ ਅਰਥ ਗ੍ਰਹਿਣ ਲਈ ਵਰਤਿਆ ਜਾਂਦਾ ਹੈ ਅਤੇ ਉਸ ਦੀ ਵਰਤੋਂ ਧਰਮ ਵਿਗਿਆਨ ਤੋਂ ਇਲਾਵਾ ਇਤਿਹਾਸ, ਸਮਾਜ ਸ਼ਾਸਤਰ, ਕਾਨੂੰਨ ਅਤੇ ਮਾਨਵ ਵਿਗਿਆਨ ਦੀਆਂ ਭਿੰਨ ਭਿੰਨ ਸ਼ਾਖਾਵਾਂ ਵਿੱਚ ਹੋ ਰਹੀ ਹੈ।[155]

### 2.6.2.1 ਹਰਮੇਨਿਊਟਿਕਸ : ਅਰਥ, ਇਤਿਹਾਸਕ ਪਿਛੋਕੜ ਅਤੇ ਸਰੂਪ

ਪੱਛਮ ਵਿੱਚ ਵੀਹਵੀਂ ਸਦੀ ਦੇ ਛੇਵੇਂ ਦਹਾਕੇ ਤੋਂ ਲੈ ਕੇ ਸਾਹਿਤਿਕ ਜਗਤ ਵਿੱਚ ਸਭ ਤੋਂ ਵੱਧ ਧਿਆਨ ਥਿਊਰੀ ਜਾਂ ਸਿਧਾਂਤੀਕਰਣ ਵੱਲ ਦਿੱਤਾ ਜਾ ਰਿਹਾ ਹੈ ਕਿਉਂਕਿ ਵਰਤਮਾਨ ਯੁੱਗ ਵਿੱਚ ਮਨੁੱਖ ਦੀਆਂ ਸਮੱਸਿਆਵਾਂ ਨਾਲ ਨਿਬੜਨ ਲਈ ਮਨੁੱਖੀ ਪ੍ਰਤਿਭਾ ਦਾ ਇਹ ਇੱਕ ਅਚੂਕ ਯਤਨ ਹੈ।ਫਿਲਾਸਫੀ ਵਾਂਗ ਹੀ ਵਿਗਿਆਨ ਦਾ ਵੀ ਪਹਿਲਾ ਪ੍ਰਸ਼ਨ ਮਨੁੱਖੀ ਹੋਂਦ ਨੂੰ ਸਮੁੱਚੇ ਰੂਪ ਵਿੱਚ ਸਮਝਣ ਦਾ ਹੈ ਪ੍ਰੰਤੂ ਕੀ ਸਮੇਂ ਅਤੇ ਸਥਾਨ ਦੇ ਸੀਮਿਤ ਬੰਧਨ ਵਿੱਚ 'ਜੀਵਨ ਕੀ ਹੈ?' ਪ੍ਰਸ਼ਨ ਦਾ ਉੱਤਰ ਦਿੱਤਾ ਜਾ ਸਕਦਾ ਹੈ? ਇਹ ਅਸੰਭਵ ਇਸ ਲਈ ਹੈ

ਕਿਉਂਕਿ ਜੀਵਨ ਦੀ ਅਨੰਤ ਅਤੇ ਨਿਰੰਤਰ ਹੋ ਰਹੀ ਉਤਪਾਦਕਤਾ ਦੇ ਕਾਰਣ ਹਰੇਕ ਦੇ ਜੀਵਨ ਸੰਬੰਧੀ ਵਿਅਕਤੀਗਤ ਅਨੁਭਵ ਨੂੰ ਜੋੜ ਲੈਣ ਤੋਂ ਬਾਅਦ ਵੀ ਸਮੁੱਚੇ ਰੂਪ ਵਿੱਚ ਜੀਵਨ ਦੇ ਅਨੁਭਵ ਦੀ ਵਿਆਖਿਆ ਨਹੀਂ ਕੀਤੀ ਜਾ ਸਕਦੀ। ਇਸ ਲਈ ਜੀਵਨ ਦੇ ਕਿਸੇ ਵਿਸ਼ੇਸ਼ ਅਨੁਭਵ, ਵਿਚਾਰ ਜਾਂ ਭਾਵਨਾ ਦੀ ਸਮੁੱਚੇ ਰੂਪ ਵਿੱਚ ਵਿਆਖਿਆ ਕਰਨ ਲਈ ਅਸੀਂ ਜਿਨ੍ਹਾਂ ਨਿਯਮਾਂ ਜਾਂ ਸੂਤਰਾਂ ਦੇ ਆਧਾਰ ਉੱਤੇ ਨਿਰੀਖਣ ਪਰੀਖਣ ਕਰਦੇ ਹਾਂ, ਉਨ੍ਹਾਂ ਆਤਮਪਰਕ ਅਤੇ ਵਸਤੂਪਰਕ ਨਿਯਮਾਂ ਜਾਂ ਸਿਧਾਂਤਾਂ ਦੇ ਸਮੂਹ ਨੂੰ 'ਹਰਮੇਨਿਊਟਿਕਸ' ਦਾ ਨਾਂ ਦਿੱਤਾ ਗਿਆ ਹੈ।[156] ਡਾ. ਗੁਲਜ਼ਾਰ ਸਿੰਘ ਕੰਗ ਅਨੁਸਾਰ:

> ਵਿਆਖਿਆ-ਸ਼ਾਸਤਰ ਜਿਸ ਨੂੰ ਹਿੰਦੀ ਵਿੱਚ 'ਅਰਥ-ਮੀਮਾਂਸਾ' ਅਤੇ ਅੰਗਰੇਜ਼ੀ ਵਿੱਚ 'ਹਰਮੇਨਿਊਟਿਕਸ' (Hermaneutics) ਕਿਹਾ ਗਿਆ ਹੈ, ਇੱਕ ਸਵੈ-ਅਨੁਸ਼ਾਸਤ ਅਧਿਐਨ ਵਿਧੀ ਹੈ ਜੋ ਕਿਸੇ ਧਾਰਮਿਕ ਪਾਠ ਨੂੰ ਸਮਝਣ ਸਮਝਾਉਣ ਲਈ ਨਿਯਮ ਨਿਰਧਾਰਤ ਕਰਦੀ ਹੈ। ਵਿਆਖਿਆ ਸ਼ਾਸਤਰ ਵਿਆਖਿਆਕਾਰੀ ਨਹੀਂ ਸਗੋਂ ਵਿਆਖਿਆ ਕਰਨੀ ਕਿਵੇਂ ਹੈ ਅਤੇ ਕਿਹੜੇ ਵਿਗਿਆਨਕ ਮਾਪ-ਦੰਡ ਅਪਨਾਉਣੇ ਹਨ?, ਉਨ੍ਹਾਂ ਬਾਰੇ ਸੇਧ ਦਿੰਦਾ ਹੈ।[157]

ਵੈਬਸਟਰਜ਼ ਡਿਕਸ਼ਨਰੀ ਅਨੁਸਾਰ ਹਰਮੇਨਿਊਟਿਕਸ (Hermeneutics) ਯੂਨਾਨੀ ਭਾਸ਼ਾ ਦੀ ਕਿਰਿਆ 'Hermeneuein' ਤੋਂ ਬਣਿਆ ਹੈ[158], ਜਿਸ ਦਾ ਅਰਥ ਹੈ – ਵਿਆਖਿਆ ਕਰਨਾ (To interpret)। ਇਸਦੀ ਮੂਲ ਧਾਤੂ 'Hermenia' ਜਿਸ ਦਾ ਅਰਥ 'ਵਿਆਖਿਆ' (Interpretation) ਹੈ। ਇਸ ਤੋਂ ਇਲਾਵਾ ਇਸ ਸ਼ਬਦ ਦੀ ਉਤਪੱਤੀ Hermeneus ਤੋਂ ਵੀ ਮੰਨੀ ਗਈ ਹੈ[159] ਜਿਸ ਦਾ ਅਰਥ ਹੈ, ਵਿਆਖਿਆਕਾਰ (An Interpretor)। ਇਸਾਈ/ਪੱਛਮੀ ਵਿਦਵਾਨ ਇਸ ਸ਼ਬਦ ਦੀ ਨਿਰੁਕਤੀ (etymology) ਨੂੰ ਯੂਨਾਨੀ ਦੇਵਤਾ Hermes ਨਾਲ ਵੀ ਸੰਬੰਧਤ ਕਰਦੇ ਹਨ ਇਹ ਦੇਵਤਾ ਪਾਰਗ਼ਾਮੀ ਗੱਲਾਂ ਨੂੰ ਲੋਕਾਂ ਤੱਕ ਪਹੁੰਚਾਉਂਦਾ ਸੀ ਤੇ ਇਸ ਤਰ੍ਹਾਂ ਦੀ ਰਵਾਇਤ ਅਨੁਸਾਰ ਇਹ ਸ਼ਬਦ ਸੰਦੇਸ਼ ਦੇ ਇੱਕ ਚਿੰਨ੍ਹ ਵਜੋਂ ਸਥਾਪਿਤ ਹੋ ਗਿਆ।[160] ਹਰਮੇਨਿਊਟਿਕਸ ਵਿੱਚ ਵਿਆਖਿਆ ਅਤੇ

ਵਿਸ਼ਲੇਸ਼ਣ ਦੇ ਵਿਧੀਆਤਮਕ ਸਿਧਾਂਤ ਸ਼ਾਮਲ ਹੁੰਦੇ ਹਨ।ਵਿਆਖਿਆ ਸ਼ਾਸਤਰ ਧਾਰਮਿਕ ਪਾਠ ਦੀ ਸਮਝ ਚਾਹੁੰਦਾ ਹੈ ਤੇ ਧਰਮ ਗ੍ਰੰਥ ਦੀ ਬੋਲੀ ਨੂੰ ਜਗਿਆਸੂ ਦੀ ਬੋਲੀ ਵਿੱਚ ਅਨੁਵਾਦ ਕਰਕੇ ਦੱਸਦਾ ਹੈ, ਜਿਸ ਕਾਰਨ ਇਸ ਦਾ ਇੱਕ ਅਰਥ Translation (ਅਨੁਵਾਦ) ਵੀ ਕੀਤਾ ਗਿਆ ਹੈ।ਇਹ ਭਾਸ਼ਾ, ਪਰੰਪਰਾ, ਸੱਭਿਆਚਾਰ, ਇਤਿਹਾਸ, ਮੁਹਾਵਰਾ, ਪਿਛੋਕੜ ਆਦਿ ਦੀ ਸਮਝ ਰਾਹੀਂ ਰਚਨਾਕਾਰਾਂ ਦੇ ਲਿਖਣ ਪਲਾਂ ਦੀ ਸਮਝ ਤੱਕ ਪਹੁੰਚਣ ਦਾ ਯਤਨ ਕਰਦਾ ਹੈ।ਸ਼ਬਦ-ਕੋਸ਼ਾਂ ਵਿੱਚ ਪ੍ਰਾਪਤ ਅਰਥਾਂ ਅਨੁਸਾਰ ਹਰਮੇਨਿਊਟਿਕਸ ਦਾ ਮਨੋਰਥ ਗ੍ਰੰਥਾਂ ਦੀ ਸਮਝ ਪ੍ਰਾਪਤ ਕਰਨਾ ਹੈ।[161] ਇਸ ਪ੍ਰਕਾਰ ਵਿਆਖਿਆ-ਸ਼ਾਸਤਰ ਇੱਕ ਅਜਿਹਾ ਸਵੈ-ਅਨੁਸ਼ਾਸ਼ਿਤ ਵਿਗਿਆਨ ਹੈ ਜਿਹੜਾ ਕਿ 'ਪਾਠ', ਵਿਸ਼ੇਸ਼ ਤੌਰ ਤੇ 'ਧਾਰਮਿਕ ਪਾਠ' ਦੇ ਵਿਧੀ ਵਿਧਾਨ ਜਾਂ ਨਿਯਮਾਂ ਨੂੰ ਮਨੁੱਖੀ ਸੋਝੀ ਅਨੁਸਾਰ ਸੇਧ ਦਿੰਦਾ ਹੈ ਤਾਂ ਜੋ ਉਸ ਦੇ ਅਸਲ ਅਰਥ ਤੱਕ ਪਹੁੰਚਿਆ ਜਾਵੇ।

ਇਸ ਪ੍ਰਕਾਰ ਇਹ ਘਟਨਾ ਦੇ 'ਵਾਪਰਨ ਸਮੇਂ ਤੇ ਬਿਆਨ ਸਮੇਂ ਦੇ ਖਲਾਅ' ਨੂੰ ਭਰਨ ਦਾ ਯਤਨ ਕਰਦਾ ਹੈ।ਗਿਆਨ ਦਾ ਬੌਧਿਕ ਅਨੁਸ਼ਾਸਨ ਹੋਣ ਕਾਰਣ ਇਸ ਨੂੰ Philosophy of interpretation ਵੀ ਕਿਹਾ ਜਾਂਦਾ ਹੈ।[162] ਹਰਮੇਨਿਊਟਿਕਸ ਦੇ ਅਨੁਸ਼ਾਸਨ ਨੂੰ 'Art of interpretation' ਕਰਕੇ ਵੀ ਜਾਣਿਆ ਜਾਂਦਾ ਹੈ।[163] ਇਸ ਰਾਹੀਂ ਵਿਆਖਿਆਕਾਰ ਦੇ ਢੰਗ ਪਤਾ ਲੱਗਦੇ ਹਨ ਤਾਂ ਹੀ ਇਸ ਨੂੰ Science of interpretation ਵੀ ਕਿਹਾ ਜਾਂਦਾ ਹੈ।[164]

### 2.6.2.1.1 ਹਰਮੇਨਿਊਟਿਕਸ ਦਾ ਇਤਿਹਾਸਕ ਪਿਛੋਕੜ:

ਸ਼ਲਾਇਰ ਮਾਖ਼ਰ (1768-1834) ਨੂੰ ਆਧੁਨਿਕ ਹਰਮੇਨਿਊਟਿਕਸ ਦੇ ਪਿਤਾਮਾ ਵਜੋਂ ਜਾਣਿਆ ਜਾਂਦਾ ਹੈ।ਉਸ ਅਨੁਸਾਰ ਸ਼ਬਦਾਂ ਦੀ ਸਮਝ ਆਪਣੇ ਆਪ ਵਿੱਚ ਮਸ਼ੱਕਤ ਭਰੀ ਘਾਲਣਾ ਹੈ। 'ਸਮਝ' ਦੇ ਖੇਤਰ ਵਿੱਚ ਕਿਸੇ ਇੱਕ ਵਿਅਕਤੀ ਦੇ ਮਨੋਵਿਗਿਆਨ ਦੀ ਸਮਝ ਸਿਰਫ ਉਸ ਵਿਅਕਤੀ ਤੱਕ ਹੀ ਸੀਮਿਤ ਨਹੀਂ ਬਲਕਿ ਉਸ ਤੋਂ ਅੱਗੇ ਉਸ ਦੇ ਸਮਾਜ ਅਤੇ ਇਸ ਤੋਂ ਵੀ ਅੱਗੇ ਉਸ ਦੇ ਕਾਲ ਖੰਡ ਤੱਕ ਫੈਲੀ ਹੁੰਦੀ ਹੈ।ਇਸ ਲਈ ਸ਼ਲਾਇਰ ਮਾਖ਼ਰ ਇਸ ਸਿੱਟੇ ਤੇ ਪੁੱਜਦਾ ਹੈ:

> The understanding of a particular is always coditioned by an understanding of the whole.[165]

ਸ਼ਲਾਇਰ ਮਾਖ਼ਰ ਤੋਂ ਬਾਅਦ ਹਰਮੇਨਿਊਟਿਕਸ ਦੇ ਵੱਡੇ ਅਭਿਆਸੀ ਅਤੇ ਵਿਆਖਿਆਕਾਰ ਦੇ ਤੌਰ ਤੇ ਵਿਲੀਅਮ ਡਿਲਥੀ, ਮਾਰਟਿਨ ਹਾਈਡੇਗਰ ਅਤੇ ਹਾਂਸ ਜਾਰਜ ਗੈਡੇਮਰ ਦਾ ਨਾਂ ਵਿਸ਼ੇਸ਼ ਕਰ ਕੇ ਲਿਆ ਜਾ ਸਕਦਾ ਹੈ। ਵਿਲੀਅਮ ਡਿਲਥੀ (1833-1911) ਦੇ ਅਨੁਸਾਰ ਹਰਮੇਨਿਊਟਿਕਸ ਨਾ ਸਿਰਫ ਮਾਨਵਿਕੀ (Humanities) ਲਈ ਇੱਕ ਉੱਤਮ ਕਾਰਜ ਵਿਧੀ ਪ੍ਰਦਾਨ ਕਰਦਾ ਹੈ, ਸਗੋਂ ਹੋਂਦ (ਅਸਤਿਤਵ) ਦੀ ਦਿੱਤੀ ਹੋਈ ਹਾਲਤ ਨੂੰ ਸਮਝਣ ਲਈ ਕਿਸੇ ਵੀ ਵਿਗਿਆਨ ਤੋਂ ਵਧੇਰੇ ਕਾਰਗਰ ਹੈ। ਮਾਰਟਿਨ ਹਾਈਡੈਗਰ (1889-1976) ਦੀ ਪੁਸਤਕ Being And Time ਨੇ ਹਰਮੇਨਿਊਟਿਕਸ ਦੇ ਚਿੰਤਨ ਵਿੱਚ ਵੱਡਾ ਹਿੱਸਾ ਪਾਇਆ ਹੈ। ਹਾਈਡੈਗਰ ਮੁਤਾਬਿਕ de sein ਜਾਂ ਸਵੈ-ਹੋਂਦ (de sein) ਸੰਸਾਰ ਵਿੱਚ ਪੂਰੀ ਤਰ੍ਹਾਂ ਸਮਾਇਆ ਹੋਇਆ ਹੈ। ਇਸ ਲਈ ਸੰਸਾਰ ਨੂੰ de sein ਦੀ ਜ਼ਿੰਦਗੀ ਦੇ ਤੌਰ ਤਰੀਕਿਆਂ ਤੋਂ ਬਿਨਾਂ ਸਮਝਿਆ ਨਹੀਂ ਜਾ ਸਕਦਾ।[166]

ਹਾਂਸ ਜਾਰਜ ਗੈਡੇਮਰ (1900-2002) ਅਨੁਸਾਰ ਅਤੀਤ ਨੂੰ ਲਏ ਬਿਨਾਂ ਵਰਤਮਾਨ ਨੂੰ ਅਤੇ ਵਰਤਮਾਨ ਨੂੰ ਲਏ ਬਿਨਾਂ ਅਤੀਤ ਨੂੰ ਸਮਝਣ ਦੇ ਵਸਤੂਪਰਕ ਯਤਨ ਭੋਲੇਪਨ ਉੱਪਰ ਆਧਾਰਿਤ ਹਨ ਅਤੇ ਸਾਹਿਤ ਦੇ ਡੂੰਘੇ ਅਧਿਐਨ ਲਈ ਉਚਿੱਤਤਾ ਨਹੀਂ ਰੱਖਦੇ। ਇਸ ਲਈ ਗੈਡੇਮਰ ਮੰਨਦਾ ਹੈ ਕਿ ਪੂਰਬ ਧਾਰਣਾਵਾਂ ਦੀ ਉਪੇਖਿਆ ਕਰਕੇ ਕੋਈ ਵੀ ਅਧਿਐਨ ਪੂਰਾ ਨਹੀਂ ਹੋ ਸਕਦਾ।[167]

1969 ਵਿੱਚ ਰਿਚਰਡ ਪਾਮਰ ਨੇ ਹਰਮੇਨਿਊਟਿਕਸ ਦੇ ਖੇਤਰ ਵਿੱਚ ਹੋਏ ਚਾਰ ਮਹਾਨ ਖੋਜੀਆਂ ਸ਼ਲਾਇਰ ਮਾਖ਼ਰ, ਡਿਲਥੀ, ਹਾਈਡੈਗਰ ਅਤੇ ਗੈਡੇਮਰ ਦੇ ਕੰਮਾਂ ਦਾ ਤਰਤੀਬਵਾਰ ਵਿਸ਼ਲੇਸ਼ਣ ਕਰਕੇ ਆਧੁਨਿਕ ਯੁੱਗ ਵਿੱਚ ਇਸ ਦੇ ਸ਼ਲਾਘਾਯੋਗ ਅਤੇ ਵਿਧੀਵਤ ਉਪਯੋਗ ਦੇ ਵੇਰਵੇ ਪ੍ਰਸਤੁਤ ਕੀਤੇ। ਪਾਮਰ ਅਨੁਸਾਰ ਵਿਆਖਿਆ-ਸ਼ਾਸਤਰ ਇੱਕ ਤਰ੍ਹਾਂ ਸਮਝ ਦੀ ਪੜ੍ਹਾਈ ਹੈ। ਮਨੁੱਖ ਆਪਣੀ ਜ਼ਿੰਦਗੀ ਦੇ ਵੱਖ ਵੱਖ ਪੱਖਾਂ ਨੂੰ ਜਿਵੇਂ ਅਨੁਭਵ ਕਰਦਾ ਹੈ ਜਾਂ ਸਮਝਦਾ ਹੈ, ਭਾਸ਼ਾ ਰਾਹੀਂ ਜੋੜਦਾ ਹੈ। ਇਸ ਲਈ ਭਾਸ਼ਾ ਮਨੁੱਖ ਦੇ ਦੇਖਣ ਦੇ ਨਜ਼ਰੀਏ ਤੇ ਵਿਚਾਰਾਂ ਨੂੰ ਘੜਦੀ ਹੈ।[168]

### 2.6.2.1.2 ਹਰਮੇਨਿਊਟਿਕਸ ਦੀਆਂ ਤਿੰਨ ਮੂਲ ਧਾਰਾਵਾਂ:

ਰਿਚਰਡ ਈ. ਪਾਮਰ ਅਨੁਸਾਰ ਤਿੰਨ ਅਹਿਮ ਪੱਖ ਜਾਂ ਮੂਲ ਧਾਰਾਵਾਂ ਹਰਮੇਨਿਊਟਿਕਸ ਦਾ ਸਰੂਪ ਨਿਰਧਾਰਿਤ ਕਰਦੀਆਂ ਹਨ:

- ਕਹਿਣਾ
- ਵਿਆਖਿਆ ਕਰਨਾ
- ਅਨੁਵਾਦ ਕਰਨਾ

**2.6.2.1.2.1 ਕਹਿਣਾ:**

Hermenutics ਦਾ ਮੁਢਲਾ ਅਰਥ- 'ਕੁਝ ਕਹਿਣਾ' ਹੈ। ਇਹ Hermes (God) ਦੇ ਐਲਾਨ ਕਰਨ ਦੇ ਕਰਤੱਵ ਨਾਲ ਸੰਬੰਧਤ ਹੈ। ਸਾਧਾਰਣ ਸ਼ਬਦਾਂ ਵਿੱਚ ਕੁਝ ਕਹਿਣਾ ਜਾਂ ਐਲਾਨ ਕਰਨਾ ਵਿਆਖਿਆ ਦਾ ਪਹਿਲਾ ਜਾਂ ਮੁੱਖ ਕਾਰਜ ਹੈ। ਵਿਆਖਿਆ, ਕਹਿਣ ਦਾ ਹੀ ਇੱਕ ਰੂਪ ਹੈ।[169] ਇਸੇ ਤਰ੍ਹਾਂ ਜ਼ੁਬਾਨੀ ਕੁਝ ਕਹਿਣਾ ਜਾਂ ਕੁਝ ਗਾਇਨ ਕਰਨਾ ਇੱਕ ਤਰ੍ਹਾਂ ਦੀ ਵਿਆਖਿਆ ਹੀ ਹੈ।

**2.6.2.1.2.2 ਵਿਆਖਿਆ ਕਰਨਾ:**

Hermenuein ਦੇ ਅਰਥ ਦੀ ਦੂਜੀ ਧਾਰਾ ਹੈ ਵਿਆਖਿਆ ਕਰਨੀ। ਵਿਆਖਿਆ ਸਮਝ ਦੇ ਤਾਰਕਿਕ ਪੱਖ ਉੱਤੇ ਜੋਰ ਦਿੰਦੀ ਹੈ। ਸ਼ਬਦ ਆਪਣੇ ਆਪ ਕੁਝ ਨਹੀਂ ਕਹਿੰਦੇ। ਸ਼ਬਦ ਕਿਸੇ ਚੀਜ਼ ਦਾ ਵੇਰਵਾ ਦਿੰਦੇ ਹਨ, ਉਸ ਨੂੰ ਤਰਕਪੂਰਨ ਬਣਾਉਂਦੇ ਹਨ ਅਤੇ ਉਸ ਨੂੰ ਸਪਸ਼ਟ ਕਰਦੇ ਹਨ। ਸੰਦੇਸ਼ ਸੁਣਾਉਣਾ ਆਪਣੇ-ਆਪ ਵਿੱਚ ਵਿਆਖਿਆ ਹੁੰਦੀ ਹੈ ਕਿਉਂਕਿ ਇਹ ਸੰਦੇਸ਼ ਕਿਸੇ ਖਾਸ ਸਥਿਤੀ ਬਾਰੇ ਸ਼ਬਦਾਂ ਵਿੱਚ ਕੁਝ ਕਹਿੰਦੇ ਹਨ। ਸੋ ਇਸ ਸੰਦਰਭ ਵਿੱਚ ਬੁੱਧੀ ਦੁਆਰਾ ਕਿਸੇ ਚੀਜ਼ ਬਾਰੇ ਸੱਚਾ ਨਿਰਣਾ ਕਰਨਾ ਵਿਆਖਿਆ ਦੀ ਮੁਢਲੀ ਕਾਰਵਾਈ ਹੈ।[170]

**2.6.2.1.2.3 ਅਨੁਵਾਦ ਕਰਨਾ:**

Hermeneutics ਦੇ ਅਰਥ ਦੀ ਤੀਜੀ ਧਾਰਾ 'ਅਨੁਵਾਦ ਕਰਨਾ' ਹੈ। ਜਦੋਂ ਕੋਈ ਮੂਲ ਪਾਠ ਪਾਠਕ ਦੀ ਆਪਣੀ ਭਾਸ਼ਾ ਵਿੱਚ ਨਾ ਹੋ ਕੇ ਕਿਸੇ ਹੋਰ ਭਾਸ਼ਾ ਵਿੱਚ ਹੁੰਦਾ ਹੈ ਤਾਂ ਵਿਆਖਿਆ ਦੌਰਾਨ ਵਿਆਖਿਆਕਾਰ ਨੂੰ ਕਈ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕਿਸੇ ਆਮ ਸਾਧਾਰਣ ਕਿਤਾਬ ਦੇ ਮੁਕਾਬਲੇ ਧਾਰਮਿਕ ਗ੍ਰੰਥ ਦੇ ਅਨੁਵਾਦ ਦੌਰਾਨ ਅਨੁਵਾਦਕ ਨੂੰ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਨ੍ਹਾਂ ਧਾਰਮਿਕ ਗ੍ਰੰਥਾਂ ਦਾ ਗਿਆਨ ਕਿਸੇ ਹੋਰ ਸੰਸਾਰ, ਸਮੇਂ ਅਤੇ ਸਥਾਨ ਤੋਂ ਆਏ ਸੰਦੇਸ਼ ਹੋਣ ਕਰਕੇ ਸਾਡੀ

ਸਮਝ ਵਿੱਚ ਆਉਣੇ ਮੁਸ਼ਕਿਲ ਹੁੰਦੇ ਹਨ।ਅਨੁਵਾਦ ਦਾ ਇਹੋ ਮੁੱਖ ਕਾਰਜ ਹੁੰਦਾ ਹੈ ਕਿ ਕਿਸੇ ਤਰ੍ਹਾਂ ਸਾਡੀ ਸਮਝ ਅਤੇ ਇਨ੍ਹਾਂ ਧਾਰਮਿਕ ਗ੍ਰੰਥਾਂ ਦੀ ਸਮਝ ਮਿਲਣੀ ਚਾਹੀਦੀ ਹੈ।[171]

### 2.6.2.1.3 ਸਮੱਸਿਆ ਨੂੰ ਹੱਲ ਕਰਨ ਦੀ ਪ੍ਰਕਿਰਿਆ:

ਸਮੱਸਿਆਵਾਂ ਦੇ ਹੱਲ ਕਰਨ ਦੀਆਂ ਕੋਸ਼ਿਸ਼ਾਂ ਨੂੰ ਹੇਠ ਅਨੁਸਾਰ ਉਲੀਕਿਆ ਜਾ ਸਕਦਾ ਹੈ :

- ਧਾਰਮਿਕ ਪਾਠ ਨੂੰ ਉਸ ਦੇ ਸਮੇਂ ਵਿੱਚ ਰੱਖ ਕੇ ਵੇਖਣਾ।
- ਪਾਠ ਦੇ ਸਮਕਾਲੀ ਸਮਾਜਕ ਅਤੇ ਸੱਭਿਆਚਾਰਕ ਰੂਪਾਂ ਵਿੱਚੋਂ ਅਰਥ-ਗ੍ਰਹਿਣ ਕਰਨੇ।
- ਕਰਤੇ ਜਾਂ ਲੇਖਕ ਦੀ ਉਸ ਸਮੇਂ ਦੀ ਮਾਨਸਿਕ ਸਥਿਤੀ ਤੱਕ ਪਹੁੰਚਣ ਦੀ ਕੋਸ਼ਿਸ਼ ਕਰਨਾ, ਜਿਸ ਸਮੇਂ ਸੰਬੰਧਤ ਰਚਨਾ ਰਚੀ ਜਾਂ ਲਿਖੀ ਗਈ।
- ਸਮਕਾਲ ਦੇ ਹੋਰਾਂ ਪਾਠਾਂ ਦੀ ਸਹਾਇਤਾ ਲੈਣਾ।
- ਪਰੰਪਰਾਵਾਂ ਨੂੰ ਵਿਸਤ੍ਰਿਤ ਧਰਾਤਲ ਉੱਪਰ ਰੱਖ ਕੇ ਵਡੇਰੇ ਪ੍ਰਸੰਗਾਂ ਵਿੱਚ ਸਮਝਣਾ।
- ਧਾਰਮਿਕ ਪਾਠ ਦੇ ਸਮਕਾਲੀ ਇਤਿਹਾਸਕ ਹਾਲਾਤ ਨੂੰ ਵਿਚਾਰਾਧੀਨ ਕਰਨਾ।
- ਪਾਠ ਵਿੱਚ ਉਸ ਮੁਹਾਵਰੇ ਦੀ ਟੋਹ ਲਾਉਣੀ ਜਿਸ ਕਿਸਮ, ਸਥਿਤੀ ਜਾਂ ਸੰਬੋਧਨਾਂ ਵਿੱਚ ਧਾਰਮਿਕ ਕਥਨ ਉਚਾਰੇ ਗਏ।
- ਕਰਤਿਆਂ ਦੀ ਭਾਵਨਾ, ਉਦੇਸ਼ ਤੇ ਪਿਛੋਕੜ ਨੂੰ ਗ੍ਰਹਿਣ ਕਰਨਾ ਤੇ ਸ਼ਾਬਦਿਕ ਅਰਥਾਂ ਦੀ ਥਾਂ 'ਭਾਵ' ਗ੍ਰਹਿਣ ਕਰਨ ਦੀ ਕੋਸ਼ਿਸ਼ ਕਰਨਾ ਆਦਿ।

ਇਸ ਤਰ੍ਹਾਂ ਵਿਆਖਿਆ ਸ਼ਾਸਤਰ ਧਾਰਮਿਕ ਪਾਠ ਦੇ ਮੂਲ ਜਾਂ ਅਸਲ ਅਰਥਾਂ ਨੂੰ ਸਮਝਣਾ ਚਾਹੁੰਦਾ ਹੈ।ਇਹ ਉਸ ਰੌਸ਼ਨੀ ਦੀ ਤਰ੍ਹਾਂ ਹੈ ਜਿਸ ਦੇ ਚਾਨਣ ਵਿੱਚ 'ਅਰਥ' ਦੇਖੇ ਜਾ ਸਕਦੇ ਹਨ।ਇਸ ਸ਼ਾਸਤਰ ਦੀ ਸਿਧਾਂਤ ਚੇਤਨਾ ਵਿਆਖਿਆਕਾਰੀ ਦੇ 'ਨੇਮ' ਨਿਰਧਾਰਤ ਕਰਦੀ ਹੈ।ਇਹ ਵਿਸ਼ਲੇਸ਼ਣ ਨਹੀਂ ਪ੍ਰਤੱਖਣ ਦਾ ਇੱਕ ਬੌਧਿਕ ਜਤਨ ਹੈ।[172]

ਉਪਰੋਕਤ ਅਨੁਸਾਰ ਪੱਛਮੀ ਵਿਆਖਿਆ ਸ਼ਾਸਤਰ / ਹਰਮੇਨਿਊਟਿਕਸ ਸੰਬੰਧੀ ਸੰਖੇਪ ਵਿੱਚ ਕਿਹਾ ਜਾ ਸਕਦਾ ਹੈ ਕਿ ਹਰਮੇਨਿਊਟਿਕਸ ਵਿਆਖਿਆ ਕਰਨ ਦੀ ਕਲਾ ਦਾ ਇੱਕ ਅਨੁਸ਼ਾਸਨ ਹੈ ਅਤੇ ਕਿਉਂਕਿ ਇਹ ਇੱਕ ਕਲਾ ਹੈ ਇਸ ਲਈ ਅਸੀਂ ਕਿਸੇ ਵੀ

ਟੈਕਸਟ ਦੀ ਪ੍ਰਮਾਣਿਤ ਵਿਆਖਿਆ ਲਈ ਨਿਰਧਾਰਤ ਅਤੇ ਸਖ਼ਤ ਦਿਸ਼ਾ ਨਿਰਦੇਸ਼ ਸਥਾਪਤ ਨਹੀਂ ਕਰ ਸਕਦੇ ਪਰ ਵਿਆਖਿਆ ਕਰਨ ਵੇਲੇ ਹਰਮੇਨਿਊਟਿਕਸ ਦੀ ਪਰੰਪਰਾ ਰਾਹੀਂ ਕਮਾਏ ਪਰਿਪੇਖ ਜਿਵੇਂ ਕਿ ਪ੍ਰਤੀਕਾਂ ਦੇ ਦੈਵੀ ਰਹੱਸ, 'ਸਮਝ' ਅਤੇ 'ਆਮ ਸਮਝ' ਦਾ ਗੰਭੀਰ ਅਧਿਐਨ, ਭਾਸ਼ਾ ਅਤੇ ਮਨੋਵਿਗਿਆਨ, ਇਤਿਹਾਸ, ਜ਼ਿੰਦਗੀ ਦੇ ਪ੍ਰਗਟਾਵੇ, ਮਨੁੱਖੀ ਚਰਿੱਤਰ ਅਤੇ ਸੰਸਾਰ ਦੀ ਸਮਝ, ਚੇਤਨਤਾ ਅਤੇ ਸਾਂਝੀ ਚੇਤਨਤਾ, ਕਣ ਤੋਂ ਸਮੁੱਚ ਅਤੇ ਸਮੁੱਚ ਤੋਂ ਕਣ ਦੀ ਯਾਤਰਾ ਆਦਿ ਨੂੰ ਦ੍ਰਿਸ਼ਟੀਗੋਚਰ ਕਰਦਿਆਂ ਪਾਠ ਦੀ ਆਤਮਾ ਦੇ ਨਜ਼ਦੀਕ ਪਹੁੰਚਿਆ ਜਾ ਸਕਦਾ ਹੈ।

## 2.6.2.2 ਐਕਸਿਜੀਸਿਸ : ਅਰਥ, ਇਤਿਹਾਸਕ ਪਿਛੋਕੜ ਅਤੇ ਸਰੂਪ

'ਐਕਸਿਜੀਸਿਸ' ਸ਼ਬਦ ਖਾਸ ਤੌਰ ਉੱਤੇ ਬਾਈਬਲ ਦੇ ਪਾਠ ਦੀ ਆਲੋਚਨਾਤਮਕ ਵਿਆਖਿਆ ਕਰਨ ਲਈ ਵਰਤਿਆ ਜਾਂਦਾ ਹੈ ਤਾਂ ਜੋ ਬਾਈਬਲ ਦੇ ਉਦੇਸ਼ਾਤਮਕ ਅਰਥ ਖੋਜੇ ਜਾ ਸਕਣ।ਹਰਮੇਨਿਊਟਿਕਸ ਦੀਆਂ ਮਾਨਤਾਵਾਂ ਅਤੇ ਤਕਨੀਕਾਂ ਨੂੰ ਬਾਈਬਲ ਦੇ ਕਿਸੇ ਵੀ ਨੇਮ (ਪੁਰਾਣੇ ਜਾਂ ਨਵੇਂ) ਉੱਤੇ ਲਾਗੂ ਕਰਕੇ ਯੋਜਨਾਬੱਧ ਅਤੇ ਸਿਧਾਂਤਕ ਢੰਗ ਨਾਲ ਅਰਥਾਂ ਦੇ ਰੂਪ ਵਿੱਚ ਲੋੜੀਂਦੇ ਨਤੀਜੇ ਪ੍ਰਾਪਤ ਕਰਨ ਨੂੰ ਜਿੱਥੇ 'ਐਕਸਿਜੀਸਿਸ' ਕਿਹਾ ਜਾਂਦਾ ਹੈ ਉੱਥੇ ਕਿਸੇ ਖਾਸ ਖਿੱਤੇ ਦੇ ਵਿਚਾਰ ਨੂੰ ਵਿਅਕਤੀਗਤ ਅਨੁਭਵ ਅਤੇ ਇਤਿਹਾਸ ਵਿੱਚ ਹੋਈਆਂ ਵਸਤੂਪਰਕ ਅਭਿਵਿਅਕਤੀਆਂ ਦੇ ਸਮੁੱਚ ਤੋਂ ਨਿਰੀਖਣਾਂ ਦੇ ਆਧਾਰ ਉੱਤੇ ਪ੍ਰਾਪਤ ਹੋਏ ਨਤੀਜਿਆਂ ਨੂੰ ਵੀ ਐਕਸਿਜੀਸਿਸ (exegesis) ਦਾ ਨਾਂ ਦਿੱਤਾ ਜਾਂਦਾ ਹੈ।

ਅੰਗਰੇਜ਼ੀ ਸਾਹਿਤ ਵਿੱਚ 'ਐਕਸਿਜੀਸਿਸ' ਸ਼ਬਦ ਨੂੰ 'ਵਿਆਖਿਆਕਾਰੀ' ਵਜੋਂ ਲਿਆ ਗਿਆ ਹੈ ਪਰ ਇਹ ਸ਼ਬਦ ਭਾਰਤੀ ਅਧਿਐਨ ਪਰੰਪਰਾ ਦੇ ਮੂਲ ਵਾਲਾ ਨਹੀਂ।'ਐਕਸਿਜੀਸਿਸ' ਮਦ ਯੂਨਾਨੀ ਸ਼ਬਦ exegeisthai ਤੋਂ ਬਣੀ ਮੰਨੀ ਗਈ ਹੈ।ਇਹ ਸ਼ਬਦ ਯੂਨਾਨੀ ਭਾਸ਼ਾ ਦੇ ਦੋ ਸ਼ਬਦਾਂ ex-out ਅਤੇ hegisthai (guid) ਤੋਂ ਬਣਿਆ ਹੈ ਜਿਨ੍ਹਾਂ ਦਾ ਅਰਥ 'to lead out', guide ਬਣਦਾ ਹੈ।[173] ਜਦੋਂ 'ਐਕਸਿਜੀਸਿਸ' ਦੇ ਰੂਪ ਵਿੱਚ ਇਸ ਦੀ ਵਰਤੋਂ ਕੀਤੀ ਗਈ ਹੈ ਤਾਂ ਇਸ ਤੋਂ ਭਾਵ ਲਿਆ ਗਿਆ ਕਿ 'ਪਾਠ ਕਿਸ ਪਾਸੇ ਨੂੰ ਲਿਜਾਂਦਾ ਹੈ' ਜਾਂ ਫਿਰ 'ਪਾਠ ਕੀ ਕਹਿੰਦਾ ਹੈ' ? The oxford English Dictionary ਵਿੱਚ ਇਸ ਸ਼ਬਦ ਦਾ ਅਰਥ 'To interpret', 'to guide', 'lead',

'Explanation', 'exposition' ਵੀ ਲਿਖਿਆ ਗਿਆ ਹੈ। ਇਸਦੀ ਵਰਤੋਂ ਸਭ ਤੋਂ ਪਹਿਲਾਂ 1619 ਈਸਵੀ ਵਿੱਚ ਬਾਈਬਲ ਦੇ ਹਵਾਲੇ ਨਾਲ ਕੀਤੀ ਹੋਈ ਮੰਨੀ ਜਾਂਦੀ ਹੈ।[174] ਐਨਸਾਈਕਲੋਪੀਡੀਆ ਬ੍ਰਿਟਾਨਿਕਾ ਅਨੁਸਾਰ 'ਐਕਸਿਜੀਸਿਸ' ਸ਼ਬਦ ਦੀ ਵਰਤੋਂ ਕਿਸੇ ਪਾਠ ਦੀ ਆਲੋਚਨਾਤਮਕ ਵਿਆਖਿਆ ਦੇ ਅਰਥਾਂ ਵਿੱਚ ਕੀਤੀ ਜਾਂਦੀ ਹੈ। ਇਸ ਦੀ ਵਰਤੋਂ ਮੁੱਖ ਤੌਰ ਤੇ ਯਹੂਦੀ ਅਤੇ ਮਸੀਹੀ ਧਰਮ ਗ੍ਰੰਥਾਂ (ਅੰਜੀਲ ਜਾਂ ਬਾਈਬਲ) ਦੀ ਵਿਆਖਿਆ ਦੇ ਸੰਦਰਭ ਵਿੱਚ ਸਾਮ੍ਹਣੇ ਆਈ।[175] ਡਾ. ਪਰਮਜੀਤ ਸਿੰਘ ਸਿੱਧੂ ਅਨੁਸਾਰ:

> ਸਿਧਾਂਤਕ ਪੱਧਰ 'ਤੇ ਐਕਸਿਜੀਸਿਸ ਉਹ ਵਿਗਿਆਨ, ਕਲਾ ਜਾਂ ਵਿਧੀ ਹੈ ਜਿਸ ਨਾਲ ਇੱਕ ਲਿਖਤ-ਪਾਠ ਦੇ ਢੁੱਕਵੇਂ ( exact) ਅਰਥਾਂ ਨੂੰ ਸਮਝਿਆ ਜਾ ਸਕਦਾ ਹੈ।[176]

ਮੁਢਲੇ ਰੂਪ ਵਿੱਚ ਖਾਸ ਤੌਰ ਉੱਤੇ ਇਸ ਸ਼ਬਦ ਦੀ ਵਰਤੋਂ ਯਹੂਦੀਆਂ ਨੇ 'Old Testament' ਅਤੇ ਇਸਾਈਆਂ ਨੇ 'Old Testament' ਅਤੇ 'New Testament' ਦੋਹਾਂ ਦੀ ਵਿਆਖਿਆ ਲਈ ਕੀਤੀ। ਇਸ ਦੀ ਇੱਕ ਲੰਬੀ ਪਰੰਪਰਾ ਮੌਜੂਦ ਰਹੀ। ਮਗਰੋਂ ਇਸ ਦੀ ਵਰਤੋਂ ਧਰਮ ਗ੍ਰੰਥਾਂ ਦੀ ਆਲੋਚਨਾਤਮਕ ਵਿਆਖਿਆ ਅਤੇ ਵਿਸ਼ਲੇਸ਼ਣ ਲਈ ਵੀ ਕੀਤੀ ਜਾਣ ਲੱਗੀ।[177] ਇਸ ਤਕਨੀਕੀ ਸ਼ਬਦ ਦੇ ਅਰਥ ਘੇਰੇ ਨੂੰ ਸਮਝਣ ਲਈ ਇਸ ਦੀ ਵਰਤੋਂ ਅਤੇ ਵਰਤਾਰੇ ਨੂੰ ਵਾਚਣਾ ਜ਼ਰੂਰੀ ਹੈ। ਇਸ ਦੇ ਅੰਤਰਗਤ ਧਰਮ ਗ੍ਰੰਥਾਂ ਦੇ ਪ੍ਰਾਸੰਗਿਕ ਅਰਥਾਂ, ਸੱਭਿਆਚਾਰਕ ਚੇਤਨਾ, ਪਾਠ ਦੇ ਰਚਨਾਕਾਰ ਅਤੇ ਰਚਨਾਕਾਲ ਅਤੇ ਪਾਠ ਦੇ ਸੰਭਾਵੀ ਪਾਠਕਾਂ ਬਾਰੇ ਅਧਿਐਨ ਕੀਤਾ ਜਾਂਦਾ ਸੀ। ਬਾਅਦ ਵਿੱਚ ਇਸ ਸ਼ਬਦ ਦੀ ਵਰਤੋਂ ਸਾਹਿਤਕ ਰਚਨਾਵਾਂ ਦੇ ਅਧਿਐਨ ਲਈ ਵੀ ਕੀਤੀ ਜਾਣ ਲੱਗ ਪਈ। ਇਸ ਲਈ ਇਸ ਨੂੰ 'ਆਲੋਚਨਾਤਮਕ ਵਿਆਖਿਆ ਅਤੇ ਵਿਸ਼ਲੇਸ਼ਣ' ਦੇ ਅਰਥਾਂ ਵਿੱਚ ਵੀ ਲਿਆ ਗਿਆ। ਇਸ ਦੇ ਸਮਾਨਾਂਤਰ ਕੁਝ ਹੋਰ ਸ਼ਬਦਾਂ ਦਾ ਵੀ ਪ੍ਰਯੋਗ ਹੋਇਆ ਮਿਲਦਾ ਹੈ। ਇਨ੍ਹਾਂ ਵਿੱਚ annotation (ਵਿਆਖਿਆ, ਟੀਕਾ, ਭਾਸ਼), comment (ਟੀਕਾ-ਟਿੱਪਣੀ), commentary (ਸਮਾਲੋਚਿਕ ਟਿੱਪਣੀ), classification (ਵਰਗੀਕਰਨ), construction (ਬਣਤਰ), decipherment (ਗੁਪਤ ਲਿਖਤ ਨੂੰ ਵਾਚਣਾ), elucidation (ਵਿਆਖਿਆ, ਵਿਸਤਾਰ), explanation (ਸਪਸ਼ਟੀਕਰਨ), explication (ਅਰਥ-ਖੋਲ੍ਹਣਾ, ਸਮਝਾਉਣਾ), exposition (ਪ੍ਰਤੀਪਾਦਨ, ਪ੍ਰਸਤੁਤੀਕਰਨ), illumination (ਅਧਿਆਤਮਕ/ ਬੌਧਿਕ

ਰੋਸ਼ਨੀ ਪਾਉਣਾ), interpretation ( ਵਿਆਖਿਆ, ਭਾਵ-ਅਰਥ) ਆਦਿ ਮਦਾਂ ਮਿਲਦੀਆਂ ਹਨ।[178]

ਵਿਆਖਿਆ (Exegesis), ਧਰਮ ਸ਼ਾਸਤਰ (Theology) ਦਾ ਹੀ ਇੱਕ ਹਿੱਸਾ ਹੈ।ਧਰਮ ਸ਼ਾਸਤਰ ਜਿੱਥੇ ਕਿਸੇ ਧਰਮ ਦਾ ਅਮਲ ਅਤੇ ਚਿੰਤਨ ਰਾਹੀਂ ਤਰਕਸੰਗਤ ਅਧਿਐਨ ਹੈ, ਉੱਥੇ ਵਿਆਖਿਆ ਉਸ ਧਰਮ ਦੇ ਮੂਲ-ਪਾਠ ਦੇ ਇਤਿਹਾਸਕ, ਦਾਰਸ਼ਨਿਕ, ਸੱਭਿਆਚਾਰਕ ਅਤੇ ਸਾਹਿਤਕ ਪ੍ਰਸੰਗਾਂ ਵਿੱਚ ਛੁਪੇ ਹੋਏ ਅਰਥਾਂ ਨੂੰ ਪ੍ਰਗਟ ਕਰਨ ਦਾ ਕਾਰਜ ਹੁੰਦਾ ਹੈ।[179] ਇਸ ਲਈ ਧਰਮ ਸ਼ਾਸਤਰ ਧਰਮ ਦੇ ਸੱਚ ਨੂੰ ਸਮਝਣ ਦਾ ਅਨੁਸ਼ਾਸਨ ਹੈ।ਇੱਕ ਧਰਮ ਸ਼ਾਸਤਰੀ ਪ੍ਰਬੰਧ ਦਾ ਮਨੋਰਥ ਦੋ ਬੁਨਿਆਦੀ ਲੋੜਾਂ ਪੂਰੀਆਂ ਕਰਨਾ ਹੁੰਦਾ ਹੈ - ਇਸਾਈ ਸੰਦੇਸ਼ ਦੀ ਸੱਚਾਈ ਦਾ ਬਿਆਨ ਕਰਨਾ ਅਤੇ ਇਸ ਸੱਚਾਈ ਦੀ ਹਰੇਕ ਨਵੀਂ ਪੀੜ੍ਹੀ ਲਈ ਵਿਆਖਿਆ ਕਰਨਾ।ਵਿਆਖਿਆਕਾਰ (exegete) ਮੂਲ ਪਾਠ (text) ਅਤੇ ਵਿਆਖਿਆ ਨੂੰ ਇਕੱਠਿਆਂ ਲੈ ਕੇ ਤੁਰਨ ਕਰਕੇ ਦੁਭਾਸ਼ੀਏ ਦੀ ਭੂਮਿਕਾ ਵੀ ਨਿਭਾਉਂਦਾ ਹੈ।ਇਸ ਵਿੱਚ ਅਨੁਵਾਦਕ ਦੀ ਭੂਮਿਕਾ ਵੀ ਸ਼ਾਮਲ ਰਹਿੰਦੀ ਹੈ।ਅਨੁਵਾਦ ਕਰਨ ਲੱਗਿਆਂ ਛੁਪੇ ਹੋਏ ਅਰਥਾਂ ਜਾਂ ਸੰਕੇਤਾਂ, ਮੁਹਾਵਰਿਆਂ ਅਤੇ ਚਿੰਨ੍ਹਾਂ ਨੂੰ ਵੀ ਅਨੁਵਾਦਿਤ ਕਰਨਾ ਹੁੰਦਾ ਹੈ।ਮਿਸਾਲ ਦੇ ਤੌਰ ਉੱਤੇ ਵਿਆਖਿਆਕਾਰ ਨੇ ਦੱਸਣਾ ਹੁੰਦਾ ਹੈ ਕਿ ਬਾਣੀ ਵਿੱਚ ਵਰਤਿਆ ਸ਼ਬਦ 'ਰਾਮ' ਦਸ਼ਰਥ-ਸੁਤ ਰਾਮ ਹੈ ਜਾਂ ਪ੍ਰਭੂ ਸੂਚਕ ਰਾਮ।ਇਸ ਤਰ੍ਹਾਂ ਬਾਣੀ ਦੀ ਵਿਆਖਿਆ ਵਿੱਚ ਮੂਲ ਪਾਠ ਦੇ ਸੱਭਿਆਚਾਰਕ, ਇਤਿਹਾਸਕ, ਸਾਹਿਤਕ ਅਤੇ ਧਾਰਮਿਕ ਪ੍ਰਸੰਗਾਂ ਵਿੱਚ ਨਿਹਿਤ (latent) ਅਰਥਾਂ ਨੂੰ ਪ੍ਰਗਟ ਕਰਨਾ ਹੁੰਦਾ ਹੈ।

ਐਕਸਿਜੀਸਿਸ ਦੀ ਭਾਰਤੀ-ਪਰੰਪਰਾ ਵਿੱਚ ਵੀ ਕਈ ਤਕਨੀਕੀ ਮਦਾਂ ਵਰਤੀਆਂ ਹੋਈਆਂ ਮਿਲਦੀਆਂ ਹਨ।ਇਨ੍ਹਾਂ ਵਿੱਚ ਪਦ ਅਰਥ (ਪਦਾਰਥ), ਟੀਕਾ, ਟਿੱਪਣੀਆਂ, ਭਾਸ਼, ਪਰਮ ਅਰਥ (ਪਰਮਾਰਥ) ਆਦਿ ਸ਼ਾਮਿਲ ਹਨ।'ਐਕਸਿਜੀਸਿਸ' ਦੇ ਅਰਥ ਘੇਰੇ ਨਾਲ ਮਿਲਦੇ ਜੁਲਦੇ ਯਤਨ ਭਾਰਤੀ ਵਿਆਕਰਣ ਪਰੰਪਰਾ ਵਿੱਚ ਵੀ ਵੇਖੇ ਜਾ ਸਕਦੇ ਹਨ।ਭਾਰਤ ਦੀ ਚਿੰਤਨ ਪਰੰਪਰਾ ਵਿੱਚ ਸ਼ਾਬਦਿਕ (ਨਿਆਇ ਵੈਸ਼ੇਸ਼ਿਕ, ਸਾਂਖ ਯੋਗ, ਪੂਰਵ ਮੀਮਾਂਸਾ ਵੇਦਾਂਤ) ਅਤੇ ਅਸ਼ਾਬਦਿਕ (ਚਾਰਵਾਕ, ਬੋਧੀ, ਜੈਨੀ) ਦਰਸ਼ਨ ਪੱਧਤੀਆਂ ਨੇ ਸ਼ਬਦ ਅਰਥ ਦੇ ਸੰਕਲਪਾਂ ਅਤੇ ਸੰਬੰਧਾਂ ਨੂੰ 'ਗਿਆਨ' (cognition) ਅਤੇ 'ਪ੍ਰਮਾ' (knowledge) ਦੇ ਹਵਾਲੇ ਨਾਲ ਵਿਚਾਰਿਆ।[180]

ਇਸ ਪ੍ਰਕਾਰ ਅੰਤ ਵਿੱਚ ਕਿਹਾ ਜਾ ਸਕਦਾ ਹੈ ਕਿ ਅਰਥਾਂ ਦੇ ਹਵਾਲੇ ਨਾਲ 'ਐਕਸਿਜੀਸਿਸ' ਦੇ ਸਮਾਨਾਂਤਰ ਅਧਿਐਨ ਦੇ ਬੀਜ ਰੂਪ ਅਰਥਾਤ ਅਰਥ ਦੀ ਪ੍ਰਕਿਰਤੀ, ਪ੍ਰਕਾਰ ਅਤੇ ਸੰਚਾਰਾਤਮਕਤਾ ਸੰਬੰਧੀ ਭਾਰਤੀ ਦਰਸ਼ਨ ਪੱਧਤੀਆਂ ਨੇ ਬਹੁਤ ਵਿਸਤਾਰ ਸਹਿਤ ਵਿਚਾਰ ਪ੍ਰਸਤੁਤ ਕੀਤੇ ਹਨ।ਇਸ ਲਈ ਸਿਧਾਂਤਕ ਪਰਿਪੇਖ ਸੁਝਾਉਣ ਵਾਸਤੇ ਐਕਸਿਜੀਸਿਸ ਦੇ ਅਰਥ ਘੇਰੇ ਅਤੇ ਭਾਰਤੀ ਚਿੰਤਨ ਪਰੰਪਰਾ ਵਿੱਚ 'ਅਰਥ' ਦੇ ਸੰਕਲਪ ਦੀ ਵਿਆਖਿਆ ਦੇ ਸੁਮੇਲ ਨੂੰ ਵਰਤਿਆ ਜਾ ਸਕਦਾ ਹੈ।

## 2.7 ਤੱਤ ਸਾਰ

ਇਸ ਅਧਿਆਇ ਦੇ ਸਾਰ ਵਜੋਂ ਇਹ ਤੱਥ ਸਪਸ਼ਟ ਕੀਤੇ ਗਏ ਹਨ ਕਿ ਕਿਸੇ ਵੀ ਧਰਮ ਗ੍ਰੰਥ ਵਿੱਚ ਦਰਜ ਪੈਗੰਬਰਾਂ ਦੇ ਅਧਿਆਤਮਕ ਅਨੁਭਵ ਦੀ ਗਹਿਰੀ ਸਮਝ ਲਈ ਉਸ ਦੀ ਵਿਆਖਿਆ ਦਾ ਅਧਿਐਨ ਕਰਨਾ ਬਹੁਤ ਮਹੱਤਵਪੂਰਣ ਹੈ।ਭਾਰਤੀ ਧਰਮ ਪਰੰਪਰਾ ਵਿੱਚ ਪ੍ਰਾਚੀਨਕਾਲ ਵਿੱਚ ਰਚੇ ਗਏ ਵੇਦਾਂ ਦੇ ਅਰਥ ਸਰਲ ਅਤੇ ਸਪਸ਼ਟ ਕਰਨ ਲਈ ਮੱਧਕਾਲ ਵਿੱਚ ਲਗਭਗ ਅੱਠਵੀਂ ਸਦੀ ਈਸਾ ਪੂਰਵ ਤੋਂ ਹੀ 'ਨਿਘੰਟੂ' ਅਤੇ 'ਨਿਰੁਕਤ' ਗ੍ਰੰਥ ਰਚ ਕੇ ਵੇਦਾਂ ਦੀ ਵਿਆਖਿਆ ਲਈ ਯਤਨ ਆਰੰਭ ਕਰ ਦਿੱਤੇ ਗਏ ਸਨ।ਇਨ੍ਹਾਂ ਯਤਨਾਂ ਵਿੱਚੋਂ ਸਾਯਣ ਆਚਾਰੀਆ ਦਾ ਰਚਿਆ ਚਤੁਰਵੇਦ ਭਾਸ਼ 'ਮਾਧਵੀਯ ਵੇਦਾਰਥ ਦੀਪਿਕਾ' ਆਪਣੀ ਉਤਕ੍ਰਿਸ਼ਟਤਾ ਲਈ ਬਹੁਤ ਪ੍ਰਸਿੱਧ ਹੈ।ਭਾਰਤੀ ਵਿਆਖਿਆ ਪਰੰਪਰਾ ਵਿੱਚ ਟੀਕੇ ਰੂਪੀ ਸਾਧਾਰਣ ਸ਼ਾਬਦਿਕ ਅਰਥਾਂ ਅਤੇ ਭਾਸ਼ ਰੂਪੀ ਗਹਿਰ ਗੰਭੀਰ ਵਿਸਤ੍ਰਿਤ ਵਿਆਖਿਆ ਦੇ ਨਾਲ ਨਾਲ ਨਿਰੁਕਤ, ਪਦਾਰਥ, ਟਿੱਪਣੀ, ਵ੍ਰਿਤੀ ਅਤੇ ਪਰਮਾਰਥ ਆਦਿ ਵੀ ਆਪੋ ਆਪਣੀ ਭੂਮਿਕਾ ਵਿੱਚ ਘੱਟ ਮਹੱਤਵਪੂਰਣ ਨਹੀਂ।ਅੱਜ ਤੋਂ ਢਾਈ ਹਜ਼ਾਰ ਤੋਂ ਵੀ ਵੱਧ ਸਾਲ ਪਹਿਲਾਂ ਜਿਸ ਸੰਸਕ੍ਰਿਤ ਵਿਆਕਰਣ ਦੀ ਰਚਨਾ ਪਾਣਿਨੀ ਨੇ ਆਪਣੇ ਗ੍ਰੰਥ 'ਅਸ਼ਟਾਧਿਆਈ' ਵਿੱਚ ਕੀਤੀ ਅਤੇ ਭਰਤ੍ਰ ਹਰਿ ਨੇ ਉਸ ਦਾ ਵਿਆਕਰਣ ਸ਼ਾਸਤਰ ਰਚ ਕੇ ਆਪਣੇ ਗ੍ਰੰਥ 'ਵਾਕਯਪਦੀਯ' ਵਿੱਚ ਸਭ ਤੋਂ ਪਹਿਲਾਂ 'ਸ਼ਬਦ ਦਾ ਸਿਧਾਂਤ' ਦਿੱਤਾ, ਉਸ ਨੂੰ ਪੱਛਮ ਦੇ ਭਾਸ਼ਾ-ਸ਼ਾਸਤਰੀ ਸੌਸਿਊਰ, ਦੈਰੀਦਾ ਅਤੇ ਜੋਖਿਮ ਵਾੱਕ ਆਦਿ ਹੁਣ ਵੀਹਵੀਂ ਸਦੀ ਵਿੱਚ ਸ਼ਬਦ ਦੇ ਅਰਥ ਦਾ ਵਿਕੇਂਦ੍ਰੀਕਰਣ ਕਰ ਕੇ 'ਸ਼ਬਦ' ਅਤੇ 'ਸਮਝ' ਆਦਿ ਦੇ ਸਿਧਾਂਤ ਰਚ ਕੇ ਸਾਹਮਣੇ ਲਿਆ ਰਹੇ ਹਨ।ਇੱਥੇ ਇਹ ਦਰਸਾਉਣ ਦਾ ਭਾਵ ਇਹ ਹੈ ਕਿ ਜਿਸ 'ਹਰਮੇਨਿਊਟਿਕਸ' ਨੂੰ ਪੱਛਮ ਵਿੱਚ ਵੀਹਵੀਂ ਸਦੀ ਦੇ ਅੱਧ ਤੋਂ ਬਾਅਦ ਪ੍ਰਗਟ ਕੀਤਾ

ਗਿਆ, ਭਾਰਤੀ ਵਿਆਖਿਆ ਪਰੰਪਰਾ ਵਿੱਚੋਂ ਉਸ ਦੀਆਂ ਜੜ੍ਹਾਂ ਅੱਜ ਤੋਂ ਢਾਈ ਹਜ਼ਾਰ ਸਾਲ ਪਹਿਲਾਂ ਹੀ ਪ੍ਰਾਪਤ ਹੁੰਦੀਆਂ ਹਨ।

ਪੱਛਮੀ ਚਿੰਤਕ 'ਹਰਮੇਨਿਊਟਿਕਸ' ਦੇ ਰੂਪ ਵਿੱਚ ਵਿਗਿਆਨਕ ਆਧਾਰਾਂ ਉੱਤੇ ਵਿਆਖਿਆਕਾਰੀ ਦੇ ਸਿਧਾਂਤਕ ਚੌਖਟੇ ਸਿਰਜ ਕੇ ਆਪਣੇ ਧਰਮ ਗ੍ਰੰਥਾਂ 'ਅੰਜੀਲ' ਅਤੇ 'ਬਾਈਬਲ' ਦੀ ਵਿਆਖਿਆਕਾਰੀ 'ਐਕਸਿਜੀਸਿਸ' ਦੇ ਰੂਪ ਵਿੱਚ ਪੇਸ਼ ਕਰਦੇ ਹਨ ਜੋ ਕਿ ਅਜੋਕੇ ਉੱਤਰ ਆਧੁਨਿਕ ਸਮੇਂ ਵਿੱਚ ਵਿਆਖਿਆਕਾਰੀ ਦਾ ਵਿਸ਼ਵ ਵਿਆਪੀ ਰੂਪ ਬਣ ਚੁੱਕੇ ਹਨ ਅਤੇ ਜਿਸ ਦਾ ਅਨੁਸਰਣ ਕਰਨ ਲਈ ਪੱਛਮ ਨੇ ਸੰਸਾਰ ਦੇ ਸਾਰੇ ਛੋਟੇ ਵੱਡੇ ਸੱਭਿਆਚਾਰਾਂ ਨੂੰ ਵੰਗਾਰ ਲਾਈ ਹੈ ਤਾਂ ਜੋ ਤਾਰਕਿਕ ਅਤੇ ਬੌਧਿਕ ਆਧਾਰਾਂ ਉੱਤੇ ਕੀਤੀ ਗਈ ਅਜਿਹੀ ਸਿਧਾਂਤਕ ਵਿਆਖਿਆ ਧਰਮ ਗ੍ਰੰਥਾਂ ਦੀ ਜਟਿਲਤਾ ਅਤੇ ਦੁਰਬੋਧਤਾ ਨੂੰ ਦੂਰ ਕਰ ਕੇ ਉਨ੍ਹਾਂ ਨੂੰ ਸਰਲ ਅਤੇ ਸਪਸ਼ਟ ਬਣਾਉਣ ਵਿੱਚ ਸਹਾਈ ਹੋਵੇ ਅਤੇ ਮਾਨਵਤਾ ਨੂੰ ਸਾਂਝੇ ਆਧਾਰਾਂ ਉੱਤੇ ਸੁਤੰਤਰ ਧਾਰਮਿਕ ਸਿਧਾਂਤਕਾਰੀ ਪ੍ਰਾਪਤ ਹੋ ਸਕੇ।

## ਹਵਾਲੇ ਅਤੇ ਪੈਰ੍ਹ ਟਿੱਪਣੀਆਂ

1 ਅਮਰੀਕਨ ਹੈਰੀਟੇਜ ਡਿਕਸ਼ਨਰੀ ਅਨੁਸਾਰ ਪਾਠ (ਟੈਕਸਟ) ਸ਼ਬਦ ਦੀ ਨਿਮਨ ਅੰਕਿਤ ਪਰਿਭਾਸ਼ਾ ਦਿੱਤੀ ਗਈ ਹੈ –

"The original words of something written or printed, as opposed to a paraphrase, translation, revision or codensation. The Words of a speech appearing in print ...something, such as a literary work or other cultural product, regarded as an object of critical analysis. A passage from the Scriptures or another authoritative source chosen for the subject of a discourse or cited for support in argument. A passage from a written work used as the starting point of a discussion."

2 ਹਿੰਦੀ ਮਾਨਕ ਕੋਸ਼, ਪੰਨਾ 129.

3 ਸੰਸਕ੍ਰਿਤ ਹਿੰਦੀ ਇੰਗਲਿਸ਼ ਡਿਕਸ਼ਨਰੀ, ਪੰਨਾ 525.

4 ਸਿੱਖ ਪੰਥ ਵਿਸ਼ਵਕੋਸ਼ (ਭਾਗ ਦੂਜਾ), ਪੰਨਾ 865.

5 ਡਾ. ਹਰਪਾਲ ਸਿੰਘ, ਜਪੁ ਜੀ ਦੇ ਟੀਕੇ ਅਤੇ ਵਿਆਖਿਆਵਾਂ : ਸਮੀਖਿਆਤਮਕ ਅਧਿਐਨ (1974 ਤੋਂ 2000 ਤੱਕ), ਪੰਨਾ 31.

6 ਡਾ. ਤਾਰਨ ਸਿੰਘ, ਗੁਰਬਾਣੀ ਦੀਆ ਵਿਆਖਿਆ ਪ੍ਰਣਾਲੀਆਂ, ਪੰਨਾ 1.

7 ਡਾ. ਸਰਬਜਿੰਦਰ ਸਿੰਘ (ਸੰਪਾ.), ਵਿਆਖਿਆ-ਸ਼ਾਸਤਰ ਅਤੇ ਸਿੱਖ ਵਿਆਖਿਆਕਾਰੀ, ਪੰਨਾ 1.

8 ਡਾ. ਜਗਬੀਰ ਸਿੰਘ, ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮਕਾਲੀਨ ਪ੍ਰਾਸੰਗਿਕਤਾ, ਭੂਮਿਕਾ ਪੰਨਾ ix.

9 ਡਾ. ਬਲਵੰਤ ਸਿੰਘ ਢਿੱਲੋਂ (ਸੰਪਾ.), ਗੁਰਬਾਣੀ : ਵਿਆਖਿਆ ਅਤੇ ਵਿਆਖਿਆ ਸ਼ਾਸਤਰ, ਪੰਨਾ 27.

10 ਉਹੀ, ਪੰਨਾ 135.

11 ਡਾ. ਮਨਜੀਤ ਸਿੰਘ, ਧਰਮ ਦਰਸ਼ਨ, ਪੰਨਾ 61.

12 ਡਾ. ਸਰਬਜਿੰਦਰ ਸਿੰਘ (ਸੰਪਾ.), ਸਿੱਖ ਧਰਮ ਸਿਧਾਂਤਕ ਤੇ ਇਤਿਹਾਸਕ ਪਰਿਪੇਖ, ਪੰਨਾ 60.

13 ਉਹੀ, ਵਿਆਖਿਆ-ਸ਼ਾਸਤਰ ਅਤੇ ਸਿੱਖ ਵਿਆਖਿਆਕਾਰੀ, ਸੰਪਾਦਕੀ, ਪੰਨਾ viii.

14 ਕਈ ਵਾਰ ਸ਼ਬਦਾਂ ਦੇ ਕੇਵਲ ਅਰਥ ਹੀ ਨਹੀਂ ਬਦਲਦੇ ਮੁਹਾਵਰਾ ਵੀ ਬਦਲ ਜਾਂਦਾ ਹੈ। ਸਮੇਂ ਦੀ ਗਤੀ ਨਾਲ ਕਈ ਸ਼ਬਦ ਵਰਤੋਂ ਵਿੱਚੋਂ ਨਿਕਲ ਕੇ ਅਪ੍ਰਚਲਿਤ ਹੋ ਜਾਂਦੇ ਹਨ ਤੇ ਕਈ ਹੋਰ ਨਵੇਂ ਸੋਮਿਆਂ ਜਾਂ ਦੂਜੀਆਂ ਭਾਸ਼ਾਵਾਂ ਤੋਂ ਵੀ ਆਪਣੀ ਭਾਸ਼ਾ ਵਿੱਚ ਆ ਰਲ਼ਦੇ ਹਨ।

15 ਡਾ. ਸਰਬਜਿੰਦਰ ਸਿੰਘ (ਸੰਪਾ.), ਵਿਆਖਿਆ-ਸ਼ਾਸਤਰ ਅਤੇ ਸਿੱਖ ਵਿਆਖਿਆਕਾਰੀ, ਸੰਪਾਦਕੀ, ਪੰਨਾ viii.

16 ਉਹੀ, ਪੰਨਾ 6.

17 ਸੰਸਕ੍ਰਿਤ ਦੇ ਸ਼ਬਦ 'ਮੀਮਾਂਸਾ' ਦਾ ਅਰਥ ਹੈ ਤੱਤਾਂ ਦੇ ਸੰਬੰਧ ਵਿੱਚ ਕੀਤਾ ਜਾਣ ਵਾਲਾ ਵਿਚਾਰਪੂਰਵਕ ਅਤੇ ਤਰਕ-ਵਿਤਰਕ ਅਧਾਰਿਤ ਚਿੰਤਨ-ਮਨਨ ਅਰਥਾਤ ਗਿਆਨ ਦੀ ਵਿਵੇਚਨਾ।'ਮੀਮਾਂਸਾ' ਦਰਸ਼ਨ ਵੈਦਿਕ ਧਰਮ ਦੇ ਛੇ ਦਰਸ਼ਨਾਂ ਵਿੱਚੋਂ ਇੱਕ ਹੈ ਜੋ ਕਿ ਚੌਥੀ ਸਦੀ ਈਸਾ ਪੂਰਵ ਮਹਾਰਿਸ਼ੀ ਜੈਮਿਨੀ ਦੁਆਰਾ ਰਚਿਤ ਹੈ।ਮੀਮਾਂਸਾ ਦਾ ਉਦੇਸ਼ ਵੇਦ ਦੇ ਆਰੰਭਿਕ ਭਾਗ (ਕਰਮ-ਕਾਂਡ) ਦੇ ਨਿਯਮਾਂ ਦੀ ਤਰਕ ਦੀ ਵਰਤੋਂ ਰਾਹੀਂ ਵਿਆਖਿਆ ਕਰਨਾ ਹੈ।ਹੋਰ ਦੇਖੋ - ਡਾ. ਆਰ. ਡੀ. ਨਿਰਾਕਾਰੀ, ਭਾਰਤੀ ਦਰਸ਼ਨ, ਪੰਨਾ-232.

18 ਵੇਦਾਂਤ ਦਰਸ਼ਨ ਰਿਸ਼ੀ ਬਦਰਾਯਣ ਜਿਸ ਨੂੰ ਕਿ ਵੇਦ ਵਿਆਸ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ, ਦੁਆਰਾ 200 ਈਸਾ ਪੂਰਵ ਤੋਂ ਲੈ ਕੇ 200 ਈਸਵੀ ਤੱਕ ਦੇ ਸਮੇਂ ਵਿੱਚ ਲਿਖਿਆ ਮੰਨਿਆ ਜਾਂਦਾ ਹੈ।ਇਸ ਵਿੱਚ ਉਪਨਿਸ਼ਦਾਂ ਤੇ ਆਧਾਰਿਤ 555 ਬ੍ਰਹਮ-ਸੂਤ੍ਰ ਸੰਸਕ੍ਰਿਤ ਭਾਸ਼ਾ ਵਿੱਚ ਲਿਖੇ ਗਏ ਹਨ।ਇਹ ਦਰਸ਼ਨ ਭਾਰਤੀ ਅਧਿਆਤਮ ਵਿੱਦਿਆ ਦਾ ਮੂਲ ਮੰਨਿਆ ਜਾਂਦਾ ਹੈ।ਹੋਰ ਦੇਖੋ - ਡਾ. ਆਰ. ਡੀ. ਨਿਰਾਕਾਰੀ, ਭਾਰਤੀ ਦਰਸ਼ਨ, ਪੰਨਾ-249.

19 ਯੁਧਿਸ਼ਠਿਰ ਮੀਮਾਂਸਕ (ਸੰਪਾ.), ਮੀਮਾਂਸਾ ਸ਼ਾਬਰ ਭਾਸ਼ਯਮ (ਪ੍ਰਥਮੋ ਭਾਗ), ਪੰਨਾ 3.

20 ਪੰਜਵੀਂ ਸਦੀ ਈਸਾ ਪੂਰਵ ਵਿੱਚ ਪੁਰਾਤਨ ਭਾਰਤ ਦੇ ਪਾਣਿਨੀ ਸੰਸਕ੍ਰਿਤ ਦੇ ਪਹਿਲੇ ਵਿਆਕਰਣਕਾਰ ਹੋਏ ਹਨ।ਉਸ ਨੇ ਆਪਣੀ ਪੁਸਤਕ 'ਅਸ਼ਟਾਧਿਆਈ' ਸੰਸਕ੍ਰਿਤ ਭਾਸ਼ਾ ਸੰਬੰਧੀ 3959 ਸਿਧਾਂਤ ਪੇਸ਼ ਕੀਤੇ ਜਿਸ ਉੱਤੇ ਮਗਰੋਂ ਪਤੰਜਲੀ ਨੇ 'ਮਹਾਭਾਸ਼ਯ' ਲਿਖਿਆ। ਹੋਰ ਜਾਣਕਾਰੀ ਲਈ ਦੇਖੋ – Rama Nath Sharma, The Astadhyayi Of Panini (6 Vols.), 2001.

21 ਪ੍ਰੋ. ਗੋਪੀਚੰਦ ਨਾਰੰਗ, ਸੰਰਚਨਾਵਾਦ ਉੱਤਰ ਸੰਰਚਨਾਵਾਦ ਅਤੇ ਪੂਰਬੀ ਕਾਵਿ ਸ਼ਾਸਤਰ, ਪੰਨਾ 305.

22 ਡਾ. ਪ੍ਰਦਯੁਮਨ ਸ਼ਾਹ ਸਿੰਘ, ਜੈਨ ਧਰਮ ਇਤਿਹਾਸ, ਸਾਹਿਤ, ਦਰਸ਼ਨ ਅਤੇ ਸੰਸਕ੍ਰਿਤੀ, ਪੰਨਾ 54.

23 ਬੁੱਧ ਧਰਮ ਅਨੁਸਾਰ ਸਦਾਚਾਰਕ ਨਿਯਮਾਂ ਦਾ ਸੰਗ੍ਰਹਿ

24 ਬੁੱਧ-ਧਰਮ ਦੀ ਫਿਲਾਸਫੀ ਦੇ ਮੂਲ ਸਿਧਾਂਤ

25 ਬੁੱਧ ਧਰਮ ਵਿਚਲੇ ਵਿਸ਼ਲੇਸ਼ਣਾਤਮਕ ਅਤੇ ਮਨੋਵਿਗਿਆਨਕ ਵਿਚਾਰਾਂ ਦਾ ਸੰਗ੍ਰਹਿ

26 ਧਮਪਦ ਦਾ ਅਰਥ ਹੈ-ਧਰਮ ਦੇ ਪਦ।ਮਹਾਤਮਾ ਬੁੱਧ ਨੂੰ ਬੋਧਗਯਾ ਦੇ ਸਥਾਨ ਤੇ ਜੋ ਗਿਆਨ-ਪ੍ਰਕਾਸ਼ ਹੋਇਆ ਉਹ ਧਮਪਦ ਦਾ ਉਪਦੇਸ਼ ਬਣਿਆ।See more – Gautama Siddhartha, The Dhammapada: The Sayings Of Buddha, Timeless Art Book Studio, Chandigarh, 2013.

27 ਡਾ. ਤਾਰਨ ਸਿੰਘ, ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ, ਪੰਨਾ 25.

28 ਉਹੀ, ਪੰਨਾ 40.

29 ਉਹੀ, ਪੰਨਾ 93.

30 ਭਾਈ ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 29.

31 ਡਾ. ਬਲਵੰਤ ਸਿੰਘ ਢਿੱਲੋਂ (ਸੰਪਾ.), ਗੁਰਬਾਣੀ : ਵਿਆਖਿਆ ਅਤੇ ਵਿਆਖਿਆ-ਸ਼ਾਸਤਰ, ਪੰਨਾ 64.

32 ਡਾ. ਤਾਰਨ ਸਿੰਘ, ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ, ਪੰਨਾ 294-295.

33 ਉਹੀ, ਪੰਨਾ 434.

34 ਡਾ. ਜਸਬੀਰ ਕੌਰ (ਸੰਪਾ.), ਸ੍ਰੀ ਗੁਰੂ ਗ੍ਰੰਥ ਸਾਹਿਬ ਵਿਭਿੰਨ ਪਰਿਪੇਖ, ਪੰਨਾ 183.

35 ਡਾ. ਗੁਰਮੀਤ ਸਿੰਘ ਸਿੱਧੂ, ਧਰਮ ਆਧੁਨਿਕ ਅਤੇ ਉਤਰਾਧੁਨਿਕ ਸਿਧਾਂਤ, ਪੰਨਾ 12-13.

36 ਡਾ. ਬਲਵੰਤ ਸਿੰਘ ਢਿੱਲੋਂ (ਸੰਪਾ.), ਗੁਰਬਾਣੀ : ਵਿਆਖਿਆ ਅਤੇ ਵਿਆਖਿਆ-ਸ਼ਾਸਤਰ, ਪੰਨਾ 29-31.

37 ਸੰਸਾਰ-ਪ੍ਰਸਿੱਧ ਐਨਸਾਈਕਲੋਪੀਡੀਆ ਬ੍ਰਿਟਾਨਿਕਾ ਅਨੁਸਾਰ ਐਕਸਿਜੀਸਿਸ ਸ਼ਬਦ ਅੰਜੀਲ ਅਤੇ ਬਾਈਬਲ ਦੀ ਆਲੋਚਨਾਤਮਕ ਵਿਆਖਿਆ ਲਈ ਵਰਤਿਆ ਜਾਂਦਾ ਹੈ।

"Exegesis, or critical interpretation, and hermeneutics, or the science of interpretive principles, of the Bible have been used by both Jews and Christians throughout thier histories for various purposes. The most common purpose has been discovering the truths and values of the Old and New Testaments by means of various techniques and principles, though very often, owing to the exigencies of certain historical conditions, polemical or apologetical situations anticipate the truth or value to be discovered and thus dictate the type of exegesis or hermeneutic to be used. The primary goal, however, is to arrive at biblical truths and values by an unbiassed use of exegesis and hermeneutics." (Encyclopedia Britanica)

38 ਡਾ. ਤਾਰਨ ਸਿੰਘ, ਗੁਰਬਾਣੀ ਦੀਆ ਵਿਆਖਿਆ ਪ੍ਰਣਾਲੀਆਂ, ਪੰਨਾ 17.

39 Dr. Radhakrishanan , 'An Idealist View Of Life', Bombay, George Allen and Urvin, 1976,p. 105, "While all varieties of experience result in a knowledge of the real, it is produced in three ways, which are sense experience, discursive reasoning and intuitive apprehension.

40 Sir Allen Gardener, Speech And Language, p. 18. ਜੋ ਕੁਝ ਵੀ ਅਸੀਂ ਉਚਾਰਦੇ ਹਾਂ, ਉਹ ਉਚਾਰੇ ਜਾਣ ਤੋਂ ਪਹਿਲਾਂ, ਅਲੰਕਾਰਕ ਤੌਰ ਤੇ, ਸਾਡੇ ਮਨ ਵਿੱਚੋਂ ਲੰਘਦਾ ਹੈ ਸੋ ਬੋਲ ਸੋਚ ਦੇ ਪ੍ਰਗਟਾਵੇ ਦਾ ਮਾਧਿਅਮ ਬਣਦਾ ਹੈ।

41 Bimal Krishan Matilal, The Word And The World : India's Contribution To The Study Of Language, p-85. ਭਾਸ਼ਾ ਬਾਅਵਾਜ਼ ਸੋਚ ਹੈ - ਅੰਦਰ ਚੱਲ ਰਹੀ ਸੋਚ-ਪ੍ਰਕਿਰਿਆ ਦੀ ਰਿਹਾਈ ਹੈ।ਇਸ ਦ੍ਰਿਸ਼ਟੀ ਨਾਲ ਦੇਖੀਏ ਤਾਂ ਭਾਸ਼ਨ ਇਕਾਈ ਅਤੇ ਅਰਥ ਵਿੱਚ ਜਾਂ ਉਸ ਵਿਚਾਰ ਵਿੱਚ ਜੋ ਇਹ ਸਾਡੇ ਤੱਕ ਪਹੁੰਚਾਉਂਦੀ ਹੈ, ਕੋਈ ਤਾਤਵਿਕ ਅੰਤਰ ਨਹੀਂ ਰਹਿ ਜਾਂਦਾ।

42 ਡਾ. ਪਰਮਜੀਤ ਸਿੰਘ ਸਿੱਧੂ, ਸ਼ਬਦ: ਸ਼ੰਕਲਪ ਅਤੇ ਸਰੂਪ (ਪੰਜਾਬੀ ਵਿਆਕਰਨ ਦੇ ਪਰਿਪੇਖ ਵਿੱਚ), ਪੰਨਾ 187.

43 ਪੰਜਾਬੀ ਸਾਹਿਤ ਕੋਸ਼ (ਭਾਗ ਪਹਿਲਾ), ਪੰਨਾ 147.

44 Monier Monier Williams, Sanskrit-English Dictionary, p. 1052

45 ਭਾਈ ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 156.

46 ਡਾ. ਗੁਲਜ਼ਾਰ ਸਿੰਘ ਕੰਗ, ਸ਼ਬਦ ਦਾ ਸੰਕਲਪ, ਪੰਨਾ 18.

47 Kapur Singh, Parasaraprasna The Baisakhi Of Guru Gobind Singh, P. 247.

48 ਡਬਲਯੂ. ਐਚ. ਮਕਲੋਡ, 'ਸ਼ਬਦ ਦਾ ਸਿਧਾਂਤ' ਅਲੋਚਨਾ, ਗੁਰੂ ਨਾਨਕ ਅੰਕ, ਪੰਨਾ 333.

49 ਡਾ. ਪਰਮਜੀਤ ਸਿੰਘ ਸਿੱਧੂ, ਸ਼ਬਦ: ਸ਼ੰਕਲਪ ਅਤੇ ਸਰੂਪ (ਪੰਜਾਬੀ ਵਿਆਕਰਨ ਦੇ ਪਰਿਪੇਖ ਵਿੱਚ), ਪੰਨਾ 19.

50 ਉਹੀ

51 ਸਰ ਜਾਨ ਵੁਡਰਫ, 'ਦ ਗਾਰਲੈਂਡ ਆਫ ਲੈਟਰਜ਼', ਪੰਨਾ 4

52 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 117.

53 Gamow, G., The creation Of The Universe, Viking Books, 1952.

54 ਡਾ. ਬ੍ਰਜਬਿਹਾਰੀ ਚੌਬੇ, ਵੇਦ-ਵਿਆਖਿਆ ਕੀ ਦਿਸ਼ਾਏਂ, ਪੰਨਾ 25.

55 ਰਿਗਵੇਦ, 1.164,45.

56 Akshaya Kumar Banerjea, Philosophy of Gorakhnath with Goraksha-Vachana-Sangraha, p. 93.

57 Ibid, p. 148.

58 Ibid, p. 149.

59 Ibid, p. 149-150

60 ਰਾਮਕਲੀ ਮਹਲਾ ੧, ਸਿਧ ਗੋਸਟਿ, ਪਉੜੀ 58, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 944.

61 ਉਹੀ, ਪਉੜੀ 65.

62 Akshaya Kumar Banerjea, Philosophy of Gorakhnath with Goraksha-Vachana-Sangraha, p. 148.

63 ਡਾ. ਪਰਮਜੀਤ ਸਿੰਘ ਸਿੱਧੂ, ਸ਼ਬਦ: ਸ਼ੰਕਲਪ ਅਤੇ ਸਰੂਪ (ਪੰਜਾਬੀ ਵਿਆਕਰਨ ਦੇ ਪਰਿਪੇਖ ਵਿੱਚ), ਪੰਨਾ 187.

64 ਡਾ. ਆਰ. ਡੀ. ਨਿਰਾਕਾਰੀ, ਭਾਰਤੀ ਦਰਸ਼ਨ, ਪੰਨਾ 158.

65 ਉਹੀ

66 ਡਾ. ਸਰਬਜਿੰਦਰ ਸਿੰਘ (ਸੰਪਾ), ਵਿਆਖਿਆ-ਸ਼ਾਸਤਰ ਅਤੇ ਸਿੱਖ ਵਿਆਖਿਆਕਾਰੀ, ਸੰਪਾਦਕੀ, ਪੰਨਾ viii.

67 ਪ੍ਰੋ. ਗੋਪੀਚੰਦ ਨਾਰੰਗ, ਸੰਰਚਨਾਵਾਦ ਉੱਤਰ-ਸੰਰਚਨਾਵਾਦ ਅਤੇ ਪੂਰਬੀ ਕਾਵਿ-ਸ਼ਾਸਤਰ, ਪੰਨਾ 313-321.

68 ਉਹੀ, ਪੰਨਾ 317.

69 ਉਹੀ, ਪੰਨਾ 321.

70 ਉਹੀ, ਪੰਨਾ 322-324.

71 Akshaya Kumar Banerjea, Philosophy of Gorakhnath with Goraksha-Vachana-Sangraha, p. 149.

72 Ibid, P. 149-150.

73 ਡਾ. ਪ੍ਰਦਯੁਮਨ ਸ਼ਾਹ ਸਿੰਘ, ਜੈਨ ਧਰਮ : ਇਤਿਹਾਸ, ਸਾਹਿਤ, ਦਰਸ਼ਨ ਅਤੇ ਸੰਸਕ੍ਰਿਤੀ, ਪੰਨਾ 95.

74 ਐਫ. ਮੈਕਸਮੂਲਰ, ਬੁਧਿਸਟ ਮਹਾਯਾਨ ਟੈਕਸਟ (ਅਨੁ.), ਸੁਖਾਵਤੀ ਵਯੂਹ ਸੂਤਰ (ਵਿਸਤਾਰ ਮਾਤ੍ਰਕਾ), ਸੇਕਰਡ ਬੁੱਕ ਆਫ ਦੀ ਈਸਟ ਸੀਰੀਜ਼, ਜਿਲਦ 49, ਭਾਗ ਦੂਜਾ, ਪੰਨਾ 1-72.

75 ਰਾਮਕਲੀ ਮਹਲਾ ੧, ਸਿਧ ਗੋਸਟਿ, ਪਉੜੀ 44, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 944.

76 'ਲੋਗੋਸ' ਸੰਬੰਧੀ ਹੋਰ ਵਿਸਤਾਰ ਲਈ ਵੇਖੋ -ਡਾ. ਗੁਲਜ਼ਾਰ ਸਿੰਘ ਕੰਗ, ਸ਼ਬਦ ਦਾ ਸੰਕਲਪ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2005, ਪੰਨਾ 23.

77 ਅਮਰਜੀਤ ਸਿੰਘ ਗਰੇਵਾਲ, 'ਸ਼ਬਦ', ਕੇ. ਕੇ. ਚੋਪੜਾ, 'ਸ਼ਬਦ ਦਾ ਵੈਦਿਕ ਸੰਕਲਪ,' ਅਮਰਜੀਤ ਸਿੰਘ ਗਰੇਵਾਲ, ਸਤਿੰਦਰ ਸਿੰਘ ਨੂਰ, ਜਸਬੀਰ ਕੌਰ ਖਾਲਸਾ (ਸੰਪਾ.), ਸ਼ਬਦ, ਵਿਸਮਾਦ ਨਾਦ, ਪੰਨਾ 42 ਅਤੇ ਪੰਨਾ 130. ਦ੍ਰਿਸ਼ਟਮਾਨ ਸੰਸਾਰ ਦੀ ਆਮ ਵਰਤੋਂ ਵਿੱਚ ਆਉਣ ਵਾਲਾ ਹਰ ਸ਼ਬਦ ਹੀ 'ਬ੍ਰਹਮ' ਸੱਤਾ ਦਾ ਧਾਰਣੀ ਹੈ ਕੇਵਲ ਸ਼ਬਦ 'ਓਮ' ਹੀ ਨਹੀਂ।ਧੁਨੀਆਂ ਦੇ (ਅ-ਓ-ਮ) ਰੂਪ ਵਿੱਚ 'ਅ' ਵਰਣਮਾਲਾ ਦਾ ਪਹਿਲਾ ਅੱਖਰ ਹੈ ਜਿਹੜਾ ਕਿ ਇਨਸਾਨ ਸਭ ਤੋਂ ਪਹਿਲਾਂ ਅਤੇ ਮੂੰਹ ਖੋਲ੍ਹ ਕੇ ਬੋਲਦਾ ਹੈ ਇਹ ਜਾਗ੍ਰਿਤ ਅਵਸਥਾ ਦਾ ਪ੍ਰਤੀਕ ਹੈ।'ਓ' ਜੀਭ ਉੱਤੇ ਹਵਾ ਨੂੰ ਗੋਲ ਘੁਮਾ ਕੇ ਬੋਲਿਆ ਜਾਂਦਾ ਹੈ ਤੇ ਇਹ ਸੁਪਨ ਅਵਸਥਾ ਦਾ ਪ੍ਰਤੀਕ ਹੈ।'ਮ' ਮੂੰਹ ਬੰਦ ਕਰਕੇ ਬੋਲਿਆ ਜਾਂਦਾ ਹੈ ਇਹ ਗਹਿਰੀ ਨੀਂਦ ਜਾਂ ਸੁਸ਼ੁਪਤ ਅਵਸਥਾ ਦਾ ਪ੍ਰਤੀਕ ਹੈ।ਇਸ ਇੱਕ ਸ਼ਬਦ ਅੰਦਰ ਸਾਰੀਆਂ ਆਵਾਜ਼ਾਂ ਜਾਂ ਸ਼ਬਦ ਸਮਾਏ ਹੋਏ ਹਨ।ਆਯਤ੍ਰਯ ਬ੍ਰਾਹਮਣ ਵਿੱਚ ਸ਼ਬਦ ਨੂੰ ਸਮੁੱਚੀ ਸ੍ਰਿਸ਼ਟੀ ਦੀ ਕੁੱਖ ਆਖਿਆ ਗਿਆ ਹੈ।ਮਨੁੱਖ ਦੁਆਰਾ ਬੋਲੇ ਜਾਣ ਵਾਲੇ ਸ਼ਬਦ ਉਸ ਦੀ ਬੁੱਧੀ ਦੁਆਰਾ ਉਸ ਦੇ ਆਪਣੇ ਸਰੀਰ ਜਾਂ ਦਿਮਾਗ਼ ਵਿੱਚ ਹੀ ਘੜੇ ਜਾਂਦੇ ਹਨ ਪਰ ਬੁੱਧੀ ਵੀ ਹਰ ਚੀਜ਼ ਦੀ ਤਰ੍ਹਾਂ ਸ਼ਬਦ ਦੀ ਹੀ ਰਚਨਾ ਹੈ।ਸ਼ਤਪਥ ਬ੍ਰਾਹਮਣ ਵਿੱਚ ਵੀ ਸ੍ਰਿਸ਼ਟੀ ਨੂੰ ਸ਼ਬਦ ਦੀ ਰਚਨਾ ਮੰਨਿਆ ਗਿਆ ਹੈ।

78 ਭਾਰਤੀ ਦਰਸ਼ਨ ਦੀ ਵੈਦਿਕ ਪਰੰਪਰਾ ਦੇ ਛੇ ਦਰਸ਼ਨਾਂ ਵਿੱਚੋਂ ਜ਼ਿਆਦਾਤਰ ਨਿਆਇ ਦਰਸ਼ਨ ਤੇ ਸਭ ਤੋਂ ਪਹਿਲਾ ਵਿਚਾਰ ਕੀਤਾ ਜਾਂਦਾ ਹੈ।ਚਾਣਕਯ ਨੇ ਨਿਆਇ-ਵਿੱਦਿਆ ਬਾਰੇ ਕਿਹਾ ਹੈ ਕਿ ਇਹ ਵਿੱਦਿਆ ਸਾਰੀਆਂ ਵਿੱਦਿਆਵਾਂ ਦਾ ਦੀਪਕ ਜਾਂ ਪ੍ਰਕਾਸ਼ਕ ਹੈ, ਸਾਰੇ ਕਰਮਾਂ ਦਾ ਉਪਾਉ ਹੈ, ਸਾਰੇ ਧਰਮਾਂ ਦਾ ਆਧਾਰ ਹੈ ਅਤੇ ਇਹ

ਹਮੇਸ਼ਾ ਰਹਿਣ ਵਾਲੀ ਵਿੱਦਿਆ ਹੈ।ਜਯੰਤ ਭੱਟ ਨੇ ਨਿਆਇ-ਮੰਜਰੀ ਵਿੱਚ ਨਿਆਇ-ਵਿੱਦਿਆ ਨੂੰ ਸਾਰੀਆਂ ਵਿੱਦਿਆਵਾਂ ਦਾ ਮੂਲ ਆਧਾਰ ਅਤੇ ਵੇਦਾਂ ਦੀ ਪ੍ਰਮਾਣਿਕਤਾ ਦਾ ਹੇਤੂ ਮੰਨਿਆ ਹੈ।ਅਸਲ ਵਿੱਚ ਨਿਆਇ ਦਰਸ਼ਨ ਤਰਕ-ਸਾਸਤਰ ਹੀ ਹੈ।ਨਿਆਇ ਦਰਸ਼ਨ ਦੇ ਭਾਸ਼ਯਕਾਰ ਵਾਤਸਿਆਇਨ ਮੁਨੀ 'ਨਿਆਇ' ਸ਼ਬਦ ਦਾ ਅਰਥ ਕਰਦੇ ਹੋਏ ਕਹਿੰਦੇ ਹਨ ਕਿ ਪ੍ਰਮਾਣਾਂ ਦੁਆਰਾ ਕਿਸੇ ਵੀ ਅਰਥ ਜਾਂ ਪਦਾਰਥ ਦੀ ਪਰੀਖਿਆ ਹੀ ਨਿਆਇ ਹੈ।ਉਦਿਓਤਕਰ ਨੇ ਨਿਆਇ ਵਾਰਤਿਕ ਵਿੱਚ ਕਿਹਾ ਹੈ ਸਾਰੇ ਪ੍ਰਮਾਣਾਂ ਦੇ ਪ੍ਰਯੋਗ ਦੁਆਰਾ ਅਰਥ ਦੀ ਪ੍ਰਾਪਤੀ ਹੀ ਨਿਆਇ ਹੈ।

79 ਛਾਂਦੋਗਯ ਉਪਨਿਸ਼ਦ ਦੇ ਛੇਵੇਂ ਅਧਿਆਇ ਦੇ ਪਹਿਲੇ ਖੰਡ ਵਿੱਚ ਸਰਬ ਗਿਆਨ ਦਾ ਮੂਲ-ਤੱਤ 'ਸਤ' ਨੂੰ ਕਿਹਾ ਹੈ।ਬ੍ਰਹਮ-ਤੱਤ, ਆਤਮਾ-ਤੱਤ ਜਾਂ ਚੇਤਨ ਤੱਤ ਇਸੇ 'ਸਤ' ਦੇ ਹੀ ਨਾਂ ਹਨ।ਇਸ ਨੇ ਆਪ ਹੀ ਆਪਣੇ ਵਿੱਚੋਂ ਭੌਤਿਕ ਮੂਲ-ਤੱਤਾਂ (ਅਗਨੀ, ਵਾਯੂ ਅਤੇ ਜਲ) ਦੀ ਅਭਿਵਿਅਕਤੀ ਕਰਕੇ ਸਥੂਲ ਜਗਤ ਦੀ ਰਚਨਾ ਕੀਤੀ ਹੈ।ਸਥੂਲ ਜਾਂ ਭੌਤਿਕ ਤੱਤ ਗਿਆਨ-ਇੰਦਰੀਆਂ ਰਾਹੀਂ ਵੇਖੇ ਜਾ ਸਕਦੇ ਹਨ।ਜਗਤ ਵਿੱਚ ਜਿੰਨੇ ਵੀ ਸਥੂਲ ਤੱਤ ਦਿਸਦੇ ਹਨ ਉਨ੍ਹਾਂ ਦੇ ਪਿੱਛੇ ਸੂਖ਼ਮ ਤੱਤਾਂ ਦੀ ਹੋਂਦ ਕਾਰਜ ਕਰਦੀ ਹੈ।ਬ੍ਰਿਹਦਾਰਣਿਅਕ ਉਪਨਿਸ਼ਦ ਵਿੱਚ ਸਰੀਰ ਨਾਲ ਸੰਬੰਧ ਰੱਖਣ ਵਾਲੇ ਆਤਮਾ ਜੋ ਕਿ ਬ੍ਰਹਮ ਜਾਂ ਮੂਲ ਤੱਤ ਦਾ ਹੀ ਰੂਪ ਹੈ, ਦਾ ਸੰਬੰਧ ਮਨ, ਪ੍ਰਾਣ, ਅੱਖਾਂ, ਕੰਨ, ਪ੍ਰਿਥਵੀ, ਜਲ, ਧਰਮ, ਅਧਰਮ ਆਦਿ ਤੱਤਾਂ ਦੇ ਗਿਆਨ ਨਾਲ ਮੰਨਿਆ ਗਿਆ ਹੈ।ਸਾਰੇ ਭੌਤਿਕ ਅਤੇ ਅਭੌਤਿਕ ਤੱਤਾਂ ਦੀ ਰਚਨਾ 'ਸਤ' ਜੋ ਕਿ ਦੇਸ਼, ਕਾਲ ਆਦਿ ਤੋਂ ਪਰ੍ਹਾਂ ਹੈ, ਤੋਂ ਹੀ ਹੋਈ ਹੈ।ਦੇਖੋ ਆਰ. ਡੀ. ਨਿਰਾਕਾਰੀ, ਭਾਰਤੀ ਦਰਸ਼ਨ, ਚੌਥਾ ਅਧਿਆਇ, (ਸਤ ਦਾ ਸਰੂਪ), ਪੰਨਾ 31.

80 ਪ੍ਰਮਾਣ, ਪ੍ਰਮੇਯ, ਸੰਸ਼ਯ ਜਾਂ ਸ਼ੰਕਾ, ਪ੍ਰਯੋਜਨ, ਦ੍ਰਿਸ਼ਟਾਂਤ, ਸਿੱਧਾਂਤ, ਅਵਯਵ, ਤਰਕ, ਨਿਰਣਾ, ਵਾਦ, ਜਲਪ, ਵਿਤੰਡਾ, ਹੇਤਵਾਭਾਸ, ਛਲ, ਜਾਤੀ,ਨਿਗ੍ਰਹਿ-ਸਥਾਨ।

81 ਕਿਹੜੇ-ਕਿਹੜੇ ਦਰਸ਼ਨ ਵਿੱਚ ਕਿਹੜੇ-ਕਿਹੜੇ ਪ੍ਰਮਾਣ ਸਵੀਕਾਰ ਕੀਤੇ ਗਏ ਹਨ ਇਹ ਹੇਠਾਂ ਦਿੱਤਾ ਗਿਆ ਹੈ

ਚਾਰਵਾਕ ਦਰਸ਼ਨ- ਕੇਵਲ ਪ੍ਰਤੱਖ ਪ੍ਰਮਾਣ

ਬੋਧ ਦਰਸ਼ਨ- ਪ੍ਰਤੱਖ ਅਤੇ ਅਨੁਮਾਨ

ਸਾਂਖ ਦਰਸ਼ਨ- ਪ੍ਰਤੱਖ, ਅਨੁਮਾਨ ਅਤੇ ਆਗਮ (ਸ਼ਬਦ)

ਯੋਗ ਦਰਸ਼ਨ- ਪ੍ਰਤੱਖ, ਅਨੁਮਾਨ ਅਤੇ ਆਗਮ (ਸ਼ਬਦ)

ਵੈਸ਼ੇਸ਼ਿਕ ਦਰਸ਼ਨ- ਪ੍ਰਤੱਖ ਅਤੇ ਅਨੁਮਾਨ

82 ਡਾ. ਆਰ. ਡੀ. ਨਿਰਾਕਾਰੀ, ਭਾਰਤੀ ਦਰਸ਼ਨ, ਪੰਨਾ 143.

83 ਉਹੀ, ਪੰਨਾ 144.

84 ਅਜਿਹੇ ਯੋਗਜ ਪ੍ਰਤੱਖ ਦੇ ਗਿਆਨ ਬਾਰੇ ਸ਼ਰੂਤੀ, ਸੰਮ੍ਰਿਤੀ, ਪੁਰਾਣ ਆਦਿ ਦਾ ਅਧਿਐਨ ਕੀਤਾ ਜਾ ਸਕਦਾ ਹੈ।ਜਿਨ੍ਹਾਂ ਵਿੱਚ ਅਨੇਕ ਅਲੌਕਿਕ ਘਟਨਾਵਾਂ ਦਾ ਵਰਣਨ ਹੈ।

85 ਡਾ. ਆਰ. ਡੀ. ਨਿਰਾਕਾਰੀ, ਭਾਰਤੀ ਦਰਸ਼ਨ, ਪੰਨਾ 151.

86 ਉਹੀ, ਪੰਨਾ 156.

87 ਭਰਤ੍ਰਹਰਿ ਦੀਆਂ ਮੂਲ ਰਚਨਾਵਾਂ ਪੁਰਾਣੀ ਸੰਸਕ੍ਰਿਤ ਵਿੱਚ ਹੋਣ ਕਾਰਣ ਅਸੀਂ ਉਨ੍ਹਾਂ ਦੇ ਸਿਧਾਂਤ ਨੂੰ ਸਮਝਣ ਲਈ ਹੇਠ ਲਿਖੇ ਵਿਦਵਾਨਾਂ ਦੀਆ ਲਿਖਤਾਂ ਨੂੰ ਆਧਾਰ ਬਣਾ ਰਹੇ ਹਾਂ:

1. ਅਵਸਥੀ, ਪੰਡਿਤ ਸ਼੍ਰੀ ਰੁਦ੍ਰਪ੍ਰਸ਼ਾਦ (ਸੰਪਾ.), ਵਾਕਯਪਦੀਯਮ (ਬ੍ਰਹਮ ਕਾਂਡ), ਚੌਖੰਭਾਂ ਸੰਸਕ੍ਰਿਤ ਸੰਸਥਾਨ, ਵਾਰਾਣਸੀ, 1980.
2. ਕੇ. ਏ. ਸੁਬ੍ਰਹਮਣਯਮ ਅਯੱਰ, ਭਰਤ੍ਰਹਰਿ (ਪ੍ਰਾਚੀਨ ਟੀਕਾਓਂ ਕੇ ਪ੍ਰਕਾਸ਼ ਮੇਂ ਵਾਕਯਪਦੀਯ ਕਾ ਏਕ ਅਧਿਐਨ), ਰਾਜਸਥਾਨ ਹਿੰਦੀ ਗ੍ਰੰਥ ਅਕਾਦਮੀ, ਜਯਪੁਰ, 1981.
3. ਯੋਗਰਾਜ, ਚੇਤਨਾ ਦਾ ਉਕਾਬ:ਭਰਥਰੀ, ਪਬਲਿਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2016.
4. ਸੁਤਿੰਦਰ ਸਿੰਘ ਨੂਰ (ਸੰਪਾ.), ਸਮਦਰਸ਼ੀ, ਲੇਖ (ਭਰਥਰੀ ਹਰੀ : ਸਫੋਟ ਦਾ ਸੰਕਲਪ, ਰਾਜਨਦੀਪ ਕੌਰ) ਪੰਜਾਬੀ ਅਕਾਦਮੀ, ਦਿੱਲੀ, ਅਪ੍ਰੈਲ-ਮਈ 2009.
5. patnaik, Tandra, SABDA (A Study Of Bharthri's Philosophy Of Language), D. K. Printworld Pvt. Ltd., 2007.

6. The Word And The World : India's Contribution To The Study Of Language, Bimal Krishan Matilal, Oxford University Press, 1990.

7. Sastri, Gourinath, Dialects Of Safota, Motilal BanarsiDas, Delhi, 1989.

88 ਇਹ ਵਿਆਕਰਨਕਾਰ ਪੰਜਵੀਂ ਸਦੀ ਵਿੱਚ ਹੋਇਆ ਮੰਨਿਆ ਜਾਂਦਾ ਹੈ ਜਿਸ ਤੋਂ ਅੱਜ ਵੀ ਸੰਸਾਰ ਦੇ ਭਾਸ਼ਾ-ਵਿਗਿਆਨੀ ਬਹੁਤ ਕੁਝ ਸਿੱਖ ਰਹੇ ਹਨ।

89 "ਵਾਕਯੰ ਚ ਪਦੰ ਚ ਵਾਕਯਪਦੇ ਤੇ ਅਧਿਕ੍ਰਤਯ ਕ੍ਰਤੋ ਵਾਕਯਪਦੀਯ" ਅਵਸਥੀ, ਪੰਡਿਤ ਸ੍ਰੀ ਰੁਦ੍ਰਪ੍ਰਸ਼ਾਦ (ਸੰਪਾ.), ਵਾਕਯਪਦੀਯਮ (ਬ੍ਰਹਮ ਕਾਂਡ), ਪੰਨਾ 6.

90 ਡਾ. ਕੇ. ਏ. ਸੁਬ੍ਰਹਮਣਯਮ ਅਯੱਰ, ਭਰਤ੍ਰਹਰਿ (ਪ੍ਰਾਚੀਨ ਟੀਕਾਓਂ ਕੇ ਪ੍ਰਕਾਸ਼ ਮੇਂ ਵਾਕਯਪਦੀਯ ਕਾ ਏਕ ਅਧਿਐਨ), ਪੰਨਾ 26.

91 ਡਾ. ਯੋਗਰਾਜ, ਚੇਤਨਾ ਦਾ ਉਕਾਬ : ਭਰਥਰੀ, ਪੰਨਾ 202.

92 ਰਾਜਨਦੀਪ ਕੌਰ, ਭਰਥਰੀ ਹਰੀ : ਸਫੋਟ ਦਾ ਸੰਕਲਪ, ਸੁਤਿੰਦਰ ਸਿੰਘ ਨੂਰ (ਸੰਪਾ.), ਸਮਦਰਸ਼ੀ, ਪੰਨਾ 74.

93 ਰਿਗ ਵੇਦ ਵਿੱਚ ਦਿੱਤੇ ਵਾਚ ਦੇਵੀ ਦੇ ਜਿਹੜੇ ਚਾਰ ਚਰਣਾਂ ਦਾ ਜ਼ਿਕਰ ਹੈ ਉਨ੍ਹਾਂ ਚਾਰ ਚਰਣਾਂ ਵਿੱਚੋਂ ਭਾਰਤੀ ਭਾਸ਼ਾ-ਵਿਗਿਆਨੀਆਂ ਅਨੁਸਾਰ ਪਰਾ ਚਰਣ ਤੱਕ ਸਾਡੀ ਪਹੁੰਚ ਨਹੀਂ। ਅਸੀਂ ਇਹਨੂੰ ਮਨੁੱਖੀ ਦਿਮਾਗ਼ ਜਾਂ ਮਨ ਦੇ ਅੰਦਰ ਛਿਪੀ ਭਾਸ਼ਾ ਬੋਲਣ ਅਤੇ ਸਮਝਣ ਦੀ ਯੋਗਤਾ ਮੰਨ ਸਕਦੇ ਹਾਂ, ਜਿਹਦੇ ਬਾਰੇ ਅੱਜ ਦੇ ਮਨੋ ਵਿਗਿਆਨ ਦੀ ਜਾਣਕਾਰੀ ਹਾਲੇ ਵੀ ਬਹੁਤ ਘੱਟ ਹੈ।

94 ਅਵਸਥੀ, ਪੰਡਿਤ ਸ੍ਰੀ ਰੁਦ੍ਰਪ੍ਰਸ਼ਾਦ (ਸੰਪਾ.), ਵਾਕਯਪਦੀਯਮ (ਬ੍ਰਹਮ ਕਾਂਡ), ਕਾਰਿਕਾ; 2.32

95 ਪ੍ਰੋ. ਗੁਲਵੰਤ ਸਿੰਘ, 'ਯੂਨਾਨੀ ਰਹੱਸਵਾਦ', ਵਿਦੇਸ਼ੀ ਤੇ ਭਾਰਤੀ ਸਾਹਿਤ, ਪੰਨਾ 6-8.

96 Encyclopeadia of Religion and Ethics, Vol. VIII, page 135. Logos : 'It is considered equal to verbum but whereas in Greek Philosophy the word means The Divine reason, the authors of the Septuagint

use it to translate the Hebrew Memra and its poetic synonyms which mean primarily the spoken word of the Diety.'

97 Heraclits discovered that everything in this world is in a state of perpetual flux. Everything is changing each moment, nothing is static. But he also saw that the change was not taking place in confusion but it follows a systematic process, law and principle. In this view, 'all things happen according to Logos. The Logos is the mind, the reason on which the whole order of the universe depends.' (William Barclay, Jesus as they saw Him, The Daily Shorter Bible, Edinburgh, saint Andreu press, 1965, page 425.

98 ਪ੍ਰੋ. ਗੁਲਵੰਤ ਸਿੰਘ, 'ਯੂਨਾਨੀ ਰਹੱਸਵਾਦ', ਵਿਦੇਸ਼ੀ ਤੇ ਭਾਰਤੀ ਸਾਹਿਤ, ਪੰਨਾ 8.

99 ਉਹੀ, ਪੰਨਾ 1-75.

100 'The consept of Logos attained its highest fulfilment in Philonic ideas. It was Philo, the famous Jewish Thinker of Alexandria who combined the Greek and Hebrew conceptions and brought the idea of Logos go its fullest development.' ( G.H.C. Macgregor, The Gospel of John, The Moffatt New Testament Commentary, London, 1959, page 36).

101 ਭਾਵੇਂ ਦੈਰੀਦਾ ਦਾ ਆਗਮਨ ਹੋਰਨਾਂ ਰੈਡੀਕਲ ਵਿਚਾਰਵਾਨਾਂ ਜਿਵੇਂ ਨੀਤਸ਼ੇ, ਯੱਕ ਲਾਕਾਂ, ਰੋਲਾਂ ਬਾਰਥ ਆਦਿ ਦੇ ਮੁਕਾਬਲੇ ਬਾਦ ਵਿੱਚ ਹੋਇਆ ਪਰ ਉਸਦੇ 'ਵਿਰਚਨਾਵਾਦੀ' ਸਿਧਾਂਤ ਦੇ ਕਾਰਣ ਉਸ ਦਾ ਨਾਮ ਉੱਤਰ-ਸਰੰਚਨਾਵਾਦ ਨਾਲ ਅਟੁੱਟ ਰੂਪ ਨਾਲ ਜੁੜ ਗਿਆ ਹੈ।ਹੋਰ ਵਿਸਥਾਰ ਲਈ ਵੇਖੋ - ਪ੍ਰੋ. ਗੋਪੀਚੰਦ ਨਾਰੰਗ, ਸੰਰਚਨਾਵਾਦ ਉੱਤਰ-ਸੰਰਚਨਾਵਾਦ ਅਤੇ ਪੂਰਬੀ ਕਾਵਿ-ਸ਼ਾਸਤਰ, ਪੰਨਾ 188.

102 ਡਾ. ਗੁਰਬਚਨ ਸਿੰਘ, ਚਿਹਨ, ਸੰਰਚਨਾ ਤੇ ਮਾਰਕਸਵਾਦ, ਪੰਨਾ 36.

103 ਪ੍ਰੋ. ਗੋਪੀਚੰਦ ਨਾਰੰਗ, ਸੰਰਚਨਾਵਾਦ ਉੱਤਰ-ਸੰਰਚਨਾਵਾਦ ਅਤੇ ਪੂਰਬੀ ਕਾਵਿ-ਸ਼ਾਸਤਰ, ਪੰਨਾ 191.

104 ਭਾਸ਼ਾ ਦੀ ਇਸ ਸ਼ਕਤੀ ਦਾ ਬੋਧ ਪੂਰਬੀ ਕਾਵਿ ਪਰੰਪਰਾ ਵਿੱਚ ਸਦੀਆਂ ਤੋਂ ਰਿਹਾ ਹੈ। ਵੇਦਾਂ ਦੇ ਮੰਤਰ ਭਾਗਾਂ ਦੀ ਵਿਆਖਿਆ ਬ੍ਰਹਮਣ, ਅਰਣਾਇਕ ਅਤੇ ਉਪਨਿਸ਼ਦ ਭਾਗਾਂ ਵਿੱਚ ਵੱਖਰੇ-ਵੱਖਰੇ ਦ੍ਰਿਸ਼ਟੀਕੋਣਾਂ ਤੋਂ ਹੋਈ ਹੈ। ਪਿੱਛੋਂ ਇਨ੍ਹਾਂ ਵਿਆਖਿਆ-ਪ੍ਰਣਾਲੀਆਂ ਵਿੱਚ ਹੀ ਛੇ ਦਰਸ਼ਨਾਂ ਦਾ ਵਿਕਾਸ ਹੋਇਆ। ਵੈਦਿਕ ਪਰੰਪਰਾ ਵਿੱਚ ਇਸ ਵਿਸ਼ੇ ਨੂੰ ਮੀਮਾਂਸਾ ਕਰਕੇ ਜਾਣਿਆ ਜਾਂਦਾ ਹੈ। ਐਮ. ਮੋਨੀਅਰ ਵਿਲੀਅਮ ਨੇ ਮੀਮਾਂਸਾ ਦੇ ਅਰਥ ਕਰਦਿਆਂ ਕਿਹਾ ਹੈ "ਮੀਮਾਂਸਾ ਗੰਭੀਰ ਵਿਚਾਰ, ਚਿੰਤਨ, ਖ਼ਿਆਲ, ਖੋਜ ਜਾਂ ਪਰਖ਼ ਹੈ ਅਤੇ ਵੈਦਿਕ ਗ੍ਰੰਥਾਂ ਦੇ ਨਿਰੀਖਣ ਦਾ ਸਿਧਾਂਤ ਹੈ।" ਹੋਰ ਵਿਸਥਾਰ ਲਈ ਵੇਖੋ- Sir Monier Monier-Williams, A Sanskrit-English Dictionary, p. 818.

105 Dagobert D. Runes, The Dictioonary of Philosophy, p. 326. Understanding, "faculty of thinking the object of sensuous intuition, or the faculty of concepts, judgements and priciples." The understanding is the source of concepts, categories and principles by means of which the manifold of sense is brought into the unity of appreciation.

106 Joachim Wach, 'On Understanding', Essays in the History of Religions, p. 1

107 Ibid, p. 1.

108 Ibid, p. 2.

109 Ibid, p. 3-4.

110 Ibid, p. 5.

111 ਡਾ. ਰਾਜਬਲੀ ਪਾਂਡੇ, ਹਿੰਦੂ ਧਰਮਕੋਸ਼, ਪੰਨਾ 288

ਸਭ ਤੋਂ ਪੁਰਾਣਾ ਭਾਸ਼ ਕਿਸ ਨੇ ਲਿਖਿਆ, ਇਹ ਕਹਿਣਾ ਮੁਸ਼ਕਿਲ ਹੈ ਪ੍ਰੰਤੂ ਹੁਣ ਤੱਕ ਉਪਲਬਧ ਭਾਸ਼ਾਂ ਵਿੱਚੋਂ ਸਭ ਤੋਂ ਪ੍ਰਾਚੀਨ ਭਾਸ਼ ਆਚਾਰੀਆ ਸਾਯਣ ਦਾ ਹੈ। ਪੰਜਵੀਂ ਸਦੀ ਈਸਾ ਪੂਰਵ ਵਿੱਚ ਮੁਨੀ ਯਾਸਕ ਨੇ ਵੈਦਿਕ ਸ਼ਬਦਾਂ ਦੇ ਅਰਥ ਦੱਸੇ ਪਰ ਮੱਧ ਕਾਲ ਵਿੱਚ ਲਿਖਿਆ ਸਭ ਤੋਂ ਜ਼ਿਆਦਾ ਭਰੋਸੇਯੋਗ, ਸੰਪੂਰਣ ਅਤੇ ਪ੍ਰਭਾਵਕਾਰੀ ਭਾਸ਼ ਸਾਯਣ ਦਾ ਹੀ ਹੈ। ਵਿਜਯ ਨਗਰ ਦੇ ਮਹਾਰਾਜ ਬੁੱਕਾਰਾਇ ਨੇ

ਵੇਦਾਂ ਦੇ ਭਾਸ਼ ਲਿਖਣ ਦਾ ਕਾਰਜ ਆਪਣੇ ਅਧਿਆਤਮਕ ਗੁਰੂ ਮਾਧਵਾਚਾਰੀਆ ਨੂੰ ਸੌਂਪਿਆ ਸੀ ਪ੍ਰੰਤੂ ਇਸ ਵਿਸ਼ਾਲ ਕੰਮ ਦੀ ਜਿੰਮੇਵਾਰੀ ਉਸ ਨੇ ਆਪਣੇ ਛੋਟੇ ਭਰਾ ਸਾਯਣ ਨੂੰ ਸੌਂਪ ਦਿੱਤੀ ਜਿਸ ਨੇ ਆਪਣੇ ਵਿਸ਼ਾਲ ਗਿਆਨਕੋਸ਼ ਦੇ ਆਧਾਰ ਤੇ ਚਾਰੋਂ ਵੇਦਾਂ ਦੇ ਨਾਂ ਸਿਰਫ ਭਾਸ਼ ਲਿਖੇ, ਸਗੋਂ ਸੇਨਾਪਤੀ ਦੇ ਕਾਰਜ ਦੀ ਜਿੰਮੇਵਾਰੀ ਨੂੰ ਵੀ 24 ਸਾਲਾਂ ਤੱਕ ਨਿਭਾਇਆ।

112 ਭਾਈ ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਤੀਜਾ ਸੰਸਕਰਣ, ਪੰਨਾ 551.

113 ਓਹੀ, ਪੰਨਾ 551.

114 ਰਾਮ ਚੰਦ੍ਰ ਵਰਮਾ (ਸੰਪਾ.), ਮਾਨਕ ਹਿੰਦੀ ਕੋਸ਼, ਪੰਨਾ 436.

115 Vaman Shiv Ram Apte, The Practical Sanskrit-English Dictionary 1958, Vol, II, p. 570.

116 ਡਾ. ਧੀਰੇਂਦ੍ਰ ਵਰਮਾ, ਹਿੰਦੀ ਸਾਹਿੱਤਯ ਕੋਸ਼, ਪ੍ਰਥਮ ਸੰਸਕਰਣ, ਪੰਨਾ 311

117 ਸ੍ਰੀ ਤਾਰਾ ਨਾਥ ਭੱਟਾਚਾਰੀਆ, ਸ਼ਬਦ ਸਤੋਮ ਮਹਾਨਿਧੀ (ਸੰਸਕ੍ਰਿਤ ਵਿਧਾਨਮ), ਪੰਨਾ 189.

118 ਡਾ. ਧੀਰੇਂਦ੍ਰ ਵਰਮਾ, ਹਿੰਦੀ ਸਾਹਿੱਤਯ ਕੋਸ਼, ਪ੍ਰਥਮ ਸੰਸਕਰਣ, ਪੰਨਾ 311.

119 ਰਿਗਵੇਦ ਭਾਸ਼ ਦੀ ਭੂਮਿਕਾ ਵਿੱਚ ਆਚਾਰੀਆ ਸਾਯਣ ਨੇ ਕਿਹਾ ਹੈ ਕਿ ਅਰਥ ਦੀ ਜਾਣਕਾਰੀ ਦੀ ਦ੍ਰਿਸ਼ਟੀ ਤੋਂ ਸੁਤੰਤਰ ਰੂਪ ਨਾਲ ਜਿੱਥੇ ਪਦਾਂ ਦਾ ਸੰਗ੍ਰਹਿ ਕੀਤਾ ਜਾਦਾ ਹੈ, ਉਹੀ ਨਿਰੁਕਤ ਹੈ।ਵੈਦਿਕ ਕਠਿਨ ਸ਼ਬਦਾਂ ਦੇ ਅਰਥ ਨੂੰ ਸਪਸ਼ਟ ਕਰਨਾ ਹੀ ਨਿਰੁਕਤ ਦਾ ਪ੍ਰਯੋਜਨ ਹੈ।ਪਾਣਿਨੀ ਨੇ ਨਿਰੁਕਤ ਨੂੰ ਵੇਦ ਦਾ ਕੰਨ ਕਿਹਾ ਹੈ।ਨਿਰੁਕਤ ਦੀ ਜਾਣਕਾਰੀ ਤੋਂ ਬਿਨਾਂ ਵੇਦ ਦੇ ਕਠਿਨ ਅਰਥਾਂ ਦਾ ਗਿਆਨ ਸੰਭਵ ਨਹੀਂ ਹੈ।

120 Sir Monier Monier-Williams, A Sanskrit-English Dictionary, p. 755.

121 ਰਾਮ ਚੰਦ੍ਰ ਵਰਮਾ (ਸੰਪਾ.), ਮਾਨਕ ਹਿੰਦੀ ਕੋਸ਼, ਪ੍ਰਥਮ ਸੰਸਕਰਣ, ਚੌਥਾ ਖੰਡ, ਪੰਨਾ 219.

122 ਡਾ. ਧੀਰੇਂਦ੍ਰ ਵਰਮਾ, ਹਿੰਦੀ ਸਾਹਿੱਤਯ ਕੋਸ਼, ਪ੍ਰਥਮ ਸੰਸਕਰਣ, ਪੰਨਾ 735.

123 ਭਾਈ ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਤੀਜਾ ਸੰਸਕਰਣ, ਪੰਨਾ 941.

124 ਸਯਾਰ ਰਾਜਾ ਰਾਧਾਕਾਂਤ ਦੇਵ-ਬਹਾਦੁਰੇਣ, ਸ਼ਬਦਕਲਪਦ੍ਰੂਮ, ਭਾਗ ਤੀਜਾ, ਪੰਨਾ 509.

125 ਬਾਲ ਗੰਗਾਧਰ ਤਿਲਕ, ਸ਼੍ਰੀਮਦ ਭਗਵਦਗੀਤਾ ਰਹੱਸਯ ਅਥਵਾ ਕਰਮਯੋਗ ਸ਼ਾਸਤਰ, (ਅਨੁ. ਮਾਧਵ ਰਾਵ ਜੀ), ਗਿਆਰ੍ਹਵਾਂ ਸੰਸਕਰਣ, ਪੰਨਾ 12.

126 Dr. P. D. Chanratra, Methodology of The Major Bhashya on the Braham-Sutra, Ist edition, p. 3

127 ਵੇਦ ਭਾਸ਼ਯੋਂ ਪਰ ਕੁਛ ਵਿਚਾਰ, (http://www.hindiblogs.com/hindiblog/2007/2008/commentaries-of-vedas-some-thoughts.htmll)

128 ਭਾਈ ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਤੀਜਾ ਸੰਸਕਰਣ, ਪੰਨਾ 1247.

129 ਡਾ. ਧੀਰੇਂਦ੍ਰ ਵਰਮਾ, ਹਿੰਦੀ ਸਾਹਿੱਤਯ ਕੋਸ਼, ਪ੍ਰਥਮ ਸੰਸਕਰਣ, ਪੰਨਾ 735.

130 ਭਾਈ ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਤੀਜਾ ਸੰਸਕਰਣ, ਪੰਨਾ 1114.

131 ਸ਼ਯਾਮ ਸੁੰਦਰ ਦਾਸ (ਮੂ. ਸੰਪਾ.), ਹਿੰਦੀ ਸ਼ਬਦ ਸਾਗਰ, ਪੰਨਾ 4587.

132 ਭਾਈ ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 1114.

133 ਭਾਈ ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 1247.

134 ਰਾਮ ਚੰਦ੍ਰ ਵਰਮਾ (ਸੰਪਾ.), ਮਾਨਕ ਹਿੰਦੀ ਕੋਸ਼, ਪੰਨਾ 108.

135 ਡਾ. ਧੀਰੇਂਦ੍ਰ ਵਰਮਾ, ਹਿੰਦੀ ਸਾਹਿੱਤਯ ਕੋਸ਼, ਪ੍ਰਥਮ ਸੰਸਕਰਣ, ਪੰਨਾ 735.

136 ਉਹੀ, ਪੰਨਾ 311.

137 ਭਾਈ ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਤੀਜਾ ਸੰਸਕਰਣ, ਪੰਨਾ 551.

138 ਡਾ. ਰਤਨ ਸਿੰਘ ਜੱਗੀ (ਸੰਪਾ.), ਗੁਰਬਾਣੀ ਟੀਕੇ: ਆਨੰਦਘਨ, ਭੂਮਿਕਾ, ਪੰਨਾ 1.

139 ਡਾ. ਧੀਰੇਂਦ੍ਰ ਵਰਮਾ, ਹਿੰਦੀ ਸਾਹਿੱਤਯ ਕੋਸ਼, ਪ੍ਰਥਮ ਸੰਸਕਰਣ, ਪੰਨਾ 714.

140 ਸ੍ਰੀ ਨਵਲ ਜੀ (ਸੰਪਾ.), ਨਾਲੰਦਾ ਵਿਸ਼ਾਲ ਸ਼ਬਦ ਸਾਗਰ, ਪੰਨਾ 789.

141 ਭਾਈ ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਤੀਜਾ ਸੰਸਕਰਣ, ਪੰਨਾ 748.

142 ਡਾ. ਰਤਨ ਸਿੰਘ ਜੱਗੀ (ਸੰਪਾ.), ਗੁਰਬਾਣੀ ਟੀਕੇ: ਆਨੰਦਘਨ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970,ਭੂਮਿਕਾ, ਪੰਨਾ 1.

143 ਡਾ. ਤਾਰਨ ਸਿੰਘ, "ਗੁਰਬਾਣੀ ਪਰਮਾਰਥ", ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ (ਲੇਖਕ ਸੋਢੀ ਮਿਹਰਬਾਨ), ਪਹਿਲੀ ਸੈਂਚੀ, ਪੰਨਾ 98.

144 New Catholic Encyclopaedia, (Vol. VI), p. 1075.

145 ਭਾਈ ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 245.

146 ਡਾ. ਪਿਆਰ ਸਿੰਘ, ਆਰਟੀਕਲ 'ਟੀਕਾਕਾਰੀ : ਸਿਧਾਂਤਕ ਵਿਸ਼ਲੇਸ਼ਣ', 'ਟੀਕਾਕਾਰੀ, ਇਤਿਹਾਸਕਾਰੀ ਅਤੇ ਪੱਤਰਕਾਰੀ', ਪੰਨਾ 9.

147 ਡਾ. ਪਿਆਰਾ ਸਿੰਘ ਪਦਮ, ਪੰਨਾ 175.

148 ਡਾ. ਰਤਨ ਸਿੰਘ ਜੱਗੀ, ਗੁਰੂ ਗ੍ਰੰਥ ਵਿਸ਼ਵਕੋਸ਼ (ਭਾਗ ਪਹਿਲਾ), ਪੰਨਾ 298.

149 ਉਹੀ, ਪੰਨਾ 298.

150 ਵਣਜਾਰਾ ਬੇਦੀ, ਪੰਜਾਬੀ ਲੋਕਧਾਰਾ ਵਿਸ਼ਵਕੋਸ਼ (ਭਾਗ ਚੌਥਾ), ਪੰਨਾ 533.

151 ਉਹੀ, ਪੰਨਾ 533.

152 ਉਹੀ, ਪੰਨਾ 533.

153 ਸ੍ਰੀ ਤਾਰਾ ਨਾਥ, ਵਾਚਸਪਤ੍ਰਯਮ, ਛੇਵਾਂ ਭਾਗ, ਪੰਨਾ 4986.

154 ਪ੍ਰੋ. ਗੋਪੀਚੰਦ ਨਾਰੰਗ, ਸੰਰਚਨਾਵਾਦ ਉੱਤਰ-ਸੰਰਚਨਾਵਾਦ ਅਤੇ ਪੂਰਬੀ ਕਾਵਿ-ਸ਼ਾਸਤਰ, ਪੰਨਾ 262-263.

155 ਉਹੀ, ਪੰਨਾ 533.

156 Joachim Wach, 'On Understanding', Essays in the History of Religions, p. 1-5.

157 ਡਾ. ਗੁਲਜ਼ਾਰ ਸਿੰਘ ਕੰਗ, ਗੁਰਬਾਣੀ ਵਿਆਖਿਆ ਵਖਿਆਨ, ਪੰਨਾ 56.

158 Webster Dictionary of the English Language, P. 707.

159 New Webster Dictionary of the English Language, p. 451.

160 James Hastings (Ed.), Encyclopaedia of Religion and Ethics, (vol. VII), p. 392.

161 Marcea Eliade (ed.), Encyclopaedia of Religion,, Vol. VI, p. 279.

162 Ibid

163 Alter Robert, The Art of Biblical Narrative, p. 13-30.

164 ਪ੍ਰੋ. ਗੋਪੀਚੰਦ ਨਾਰੰਗ, ਸੰਰਚਨਾਵਾਦ ਉੱਤਰ-ਸੰਰਚਨਾਵਾਦ ਅਤੇ ਪੂਰਬੀ ਕਾਵਿ-ਸ਼ਾਸਤਰ, ਪੰਨਾ 263.

165 Heinz Kimmerle (Ed.), Notes On Friedrich Schleiermacher's Hermeneutics: The Handwritten Manuscripts, p 15.

166 ਪ੍ਰੋ. ਗੋਪੀਚੰਦ ਨਾਰੰਗ, ਸੰਰਚਨਾਵਾਦ ਉੱਤਰ-ਸੰਰਚਨਾਵਾਦ ਅਤੇ ਪੂਰਬੀ ਕਾਵਿ-ਸ਼ਾਸਤਰ, ਪੰਨਾ 264.

167 ਉਹੀ, ਪੰਨਾ 264

168 Dr. Richard Palmer, Hermeneutics, P. 16.

169 Ibid, P. 14.

170 Ibid, P. 21.

171 Ibid, P. 22.

172 Gadamer, Hans-Georg, Truth and Method, Trans. Joel Weinsheimer and Donald G Marshall, p. 306.

173 Webster's New World Dictionary (vol. I), p. 343.

174 The Oxford English Dictionary (vol. III), p. 396.

175 "Exegesis, or critical interpretation, and hermeneutics, or the science of interpretive principles, of the Bible have been used by both Jews and Christians throughout thier histories for various purposes. The most common purpose has been discovering the truths and values of the Old and New Testaments by means of various techniques and principles, though very often, owing to the exigencies of certain historical conditions, polemical or apologetical situations anticipate the truth or value to be discovered

and thus dictate the type of exegesis or hermeneutic to be used. The primary goal, however, is to arrive at biblical truths and values by an unbiassed use of exegesis and hermeneutics.” (Encyclopedia Britanica (vol.IV) p. 2.

176 ਡਾ. ਬਲਵੰਤ ਸਿੰਘ ਢਿੱਲੋਂ (ਸੰਪਾ.), ਗੁਰਬਾਣੀ : ਵਿਆਖਿਆ ਅਤੇ ਵਿਆਖਿਆ-ਸ਼ਾਸਤਰ, ਪੰਨਾ 41.

177 Exegesis, Encyclopedea of America (vol. X), p. 759.

178 ਡਾ. ਬਲਵੰਤ ਸਿੰਘ ਢਿੱਲੋਂ (ਸੰਪਾ.), ਗੁਰਬਾਣੀ : ਵਿਆਖਿਆ ਅਤੇ ਵਿਆਖਿਆ-ਸ਼ਾਸਤਰ, ਪੰਨਾ 40-41.

179 Dictionary of Christianity in America, 1990, P. 421. “Exegesis is the practice of discovering the meaning of a text in its original cultural, historical, literary and theological context...restating the meaning of a text for their contemporary situation.”

180 ਡਾ. ਬਲਵੰਤ ਸਿੰਘ ਢਿੱਲੋਂ (ਸੰਪਾ.), ਗੁਰਬਾਣੀ : ਵਿਆਖਿਆ ਅਤੇ ਵਿਆਖਿਆ-ਸ਼ਾਸਤਰ, ਪੰਨਾ 42-43.

# ਅਧਿਆਇ-ਤੀਜਾ

# ਵਿਆਖਿਆਕਾਰੀ ਦਾ ਗੁਰਮਤਿ ਪਰਿਪੇਖ

## ਅਧਿਆਇ-ਤੀਜਾ

# ਵਿਆਖਿਆਕਾਰੀ ਦਾ ਗੁਰਮਤਿ ਪਰਿਪੇਖ

ਖੋਜ ਪ੍ਰਬੰਧ ਦੇ ਇਸ ਅਧਿਆਇ ਦਾ ਮੁੱਖ ਉਦੇਸ਼ ਸਿੱਖ ਧਰਮ ਚਿੰਤਨ ਵਿੱਚ ਗੁਰੂ-ਬਾਣੀ ਦੀ ਪੂਰਨ ਅਭਿਵਿਅਕਤੀ ਲਈ ਵਿਆਖਿਆਕਾਰੀ ਅਤੇ ਸ਼ਬਦ ਦੇ ਸੰਕਲਪ ਸੰਬੰਧੀ ਚਰਚਾ ਕਰਨਾ ਹੈ।ਇਸ ਉਦੇਸ਼ ਦੀ ਪ੍ਰਾਪਤੀ ਲਈ ਗੁਰਬਾਣੀ ਵਿਆਖਿਆ ਦਾ ਸੰਕਲਪ, ਸਰੂਪ, ਵਿਉਂਤ, ਉਦੇਸ਼, ਮਹੱਤਵ ਅਤੇ ਚੁਣੌਤੀਆਂ ਨੂੰ ਦਰਸਾ ਕੇ ਵਿਭਿੰਨ ਦ੍ਰਿਸ਼ਟੀਕੋਣਾਂ ਤੋਂ ਸਿਰਜੇ ਗਏ ਸਿਧਾਂਤਾਂ ਅਨੁਸਾਰ ਗੁਰਬਾਣੀ ਦਾ ਵਿਆਖਿਆ-ਸ਼ਾਸਤਰ ਉਸਾਰਨ ਵੱਲ ਜੋ ਕਦਮ ਵਧਾਏ ਜਾ ਰਹੇ ਹਨ ਉਨ੍ਹਾਂ ਦੀ ਚਰਚਾ ਕੀਤੀ ਗਈ ਹੈ।

## 3.1 ਸਿੱਖ ਧਰਮ ਚਿੰਤਨ ਦਾ ਆਧਾਰ : ਸ਼ਬਦ

'ਗੁਰਮਤਿ' ਸ਼ਬਦ ਸਿੱਖ ਧਰਮ ਚਿੰਤਨ ਦੇ ਸਿਧਾਂਤਕ ਪੱਖ ਨੂੰ ਦਰਸਾਉਂਦਾ ਹੈ।ਪਿਛਲੀਆਂ ਲਗਭਗ ਸਾਢੇ ਪੰਜ ਸਦੀਆਂ ਵਿੱਚ ਵਿਕਸਿਤ ਹੋਈ ਸਿੱਖ ਧਰਮ ਪਰੰਪਰਾ ਵਿੱਚ 'ਗੁਰਮਤਿ' ਦੋ ਸ਼ਬਦਾਂ 'ਗੁਰੂ' ਅਤੇ 'ਮੱਤ' ਦੇ ਮੇਲ਼ ਤੋਂ ਬਣਿਆ ਹੈ ਜਿਸ ਵਿੱਚ 'ਗੁਰੂ' ਤੋਂ ਭਾਵ ਅਗਿਆਨਤਾ ਦਾ ਹਨ੍ਹੇਰਾ ਦੂਰ ਕਰਨ ਵਾਲਾ ਅਤੇ 'ਮੱਤ' ਤੋਂ ਭਾਵ 'ਸਿੱਖਿਆ' ਹੈ।ਇਸ ਪ੍ਰਕਾਰ ਗੁਰਮਤਿ ਤੋਂ ਭਾਵ ਉਹ ਸੇਧ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਬਾਣੀਕਾਰਾਂ ਦੁਆਰਾ ਸਿੱਖ ਧਰਮ ਦੇ ਅਨੁਯਾਈਆਂ ਨੂੰ ਦਿੱਤੀ ਗਈ ਹੈ।

ਹਰ ਧਰਮ ਦਾ ਮੂਲ ਆਧਾਰ ਉਸ ਧਰਮ ਦੇ ਪ੍ਰਵਰਤਕ ਜਾਂ ਪੈਗੰਬਰ ਦਾ ਰੱਬੀ ਅਨੁਭਵ ਹੁੰਦਾ ਹੈ ਜੋ ਕਿ ਉਹ ਆਪਣੇ ਧਰਮ ਦੇ ਧਰਮ ਗ੍ਰੰਥ ਦੁਆਰਾ ਆਪਣੇ ਧਰਮ ਦੇ ਪੈਰੋਕਾਰਾਂ ਤੱਕ ਸੰਚਾਰਿਤ ਕਰਦਾ ਹੈ।ਸਿੱਖ ਪਰੰਪਰਾ ਵਿੱਚ ਸ਼ਬਦ ਦਾ ਆਪਣਾ ਨਿਵੇਕਲਾ ਸਥਾਨ ਹੈ।ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਪ੍ਰਵਚਨ ਰਾਹੀਂ ਉਜਾਗਰ ਹੁੰਦਾ ਹੈ ਕਿ 'ਸ਼ਬਦ' ਪਾਰੰਪਰਿਕ ਸਾਧਾਰਣ ਗਿਆਨ ਨਹੀਂ ਸਗੋਂ ਵਿਸ਼ੇਸ਼ ਪ੍ਰਕਾਰ ਦੇ ਅਧਿਆਤਮਕ ਗਿਆਨ ਦਾ ਲਖਾਇਕ ਹੈ।ਗੁਰੂ ਸਾਹਿਬਾਨ ਦੇ ਸਮੇਂ ਤੋਂ ਹੀ ਬਾਣੀ ਨੂੰ 'ਸ਼ਬਦ' ਦੇ ਅਰਥਾਂ ਵਿੱਚ ਵਰਤਿਆ ਜਾਂਦਾ ਰਿਹਾ ਹੈ।ਅੱਜ ਵੀ ਗੁਰਬਾਣੀ ਦੇ ਹਰ ਸਲੋਕ, ਵਾਕ, ਪਦਾ, ਛੰਤ, ਪਉੜੀ ਜਾਂ ਅਸ਼ਟਪਦੀ ਆਦਿ ਨੂੰ ਸਾਧਾਰਣ ਲਹਿਜੇ ਵਿੱਚ 'ਸ਼ਬਦ' ਕਰਕੇ ਹੀ ਜਾਣਿਆ ਜਾਂਦਾ ਹੈ ਅਤੇ ਹਰੇਕ 'ਸ਼ਬਦ' ਅਕਾਲ ਪੁਰਖ਼ ਦਾ ਜੀਵੰਤ ਬਚਨ, ਹੁਕਮ, ਗੁਰਮੰਤ੍ਰ ਅਤੇ

ਧਰਮ ਪ੍ਰਵਾਨ ਕੀਤਾ ਗਿਆ ਹੈ। ਗੁਰੂ ਨਾਨਕ ਦੇਵ ਜੀ ਬਾਣੀ-ਪ੍ਰਬੰਧ ਦੇ ਆਦਿ ਆਚਾਰੀਆ ਵੀ ਹਨ। ਉਨ੍ਹਾਂ ਨੇ 'ਸ਼ਬਦ' ਨੂੰ ਬਾਣੀ ਦੇ ਪ੍ਰਯਾਇ ਕਰਕੇ ਵਰਤਿਆ ਹੈ। ਇਹੋ ਕਾਰਣ ਹੈ ਕਿ ਉਨ੍ਹਾਂ ਤੋਂ ਬਾਅਦ ਆਉਣ ਵਾਲੇ ਲਗਭਗ ਸਾਰੇ ਗੁਰੂ ਸਾਹਿਬਾਨ ਨੇ ਬਾਣੀ-ਪਾਠ ਲਈ 'ਸ਼ਬਦ' ਦੀ ਵਰਤੋਂ ਕੀਤੀ ਹੈ।[1] ਸ਼ਬਦ ਦੇ ਅਰਥ ਆਵਾਜ਼ ਨਹੀਂ, ਸ਼ਬਦ ਦੇ ਅਰਥ ਕੇਵਲ ਲਫ਼ਜ਼ ਜਾਂ ਕਵਿਤਾ ਦੇ ਬੰਦ ਵੀ ਨਹੀਂ, ਸਗੋਂ ਗਿਆਨ ਦਾ ਇੱਕ ਚੇਤਨ ਪ੍ਰਵਾਹ ਜੋ ਮਾਧਿਅਮ ਬਣ ਕੇ ਵਕਤੇ ਅਤੇ ਸਰੋਤੇ ਵਿਚਕਾਰ ਸਾਂਝ ਪੈਦਾ ਕਰਦਾ ਹੈ ਤੇ ਬਾਣੀ ਸੰਦੇਸ਼ ਨੂੰ ਸਮੁੱਚੀ ਲੋਕਾਈ ਤੱਕ ਸੰਚਾਰਿਤ ਕਰਦਾ ਹੈ, ਉਹ 'ਸ਼ਬਦ' ਹੈ।[2] ਡਾ. ਮਹਿੰਦਰ ਕੌਰ ਗਿੱਲ ਅਨੁਸਾਰ:

> ਬਾਣੀ ਰਚਨਾ ਸੰਸਾਰ ਵਿੱਚ 'ਸ਼ਬਦ' ਦੀ ਸੰਕਲਪਕ ਵਰਤੋਂ ਲਗਭਗ ਨੌਂ ਅਰਥਾਂ ਵਿੱਚ ਹੋਈ ਹੈ। ਮਸਲਨ ਗੁਰੂ[3], ਹੁਕਮ[4], ਗੁਰਮੰਤ੍ਰ[5], ਨਾਮ[6], ਕਰਤੱਵ[7], ਗੁਰਉਪਦੇਸ਼[8], ਬ੍ਰਹਮ[9], ਪੈਗ਼ਾਮ[10], ਗੁਰਬਾਣੀ[11]।[12]

ਸ਼ਬਦ ਦੋ ਪ੍ਰਕਾਰ ਦਾ ਮੰਨਿਆ ਗਿਆ ਹੈ : ਆਹਤ ਅਤੇ ਅਨਾਹਤ। ਆਹਤ ਉਹ ਧੁਨੀ, ਨਾਦ ਜਾਂ ਆਵਾਜ਼ ਹੁੰਦੀ ਹੈ ਜੋ ਘੱਟੋ ਘੱਟ ਦੋ ਵਸਤੂਆਂ ਦੇ ਪਰਸਪਰ ਟਕਰਾਉ ਤੋਂ ਪੈਦਾ ਹੁੰਦੀ ਹੈ। ਇੰਝ ਆਵਾਜ਼, ਧੁਨੀ ਜਾਂ ਬੋਲ ਲਈ ਦੋ ਵਸਤਾਂ ਦੇ ਮੇਲ ਦੀ ਜ਼ਰੂਰਤ ਹੈ। ਅਨਾਹਤ ਧੁਨੀ, ਨਾਦ ਜਾਂ ਆਵਾਜ਼ ਆਪਣੇ-ਆਪ ਪੈਦਾ ਹੁੰਦੀ ਹੈ ਅਤੇ ਨਿਰੰਤਰ ਚਲਦੀ ਰਹਿੰਦੀ ਹੈ। ਗੁਰਮਤਿ ਅਨੁਸਾਰ ਅਜਿਹੀ ਧੁਨੀਹੀਣ ਆਵਾਜ਼ ਸੁਣਨ ਲਈ ਯੋਗ ਸਾਧਨਾ ਦੀ ਲੋੜ ਨਹੀਂ। ਗੁਰਮਤਿ ਦੇ ਰਾਹੀਂ ਨਾਮ ਜਪ ਕੇ, ਸਤਿਗੁਰੂ ਦੀ ਸੇਵਾ ਕਰਕੇ ਅਤੇ ਹਉਮੈ ਗਵਾ ਕੇ ਪਾਰਬ੍ਰਹਮ ਦੇ ਮਿਲਾਪ ਦਾ ਆਨੰਦ ਦਸਮ ਦੁਆਰ ਵਿੱਚ ਅਨੇਕਾਂ ਨਾਦਾਂ ਦੇ ਰਸ ਦੇ ਰੂਪ ਵਿੱਚ ਆਉਂਦਾ ਹੈ ਜਿਸ ਨੂੰ ਗੁਰਬਾਣੀ ਵਿੱਚ 'ਅਨਾਹਤ ਸ਼ਬਦ', 'ਪੰਚ ਸ਼ਬਦ' ਜਾਂ 'ਅਨਹਦ ਨਾਦ' ਕਿਹਾ ਗਿਆ ਹੈ। ਇਹ ਹੀ ਸ਼ਬਦ ਦੀ ਸਭ ਤੋਂ ਉੱਚੀ ਪੱਧਰ ਹੈ।[13]

ਗੁਰਮਤਿ ਰਾਮੁ ਜਪੈ ਜਨੁ ਪੂਰਾ॥

ਤਿਤੁ ਘਟ ਅਨਹਤ ਬਾਜੇ ਤੂਰਾ॥[14]

ਸਿੱਖ ਭਾਈਚਾਰੇ ਵਿੱਚ 'ਸ਼ਬਦ' ਨੂੰ 'ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ'[15] ਕਹਿਣ ਦਾ ਵੀ ਪ੍ਰਚਲਨ ਹੈ। ਸਿੱਖ ਗੁਰੂ ਸਾਹਿਬਾਨ ਪਰਮ ਸਤਿ ਦੇ ਸੰਕਲਪ ਨੂੰ ਜਗਤ ਤੱਕ ਪਹੁੰਚਾਉਣ ਲਈ 'ਸ਼ਬਦ' ਦਾ ਪ੍ਰਯੋਗ ਕਰਦੇ ਹਨ। ਉਨ੍ਹਾਂ ਦੇ ਅਨੁਸਾਰ ਸ਼ਬਦ ਇੱਕ ਐਸੀ ਹਸਤੀ ਹੈ ਜਿਸ ਦੇ ਬਗੈਰ ਸ੍ਰਿਸ਼ਟੀ ਦੀ ਕਿਸੇ ਵੀ ਹੋਂਦ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ।[16] ਸਿੱਖ ਧਰਮ ਵਿੱਚ 'ਸ਼ਬਦ' ਨੂੰ ਹੀ ਕੇਂਦ੍ਰੀਅਤਾ ਪ੍ਰਦਾਨ ਕਰਕੇ 'ਗੁਰੂ' ਦਾ ਦਰਜ਼ਾ ਦਿੱਤਾ ਗਿਆ ਹੈ। ਕਿਹਾ ਜਾ ਸਕਦਾ ਹੈ ਕਿ 'ਸ਼ਬਦ' ਦਾ ਸੰਕਲਪ ਹੀ ਸਿੱਖ ਧਰਮ ਦਾ ਬੁਨਿਆਦੀ ਸੰਕਲਪ ਹੈ ਕਿਉਂਕਿ ਇਸ ਦਾ ਸੰਬੰਧ ਬ੍ਰਹਮ, ਜਗਤ, ਆਤਮਾ ਅਤੇ ਮਨੁੱਖੀ ਜੀਵਨ ਸਭ ਨਾਲ ਹੈ। 'ਸ਼ਬਦ' ਦਾ ਸੰਕਲਪ ਸਮਝਣ ਨਾਲ ਹੀ ਬਾਕੀ ਸਭ ਸੰਕਲਪਾਂ ਦੇ ਭਾਵ ਅਰਥਾਂ ਦੀ ਸੋਝੀ ਹੋ ਸਕਦੀ ਹੈ। ਗੁਰਬਾਣੀ ਵਿੱਚ ਸ਼ਬਦ ਨੂੰ 'ਸਬਦ', 'ਸਬਦੰ', 'ਸਬਦਹ', 'ਸਬਦਿ', 'ਸਬਦੀ', 'ਸਬਦੁ', 'ਸਬਦੈ' ਅਥਵਾ 'ਸਬਦੌ' ਆਦਿ ਵੱਖ-ਵੱਖ ਰੂਪਾਂ ਵਿੱਚ ਤਕਰੀਬਨ 1875 ਵਾਰੀ ਵਰਤਿਆ ਗਿਆ ਹੈ। ਇਸ ਦਾ ਵੇਰਵਾ ਇਸ ਪ੍ਰਕਾਰ ਹੈ:

| | | |
|---|---|---|
| ਸ਼ਬਦ ਸੁਤੰਤਰ ਰੂਪ ਵਿੱਚ | - | 1226 ਵਾਰੀ |
| ਅਨਹਦ ਸ਼ਬਦ | - | 38 ਵਾਰੀ |
| ਗੁਰੂ ਨਾਲ ਸੰਬੰਧਤ ਰੂਪ ਵਿੱਚ | - | 571 ਵਾਰੀ [17] |

ਸੰਸਾਰ ਦੇ ਕੁਝ ਧਰਮਾਂ ਨੇ ਸ਼ਬਦ ਨੂੰ ਮਹਾਨਤਾ ਤਾਂ ਦਿੱਤੀ ਹੈ ਪ੍ਰੰਤੂ 'ਗੁਰੂ' ਸਿੱਖ ਧਰਮ ਤੋਂ ਇਲਾਵਾ ਕਿਸੇ ਨੇ ਨਹੀਂ ਮੰਨਿਆ। ਭਾਰਤੀ ਚਿੰਤਨ ਵਿੱਚ ਵੀ ਸ਼ਬਦ ਦੀ ਪਰੰਪਰਾ ਬਹੁਤ ਪੁਰਾਣੀ ਹੈ। ਪਰੰਪਰਾਗਤ ਸਮਾਜ ਵਿੱਚ 'ਸ਼ਬਦ' ਬ੍ਰਾਹਮਣ ਦੀ ਗਿਆਨ ਪ੍ਰਾਪਤੀ ਦਾ ਸਾਧਨ ਹੈ, ਖੜ੍ਰੀ ਦੀ ਸੂਰਬੀਰਤਾ ਅਤੇ ਸ਼ੂਦ੍ਰ ਦੁਆਰਾ ਦੂਜਿਆਂ ਦੀ ਸੇਵਾ ਕਰਨ ਦੇ ਕਰਤੱਵ ਦਾ ਪ੍ਰਗਟਾਓ ਕਰਨ ਵਾਲਾ ਸਾਧਨ ਹੈ:

ਜੋਗ ਸਬਦੰ ਗਿਆਨ ਸਬਦੰ ਬੇਦ ਸਬਦੰ ਬ੍ਰਹਮਣਹ॥

ਖਤ੍ਰੀ ਸਬਦੰ ਸੂਰ ਸਬਦੰ ਸੂਦ੍ਰ ਸਬਦੰ ਪਰਾ ਕ੍ਰਿਤਹ॥[18]

ਬਾਣੀ ਵਿੱਚ ਭਾਵੇਂ ਸ਼ਬਦ ਦੀ ਵਿਭਿੰਨ ਅਧਿਐਨ ਦ੍ਰਿਸ਼ਟੀਆਂ ਤੋਂ ਵਿਆਖਿਆ ਕੀਤੀ ਗਈ ਹੈ ਪ੍ਰੰਤੂ ਮੁਢਲੇ ਤੌਰ ਉੱਤੇ ਸ਼ਬਦ-ਬ੍ਰਹਮ ਨੂੰ ਉਸ ਨਿਰਗੁਣ ਬ੍ਰਹਮ ਦੇ ਸਰਗੁਣੀ ਪ੍ਰਕਾਸ਼ ਦਾ

ਮਾਧਿਅਮ ਸਵੀਕਾਰਿਆ ਗਿਆ ਹੈ।ਸ਼ਬਦ ਉਸ ਅਦ੍ਰਿਸ਼ਟ, ਅਗੋਚਰ ਨੂੰ ਸਮਝਣ, ਬੁੱਝਣ ਤੇ ਚੀਨਣ ਦਾ ਸਾਧਨ ਵੀ ਹੈ।ਇਸੇ ਕਰਕੇ ਗੁਰੂ ਨਾਨਕ ਸ਼ਬਦ ਨੂੰ ਗੁਰੂ ਰੂਪ ਵਿੱਚ ਪ੍ਰਸਤੁਤ ਕਰਦੇ ਹਨ।[19] ਮਨੁੱਖ ਦੇ ਸਰੀਰਕ ਯੰਤਰ ਜਾਂ ਇੰਦ੍ਰਿਆਵੀ ਯੋਗਤਾਵਾਂ ਤੋਂ ਪਰ੍ਹੇ, ਅਗੋਚਰ ਸੱਚਾਈਆਂ ਦੇ ਗਿਆਨ ਵੱਲ ਸੰਕੇਤ ਕਰਦੀਆਂ ਗਿਆਨ ਸਿਧਾਂਤੀ ਸਥਿਤੀਆਂ ਲਈ ਜੋ ਪ੍ਰਮਾਣ[20] ਬੁਨਿਆਦੀ ਮਹੱਤਵ ਰੱਖਦਾ ਹੈ, ਉਹ ਹੈ 'ਸ਼ਬਦ'।ਭਾਰਤੀ ਸ਼ਾਸਤਰਾਂ ਨੇ 'ਪ੍ਰਮਾਣ' ਤੇ ਬਹੁਤ ਬਲ ਦਿੱਤਾ ਹੈ।ਸਾਧਾਰਨ ਸ਼ਬਦਾਂ ਵਿੱਚ 'ਪ੍ਰਮਾਣ' ਦਾ ਭਾਵ ਇਹ ਹੈ ਕਿ ਜੋ ਗਿਆਨ ਜਾਂ ਸਿਧਾਂਤ ਕਿਸੇ 'ਸ਼ਾਸਤਰ' ਜਾਂ 'ਗ੍ਰੰਥ' ਵਿੱਚ ਦਿੱਤਾ ਗਿਆ ਹੈ ਉਸ ਤੱਕ ਰਚੇਤਾ ਦੀ ਪਹੁੰਚ ਕਿਵੇਂ ਹੋਈ ਭਾਵ ਇਹ ਗਿਆਨ ਰਚਨਾਕਾਰ ਨੂੰ ਕਿਵੇਂ ਪ੍ਰਾਪਤ ਹੋਇਆ।ਆਮ ਕਰਕੇ ਇਹ ਪ੍ਰਮਾਣ ਪ੍ਰਤੱਖ, ਅਨੁਮਾਨ ਅਤੇ ਅਨੁਭਵ ਹਨ ਭਾਵ ਗਿਆਨ ਇੰਦ੍ਰੀਆਂ, ਬੁੱਧੀ ਅਤੇ ਆਤਮਕ ਸ਼ਕਤੀ ਨਾਲ ਪ੍ਰਾਪਤ ਹੋ ਸਕਦਾ ਹੈ।[21] ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਤਮਕ ਸ਼ਕਤੀ ਨੂੰ 'ਸ਼ਬਦ' ਜਾਂ 'ਬਾਣੀ' ਦਾ ਪ੍ਰਮਾਣ ਮੰਨਿਆ ਹੈ।ਪ੍ਰੇਮਾ ਭਗਤੀ, ਸਿਮਰਨ ਅਤੇ ਸੰਜਮ ਨਾਲ ਮਨੁੱਖ ਨੂੰ ਸ਼ਬਦ-ਸਿਧੀ ਜਾਂ ਅਨੁਭਵ ਸ਼ਕਤੀ ਪ੍ਰਾਪਤ ਹੋ ਜਾਂਦੇ ਹਨ।ਇਹ ਵਿਸ਼ੇਸ਼ ਸ਼ਕਤੀ ਪ੍ਰਭੂ-ਹਸਤੀ ਦਾ ਜਾਤੀ ਅਨੁਭਵ ਤੇ ਤਜ਼ਰਬਾ ਹੈ।ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜੋ ਵੀ ਗਿਆਨ ਹੈ, ਉਹ ਬਾਣੀਕਾਰਾਂ ਦੇ ਜਾਤੀ ਅਨੁਭਵ ਵਿੱਚੋਂ ਉਪਜਿਆ ਹੈ ਤੇ ਸ਼ਬਦ-ਸਿਧੀ ਦੁਆਰਾ ਸੰਚਾਰਿਤ ਹੋਇਆ ਹੈ।ਸੋ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਦਾਰਸ਼ਨਿਕ ਸਿਧਾਂਤ ਹੀ ਇਹ ਹੈ ਕਿ ਆਤਮਕ ਗਿਆਨ ਦਾ ਮੁੱਖ ਆਧਾਰ ਅਨੁਭਵ ਹੈ।ਇਹ ਪਰਮ ਸੱਤਾ ਦੇ ਉਸ ਸਦੀਵੀਂ ਗਿਆਨ ਦੀ ਪ੍ਰਾਪਤੀ ਦਾ ਇੱਕੋ ਇੱਕ ਸ੍ਰੋਤ ਹੈ ਜਿਸ ਦੇ ਪ੍ਰਗਟਾਵੇ ਦਾ ਸਾਧਨ, ਪ੍ਰਮਾਣ ਜਾਂ ਆਧਾਰ-ਸਾਮਗ੍ਰੀ 'ਸ਼ਬਦ' ਹੀ ਹੈ:

ਹਰਿ ਜੀਉ ਸਾਚਾ ਸਾਚੀ ਬਾਣੀ ਸਬਦਿ ਮਿਲਾਵਾ ਹੋਈ॥[22]

ਡਾ. ਬਲਕਾਰ ਸਿੰਘ ਇਸ ਸੰਬੰਧ ਵਿੱਚ ਆਪਣੇ ਵਿਚਾਰ ਇੰਝ ਬਿਆਨ ਕਰਦੇ ਹਨ:

> ਬਾਣੀ ਦੇ ਮਰਮ ਦਾ ਭੇਦ 'ਸਬਦ ਬੀਚਾਰੁ' ਨਾਲ ਹੀ ਪੱਲੇ ਪੈ ਸਕਦਾ ਹੈ ਪਰ ਇਸ ਵਾਸਤੇ ਦੋ ਚੀਜਾਂ ਲੋੜੀਂਦੀਆਂ ਹਨ।ਇੱਕ ਮਾਨਸਿਕਤਾ ਅਤੇ ਦੂਜਾ ਪਿਆਸ ਜਾਂ ਲੋੜ।[23]

ਭਾਵੇਂ ਸਾਰੇ ਹੀ ਧਰਮਾਂ ਨੇ ਸ਼ਬਦ ਪ੍ਰਮਾਣ ਰਾਹੀਂ ਰੱਬੀ ਗਿਆਨ ਦਾ ਅਨੁਭਵ ਸਰਬ ਸਾਂਝਾ ਕੀਤਾ ਹੈ ਪ੍ਰੰਤੂ ਸਿੱਖ ਧਰਮ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਹੋਰ ਬਾਣੀਕਾਰਾਂ ਨੂੰ ਰੱਬੀ

ਗਿਆਨ ਦਾ ਜੋ ਆਤਮਕ ਅਨੁਭਵ ਪ੍ਰਾਪਤ ਹੋਇਆ ਉਨ੍ਹਾਂ ਨੇ ਉਸੇ ਵੇਲੇ ਉਸ ਨੂੰ ਉਸੇ ਅਵਤਰਿਤ ਰੂਪ ਵਿੱਚ ਸ਼ਬਦ ਦੇ ਮਾਧਿਅਮ ਨਾਲ ਲਿਖ ਕੇ ਸਾਂਭ ਲਿਆ ਜਿਸ ਨੂੰ ਗੁਰੂ-ਕਾਲ ਦੇ ਦੌਰਾਨ ਹੀ ਗ੍ਰੰਥ ਦਾ ਰੂਪ ਦੇ ਦਿੱਤਾ ਗਿਆ ਤੇ ਪਹਿਲੀ ਵਾਰ ਅਧਿਆਤਮਕਤਾ ਦੇ ਖੇਤਰ ਵਿੱਚ ਕਿਸੇ ਪਵਿੱਤਰ ਲਿਖਤ ਨੂੰ ਗੁਰੂ ਬਾਣੀਕਾਰਾਂ ਨੇ ਆਪ ਸਥਾਪਤ ਕਰਕੇ ਪੈਰੋਕਾਰਾਂ ਵੱਲੋਂ ਉਤੱਮਤਾ ਦੇ ਆਧਾਰ ਉੱਤੇ ਧਰਮ ਗ੍ਰੰਥ ਸਥਾਪਤ ਕਰਨ ਦੀ ਲੋੜ ਨੂੰ ਮੁਕਾ ਦਿੱਤਾ।[24] ਇਸ ਤਰ੍ਹਾਂ ਸ਼ਬਦ-ਪ੍ਰਮਾਣਿਤ ਇਸ ਗ੍ਰੰਥ ਨੂੰ ਗੁਰੂ ਦਾ ਦਰਜ਼ਾ ਦੇ ਕੇ 'ਸ਼ਬਦ-ਗੁਰੂ' ਦੇ ਨਾਂ ਨਾਲ ਨਿਵਾਜਿਆ ਗਿਆ।ਡਾ. ਬਲਕਾਰ ਸਿੰਘ ਅਨੁਸਾਰ:

> ਪੂਰਬ ਨਾਨਕ-ਕਾਲ ਵਿੱਚ (੧੪੬੯ ਤੋਂ ਪਹਿਲਾਂ) ਸ਼ਬਦ ਦੀ ਸ਼ਕਤੀ ਦੀ ਇਜ਼ਾਰੇਦਾਰੀ 'ਰਿਸ਼ੀ' ਕੋਲ ਸੀ ਅਤੇ ਇਹ ਸ਼ਕਤੀ ਆਮ ਆਦਮੀ ਦੀ ਪਹੁੰਚ ਵਿੱਚ ਨਹੀਂ ਸੀ।ਇਸ ਨਾਲ ਅਧਿਆਤਮਿਕ ਸ਼ਰੇਣੀ ਅਤੇ ਸ਼ਰਧਾਲੂ ਸ਼ਰੇਣੀ ਪੈਦਾ ਹੋ ਗਈਆਂ ਸਨ।ਗੁਰੂ ਨਾਨਕ ਦੇਵ ਜੀ ਨੇ ਧਾਰਮਿਕ ਵਿਚੋਲਗੀ ਨਾਲ ਪੈਦਾ ਹੋਏ ਧਾਰਮਿਕ ਸੰਕਟ ਨੂੰ ਸਮਝਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਸੀ।...ਉਨ੍ਹਾਂ ਨੇ ਮਹਿਸੂਸ ਕਰ ਲਿਆ ਸੀ ਕਿ ਅਕਾਲ ਪੁਰਖ ਅਤੇ ਜਿਗਿਆਸੂ ਵਿਚਕਾਰ ਧਰਮ ਦੇ ਨਾਮ ਤੇ ਜੋ ਵਿਚੋਲਾ ਸ਼ਰੇਣੀ ਪੈਦਾ ਹੋ ਗਈ ਹੈ, ਉਹ "ਗੁਰੂ ਬਿਨਾਂ ਗਤਿ ਨਹੀਂ" ਨੂੰ ਹੀ ਧਰਮ ਸਥਾਪਤ ਕਰਨ ਵਿੱਚ ਸਫਲ ਹੋ ਗਈ ਹੈ।[25]

ਸਿੱਖ ਧਰਮ ਚਿੰਤਨ ਅਨੁਸਾਰ 'ਸ਼ਬਦ-ਗੁਰੂ' ਦੇ ਮਾਧਿਅਮ ਰਾਹੀਂ ਜਿਸ ਦੈਵੀ ਪੁਰਖ ਦੀ ਇੱਛਾ ਵਿਅਕਤ ਹੋ ਰਹੀ ਹੈ, ਉਸੇ ਦਾ ਹੁਕਮ ਮਾਨਵੀ ਭਾਸ਼ਾ ਦਾ ਸਰੂਪ ਲੈ ਰਿਹਾ ਹੈ ਤੇ ਕੇਵਲ ਭਾਸ਼ਾਈ ਪ੍ਰਤੀਕਾਂ ਦੁਆਰਾ ਜਗਤ ਦਾ ਮਾਰਗ਼ ਦਰਸ਼ਨ ਕਰ ਰਿਹਾ ਹੈ।ਸ਼ਬਦ ਬ੍ਰਹਮ ਦਾ ਚਿੱਤ ਰੂਪ ਹੋਣ ਕਰਕੇ ਗਿਆਨ ਹੈ।ਚੇਤਨਤਾ ਸਭ ਜੀਵਾਂ ਅੰਦਰ ਹੈ।[26]

ਜੀਆ ਅੰਦਰਿ ਜੀਉ ਸਬਦੁ ਹੈ॥

ਜਿਤੁ ਸਹ ਮੇਲਾਵਾ ਹੋਇ॥[27]

ਇਹੀ ਚੇਤਨਤਾ ਜਾਂ ਸੁਰਤਿ ਬ੍ਰਹਮ ਤੇ ਮਨੁੱਖ ਦੇ ਵਿਚਕਾਰ ਦੀ ਅਜਿਹੀ ਹਸਤੀ ਹੈ ਜੋ ਦੋਨਾਂ ਨੂੰ ਜੋੜਨ ਦੇ ਸਮਰੱਥ ਹੈ।ਸੁਰਤਿ ਹੀ ਬ੍ਰਹਮ ਦੇ ਭੇਦ ਨੂੰ ਸ਼ਬਦ ਰਾਹੀਂ ਪਛਾਣ ਸਕਦੀ ਹੈ।ਸ਼ਬਦ ਸੁਰਤਿ ਦੇ ਮੇਲ ਨਾਲ ਹੀ ਪ੍ਰਭੂ ਪ੍ਰਾਪਤੀ ਸੰਭਵ ਹੈ।[28]

ਸਬਦੁ ਗੁਰੂ ਸੁਰਤਿ ਧੁਨਿ ਚੇਲਾ॥[29]

ਸ਼ਬਦ ਦੀ ਵੀਚਾਰ ਤੇ ਅਮਲ ਸ਼ਬਦ ਗੁਰੂ ਦੀ ਪਹਿਲੀ ਸਿੱਖਿਆ ਹੈ।ਸ਼ਬਦ ਇੱਕ ਟਕਸਾਲ ਹੈ ਜੋ ਮਨੁੱਖੀ ਸ਼ਖ਼ਸੀਅਤ ਨੂੰ ਸੁਆਰਨ ਦੀ ਸ਼ਕਤੀ ਰੱਖਦੀ ਹੈ।ਸ਼ਬਦ ਦੀ ਵੀਚਾਰ ਨਾਲ ਹਉਮੈ ਮਰ ਜਾਂਦੀ ਹੈ ਤੇ ਗਿਆਨ ਇੰਦਰੀਆਂ ਤੇ ਕਰਮ ਇੰਦਰੀਆਂ ਸੰਜਮ ਵਿੱਚ ਰਹਿ ਕੇ ਸੁਰਤਿ, ਮਤ, ਮਨ, ਬੁੱਧ ਦੀ ਘਾੜਤ ਘੜਨ ਦਾ ਕੰਮ ਕਰਦੀਆਂ ਹਨ।[30] ਸੁਰਤਿ ਦਾ ਗੁਰਬਾਣੀ ਵਿੱਚ ਅਰਥ ਹੈ – ਗੁਰ ਉਪਦੇਸ਼ ਵਿੱਚ ਚਿੱਤ ਲਾਉਣਾ ਜਾਂ ਵੀਚਾਰ ਨਾਲ ਸਤਿਗੁਰੂ ਦੀ ਸਿੱਖਿਆ ਨੂੰ ਅੰਤਹਕਰਣ ਵਿੱਚ ਵਸਾਉਣਾ।ਗੁਰੂ ਦਾ ਸ਼ਬਦ ਆਵੇਸ਼ ਹੈ, ਕਲਪਨਾ ਨਹੀਂ।ਕਲਪਨਾ ਦਾ ਸੰਬੰਧ ਗਿਆਨ ਇੰਦਰੀਆਂ ਨਾਲ ਹੁੰਦਾ ਹੈ, ਗੁਰ ਸ਼ਬਦ ਦਾ ਸੰਬੰਧ ਆਤਮਾ ਨਾਲ ਹੈ।ਕਲਪਿਤ ਰਚਨਾ ਬਾਹਰਮੁਖੀ ਭਾਵ ਸੰਸਾਰਿਕ ਗਿਆਨ ਹੈ ਪ੍ਰੰਤੂ ਗੁਰ-ਸ਼ਬਦ ਦਾ ਗਿਆਨ ਅੰਤਰਮੁਖੀ ਅਨੁਭਵ ਹੈ।ਸ਼ਬਦ ਦੇ ਅਨੁਭਵੀ ਗਿਆਨ ਨੂੰ ਉਚਾਰਨ ਸਮੇਂ ਗੁਰੂ ਪ੍ਰਭੂ ਨਾਲ ਇੱਕ ਸੁਰ ਹੁੰਦਾ ਹੈ।ਸ਼ਬਦ, ਪ੍ਰਭੂ ਦੇ ਆਪਣੇ ਬੋਲ ਹੁੰਦੇ ਹਨ।ਗੁਰੂ ਰਾਹੀਂ ਰਚਿਆ ਸ਼ਬਦ ਹੀ ਪ੍ਰਮਾਣਿਤ ਸ਼ਬਦ ਹੈ ਕਿਉਂਕਿ ਇਹ ਗੁਰੂ ਨੇ ਪ੍ਰਭੂ ਵਿੱਚ ਸੁਰਤ ਜੋੜ ਕੇ ਉਚਾਰਨ ਕੀਤਾ ਹੁੰਦਾ ਹੈ ਅਤੇ ਇਹ ਸ਼ਬਦ ਹੀ ਮਨੁੱਖ ਨੂੰ ਉਸ ਪ੍ਰਭੂ ਜਾਂ ਅੰਤਿਮ ਸਦੀਵੀਂ ਸਤਿ ਨਾਲ ਮੇਲ ਜਾਂ ਯੋਗ ਕਰਾਉਣ ਦੇ ਕਾਬਿਲ ਹੁੰਦਾ ਹੈ।ਪ੍ਰਿੰਸੀਪਲ ਹਰਭਜਨ ਸਿੰਘ ਗੁਰਮਤਿ ਵਿੱਚ 'ਸੁਰਤਿ ਸ਼ਬਦ' ਦੇ ਸਿਧਾਂਤ ਦੀ ਵਿਆਖਿਆ ਕਰਦੇ ਹੋਏ ਆਖਦੇ ਹਨ:

> ਮਨੁੱਖੀ ਅੰਤਹਕਰਣ ਵਿੱਚ ਸੁਰਤਿ ਦੇ ਨਾਲ-ਨਾਲ ਮਨ ਤੇ ਬੁੱਧੀ ਵੀ ਹਨ।ਮਨ ਸਮੂਹ ਕਾਮਨਾਵਾਂ, ਇੱਛਾਵਾਂ ਤੇ ਲਾਲਸਾਵਾਂ ਦਾ ਮੰਥਨ ਹੈ, ਸੰਕਲਪਾਂ ਦਾ ਪਲੰਦਾ ਅਤੇ ਦੁੱਖ, ਦਰਦ, ਖੁਸ਼ੀ ਦੇ ਮਹਿਸੂਸ ਕਰਨ ਵਾਲਾ ਹੈ।ਮਨ ਤੋਂ ਉੱਪਰਲਾ ਤੱਤ ਬੁੱਧੀ ਹੈ ਜਿਸ ਵਿੱਚ ਵਿਵੇਕ, ਵੀਚਾਰ ਤੇ ਸੋਝੀ ਹੁੰਦੀ ਹੈ।ਭਾਵੇਂ ਇਹ ਭਲੇ-ਬੁਰੇ ਦਾ ਨਿਸ਼ਚੈ ਕਰਨ ਦੀ ਸੋਝੀ ਰੱਖਦੀ ਹੈ ਪਰ ਇਸ ਦੀ ਪਹੁੰਚ ਵੀ ਸੀਮਿਤ ਹੈ।ਇਸ

> ਦੇ ਨਿਰਣੈ ਪੰਜ ਗਿਆਨ-ਇੰਦਰੀਆਂ ਦੀ ਉਪਲਬਧ ਸਾਮੱਗਰੀ ਉੱਤੇ ਹੀ ਆਧਾਰਿਤ ਹਨ।ਬੁੱਧੀ ਕਿਉਂਕਿ ਪੰਜ ਤੱਤਾਂ ਦੀ ਉਪਜ ਹੈ, ਇਸ ਲਈ ਜੋ ਤੱਤ ਇਨ੍ਹਾਂ ਪੰਜਾਂ ਤੱਤਾਂ ਤੋਂ ਉੱਪਰ ਵਰਤਦੇ ਹਨ, ਉਹ ਇਸ ਦੀ ਪਹੁੰਚ ਤੋਂ ਪਰ੍ਹੇ ਹਨ।ਆਤਮਾ-ਪਰਮਾਤਮਾ ਦੇ ਵਿਸ਼ਾਲ ਖੇਤਰ ਵਿੱਚ ਇਸ ਦਾ ਪ੍ਰਵੇਸ ਨਹੀਂ।ਪਰਾਭੌਤਿਕ ਮਸਲੇ ਇਸ ਦੀ ਪਕੜ ਵਿੱਚ ਨਹੀਂ ਆਉਂਦੇ।ਇੱਥੇ ਪਹੁੰਚ ਹੈ ਸੁਰਤਿ ਦੀ।ਸੁਰਤਿ ਪੰਜਾਂ ਗਿਆਨ-ਇੰਦਰੀਆਂ ਤੋਂ ਉੱਤੇ ਹੈ, ਛੇਵੀਂ ਸੂਝ। ਇਸ ਦੀ ਸੂਝ ਕਲਾ ਪਰਾਭੌਤਿਕ ਵੀ ਹੈ ਤੇ ਭੌਤਿਕ ਵੀ।[31]

ਇਉਂ ਸਮੁੱਚੇ ਰੂਪ ਵਿੱਚ ਆਖਿਆ ਜਾ ਸਕਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਜਿੱਥੇ 'ਸ਼ਬਦ' ਨੂੰ ਬ੍ਰਾਹਮਣ ਦੀ ਇਜ਼ਾਰੇਦਾਰੀ ਤੋਂ ਮੁਕਤ ਕਰ ਕੇ ਗਿਆਨ ਦੀ ਧਾਰਾ ਨੂੰ ਸਮੁੱਚੇ ਜਗਤ ਵਿੱਚ ਪ੍ਰਵਾਹਿਤ ਕਰਨ ਦਾ ਉਪਰਾਲਾ ਕਰ ਰਹੀ ਹੈ ਉੱਥੇ 'ਸ਼ਬਦ' ਦੇ ਮਾਧਿਅਮ ਰਾਹੀਂ ਇੱਕ ਨਵੇਂ ਅਤੇ ਕ੍ਰਾਂਤੀਕਾਰੀ ਸੱਭਿਆਚਾਰ ਨੂੰ ਵਿਕਸਿਤ ਕਰਨਾ ਲੋੜਦੀ ਹੈ।ਇਸੇ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਵਿੱਤਰ 'ਸ਼ਬਦ' ਨੂੰ ਵਿਦਵਾਨਾਂ ਦੁਆਰਾ ਸਿੱਖ ਧਰਮ, ਸਿੱਖ ਚਿੰਤਨ, ਸਿੱਖ ਸੱਭਿਆਚਾਰ ਅਤੇ ਸਿੱਖ ਮਰਿਯਾਦਾ ਦਾ ਮੂਲ, ਬੁਨਿਆਦੀ ਅਤੇ ਕੇਂਦਰੀ ਬਿੰਦੂ ਸਵੀਕਾਰ ਕੀਤਾ ਗਿਆ ਹੈ।

## 3.2 ਗੁਰਬਾਣੀ ਵਿਆਖਿਆ : ਸੰਕਲਪ, ਸਰੂਪ ਅਤੇ ਵਿਉਂਤ

'ਗੁਰਬਾਣੀ-ਵਿਆਖਿਆ' ਸਿੱਖ ਜਗਤ ਦੇ ਰੂਹਾਨੀ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਮਝਣ ਦਾ ਇੱਕ ਬੌਧਿਕ ਉਪਰਾਲਾ ਹੈ।ਗੁਰਬਾਣੀ ਰਚਨਾ ਤੋਂ ਲੈ ਕੇ ਹੁਣ ਤੱਕ ਨਿਰੰਤਰ ਅਜਿਹੇ ਅਨੇਕ ਬੌਧਿਕ ਯਤਨ ਹੁੰਦੇ ਆਏ ਹਨ ਜੋ ਕਿ ਆਪੋ ਆਪਣੇ ਸਮੇਂ ਨੂੰ ਮੁਖ਼ਾਤਬ ਹੋ ਕੇ ਆਪਣੀ ਜਿੰਮੇਵਾਰੀ ਨਿਭਾਉਂਦੇ ਰਹੇ ਹਨ।ਅਕਾਦਮਿਕ ਪੱਧਰ ਉੱਤੇ ਵੀ ਵੱਖ-ਵੱਖ ਅੰਤਰਦ੍ਰਿਸ਼ਟੀਆਂ ਜਿਵੇਂ ਕਿ ਪਾਠਾਤਮਕ, ਇਤਿਹਾਸਕ, ਦਾਰਸ਼ਨਿਕ, ਅਨੁਭਵਵਾਦੀ, ਸੱਭਿਆਚਾਰਕ, ਮਨੋਵਿਗਿਆਨਕ, ਮਾਨਵ ਵਿਗਿਆਨਕ, ਧਰਮ ਸ਼ਾਸਤਰੀ, ਆਦਰਸ਼ਵਾਦੀ, ਨਾਰੀਵਾਦੀ ਅਤੇ ਤੁਲਨਾਤਮਕ ਆਦਿ ਅਨੁਸ਼ਾਸਨਾਂ ਦੀ ਮਦਦ ਨਾਲ ਗੁਰਬਾਣੀ ਦੇ ਲਗਾਤਾਰ ਅਧਿਐਨ ਕੀਤੇ ਜਾ ਰਹੇ ਹਨ।ਗੁਰਬਾਣੀ ਦਾ ਇਹ ਬਹੁਪੱਖੀ ਵਿਸ਼ਲੇਸ਼ਣ ਹੀ 'ਗੁਰਬਾਣੀ

ਵਿਆਖਿਆ' ਦਾ ਅਸਲ ਸਰੂਪ ਨਿਸ਼ਚਿਤ ਕਰਦਾ ਹੈ।ਪੱਛਮ ਵਿੱਚ ਤਾਂ ਭਾਵੇਂ ਪਿਛਲੀਆਂ ਦੋ ਸਦੀਆਂ ਤੋਂ ਵਿਆਖਿਆ ਦੀ ਸਮੀਖਿਆ ਲਈ ਵਿਆਖਿਆ ਸ਼ਾਸਤਰ ਵੀ ਹੋਂਦ ਵਿੱਚ ਆ ਗਏ ਹਨ ਪ੍ਰੰਤੂ ਗੁਰਬਾਣੀ ਵਿਆਖਿਆ ਦੀ ਸਮੀਖਿਆ ਲਈ ਅਜੇ ਤੱਕ ਅਜਿਹਾ ਕੋਈ ਸਿਧਾਂਤਬੱਧ ਵਿਆਖਿਆ ਸ਼ਾਸਤਰ ਹੋਂਦ ਵਿੱਚ ਨਹੀਂ ਆਇਆ ਜੋ ਗੁਰਬਾਣੀ ਦੀ ਵਿਆਖਿਆ ਸੰਬੰਧੀ ਸਿਧਾਂਤ ਘੜ੍ਹ ਸਕੇ।[32]

### 3.2.1 **ਗੁਰਬਾਣੀ ਵਿਆਖਿਆ : ਸੰਕਲਪ**

ਗੁਰਬਾਣੀ ਦੀ ਸਮਝ ਮੁੱਖ ਰੂਪ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਇਸ ਦੇ ਬਾਣੀਕਾਰਾਂ/ਰਚਨਾਕਾਰਾਂ ਦੀ ਸੁਮੇਲਤਾ ਵਿੱਚੋਂ ਹੀ ਉਜਾਗਰ ਹੁੰਦੀ ਹੈ।ਇਸ ਨੂੰ ਸਮਝੇ ਬਿਨਾਂ ਗੁਰਬਾਣੀ ਦੀ ਠੀਕ ਸਮਝ ਪੈਦਾ ਨਹੀਂ ਕੀਤੀ ਜਾ ਸਕਦੀ।ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਬਾਣੀਕਾਰਾਂ ਦਾ ਰੱਬੀ-ਅਨੁਭਵ ਆਪਣੇ ਅਦੁੱਤੀ ਕਾਵਿਮਈ ਸਰੂਪ, ਸ਼ੈਲੀ, ਰੂਪਕਾਂ, ਪ੍ਰਤੀਕਾਂ, ਬਿੰਬਾਂ, ਚਿੰਨ੍ਹਾਂ, ਅਲੰਕਾਰਾਂ, ਦ੍ਰਿਸ਼ਟਾਂਤਾਂ ਅਤੇ ਮਿੱਥਾਂ ਆਦਿ ਦੇ ਮਿਲਵੇਂ ਰੂਪ ਵਿੱਚ ਪ੍ਰਗਟ ਹੋਇਆ ਹੈ ਜਿਸ ਦੀ ਪਹਿਲੀ ਅਧਿਕਾਰੀ ਵਿਆਖਿਆ 'ਗੁਰਬਾਣੀ' ਆਪ ਹੀ ਹੈ।ਵਿਆਖਿਆਕਾਰੀ ਦਾ ਕੰਮ ਰਹੱਸਮਈ ਰਚਨਾ ਦੇ ਅਰਥਾਂ ਦੀਆਂ ਪਰਤਾਂ ਨੂੰ ਇਸ ਤਰ੍ਹਾਂ ਖੋਲ੍ਹ ਕੇ ਪ੍ਰਸਤੁਤ ਕਰਨਾ ਹੁੰਦਾ ਹੈ ਕਿ ਉਸ ਨਾਲ ਨਾ ਕੇਵਲ ਉਸ ਵਿੱਚ ਵਿਲੁਪਤ ਸੰਦੇਸ਼ ਆਪਣੇ ਸਾਰੇ ਪਾਸਾਰਾਂ ਸਹਿਤ ਉੱਘੜ ਕੇ ਸਾਹਮਣੇ ਆ ਜਾਵੇ ਸਗੋਂ ਰਚਨਾ ਵਿੱਚ ਮੂਰਤੀਮਾਨ ਅਨੁਭਵ ਵੀ ਸਾਖਿਆਤ ਪ੍ਰਤੀਤ ਹੁੰਦਾ ਹੋਵੇ।ਡਾ. ਬਲਵੰਤ ਸਿੰਘ ਢਿੱਲੋਂ ਇਸ ਸੰਬੰਧੀ ਆਖਦੇ ਹਨ:

> ਜਦੋਂ ਕੋਈ ਧਾਰਮਿਕ ਰਹਿਬਰ ਰੱਬ ਵੱਲੋਂ ਪ੍ਰਾਪਤ ਹੋਏ ਗਿਆਨ ਨੂੰ ਮਨੁੱਖਤਾ ਦੇ ਭਲੇ ਲਈ ਦੈਵੀ ਸੰਦੇਸ਼ ਵਜੋਂ ਪ੍ਰਚਾਰਦਾ ਹੈ ਤਾਂ ਉਸ ਦਾ ਪ੍ਰਵਚਨ ਸ਼ਬਦਾਂ ਦਾ ਜਾਮਾ ਪਹਿਨ ਕੇ ਦੈਵੀ ਪਾਠ ਦਾ ਰੂਪ ਧਾਰ ਲੈਂਦਾ ਹੈ ਜੋ ਅੱਗੋਂ ਜਾ ਕੇ ਧਰਮ ਗ੍ਰੰਥ ਦੀ ਸ਼ਕਲ ਅਖ਼ਤਿਆਰ ਕਰ ਲੈਂਦਾ ਹੈ।ਇੱਕ ਕਿਸਮ ਨਾਲ ਕਿਸੇ ਧਰਮ ਸੰਸਥਾਪਕ ਦੇ ਧਾਰਮਿਕ ਅਨੁਭਵ/ਗਿਆਨ ਦੀ ਮੁਢਲੀ ਵਿਆਖਿਆ ਉਸ ਦੁਆਰਾ ਦਿੱਤਾ ਪ੍ਰਵਚਨ ਜਾਂ ਰਚੀ ਬਾਣੀ ਹੀ ਹੁੰਦੀ ਹੈ।[33]

### 3.2.1.1 **ਗੁਰਬਾਣੀ ਅਤੇ ਵਿਆਖਿਆ : ਅੰਤਰ ਸੰਬੰਧ**

ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਦੇ ਉੱਤਰਾਧਿਕਾਰੀ ਗੁਰੂ ਸਾਹਿਬਾਨ ਨੂੰ ਅਕਾਲ ਪੁਰਖ਼ ਦੀ ਪ੍ਰੇਰਣਾ ਅਤੇ ਆਤਮਿਕ ਅਨੁਭਵ ਰਾਹੀਂ ਜੋ ਦੈਵੀ ਗਿਆਨ ਪ੍ਰਾਪਤ ਹੋਇਆ, ਉਹ ਸ਼ਬਦ ਰੂਪ ਵਿੱਚ ਉਸੇ ਆਤਮਿਕ ਅਨੁਭਵ ਦੀ ਮੁਢਲੀ ਵਿਆਖਿਆ ਦੇ ਤੌਰ ਉੱਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ।ਗੁਰੂ ਨਾਨਕ ਦੇਵ ਜੀ ਦੀਆਂ ਲਗਭਗ ਸਾਰੀਆਂ ਹੀ ਜਨਮ ਸਾਖੀਆਂ ਨੇ ਇਸ ਰੱਬੀ ਅਨੁਭਵ ਬਾਰੇ ਬਿਆਨ ਕੀਤਾ ਹੈ[34] ਭਾਵੇਂ ਗੁਰਬਾਣੀ ਦੇ ਪਦਾਂ ਅਤੇ ਤੁਕਾਂ ਦੇ ਭਾਵ ਅਰਥਾਂ ਦੀ ਸਪਸ਼ਟਤਾ ਲਈ ਬਾਅਦ ਵਿੱਚ ਵੀ ਅਨੇਕ ਯਤਨ ਹੁੰਦੇ ਆ ਰਹੇ ਹਨ ਪ੍ਰੰਤੂ ਗੁਰੂ ਸਾਹਿਬਾਨ ਦੁਆਰਾ ਕੀਤਾ ਗਿਆ ਵਿਆਖਿਆਕਾਰੀ ਦਾ ਪਹਿਲਾ ਉੱਦਮ ਸਭ ਤੋਂ ਵਧੇਰੇ ਅਧਿਕਾਰੀ, ਭਰੋਸੇਯੋਗ ਅਤੇ ਪ੍ਰਮਾਣੀਕ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲਿਖਿਤ ਪਾਠ ਨੂੰ 'ਗੁਰਬਾਣੀ' ਕਿਹਾ ਜਾਂਦਾ ਹੈ ਜਿਸ ਦਾ ਰੁਤਬਾ ਆਪਣੇ ਆਪ ਵਿੱਚ ਸ੍ਵੈ-ਪ੍ਰਮਾਣਿਤ ਹੈ।ਗੁਰਬਾਣੀ ਦੀ ਵਿਆਖਿਆ ਸੰਬੰਧੀ ਸਿੱਖ ਪੰਥ ਵਿਸ਼ਵਕੋਸ਼ ਵਿੱਚ ਡਾ. ਰਤਨ ਸਿੰਘ ਜੱਗੀ ਸਿੱਧੇ ਰੂਪ ਵਿੱਚ ਕੋਈ ਪਰਿਭਾਸ਼ਾ ਪੇਸ਼ ਨਹੀਂ ਕਰਦੇ ਹਨ ਪਰ ਵਿਆਖਿਆ ਸੰਬੰਧੀ ਆਖਦੇ ਹਨ:

> ਵਿਸਤਾਰ ਵਿੱਚ ਅਰਥ ਸਮਝਾਉਣ ਵਾਲੀ ਰਚਨਾ ਨੂੰ ਵਿਆਖਿਆ ਦਾ ਨਾਂ ਦਿੱਤਾ ਜਾਂਦਾ ਹੈ।[35]

ਵਿਆਖਿਆ ਸੰਬੰਧੀ ਡਾ. ਹਰਮਹਿੰਦਰ ਸਿੰਘ ਬੇਦੀ ਦੇ ਵਿਚਾਰ ਕੁਝ ਇਸ ਤਰ੍ਹਾਂ ਹਨ:

> ਵਿਆਖਿਆ ਵਿਸਤਾਰ ਪੂਰਵਕ ਅਤੇ ਭਾਵ ਪੂਰਵਕ ਹੁੰਦੀ ਹੈ।ਵਿਆਖਿਆ ਵੈਸੇ ਗੰਭੀਰ ਅਤੇ ਸਾਰਥਕ ਨਹੀਂ ਹੁੰਦੀ।ਬਹੁਤੀਆਂ ਵਿਆਖਿਆਵਾਂ ਲਫ਼ਾਜ਼ੀ ਦਾ ਸ਼ਿਕਾਰ ਹੋ ਜਾਂਦੀਆਂ ਹਨ।[36]

### 3.2.1.2 **ਗੁਰਬਾਣੀ ਵਿਆਖਿਆ ਅਗਾਧ ਬੋਧ ਹੈ:**

ਗੁਰਬਾਣੀ ਵਿਆਖਿਆ ਦੇ ਸਰੂਪ, ਪਰਿਭਾਸ਼ਾ, ਪ੍ਰਯੋਜਨ ਅਤੇ ਤੱਤਾਂ ਸੰਬੰਧੀ ਚਰਚਾ ਗੁਰਬਾਣੀ ਦੀ ਰਚਨਾ ਹੋਣ ਤੋਂ ਲੈ ਕੇ ਹੁਣ ਤੱਕ ਚਲਦੀ ਆ ਰਹੀ ਹੈ।ਇਹ ਚਰਚਾ ਅੱਜ ਵੀ ਜਾਰੀ ਹੈ।ਹੁਣ ਤੱਕ ਹੋ ਚੁੱਕੇ ਗੁਰਬਾਣੀ ਵਿਆਖਿਆ ਦੇ ਸਾਰੇ ਯਤਨਾਂ ਨੂੰ ਇਕੱਤਰ ਕਰਕੇ

ਜੇਕਰ ਵਿਚਾਰ ਕੀਤੀ ਜਾਵੇ ਤਾਂ ਨਤੀਜਾ ਇਹ ਨਿਕਲਦਾ ਹੈ ਕਿ ਗੁਰਬਾਣੀ ਵਾਂਗ ਗੁਰਬਾਣੀ ਵਿਆਖਿਆ ਵੀ ਅਗਾਧ ਬੋਧ ਹੈ।ਮਨੁੱਖੀ ਸੋਝੀ ਵਿੱਚ ਉਹ ਦਿੱਬ ਦ੍ਰਿਸ਼ਟਤਾ ਅਤੇ ਉੱਚਾ ਆਤਮਕ ਅਨੁਭਵ ਨਹੀਂ ਕਿ ਧੁਰ ਦਰਗਾਹੋਂ ਉੱਤਰੇ ਇਸ ਅਗੰਮੀ ਅਤੇ ਰਹੱਸਮਈ ਗਿਆਨ ਦੀ ਮੌਲਿਕ ਪ੍ਰਕਿਰਤੀ ਉੱਤੇ ਚਾਨਣਾ ਪਾ ਸਕੇ।ਇਹ ਉਹ ਉਚੇਰਾ ਧਰਮ-ਵਿਗਿਆਨਕ ਕਾਰਜ ਹੈ ਜਿਸ ਨੂੰ ਪਰਿਭਾਸ਼ਿਤ ਕਰਨਾ ਔਖਾ ਹੀ ਨਹੀਂ, ਅਸੰਭਵ ਵੀ ਹੈ।ਸਿੱਖ ਚਿੰਤਕਾਂ ਨੇ ਗੁਰਬਾਣੀ ਵਿਆਖਿਆਕਾਰੀ ਦੇ ਜੋ ਵੀ ਯਤਨ ਕੀਤੇ ਹਨ ਉਹ ਤਾਂ ਇਸ ਦੈਵੀ ਸੰਕਲਪ ਨੂੰ ਸਮਝਣ ਦਾ ਨਿੱਕਾ ਜਿਹਾ ਹੰਭਲਾ ਹੈ।

'ਆਪ ਆਪਣੀ ਬੁਧਿ ਹੈ ਜੇਤੀ ਬਰਣਤ ਭਿੰਨ ਭਿੰਨ ਤੁਹਿ ਤੇਤੀ' ਦੇ ਮਹਾਂਵਾਕ ਅਨੁਸਾਰ ਮਨੁੱਖੀ ਸੋਚ ਵੀ ਗੁਰਬਾਣੀ ਦੀ ਵਿਆਖਿਆਕਾਰੀ ਕਰਦੇ ਹੋਏ ਆਪੋ ਆਪਣੇ ਅੰਦਾਜ਼ੇ ਤਾਂ ਕਿਆਸ ਸਕਦੀ ਹੈ ਪ੍ਰੰਤੂ 'ਨਾਨਕ ਸਾਇਰ' ਦੇ ਮੌਲਿਕ ਸੰਕਲਪ ਨੂੰ ਸਮੁੱਚਤਾ ਵਿੱਚ ਸਮਝ ਕੇ ਬਿਆਨ ਕਰਨਾ ਮਾਨਵੀ ਸੂਝ ਦੀ ਇੰਦ੍ਰਿਆਵੀ ਪਕੜ ਤੋਂ ਪਰ੍ਹੇ ਹੈ।ਫਿਰ ਵੀ ਕੁਝ ਸਿੱਖ ਚਿੰਤਕਾਂ ਦੇ ਗੁਰਬਾਣੀ ਦੀ ਵਿਆਖਿਆਕਾਰੀ ਸੰਬੰਧੀ ਦਿੱਤੇ ਵਿਚਾਰਾਂ ਨੂੰ ਇੱਥੇ ਵਾਚਦੇ ਹਾਂ।ਡਾ. ਤਾਰਨ ਸਿੰਘ ਅਨੁਸਾਰ :

> ਵਿਆਖਿਆਕਾਰੀ ਉਹ ਸਿਰਜਨਾਤਮਕ ਕਲਾ ਹੈ ਜੋ ਕਿਸੇ ਅਨੁਭਵੀ ਸਾਹਿਤਿਕ ਕਿਰਤ ਦੇ ਵਿਚਾਰਾਂ, ਭਾਵਾਂ, ਭਾਵਨਾਵਾਂ ਨੂੰ ਸਪਸ਼ਟ ਕਰਨ ਦਾ ਯਤਨ ਕਰਦੀ ਹੈ।[37]

ਡਾ. ਸਰਬਜਿੰਦਰ ਸਿੰਘ ਦੇ ਅਨੁਸਾਰ:

> ਵਿਆਖਿਆਕਾਰੀ ਦਾ ਕਾਰਜ ਕਿਸੇ ਵੀ ਰਚਨਾ ਵਿਚਲੇ ਗੁਹਜਮਈ ਅਰਥਾਂ ਨੂੰ ਬਹੁਤ ਹੀ ਸੁਖੈਨ ਢੰਗ ਨਾਲ ਸਰੋਤੇ ਜਾਂ ਪਾਠਕ ਦੀ ਚੇਤਨਾ ਦਾ ਹਿੱਸਾ ਬਣਾਉਣਾ ਹੁੰਦਾ ਹੈ।ਇਹ ਇੱਕ ਬਹੁਤ ਹੀ ਜਟਿਲ ਪ੍ਰਕਿਰਿਆ ਹੈ, ਖਾਸ ਕਰ ਉਸ ਵੇਲੇ ਜਦੋਂ ਵਿਆਖਿਆਕਾਰੀ ਦਾ ਖੇਤਰ ਧਰਮ ਜਾਂ ਧਾਰਮਿਕ ਰਚਨਾਵਾਂ ਹੋਣ।ਧਾਰਮਿਕ ਰਚਨਾਵਾਂ ਜਾਂ ਪਵਿੱਤਰ ਪ੍ਰਵਚਨਾਂ ਦਾ ਘੇਰਾ ਬਹੁਤ ਹੀ ਵਸੀਹ ਹੁੰਦਾ ਹੈ।ਧਰਮ ਨੂੰ ਆਧਾਰ ਸਾਮੱਗਰੀ ਬਣਾ ਕੇ ਰਚੇ ਗਏ ਸਾਹਿਤ ਦੇ ਦੋ ਮਹੱਤਵਪੂਰਣ

> ਰੂਪ ਸਾਡੇ ਸਾਹਮਣੇ ਆਏ ਹਨ, ਜਿਨ੍ਹਾਂ ਵਿੱਚੋਂ ਇੱਕ ਨੂੰ ਧਰਮ ਗ੍ਰੰਥ (ਧੁਰ ਕੀ ਬਾਣੀ) ਦਾ ਨਾਂ ਦਿੱਤਾ ਜਾਂਦਾ ਹੈ ਅਤੇ ਦੂਸਰਿਆਂ ਨੂੰ ਗ੍ਰੰਥ (ਵਿਆਖਿਆਕਾਰੀ) ਦਾ।...ਹਰ ਗ੍ਰੰਥ ਦਾ ਇੱਕ ਕਰਤਾ ਜ਼ਰੂਰੀ ਹੈ।ਇਹ ਕਰਤਾ ਜਾਂ ਰਚਨਾਕਾਰ ਆਪਣੀ ਬੁੱਧੀ ਦੇ ਬਲਬੂਤੇ ਧਰਮ ਗ੍ਰੰਥ ਦਾ ਅਧਿਐਨ ਕਰਦਾ ਹੈ ਅਤੇ ਆਪਣੀ ਸਮਰੱਥਾ ਅਨੁਸਾਰ ਧਰਮ ਗ੍ਰੰਥ ਵਿਚਲੇ ਗੁਹਜ ਦਾ ਅਧਿਐਨ ਕਰਦਾ ਹੋਇਆ ਉਸ ਵਿੱਚੋਂ ਇੱਕ ਗ੍ਰੰਥ ਦੀ ਰਚਨਾ ਕਰ ਲੈਂਦਾ ਹੈ।[38]

ਡਾ. ਪਰਮਵੀਰ ਸਿੰਘ ਅਨੁਸਾਰ:

> ਗੁਰਬਾਣੀ ਦੀ ਸੋਝੀ ਬੁੱਧੀ ਨਾਲ ਸੰਭਵ ਨਹੀਂ, ਆਤਮ-ਅਨੁਭਵ ਰਾਹੀਂ ਪਰਮਸਤਿ ਤੱਕ ਪਹੁੰਚਿਆ ਜਾ ਸਕਦਾ ਹੈ।ਆਤਮ-ਅਨੁਭਵ ਦੀ ਉੱਚਤਮ ਅਵਸਥਾ 'ਕਹੁ ਕਬੀਰ ਗੁੰਗੈ ਗੁੜ ਖਾਇਆ ਪੂਛੈ ਤੇ ਕਿਆ ਕਹੀਐ' ਵਾਲੀ ਹੋ ਜਾਂਦੀ ਹੈ ਜਿਸ ਵਿੱਚ ਅਨੁਭਵੀ ਅਵਸਥਾ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ।ਇਸ ਦਾ ਭਾਵ ਇਹ ਵੀ ਨਹੀਂ ਲੈਣਾ ਚਾਹੀਦਾ ਕਿ ਗੁਰਬਾਣੀ ਮਨੁੱਖੀ ਸਮਝ ਤੋਂ ਪਰ੍ਹੇ ਦੀ ਗੱਲ ਹੈ।ਨਵੀਂ ਪੀੜ੍ਹੀ ਹਰ ਇੱਕ ਗੱਲ ਨੂੰ ਤਰਕ ਦੇ ਅਧਾਰ ਉੱਤੇ ਸਮਝ ਕੇ ਅਪਨਾਉਣਾ ਚਾਹੁੰਦੀ ਹੈ।ਇਸੇ ਕਰਕੇ ਜਦੋਂ ਤਰਕ ਭਾਵਨਾ ਸਮਾਜ ਤੇ ਭਾਰੂ ਹੋ ਗਈ ਤਾਂ ਗੁਰਬਾਣੀ ਦੀ ਵਿਆਖਿਆ ਆਰੰਭ ਹੋਈ।[39]

ਡਾ. ਜਸਬੀਰ ਸਿੰਘ ਸਾਬਰ ਅਨੁਸਾਰ:

> ਸਾਹਿਤਕ ਦ੍ਰਿਸ਼ਟੀਕੋਣ ਤੋਂ ਧਰਮ ਗ੍ਰੰਥਾਂ ਦੀ ਰਚਨਾ ਲਈ ਵਰਤੀ ਜਾਂਦੀ ਕਾਵਿ-ਜੁਗਤ ਨੂੰ ਜਨ-ਚੇਤਨਾ ਦਾ ਅੰਗ ਬਣਾਉਣ ਲਈ ਅਤੇ ਇਨ੍ਹਾਂ ਵਿੱਚ ਸਮੋਏ ਲੁਪਤ-ਸੰਦੇਸ਼ਾਂ (coded messages) ਨੂੰ ਠੀਕ ਪ੍ਰਸੰਗ ਵਿੱਚ ਪ੍ਰਗਟ

> (decode) ਕਰਦਿਆਂ ਸੰਬੰਧਿਤ ਪੈਰੋਕਾਰਾਂ ਦੇ ਸਮਝ ਗੋਚਰ ਕਰਨ ਲਈ ਵਿਆਖਿਆ ਪਰੰਪਰਾ ਪ੍ਰਾਚੀਨ ਕਾਲ ਤੋਂ ਹੀ ਪ੍ਰਚਲਿਤ ਹੈ। ਇਸ ਪਰੰਪਰਾ ਦਾ ਮੰਤਵ ਸੰਬੰਧਿਤ ਧਰਮ-ਗ੍ਰੰਥ ਦੀ ਸਮੱਗ੍ਰੀ ਵਿੱਚ ਪ੍ਰਾਪਤ ਉਪਦੇਸ਼ਾਂ, ਸੰਦੇਸ਼ਾਂ ਅਤੇ ਆਦੇਸ਼ਾਂ ਨੂੰ ਉਸ ਦੇ ਸ਼ਬਦ-ਅਰਥ, ਕੇਂਦਰੀ-ਭਾਵ, ਸ਼ਬਦ-ਰਚਨਾ ਮੰਤਵ ਆਦਿ ਨੂੰ ਜਨ-ਮਾਨਸ ਲਈ ਇਸ ਤਰ੍ਹਾਂ ਸਰਲ ਬਣਾਉਣਾ ਹੁੰਦਾ ਹੈ ਤਾਂ ਜੋ ਉਹ ਉਸ ਦੀ ਚੇਤਨਾ ਵਿੱਚ ਦ੍ਰਿੜ ਹੋ ਸਕਣ।[40]

ਉਪਰੋਕਤ ਵਿਚਾਰਾਂ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਗੁਰਬਾਣੀ ਵਿਆਖਿਆਕਾਰੀ ਦਾ ਕਾਰਜ ਨਿਰੰਤਰ ਜਾਰੀ ਰਹਿਣ ਵਾਲਾ ਅਜਿਹਾ ਪਰਿਵਰਤਨਸ਼ੀਲ ਬੌਧਿਕ ਪ੍ਰਵਾਹ ਹੈ ਜੋ ਕਿ ਸਮੇਂ ਦੇ ਪਰਿਪੇਖ ਵਿੱਚ ਇੱਕ ਨਵਾਂ ਦ੍ਰਿਸ਼ਟੀਕੋਣ ਤਾਂ ਅਪਨਾ ਸਕਦਾ ਹੈ ਪ੍ਰੰਤੂ ਸੰਪੂਰਨ ਹੋਇਆ ਕਦੇ ਨਹੀਂ ਕਿਹਾ ਜਾ ਸਕਦਾ ਕਿਉਂਕਿ ਗੁਰਬਾਣੀ ਦੀ ਰਚਨਾ ਤੋਂ ਬਾਅਦ ਗੁਰਬਾਣੀ ਵਿਆਖਿਆ ਦਾ ਇਹ ਕਾਰਜ ਨਿਰੰਤਰ ਵਿਕਾਸਸ਼ੀਲ ਰਿਹਾ ਅਤੇ ਗੁਰਬਾਣੀ ਦੇ ਹੋਰ ਗਹਿਰੇ ਅਤੇ ਮੌਲਿਕ ਅਰਥਾਂ ਵੱਲ ਵਧਦਾ ਰਿਹਾ। ਇਸ ਸੰਬੰਧੀ ਇਹ ਕਿਹਾ ਜਾ ਸਕਦਾ ਹੈ ਕਿ ਜਿੱਥੇ ਭਾਸ਼ਾ ਅਤੇ ਪਰਿਭਾਸ਼ਕ ਸ਼ਬਦਾਵਲੀ ਦੇ ਅਰਥਾਂ ਵਿੱਚ ਨਿਰੰਤਰ ਪਰਿਵਰਤਨ ਹੁੰਦਾ ਰਹਿੰਦਾ ਹੈ ਉੱਥੇ ਨਵੇਂ ਸਮਿਆਂ ਵਿੱਚ ਨਵੀਂ ਸੂਝ ਬੂਝ ਨਾਲ ਹੋਏ ਗੁਰਬਾਣੀ ਵਿਆਖਿਆ ਦੇ ਨਵੇਂ ਯਤਨ ਸਾਹਮਣੇ ਆਉਂਦੇ ਰਹਿੰਦੇ ਹਨ।

### 3.2.2 ਗੁਰਬਾਣੀ -ਵਿਆਖਿਆ ਦਾ ਸਰੂਪ:

ਪੁਰਾਤਨ ਭਾਰਤੀ ਧਰਮ ਪਰੰਪਰਾ ਵਿੱਚ ਆਰੰਭ ਤੋਂ ਹੀ ਵਿਆਖਿਆਕਾਰੀ ਦੇ ਯਤਨ ਹੁੰਦੇ ਆਏ ਹਨ ਸਗੋਂ ਕਿਸੇ ਧਰਮ ਦੀ ਪ੍ਰਫੁੱਲਤਾ ਦਾ ਅੰਦਾਜ਼ਾ ਹੀ ਉਸ ਦੇ ਸਾਹਿਤ ਦੀ ਵਿਆਖਿਆਕਾਰੀ ਦੇ ਯਤਨਾਂ ਤੋਂ ਲਗਾਇਆ ਜਾਂਦਾ ਸੀ। ਸਿੱਖ ਵਿਦਵਾਨਾਂ ਨੇ ਵੀ ਇਨ੍ਹਾਂ ਪਹੁੰਚ ਵਿਧੀਆਂ ਰਾਹੀਂ ਗੁਰਬਾਣੀ ਵਿਆਖਿਆਕਾਰੀ ਕਰਕੇ ਪਰੰਪਰਾ ਨੂੰ ਅਗਾਂਹ ਤੋਰਿਆ। ਸਿੱਖ ਵਿਆਖਿਆਕਾਰੀ ਦੇ ਅੰਤਰਗਤ ਪਦ-ਅਰਥ, ਟੀਕੇ, ਭਾਸ਼, ਪਰਮਾਰਥ ਆਦਿ ਆਉਂਦੇ ਹਨ। ਡਾ. ਤਾਰਨ ਸਿੰਘ ਅਨੁਸਾਰ:

> ਪਦਾਰਥ ਵਿੱਚ ਪ੍ਰਯਾਯਵਾਚੀ ਸ਼ਬਦੀ ਅਰਥ ਹੁੰਦੇ ਹਨ; ਟੀਕਾ ਟਿੱਪਣੀਆਂ ਸਹਿਤ, ਰਚਨਾ ਨੂੰ ਸਰਲ ਬੋਲੀ ਵਿੱਚ ਇੰਨ ਬਿੰਨ ਪੇਸ਼ ਕਰਦਾ ਹੈ; ਭਾਸ਼ ਵਿੱਚ ਕਿਸੇ ਵਿਸ਼ੇਸ਼ ਦ੍ਰਿਸ਼ਟੀਕੋਣ ਤੋਂ ਰਚਨਾ ਦੇ ਸਿਧਾਂਤ ਤੇ ਭਾਵ, ਭਾਵਨਾ ਪ੍ਰਗਟ ਕੀਤੇ ਜਾਂਦੇ ਹਨ; ਪਰਮਾਰਥ ਰਚਨਾ ਦੇ ਅਧਿਆਤਮਕ ਸਿਧਾਂਤਾਂ ਨੂੰ ਸਪਸ਼ਟ ਕਰਦਾ ਹੈ।[41]

ਇੱਥੇ ਗੁਰਬਾਣੀ ਵਿਆਖਿਆ ਦੀਆਂ ਪਹੁੰਚ-ਵਿਧੀਆਂ ਰਾਹੀਂ ਇਸ ਦੇ ਸਰੂਪ ਨੂੰ ਵਿਚਾਰਨ ਦਾ ਯਤਨ ਕਰਦੇ ਹਾਂ:

### 3.2.2.1 **ਨਿਰੁਕਤੀ:**

ਟੀਕਾਕਾਰੀ ਦਾ ਸਭ ਤੋਂ ਪਹਿਲਾ ਅਤੇ ਅਤਿ ਪ੍ਰਾਚੀਨ ਰੂਪ ਨਿਰੁਕਤ ਹੈ।ਸੰਸਕ੍ਰਿਤ ਦੇ ਸ਼ਬਦ 'ਨਿਰੁਕਤ' ਦਾ ਕੋਸ਼ ਗਤ ਅਰਥ ਹੈ : ਉੱਤਮ ਰੀਤਿ ਨਾਲ ਕੀਤੀ ਹੋਈ ਵਿਆਖਿਆ, ਨਿਸ਼ਚੇ ਕਰਕੇ ਕਹੀ ਹੋਈ ਗੱਲ ਜਾਂ ਕਿਸੇ ਸ਼ਬਦ ਦੀ ਛਾਣ-ਬੀਣ ਕਰਕੇ ਉਸ ਦਾ ਠਹਿਰਾਇਆ ਹੋਇਆ ਅਰਥ[42]।ਨਿਰੁਕਤੀ ਦੀ ਵਿਧੀ ਪਹਿਲਾਂ-ਪਹਿਲ ਵੇਦਾਂ ਦੇ ਸੰਬੰਧ ਵਿੱਚ ਅਪਣਾਈ ਗਈ:

> ਵੈਦਿਕ ਸ਼ਬਦ-ਕੋਸ਼ ਦੇ ਪਦਾਂ (ਸ਼ਬਦਾਂ) ਦੇ ਜਿੰਨੇ ਵੀ ਸੰਭਾਵਿਤ ਅਰਥ ਹੋ ਸਕਦੇ ਹਨ ਉਨ੍ਹਾਂ ਦਾ ਵਰਣਨ ਜਿਸ ਵਿੱਚ ਹੋਵੇ, ਉਹ ਨਿਰੁਕਤ ਹੈ।[43]

ਸਿੱਖ ਵਿਦਵਾਨਾਂ ਨੇ ਵੀ ਇਨ੍ਹਾਂ ਪਹੁੰਚ-ਵਿਧੀਆਂ ਰਾਹੀਂ ਗੁਰਬਾਣੀ ਵਿਆਖਿਆਕਾਰੀ ਕਰਕੇ ਪਰੰਪਰਾ ਨੂੰ ਅਗਾਂਹ ਤੋਰਿਆ ਤੇ ਨਿਰੁਕਤ ਜਿਸ ਦਾ ਸ਼ਾਬਦਿਕ ਅਰਥ ਹੈ - ਅਕਥਿਤ ਜਾਂ ਜੋ ਕਹਿਆ ਨਹੀਂ ਜਾ ਸਕਦਾ, ਦੀ ਰਚਨਾ ਕੀਤੀ।ਇਸ ਵਿੱਚ ਗੁਰਬਾਣੀ ਦੇ ਗੂੜ੍ਹ, ਅਪ੍ਰਚਲਿਤ ਅਤੇ ਕਠਿਨ ਸ਼ਬਦਾਂ ਅਤੇ ਸੰਕਲਪਾਂ ਦੀ ਨਿਰੁਕਤੀ, ਵਿਉਂਤਪਤੀ, ਵਿਆਖਿਆ ਤੇ ਸ਼ਬਦ ਸਿੱਧੀ ਆਦਿ ਉੱਤੇ ਚਾਨਣਾ ਪਾਇਆ ਗਿਆ ਹੈ।ਸਿੱਖ ਸਾਹਿਤ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਨਿਰੁਕਤ ਭਾਈ ਵੀਰ ਸਿੰਘ ਦੇ ਛੋਟੇ ਭਰਾ ਡਾ. ਬਲਬੀਰ ਸਿੰਘ ਨੇ

ਤਿਆਰ ਕਰਨਾ ਆਰੰਭਿਆ ਸੀ ਪ੍ਰੰਤੂ ਉਨ੍ਹਾਂ ਦੇ ਅਕਾਲ ਚਲਾਣਾ ਕਰ ਜਾਣ ਕਰਕੇ ਉਸ ਨੂੰ ਡਾ. ਰਤਨ ਸਿੰਘ ਜੱਗੀ ਨੇ ਪੂਰਾ ਕੀਤਾ।

### 3.2.2.2 ਕੋਸ਼ਕਾਰੀ:

ਕੇਵਲ ਕਠਿਨ ਪਦਾਂ ਦੇ ਅਰਥ ਅੱਖਰ ਕ੍ਰਮ ਅਨੁਸਾਰ ਦਰਸਾਉਣ ਨੂੰ ਕੋਸ਼ਕਾਰੀ ਕਿਹਾ ਜਾਂਦਾ ਹੈ।ਗੁਰਬਾਣੀ ਵਿਆਖਿਆ ਅਧੀਨ ਵਿਗਿਆਨਕ ਤੌਰ ਉੱਤੇ ਸਭ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕੋਸ਼ਕਾਰੀ ਦੇ ਕਾਰਜ ਹੀ ਹੋਏ।ਪਹਿਲਾ ਕੋਸ਼ ਪੰਡਤ ਤਾਰਾ ਸਿੰਘ ਨਰੋਤਮ ਦੁਆਰਾ 'ਗੁਰੂ ਗਿਰਾਰਥ ਕੋਸ਼' (2 ਭਾਗ) 1889 ਈ. ਵਿੱਚ ਤਿਆਰ ਹੋਇਆ।ਹੋਰ ਵੀ ਅਨੇਕਾਂ ਜਿਵੇਂ ਕਿ 'ਕੋਸ਼ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ' (ਕ੍ਰਿਤ ਬਿਸ਼ਨ ਦਾਸ ਉਦਾਸੀ), 'ਗੁਰਸ਼ਬਦ ਰਤਨਾਕਰ ਮਹਾਨ ਕੋਸ਼' (ਕ੍ਰਿਤ ਭਾਈ ਕਾਨ੍ਹ ਸਿੰਘ ਨਾਭਾ), 'ਸ੍ਰੀ ਗੁਰੂ ਗ੍ਰੰਥ ਮਹਿਮਾ ਕੋਸ਼' (ਕ੍ਰਿਤ ਡਾ. ਪਿਆਰਾ ਸਿੰਘ ਪਦਮ), 'ਸ੍ਰੀ ਗੁਰੂ ਗ੍ਰੰਥ ਕੋਸ਼' (ਕ੍ਰਿਤ ਭਾਈ ਵੀਰ ਸਿੰਘ), 'ਸਿੱਖ ਧਰਮ ਵਿਸ਼ਵ ਕੋਸ਼' (ਕ੍ਰਿਤ ਡਾ. ਜੋਧ ਸਿੰਘ), 'ਗੁਰੂ ਗ੍ਰੰਥ ਵਿਸ਼ਵਕੋਸ਼' (ਦੋ ਭਾਗ) (ਕ੍ਰਿਤ ਡਾ. ਰਤਨ ਸਿੰਘ ਜੱਗੀ) ਆਦਿ ਛਪੇ।ਭਾਈ ਵੀਰ ਸਿੰਘ ਦੇ ਨਾਨਾ ਹਜ਼ਾਰਾ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਯਾਯਾਂ ਦਾ ਕੋਸ਼ 1898 ਈ. ਵਿੱਚ ਤਿਆਰ ਕੀਤਾ।ਇਸ ਤੋਂ ਪਹਿਲਾਂ ਵੀ ਪ੍ਰਯਾਯਾਂ ਦੇ ਖੇਤਰ ਵਿੱਚ ਸਿੱਖ ਸਾਹਿਤ ਵਿੱਚ ਅਨੇਕਾਂ ਕਾਰਜ ਹੋ ਚੁੱਕੇ ਸਨ।

### 3.2.2.3 ਕਥਾਕਾਰੀ:

ਭਾਈ ਕਾਨ੍ਹ ਸਿੰਘ ਨਾਭਾ ਦੇ ਮਹਾਨ ਕੋਸ਼ ਅਨੁਸਾਰ ਕਿਸੇ ਰਚਨਾ ਜਾਂ ਪਾਠ ਦੇ ਜ਼ੁਬਾਨੀ ਅਰਥ ਵਿਆਖਿਆ ਕਰਨ ਦਾ ਨਾਂ ਕਥਾਕਾਰੀ[44] ਹੈ।ਇਹ ਵਿਧੀ ਆਮ ਕਰਕੇ ਅਧਿਆਤਮਕ ਰਚਨਾਵਾਂ ਜਾਂ ਗੁਰਬਾਣੀ ਲਈ ਪ੍ਰਯੋਗ ਵਿੱਚ ਆਉਂਦੀ ਹੈ।ਕਰਤਾ ਪੁਰਖ ਦੀ ਮਹਿਮਾ ਨੂੰ ਗਾਇਨ ਕਰਨ ਵਾਲੇ ਕਥਾਕਾਰ ਅਖਵਾਉਂਦੇ ਹਨ।ਜਦੋਂ ਅਸੀਂ ਮੂੰਹ ਵਿੱਚੋਂ ਕਿਸੇ ਗੱਲ, ਅਨੁਭਵ ਜਾਂ ਵਿਚਾਰ ਨੂੰ ਦੱਸਣ ਲਈ ਬੋਲ ਰਹੇ ਹੁੰਦੇ ਹਾਂ ਤਾਂ ਉਹ ਵੀ ਕਿਸੇ ਵਸਤੂ ਜਾਂ ਮਨੋਭਾਵ ਦੀ ਵਿਆਖਿਆ ਹੀ ਕਰ ਰਹੇ ਹੁੰਦੇ ਹਾਂ।ਭਾਸ਼ਾ ਦੇ ਮਾਧਿਅਮ ਰਾਹੀਂ ਕਿਸੇ ਵਸਤੂ ਜਾਂ ਮਨੋਭਾਵ ਦਾ ਵਖਿਆਨ ਕਰਨਾ ਵਿਆਖਿਆ ਹੀ ਅਖਵਾਉਂਦਾ ਹੈ ਅਤੇ ਇਸ ਪ੍ਰਕਾਰ ਵਿਆਖਿਆ ਕਰਨ ਦਾ ਉਦੇਸ਼ ਵੀ ਬਿਲਕੁਲ ਉਹੀ ਹੈ ਜੋ ਕਿਸੇ ਭਾਸ਼ਾ ਦਾ ਹੁੰਦਾ ਹੈ ਭਾਵ ਆਪਣੇ ਮਨੋਭਾਵਾਂ ਨੂੰ ਦੂਜਿਆਂ ਤੱਕ ਪਹੁੰਚਾਉਣ ਲਈ ਵਿਅਕਤ ਕਰਨਾ।ਜਿਸ ਪ੍ਰਕਾਰ ਭਾਸ਼ਾ

ਦਾ ਉਦੇਸ਼ ਮਨੁੱਖ ਦੇ ਮਾਨਸਿਕ ਜਾਂ ਅੰਦਰੂਨੀ ਜਗਤ ਨੂੰ ਬਾਹਰੀ ਜਗਤ ਦੇ ਸਰੋਕਾਰਾਂ ਨਾਲ ਜੋੜਨ ਦਾ ਹੁੰਦਾ ਹੈ, ਠੀਕ ਉਸੇ ਤਰ੍ਹਾਂ ਵਿਆਖਿਆ ਦਾ ਉਦੇਸ਼ ਮਨੁੱਖ ਦੇ ਅੰਦਰੂਨੀ ਮਨੋਭਾਵਾਂ ਜਾਂ ਵਿਚਾਰਾਂ ਨੂੰ ਬਾਹਰੀ ਜਗਤ ਨਾਲ ਜੋੜ ਕੇ ਸੰਚਾਰ ਕਾਇਮ ਕਰਨਾ ਹੁੰਦਾ ਹੈ ਤਾਂ ਜੋ ਜਗਤ ਨਾਲ ਨਾਤਾ ਜੋੜ ਕੇ ਮਨ ਰੂਪੀ ਕਰਮ ਭੂਮੀ ਨੂੰ ਵਾਹਿਆ ਜਾ ਸਕੇ ਅਰਥਾਤ ਰੋਜ਼ਾਨਾ ਜ਼ਿੰਦਗੀ ਦੇ ਕਾਰਜ ਕਰਨ ਲਈ ਸਾਨੂੰ ਆਪਣੇ ਵਿਚਾਰਾਂ ਦੀ ਵਿਆਖਿਆ ਕਰਨੀ ਹੀ ਪੈਂਦੀ ਹੈ।

ਵਰਤਮਾਨ ਸਮੇਂ ਦੌਰਾਨ ਕਿਸੇ ਵੀ ਗੱਲ ਜਾਂ ਕਥਨ ਨੂੰ ਖੋਲ੍ਹ ਕੇ ਦੱਸਣ, ਅਰਥ ਸਪਸ਼ਟ ਕਰਨ ਲਈ ਸਭ ਤੋਂ ਵੱਧ ਵਰਤੋਂ 'ਵਿਆਖਿਆ' ਸ਼ਬਦ ਦੀ ਹੋ ਰਹੀ ਹੈ।[45] ਉਂਝ 'ਵਿਆਖਿਆ' ਸ਼ਬਦ ਦਾ ਅਰਥ ਭਾਸ਼ਾ ਦੇ ਮਾਧਿਅਮ ਨਾਲ ਬੋਲਣ ਨਾਲੋਂ ਜ਼ਿਆਦਾ ਵਿਆਪਕ ਅਤੇ ਗਹਿਰ ਗੰਭੀਰ ਹੈ।ਇਸੇ ਸੰਦਰਭ ਵਿੱਚ ਜੇਕਰ 'ਗੁਰਬਾਣੀ ਵਿਆਖਿਆ' ਦੀ ਗਲ ਕੀਤੀ ਜਾਏ ਤਾਂ ਹੋਰ ਵੀ ਵਿਆਪਕ ਅਤੇ ਸ੍ਰੇਸ਼ਠ ਅਰਥ ਨਿਕਲਦੇ ਹਨ ਕਿਉਂਕਿ ਗੁਰਬਾਣੀ ਸਿੱਖ ਗੁਰੂਆਂ ਦੇ ਮੁਖਾਰਬਿੰਦ ਵਿੱਚੋਂ ਉਚਰੀ ਹੋਈ ਉਹ ਸ੍ਰੇਸ਼ਠ ਅਤੇ ਪਾਵਨ ਬਾਣੀ ਹੈ ਜੋ ਅਣਦਿਸਦੇ ਪਰਾਭੌਤਿਕ ਸੰਸਾਰ ਦੇ ਭਾਵਾਂ ਦਾ ਸੰਚਾਰ ਕਰਦੀ ਹੈ।ਇਹ ਉਦੋਂ ਵਧੇਰੇ ਸਪਸ਼ਟ ਹੋ ਜਾਂਦਾ ਹੈ ਜਦੋਂ ਸਮੁੱਚੀ ਗੁਰਬਾਣੀ ਵਿੱਚੋਂ ਇੱਕੋ ਭਾਵ ਜਾਂ ਅਰਥ ਦੀਆਂ ਸਾਰੀਆਂ ਹੀ ਤੁਕਾਂ ਨੂੰ ਲੈ ਕੇ ਸਰੋਤੇ ਦੀ ਸੋਝੀ ਤੱਕ ਗੱਲ ਨੂੰ ਅਪੜਾਇਆ ਜਾਂਦਾ ਹੈ।ਕਥਾ ਕਰਨਾ ਤਾਂ ਵਿਆਖਿਆ ਦਾ ਰੂਪ ਹੈ ਹੀ, ਕੀਰਤਨ ਕਰਨਾ ਵੀ ਵਿਆਖਿਆ ਦਾ ਹੀ ਰੂਪ ਹੈ।ਸਿੱਖ ਧਰਮ ਪਰੰਪਰਾ ਵਿੱਚ ਗੁਰਬਾਣੀ ਦੀ ਵਿਆਖਿਆ ਕਰਨ ਹਿੱਤ ਕਥਾ ਅਤੇ ਕੀਰਤਨ ਦਾ ਵਿਧਾਨ ਮੁੱਢ ਤੋਂ ਹੀ ਤੁਰਿਆ ਆ ਰਿਹਾ ਹੈ ਸੱਤਾ ਤੇ ਬਲਵੰਡ ਗੁਰੂ ਰਾਮਦਾਸ ਜੀ ਦੇ ਦਰਬਾਰ ਵਿੱਚ ਕਥਾ-ਕੀਰਤਨ ਕਰਦੇ ਸਨ।

### 3.2.2.4 ਟੀਕਾਕਾਰੀ:

ਕਿਸੇ ਰਚਨਾ ਦੇ ਲਿਖਤ ਰੂਪ ਵਿੱਚ ਤੇ ਸਰਲ ਵਾਰਤਕ ਵਿੱਚ ਅਰਥ ਦਰਸਾਉਣ ਨੂੰ ਟੀਕਾਕਾਰੀ[46] ਕਿਹਾ ਜਾਂਦਾ ਹੈ।ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚਾਰਧਾਰਕ ਵਿਕਾਸ ਦੇ ਇਤਿਹਾਸ ਵਿੱਚ ਟੀਕਾਕਾਰੀ ਦਾ ਖਾਸ ਮਹੱਤਵ ਹੈ ਕਿਉਂਕਿ ਟੀਕਿਆਂ ਨਾਲ ਹੀ ਗੁਰਬਾਣੀ ਵਿਆਖਿਆ ਦਾ ਮੁੱਢ ਬੱਝਾ।ਭਾਵੇਂ ਸਿੱਖ ਧਰਮ ਦੇ ਪ੍ਰਚਾਰ ਦੇ ਉਪਰਾਲੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਹੀ ਆਰੰਭ ਹੋ ਗਏ ਸਨ ਪ੍ਰੰਤੂ ਪਰਵਰਤੀ ਗੁਰੂਆਂ ਨੇ ਇਸ ਕਾਰਜ ਨੂੰ ਨੇਪਰੇ

ਚਾੜ੍ਹਨ ਹਿੱਤ 22 ਮੰਜੀਆਂ ਤੇ ਮਸੰਦਾਂ ਦੀ ਨਿਯੁਕਤੀ ਕਰਕੇ ਕਈ ਪ੍ਰਚਾਰ ਕੇਂਦਰ ਸਥਾਪਿਤ ਕਰ ਦਿੱਤੇ ਜਿੱਥੇ ਸਿੱਖ ਅਨੁਯਾਈਆਂ ਲਈ ਗੋਸ਼ਟਾਂ, ਸਮਾਗਮ ਅਤੇ ਦੀਵਾਨ ਸਜਾਏ ਜਾਂਦੇ ਸਨ।ਗੁਰੂ ਅਮਰਦਾਸ ਜੀ ਦੇ ਸਮੇਂ ਗੋਇੰਦਵਾਲ ਅਤੇ ਗੁਰੂ ਅਰਜਨ ਦੇਵ ਜੀ ਦੇ ਸਮੇਂ ਅੰਮ੍ਰਿਤਸਰ ਧਰਮ ਪ੍ਰਚਾਰ ਦੇ ਵੱਡੇ ਕੇਂਦਰ ਬਣੇ ਜਿੱਥੋਂ ਗੁਰਬਾਣੀ ਦਾ ਭਾਵ ਸੰਚਾਰ ਕਰਕੇ ਸਿੱਖ ਸਮਾਜ ਲਈ ਦਿਸ਼ਾ ਨਿਰਦੇਸ਼ ਜ਼ਾਰੀ ਕੀਤੇ ਜਾਂਦੇ ਸਨ।ਅਜਿਹੇ ਪ੍ਰਚਾਰ ਕੇਂਦਰਾਂ ਤੇ ਆਮ ਜਗਿਆਸੂਆਂ ਨੂੰ ਸੂਤ੍ਰਾਤਮਕ ਅਤੇ ਗੂੜ੍ਹ ਅਰਥ ਭਰਪੂਰ ਬਾਣੀਆਂ ਦੇ ਅਰਥ ਟੀਕਾ ਕਰਕੇ ਸਮਝਾਏ ਜਾਂਦੇ ਅਤੇ ਕਥਾ ਵਾਰਤਾਵਾਂ ਚਲਦੀਆਂ।ਇੱਥੋਂ ਹੀ ਗੁਰਬਾਣੀ ਦੇ ਟੀਕੇ ਰਚਣ ਅਤੇ ਵਿਆਖਿਆ ਕਰਨ ਦੀ ਪਿਰਤ ਪਈ।ਜਿਸ ਦੀਆਂ ਫਿਰ ਅੱਗੋਂ ਕਈ ਸ਼ਾਖਾਵਾਂ ਹੋ ਗਈਆਂ।

ਪਹਿਲੀ ਵਾਰੀ ਜਰਮਨ ਵਿਦਵਾਨ ਅਰਨੈਸਟ ਟਰੰਪ ਨੇ ਅੰਗ੍ਰੇਜ਼ ਸ਼ਾਸ਼ਕਾਂ ਦੇ ਹੁਕਮ ਨਾਲ ਸੰਪੂਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰਥ ਕਰਨ ਦੀ ਕੋਸ਼ਿਸ਼ ਕੀਤੀ ਜੋ ਕਿ ਸਿੱਖ ਵਿਦਵਾਨਾਂ ਨੂੰ ਸਹੀ ਨਹੀਂ ਲੱਗੀ ਤਾਂ ਗਿਆਨੀ ਬਦਨ ਸਿੰਘ ਨੇ 'ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ' ਜੀ ਦਾ ਟੀਕਾ (ਫਰੀਦਕੋਟ ਵਾਲਾ ਟੀਕਾ) 4 ਭਾਗਾਂ ਵਿੱਚ ਤਿਆਰ ਕੀਤਾ।ਇਸ ਤੋਂ ਬਾਅਦ ਹੋਰ ਵੀ ਟੀਕੇ ਲਿਖੇ ਗਏ।

### 3.2.2.5 **ਵਾਰਤਕ:**

ਗੁਰਬਾਣੀ ਵਿਆਖਿਆ ਦਾ ਇੱਕ ਹੋਰ ਰੂਪ ਜਾਂ ਵੰਨਗੀ 'ਵਾਰਤਕ' ਹੈ ਜੋ ਕਿ ਟੀਕੇ ਨਾਲੋਂ ਫਰਕ ਹੈ।ਭਾਰਤੀ ਟੀਕਾਕਾਰੀ ਪਰੰਪਰਾ ਵਿੱਚ 'ਵਾਰਤਕ' ਵੀ ਟੀਕਾਕਾਰੀ ਦੀ ਇੱਕ ਕਿਸਮ ਹੈ ਜਿਸ ਨੂੰ ਪੰਜਾਬੀ ਲਿਖਤਾਂ ਵਿੱਚ 'ਗੱਦ' ਨਾਂ ਨਾਲ ਵੀ ਜਾਣਿਆ ਜਾਂਦਾ ਹੈ।ਟੀਕਾ ਕਿਸੇ ਤੁੱਕ/ਵਾਕ ਨੂੰ ਸੰਖੇਪ ਰੂਪ ਵਿੱਚ ਸਮਝਾਉਣ ਦਾ ਕਾਰਜ ਕਰਦਾ ਹੈ ਜਦੋਂ ਕਿ ਵਾਰਤਕ ਵਿਧੀ ਵਿੱਚ ਵਿਆਖਿਆਕਾਰ ਪਾਠ ਦੇ ਅਰਥ ਕਰਦਾ ਹੋਇਆ ਵੱਧ ਤੋਂ ਵੱਧ ਸਪਸ਼ਟਤਾ ਲਿਆਉਣ ਦਾ ਯਤਨ ਕਰਦਾ ਹੈ ਅਤੇ ਉਸ ਨੂੰ ਵਿਸਥਾਰ ਪੂਰਵਕ ਪੇਸ਼ ਕਰਨ ਦਾ ਕਾਰਜ ਕਰਦਾ ਹੈ।ਇਸ ਯਤਨ ਵਿੱਚ ਉਹ ਗਿਆਨ ਦੀਆਂ ਵਿਭਿੰਨ ਵਿਧੀਆਂ ਦਾ ਪ੍ਰਯੋਗ ਕਰਕੇ ਪਾਠ ਦੇ ਸ਼ਾਬਦਿਕ ਅਤੇ ਉੱਚਤਮ ਅਰਥਾਂ ਨੂੰ ਖੋਜਦਾ ਹੈ।ਡਾ. ਪਿਆਰਾ ਸਿੰਘ ਪਦਮ ਅਨੁਸਾਰ:

> ਟੀਕੇ ਦਾ ਭਾਵ ਹੈ ਕਿਸੇ ਮੂਲ ਰਚਨਾ ਦੇ ਭਾਵ ਵੱਲ ਤੁਰਨਾ ਜਾਂ ਜਾਣਾ। ਵਿਆਖਿਆਕਾਰੀ ਇਸ ਤੋਂ ਅਗਲਾ ਕਦਮ ਹੈ ਜੋ ਸ਼ਬਦਾਂ ਦੇ ਅਰਥ ਉਪਰੰਤ ਪਰੰਪਰਾ ਤੇ ਪ੍ਰਸੰਗਾਂ ਸਮੇਤ ਗੁੱਝੇ ਭਾਵ ਸਵਿਸਥਾਰ ਪ੍ਰਗਟਾਉਣ ਦਾ ਉਪਰਾਲਾ ਕਰਦਾ ਹੈ।[47]

ਭਾਈ ਗੁਰਦਾਸ ਸਿੱਖ ਧਰਮ ਦੇ ਪਹਿਲੇ ਅਧਿਕਾਰੀ ਵਿਆਖਿਆਕਾਰ, ਪ੍ਰਚਾਰਕ ਅਤੇ ਪ੍ਰਮੁੱਖ ਪ੍ਰਵਕਤਾ ਸਨ। ਉਨ੍ਹਾਂ ਨੇ ਗੁਰਬਾਣੀ ਦੇ ਸਿਧਾਂਤਾਂ ਦੀ ਪ੍ਰੋੜ੍ਹਤਾ ਕਰਦੇ ਹੋਏ 40 ਵਾਰਾਂ ਅਤੇ ਕਬਿੱਤ ਸਵੈਯਾ ਦੇ ਰੂਪ ਵਿੱਚ ਗੁਰਬਾਣੀ ਦੇ ਸ਼ਬਦਾਂ ਦਾ ਵਿਸ਼ਲੇਸ਼ਣ ਵੀ ਕੀਤਾ। ਗੁਰਬਾਣੀ ਵਿਆਖਿਆ ਦੀਆਂ ਪਹਿਲੀਆਂ ਦੋ ਸ਼ਾਖਾਵਾਂ ਕਾਵਿ ਰੂਪ ਵਿੱਚ ਹੀ ਸਨ ਪ੍ਰੰਤੂ ਬਾਅਦ ਦੇ ਸਮੇਂ ਵਿੱਚ ਪ੍ਰਾਪਤ ਹੋਣ ਵਾਲਾ ਸਾਰਾ ਵਿਆਖਿਆ ਸਾਹਿਤ ਵਾਰਤਕ ਵਿੱਚ ਹੀ ਉਪਲਬਧ ਹੁੰਦਾ ਹੈ। 1558 ਈ. ਵਿੱਚ ਲਿਖੀ ਗਈ 'ਪੁਰਾਤਨ ਜਨਮਸਾਖੀ' ਵਿੱਚ ਭਾਵੇਂ ਕਿਸੇ ਬਾਣੀ ਦੀ ਸੰਪੂਰਨ ਜਾਂ ਵਿਵਸਥਿਤ ਵਿਆਖਿਆ ਪ੍ਰਾਪਤ ਨਹੀਂ ਹੁੰਦੀ, ਫਿਰ ਵੀ ਗੁਰਬਾਣੀ ਦੇ ਕੁਝ ਕੁ ਸ਼ਬਦਾਂ ਦੇ ਟੀਕੇ ਜਾਂ ਪਰਮਾਰਥ ਲਿਖਣ ਦੀ ਸ਼ੁਰੂਆਤ ਇਸ ਜਨਮਸਾਖੀ ਤੋਂ ਹੀ ਹੋਈ ਮੰਨੀ ਜਾ ਸਕਦੀ ਹੈ। ਗੁਰਬਾਣੀ ਵਿਆਖਿਆ ਦੀ ਇਸ ਪਰਮਾਰਥ ਸ਼ਾਖਾ ਤੋਂ ਬਾਅਦ ਵੱਖ-ਵੱਖ ਸਿੱਖ ਸੰਪ੍ਰਦਾਇਆਂ ਵੱਲੋਂ ਹੋਰ ਵੀ ਅਨੇਕ ਯਤਨ ਹੋਏ ਹਨ ਜਿਵੇਂ ਉਦਾਸੀ ਸ਼ਾਖਾ, ਨਿਰਮਲ ਸੰਪ੍ਰਦਾਇ ਦੀ ਸ਼ਾਖਾ, ਗਿਆਨੀ ਸੰਪ੍ਰਦਾਇ ਦੀ ਸ਼ਾਖਾ, ਸਿੰਘ ਸਭਾਈ ਅਤੇ ਆਧੁਨਿਕ ਸ਼ਾਖਾ ਆਦਿ। ਆਧੁਨਿਕ ਸਮਿਆਂ ਵਿੱਚ ਗੁਰਬਾਣੀ ਵਿਆਖਿਆਕਾਰੀ ਦੇ ਖੇਤਰ ਵਿੱਚ ਸਾਹਿਬ ਸਿੰਘ ਦਾ 'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ', ਤੇਜਾ ਸਿੰਘ ਦਾ 'ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ', ਰਤਨ ਸਿੰਘ ਜੱਗੀ ਦਾ 'ਅਰਥ-ਬੋਧ ਸ੍ਰੀ ਗੁਰੂ ਗ੍ਰੰਥ ਸਾਹਿਬ' ਅਤੇ ਭਾਈ ਵੀਰ ਸਿੰਘ ਦਾ 'ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ' ਆਦਿ ਵਿਸ਼ੇਸ਼ਤਾ ਪ੍ਰਾਪਤ ਹਨ।

### 3.2.2.6 ਉਲਥਾਕਾਰੀ:

ਇਹ ਵਿਧੀ ਉਪਰੋਕਤ ਸਾਰੀਆਂ ਵਿਧੀਆਂ ਤੋਂ ਵੱਖਰੀ ਹੈ। ਕਿਸੇ ਰਚਨਾ ਦੇ ਅਰਥ-ਭਾਵਾਂ ਦੇ ਇੱਕ ਭਾਸ਼ਾ ਤੋਂ ਦੂਜੀ ਭਾਸ਼ਾ ਵਿੱਚ ਅਨੁਵਾਦ ਕਰਨ ਨੂੰ ਉਲਥਾਕਾਰੀ[47] ਦਾ ਨਾਂ ਦਿੱਤਾ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਨੁਵਾਦ ਅਰਬੀ, ਸਿੰਧੀ, ਉਰਦੂ, ਗੁਜਰਾਤੀ,

ਬੰਗਾਲੀ, ਮਰਾਠੀ, ਹਿੰਦੀ ਅਤੇ ਅੰਗਰੇਜ਼ੀ ਆਦਿ ਭਾਸ਼ਾਵਾਂ ਵਿੱਚ ਹੋਏ ਹਨ।ਡਾ. ਹਰਪਾਲ ਸਿੰਘ ਅਨੁਸਾਰ:

> ਕੁਝ ਤਕਨੀਕੀ ਤੇ ਕੰਪਿਊਟਰ ਮਾਹਿਰ ਸਿੱਖਾਂ ਨੇ ਰਲ ਕੇ ਅਪ੍ਰੈਲ 2011 ਦੀ ਵਿਸਾਖੀ ਮੌਕੇ ਗੁਰਬਾਣੀ ਦਾਟਾਬੇਸ (Gurbani DB) ਪ੍ਰੋਗਰਾਮ ਇੰਟਰਨੈੱਟ ਉੱਪਰ ਪ੍ਰਸਤੁਤ ਕੀਤਾ ਸੀ। ਜਿਸ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਅੰਗਰੇਜ਼ੀ ਅਨੁਵਾਦ ਨੂੰ ਸੰਸਾਰ ਦੀਆਂ 52 ਭਾਸ਼ਾਵਾਂ ਦੇ ਤਰਜ਼ਮੇ ਵਿੱਚ ਉਪਲਬਧ ਕਰਵਾਇਆ ਗਿਆ ਹੈ।[48]

ਇਸ ਪ੍ਰਕਾਰ ਵਿਚਾਰ ਕਰਦੇ ਹੋਏ ਅੰਤ ਵਿੱਚ ਸੰਖੇਪ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਗੁਰਬਾਣੀ ਵਿਆਖਿਆ ਦੇ ਉਪਰੋਕਤ ਪਰੰਪਰਾਗਤ ਰੂਪਾਂ ਅਤੇ ਢੰਗਾਂ ਰਾਹੀਂ ਹੁਣ ਤੱਕ ਗੁਰਬਾਣੀ-ਵਿਆਖਿਆ ਦੇ ਜੋ ਵੀ ਪ੍ਰਯਤਨ ਹੁੰਦੇ ਆਏ ਹਨ ਉਨ੍ਹਾਂ ਤੋਂ ਇਹ ਹੀ ਨਿਸ਼ਚਿਤ ਹੁੰਦਾ ਹੈ ਕਿ ਗੁਰਬਾਣੀ ਵਿਆਖਿਆ ਦਾ ਸਰੂਪ ਬਹੁਪਰਤੀ ਅਤੇ ਬਹੁਤ ਹੀ ਜਟਿਲ ਬਣਤਰ ਵਿੱਚ ਹੈ ਤੇ ਮਨੁੱਖੀ ਬੁੱਧੀ ਇਸ ਨਿੱਤ ਮਉਲਦੀ ਨਿਸ਼ਚਿਤਤਾ ਨੂੰ ਪੂਰਨ ਰੂਪ ਵਿੱਚ ਸਮਝਣ ਤੋਂ ਅਸਮਰੱਥ ਹੀ ਰਹਿੰਦੀ ਹੈ ਪ੍ਰੰਤੂ ਮਨੁੱਖੀ ਚੇਤਨਾ ਦੀ ਖੁਬਸੂਰਤੀ ਇਸ ਵਿੱਚ ਹੈ ਕਿ ਇਹ ਬਹੁਰੰਗੀ ਵਰਤਾਰਿਆਂ ਨੂੰ ਸਮਝਣ ਲਈ ਵੱਖਰੇ ਵੱਖਰੇ ਦ੍ਰਿਸ਼ਟੀਕੋਣਾਂ ਤੋਂ ਵੱਖਰੇ ਵੱਖਰੇ ਵਿਚਾਰ ਜਗਤ ਸਿਰਜ ਲੈਂਦੀ ਹੈ।ਅਜਿਹੇ ਹੀ ਵਿਭਿੰਨ ਦ੍ਰਿਸ਼ਟੀਕੋਣਾਂ ਤੋਂ ਗੁਰਬਾਣੀ ਵਿਆਖਿਆ ਦਾ ਵੀ ਸਰੂਪ ਸਮਝਣ ਦੇ ਯਤਨ ਕੀਤੇ ਗਏ ਹਨ।

### 3.2.3 **ਗੁਰਬਾਣੀ ਵਿਆਖਿਆ ਦੀ ਵਿਉਂਤ:**

ਗੁਰਬਾਣੀ ਜੰਤਰ-ਮੰਤਰ ਨਹੀਂ ਜੋ ਤੋਤਾ ਰਟਨ ਦੁਆਰਾ ਕਾਰਜ ਸੁਆਰ ਜਾਂ ਵਿਗਾੜ ਸਕਦੀ ਹੈ, ਨਾ ਹੀ ਜੋਗ ਦਾ ਸਾਧਨ ਜਾਂ ਵਰ-ਸਰਾਪ ਦੀ ਖੇਡ ਹੈ।ਇਹ ਤਾਂ ਆਤਮਿਕ ਮੰਡਲ ਵਿੱਚ ਵਿਚਰਨ ਵਾਲਾ ਉਹ ਤੱਤ ਸ਼ਬਦ ਹੈ ਜੋ ਅੱਖਰੀ ਸ਼ਬਦਾਂ ਦੀ ਕੈਦ ਵਿੱਚ ਨਹੀਂ ਸਗੋਂ ਸੁਰਤਿ ਦੀ ਪਕੜ ਰਾਹੀਂ ਸਮਝਿਆ ਜਾਂਦਾ ਹੈ।ਗੁਰਬਾਣੀ ਦੇ ਅੰਤਰੀਵ ਭਾਵ ਨੂੰ ਸਮਝੇ ਬਿਨਾਂ ਅੱਖਰੀ ਰੂਪਾਂ ਜਿਵੇਂ ਪਾਠ, ਪੂਜਾ, ਗਾਇਣ ਤੇ ਕਥਾ ਆਦਿ ਕਰਨਾ ਧਰਮ-ਮਾਰਗ ਨਹੀਂ।ਗੁਰਬਾਣੀ ਦੇ ਅੱਖਰੀ ਰੂਪ ਨੂੰ ਪੜ੍ਹੀ ਜਾਣ ਨਾਲ ਆਤਮਕ ਜਾਂ ਪ੍ਰਮਾਰਥਕ ਲਾਭ ਉਦੋਂ

ਤੱਕ ਪ੍ਰਾਪਤ ਨਹੀਂ ਹੋ ਸਕਦਾ ਜਦੋਂ ਤੱਕ ਕਿ ਵਿਆਖਿਆਕਾਰੀ ਰਾਹੀਂ ਹਰੇਕ ਸ਼ਬਦ, ਪਦ ਜਾਂ ਤੁਕ ਦਾ ਅਰਥ ਅਤੇ ਭਾਵਾਰਥ ਨੂੰ ਸਮਝ ਕੇ ਉਸ ਉੱਤੇ ਅਮਲ ਨਹੀਂ ਕੀਤਾ ਜਾਂਦਾ।

ਗੁਰਬਾਣੀ ਨੂੰ ਸੁਣਨ ਅਤੇ ਸਮਝਣ ਵਾਲੇ ਸ਼ਬਦ ਦੀ ਗਹਿਰਾਈ ਤੱਕ ਜਾਣ ਦਾ ਯਤਨ ਕਰਦੇ ਹਨ ਪਰ ਇਹ ਤਾਂ ਹੀ ਸੰਭਵ ਹੈ ਜੇ ਸ਼ਬਦ ਨੂੰ ਖੋਲ੍ਹ ਕੇ ਸਮਝਾਇਆ ਜਾਵੇ।ਕਥਾਵਾਚਕ, ਪ੍ਰਚਾਰਕ ਅਤੇ ਕਾਲਜਾਂ / ਯੂਨੀਵਰਸਿਟੀਆਂ ਦੇ ਅਧਿਆਪਕ ਇਸ ਕਾਰਜ ਵਿੱਚ ਲੱਗੇ ਹੋਏ ਹਨ।ਇੱਕ ਸ਼ਬਦ ਦੇ ਜਾਂ ਇੱਕ ਤੁਕ ਦੇ ਭਿੰਨ-ਭਿੰਨ ਅਰਥ ਹੋ ਸਕਦੇ ਹਨ ਪਰ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਕਿਹੜਾ ਅਰਥ ਵਰਤਿਆ ਜਾਵੇ ਜਾਂ ਗੁਰੂ ਜੀ ਦਾ ਆਸ਼ਾ ਕਿਸ ਅਰਥ ਦੇ ਨੇੜੇ ਹੋਵੇਗਾ।ਸ਼ਬਦ ਨੂੰ ਸਮਝਣ ਲਈ ਜ਼ਰੂਰੀ ਹੈ ਕਿ ਗੁਰਬਾਣੀ ਦੀ ਮੂਲ ਭਾਵਨਾ ਦੇ ਤਹਿਤ ਸ਼ਬਦ ਦੇ ਅਰਥ ਕੀਤੇ ਜਾਣ।ਸ਼ਬਦਾਂ ਦੇ ਅਰਥ ਖੋਲ੍ਹਣ ਦਾ ਕਾਰਜ ਤਾਂ ਹੀ ਸਹੀ ਰੂਪ ਵਿੱਚ ਹੋ ਸਕਦਾ ਹੈ ਜੇਕਰ ਸਮੁੱਚੀ ਗੁਰਬਾਣੀ ਦੇ ਸੰਦਰਭ ਵਿੱਚ ਸ਼ਬਦ ਦਾ ਮੂਲ ਅਰਥ ਪਤਾ ਹੋਵੇ।ਸ਼ਬਦਾਂ ਦੇ ਅਰਥ ਕਰਨ ਸਮੇਂ ਕਿਨ੍ਹਾਂ ਗੱਲਾਂ ਦਾ ਧਿਆਨ ਰੱਖਿਆ ਜਾਣਾ ਚਾਹੀਦਾ ਹੈ, ਇਸ ਸੰਬੰਧੀ ਇੰਝ ਕਿਹਾ ਗਿਆ ਹੈ:

> ਕਿਸੇ ਭੀ ਸ਼ਬਦ ਦੀ ਵਿਆਖਿਆ ਕਰਨ ਵੇਲੇ ਸਭ ਤੋਂ ਪਹਿਲਾਂ ਔਖੇ ਸ਼ਬਦ ਦਾ ਪਦ-ਛੇਦ ਕਰਨਾ ਜ਼ਰੂਰੀ ਹੁੰਦਾ ਹੈ।ਉਸ ਤੋਂ ਬਾਅਦ ਕਠਿਨ ਪਦਾਂ ਦੇ ਅਰਥ ਲਿਖਣ ਦੀ ਜ਼ਰੂਰਤ ਹੈ।ਫਿਰ ਜੋ ਸ਼ਬਦ ਜਿਸ ਭਾਸ਼ਾ ਦਾ ਹੋਵੇ ਉਸ ਦੇ ਮੁਤਾਬਿਕ ਵਿਉਂਤਪਤੀ ਦਿਖਾਣੀ ਚਾਹੀਦੀ ਹੈ।ਉਸ ਤੋਂ ਬਾਅਦ ਸ਼ਬਦਾਂ ਦੀ ਆਪਸ ’ਚ ਵਾਕ ਯੋਜਨਾ ਦਿਖਾਉਣ ਦੀ ਲੋੜ ਹੈ...ਫਿਰ ਮਨ ਵਿਖੇ ਜੈਸੀ ਸ਼ੰਕਾ ਫੁਰੇ ਉਸ ਦਾ ਉਚਿਤ ਉੱਤਰ ਦੇਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।ਇਸ ਪ੍ਰਕਾਰ ਜੋ ਵਿਦਵਾਨ ਟੀਕਾਕਾਰ ਪੂਰਬ ਉਕਤ ਨਿਯਮਾਂ ਦਾ ਪਾਲਨ ਕਰਦਾ ਹੋਇਆ ਸੁਆਰਥ-ਸਿਧੀ, ਵੰਚਕਤਾ, ਕੱਟਰਤਾ, ਨਾਸਤਿਕਤਾ, ਹਠ-ਧਰਮਤਾ, ਸੰਕੀਰਣਤਾ ਆਦਿ ਦੋਖਾਂ ਤੋਂ ਦੂਰ ਰਹਿ ਕੇ ਮੂਲ ਕਾਰ ਦੇ ਆਸ਼ੇ ਨੂੰ ਪ੍ਰਗਟ ਕਰਦਾ ਹੈ,

> ਬਸ ਉਸੇ ਦੀ ਵਿਆਖਿਆ ਸਰਬਾਂਗ ਪੂਰਣ ਹੈ ਇਸ ਤੋਂ ਬਿਨਾਂ ਦੂਸਰੇ ਪ੍ਰਕਾਰ ਦੀ ਵਿਆਖਿਆ ਅਧੂਰੀ ਹੈ।[49]

ਵਿਆਖਿਆਕਾਰੀ ਦਾ ਮੂਲ ਉਦੇਸ਼ ਬਾਣੀ ਦਾ ਭਾਵ ਜਾਂ ਗੁਰਮਤਿ ਨੂੰ ਸਪਸ਼ਟ ਕਰਨਾ ਹੈ ਜੋ ਕਿ ਜ਼ਰੂਰ ਹੀ ਕਿਸੇ ਵਿਉਂਤ ਅਨੁਸਾਰ ਸਮਝਣ ਤੇ ਹੀ ਸਪਸ਼ਟ ਹੋ ਸਕਦੀ ਹੈ।ਇਸ ਵਿਉਤਬੱਧ, ਤਾਰਕਿਕ ਜਾਂ ਵਿਗਿਆਨਕ ਵਿਆਖਿਆਕਾਰੀ ਦੇ ਆਮ ਕਰਕੇ ਹੇਠ ਲਿਖੇ ਪੜਾਅ ਮੰਨੇ ਗਏ ਹਨ:

- ਪਦ-ਅਰਥ / ਸ਼ਬਦਾਰਥ
- ਤੁੱਕ-ਅਰਥ / ਟੀਕਾ
- ਭਾਵ-ਅਰਥ / ਕੇਂਦਰੀ-ਅਰਥ
- ਸਿਧਾਂਤਕ-ਅਰਥ / ਪਰਮਾਰਥ

### 1.2.3.1 **ਪਦ-ਅਰਥ / ਸ਼ਬਦਾਰਥ:**

ਅਧਿਆਤਮਕ ਪ੍ਰਕਿਰਤੀ ਵਾਲੀ ਰਚਨਾ ਹੋਣ ਕਾਰਨ ਗੁਰਬਾਣੀ ਦੈਵੀ ਸਮੁੱਚ ਦਾ ਪ੍ਰਗਟਾਅ ਹੈ।ਇਸੇ ਕਾਰਨ ਜਦ ਪਹਿਲੀ ਵਾਰ ਗੁਰਬਾਣੀ ਨੇ ਆਪਣਾ ਲਿਖਤੀ ਸਰੂਪ ਧਾਰਨ ਕੀਤਾ ਤਾਂ ਇਹ ਜੁੜਵੇਂ ਜਾਂ ਸੰਗਲੀਦਾਰ ਰੂਪ ਵਿੱਚ ਪ੍ਰਗਟ ਹੋਈ ਜੋ ਬਿਨਾਂ ਕਿਸੇ ਵਿਸ਼ਰਾਮ ਜਾਂ ਪਦ ਛੇਦ ਦੇ ਸੀ।ਪੁਰਾਤਨ ਭਾਰਤੀ ਪਰੰਪਰਾ ਅਨੁਸਾਰ ਧਰਮ ਗ੍ਰੰਥਾਂ ਦੀ ਇਹ ਹੀ ਵਿਲੱਖਣਤਾ ਸੀ ਜਿਵੇਂ ਵੇਦਾਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੁਰਾਣੇ ਹੱਥ ਲਿਖਤ ਖਰੜੇ ਹਨ।ਅਧਿਐਨ ਕਰਨ ਲਈ ਗੁਰਬਾਣੀ-ਪਾਠ ਦੇ ਇਸ ਸੰਗਲੀਦਾਰ ਰੂਪ ਦੇ ਪਦ-ਛੇਦ ਕੀਤੇ ਜਾਂਦੇ ਹਨ ਤੇ ਫਿਰ ਪਦ-ਅਰਥ।[50]

ਕਿਸੇ ਵੀ ਵਾਕ ਨੂੰ ਸਿਰਜਣ ਵਿੱਚ ਵਰਤੇ ਗਏ ਇਕੱਲੇ ਇਕੱਲੇ ਸ਼ਬਦ ਨੂੰ ਪਦ ਕਿਹਾ ਜਾਂਦਾ ਹੈ, ਪਰ ਆਮ ਤੌਰ ਤੇ ਕਾਵਿ ਨੂੰ ਵੀ ਅਸੀਂ ‘ਪਦ’ ਕਹਿੰਦੇ ਹਾਂ।ਕਵਿਤਾ ਰੂਪ ਲਈ ਵੀ ਸੰਸਕ੍ਰਿਤ ਵਿੱਚ ‘ਪਦ’ ਲਫਜ਼ ਵਰਤਿਆ ਜਾਂਦਾ ਹੈ।ਸੋ ਪਦ ਦਾ ਇੱਕ ਅਰਥ ਹੈ ਸ਼ਬਦ।ਸ਼ਬਦ ਦਾ ਦੂਜੇ ਰੂਪ ਵਿੱਚ ਉਹ ਦੋ ਤਰ੍ਹਾਂ ਦਾ ਹੁੰਦਾ ਹੈ - ਨਿਰਾਰਥਕ ਅਤੇ ਸਾਰਥਕ।

ਸ਼ਬਦ ਦਾ ਇੱਕ ਅਰਥ ਉਹ ਕਾਵਿ ਰੂਪ ਵੀ ਹੈ ਜਿਹੜਾ ਕਿ ਸਿੱਖ ਧਰਮ ਦੇ ਧਾਰਮਿਕ ਸਾਹਿਤ ਵਿੱਚ ਵਰਤਿਆ ਜਾਂਦਾ ਹੈ ਉਸਨੂੰ ਵੀ ਪੰਜਾਬੀ ਵਿੱਚ ਅਸੀਂ ‘ਸ਼ਬਦ’

ਆਖਦੇ ਹਾਂ, ਹਿੰਦੀ ਵਿੱਚ ਉਸ ਨੂੰ ਅਸੀਂ 'ਭਜਨ' ਆਖਦੇ ਹਾਂ, ਅੰਗਰੇਜ਼ੀ ਵਿੱਚ ਉਸ ਨੂੰ 'hymns' ਆਖਦੇ ਹਾਂ, ਫਾਰਸੀ ਵਿੱਚ ਉਸ ਨੂੰ 'ਆਇਤ' ਜਾਂ 'ਕਲਮਾ' ਆਖਦੇ ਹਾਂ।ਸਮੁੱਚੀ ਗੁਰਬਾਣੀ ਨੂੰ ਸਾਂਝੇ ਰੂਪ ਵਿੱਚ ਵੀ 'ਸ਼ਬਦ' ਦੀ ਸੰਗਿਆ ਦਿੱਤੀ ਜਾਂਦੀ ਹੈ।

ਜਦੋਂ ਅਸੀਂ ਪਦ-ਅਰਥ/ਸ਼ਬਦਾਰਥ ਲਫਜ਼ ਲੈਂਦੇ ਹਾਂ ਤਾਂ ਇੱਥੇ ਭਾਵ ਹੈ ਗੁਰੂ ਗ੍ਰੰਥ ਸਾਹਿਬ ਵਿੱਚ ਆਏ ਹੋਏ 'ਸ਼ਬਦਾਂ' ਦਾ ਅਰਥ।ਇਨ੍ਹਾਂ 'ਸ਼ਬਦਾਂ' ਦੇ ਅਰਥ ਕਰਨ ਲਈ ਸਭ ਤੋਂ ਪਹਿਲਾਂ ਅੱਖਰ ਸਮੂਹਾਂ ਨਾਲ ਬਣੇ ਸ਼ਬਦਾਂ ਜਾਂ ਪਦਾਂ ਦੇ ਅਰਥ ਕਰਨਾ ਲੋੜੀਂਦਾ ਹੈ।ਪਦ ਅਰਥ ਅੱਖਰਾਂ ਤੇ ਲਗਾਂ-ਮਾਤਰਾਂ ਦੇ ਸਮੂਹ ਨਾਲ ਬਣੇ ਹੋਏ ਸ਼ਬਦਾਂ ਦਾ ਅਰਥ ਹੈ।ਡਾ. ਹਰਪਾਲ ਸਿੰਘ ਅਨੁਸਾਰ

> ਪਦਪਾਠ ਦਾ ਨਿਰਣਾ ਕਰ ਲੈਣ ਤੋਂ ਬਾਅਦ ਸ਼ਬਦਾਂ ਦੇ ਅਰਥ ਨਿਰਧਾਰਣ ਕਰਨਾ ਇੱਕ ਮਹੱਤਵਪੂਰਨ ਅਤੇ ਬਿਖਮ ਕਿਸਮ ਦਾ ਕਾਰਜ ਹੈ।ਸਾਰੇ ਭਾਸ਼ਾ ਵਿਗਿਆਨੀ ਇਹ ਗੱਲ ਮੰਨਦੇ ਹਨ ਕਿ ਸਮੇਂ ਦੀਆਂ ਪ੍ਰਸਥਿਤੀਆਂ ਬਦਲਣ ਨਾਲ ਸ਼ਬਦਾਂ ਦੇ ਅਰਥ ਸੰਚਾਰ ਵੀ ਬਦਲ ਜਾਂਦੇ ਹਨ।ਇਨ੍ਹਾਂ ਦੇ ਅਰਥਾਂ ਵਿੱਚ ਵਿਸਤਾਰ ਜਾਂ ਵਿਘਟਨ ਹੋ ਜਾਂਦਾ ਹੈ।ਬਹੁਤ ਪੁਰਾਤਨ ਸ਼ਬਦਾਂ ਦੇ ਸ਼ਬਦਾਰਥ ਨਿਸ਼ਚਿਤ ਕਰਨੇ ਕਠਿਨ ਤਪੱਸਿਆ ਦੀ ਮੰਗ ਕਰਦੇ ਹਨ।[51]

ਜਿੰਨਾ ਚਿਰ ਸ਼ਬਦਾਂ ਦੇ ਅਰਥ ਨਿਰਧਾਰਤ ਨਹੀਂ ਕੀਤੇ ਜਾਂਦੇ ਉਨ੍ਹਾਂ ਚਿਰ ਕਿਸੇ ਵੀ ਟੀਕੇ ਜਾਂ ਵਿਆਖਿਆ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ।ਇਸ ਖੇਤਰ ਵਿੱਚ ਗੁਰਬਾਣੀ ਦੇ ਕੋਸ਼ ਤਿਆਰ ਕੀਤੇ ਗਏ ਹਨ ਜਿਵੇਂ ਕਿ ਗੁਰੂ ਗਿਰਾਰਥ ਕੋਸ਼, ਮਹਾਨ ਕੋਸ਼, ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼, ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ, ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਆਦਿ।ਪ੍ਰਿੰਸੀਪਲ ਤੇਜਾ ਸਿੰਘ ਨੇ ਤਾਂ ਹਮੇਸ਼ਾ ਗੁਰਬਾਣੀ ਨੂੰ ਸਮਝਣ ਲਈ ਪਦ-ਅਰਥ ਤੋਂ ਇਲਾਵਾ ਸ਼ਬਦਾਂ ਦੀਆਂ ਲਗਾਂ ਮਾਤਰਾਂ ਅਨੁਸਾਰ ਇਸ ਦੀ ਵਿਆਕਰਣ ਨੂੰ ਸਮਝਣ ਤੇ ਜੋਰ ਦਿੱਤਾ ਹੈ ਕਿਉਂਕਿ ਗੁਰਬਾਣੀ ਵਿਆਕਰਣ ਨੂੰ ਸਮਝਣ ਉਪਰੰਤ ਕੀਤੇ ਪਦ-ਅਰਥ ਸਾਨੂੰ ਗੁਰਬਾਣੀ ਦੀ ਸਹੀ ਸਮਝ ਪ੍ਰਦਾਨ ਕਰਦੇ ਹਨ।

### 1.2.3.2 ਤੁੱਕ ਅਰਥ / ਟੀਕਾ:

ਗੁਰਬਾਣੀ ਦੀ ਵਿਆਖਿਆ ਲਈ ਤੁੱਕ ਅਰਥ ਦਾ ਆਪਣਾ ਇੱਕ ਮਹੱਤਵਪੂਰਨ ਸਥਾਨ ਹੈ।ਹਰ ਧਰਮ ਦੇ ਵਿਆਖਿਆ ਸਾਹਿਤ ਵਿੱਚ ਇਸ ਦੀ ਪਰੰਪਰਾ ਮੌਜੂਦ ਹੈ।ਇਹ ਤੁਕ ਦਾ ਮੁਢਲਾ ਜਾਂ ਬਾਹਰੀ ਮੁਹਾਂਦਰਾ ਪੇਸ਼ ਕਰਦਾ ਹੈ ਜਾਂ ਇਸ ਤਰ੍ਹਾਂ ਕਹਿ ਲਿਆ ਜਾਵੇ ਕਿ ਇਹ ਕਿਸੇ ਲਿਖਤੀ ਜਾਂ ਮੌਖਿਕ ਪਾਠ ਦੇ ਤੁੱਕਵਾਰ ਸ਼ਾਬਦਿਕ, ਸਰਲ ਜਾਂ ਸਤਹੀ ਅਰਥ ਹੁੰਦੇ ਹਨ ਜੋ ਹਰ ਵਿਆਖਿਆਕਾਰ ਆਪਣੇ ਅਧਿਐਨ ਦੇ ਆਧਾਰ ਤੇ ਕਰਦਾ ਹੈ।ਉਸ ਦਾ ਅਸਲ ਉਦੇਸ਼ ਜਿੱਥੇ ਆਪਣੇ ਅਧਿਐਨ ਦੇ ਨੁਕਤੇ ਤੋਂ ਪਾਠ ਨੂੰ ਸਮਝ ਕੇ ਇੱਕ ਗਿਆਨ ਸ਼ਾਸਤਰੀ ਪਰਿਪੇਖ ਸਿਰਜਣਾ ਹੁੰਦਾ ਹੈ ਉੱਥੇ ਮਨੁੱਖੀ ਜ਼ਿੰਦਗੀ ਦੇ ਬਹੁ ਪਾਸਾਰਾਂ ਨੂੰ ਅਨੁਭਵ ਕਰਦੇ ਹੋਏ ਅੰਤਮ ਸੱਚ ਨਾਲ ਇੱਕਸੁਰ ਕਰਨਾ ਹੁੰਦਾ ਹੈ।[52]

ਕਿਸੇ ਕਾਵਿ ਰਚਨਾ ਵਿੱਚ ਸਮਾਨ ਉਚਾਰਣ ਵਾਲੇ ਅੰਤ ਪਦਾਂ ਦਾ ਪ੍ਰਯੋਗ 'ਤੁੱਕ' ਅਖਵਾਉਂਦਾ ਹੈ।ਜਦੋਂ ਅਸੀਂ ਵਿਆਖਿਆ ਕਰਦੇ ਹਾਂ ਤਾਂ ਉਸ ਵਿੱਚ ਪਦ-ਅਰਥ ਤਾਂ ਇਕੱਲੇ ਉਸ ਸ਼ਬਦ ਜੋ ਕਿ ਅੱਖਰਾਂ ਦਾ ਸਮੂਹ ਹੈ, ਦਾ ਅਰਥ ਹੁੰਦਾ ਹੈ।ਫਿਰ ਹੁੰਦਾ ਹੈ ਸ਼ਬਦਾਂ ਦੇ ਸਮੂਹ ਦਾ ਅਰਥ।ਉਹ ਸ਼ਬਦਾਂ ਦਾ ਸਮੂਹ ਜੋ ਕਿ ਸਾਹਿਤਕ ਭਾਸ਼ਾ ਵਿੱਚ ਵਾਕ, ਲਾਈਨ, ਸਤਰ ਜਾਂ ਤੁੱਕ ਅਖਵਾਉਂਦਾ ਹੈ, ਉਸ ਦਾ ਅਰਥ ਤੁੱਕ ਅਰਥ ਹੁੰਦਾ ਹੈ।ਹੋਰ ਸਪਸ਼ਟ ਕਰਨ ਲਈ ਕਿਹਾ ਜਾ ਸਕਦਾ ਹੈ ਕਿ ਜਿੱਥੇ ਹਰੇਕ ਇਕੱਲੇ ਇਕੱਲੇ ਸ਼ਬਦ ਦਾ ਅਰਥ ਪਦ-ਅਰਥ ਹੁੰਦਾ ਹੈ ਉੱਥੇ ਹਰੇਕ ਇਕੱਲੀ ਇਕੱਲੀ ਲਾਈਨ, ਸਤਰ ਜਾਂ ਤੁੱਕ ਦਾ ਅਰਥ ਕਰਨਾ ਤੁੱਕ ਅਰਥ ਹੁੰਦਾ ਹੈ ਜਿਸ ਨੂੰ ਸਾਧਾਰਨ ਸ਼ਬਦਾਂ ਵਿੱਚ ਟੀਕਾ ਵੀ ਕਿਹਾ ਜਾਂਦਾ ਹੈ।ਤੁੱਕ ਅਰਥ ਜਾਂ ਟੀਕਾ ਵਿਚਾਰ ਅਧੀਨ ਕਾਵਿ ਰਚਨਾ ਦੀ ਸ਼ਾਬਦਿਕ ਜਾਂ ਸਤਹੀ ਵਿਆਖਿਆ ਹੀ ਹੁੰਦੀ ਹੈ।ਜਿਵੇਂ 'ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ' ਇਹ ਇੱਕ ਪੂਰੀ ਤੁੱਕ ਹੈ ਹੁਣ ਤਾਤੀ ਦਾ ਅਰਥ ਹੈ ਤੱਤੀ ਜਾਂ ਗਰਮ, ਵਾਉ ਦਾ ਅਰਥ ਹੈ ਹਵਾ, ਨ ਲਗਈ ਦਾ ਅਰਥ ਹੈ ਨਹੀਂ ਲੱਗਦੀ, ਪਾਰਬ੍ਰਹਮ ਸਰਣਾਈ ਦਾ ਅਰਥ ਹੈ ਵਾਹਿਗੁਰੂ ਦੀ ਸਰਣ ਵਿੱਚ ਜਾ ਕੇ।ਸਰਣ ਦਾ ਇੱਥੇ ਅਰਥ ਹੈ ਓਟ, ਆਸਰਾ।ਇਸ ਤਰ੍ਹਾਂ ਅਸੀਂ ਇੱਥੇ ਇਸ ਤੁੱਕ ਦੇ ਪਹਿਲਾਂ ਇਕੱਲੇ ਇਕੱਲੇ ਸ਼ਬਦ ਦੇ ਪਦ-ਅਰਥ ਕੀਤੇ ਹਨ ਹੁਣ ਇਨ੍ਹਾਂ ਪਦ-ਅਰਥਾਂ ਤੋਂ ਸਮੁੱਚਾ ਅਰਥ ਕੀ ਬਣਿਆ? ਵਾਹਿਗੁਰੂ ਦੀ ਸ਼ਰਣ ਵਿੱਚ ਆਉਣ ਨਾਲ, ਵਾਹਿਗੁਰੂ ਦਾ ਓਟ-ਆਸਰਾ ਲੈਣ ਨਾਲ ਮਨੁੱਖ ਨੂੰ ਤੱਤੀ ਹਵਾ (ਵਿਕਾਰਾਂ ਦੀ) ਨਹੀਂ ਲੱਗਦੀ।

### 3.2.3.3 ਭਾਵ-ਅਰਥ / ਕੇਂਦਰੀ-ਅਰਥ:

ਇਹ ਅੰਤਰੀਵੀ ਜਾਂ ਭਾਵ ਪੂਰਨ ਅਰਥ ਹੁੰਦੇ ਹਨ ਜੋ ਕਿ ਆਮ ਤੌਰ ਉੱਤੇ ਧਰਮ ਦਰਸ਼ਨ ਦੇ ਖੇਤਰ ਨਾਲ ਸੰਬੰਧਤ ਹੁੰਦੇ ਹਨ। ਇਹ ਖਿਆਲਾਂ ਦੀ ਸੂਖਮਤਾ ਨੂੰ ਬਗੈਰ ਉਨ੍ਹਾਂ ਦੇ ਅਰਥਾਂ ਨੂੰ ਵਿਘਟਤ ਕੀਤੇ ਪ੍ਰਸਤੁਤ ਕਰਨ ਦਾ ਯਤਨ ਕਰਦਾ ਹੈ। ਇਹ ਅਧਿਆਤਮ ਮਾਰਗ਼ ਦੀਆਂ ਸੂਖਮ ਰਮਜ਼ਾਂ ਨੂੰ ਖੋਲ੍ਹਣ ਅਤੇ ਸਮਝਣ ਵਿੱਚ ਮਦਦ ਕਰਦਾ ਹੈ। ਇੱਕ ਵਿਉਂਤਬੱਧ ਵਿਆਖਿਆ ਵਿੱਚ ਇੱਕ ਤੁੱਕ ਦੇ ਪਹਿਲਾਂ ਪਦ-ਅਰਥ ਫਿਰ ਤੁੱਕ-ਅਰਥ ਫਿਰ ਭਾਵ-ਅਰਥ ਕੀਤੇ ਜਾਂਦੇ ਹਨ ਅਰਥਾਤ ਟੀਕੇ ਤੋਂ ਬਾਅਦ ਅੰਦਰੂਨੀ ਭਾਵ ਜਾਂ ਰਚਨਾਕਾਰ ਦੇ ਕਹਿਣ ਦਾ ਮਤਲਬ ਜਾਣਨਾ ਬਹੁਤ ਜ਼ਰੂਰੀ ਹੁੰਦਾ ਹੈ ਕਿਉਂਕਿ ਇਸ ਤੋਂ ਬਿਨਾਂ ਸਹੀ ਵਿਆਖਿਆ ਨਹੀਂ ਕੀਤੀ ਜਾ ਸਕਦੀ। ਬਾਣੀ ਕਾਵਿਕ-ਰੂਪ ਵਿੱਚ ਲਿਖੀ ਹੋਈ ਹੈ ਅਤੇ ਇਸ ਵਿੱਚ ਕਵੀ-ਮਨ ਇਸ ਦਿਸਦੇ ਜਗਤ ਦੀ ਦ੍ਰਿਸ਼ਟਤਾ ਵਿੱਚ ਅਦ੍ਰਿਸ਼ਟ ਪ੍ਰਮਾਤਮਾ ਸੰਬੰਧੀ ਗੱਲ ਕਰਦਾ ਹੈ। ਬਾਣੀਕਾਰਾਂ ਦੇ ਮਨ ਦੀ ਗੱਲ ਸਮਝਣਾ ਹੀ ਬਾਣੀ ਦੇ ਭਾਵ-ਅਰਥ ਹਨ। ਇਸ ਉਪਰੋਕਤ ਤੁੱਕ ਵਿੱਚ ਤੱਤੀ ਹਵਾ ਤੋਂ ਗੁਰੂ-ਸਾਹਿਬ ਦਾ ਭਾਵ ਕੀ ਹੈ? 'ਤੱਤੀ ਹਵਾ' ਰੂਪੀ ਸ਼ਬਦ ਵਰਤ ਕੇ ਗੁਰੂ ਸਾਹਿਬ ਕੀ ਸਮਝਾਉਣਾ ਚਾਹੁੰਦੇ ਹਨ। ਉਹ ਤਾਂ ਕੇਵਲ ਸ਼ਬਦ ਹੀ ਵਰਤੇ ਹਨ ਪਰ ਇਨ੍ਹਾਂ ਸ਼ਬਦੀ ਅਰਥਾਂ ਦੇ ਪਿੱਛੇ ਜੋ ਭਾਵਨਾ ਹੈ, ਉਹ ਇਹ ਹੈ ਕਿ ਬੰਦਾ ਜਦੋਂ ਆਪਣੀ ਬੇਸੰਜਮੀ ਮੱਤ ਪਿੱਛੇ ਲੱਗ ਕੇ ਚਲਦਾ ਹੈ ਤਾਂ ਉਹ ਬੇਸੰਜਮਾ ਹੋ ਜਾਂਦਾ ਹੈ ਤਾਂ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਈਰਖਾ, ਦਵੈਸ਼ ਉਸ ਉੱਪਰ ਹਾਵੀ ਹੋ ਜਾਂਦੇ ਹਨ ਤੇ ਉਸ ਨੂੰ ਆਪਣੇ ਚੰਗੇ-ਮੰਦੇ ਦੀ ਪਛਾਣ ਨਹੀਂ ਰਹਿੰਦੀ। ਤਾਂ ਫਿਰ ਉਹ ਲਾਪਰਵਾਹ ਹੋ ਕੇ ਜਦੋਂ ਕੁਛ ਵੀ ਕਰਮ ਕਰਦਾ ਹੈ, ਉਹ ਉਸ ਬੰਦੇ ਨੂੰ ਤਪਾਉਂਦੇ ਹਨ, ਉਹ ਅੰਦਰੋਂ ਸੜਦਾ ਹੈ, ਬਾਹਰ ਉਸ ਨੇ ਭਾਵੇਂ ਜਿੰਨੇ ਮਰਜ਼ੀ ਠੰਡਕ ਦੇ ਪ੍ਰਬੰਧ ਕੀਤੇ ਹੋਣ, ਪਰ ਆਪਣੀਆਂ ਉਨ੍ਹਾਂ ਬੇਸੰਜਮੀਆਂ ਮਾੜੀਆਂ ਬਿਰਤੀਆਂ ਕਰਕੇ ਅੰਦਰੋਂ ਉਹ ਕ੍ਰੋਧ ਦੀ ਅੱਗ ਵਿੱਚ ਸੜਦਾ ਹੈ, ਈਰਖਾ ਦੀ ਅੱਗ ਵਿੱਚ ਸੜਦਾ ਹੈ, ਤ੍ਰਿਸ਼ਨਾ ਦੀ ਅੱਗ ਵਿੱਚ ਸੜਦਾ ਹੈ, ਇਨ੍ਹਾਂ ਸਾਰੇ ਵਿਕਾਰਾਂ ਨੂੰ ਅੱਗ ਆਖਿਆ ਹੈ। ਅੱਗ ਕਿਉਂ ਆਖਿਆ ਕਿਉਂਕਿ ਇਨ੍ਹਾਂ ਵਿਕਾਰਾਂ ਨਾਲ ਬੰਦਾ ਅੰਦਰੋਂ ਸੜਦਾ-ਭੁੱਜਦਾ ਤੇ ਤੱਤੀ ਹਵਾ ਵਰਗਾ ਸੇਕ ਸਹਿੰਦਾ ਰਹਿੰਦਾ ਹੈ।

ਸ਼ਬਦ ਦਾ ਭਾਵ ਅਰਥ ਬਹੁਤ ਜ਼ਰੂਰੀ ਹੈ ਉਸ ਤੋਂ ਬਿਨਾਂ ਤਾਂ ਬਾਹਰੀ ਜਾਂ ਸਤਹੀ ਅਰਥਾਂ ਨਾਲ ਵਿਚਲੇ ਗੂੜ੍ਹ ਅਰਥ ਜਾਂ ਮਨੋਭਾਵ ਤਾਂ ਸਮਝੇ ਹੀ ਨਹੀਂ ਜਾ ਸਕਦੇ। ਆਮ ਬੰਦਾ

ਤੁਕ ਦੇ ਬਾਹਰੀ ਅਰਥ ਸਮਝ ਕੇ ਹੀ ਅਗਲੀ ਤੁੱਕ ਵੱਲ ਵੱਧ ਜਾਂਦਾ ਹੈ ਜਿਸ ਨਾਲ ਉਹ ਤੁੱਕ ਦੀ ਗਹਿਰਾਈ ਜਾਂ 'ਗੁਰਬਾਣੀ ਦੇ ਰਸ' ਤੋਂ ਵਾਂਝਾ ਰਹਿ ਜਾਂਦਾ ਹੈ।ਕਿਸੇ ਸਮੁੱਚੀ ਤੁੱਕ ਜਾਂ ਸਮੁੱਚੇ ਸ਼ਬਦ ਦੇ ਭਾਵ ਅਰਥ ਸਮਝੇ ਬਿਨਾਂ ਗੁਰਬਾਣੀ ਦਾ ਰਸ ਨਹੀਂ ਮਾਣਿਆ ਜਾ ਸਕਦਾ।ਤੁੱਕ ਦੇ ਅਸਲ ਅਰਥਾਂ ਜਾਂ ਭਾਵ ਅਰਥਾਂ ਦੀ ਸਮੁੱਚੇ ਸ਼ਬਦ ਦੇ ਭਾਵ ਅਰਥ ਤੋਂ ਬਾਅਦ ਹੀ ਸਮਝ ਪੈਂਦੀ ਹੈ ਅਰਥਾਤ ਸਮੁੱਚੇ ਸ਼ਬਦ ਦੇ ਕੇਂਦਰੀ ਜਾਂ ਮੁੱਖ ਭਾਵ ਦੇ ਪ੍ਰਸੰਗ ਨੂੰ ਸਮਮਝ ਕੇ ਹੀ ਤੁੱਕ ਦੇ ਅਰਥਾਂ ਜਾਂ ਭਾਵ ਤੱਕ ਪੁੱਜਿਆ ਜਾ ਸਕਦਾ ਹੈ।

### 3.2.3.4 **ਸਿਧਾਂਤਕ ਅਰਥ ਜਾਂ ਪਰਮਾਰਥ:**

ਸ਼ਬਦ ਦੀ ਵਿਆਖਿਆ ਕਰਦੇ ਹੋਏ ਭਾਵ ਅਰਥ ਦੇ ਨਾਲ ਨਾਲ ਸਿਧਾਂਤਕ ਅਰਥ ਜਾਨਣਾ ਵੀ ਜ਼ਰੂਰੀ ਹੈ।ਵਰਤਮਾਨ ਸਮੇਂ ਵਿੱਚ ਸਿਧਾਂਤਕ ਜਾਂ ਦਾਰਸ਼ਨਿਕ ਵਿਆਖਿਆ ਦਾ ਬਹੁਤ ਰੁਝਾਨ ਹੈ।ਡਾ. ਹਰਪਾਲ ਸਿੰਘ ਅਨੁਸਾਰ:

> ਧਰਮ ਗ੍ਰੰਥ ਵਿਚਲੇ ਅਨੁਭਵ ਦਾ ਗਿਆਨਾਤਮਕ ਸਰੂਪ ਪੈਦਾ ਕਰਕੇ ਮਨੁੱਖੀ ਬੁੱਧੀ ਨੂੰ ਬ੍ਰਹਿਮੰਡੀ ਚੇਤਨਾ ਨਾਲ ਇਕਸੁਰ ਕਰਨ ਅਤੇ ਜ਼ਿੰਦਗੀ ਦੇ ਬਹੁਭਾਂਤੀ ਅਤੇ ਬਹੁਰੰਗੀ ਪਸਾਰਾਂ ਦਾ ਗਿਆਨ ਕਰਵਾਉਣਾ ਦਾਰਸ਼ਨਿਕ ਵਿਆਖਿਆ ਦਾ ਮੂਲ ਮਨੋਰਥ ਹੈ।...ਗੁਰਬਾਣੀ ਵਿਆਖਿਆ ਪਰੰਪਰਾ ਵਿੱਚ ਨਿਰਮਲੇ ਅਤੇ ਉਦਾਸੀ ਵਿਦਵਾਨਾਂ ਨੇ ਇਸ ਪੱਖ ਤੋਂ ਉਲੇਖਯੋਗ ਕੰਮ ਕੀਤਾ ਹੈ।[53]

ਜਿੱਥੇ ਭਾਵ-ਅਰਥ ਕਿਸੇ ਘਟਨਾ ਦੇ ਪ੍ਰਥਾਇ ਹੁੰਦਾ ਹੈ ਉੱਥੇ ਸਿਧਾਂਤਕ ਅਰਥ ਸ਼ਬਦ ਦੇ ਉਹ ਸਦੀਵੀਂ ਅਰਥ ਹੁੰਦੇ ਹਨ ਜੋ ਹਰ ਕਾਲ, ਹਰ ਸਥਾਨ ਅਤੇ ਹਰ ਹਾਲਾਤ ਵਿੱਚ ਢੁਕਦੇ ਹੋਏ ਹੋਣ, ਜਿਵੇਂ ਗੁਰੂ ਮਹਾਰਾਜ ਕਹਿੰਦੇ ਹਨ:

ਰਾਮ ਜਪਉ ਜੀ ਐਸੇ ਐਸੇ
ਧ੍ਰੂ ਪ੍ਰਹਲਾਦ ਜਪਿਓ ਹਰਿ ਜੈਸੇ॥[54]

ਵਾਹਿਗੁਰੂ ਦਾ ਜਾਪ ਕਰੋ ਜਿਵੇਂ ਭਗਤ ਧ੍ਰੂ ਨੇ ਅਤੇ ਭਗਤ ਪ੍ਰਹਿਲਾਦ ਨੇ ਜਪਿਆ ਸੀ। ਹੁਣ ਇੱਕ ਤੇ ਸਾਡੇ ਸਾਹਮਣੇ ਉਥਾਨਕਾ ਰੂਪ ਵਿੱਚ ਭਗਤ ਧ੍ਰੂ ਦੀ ਅਤੇ ਭਗਤ ਪ੍ਰਹਿਲਾਦ ਦੀ ਘਟਨਾ ਆ ਗਈ। ਸਾਨੂੰ ਉਹ ਘਟਨਾ ਪਹਿਲਾਂ ਜਾਨਣੀ ਪਏਗੀ ਕਿ ਧ੍ਰੂ ਅਤੇ ਪ੍ਰਹਿਲਾਦ ਭਗਤ ਕੋਣ ਸਨ, ਉਨ੍ਹਾਂ ਨਾਲ ਕੀ ਵਾਪਰਿਆ, ਕਿਸ ਘਟਨਾ ਕਰਕੇ ਉਹ ਨਾਮ ਜਪਣ ਵੱਲ ਤੁਰੇ ਅਤੇ ਉਨ੍ਹਾਂ ਨੇ ਨਾਮ ਕਿਵੇਂ ਜਪਿਆ। ਇਸ ਵਿੱਚ ਉਪਦੇਸ਼ ਇਹ ਦਿੱਤਾ ਜਾ ਰਿਹਾ ਕਿ ਨਾਮ ਜਪੋ ਅਤੇ ਨਾਮ ਜਪਣ ਨਾਲ ਹੀ ਤੁਹਾਡਾ ਜੀਵਨ ਸਦੀਵੀ ਸੱਚ ਨਾਲ ਜੁੜ ਕੇ ਆਵਾਗਉਣ ਜਾਂ ਜਨਮ-ਮਰਨ ਦੇ ਗੇੜ ਤੋਂ ਮੁਕਤ ਹੁੰਦਾ ਹੈ।

ਨਤੀਜੇ ਵਜੋਂ ਅਸੀਂ ਕਹਿ ਸਕਦੇ ਹਾਂ ਕਿ ਗੁਰਬਾਣੀ ਵਿਆਖਿਆ ਦੀ ਵਿਉਂਤ ਅਤੇ ਖੇਤਰ ਨੂੰ ਅਧਿਐਨ ਕਰਨ ਉਪਰੰਤ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਗੁਰਬਾਣੀ ਦੇ ਅਧਿਐਨ ਲਈ ਇਹ ਬਹੁਤ ਮਹੱਤਵ ਰੱਖਦਾ ਹੈ ਤੇ ਜਗਿਆਸੂਆਂ ਲਈ ਅੰਤਰ-ਸੰਵਾਦ ਨੂੰ ਜਨਮ ਦਿੰਦਾ ਹੋਇਆ ਇਹ ਹਰੇਕ ਜੁੱਗ ਮੁਤਾਬਕ ਗੁਰਬਾਣੀ ਵਿਆਖਿਆ ਨੂੰ ਪ੍ਰਸੰਗਕ ਬਣਾਉਂਦਾ ਹੈ।

## 3.3 ਗੁਰਬਾਣੀ-ਵਿਆਖਿਆ ਦਾ ਉਦੇਸ਼, ਮਹੱਤਵ ਅਤੇ ਚੁਣੌਤੀਆਂ:

ਗੁਰਬਾਣੀ ਵਿਆਖਿਆ ਦਾ ਉਦੇਸ਼, ਮਹੱਤਵ ਅਤੇ ਚੁਣੌਤੀਆਂ ਤੇ ਵਿਚਾਰ ਕਰਨਾ ਜਿੱਥੇ ਹਰੇਕ ਪਰਿਪੇਖ ਤੋਂ ਬਾਣੀ ਦਾ ਭਾਵ ਸਪਸ਼ਟ ਕਰਕੇ ਮਨੁੱਖ ਨੂੰ ਗੁਰਮਤਿ ਭਾਵ ਗੁਰੂ ਦੀ ਮੱਤ ਪ੍ਰਦਾਨ ਕਰਨਾ ਹੈ ਉੱਥੇ ਪਾਠਕ ਨੂੰ ਨਿਰੰਤਰ ਯੋਗ ਦ੍ਰਿਸ਼ਟੀ-ਬਿੰਦੂ ਦੁਆਰਾ ਸਮੱਸਿਆਵਾਂ ਨੂੰ ਸੁਲਝਾਉਣ ਦੀ ਪਹੁੰਚ ਵਿਧੀ ਪ੍ਰਦਾਨ ਕਰਨਾ ਵੀ ਹੈ ਤਾਂ ਜੋ ਉਹ ਆਪਣੇ ਜੀਵਨ ਦੇ ਵਡਮੁੱਲੇ ਪਾਸਾਰ ਵਿੱਚ ਵਿਭਿੰਨ ਸਥਿਤੀਆਂ ਦੌਰਾਨ ਗੁਰਬਾਣੀ ਤੋਂ ਦਿਸ਼ਾ-ਨਿਰਦੇਸ਼ ਲੈ ਕੇ ਇੱਕ ਉੱਤਮ ਜੀਵਨ ਜਾਚ ਦੀ ਅਗਵਾਈ ਪ੍ਰਾਪਤ ਕਰ ਸਕੇ।

### 3.3.1 ਉਦੇਸ਼:

ਗੁਰਮੁਖੀ ਲਿਪੀ ਵਿੱਚ ਲਿਖਿਆ 1430 ਪੰਨਿਆਂ ਦਾ ਵੱਡ ਆਕਾਰੀ ਗ੍ਰੰਥ 'ਗੁਰੂ ਗ੍ਰੰਥ ਸਾਹਿਬ' ਅਜਿਹਾ ਅਧਿਆਤਮਕ ਗ੍ਰੰਥ ਹੈ, ਜਿਸ ਵਿੱਚ 12ਵੀਂ ਸਦੀ (1173 ਈ. ਬਾਬਾ ਫਰੀਦ ਜੀ ਦੇ ਜਨਮ) ਤੋਂ ਲੈ ਕੇ 17ਵੀਂ ਸਦੀ (1675 ਈ. ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ) ਤੱਕ ਲਗਭਗ ਪੰਜ ਸੌ ਸਾਲਾਂ ਦੇ ਅਧਿਆਤਮਕ, ਸਮਾਜਿਕ, ਇਤਿਹਾਸਕ,

ਸੱਭਿਆਚਾਰਕ ਅਤੇ ਸਾਹਿਤਿਕ ਚਿੰਤਨ ਦਾ ਸਰਮਾਇਆ ਉਪਲਬਧ ਹੈ। ਬਾਬਾ ਫਰੀਦ ਦੀ ਬਾਣੀ ਮੁਲਤਾਨੀ ਜਾਂ ਲਹਿੰਦੀ, ਗੁਰੂ ਨਾਨਕ ਦੇਵ ਜੀ ਦੀ ਬਾਣੀ ਪੰਜਾਬੀ, ਸੰਸਕ੍ਰਿਤ, ਫਾਰਸੀ ਅਤੇ ਅਰਬੀ, ਭਗਤ ਨਾਮਦੇਵ ਅਤੇ ਤ੍ਰਿਲੋਚਨ ਦੀ ਬਾਣੀ ਮਰਾਠੀ, ਭਗਤ ਪੀਪਾ ਅਤੇ ਭਗਤ ਧੰਨਾ ਦੀ ਸ਼ਬਦਾਵਲੀ ਰਾਜਸਥਾਨੀ, ਕਬੀਰ ਬਾਣੀ ਪੱਛਮੀ ਹਿੰਦੀ, ਭਗਤ ਜੈ ਦੇਵ ਦੀ ਬਾਣੀ ਪੂਰਬੀ ਅਪਭ੍ਰੰਸ਼, ਸਲੋਕ ਸਹਿਸਕ੍ਰਿਤੀ ਵਿੱਚ ਪੱਛਮੀ ਅਪਭ੍ਰੰਸ਼, ਭੱਟਾਂ ਦੀ ਬਾਣੀ ਪੂਰਬੀ ਹਿੰਦੀ, ਗੁਰੂ ਅਰਜਨ ਦੇਵ ਜੀ ਦੀ ਬਾਣੀ ਲਹਿੰਦੀ, ਸਿੰਧੀ, ਸੰਸਕ੍ਰਿਤ ਅਤੇ ਗੁਰੂ ਤੇਗ ਬਹਾਦਰ ਦੀ ਬਾਣੀ ਬ੍ਰਿਜ ਭਾਸ਼ਾ ਆਦਿ ਭਾਸ਼ਾਵਾਂ ਵਿੱਚ ਹੈ। ਇਸ ਪ੍ਰਕਾਰ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਪੰਜਾਬੀ ਭਾਸ਼ਾ ਤੋਂ ਇਲਾਵਾ ਸੰਸਕ੍ਰਿਤ, ਉਰਦੂ, ਫ਼ਾਰਸੀ, ਅਰਬੀ, ਮਰਾਠੀ, ਹਿੰਦਵੀ, ਗੁਜਰਾਤੀ, ਬ੍ਰਿਜ, ਸਧੁਕੜੀ (ਸਾਧ-ਭਾਖਾ), ਪ੍ਰਾਕ੍ਰਿਤ, ਲਹਿੰਦੀ, ਰਾਜਸਥਾਨੀ, ਅਵਧੀ, ਮੈਥਿਲੀ, ਅਪਭ੍ਰੰਸ਼, ਮਿਸ਼੍ਰਿਤ ਭਾਸ਼ਾ, ਸਹਿਸਕ੍ਰਿਤੀ, ਦ੍ਰਾਵੜ ਆਦਿ ਭਾਰਤੀ ਅਤੇ ਵਿਦੇਸ਼ੀ ਭਾਸ਼ਾਵਾਂ ਦਾ ਮੇਲ ਵੱਖ-ਵੱਖ ਕਾਵਿ-ਰੂਪਾਂ, ਛੰਦਾਂ ਤੇ ਅਲੰਕਾਰਾਂ ਵਿੱਚ ਪ੍ਰਾਪਤ ਹੁੰਦਾ ਹੈ। ਹਰ ਵਿਅਕਤੀ ਇਸ ਵਿੱਚ ਦਰਜ਼ ਸਾਰੀਆਂ ਭਾਸ਼ਾਵਾਂ ਦੀ ਸ਼ਬਦਾਵਲੀ ਅਤੇ ਉਨ੍ਹਾਂ ਦੀ ਅਰਥਾਵਲੀ ਤੋਂ ਜਾਣੂੰ ਨਹੀਂ ਹੁੰਦਾ। ਭਾਵੇਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਲੋਕ ਭਾਸ਼ਾ ਅਤੇ ਗੁਰਮੁਖੀ ਲਿਪੀ ਵਿੱਚ ਲਿਖਿਆ ਗਿਆ ਹੈ ਪ੍ਰੰਤੂ ਭਾਸ਼ਾਵਾਂ ਦੇ ਵਖਰੇਵੇਂ ਕਾਰਣ ਇਸ ਨੂੰ ਵੀ ਸਮਝਣਾ ਇੱਕ ਜਟਿਲ ਸਮੱਸਿਆ ਹੀ ਬਣਿਆ ਰਿਹਾ। ਇਸ ਪ੍ਰਕਾਰ ਅਸੀਂ ਵੇਖਦੇ ਹਾਂ ਕਿ ਗੁਰਬਾਣੀ ਵਿਚਲੀ ਭਾਸ਼ਾਈ-ਵਿਭਿੰਨਤਾ, ਦੁਰਬੋਧਤਾ (inaccessibility) ਅਤੇ ਜਟਿਲਤਾ (complexity) ਦੀ ਸਮੱਸਿਆ ਦਾ ਹੱਲ ਕਰਨਾ ਗੁਰਬਾਣੀ ਵਿਆਖਿਆ ਦਾ ਪਹਿਲਾ ਉਦੇਸ਼ ਹੈ।

ਹੋਰ ਧਰਮ ਗ੍ਰੰਥਾਂ ਦੀ ਤਰ੍ਹਾਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵੀ ਇਲਹਾਮ ਦੁਆਰਾ ਧੁਰੋਂ ਪ੍ਰਾਪਤ ਹੋਈ ਦੈਵੀ ਬਾਣੀ ਹੋਣ ਕਾਰਣ ਪਰਾਭੌਤਿਕ ਅਤੇ ਰਹੱਸਮਈ ਦੈਵੀ ਗਿਆਨ ਨਾਲ ਭਰਪੂਰ ਹੈ ਜਿਸ ਨੂੰ ਸਮਝਣਾ ਸਹਿਜ ਅਤੇ ਸੌਖਾ ਨਹੀਂ। ਪਰਾਭੌਤਿਕ ਸੰਸਾਰ ਜਾਂ ਪਰਲੋਕ ਮਨੁੱਖੀ ਅੱਖਾਂ ਦੀ ਪਹੁੰਚ ਦਾ ਵਿਸ਼ਾ ਨਹੀਂ। ਇਸ ਦੀ ਹੋਂਦ ਆਮ ਮਨੁੱਖ ਲਈ ਉਦੋਂ ਤੱਕ ਅਣਹੋਂਦ ਰਹਿੰਦੀ ਹੈ ਜਦੋਂ ਤੱਕ ਕਿ ਉਹ ਅਨੁਭਵ ਦੀ ਉਸ ਅਵਸਥਾ ਵਿੱਚ ਨਹੀਂ ਪਹੁੰਚ ਜਾਂਦਾ ਜਿਸ ਵਿੱਚ ਰਚਨਾਕਾਰ ਪਹੁੰਚਿਆ ਹੋਇਆ ਹੈ। ਇਲਹਾਮੀ ਸ਼ਬਦਾਂ ਦਾ ਪ੍ਰਗਟਾਅ ਚਿੰਨ੍ਹਾਂ ਅਤੇ ਪ੍ਰਤੀਕਾਂ ਵਿੱਚ ਕੀਤਾ ਹੁੰਦਾ ਹੈ। ਇਨ੍ਹਾਂ ਦੇ ਗੂਹਜ ਰਹੱਸਾਂ ਤੱਕ ਪਹੁੰਚਣਾ ਸੁਖੈਨ ਕਾਰਜ ਨਹੀਂ ਹੈ। ਸੋ ਇਸ ਪ੍ਰਕਾਰ ਵਿਆਖਿਆ ਗ੍ਰੰਥ ਰਚਣ ਦਾ ਦੂਜਾ ਪ੍ਰਮੁੱਖ ਉਦੇਸ਼

ਰੱਬੀ-ਹੋਂਦ, ਉਸ ਦੀ ਏਕਤਾ, ਸਰਬ ਵਿਆਪਕਤਾ, ਸਰਬ ਸਮਰੱਥਤਾ, ਅਦ੍ਰਿਸ਼ਟਤਾ ਆਦਿ ਦੇ ਦੈਵੀ ਗਿਆਨ ਦੀ ਚਿੰਨ੍ਹਾਤਮਕ ਭਾਸ਼ਾ ਨੂੰ ਮਨੁੱਖੀ ਮੁਹਾਵਰੇ ਵਿੱਚ ਸੁਲਝਾ ਕੇ ਸਰਲ ਅਤੇ ਸਪਸ਼ਟ ਭਾਸ਼ਾ ਵਿੱਚ ਬਿਆਨ ਕਰਨਾ ਹੁੰਦਾ ਹੈ।ਇਸ ਸੰਬੰਧੀ ਡਾ. ਜਸਵੰਤ ਸਿੰਘ ਬੁੱਗਰਾਂ ਲਿਖਦੇ ਹਨ:

> ਰੱਬੀ ਅਨੁਭਵ ਨੂੰ ਸਮਝਣ-ਸਮਝਾਉਣ ਲਈ ਕੇਵਲ ਬੌਧਿਕ ਯਤਨ ਅਧੂਰੇ ਹੁੰਦੇ ਹਨ ਕਿਉਂਕਿ ਅਨੁਭਵ ਦੀ ਸਮਝ ਜਾਂ ਅਧਿਐਨ ਅਨੁਭਵ ਰਾਹੀਂ ਹੀ ਹੋ ਸਕਦੀ ਹੈ।ਇਸ ਤਰ੍ਹਾਂ ਧਰਮ ਅਧਿਐਨ ਦੀ ਆਪਣੀ ਸੁਤੰਤਰ ਅਤੇ ਵਿਲੱਖਣ ਪਹੁੰਚ-ਵਿਧੀ ਹੁੰਦੀ ਹੈ।[55]

'ਸ਼ਬਦ ਗੁਰੂ' ਨੂੰ ਸਮਝਣ ਸਮਝਾਉਣ ਦੇ ਉਦੇਸ਼ ਨਾਲ ਅੱਜ ਤੱਕ ਕਈ ਵਿਆਖਿਆ-ਪ੍ਰਣਾਲੀਆਂ ਰਾਹੀਂ ਗੁਰਬਾਣੀ ਵਿਆਖਿਆ ਦੇ ਯਤਨ ਹੁੰਦੇ ਆਏ ਹਨ।ਗੁਰਬਾਣੀ ਨੂੰ ਸ਼ੁੱਧ ਰੂਪ ਵਿੱਚ ਸਮਝਣ ਲਈ ਇਹ ਜ਼ਰੂਰੀ ਹੈ ਕਿ ਉਸ ਦੇ ਮਹੱਤਵਪੂਰਣ, ਲਾਜ਼ਮੀ ਅਤੇ ਬੁਨਿਆਦੀ ਸਿਧਾਂਤਾਂ, ਪਰਿਭਾਸ਼ਕ ਸ਼ਬਦਾਂ ਅਤੇ ਸੰਕੇਤਾਂ ਨੂੰ ਸਮਝਿਆ ਅਤੇ ਵਿਚਾਰਿਆ ਜਾਵੇ।

ਸੋ ਗੁਰਬਾਣੀ-ਵਿਆਖਿਆਕਾਰੀ ਦਾ ਪ੍ਰਮੁੱਖ ਉਦੇਸ਼ ਗੁਰਬਾਣੀ ਦੇ ਵਿਚਾਰਧਾਰਕ, ਦਾਰਸ਼ਨਿਕ, ਅਧਿਆਤਮਕ, ਰਹੱਸਾਤਮਕ, ਰਾਜਨੀਤਕ, ਸਮਾਜਕ, ਸੱਭਿਆਚਾਰਕ, ਵਿਗਿਆਨਕ, ਸਾਹਿਤਕ ਅਤੇ ਅਕਾਦਮਿਕ ਪੱਖ ਨੂੰ ਪੇਸ਼ ਕਰ ਕੇ ਆਮ ਜਗਿਆਸੂ ਦੀ ਸਮਝ-ਗੋਚਰੇ ਕਰਨਾ ਹੈ।

### 3.3.2 ਮਹੱਤਵ:

ਧਰਮ ਦਾ ਮਨੁੱਖ ਦੀ ਸ਼ਖ਼ਸੀਅਤ ਉਸਾਰੀ ਵਿੱਚ ਮਹੱਤਵਪੂਰਣ ਯੋਗਦਾਨ ਹੁੰਦਾ ਹੈ।ਅਜੋਕੇ ਇੱਕੀਵੀਂ ਸਦੀ ਦੇ ਸਮੇਂ ਵਿੱਚ, ਜਦੋਂ ਉੱਤਰ ਆਧੁਨਿਕ ਕਾਲ ਦਾ ਸੰਕਲਪ ਹੋਂਦ ਵਿੱਚ ਆਇਆ ਹੈ ਤਾਂ ਇਸ ਦਾ ਮਹੱਤਵ ਹੋਰ ਵੀ ਵਧੇਰੇ ਹੋ ਜਾਂਦਾ ਹੈ।ਆਧੁਨਿਕ ਕਾਲ ਦੇ ਬੌਧਿਕਵਾਦ, ਵਿਗਿਆਨਵਾਦ, ਤਕਨਾਲੌਜੀ, ਅਨੇਕਵਾਦ ਅਤੇ ਮਾਰਕਸਵਾਦ ਆਦਿ ਨੇ ਧਰਮ ਨੂੰ ਇੱਕ ਵੱਡੀ ਢਾਹ ਲਾਈ ਹੈ।ਪਦਾਰਥਕ ਉਨੱਤੀ ਨੇ ਇੱਕ ਪਾਸੇ ਭੌਤਿਕ ਸਹੂਲਤਾਂ

ਰਾਹੀਂ ਮਨੁੱਖ ਦੇ ਬਾਹਰੀ ਜੀਵਨ ਨੂੰ ਆਰਾਮਦਾਇਕ ਬਣਾਇਆ ਹੈ ਪ੍ਰੰਤੂ ਦੂਜੇ ਪਾਸੇ ਧਾਰਮਿਕ ਤੇ ਭਾਵਨਾਤਮਕ ਕਦਰਾਂ ਕੀਮਤਾਂ ਤੋਂ ਦੂਰੀ ਵੀ ਪੈਦਾ ਕਰ ਦਿੱਤੀ ਹੈ।

ਧਰਮ ਗ੍ਰੰਥਾਂ ਨੂੰ ਕੇਵਲ ਸ਼ਬਦੀ ਅਰਥ ਸਮਝ ਕੇ ਹੀ ਨਹੀਂ ਸਮਝਿਆ ਜਾ ਸਕਦਾ। ਇਨ੍ਹਾਂ ਸ਼ਬਦੀ ਅਰਥਾਂ ਦੀਆਂ ਪਰਤਾਂ ਹੇਠ ਹੋਰ, ਨਵੇਂ ਤੇ ਅਨੁਭਵੀ ਅਰਥ ਹੁੰਦੇ ਹਨ ਜੋ ਉਪਦੇਸ਼ ਨੂੰ ਮੌਲਿਕ ਰੂਪ ਵਿੱਚ ਸਮਝਣ ਵਿੱਚ ਮਦਦ ਕਰਦੇ ਹਨ।ਇਸ ਲਈ ਧਰਮ ਗ੍ਰੰਥ ਨੂੰ ਮੌਲਿਕ ਰੂਪ ਵਿੱਚ ਸਮਝਣ ਲਈ ਇਸ ਦੇ ਕੇਵਲ ਸਤਹੀ ਅਰਥਾਂ ਨੂੰ ਨਹੀਂ ਸਗੋਂ ਅਧਿਆਤਮਕ ਗੰਭੀਰ ਅਤੇ ਸੂਖ਼ਮ ਅਰਥਾਂ ਨੂੰ ਵੀ ਸਮਝਣਾ ਪੈਂਦਾ ਹੈ।ਕੇਵਲ ਸਤਹੀ ਪੱਧਰ ਤੇ ਅਰਥ ਸਮਝ ਕੇ ਕਈ ਵਾਰ ਵਿਆਖਿਆ ਹੋਰ ਵੀ ਗੁੰਝਲਦਾਰ ਹੋ ਜਾਂਦੀ ਹੈ।ਡਾ. ਗੁਰਨੇਕ ਸਿੰਘ ਇਸੇ ਵਿਚਾਰ ਦੀ ਪ੍ਰੋੜਤਾ ਕਰਦੇ ਹੋਏ ਆਖਦੇ ਹਨ:

> ਕਿਸੇ ਧਰਮ ਗ੍ਰੰਥ ਦੀ ਵਿਆਖਿਆ ਵਿੱਚ ਸ਼ਬਦ-ਅਰਥਾਂ ਦੀ ਬਹੁਤੀ ਮਹੱਤਤਾ ਨਹੀਂ, ਅਸਲ ਮਹੱਤਵਪੂਰਨ ਤੱਥ ਹੈ ਅਧਿਆਤਮਕ ਅਰਥਾਂ ਦਾ ਜਾਨਣਾ।[56]

ਗੁਰਬਾਣੀ ਵਿਆਖਿਆ ਕੇਵਲ ਸ਼ਬਦਾਂ ਦੇ ਅਰਥ ਹੀ ਨਿਰਧਾਰਤ ਨਹੀਂ ਕਰਦੀ ਸਗੋਂ ਗੁਰਬਾਣੀ ਦੇ ਸਿਧਾਂਤਾਂ ਤੋਂ ਪਾਠਕ ਨੂੰ ਜਾਣੂੰ ਕਰਵਾਉਂਦੀ ਹੈ।ਜੀਵਨ ਵਿੱਚ ਬਾਣੀ ਦੇ ਸਿਧਾਂਤਾਂ ਨੂੰ ਅਮਲੀ ਰੂਪ ਵਿੱਚ ਨਾਂ ਅਪਣਾ ਕੇ ਮਨੁੱਖ ਆਪਣੇ ਜੀਵਨ ਦੇ ਉਦੇਸ਼ ਦੀ ਪੂਰਤੀ ਨਹੀਂ ਕਰ ਸਕਦਾ।ਗੁਰਬਾਣੀ-ਵਿਆਕਰਣ ਅਤੇ ਪਦਾਂ ਦੇ ਅਰਥ ਸਮਝਣ ਲਈ ਪ੍ਰੋ. ਸਾਹਿਬ ਸਿੰਘ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ' ਅਤੇ ਪ੍ਰਿੰਸੀਪਲ ਤੇਜਾ ਸਿੰਘ ਨੇ ਬਾਵਾ ਹਰਕ੍ਰਿਸ਼ਨ ਸਿੰਘ ਤੇ ਪ੍ਰੋ. ਨਰਾਇਣ ਸਿੰਘ ਦੇ ਸਹਿਯੋਗ ਨਾਲ 'ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ' ਰਚ ਕੇ ਬਾਣੀ ਨੂੰ ਸਮਝਣ-ਸਮਝਾਉਣ ਲਈ ਵਿਗਿਆਨਕ ਅਤੇ ਵਿਉਂਤਬੱਧ ਜੁਗਤਾਂ ਨੂੰ ਵਰਤੋਂ ਵਿੱਚ ਲਿਆਂਦਾ ਤੇ ਵਿਆਕਰਣ ਦੇ ਆਧਾਰ ਉੱਤੇ ਵਿਗਿਆਨਕ ਦ੍ਰਿਸ਼ਟੀ ਨਾਲ ਗੁਰਬਾਣੀ ਦੇ ਅਰਥ ਪਾਠਕ ਦੀ ਸਮਝ ਗੋਚਰੇ ਕੀਤੇ ਹਨ।ਪ੍ਰਿੰਸੀਪਲ ਤੇਜਾ ਸਿੰਘ ਅਨੁਸਾਰ:

> ਧਰਮ ਸਿਧਾਂਤ ਘੜਨਾ ਨਹੀਂ ਹੈ ਸਗੋਂ ਅਮਲ ਦਾ ਨਾਮ ਹੈ।ਗੁਰੂ ਜੀ ਅਨੁਸਾਰ ਧਰਮ ਪਰਮਾਤਮਾ ਵੱਲ ਆਪਣੇ-ਆਪ ਨੂੰ ਸਮਰਪਣ ਕਰਨਾ ਕਿਹਾ ਜਾਂਦਾ ਹੈ।[57]

ਵਰਤਮਾਨ ਸਮੇਂ ਵਿੱਚ ਗੁਰਬਾਣੀ ਵਿਆਖਿਆ ਦਾ ਮਨੁੱਖੀ ਜੀਵਨ ਵਿੱਚ ਕਈ ਪੱਖਾਂ ਤੋਂ ਵਿਸ਼ੇਸ਼ ਮਹੱਤਵ ਹੈ ਜਿਵੇਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਦੀ ਵਿਚਾਰਧਾਰਕ ਏਕਤਾ ਨੂੰ ਵੱਖ-ਵੱਖ ਦ੍ਰਿਸ਼ਟੀ-ਬਿੰਦੂਆਂ ਤੋਂ ਘੋਖਣ ਦਾ ਕਾਰਜ ਵਿੱਚ ਗੁਰਬਾਣੀ ਵਿਆਖਿਆ ਵਿਸ਼ੇਸ਼ ਭੂਮਿਕਾ ਨਿਭਾਉਂਦੀ ਹੈ।ਹਰ ਵਿਆਖਿਆਕਾਰ ਆਪੋ ਆਪਣੇ ਦ੍ਰਿਸ਼ਟੀਕੋਣ ਤੋਂ ਗੁਰਬਾਣੀ ਵਿਆਖਿਆ ਕਰਦਾ ਹੈ।ਵੱਖੋ ਵੱਖਰੇ ਵਿਆਖਿਆਕਾਰਾਂ ਦੀ ਪਹੁੰਚ ਨੂੰ ਵਿਚਾਰਾਧੀਨ ਲਿਆ ਕੇ ਜਿੱਥੇ ਸਮੁੱਚੀ ਬਾਣੀ ਦੀ ਵਿਚਾਰਧਾਰਕ ਏਕਤਾ ਦੀ ਸਾਂਝ ਪਾਈ ਜਾ ਸਕਦੀ ਹੈ ਉੱਥੇ ਵੱਖੋ-ਵੱਖਰੇ ਪਰਿਪੇਖਾਂ ਤੋਂ ਕੀਤੀ ਗਈ ਵਿਆਖਿਆ ਦਾ ਤੁਲਨਾਤਮਕ ਅਧਿਐਨ ਵੀ ਕੀਤਾ ਜਾ ਸਕਦਾ ਹੈ ਜਿਵੇਂ ਗੁਰਬਾਣੀ ਦੀਆਂ ਪਰੰਪਰਾਗਤ ਜਾਂ ਸੰਪ੍ਰਦਾਇਕ ਵਿਆਖਿਆ ਪ੍ਰਣਾਲੀਆਂ ਨੂੰ ਆਧੁਨਿਕ ਵਿਗਿਆਨਕ ਵਿਆਖਿਆ ਪ੍ਰਣਾਲੀਆਂ ਦੇ ਮੁਕਾਬਲੇ ਤੇ ਰੱਖ ਕੇ ਵਾਚਿਆ ਜਾ ਸਕਦਾ ਹੈ।ਅਜਿਹਾ ਕੇਵਲ ਗੁਰਬਾਣੀ ਵਿਆਖਿਆ ਕਾਰਣ ਹੀ ਸੰਭਵ ਹੋ ਸਕਿਆ ਹੈ।

ਅਨੁਭਵੀ ਆਵੇਸ਼ ਦੇ ਪਲਾਂ ਵਿੱਚ ਸਿਰਜੇ ਗਏ ਅਧਿਆਤਮਕ-ਗ੍ਰੰਥ ਅਕਸਰ ਕਾਵਿ-ਰੂਪ ਵਿੱਚ ਹੀ ਉਜਾਗਰ ਹੋਈ ਹੈ।ਜਿਵੇਂ ਕਿ ਸੰਸਕ੍ਰਿਤ, ਪਾਲੀ ਅਤੇ ਪ੍ਰਾਕ੍ਰਿਤ ਭਾਸ਼ਾ ਵਿੱਚ ਲਿਖੇ ਗਏ ਧਰਮ-ਗ੍ਰੰਥ ਵੀ ਅਕਸਰ ਕਾਵਿਕ-ਸੂਤਰਾਂ ਵਿੱਚ ਹੀ ਬਿਆਨ ਹੋਏ ਹਨ।ਇਨ੍ਹਾਂ ਕਾਵਿਕ ਅਤੇ ਛੰਦਾਬੰਦੀ ਦੇ ਸੂਤਰਾਂ ਨੂੰ ਖੋਲ੍ਹ ਕੇ ਗਦ ਰੂਪ ਵਿੱਚ ਸਮਝਣਯੋਗ ਬਣਾਉਣ ਵਿੱਚ ਵਿਆਖਿਆ ਗ੍ਰੰਥਾਂ ਦਾ ਵਿਸ਼ੇਸ਼ ਸਹਿਯੋਗ ਹੁੰਦਾ ਹੈ।ਅਸਲ ਵਿੱਚ ਬਾਣੀ ਕਾਵਿਕ, ਰਾਗਮਈ ਅਤੇ ਅਨੇਕ ਭਾਸ਼ਾਈ ਹੋਣ ਦੇ ਨਾਲ ਨਾਲ ਆਤਮ ਅਨੁਭਵੀ ਅਤੇ ਰਹੱਸਮਈ ਵੀ ਹੈ।ਡਾ. ਜਗਬੀਰ ਸਿੰਘ ਦੇ ਸ਼ਬਦਾਂ ਵਿੱਚ:

> ...ਗੁਰੂ ਗ੍ਰੰਥ ਸਾਹਿਬ ਦਾ ਪਾਠ ਮੂਲ ਰੂਪ ਵਿੱਚ ਤਾਂ ਭਾਵੇਂ ਆਪਣੇ ਵੇਲੇ ਦੀ ਹਕੀਕਤ ਨੂੰ ਹੀ ਸੰਬੋਧਿਤ ਹੈ, ਪਰ ਇਸ ਵਿੱਚ ਮਾਨਵ ਜਾਤੀ ਦੇ ਸਦੀਵੀ ਸਰੋਕਾਰਾਂ, ਸੁਪਨਿਆਂ ਅਤੇ ਆਦਰਸ਼ਾਂ ਨੂੰ ਵੀ ਮੂਰਤੀਮਾਨ ਕੀਤਾ ਗਿਆ ਹੈ...ਇਸ ਵਿੱਚ ਪੇਸ਼ ਹੋਈ ਵਿਸ਼ਵ ਦ੍ਰਿਸ਼ਟੀ ਅਤੇ ਜੀਵਨ ਜਾਚ ਸਮੁੱਚੇ ਜਗਤ ਨੂੰ ਆਪਣੇ ਕਲਾਵੇ ਵਿੱਚ ਲੈ ਲੈਣ ਦੇ ਸਮਰੱਥ ਹੈ।ਇਸ ਤੋਂ ਇਲਾਵਾ ਇਹ ਮਾਨਵ ਹਿਤਕਾਰੀ ਜੀਵਨ-ਮੁੱਲਾਂ ਅਤੇ

> ਰੂਹਾਨੀ ਜਾਗ੍ਰਿਤੀ ਦਾ ਸੰਦੇਸ਼ ਦੇਣ ਦੇ ਨਾਲ-ਨਾਲ ਅੰਤਰ-ਸੱਭਿਆਚਾਰਕ ਅਤੇ ਅੰਤਰ-ਧਾਰਮਿਕ ਸੰਵਾਦ ਦਾ ਅਜਿਹਾ ਢੁਕਵਾਂ ਮਾਡਲ ਪੇਸ਼ ਕਰਦੀ ਹੈ ਜੋ ਅਜੋਕੇ ਦੌਰ ਵਿੱਚ ਪੂਰੀ ਤਰ੍ਹਾਂ ਸਾਰਥਕ ਅਤੇ ਪ੍ਰਾਸੰਗਿਕ ਹੈ।[58]

### 3.3.3 **ਚੁਣੌਤੀਆਂ:**

ਹਰੇਕ ਭਾਸ਼ਾ ਦਾ ਆਪੋ-ਆਪਣਾ ਵਿਆਕਰਣ ਹੁੰਦਾ ਹੈ ਜਿਸ ਅਨੁਸਾਰ ਸ਼ਬਦਾਂ ਦਾ ਅਰਥ ਬੋਧ ਹੁੰਦਾ ਹੈ।ਇਸੇ ਲਈ ਗੁਰਬਾਣੀ ਵਿਆਖਿਆ ਡਿਕਸ਼ਨਰੀਆਂ ਵਿੱਚ ਦਰਸਾਏ ਸ਼ਬਦ ਅਰਥ ਅਤੇ ਕਿਸੇ ਇੱਕ ਭਾਸ਼ਾ ਨੂੰ ਅਧਾਰ ਬਣਾ ਕੇ ਕਰਨੀ ਉਚਿਤ ਨਹੀਂ।ਵਿਆਖਿਆ ਕਰਦੇ ਹੋਏ ਇਹ ਧਿਆਨ ਵਿੱਚ ਰੱਖਣਾ ਪੈਂਦਾ ਹੈ ਕਿ ਸ਼ਬਦ ਦੀ ਭਾਵਨਾ ਮਨਫੀ ਨਾ ਹੋਵੇ।ਜੇਕਰ ਕਿਸੇ ਇੱਕ ਵਿਆਕਰਣ ਦੇ ਆਧਾਰ ਤੇ ਸਾਰੀ ਗੁਰਬਾਣੀ ਦੀ ਸ਼ਬਦ ਦੇ ਸਮੁੱਚ ਵਿੱਚ ਅਰਥ ਬੋਧ ਕੀਤੇ ਬਿਨਾਂ ਵਿਆਖਿਆ ਕਰਨ ਦਾ ਯਤਨ ਕਰੀਏ ਤਾਂ ਉਸ ਵਿਆਖਿਆ ਦੇ ਜ਼ਿਆਦਾ ਸਾਰਥਕ ਸਿੱਟੇ ਨਿਕਲਣ ਦੀ ਬਜਾਏ ਅਨਰਥ ਹੋ ਸਕਦੇ ਹਨ।ਇਸ ਲਈ ਗੁਰਬਾਣੀ ਵਿਆਖਿਆ ਕੇਵਲ ਰਸਮੀ ਤੌਰ ਤੇ ਵਿਗਿਆਨਿਕ ਖੋਜ ਜੁਗਤਾਂ ਦੇ ਅੰਤਰਗਤ ਉਤਨੀ ਦੇਰ ਤੱਕ ਸਾਰਥਕ ਨਹੀਂ ਹੋ ਸਕਦੀ ਜਦੋਂ ਤੱਕ ਕਿ ਸ਼ਬਦ ਦੇ ਸਾਹਿਤਕ, ਸੰਗੀਤਕ, ਦਾਰਸ਼ਨਿਕ ਅਤੇ ਇਤਿਹਾਸਕ ਪੱਖ ਨੂੰ ਵਿਚਾਰਿਆ ਨਹੀਂ ਜਾਂਦਾ ਅਤੇ ਇਸ ਦੀ ਭਾਵਨਾ 'ਸਾਖੀ ਪਰਥਾਇ ਮਹਾਂਪੁਰਖ ਬੋਲਦੇ ਸਾਝੀ ਸਗਲ ਜਹਾਨੈ' ਵਾਲੀ ਨਹੀਂ ਹੁੰਦੀ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਵੀ ਇਸ ਤੋਂ ਲਾਹਾ ਲੈ ਸਕਣ।ਡਾ. ਗੁਲਜ਼ਾਰ ਸਿੰਘ ਕੰਗ ਅਨੁਸਾਰ:

> ਗੁਰਬਾਣੀ ਦੀ ਸਹੀ ਵਿਆਖਿਆ ਜਾਂ ਸੋਝੀ ਓਨਾ ਚਿਰ ਨਹੀਂ ਹੋ ਸਕਦੀ ਜਦ ਤੱਕ ਇਸ ਦੀ ਸਿਰਜਣ ਪ੍ਰਕਿਰਿਆ ਨੂੰ ਨਾ ਸਮਝ ਲਿਆ ਜਾਵੇ।ਬਾਣੀ ਸ਼ਾਬਦਿਕ ਰਚਨਾ ਹੋਣ ਕਰਕੇ ਇਹ ਤਸਲੀਮ ਕਰ ਲੈਣਾ ਕਿ ਇਹ ਵੱਖ-ਵੱਖ ਬਾਣੀਕਾਰਾਂ ਦੀ ਕਿਰਤ ਹੈ, ਇੱਥੋਂ ਹੀ ਗੁਰਬਾਣੀ ਵਿਆਖਿਆ ਕੁਰਾਹੇ ਪੈ ਜਾਂਦੀ ਹੈ।...ਗੁਰੂ ਨਾਨਕ ਦੇਵ ਜੀ ਤੇ ਉਨ੍ਹਾਂ ਦੇ

> ਉੱਤਰਾਧਿਕਾਰੀ ਇਸ ਨੂੰ ਆਪਣੀ ਕਿਰਤ/ਰਚਨਾ ਤਸਲੀਮ ਨਹੀਂ ਕਰਦੇ।[59]

ਭਾਵੇਂ ਗੁਰਬਾਣੀ ਲੋਕ ਭਾਸ਼ਾ ਵਿੱਚ ਲਿਖੀ ਹੋਈ ਹੈ ਪ੍ਰੰਤੂ ਇਸ ਵਿੱਚ ਆਏ ਵਿਚਾਰਾਂ ਦੀ ਥਾਹ ਪਾਉਣੀ ਸੌਖੀ ਨਹੀਂ ਹੈ। ਵਿਆਖਿਆ ਲੇਖਕ ਅਤੇ ਪਾਠਕ ਦੇ ਮਨ ਵਿਚਕਾਰ ਇੱਕ ਪੁਲ ਦਾ ਕੰਮ ਕਰਦੀ ਹੈ। ਭਾਸ਼ਾ ਦਾ ਪ੍ਰਬਲ ਬੁਨਿਆਦੀ ਅਸੂਲ ਪਰਿਵਰਤਨ ਹੈ। ਕੋਈ ਵੀ ਭਾਸ਼ਾ ਕਦੇ ਵੀ ਸਥਿਰ ਅਤੇ ਸਦੀਵੀਂ-ਸਮਾਨ ਨਹੀਂ ਰਹਿੰਦੀ। ਸਮੇਂ ਅਤੇ ਸਥਾਨ ਅਨੁਸਾਰ ਭਾਸ਼ਾਈ ਸ਼ਬਦ (ਮੌਖਿਕ ਜਾਂ ਟਕਸਾਲੀ) ਆਪਣਾ ਰੂਪ ਅਤੇ ਭਾਵਾਰਥ ਬਦਲ ਲੈਂਦੇ ਹਨ। ਕਈ ਸ਼ਬਦਾਂ ਦਾ ਅਰਥ-ਵਿਸਥਾਰ ਅਤੇ ਕਈ ਸ਼ਬਦਾਂ ਦਾ ਅਰਥ-ਸੰਕੋਚ ਹੋ ਜਾਂਦਾ ਹੈ ਜਾਂ ਫਿਰ ਸ਼ਬਦ ਦਾ ਮੁਹਾਵਰਾ ਹੀ ਬਦਲ ਜਾਂਦਾ ਹੈ ਜਿਵੇਂ 'ਮਾਇਆ' ਸ਼ਬਦ ਪਹਿਲਾਂ-ਪਹਿਲ 'ਭ੍ਰਮ' ਜਾਂ 'ਛਲ' ਦੇ ਅਰਥਾਂ ਵਿੱਚ ਵਰਤਿਆ ਜਾਂਦਾ ਸੀ ਪ੍ਰੰਤੂ ਅੱਜ ਇਸ ਨੂੰ ਧਨ, ਦੌਲਤ ਜਾਂ ਰੁਪਏ-ਪੈਸੇ ਦੇ ਰੂਪ ਵਿੱਚ ਸਮਝਿਆ ਜਾਂਦਾ ਹੈ। ਇਸ ਪ੍ਰਕਾਰ ਦੇ ਹੋਰ ਵੀ ਅਨੇਕਾਂ ਸ਼ਬਦਾਂ ਜੋ ਮੱਧਕਾਲ ਦੌਰਾਨ ਹੋਂਦ ਰੱਖਦੇ ਸਨ ਪ੍ਰੰਤੂ ਅੱਜ ਬਦਲੇ ਹੋਏ ਰੂਪ ਵਿੱਚ ਮਿਲਦੇ ਹਨ, ਦਾ ਗੁਰਬਾਣੀ ਵਿੱਚ ਜ਼ਿਕਰ ਹੈ ਜਿਨ੍ਹਾਂ ਨੂੰ ਅਜੋਕੀ ਭਾਸ਼ਾ ਵਿੱਚ ਸਮਝਾਉਣਾ ਗੁਰਬਾਣੀ ਦੀ ਵਿਆਖਿਆਕਾਰੀ ਵਿੱਚ ਇੱਕ ਉਚੇਰਾ ਧਿਆਨ ਮੰਗਦੀ ਹੈ। ਇਸ ਬਾਰੇ ਡਾ. ਗੁਲਜ਼ਾਰ ਸਿੰਘ ਕੰਗ ਇਉਂ ਆਖਦੇ ਹਨ:

> ਭਾਸ਼ਾਈ ਪੱਧਰ ਤੇ ਗੁਰਬਾਣੀ ਦੀ ਸ਼ਬਦਾਵਲੀ ਦਾ ਅਜੋਕੀ ਸ਼ਬਦਾਵਲੀ ਤੋਂ ਬਹੁਤ ਫਰਕ ਹੈ। ਬਹੁਤ ਸਾਰੇ ਸ਼ਬਦ ਅਜਿਹੇ ਹਨ ਜੋ ਅਜੋਕੀ ਭਾਸ਼ਾ ਵਿੱਚ ਵਰਤੇ ਹੀ ਨਹੀਂ ਜਾਂਦੇ ਤੇ ਇਵੇਂ ਹੀ ਅਜੋਕੀ ਭਾਸ਼ਾ ਦੇ ਸ਼ਬਦ ਗੁਰਬਾਣੀ ਵਿੱਚ ਨਹੀਂ ਮਿਲਦੇ। ਵਰਤੀ ਗਈ ਸ਼ਬਦਾਵਲੀ ਨੂੰ ਅਰਥ ਦੇਣ ਲਈ ਗੁਰਬਾਣੀ ਵਿਆਕਰਣ ਦੇ ਨਿਯਮ ਹੋਰ ਹਨ। ਇਨ੍ਹਾਂ ਸਾਰੇ ਸੂਖਮ ਭੇਦਾਂ ਨੂੰ ਸਮਝਣ ਲਈ ਵਿਆਖਿਆਕਾਰ ਨੂੰ ਕਰੜੀ ਮਿਹਨਤ ਵਿੱਚੋਂ ਗੁਜ਼ਰਨਾ ਪੈਂਦਾ ਹੈ ਜੋ ਅਕਾਦਮਿਕ ਪੱਧਰ ਤੇ ਸਾਧਾਰਨ ਪਾਠਕ ਲਈ ਚੁਣੌਤੀ ਹੈ।[60]

ਆਧੁਨਿਕ ਯੁੱਗ ਵਿੱਚ ਗੁਰਬਾਣੀ ਅਧਿਐਨ ਲਈ ਭਾਸ਼ਾ ਨਾਲ ਸੰਬੰਧਤ ਕੁਝ ਹੋਰ ਕਠਿਨਾਈਆਂ ਵੀ ਜ਼ਰੂਰ ਪੇਸ਼ ਆਈਆਂ ਹਨ।ਖਾਸਕਰ ਗੁਰਬਾਣੀ-ਵਿਆਕਰਣ ਅਨੁਸਾਰ ਸ਼ਬਦਾਂਤਿਕ ਲਗਾਂ-ਮਾਤ੍ਰਾਂ ਦੇ ਪ੍ਰਯੋਗ ਨਾਲ ਅਰਥ ਵਿੱਚ ਅੰਤਰ ਉਪਸਥਿਤ ਹੋਏ ਹਨ, ਜਿਨ੍ਹਾਂ ਕਾਰਣ ਆਮ ਸਧਾਰਣ ਜਗਿਆਸੂ ਨੂੰ ਬਾਣੀ ਸਮਝਣ ਵਿੱਚ ਔਖ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਗੁਰਬਾਣੀ ਨੇ ਸਦਾ ਵਿਆਕਰਣ ਆਦਿ ਦੇ ਗਿਆਨ ਨਾਲੋਂ ਜ਼ਰੂਰੀ ਹਰਿ ਨਾਮ ਅਤੇ ਗੁਰ ਸ਼ਬਦ ਨੂੰ ਹੀ ਮੰਨਿਆ ਹੈ:

ਪੁਸਤਕ ਪਾਠ ਬਿਆਕਰਣ ਵਖਾਣੈ ਸੰਧਿਆ ਕਰਮ ਤਿਕਾਲ ਕਰੈ

ਬਿਨੁ ਗੁਰ ਸਬਦ ਮੁਕਤਿ ਕਹਾ ਪ੍ਰਾਣੀ ਰਾਮ ਨਾਮ ਬਿਨੁ ਉਰਝਿ ਮਰੈ॥ [61]

ਗੁਰਬਾਣੀ ਵਿਆਖਿਆ ਲਈ ਇਸ ਦੇ ਉਚਾਰਨ ਦਾ ਮਸਲਾ ਬਹੁਤ ਗੰਭੀਰ ਹੈ।ਗੁਰਬਾਣੀ ਉਚਾਰਣ ਦੇ ਨਿਯਮ ਸਿੱਖਣ ਲਈ ਪੁਰਾਤਨ ਭਾਸ਼ਾਈ ਗਿਆਨ ਹੋਣਾ ਬਹੁਤ ਜ਼ਰੂਰੀ ਹੈ।ਉਸ ਵੇਲੇ ਨਾਸਕੀ ਉਚਾਰਨ ਨਾ-ਮਾਤਰ ਹੀ ਸੀ ਜਦੋਂ ਕਿ ਪੰਜਾਬੀ ਦੇ ਅਜੋਕੇ ਰੂਪ ਵਿੱਚ ਨਾਸਕੀ ਉਚਾਰਨ ਬਹੁਤ ਵੱਧ ਗਿਆ ਹੈ।ਗੁਰਬਾਣੀ ਲਿਖਤ ਵਿੱਚ ਭਾਵੇਂ ਬਿੰਦੀ ਦੀ ਵਰਤੋਂ ਨਹੀਂ ਕੀਤੀ ਗਈ ਪ੍ਰੰਤੂ ਉਚਾਰਨ ਵੇਲੇ ਬਿੰਦੀ ਦਾ ਉਚਾਰਨ ਕਰਨਾ ਜ਼ਰੂਰੀ ਹੈ ਇਸੇ ਤਰਾਂ ਅੱਧਕ, ਟਿੱਪੀ ਆਦਿ ਵੀ।ਗੁਰਬਾਣੀ ਵਿਆਕਰਨ ਅਨੁਸਾਰ ਇਸਤਰੀ ਲਿੰਗ ਨਾਵਾਂ ਦੇ ਬਹੁਵਚਨ ਰੂਪ ਦੇ ਅੰਤ ਉੱਤੇ ਬਿੰਦੀ ਦਾ ਪ੍ਰਯੋਗ ਨਹੀਂ ਕੀਤਾ ਜਾਂਦਾ।ਅਜੋਕੇ ਪਾਠਕ ਲਈ ਸਮੱਸਿਆ ਇਹ ਪੈਦਾ ਹੁੰਦੀ ਹੈ ਕਿ ਸ਼ੁੱਧ ਗੁਰਬਾਣੀ ਉਚਾਰਨ ਵੇਲੇ ਇਸ ਦਾ ਪ੍ਰਯੋਗ ਕੀਤਾ ਜਾਵੇ ਕਿ ਨਾ।ਇਸੇ ਤਰ੍ਹਾਂ ਅੱਧਕ ਦੀ ਵਰਤੋਂ ਗੁਰਬਾਣੀ ਵਿੱਚ ਬਿਲਕੁਲ ਵੀ ਨਹੀਂ ਕੀਤੀ ਗਈ ਪ੍ਰੰਤੂ ਅਜੋਕੀ ਪੰਜਾਬੀ ਤੋਂ ਜਾਣੂੰ ਪਾਠਕ ਇਸ ਦਾ ਉਚਾਰਨ ਕਰਨ ਵੇਲੇ ਦੁਬਿਧਾ ਵਿੱਚ ਹੀ ਰਹਿੰਦਾ ਹੈ।ਕਈ ਥਾਈਂ ਗੁਰਬਾਣੀ ਵਿੱਚ ਸ਼ਬਦ ਦੇ ਲਮਕਾਅ ਲਈ 'ਅ' ਦੀ ਵਰਤੋਂ ਕੀਤੀ ਜਾਂਦੀ ਹੈ ਜਿਵੇਂ 'ਜੀਅ', 'ਲੋਅ' ਆਦਿ ਜੋ ਕਿ ਆਧੁਨਿਕ ਭਾਸ਼ਾ ਵਿੱਚ ਨਹੀਂ ਹਨ।ਇਨ੍ਹਾਂ ਤੋਂ ਇਲਾਵਾ ਪੈਰ੍ਹੀਂ ਅੱਖਰਾਂ, ਦੋਹਰੀਆਂ ਮਾਤਰਾਂਵਾਂ ਆਦਿ ਦੇ ਉਚਾਰਨ ਅਤੇ ਸਮਝਣ ਦੇ ਗੰਭੀਰ ਮਸਲੇ ਗੁਰਬਾਣੀ ਵਿਆਖਿਆ ਲਈ ਚੁਣੌਤੀਆਂ ਹਨ।

ਜਿਵੇਂ

ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ॥ [62]

ਇਸੇ ਤਰ੍ਹਾਂ ਦੇ ਅਨੇਕਾਂ ਹੋਰ ਸ਼ਬਦਾਂ ਦਾ ਰੂਪ ਅਤੇ ਪ੍ਰਯੋਗ ਹੁਣ ਉਹ ਨਹੀਂ ਰਿਹਾ ਜੋ ਗੁਰਬਾਣੀ ਵਿੱਚ ਹੁੰਦਾ ਸੀ।ਇਸ ਤੋਂ ਇਲਾਵਾ ਗੁਰਬਾਣੀ ਵਿੱਚ ਕਈ ਸ਼ਬਦ-ਜੋੜਾਂ ਵਿੱਚ ਅਨੇਕਰੂਪਤਾ ਸਾਹਮਣੇ ਆਉਂਦੀ ਹੈ ਜਿਵੇਂ ਅਨੰਦੁ, ਆਨੰਦੁ, ਅਨਦੁ, ਆਨਦੁ, ਆਨਦ।ਇਵੇਂ ਹੀ ਸ੍ਰਿਸਟ, ਸ੍ਰਿਸਟਿ, ਸ੍ਰਿਸਟੀ, ਸਿਰਠਿ, ਸਿਰਠੀ ਆਦਿ।ਇਸ ਨਾਲ ਗੁਰਬਾਣੀ ਉਚਾਰਨ ਅਤੇ ਵਿਆਖਿਆ ਲਈ ਬਹੁਤ ਵੱਡੀ ਚੁਣੌਤੀ ਸਾਹਮਣੇ ਆ ਰਹੀ ਹੈ।

ਵਿਸਰਾਮ ਚਿੰਨ੍ਹਾਂ ਦੀ ਵਰਤੋਂ ਨਹੀਂ ਹੋਈ ਹੋਣ ਕਰਕੇ ਗੁਰਬਾਣੀ ਉਚਾਰਨ ਅਤੇ ਅਰਥ ਨਿਰਧਾਰਤ ਕਰਨਾ ਗੁਰਬਾਣੀ ਵਿਆਖਿਆ ਲਈ ਇੱਕ ਗੰਭੀਰ ਚੁਣੌਤੀ ਹੈ ਕਿਉਂਕਿ ਗੁਰਬਾਣੀ ਦਾ ਪੜ੍ਹਨਾ, ਸੁਣਨਾ ਤੇ ਵਿਚਾਰਨਾ ਉਦੋਂ ਹੀ ਰਸ ਦਿੰਦਾ ਹੈ ਜਦੋਂ ਇਸ ਨੂੰ ਸਹੀ ਰੂਪ ਵਿੱਚ ਪੜ੍ਹਿਆ, ਸੁਣਿਆ ਤੇ ਵਿਚਾਰਿਆ ਜਾਂਦਾ ਹੈ।ਜਿਵੇਂ

ਕਰਮ ਧਰਤੀ ਸਰੀਰੁ ਕਲਿਜੁਗ ਵਿਚਿ ਜੇਹਾ ਕੋ ਬੀਜੇ ਤੇਹਾ ਕੋ ਖਾਏ॥[63]

ਇਸ ਵਿੱਚ ਅਲਪ ਵਿਰਾਮ ਜਾਂ ਕਾਮਾ (,) ਕਿੱਥੇ ਲੱਗਣਾ ਹੈ, ਇਹ ਵਿਚਾਰਨਾ ਇੱਕ ਚੁਣੌਤੀ ਹੈ ਕਿਉਂਕਿ ਉਚਾਰਨ ਵੇਲੇ ਕਾਮੇ ਦੀ ਸਥਿਤੀ ਨਾਲ ਅੰਤਰ ਆ ਜਾਵੇਗਾ।ਕਾਮਾ ਜੇਕਰ 'ਧਰਤੀ' ਅਤੇ 'ਵਿਚਿ' ਤੋਂ ਬਾਅਦ ਲਗਾ ਦੇਈਏ ਤਾਂ ਅਰਥ ਦੇ ਅਨਰਥ ਹੋ ਜਾਣਗੇ। ਅਸਲ ਵਿੱਚ ਕਰਮ ਧਰਤੀ ਸਰੀਰੁ ਹੈ।ਇੱਥੇ 'ਸਰੀਰੁ' ਸ਼ਬਦ ਤੇ ਅਲਪ ਵਿਰਾਮ ਆਉਣਾ ਚਾਹੀਦਾ ਹੈ ਭਾਵ ਕਲਜੁਗ ਵਿੱਚ ਜਿਹੋ ਜਿਹਾ ਕੋਈ ਕਰਮ ਬੀਜੇਗਾ, ਉਹੋ ਜਿਹਾ ਫਲ ਪ੍ਰਾਪਤ ਕਰ ਲਵੇਗਾ।ਅਸਲ ਵਿੱਚ ਉਚਾਰਨ ਨੂੰ ਲਿਖਤ ਵਿੱਚ ਅੰਕਿਤ ਨਹੀਂ ਕੀਤਾ ਹੁੰਦਾ ਤੇ ਵਿਆਖਿਆ ਸਹੀ ਤਾਂ ਹੀ ਹੋ ਸਕੇਗੀ ਜੇਕਰ ਉਚਾਰਨ ਠੀਕ ਹੋਵੇਗਾ।ਗੁਰਬਾਣੀ ਦਾ ਰਸ ਉਚਾਰਨ ਵਿੱਚ ਹੀ ਹੈ ਤੇ ਸਹੀ ਉਚਾਰਨ ਸਿੱਖਣ ਲਈ ਸੰਥਿਆ ਲੈਣ ਦੀ ਲੋੜ ਹੁੰਦੀ ਹੈ।ਸਿੱਖ 'ਟਕਸਾਲਾਂ' ਇਹ ਕਾਰਜ ਕਰਦੀਆਂ ਸਨ ਕਿਉਂਕਿ ਗੁਰਬਾਣੀ ਮੁਢਲੇ ਰੂਪ ਵਿੱਚ ਪਦਛੇਦ ਤੋਂ ਰਹਿਤ ਹੀ ਸੀ।ਜਦੋਂ ਦੀਆਂ ਬੀੜਾਂ ਪਦ-ਛੇਦ ਹੋਈਆਂ ਹਨ, ਉਦੋਂ ਤੋਂ ਸੰਥਯਾ ਲੈਣ ਦੀ ਪਰੰਪਰਾ ਲਗਾਤਾਰ ਘਟਦੀ ਹੀ ਜਾ ਰਹੀ ਹੈ।

ਸੋ ਉਪਰੋਕਤ ਵਿਸ਼ਲੇਸ਼ਣ ਅਧੀਨ ਇਹ ਤੱਥ ਭਲੀ ਭਾਂਤ ਸਪਸ਼ਟ ਹੋ ਜਾਂਦਾ ਹੈ ਕਿ ਗੁਰਬਾਣੀ ਵਿਆਖਿਆ ਦੇ ਨਿਯਮ, ਜੁਗਤਾਂ ਅਤੇ ਪਹੁੰਚ-ਵਿਧੀਆਂ ਇੱਕ ਅਜਿਹੇ ਵਿਉਂਤਬੱਧ ਵਿਧੀ-ਵਿਗਿਆਨ ਨੂੰ ਸਿਰਜਦੇ ਹਨ ਜਿਸ ਦਾ ਉਦੇਸ਼ ਔਖ ਤੋਂ ਸੌਖ ਵੱਲ ਤੁਰਦਿਆਂ ਸਮੁੱਚੀ ਬਾਣੀ ਦੇ ਭਾਵ ਨੂੰ ਸਪਸ਼ਟ ਕਰਨਾ ਹੈ।ਸਮਕਾਲੀ ਗਲੋਬਲੀ ਸਥਿਤੀ ਵਿੱਚ ਜਦੋਂ

'ਵਿਆਖਿਆ ਸ਼ਾਸਤਰ' ਸਿਰਜ ਕੇ ਗਿਆਨ ਦੇ ਖੇਤਰ ਵਿੱਚ ਕ੍ਰਾਂਤੀਕਾਰੀ ਪਰਿਵਰਤਨ ਹੋ ਰਹੇ ਹਨ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਵਚਨਾਂ ਦੀ ਵਿਆਖਿਆ ਦਾ ਮਹੱਤਵ ਹੋਰ ਵੀ ਵੱਧ ਜਾਂਦਾ ਹੈ।ਇਹ ਠੀਕ ਹੈ ਕਿ ਇਸ ਸੰਬੰਧੀ ਪੇਸ਼ ਆ ਰਹੀਆਂ ਚੁਣੌਤੀਆਂ ਦਾ ਮੁਕਾਬਲਾ ਕਰਨ ਹਿੱਤ ਅਨੇਕ ਹਵਾਲਾ ਗ੍ਰੰਥਾਂ ਦੀ ਸਿਰਜਣਾ ਹੋ ਚੁੱਕੀ ਹੈ, ਪਰ ਹਾਲੇ ਇਸ ਕਿਸਮ ਦੇ ਕਾਰਜ ਹੋਣ ਦੀ ਬੇਅੰਤ ਸੰਭਾਵਨਾ ਨਜ਼ਰ ਆਉਂਦੀ ਹੈ।

## 3.4 ਗੁਰਬਾਣੀ ਵਿਆਖਿਆ ਦੇ ਵਿਵਿਧ ਪਰਿਪੇਖ਼:

ਅਕਾਦਮਿਕ ਪੱਧਰ ਉੱਤੇ ਗੁਰਬਾਣੀ ਵਿਆਖਿਆ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮੂਲ-ਪਾਠ ਦੇ ਇਤਿਹਾਸਕ, ਦਾਰਸ਼ਨਿਕ, ਸੱਭਿਆਚਾਰਕ ਅਤੇ ਸਾਹਿਤਕ ਪ੍ਰਸੰਗਾਂ ਵਿੱਚ ਛੁਪੇ ਹੋਏ ਅਰਥਾਂ ਨੂੰ ਪ੍ਰਗਟ ਕਰਨ ਦਾ ਕਾਰਜ ਹੈ।ਗੁਰਬਾਣੀ ਵਿਆਖਿਆ ਸੰਬੰਧੀ ਡਾ. ਜਸਬੀਰ ਸਿੰਘ ਸਾਬਰ ਆਖਦੇ ਹਨ:

> ਗੁਰਬਾਣੀ ਵਿਆਖਿਆ ਬਾਕੀ ਧਰਮ ਗ੍ਰੰਥਾਂ ਵਾਂਗ ਸੁਗ਼ਮ-ਕਾਰਜ ਨਹੀਂ ਹੈ।ਗੁਰਬਾਣੀ ਉਪਦੇਸ਼ ਦੇ ਲੁਪਤ ਭਾਵ-ਸੰਦੇਸ਼ ਨੂੰ ਠੀਕ ਪ੍ਰਸੰਗ ਵਿੱਚ ਪ੍ਰਗਟ (decode) ਕਰਕੇ ਉਸ ਨੂੰ ਸਹੀ ਪਰਿਪੇਖ਼ ਵਿੱਚ ਸੰਚਾਰਨ ਤੇ ਪ੍ਰਸਾਰਨ ਲਈ ਵਿਆਖਿਆਕਾਰ ਨੂੰ ਇੱਕੋ ਸਮੇਂ ਸਾਹਿਤਕ, ਸੰਗੀਤਕ, ਦਾਰਸ਼ਨਿਕ ਅਤੇ ਇਤਿਹਾਸਕ ਖੇਤਰਾਂ ਦੀਆਂ ਜੁਗਤਾਂ ਦਾ ਬੋਧ ਹੋਣਾ ਲੋੜੀਂਦਾ ਹੈ।[64]

ਗੁਰਬਾਣੀ-ਵਿਆਖਿਆਕਾਰੀ ਦੀਆਂ ਇੱਕੋ ਸਮੇਂ ਸਾਹਿਤਕ, ਸੱਭਿਆਚਾਰਕ, ਦਾਰਸ਼ਨਿਕ ਅਤੇ ਇਤਿਹਾਸਕ ਖੇਤਰਾਂ ਦੀਆਂ ਉਪਲਬਧੀਆਂ ਅਤੇ ਜੁਗਤਾਂ ਦਾ ਬੋਧ ਹੋਣ ਨਾਲ ਹੀ ਮੂਲ-ਰਚਨਾ ਦੇ ਸ਼ਾਬਦਿਕ ਅਰਥਾਂ ਦੇ ਨਾਲ ਨਾਲ ਪਰੰਪਰਾ ਦੇ ਪ੍ਰਸੰਗ ਸਮੇਤ ਗੁਹਝ ਭਾਵਾਂ ਨੂੰ ਵੀ ਵਿਸਥਾਰ ਸਹਿਤ ਪ੍ਰਗਟਾਇਆ ਜਾ ਸਕਦਾ ਹੈ।

### 3.4.1 ਇਤਿਹਾਸਕ ਪਰਿਪੇਖ਼:

ਮੱਧਕਾਲੀਨ ਸਾਹਿਤ ਵਿੱਚ ਜਿੱਥੇ ਗੁਰਬਾਣੀ ਦੀ ਰਚਨਾ ਕੀਤੀ ਗਈ ਉੱਥੇ ਵੱਖ-ਵੱਖ ਵਿਦਵਾਨਾਂ ਦੁਆਰਾ ਗੁਰਬਾਣੀ ਦੇ ਟੀਕੇ ਅਤੇ ਵਿਆਖਿਆਕਾਰੀ ਦੇ ਹੋਰ ਯਤਨ ਵੀ ਕੀਤੇ

ਗਏ।ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ-ਕਾਲ (1469 ਤੋਂ 1539 ਈ. ਤੱਕ) ਦੌਰਾਨ ਹੀ ਗੁਰਸਿੱਖ ਗੁਰੂ ਜੀ ਪਾਸੋਂ ਗੁਰਬਾਣੀ ਦੇ ਅਰਥ ਜਾਂ ਭਾਵ ਪੁੱਛਦੇ ਰਹਿੰਦੇ ਸਨ ਇਸ ਗੱਲ ਦੀਆਂ ਅਨੇਕ ਮਿਸਾਲਾਂ ਜਨਮ-ਸਾਖੀਆਂ ਅਤੇ ਹੋਰ ਗੁਰਮਤਿ ਸਾਹਿਤ ਵਿੱਚੋਂ ਮਿਲਦੀਆਂ ਹਨ।[65] ਬਾਣੀ ਦੀ ਵਿਆਖਿਆ ਦਾ ਪਹਿਲਾ ਯਤਨ ਤਾਂ ਨਾਨਕ-ਬਾਣੀ ਦੇ ਅੰਦਰ ਹੀ ਸ਼ੁਰੂ ਹੋ ਗਿਆ ਸੀ।ਸੰਵਾਦ-ਸ਼ੈਲੀ ਵਿੱਚ ਬਾਣੀ-ਰਚਨਾ ਕਰਦੇ ਹੋਏ ਗੁਰੂ ਜੀ ਪਹਿਲਾਂ ਆਪ ਹੀ ਪ੍ਰਸ਼ਨ ਖੜ੍ਹਾ ਕਰਦੇ ਸਨ ਤੇ ਆਪ ਹੀ ਫਿਰ ਉਸ ਦਾ ਉੱਤਰ ਦਿੰਦੇ ਸਨ ਜਿਵੇਂ 'ਜਪੁਜੀ' ਦੀ ਪਹਿਲੀ ਪਉੜੀ ਵਿੱਚ ਹੀ 'ਕਿਵ ਸਚਿਆਰਾ ਹੋਈਐ ਕਿਵ ਕੂੜੇ ਤੁਟੈ ਪਾਲਿ' ਦਾ ਜਵਾਬ ਦਿੰਦੇ ਹੋਏ ਸ੍ਰੀ ਗੁਰੂ ਨਾਨਕ ਦੇਵ ਜੀ ਆਪ ਹੀ ਪਉੜੀ ਦੇ ਅੰਤ ਵਿੱਚ ਆਖ਼ਦੇ ਹਨ 'ਹੁਕਮਿ ਰਜਾਈ ਚਲਣਾ ਨਾਨਕਿ ਲਿਖਿਆ ਨਾਲਿ'।ਜਿਨ੍ਹਾਂ ਗੁਰਮਤਿ ਸਿਧਾਂਤਾਂ ਦੀ ਰਚਨਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਣੀ ਰੂਪ ਵਿੱਚ ਕੀਤੀ, ਬਾਅਦ ਵਿੱਚ ਉਨ੍ਹਾਂ ਦੀ ਵਿਆਖਿਆ ਉਨ੍ਹਾਂ ਦੇ ਉੱਤਰਾਧਿਕਾਰੀ ਗੁਰੂਆਂ ਨੇ ਆਪ 'ਨਾਨਕ' ਨਾਮ ਦੀ ਮੋਹਰ ਹੇਠ ਹੋਰ ਬਾਣੀ ਰਚ ਕੇ ਕੀਤੀ।

ਗੁਰੂ ਸਾਹਿਬਾਨ ਤੋਂ ਇਲਾਵਾ ਗੁਰੂ ਘਰ ਦੇ ਨਿਕਟਵਰਤੀ ਹਜ਼ੂਰੀ ਗੁਰਸਿੱਖਾਂ ਅਤੇ ਹੋਰ ਵਿਦਵਾਨਾਂ ਤੋਂ ਵੀ ਗੁਰਬਾਣੀ ਦੇ ਭਾਵ ਸਮਝੇ ਜਾਂਦੇ ਸਨ ਜਿਨ੍ਹਾਂ ਦੇ ਪ੍ਰਗਟਾਅ ਉਹ ਸਰਲ ਸ਼ਬਦਾਂ ਵਿੱਚ ਕਰਦੇ ਸਨ।ਅਜਿਹੇ ਹੀ ਸਿੱਖ ਵਿਆਖਿਆਕਾਰ ਭਾਈ ਗੁਰਦਾਸ (1551 ਤੋਂ 1636 ਈ. ਤੱਕ) ਹੋਏ ਹਨ ਜਿਨ੍ਹਾਂ ਨੇ ਗੁਰੂ ਅਰਜਨ ਦੇਵ ਜੀ (1563 ਤੋਂ 1606 ਈ. ਤੱਕ) ਦੇ ਨਾਲ ਗੁਰਬਾਣੀ ਦਾ ਸੰਕਲਨ ਅਤੇ ਸੰਪਾਦਨ ਕਰਨ ਵਿੱਚ ਸਾਥ ਨਿਭਾਉਣ ਤੋਂ ਇਲਾਵਾ ਆਦਿ ਗ੍ਰੰਥ ਦੀ ਬਾਣੀ ਆਪਣੇ ਹੱਥੀਂ ਲਿਖਣ ਦਾ ਕਾਰਜ ਵੀ ਕੀਤਾ।ਸੋ ਗੁਰੂ ਘਰ ਦੇ ਵਿਦਵਾਨ ਭਾਈ ਗੁਰਦਾਸ ਨੇ ਗੁਰਬਾਣੀ ਲਿਖਣ ਅਤੇ ਸਮਝਣ ਦੇ ਨਾਲ-ਨਾਲ ਗੁਰਬਾਣੀ ਵਿਆਖਿਆ ਕਰਦੇ ਹੋਏ 40 ਵਾਰਾਂ, 675 ਕਬਿੱਤ ਸਵੈਯੇ ਅਤੇ 6 ਸੰਸਕ੍ਰਿਤ ਸਲੋਕ ਲਿਖੇ, ਜਿਨ੍ਹਾਂ ਵਿੱਚ ਗੁਰਮਤਿ ਦੇ ਮੂਲ ਸਿਧਾਂਤਾਂ ਦੀ ਵਿਆਖਿਆ ਕੀਤੀ ਹੋਈ ਮਿਲਦੀ ਹੈ।[66] ਡਾ. ਦਰਸ਼ਨ ਸਿੰਘ ਵੀ ਆਪ ਦੀਆਂ ਵਾਰਾਂ ਨੂੰ ਗੁਰਬਾਣੀ ਵਿਆਖਿਆ ਦਾ ਪਹਿਲਾ ਉਪਰਾਲਾ ਮੰਨਦੇ ਹੋਏ ਆਖਦੇ ਹਨ:

> ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਸਿੱਖ ਧਰਮ ਵਿੱਚ ਭਾਈ ਗੁਰਦਾਸ ਜੀ ਦੀ ਰਚਨਾ ਹੀ ਗੁਰੂ ਸਾਹਿਬਾਨ ਦੇ ਸੰਦੇਸ਼ ਦੀ

> ਸਭ ਤੋਂ ਪਹਿਲੀ ਵਿਆਖਿਆ ਪ੍ਰਵਾਨ ਕੀਤੀ ਗਈ ਹੈ।ਭਾਈ ਗੁਰਦਾਸ ਜੀ ਦੀ ਰਚਨਾ ਨੂੰ ਗੁਰਬਾਣੀ ਦਾ ਟੀਕਾ ਜਾਂ ਵਿਆਖਿਆ ਪ੍ਰਵਾਨ ਕਰਨ ਦੀ ਰਵਾਇਤ ਉਨ੍ਹਾਂ ਦੀ ਰਚਨਾ ਜਿੰਨੀ ਹੀ ਪੁਰਾਣੀ ਹੈ ਅਤੇ ਵਰਤਮਾਨ ਸਮੇਂ ਤੱਕ ਉਵੇਂ ਹੀ ਪ੍ਰਵਾਨ ਕੀਤੀ ਜਾਂਦੀ ਹੈ।[67]

ਭਾਈ ਗੁਰਦਾਸ ਤੋਂ ਇਲਾਵਾ ਚੌਥੇ ਗੁਰੂ ਸ੍ਰੀ ਗੁਰੂ ਰਾਮ ਦਾਸ ਜੀ (1534 ਤੋਂ 1581 ਈ. ਤੱਕ) ਦੇ ਪੋਤਰੇ ਮਨੋਹਰ ਦਾਸ ਮਿਹਰਬਾਨ (1581 ਤੋਂ 1640 ਈ. ਤੱਕ) ਨੇ ਪਰਮਾਰਥਕ ਵਿਧੀ ਅਨੁਸਾਰ ਗੁਰਬਾਣੀ ਵਿਚਲੀਆਂ ਕੁਝ ਲੰਬੀਆਂ ਰਚਨਾਵਾਂ ਦੀ ਵਿਆਖਿਆ ਕੀਤੀ।ਮਿਹਰਬਾਨ ਇੱਕ ਉੱਚੇ ਅਧਿਆਤਮਿਕ ਵਿਅਕਤੀਤਵ ਵਾਲੇ ਮਹਾਨ ਵਿਆਖਿਆਕਾਰ ਸਨ।ਜਿਨ੍ਹਾਂ ਨੇ ਪਰਮਾਰਥ ਰੂਪ ਵਿੱਚ ਗੋਸ਼ਟਾਂ ਕਬੀਰ ਜੀ ਦੀਆਂ, ਗੋਸ਼ਟਾਂ ਭਗਤਾਂ ਕੀਆਂ, ਗੋਸ਼ਟਾਂ ਸਭਨਾਂ ਗੁਰਾਂ ਦੀਆਂ (ਪਹਿਲੇ ਪੰਜ ਗੁਰਾਂ ਦੀਆਂ), ਭਗਤ ਬਾਣੀ ਪਰਮਾਰਥ, ਗੁਰੂ ਬਾਣੀ ਪਰਮਾਰਥ, ਰਾਮਕਲੀ ਓਅੰਕਾਰ ਵੱਡਾ, ਸੁਖਮਨਾ ਸਹੰਸਰਨਾਮਾ ਅਤੇ ਪੋਥੀ ਸਚ ਖੰਡ ਆਦਿ ਬਾਣੀਆਂ ਦੀ ਵਿਆਖਿਆ ਕੀਤੀ।ਇਨ੍ਹਾਂ ਵਿੱਚੋਂ ਪੋਥੀ ਸਚ ਖੰਡ ਜੋ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜਨਮ ਸਾਖੀ ਹੈ, ਪ੍ਰਕਾਸ਼ਿਤ ਹੋਈ ਹੈ।[68] ਸੋਢੀ ਮਿਹਰਬਾਨ ਤੋਂ ਇਲਾਵਾ ਇਸ ਵਿਧੀ ਵਿੱਚ ਗੁਰਬਾਣੀ ਵਿਆਖਿਆ ਨੂੰ ਅੱਗੇ ਤੋਰਨ ਵਾਲੇ ਵਿਆਖਿਆਕਾਰ ਉਨ੍ਹਾਂ ਦੇ ਦੋਵੇਂ ਸਪੁੱਤਰ ਸੋਢੀ ਹਰਿ ਜੀ ਅਤੇ ਸੋਢੀ ਚਤੁਰਭੁਜ ਸਨ।ਇਨ੍ਹਾਂ ਦੋਹਾਂ ਨੇ ਰਲ ਕੇ ਗੁਰੂ ਨਾਨਕ ਦੇਵ ਜੀ ਦੀ ਲਗਭਗ ਸਾਰੀ ਬਾਣੀ ਦਾ ਟੀਕਾ ਕਰ ਦਿੱਤਾ ਸੀ।

ਗੁਰਬਾਣੀ ਵਿਆਖਿਆਕਾਰੀ ਦੇ ਇਤਿਹਾਸ ਅੰਦਰ ਅਗਲਾ ਪੜਾਅ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਸ੍ਰੀ ਚੰਦ (8 ਸਤੰਬਰ 1494 ਤੋਂ 13 ਜਨਵਰੀ 1629 ਈ. ਤੱਕ) ਦੁਆਰਾ ਕੀਤੀ ਗਈ ਵਿਆਖਿਆ ਦਾ ਮੰਨਿਆ ਜਾਂਦਾ ਹੈ।ਸ੍ਰੀ ਚੰਦ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਸਮੇਂ-ਸਮੇਂ ਤੇ ਗੁਰਬਾਣੀ ਸਿਧਾਂਤਾਂ ਨੂੰ ਸੁਣਿਆ ਸੀ ਜਿਨ੍ਹਾਂ ਦੇ ਆਧਾਰ ਉੱਤੇ ਉਨ੍ਹਾਂ ਨੇ ਗੁਰੂ ਨਾਨਕ ਦੁਆਰਾ ਤੋਰੇ ਗਏ ਨਿਰਮਲ ਮੱਤ ਤੋਂ ਵੱਖਰਾ ਉਦਾਸੀ ਮੱਤ ਤੋਰਿਆ।ਉਦਾਸੀ ਸੰਤਾਂ ਨੇ ਗੁਰਮਤਿ ਦਾ ਭਰਵਾਂ ਪ੍ਰਚਾਰ ਕਰਕੇ ਸਿੱਖ ਧਰਮ ਦੇ ਗੌਰਵ ਨੂੰ ਕਾਇਮ ਰੱਖਿਆ।ਇਨ੍ਹਾਂ ਸੰਤਾਂ ਨੇ ਗੁਰਬਾਣੀ ਦੇ ਪ੍ਰਚਾਰ ਲਈ ਗੁਰਬਾਣੀ ਦੀ ਟੀਕਾਕਾਰੀ ਕਰਕੇ

ਮਹੱਤਵਪੂਰਣ ਗ੍ਰੰਥ ਲਿਖੇ।ਸਤਾਰਵੀਂ ਸਦੀ ਵਿੱਚ ਸੁਆਮੀ ਆਨੰਦਘਨ ਜੀ (ਟੀਕੇ ਰਚੇ 1825 ਈ. ਤੱਕ) ਉਦਾਸੀ ਮਤ ਦੇ ਪਹਿਲੇ ਟੀਕਾਕਾਰ ਮੰਨੇ ਜਾਂਦੇ ਹਨ ਜਿਨ੍ਹਾਂ ਦੇ ਲਿਖਤ ਰੂਪ ਵਿੱਚ ਟੀਕੇ ਪ੍ਰਾਪਤ ਹੋਏ ਹਨ।ਉਨ੍ਹਾਂ ਨੇ ਜਪੁਜੀ ਸਾਹਿਬ, ਆਸਾ ਦੀ ਵਾਰ, ਓਅੰਕਾਰ, ਆਰਤੀ, ਸਿਧ ਗੋਸਟ ਅਤੇ ਅਨੰਦ ਸਾਹਿਬ ਬਾਣੀਆਂ ਦੀ ਟੀਕਾਕਾਰੀ ਕੀਤੀ।ਸੁਆਮੀ ਆਨੰਦਘਨ ਨੇ ਨਾਨਕ-ਬਾਣੀ ਦਾ ਸ਼ਾਸਤ੍ਰ ਰੀਤੀ ਅਨੁਸਾਰ ਟੀਕਾ ਕਰਨ ਦਾ ਯਤਨ ਕੀਤਾ ਹੈ।ਸੁਆਮੀ ਆਨੰਦਘਨ ਤੋਂ ਬਾਅਦ ਸੁਆਮੀ ਸਦਾ ਨੰਦ ਕਵੀ ਦੀ ਉਦਾਸੀ ਮਤ ਦੀ ਟੀਕਾਕਾਰੀ ਸਾਹਮਣੇ ਆਉਂਦੀ ਹੈ।ਮਗਰੋਂ ਬਿਸ਼ਨਦਾਸ ਉਦਾਸੀ ਨੇ ਕੋਸ਼ ਗੁਰੂ ਗ੍ਰੰਥ ਸਾਹਿਬ ਰਚ ਕੇ ਸਿੱਖ ਧਰਮ ਦੀ ਬੜੀ ਵੱਡੀ ਸੇਵਾ ਕੀਤੀ।[69] ਇਤਿਹਾਸਕ ਕ੍ਰਮ ਅਨੁਸਾਰ ਦੇਖੀਏ ਤਾਂ ਗੁਰੂ ਸਾਹਿਬਾਨ ਦੁਆਰਾ ਕੀਤੀ ਗਈ ਗੁਰਬਾਣੀ ਅੰਦਰ ਹੀ ਗੁਰਬਾਣੀ ਦੀ ਵਿਆਖਿਆ ਤੋਂ ਇੱਕਦਮ ਬਾਅਦ ਉਦਾਸੀ ਸੰਤਾਂ ਦੁਆਰਾ ਕੀਤੀ ਗਈ ਟੀਕਾਕਾਰੀ ਹੀ ਸਾਹਮਣੇ ਆਈ ਪ੍ਰੰਤੂ ਇਹ ਵਿਆਖਿਆਕਾਰੀ ਮੌਖਿਕ ਰੂਪ ਵਿੱਚ ਉਦਾਸੀ ਡੇਰਿਆਂ ਵਿੱਚ ਕਥਾ ਵਾਰਤਾ ਆਦਿ ਰਾਹੀਂ ਪ੍ਰਚਲਿਤ ਰਹੀ ਅਤੇ ਕਾਫੀ ਲੰਬੇ ਸਮੇਂ ਉਪਰੰਤ ਇਨ੍ਹਾਂ ਟੀਕਿਆਂ ਦੀ ਖੋਜ ਭਾਲ ਕਰਕੇ ਇਨ੍ਹਾਂ ਨੂੰ ਛਾਪਣ ਦਾ ਉੱਦਮ ਕੀਤਾ ਗਿਆ।[70] ਜ਼ਿਕਰਯੋਗ ਹੈ ਕਿ ਇਨ੍ਹਾਂ ਟੀਕਿਆਂ ਦੇ ਪ੍ਰਕਾਸ਼ਿਤ ਹੋਣ ਤੱਕ ਭਾਈ ਗੁਰਦਾਸ ਜੀ ਅਤੇ ਸੋਢੀ ਮਿਹਰਵਾਨ ਜੀ ਦੁਆਰਾ ਕੀਤੀ ਗਈ ਵਿਆਖਿਆਕਾਰੀ ਵੀ ਗੁਰਬਾਣੀ ਪ੍ਰਚਾਰ ਵਿੱਚ ਸਥਾਨ ਗ੍ਰਹਿਣ ਕਰ ਚੁੱਕੀ ਸੀ।

18ਵੀਂ ਸਦੀ ਦੇ ਪਹਿਲੇ ਅੱਧ ਵਿੱਚ ਗੁਰਬਾਣੀ ਵਿਆਖਿਆ ਦੇ ਇਤਿਹਾਸ ਵਿੱਚ ਉਸ ਵੇਲੇ ਇੱਕ ਨਵਾਂ ਮੋੜ ਆਇਆ ਜਦੋਂ ਗੁਰੂ ਗੋਬਿੰਦ ਸਿੰਘ ਜੀ (1666 ਤੋਂ 1708 ਈ. ਤੱਕ) ਦੀ ਸਰਪ੍ਰਸਤੀ, ਨਿਜੀ ਅਗਵਾਈ ਤੇ ਟੀਕਾਕਾਰੀ ਦੀ ਸਿਖਲਾਈ ਦੁਆਰਾ ਨਿਰਮਲ (1688 ਈ.) ਤੇ ਗਿਆਨੀ ਸੰਪ੍ਰਦਾਇ[71] ਦੀਆਂ ਟੀਕਾ ਟਕਸਾਲਾਂ ਸਥਾਪਿਤ ਹੋਈਆਂ।

ਨਿਰਮਲ ਭੇਖ ਸਿੱਖ-ਮਤ ਦੀਆਂ ਪ੍ਰਮੁਖ ਸੰਪ੍ਰਦਾਵਾਂ ਵਿੱਚੋਂ ਇੱਕ ਹੈ ਭਾਵੇਂ ਭਾਈ ਗੁਰਦਾਸ ਜੀ ਦੇ ਕਥਨ 'ਨਾਨਕ ਨਿਰਮਲ ਪੰਥ ਚਲਾਇਆ' ਅਨੁਸਾਰ ਨਿਰਮਲ ਪੰਥ ਦਾ ਆਰੰਭ ਗੁਰੂ ਨਾਨਕ ਤੋਂ ਆਰੰਭ ਹੋਇਆ ਮੰਨਿਆ ਜਾਂਦਾ ਹੈ ਪ੍ਰੰਤੂ ਸਿੱਖ ਰਵਾਇਤ ਅਨੁਸਾਰ 1689 ਈ. ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਪਾਉਂਟਾ ਸਾਹਿਬ ਤੋਂ ਪੰਜ ਬ੍ਰਹਮਚਾਰੀ ਸਿੱਖ ਭਾਈ ਗੰਡਾ ਸਿੰਘ, ਭਾਈ ਕਰਮ ਸਿੰਘ, ਭਾਈ ਸੋਭਾ ਸਿੰਘ, ਭਾਈ ਵੀਰ ਸਿੰਘ ਅਤੇ ਭਾਈ ਰਾਮ ਸਿੰਘ ਜੀ ਨੂੰ ਗੇਰੂਏ ਬਸਤ੍ਰ ਪਵਾ ਕੇ ਸੰਸਕ੍ਰਿਤ ਸ਼ਾਸਤਰ ਸਿੱਖਣ ਲਈ ਬਨਾਰਸ

ਭੇਜਿਆ।ਪ੍ਰਾਚੀਨ ਭਾਰਤੀ ਧਰਮ ਗ੍ਰੰਥਾਂ ਦੀ ਉੱਚ ਵਿੱਦਿਆ ਪ੍ਰਾਪਤੀ ਅਤੇ ਗਹਿਨ ਅਧਿਐਨ ਤੋਂ ਮਗਰੋਂ ਇਨ੍ਹਾਂ ਵਿਚਾਰਵਾਨ ਵਿਦਵਾਨਾਂ ਨੇ ਗੁਰਬਾਣੀ ਦੇ ਅਰਥ ਨਿਰਣੇ ਕਰਨ ਵਿੱਚ ਆਪਣਾ ਵਿਸ਼ੇਸ਼ ਯੋਗਦਾਨ ਪਾਇਆ।ਵੇਦ ਸ਼ਾਸਤਰਾਂ ਦੇ ਸਮਰਥਕ ਹੋਣ ਕਾਰਣ ਇਹ ਸਿੱਖੀ ਦੇ ਪ੍ਰਚਾਰ ਪ੍ਰਸਾਰ ਵਿੱਚ ਗੁਰਮਤਿ ਅਤੇ ਵੇਦ ਮਤਿ ਦਾ ਸੁਮੇਲ ਕਰਦੇ ਰਹੇ।[72]

ਗਿਆਨੀ ਸੰਪ੍ਰਦਾਇ ਦਾ ਆਰੰਭ ਭਾਈ ਮਨੀ ਸਿੰਘ ਜੀ (1644 ਤੋਂ 1734 ਈ. ਤੱਕ) ਤੋਂ ਹੋਇਆ ਮੰਨਿਆ ਜਾਂਦਾ ਹੈ।ਬਚਪਨ ਵਿੱਚ ਹੀ ਉਨ੍ਹਾਂ ਦੇ ਪਿਤਾ ਜੀ ਉਨ੍ਹਾਂ ਨੂੰ ਸੱਤਵੇਂ ਗੁਰੂ ਸ੍ਰੀ ਗੁਰੂ ਹਰਿ ਰਾਇ ਜੀ ਦੀ ਸੇਵਾ ਵਿੱਚ ਛੱਡ ਗਏ ਸਨ।ਮਗਰੋਂ ਉਹ ਲਗਾਤਾਰ ਅੱਠਵੇਂ, ਨੌਵੇਂ ਅਤੇ ਦਸਵੇਂ ਗੁਰੂ ਸਾਹਿਬਾਨ ਦੀ ਸੇਵਾ ਵਿੱਚ ਵੀ ਹਾਜ਼ਰ ਰਹੇ।ਉਹ ਵਿੱਦਿਆ ਪੜ੍ਹਨ-ਪੜ੍ਹਾਉਣ ਅਤੇ ਲਿਖਣ-ਲਿਖਾਉਣ ਦੀ ਸੇਵਾ ਬੜੀ ਪ੍ਰਬੀਨਤਾ ਨਾਲ਼ ਕਰਦੇ ਸਨ।ਖਾਲਸਾ ਪੰਥ ਦੀ ਸਾਜਨਾ ਮਗਰੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਨੂੰ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਦਾ ਗ੍ਰੰਥੀ ਥਾਪ ਕੇ ਭੇਜਿਆ।1705 ਈ. ਵਿੱਚ ਸਾਬੋ ਕੀ ਤਲਵੰਡੀ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਤੋਂ ਅਤੇ ਹੋਰ ਗੁਰਸਿੱਖਾਂ ਤੋਂ ਸੁੰਦਰ ਹਸਤ-ਲਿਖ਼ਤ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕਈ ਉਤਾਰੇ ਕਰਵਾਏ ਅਤੇ ਗੁਰਬਾਣੀ ਦੇ ਅਰਥ ਕਰਨ ਦੀ ਪਰਿਪਾਟੀ ਵੀ ਤੋਰੀ।ਇਸ ਤਰ੍ਹਾਂ ਗਿਆਨੀ ਸੰਪ੍ਰਦਾਇ ਦੀਆਂ ਭਾਈ ਮਨੀ ਸਿੰਘ ਅਤੇ ਬਾਬਾ ਦੀਪ ਸਿੰਘ ਦੁਆਰਾ ਅੱਗੋਂ ਦੋ ਸ਼ਾਖਾਵਾਂ ਤੁਰੀਆਂ।ਗੁਰੂ ਜੀ ਦੇ ਹੁਕਮ ਅਨੁਸਾਰ ਉਹ ਗੁਰੂ ਗ੍ਰੰਥ ਸਾਹਿਬ ਦੀ ਕਥਾ ਕਰਦੇ ਅਤੇ ਗੁਰ ਇਤਿਹਾਸ ਵਿੱਚੋਂ ਸਾਖੀਆਂ ਸੁਣਾਉਂਦੇ।ਇਸ ਤਰ੍ਹਾਂ ਇਨ੍ਹਾਂ ਅਰਥਾਂ ਸਹਿਤ ਵਿਆਖਿਅਕਾਰੀ ਦੀਆਂ ਦੋ ਟਕਸਾਲਾਂ ਬਣ ਗਈਆਂ ਜਿਹੜੀਆਂ 'ਅੰਮ੍ਰਿਤਸਰੀ ਟਕਸਾਲ' ਅਤੇ 'ਦਮਦਮੀ ਟਕਸਾਲ' ਦੇ ਨਾਂ ਨਾਲ਼ ਜਾਣੀਆਂ ਜਾਣ ਲੱਗ ਪਈਆਂ।ਅੱਜ ਵੀ ਪੰਜਾਬ ਦੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਰਹਿਣ ਵਾਲੇ ਸ਼ਰਧਾਵਾਨ ਜਿਗਿਆਸੂ ਵਧੇਰੇ ਕਰਕੇ 'ਗਿਆਨੀ ਸੰਪ੍ਰਦਾਇ' ਦੇ ਸਮਰਥਕ ਅਤੇ ਸਰੋਤੇ ਹਨ ਤੇ ਅੱਜ ਵੀ 'ਅੰਮ੍ਰਿਤਸਰ ਟਕਸਾਲ' ਜਾਂ 'ਸ਼੍ਰੋਮਣੀ ਸੰਪ੍ਰਦਾਇ ਟਕਸਾਲ ਭਾਈ ਮਨੀ ਸਿੰਘ' ਦੇ ਨਾਂ ਹੇਠ ਸੱਤੋ ਵਾਲੀ ਗਲੀ ਅੰਮ੍ਰਿਤਸਰ ਵਿਖੇ ਆਪਣਾ ਕਾਰਜ ਨਿਭਾ ਰਹੀ ਹੈ ਅਤੇ 'ਦਮਦਮੀ ਟਕਸਾਲ' ਮਹਿਤਾ ਚੌਂਕ, ਭਿੰਡਰ ਕਲਾਂ, ਅੰਮ੍ਰਿਤਸਰ ਵਿਖੇ।[73] ਇਨ੍ਹਾਂ ਟਕਸਾਲਾਂ ਉੱਤੇ ਅੱਜ ਵੀ ਗੁਰਬਾਣੀ ਵਿਆਖਿਆ ਵਿਧੀ ਦੀ ਜਾਣਕਾਰੀ ਵਿਲੱਖਣ ਢੰਗ ਨਾਲ ਵਿਦਿਆਰਥੀਆਂ ਨੂੰ ਦਿੱਤੀ ਜਾਂਦੀ ਹੈ।ਇਸੇ ਕਾਲ ਵਿੱਚ ਗੁਰਮਤਿ ਪ੍ਰਚਾਰ ਦੀ ਇੱਕ ਹੋਰ ਸੰਪ੍ਰਦਾਇ ਭਾਈ ਕਨ੍ਹਈਆ ਜੀ (1648 ਤੋਂ 1718 ਈ. ਤੱਕ) ਦੁਆਰਾ ਤੋਰੀ ਗਈ ਜੋ ਕਿ

'ਸੇਵਾਪੰਥੀ-ਸੰਪ੍ਰਦਾਇ' ਦੇ ਨਾਂ ਨਾਲ਼ ਜਾਣੀ ਗਈ। ਇਸ ਸੰਪ੍ਰਦਾਇ ਦਾ ਮੁੱਖ ਉਦੇਸ਼ ਭਾਵੇਂ ਮਾਨਵ ਸੇਵਾ ਹੀ ਰਿਹਾ ਪ੍ਰੰਤੂ ਬੜੇ ਸਾਰੇ ਉੱਘੇ ਵਿਦਵਾਨ ਵੀ ਇਸ ਸੰਪ੍ਰਦਾਇ ਵਿੱਚੋਂ ਹੋਏ ਹਨ ਜਿੰਨ੍ਹਾਂ ਨੇ ਗੁਰਬਾਣੀ ਵਿਆਖਿਆ ਦੇ ਖੇਤਰ ਵਿੱਚ ਉੱਤਮ ਰਚਨਾਵਾਂ[74] ਲਿਖੀਆਂ।

1849 ਈ. ਵਿੱਚ ਪੰਜਾਬ ਨੂੰ ਬ੍ਰਿਟਿਸ਼ ਰਾਜ ਵਿੱਚ ਮਿਲਾ ਲਿਆ ਗਿਆ ਸੀ। ਸਿੱਖਾਂ ਦੀ ਬਹਾਦਰੀ ਅਤੇ ਅਜਿੱਤ ਹੌਂਸਲੇ ਤੋਂ ਪ੍ਰਭਾਵਿਤ ਹੋ ਕੇ ਅਤੇ ਪੰਜਾਬ ਤੇ ਸਦੀਵੀਂ ਆਪਣਾ ਸੰਗਠਿਤ ਰਾਜ ਕਾਇਮ ਰੱਖਣ ਦੇ ਉਦੇਸ਼ ਨਾਲ਼ ਅੰਗਰੇਜ਼ ਇੱਥੋਂ ਦੀਆਂ ਸਾਰੀਆਂ ਧਾਰਮਿਕ, ਸਮਾਜਕ, ਰਾਜਨੀਤਕ ਅਤੇ ਪ੍ਰਬੰਧਕੀ ਕ੍ਰਿਆਵਾਂ ਨੂੰ ਘੋਖਣ ਲੱਗੇ। ਪੰਜਾਬ ਵਿੱਚ ਜਿੱਥੇ ਇਸਾਈ ਮੱਤ ਦਾ ਪ੍ਰਚਾਰ ਕਰਨ ਲਈ ਪੱਛਮੀ ਵਿੱਦਿਆ ਪ੍ਰਣਾਲੀ ਅਧੀਨ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ ਖੋਲ੍ਹੀਆਂ ਜਾਣ ਲੱਗੀਆਂ ਉੱਥੇ ਸਿੱਖਾਂ ਦੇ ਧਾਰਮਿਕ ਗ੍ਰੰਥ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦਾ ਅੰਗਰੇਜ਼ੀ ਅਨੁਵਾਦ ਕਰਨ ਦੀ ਜਿੰਮੇਵਾਰੀ ਅੰਗਰੇਜ਼ ਸਰਕਾਰ ਨੇ ਜਰਮਨ ਮਿਸ਼ਨਰੀ ਮਿਸਟਰ ਅਰਨੈਸਟ ਟਰੰਪ ਨੂੰ ਸੌਂਪੀ ਤਾਂ ਜੋ ਉਹ ਪੱਛਮੀ ਵਿੱਦਿਆ ਦੇ ਚਾਨਣ ਵਿੱਚ ਇੱਥੋਂ ਦੀ ਪਰੰਪਰਾਇਕ ਵਿੱਦਿਆ ਨੂੰ ਕਿਸੇ ਤਰ੍ਹਾਂ ਪੱਛੜੀ ਅਤੇ ਅਸੰਗਤ ਸਾਬਿਤ ਕਰਕੇ ਆਪਣੇ ਤਰਕ ਆਧਾਰਿਤ ਧਰਮ ਦੁਆਰਾ ਇੱਥੋਂ ਦੇ ਲੋਕਾਂ ਦੀ ਰਹਿਨੁਮਾਈ ਕਰ ਸਕਣ। ਇਨ੍ਹਾਂ ਮਿਸ਼ਨਰੀ ਸਕੂਲਾਂ ਦੇ ਪ੍ਰਭਾਵ ਅਧੀਨ 1873 ਈ. ਵਿੱਚ ਅੰਮ੍ਰਿਤਸਰ ਮਿਸ਼ਨ ਸਕੂਲ ਦੇ ਚਾਰ ਸਿੱਖ ਵਿਦਿਆਰਥੀਆਂ - ਆਯਾ ਸਿੰਘ, ਅਤਰ ਸਿੰਘ, ਸਾਧੂ ਸਿੰਘ ਅਤੇ ਸੰਤੋਖ ਸਿੰਘ ਨੇ ਇਸਾਈ ਬਣਨ ਦਾ ਐਲਾਨ ਕਰ ਦਿੱਤਾ। ਸਿੱਖ ਧਰਮ ਤੇ ਹੋ ਰਹੇ ਇਸ ਤਰ੍ਹਾਂ ਦੇ ਬਾਹਰਲੇ ਹਮਲਿਆਂ ਬਾਰੇ ਵਿਚਾਰ ਕਰਨ ਲਈ ਉਸ ਵੇਲੇ ਦੇ ਸਿੱਖ ਵਿਦਵਾਨ ਠਾਕੁਰ ਸਿੰਘ ਸੰਧਾਵਾਲੀਆ, ਬਾਬਾ ਖੇਮ ਸਿੰਘ ਬੇਦੀ ਅਤੇ ਕਪੂਰਥਲੇ ਦੇ ਕੰਵਰ ਬਿਕਰਮ ਸਿੰਘ ਨੇ ਇੱਕ ਸਭਾ ਬੁਲਾਈ ਜਿਸ ਵਿੱਚ ਨੌਜਵਾਨ ਤਬਕੇ ਵਿੱਚ ਸਿੱਖ ਧਰਮ ਦੀ ਨਿਵੇਕਲੀ ਪਛਾਣ ਨੂੰ ਕਾਇਮ ਰੱਖਣ ਦੇ ਮੰਤਵ ਨਾਲ ਗੁਰਬਾਣੀ ਦੇ ਅਰਥਾਂ ਅਤੇ ਗੁਰਮੁਖੀ ਲਿਪੀ ਦੇ ਪ੍ਰਚਾਰ ਪ੍ਰਸਾਰ ਲਈ ਯਤਨ ਆਰੰਭੇ ਗਏ। ਛੇਤੀ ਹੀ ਇਨ੍ਹਾਂ ਯਤਨਾਂ ਨੇ 'ਸਿੰਘ ਸਭਾ ਲਹਿਰ' ਦਾ ਰੂਪ ਧਾਰਨ ਕਰ ਲਿਆ। ਉੱਧਰ 1877 ਈ. ਵਿੱਚ ਮਿਸਟਰ ਟਰੰਪ ਨੇ ਗੁਰੂ ਗ੍ਰੰਥ ਸਾਹਿਬ ਦੇ ਕੁਝ ਭਾਗ ਦੇ ਕੀਤੇ ਗਏ ਅੰਗਰੇਜ਼ੀ ਅਨੁਵਾਦ ਨੂੰ 'The Adi Granth' ਨਾਂ ਹੇਠ ਪ੍ਰਕਾਸ਼ਿਤ ਕਰਵਾਇਆ ਜੋ ਸਿੱਖ ਵਿਦਵਾਨਾਂ ਦੁਆਰਾ ਸਵੀਕਾਰਿਆ ਨਹੀਂ ਗਿਆ ਕਿਉਂਕਿ ਇਸ ਅਨੁਵਾਦ ਦੀ ਭੂਮਿਕਾ ਵਿੱਚ ਗੁਰਬਾਣੀ ਲਈ ਕੁਝ ਚੁੱਭਵੇਂ ਸ਼ਬਦ ਵਰਤੇ ਗਏ ਸਨ ਅਤੇ ਗੁਰਬਾਣੀ ਦੇ ਅਰਥਾਂ ਦੀ ਥਾਂ ਅਨਰਥ ਕਰ ਦਿੱਤੇ ਗਏ ਸਨ।[75] ਇਸ ਘਟਨਾ ਨੇ ਸੂਝਵਾਨ

ਸਿੱਖਾਂ ਨੂੰ ਹਲੂਣ ਕੇ ਵੰਗਾਰਿਆ।ਇਸ ਵੇਲੇ ਮਹਿਸੂਸ ਕੀਤਾ ਗਿਆ ਕਿ ਹੁਣ ਤੱਕ ਸੰਪੂਰਨ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਇੱਕ ਵਾਰ ਵੀ ਨਹੀਂ ਕੀਤਾ ਗਿਆ ਅਤੇ ਸਮੇਂ ਦੀ ਮੰਗ ਅਨੁਸਾਰ 1877 ਈ. ਵਿੱਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪੂਰਨ ਟੀਕਾ ਲਿਖਣ ਦਾ ਕਾਰਜ ਗਿਆਨੀ ਬਦਨ ਸਿੰਘ ਨੂੰ ਸੌਂਪਿਆ ਗਿਆ।ਇਹ ਟੀਕਾ 1883 ਈ. ਵਿੱਚ ਤਿਆਰ ਹੋਇਆ ਇਸੇ ਟੀਕੇ ਨੂੰ 'ਫਰੀਦਕੋਟੀ ਟੀਕੇ' ਦੇ ਨਾਂ ਨਾਲ ਜਾਣਿਆ ਜਾਂਦਾ ਹੈ।ਸੰਪੂਰਨ ਗੁਰੂ ਗ੍ਰੰਥ ਸਾਹਿਬ ਜੀ ਦਾ ਇਹ ਪਹਿਲਾ ਟੀਕਾ ਗੁਰਬਾਣੀ ਵਿਆਖਿਆ ਦੇ ਖੇਤਰ ਵਿੱਚ ਬਹੁਤ ਵੱਡੀ ਉਪਲਬਧੀ ਸੀ।

ਉਲੇਖ ਯੋਗ ਹੈ ਕਿ ਪੱਛਮੀ ਵਿੱਦਿਆ ਦੇ ਆਉਣ ਤੋਂ ਪਹਿਲਾਂ ਗੁਰਬਾਣੀ ਵਿਆਖਿਆਕਾਰੀ ਦਾ ਕਾਰਜ ਕੇਵਲ ਪ੍ਰਮੁੱਖ ਬਾਣੀਆਂ ਦੀ ਵਿਆਖਿਆ ਦੇ ਰੂਪ ਵਿੱਚ ਉਦਾਸੀਆਂ ਦੇ ਡੇਰਿਆਂ, ਨਿਰਮਲਿਆਂ ਦੇ ਅਖਾੜਿਆਂ ਅਤੇ ਗਿਆਨੀਆਂ ਦੇ ਬੁੰਗਿਆਂ ਵਿੱਚ ਹੀ ਹੁੰਦਾ ਸੀ ਪ੍ਰੰਤੂ ਪੱਛਮੀ ਵਿੱਦਿਆ ਦੇ ਆਉਣ ਨਾਲ ਇਹ ਕਾਰਜ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਅਕਾਦਮਿਕ ਪੱਧਰ ਉੱਤੇ ਹੋਣ ਲੱਗ ਪਿਆ।ਇਸ ਤਰ੍ਹਾਂ ਇਨ੍ਹਾਂ ਵਿੱਦਿਅਕ ਅਦਾਰਿਆਂ ਰਾਹੀਂ ਗੁਰਬਾਣੀ ਵਿਆਖਿਆਕਾਰੀ ਦੀ ਇੱਕ ਨਵੀਂ ਪ੍ਰਣਾਲੀ 'ਸਿੰਘ ਸਭਾ ਪ੍ਰਣਾਲੀ' ਹੋਂਦ ਵਿੱਚ ਆਈ ਜਿਸ ਦੇ ਅਧੀਨ ਸਿੱਖ ਵਿਦਵਾਨਾਂ ਨੇ ਗੁਰਬਾਣੀ ਨੂੰ ਬਦਲਦੀ ਸਥਿਤੀ ਦੇ ਅਨੁਸਾਰ ਮੁੜ ਸਮਝਣ, ਸਵੈ ਪੜਚੋਲ ਕਰਨ ਅਤੇ ਆਪਣੀ ਪਰੰਪਰਾ ਦੀ ਪੁਨਰ ਵਿਆਖਿਆ ਕਰਨ ਦੇ ਕਾਰਜ ਆਰੰਭ ਕਰ ਦਿੱਤੇ।

ਵੀਹਵੀਂ ਸਦੀ ਦੇ ਆਰੰਭ ਵਿੱਚ ਜਾਂ ਅਸਲ ਵਿੱਚ ਖਾਲਸਾ ਟ੍ਰੈਕਟ ਸੁਸਾਇਟੀ ਦੇ ਹੋਂਦ ਵਿੱਚ ਆਉਣ ਤੋਂ ਬਾਅਦ ਦੇ ਸਮੇਂ (1894 ਈ.) ਵਿੱਚ ਹੀ ਗੁਰਬਾਣੀ ਵਿਆਖਿਆਕਾਰੀ ਨੂੰ ਇੱਕ ਨਵੀਂ ਅਤੇ ਵਿਗਿਆਨਕ ਸੇਧ ਪ੍ਰਾਪਤ ਹੋਈ।ਇਸ 'ਆਧੁਨਿਕ ਪ੍ਰਣਾਲੀ' ਵਿੱਚ ਵਿਆਖਿਆਕਾਰੀ ਦੀ ਤਰਕ ਭਰਪੂਰ ਵਿਚਾਰਧਾਰਾ ਨੇ ਜ਼ੋਰ ਫੜ੍ਹਿਆ।ਗੁਰੂ ਗ੍ਰੰਥ ਸਾਹਿਬ ਦੀ ਤਰਕ ਭਰਪੂਰ ਸਿਧਾਂਤਕ ਵਿਆਖਿਆ ਨੇ ਵਿਸ਼ਵ ਭਰ ਦੇ ਧਰਮ ਚਿੰਤਕਾਂ ਦਾ ਧਿਆਨ ਆਪਣੇ ਵੱਲ ਖਿੱਚਿਆ।ਵੀਹਵੀਂ ਸਦੀ ਦੇ ਅੱਧ ਤੋਂ ਬਾਅਦ ਵਿਸ਼ਵ ਪੱਧਰ ਉੱਤੇ ਧਰਮਾਂ ਦੀ ਇਸ ਸਿਧਾਂਤਕ ਵਿਆਖਿਆ ਦੇ ਆਧਾਰ ਤੇ ਆਪੋ-ਆਪਣੇ ਧਰਮ ਦੇ 'ਵਿਆਖਿਆ-ਸ਼ਾਸਤਰ' ਰਚਣ ਦਾ ਰੁਝਾਨ ਦਿਖਾਈ ਦੇਣ ਲੱਗਾ ਜਿਸ ਵਿੱਚ ਪਹਿਲ ਪੱਛਮੀ ਜਾਂ ਸਾਮੀ ਧਰਮਾਂ ਨੇ ਕੀਤੀ।ਸਿੱਖ ਵਿਦਵਾਨਾਂ ਵੱਲੋਂ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ

ਆਧਾਰ ਤੇ 'ਸਿੱਖ ਵਿਆਖਿਆ-ਸ਼ਾਸਤਰ' ਤਿਆਰ ਕਰਨ ਦੇ ਯਤਨ ਕੀਤੇ ਜਾ ਰਹੇ ਹਨ।ਆਸ ਕੀਤੀ ਜਾਂਦੀ ਹੈ ਕਿ ਇਹ ਵਿਆਖਿਆ ਸ਼ਾਸਤਰ ਵਿਆਖਿਆਕਾਰੀ ਦੇ ਕਾਰਜ ਨੂੰ ਸਦੀਵੀਂ ਸੁਤੰਤਰਤਾ ਅਤੇ ਮੌਲਿਕਤਾ ਪ੍ਰਦਾਨ ਕਰਨ ਵਿੱਚ ਸਹਾਈ ਹੋਵੇਗਾ।

### 3.4.2 ਦਾਰਸ਼ਨਿਕ ਪਰਿਪੇਖ:

ਫਲਸਫਾ ਜਾਂ ਦਰਸ਼ਨ ਸ਼ਾਸਤਰ ਕਿਸੇ ਵੀ ਧਰਮ, ਕੌਮ ਜਾਂ ਸਮਾਜ ਦਾ ਕੇਂਦਰੀ ਧੁਰਾ ਹੁੰਦਾ ਹੈ ਜੋ ਕਿ ਉਸ ਕੌਮ ਦੀ ਤਰੱਕੀ ਵਿੱਚ ਅਹਿਮ ਯੋਗਦਾਨ ਪਾਉਂਦਾ ਹੈ।ਜਿਨ੍ਹਾਂ ਕੌਮਾਂ ਦਾ ਆਧਾਰ ਆਪਣੇ ਵਿਸ਼ੇਸ਼ ਫਲਸਫੇ ਤੇ ਨਹੀਂ ਟਿਕਿਆ ਹੋਇਆ ਹੁੰਦਾ, ਉਹ ਕੌਮਾਂ ਛੇਤੀ ਹੀ ਸੁੰਗੜਦੀਆਂ ਨਜ਼ਰ ਆਉਂਦੀਆਂ ਹਨ।'ਫਿਲਾਸਫੀ' ਯੂਨਾਨੀ ਭਾਸ਼ਾ ਤੋਂ ਨਿਕਲਿਆ ਹੋਇਆ ਸ਼ਬਦ ਹੈ ਜਿਸ ਦਾ ਅਰਥ 'ਗਿਆਨ ਲਈ ਪ੍ਰੇਮ' ਹੈ।ਭਾਰਤੀ ਚਿੰਤਨ ਦੀ ਪਰੰਪਰਾ ਵਿੱਚ ਫ਼ਿਲਾਸਫ਼ੀ ਨੂੰ 'ਦਰਸ਼ਨ' ਕਿਹਾ ਗਿਆ ਹੈ, ਕਿਉਂਕਿ ਇਹ ਜਿੱਥੇ ਜੀਵਨ ਅਤੇ ਜਗਤ ਦੀ ਤਰਕ-ਸੰਗਤ ਵਿਆਖਿਆ ਕਰਦਾ ਹੈ ਉੱਥੇ ਅਰੂਪ ਤੇ ਅਦ੍ਰਿਸ਼ਟ ਹਸਤੀ ਦਾ ਦੀਦਾਰ ਕਰਾਉਣ ਦਾ ਵਸੀਲਾ ਵੀ ਹੈ।ਡਾ. ਹਰਪਾਲ ਸਿੰਘ ਅਨੁਸਾਰ:

> ਦਰਸ਼ਨ ਮੁੱਖ ਤੌਰ ਤੇ ਅਮੂਰਤ ਸਿਧਾਂਤਾਂ ਨੂੰ ਤਾਰਕਿਕ ਪੱਧਰ ਉੱਤੇ ਨਿਯਮਬੱਧ ਪ੍ਰਣਾਲੀ ਦੇ ਰੂਪ ਵਿੱਚ ਗਿਆਨਾਤਮਕ ਦ੍ਰਿਸ਼ਟੀਕੋਣ ਤੋਂ ਪ੍ਰਸਤੁਤ ਕਰਦਾ ਹੈ।ਇਹ ਮਨੁੱਖੀ ਸਿਆਣਪ ਦੁਆਰਾ ਵਿਸ਼ਵ ਦੇ ਹਰੇਕ ਕਰਮ ਪ੍ਰਤੀਕਰਮ ਨੂੰ ਸਮਝਣ ਦਾ ਯਤਨ ਕਰਦਾ ਹੈ।...ਵਿਸ਼ਵ ਵਿਆਪੀ ਪੱਧਰ ਤੇ ਸੁਤੰਤਰ ਅਨੁਸ਼ਾਨ ਦੇ ਰੂਪ ਵਿੱਚ ਦਰਸ਼ਨ ਨੂੰ ਕਈ ਸ਼ਾਖਾਵਾਂ ਵਿੱਚ ਵੰਡ ਕੇ ਅਧਿਐਨ ਕੀਤਾ ਜਾਂਦਾ ਹੈ ਜਿਵੇਂ ਵਿਗਿਆਨ ਦਰਸ਼ਨ, ਕੁਦਰਤ ਦਰਸ਼ਨ,, ਇਤਿਹਾਸ ਦਰਸ਼ਨ, ਆਰਟ ਦੀ ਦਰਸ਼ਨ, ਤਰਕ/ਨਿਆਇ ਦਰਸ਼ਨ, ਕਾਨੂੰਨ ਦਰਸ਼ਨ, ਸਿੱਖਿਆ ਦਰਸ਼ਨ ਅਤੇ ਧਰਮ ਦਰਸ਼ਨ ਆਦਿਕ।[76]

ਸਿੱਖ ਧਰਮ ਚਿੰਤਨ ਜਾਂ ਸਿੱਖੀ ਨਾਲ ਜੁੜੀ ਕਿਸੇ ਤਰ੍ਹਾਂ ਦੀ ਸੋਝੀ ਵਾਸਤੇ ਮੂਲ ਸ੍ਰੋਤ 'ਗੁਰੂ ਗ੍ਰੰਥ ਸਾਹਿਬ' ਹੀ ਹੈ ਅਤੇ ਗੁਰੂ ਗ੍ਰੰਥ ਸਾਹਿਬ ਦੀ ਫਿਲਾਸਫੀ ਗੁਰੂ ਨਾਨਕ ਦੇਵ ਜੀ ਦੁਆਰਾ ਰਚੀ ਗਈ ਬਾਣੀ ਤੇ ਆਧਾਰਿਤ ਹੈ ਜੋ ਪਹਿਲਾਂ ਪ੍ਰਾਪਤ ਹੋ ਚੁੱਕੇ ਸਾਰੇ ਧਾਰਮਿਕ ਗ੍ਰੰਥਾਂ ਦੀ

ਦਾਰਸ਼ਨਿਕਤਾ ਨਾਲ ਅੰਤਰ-ਸੰਵਾਦ ਰਚਾਉਂਦੇ ਹੋਏ ਵਿਕਾਸ ਕਰਦੀ ਹੈ ਅਤੇ ਉਸ ਨੂੰ ਪ੍ਰਿਸ਼ਠਭੂਮੀ ਵਿੱਚ ਰੱਖ ਕੇ ਨਵੇਂ ਦਾਰਸ਼ਨਿਕ ਸੰਕਲਪਾਂ ਅਤੇ ਧਾਰਨਾਵਾਂ ਨੂੰ ਖੋਜਦੀ ਹੈ।ਇਹ ਮਨੋਵਿਗਿਆਨ, ਸਮਾਜ, ਧਰਮ, ਇਤਿਹਾਸ, ਅਤੇ ਦੈਵੀ ਸੱਤਾ ਨਾਲ ਮਨੁੱਖ ਦੇ ਰਿਸ਼ਤੇ ਨੂੰ ਖੋਜ ਕੇ ਵਿਗਿਆਨਕ ਨਜ਼ਰੀਏ ਤੋਂ ਪ੍ਰਸਤੁਤ ਕਰਦੀ ਹੈ।ਇਸ ਦਾ ਗਿਆਨ ਕਾਵਿਕ ਮਾਧਿਅਮ ਰਾਹੀਂ ਪ੍ਰਸਤੁਤ ਹੋਣ ਕਾਰਨ ਦਾਰਸ਼ਨਿਕ ਸ਼ੈਲੀ ਵਿੱਚ ਪ੍ਰਾਪਤ ਨਹੀਂ ਕਿਉਂਕਿ ਕਵੀ ਦਾ ਕੰਮ ਵਸਤੂ ਜਗਤ ਨੂੰ ਭਾਵ ਜਗਤ ਨਾਲ਼ ਜੋੜ ਕੇ ਸੁਹਜਾਤਮਕ ਪਾਸਾਰ ਕਰਨਾ ਹੈ, ਇਸ ਕੰਮ ਲਈ ਉਸ ਦਾ ਦਾਰਸ਼ਨਿਕ ਹੋਣਾ ਜ਼ਰੂਰੀ ਨਹੀਂ।ਦੂਜਾ ਕਵਿਤਾ ਰਚਨਾਤਮਕ ਜਾਂ ਸਿਰਜਨਾਤਮਕ ਕਾਰਜ ਹੈ ਅਤੇ ਦਰਸ਼ਨ ਵਿਆਖਿਆਤਮਕ ਅਰਥਾਤ ਯਥਾਰਥ ਦਾ ਇੰਨ-ਬਿੰਨ ਬਿਆਨ ਕਰਨਾ।ਗੁਰਬਾਣੀ ਨੂੰ ਜਦ ਵਿਆਖਿਆ ਕਰਕੇ ਵਿਚਾਰਿਆ ਜਾਂਦਾ ਹੈ ਤਾਂ ਇਸ ਦੇ ਸਿਰਜਨ ਮੰਡਲ ਦੇ ਸੁਹਜਾਤਮਕ ਰੂਪ ਵਿੱਚ ਯਥਾਰਥ ਦੇ ਅਨੁਭਵ ਦੀ ਦਾਰਸ਼ਨਿਕ ਦ੍ਰਿਸ਼ਟੀ ਵੀ ਰਲਗੱਡ ਹੋਈ ਮਿਲਦੀ ਹੈ।ਇਸ ਵਿਚਲੇ ਲੁਪਤ ਅੰਸ਼ਾਂ ਨੂੰ ਵੱਖ-ਵੱਖ ਵਿਆਖਿਆਕਾਰਾਂ ਦੁਆਰਾ ਤਾਰਕਿਕ ਵਿਧੀ ਰਾਹੀਂ ਸੂਤਰਬੱਧ ਕਰਕੇ ਸਿਧਾਂਤ ਰੂਪ ਵਿੱਚ ਪੇਸ਼ ਕੀਤਾ ਜਾਂਦਾ ਹੈ।ਡਾ. ਤਾਰਨ ਸਿੰਘ ਅਨੁਸਾਰ:

> ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦ੍ਰਿਸ਼ਟਮਾਨ ਰੂਪ ਕਰਕੇ ਅਤੇ ਭਾਵਨਾ ਕਰਕੇ ਸੰਸਾਰ ਦਾ ਇੱਕ ਦਰਸ਼ਨ ਗ੍ਰੰਥ ਹੈ।ਇਸ ਦੀ ਬਾਣੀ ਦਾ ਰੂਪ ਕਾਵਿ ਦਾ ਹੈ ਅਤੇ ਇਸ ਸੰਪਾਦਿਤ ਗ੍ਰੰਥ ਦੇ ਪਿੱਛੇ ਭਾਵਨਾ ਪ੍ਰੇਮਾ-ਭਗਤੀ ਨੂੰ ਸਾਕਾਰ ਕਰਨ ਦੀ ਹੈ।ਕਿਸੇ ਵਿਸ਼ੇਸ਼ ਦਾਰਸ਼ਨਿਕ ਪ੍ਰਬੰਧ ਅਧੀਨ ਨਾ ਇਹ ਬਾਣੀ ਰਚੀ ਗਈ ਹੈ ਅਤੇ ਨਾ ਹੀ ਇਹ ਰਚਨਾ ਕਿਸੇ ਸ਼ਾਸਤਰਕ-ਪ੍ਰਬੰਧ ਅਨੁਸਾਰ ਸੰਪਾਦਿਤ ਕੀਤੀ ਗਈ ਹੈ।ਸ਼੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ 'ਭੇਦ' ਦਾ ਹੈ, 'ਸ਼ਾਸਤਰ' ਦਾ ਨਹੀਂ।[77]

ਗੁਰਬਾਣੀ ਦੀ ਦਾਰਸ਼ਨਿਕ ਵਿਆਖਿਆ ਦਾ ਪ੍ਰਮੁੱਖ ਕਾਰਜ ਗੁਰਬਾਣੀ ਦਰਸ਼ਨ ਦੇ ਅੰਤਰੀਵੀ ਅਤੇ ਬਾਹਰੀ ਦੋਵੇਂ ਪੱਖਾਂ ਦਾ ਗਹਿਰਾਈ ਨਾਲ ਅਧਿਐਨ ਕਰਨਾ ਹੈ ਅਤੇ ਵਿਸ਼ਵ ਧਰਮਾਂ ਦਾ ਤੁਲਨਾਤਮਕ ਅਧਿਐਨ ਕਰਕੇ ਉਨ੍ਹਾਂ ਸੰਕਲਪਾਂ ਨਾਲ ਸਾਂਝ ਅਤੇ ਭਿੰਨਤਾ ਖੋਜਣਾ ਹੈ।ਸੰਸਾਰ ਦੇ ਹੋਰ ਧਰਮਾਂ ਦੇ ਦਰਸ਼ਨ ਨਾਲੋਂ ਗੁਰਬਾਣੀ ਦੀ ਦਾਰਸ਼ਨਿਕ ਵਿਚਾਰਧਾਰਾ ਵਿੱਚ ਫਰਕ ਹੋਣ

ਕਰਕੇ ਇਸ ਦੇ ਬ੍ਰਹਮ, ਜਗਤ, ਮਾਇਆ, ਜੀਵ, ਆਤਮਾ, ਨਾਮ, ਸ਼ਬਦ, ਮੁਕਤੀ ਆਦਿ ਦੇ ਸਰੂਪ ਵਿੱਚ ਵੀ ਵਖਰੇਵਾਂ ਹੈ।ਇਸ ਦਾ ਮੁੱਖ ਦਾਰਸ਼ਨਿਕ ਪਹਿਲੂ ਜਾਂ ਕੇਂਦਰੀ ਤੱਤ – ਬ੍ਰਹਮ, ਜਗਤ ਤੇ ਮਨੁੱਖ ਹਨ।ਇਨ੍ਹਾਂ ਤਿੰਨਾਂ ਤੱਤਾਂ ਦੀ ਵਿਆਖਿਆ ਕਰਦਿਆਂ ਯਥਾਰਥ ਦੇ ਸੰਪੂਰਣ ਵਿਸਥਾਰ ਨੂੰ ਸਮਝਣ ਦਾ ਉਪਰਾਲਾ ਕੀਤਾ ਗਿਆ ਹੈ।ਬ੍ਰਹਮ ਨੂੰ ਵਿਸ਼ਵ ਦਾ ਸਥਾਈ ਅਤੇ ਸਦੀਵੀਂ ਅਧਿਆਤਮਕ ਤੱਤ ਕਿਹਾ ਗਿਆ ਹੈ ਜੋ ਕਿ ਮਨੁੱਖ ਦੀ ਬੌਧਿਕ ਪਹੁੰਚ ਤੋਂ ਪਰ੍ਹੇ ਦੱਸਿਆ ਗਿਆ ਹੈ।[78]

ਗੁਰਬਾਣੀ ਦੀ ਵਿਚਾਰਵਾਦੀ ਦਾਰਸ਼ਨਿਕਤਾ ਅਨੁਸਾਰ ਵਿਸ਼ਵ ਦਾ ਦ੍ਰਿਸ਼ਟਮਾਨ ਸਰੂਪ ਸਥਾਈ, ਸਦੀਵੀਂ ਜਾਂ ਸਵੈ-ਆਧਾਰੀ ਨਹੀਂ ਸਗੋਂ ਕਿਸੇ ਪਰਮਸੱਤਾ ਦੀ ਰਚਨਾ ਮਾਤਰ ਹੈ।ਸਭ ਧਰਮਾਂ ਦਾ ਪੂਜਣਯੋਗ ਇਹ ਇੱਕ ਓਅੰਕਾਰ ਹੀ ਹੈ ਜਿਸ ਨੂੰ ਪਰਮ ਆਤਮਾ, ਪਾਰਬ੍ਰਹਮ, ਅੱਲਾ, ਰੱਬ, ਹਰੀ ਜਾਂ ਅਕਾਲ ਪੁਰਖ਼ ਆਦਿ ਨਾਵਾਂ ਨਾਲ਼ ਵੀ ਜਾਣਿਆ ਜਾਂਦਾ ਹੈ।ਸ੍ਰਿਸ਼ਟੀ ਦੀ ਰਚਨਾ ਤੋਂ ਪਹਿਲਾਂ ਵੀ ਇਹ ਇੱਕ ਹੀ ਸੁੰਨ ਅਵਸਥਾ ਵਿੱਚ ਸੀ।

ਅਰਬਦ ਨਰਬਦ ਧੁੰਧੂਕਾਰਾ॥ਧਰਣਿ ਨ ਗਗਨਾ ਹੁਕਮੁ ਅਪਾਰਾ॥

ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ॥[79]

ਗੁਰੂ ਗ੍ਰੰਥ ਸਾਹਿਬ ਮਨੁੱਖੀ ਜ਼ਿੰਦਗੀ ਨੂੰ ਸਰਬਪੱਖੀ ਅਗਵਾਈ ਦੇਣ ਦੇ ਸਮਰੱਥ ਹਨ।ਇਸੇ ਕਾਰਨ ਇਸ ਵਿਚਲੀ ਸੇਧ ਨੂੰ ਪ੍ਰਚਾਰਨ ਤੇ ਪ੍ਰਸਾਰਨ ਲਈ ਗੁਰਬਾਣੀ ਦੀ ਦਾਰਸ਼ਨਿਕ ਵਿਆਖਿਆ ਆਪਣੀ ਅਹਿਮ ਭੂਮਿਕਾ ਨਿਭਾਉਂਦੀ ਹੈ।ਇਸ ਵਿੱਚ ਮਨੁੱਖੀ ਮਨ ਵਿੱਚ ਪੈਦਾ ਹੋਏ ਸ਼ੰਕਿਆਂ ਨੂੰ ਨਜਿੱਠਣ ਲਈ ਵੱਖ-ਵੱਖ ਵਿਧੀਆਂ ਜਿਵੇਂ ਕਿ ਤਰਕਵਾਦੀ, ਅਨੁਭਵਵਾਦੀ, ਪ੍ਰਤੱਖਵਾਦੀ, ਅਸਤਿਤਵਵਾਦੀ, ਵਿਵੇਕਵਾਦੀ ਅਤੇ ਵਿਸ਼ਲੇਸ਼ਣਵਾਦੀ ਆਦਿ ਦੇ ਵਿਧੀ ਵਿਧਾਨ ਦਾ ਪ੍ਰਯੋਗ ਕੀਤਾ ਹੋਇਆ ਮਿਲਦਾ ਹੈ।ਗੁਰਬਾਣੀ ਵਿਚਲੇ ਅਨੁਭਵ ਦਾ ਗਿਆਨਾਤਮਕ ਸਰੂਪ ਸਿਰਜ ਕੇ ਮਨੁੱਖੀ ਬੁੱਧੀ ਨੂੰ ਬ੍ਰਹਿਮੰਡੀ ਚੇਤਨਾ ਨਾਲ ਇਕਸੁਰ ਕਰਨ ਅਤੇ ਇਸ ਭੌਤਿਕ ਜਗਤ ਵਿੱਚ ਇੰਦ੍ਰਿਆਵੀ ਬੋਧ ਦੁਆਰਾ ਧਰਮ ਦੀ ਸੱਚਾਈ ਨੂੰ ਖੋਜਣਾ ਦਾਰਸ਼ਨਿਕ ਵਿਆਖਿਆ ਦਾ ਮੂਲ ਮਨੋਰਥ ਹੈ।

ਵਰਤਮਾਨ ਸਮੇਂ ਦੀ ਮੰਗ ਅਨੁਸਾਰ ਵੇਦ, ਸ਼ਾਸਤ੍ਰਾਂ, ਗੀਤਾ ਅਤੇ ਗੁਰੂ ਗ੍ਰੰਥ ਸਾਹਿਬ ਜਿਹੇ ਧਰਮ ਗ੍ਰੰਥਾਂ ਦੀਆਂ ਦਾਰਸ਼ਨਿਕ ਵਿਆਖਿਆਵਾਂ ਕੀਤੀਆਂ ਜਾ ਰਹੀਆਂ

ਹਨ।ਸ਼ੰਕਰਾਚਾਰੀਆ ਤੋਂ ਬਾਅਦ ਸ੍ਰੀ ਅਰਵਿੰਦੋ ਨੇ ਵੈਦਿਕ ਮੰਤ੍ਰਾਂ ਅਤੇ 'ਗੀਤਾ' ਦੀ ਦਾਰਸ਼ਨਿਕ ਪੱਖ ਤੋਂ ਵਿਆਖਿਆ ਕੀਤੀ ਹੈ।'ਜਪੁਜੀ' ਦੀ ਅਧਿਆਤਮਿਕਤਾ ਨੂੰ ਦਾਰਸ਼ਨਿਕ ਗਿਆਨ ਸ਼ਾਸਤਰ ਵਿੱਚ ਢਾਲ ਕੇ ਇਸ ਦੀ ਵਿਆਖਿਆ ਸਿੱਖ ਸਾਹਿਤ ਦੇ ਲਗਭਗ ਹਰੇਕ ਗ੍ਰੰਥ ਕਰਤਾ ਨੇ ਕੀਤੀ ਹੈ।[80] ਡਾ. ਹਰਪਾਲ ਸਿੰਘ ਅਨੁਸਾਰ:

> ਗੁਰਬਾਣੀ ਵਿਆਖਿਆ ਪਰੰਪਰਾ ਵਿੱਚ ਨਿਰਮਲੇ ਅਤੇ ਉਦਾਸੀ ਵਿਦਵਾਨਾਂ ਨੇ ਭਾਰਤੀ ਦਰਸ਼ਨ ਦੇ ਪੱਖ ਤੋਂ ਗੁਰਬਾਣੀ ਵਿਆਖਿਆ ਵਿੱਚ ਉਲੇਖਯੋਗ ਕੰਮ ਕੀਤਾ ਹੈ।ਇਸ ਪੱਧਰ ਤੇ ਨਿਰਮਲੇ ਵਿਦਵਾਨਾਂ ਜਿੰਨਾ ਕੰਮ ਕਿਸੇ ਹੋਰ ਵਿਅਕਤੀ ਜਾਂ ਸੰਸਥਾ ਨੇ ਨਹੀਂ ਕੀਤਾ।ਇਨ੍ਹਾਂ ਦੇ ਕਾਰਜ ਨੂੰ ਵੈਦਿਕ ਜਾਂ ਵੇਦਾਂਤ ਦਰਸ਼ਨ ਦੀ ਸ਼੍ਰੇਣੀ ਵਿੱਚ ਰੱਖਿਆ ਜਾਂਦਾ ਹੈ।ਦਾਰਸ਼ਨਿਕ ਵਿਆਖਿਆ ਦੇ ਕੁਝ ਸੰਕੇਤ ਸਾਨੂੰ ਭਾਈ ਵੀਰ ਸਿੰਘ, ਤੇਜਾ ਸਿੰਘ, ਗੁਰਬਚਨ ਸਿੰਘ ਤਾਲਿਬ ਆਦਿਕ ਟੀਕਾਕਾਰਾਂ ਦੀ ਵਿਆਖਿਆ ਵਿੱਚ ਵੀ ਮਿਲਦੇ ਹਨ।[81]

ਇਸ ਪ੍ਰਕਾਰ ਸੰਖੇਪ ਵਿੱਚ ਕਿਹਾ ਜਾ ਸਕਦਾ ਹੈ ਕਿ ਗੁਰਬਾਣੀ ਦੀ ਦਾਰਸ਼ਨਿਕ ਪਰਿਪੇਖ ਤੋਂ ਵਿਆਖਿਆ ਕਰਨ ਦੇ ਯਤਨ ਗੁਰਬਾਣੀ ਰਚਨਾ ਦੇ ਸਮੇਂ ਤੋਂ ਹੀ ਹੁੰਦੇ ਆ ਰਹੇ ਹਨ ਤੇ ਇਹ ਯਤਨ ਪਰੰਪਰਾਗਤ ਪ੍ਰਣਾਲੀਆਂ ਦੇ ਵਿਦਵਾਨਾਂ ਮਗਰੋਂ ਹੁਣ ਅਕਾਦਮਿਕ ਪੱਧਰ ਉੱਤੇ ਕੀਤੇ ਜਾ ਰਹੇ ਹਨ।

### 3.4.3 ਸਮਾਜ-ਸੱਭਿਆਚਾਰਕ ਪਰਿਪੇਖ:

ਕਿਸੇ ਵੀ ਧਰਮ ਦੀ ਪਛਾਣ ਉਸ ਦੇ ਸਮਾਜਕ ਜੀਵਨ ਵਿਚਲੇ ਮਹੱਤਵ ਕਰਕੇ ਹੁੰਦੀ ਹੈ।ਜੇਕਰ ਕੋਈ ਧਰਮ ਸਮਾਜ ਨੂੰ ਦਰਪੇਸ਼ ਆ ਰਹੀਆਂ ਸਮੱਸਿਆਵਾਂ ਨੂੰ ਦੂਰ ਕਰਨ ਵਿੱਚ ਯੋਗ ਅਗਵਾਈ ਨਹੀਂ ਕਰਦਾ ਤਾਂ ਸਮਾਜ ਅਜਿਹੇ ਧਰਮ ਨੂੰ ਬੇਲੋੜਾ ਸਮਝ ਕੇ ਵਿਸਾਰ ਦਿੰਦਾ ਹੈ।ਕਿਸੇ ਮਨੁੱਖੀ ਸਮਾਜ ਦੀ ਰਹਿਣੀ-ਬਹਿਣੀ, ਰਸਮਾਂ-ਰਿਵਾਜ਼, ਕੀਮਤਾਂ, ਹੁਨਰ, ਪਹਿਰਾਵੇ, ਲੋਕ-ਕਲਾ, ਲੋਕ-ਸਾਹਿਤ, ਧੰਦੇ, ਭਾਸ਼ਾ, ਸਮਾਜਕ, ਆਰਥਕ ਅਤੇ ਰਾਜਸੀ

ਜੀਵਨ ਢੰਗ ਆਦਿ ਮਿਲ ਕੇ ਉਸ ਸਮਾਜ ਦਾ 'ਸੱਭਿਆਚਾਰ' ਅਖਵਾਉਂਦੇ ਹਨ ਪ੍ਰੰਤੂ ਸਮੁੱਚੀ ਗੁਰਬਾਣੀ ਆਪਣੀ ਸਿੱਖਿਆ ਦੁਆਰਾ ਜਿਨ੍ਹਾਂ ਉੱਤਮ ਸੱਭਿਆਚਾਰਕ ਕਦਰਾਂ-ਕੀਮਤਾਂ ਨਾਲ ਸਮਾਜ ਦੀ ਅਗਵਾਈ ਕਰਦੀ ਹੈ ਉਸ ਨੂੰ 'ਸਿੱਖ ਸੱਭਿਆਚਾਰ' ਆਖਿਆ ਜਾਂਦਾ ਹੈ।ਡਾ. ਪਿਆਰਾ ਸਿੰਘ ਪਦਮ ਅਨੁਸਾਰ:

> ਸੱਭਿਆਚਾਰ ਜਾਂ ਸੰਸਕ੍ਰਿਤੀ ਵਧੀਆ ਸੰਤੁਲਿਤ ਸੁਘੜ ਜੀਵਨ ਜਾਚ ਹੈ ਜੋ ਸਾਨੂੰ ਮਨ, ਬਾਣੀ, ਕਰਮ ਕਰਕੇ ਸਹੀ ਤੇ ਸੁਹਣਾ ਕੰਮ ਸੁਹਣੀ ਤਰ੍ਹਾਂ ਕਰਨਾ ਸਿਖਾਉਂਦੀ ਹੈ।ਇਹ ਬਾਣੀ ਦੇ ਬਗੀਚੇ ਵਿੱਚੋਂ ਉੱਠੀ ਟਹਿਕ-ਮਹਿਕ ਹੈ ਜਿਸ ਨੇ ਸਿੱਖੀ ਨੂੰ ਰਸ-ਰੰਗ ਰੱਤਾ ਤੇ ਮਾਣਮੱਤਾ ਬਣਾਇਆ ਹੈ।ਇਸ ਨੇ ਸਾਨੂੰ ਖਾਸ ਰਹਿਣੀ-ਬਹਿਣੀ, ਚਾਲ-ਢਾਲ, ਰਸਮ-ਰੀਤ, ਖਾਣ-ਪਹਿਨਣ ਤੇ ਬੋਲ-ਬਾਣੀ ਵੀ ਬਖ਼ਸ਼ੀ ਹੈ ਜੋ ਨਿਰਾਲੇ ਹੋਣ ਦੀ ਝਲਕ ਦਿਖਾਉਂਦੀ ਹੈ।ਸਿੱਖ ਸੱਭਿਆਚਾਰ ਕੇਸਾਧਾਰੀ, ਦਸਤਾਰਧਾਰੀ, ਸਿਮਰਨ-ਸੇਵਾਧਾਰੀ, ਖੜਗਧਾਰੀ, ਰਾਜ-ਯੋਗੀ ਸੱਭਿਆਚਾਰ ਹੈ ਜੋ ਚੜ੍ਹਦੀ ਕਲਾ ਤੇ ਸਰਬੱਤ ਦਾ ਭਲਾ ਜਿਹੇ ਉਚੇਰੇ ਨਿਸ਼ਾਨੇ ਰੱਖਦਾ ਹੈ।[82]

ਭਾਵੇਂ ਇਸ ਨੂੰ ਉੱਥੋਂ ਦੀ ਭੂਗੋਲਿਕ ਦਸ਼ਾ ਵੀ ਪ੍ਰਭਾਵਿਤ ਕਰਦੀ ਹੈ ਪ੍ਰੰਤੂ ਉੱਥੋ ਦੇ ਲੋਕਾਂ ਦਾ ਧਰਮ ਤੇ ਸਦਾਚਾਰ ਇਸ ਨੂੰ ਨਿਰਧਾਰਤ ਕਰਨ ਵਿੱਚ ਵਿਸ਼ੇਸ਼ ਭੂਮਿਕਾ ਨਿਭਾਉਂਦਾ ਹੈ।ਗੁਰੂ ਗ੍ਰੰਥ ਸਾਹਿਬ ਦਾ ਸੱਭਿਆਚਾਰ ਸਮੁੱਚੇ ਤੌਰ ਤੇ ਪੰਜਾਬ ਦੀ ਉਪਜ ਹੈ।ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾਂ ਪੰਜਾਬ ਵਿੱਚ ਹਿੰਦੂ, ਮੁਸਲਿਮ ਤੇ ਯੂਨਾਨੀ ਆਦਿ ਪ੍ਰਸਪਰ ਵਿਰੋਧੀ ਸੱਭਿਆਚਾਰਾਂ ਦਾ ਪੂਰਾ ਪ੍ਰਭਾਵ ਸੀ ਅਤੇ ਇੱਥੇ ਦੇ ਸੱਭਿਆਚਾਰ ਵਿੱਚ ਕਿਸੇ ਸਮੁੱਚੇ ਸਰਬ ਸਾਂਝੇ ਸੰਕਲਪ ਦੀ ਹੋਂਦ ਮੌਜੂਦ ਨਹੀਂ ਸੀ।ਗੁਰੂ ਨਾਨਕ ਦੇਵ ਜੀ ਨੇ ਆਪਣੇ ਸਮੇਂ ਦੇ ਸਾਰੇ ਸੱਭਿਆਚਾਰਾਂ ਦੀ ਏਕਤਾ ਉੱਪਰ ਬਲ ਦਿੱਤਾ ਅਤੇ ਇਸ ਏਕਤਾ ਦਾ ਅਧਾਰ ਮਨੁੱਖੀ ਏਕਤਾ, ਸਮਾਨਤਾ ਅਤੇ ਸਦਭਾਵਨਾ ਨੂੰ ਮੰਨਿਆ।ਗੁਰੂ ਗ੍ਰੰਥ ਸਾਹਿਬ ਵਿਚਲੇ ਰਾਗ ਅਤੇ ਲੋਕ ਕਾਵਿ-ਵੰਨਗੀਆਂ ਜਿਵੇਂ-ਘੋੜੀਆਂ, ਅਲਾਹਣੀਆਂ, ਬਾਰਹਮਾਹਾ, ਵਾਰਾਂ, ਵਣਜਾਰਾ, ਕਰਹਲੇ, ਪਹਿਰੇ, ਸੁਚੱਜੀ-ਕੁਚੱਜੀ ਆਦਿ ਗਿਆਨਮਈ ਮਧੁਰਤਾ ਨਾਲ ਮਨੁੱਖੀ-ਮਨ ਨੂੰ ਪ੍ਰੇਰਤ ਕਰਦੇ

ਹਨ।ਮਨੁੱਖੀ ਮਨ ਵਿੱਚ ਰੱਖਿਆ ਸ੍ਰੇਸ਼ਟਾਚਾਰ ਦਾ ਬੀਜ ਬੜੀ ਬਲਵਾਨ ਚੀਜ਼ ਹੈ ਜੇ ਕਿਤੇ ਗੁਰੂ ਦੀ ਪ੍ਰੇਰਨਾ ਨਾਲ ਉਹ ਪੁੰਗਰ ਪਵੇ ਤਾਂ ਮਨੁੱਖ ਸਹੀ ਰਸਤੇ ਤੇ ਪੈ ਕੇ ਸਭ ਕੁਝ ਕਰ ਸਕਦਾ ਹੈ।ਇਹ ਸਭ ਕਾਵਿ-ਵੰਨਗੀਆਂ ਗੁਰੂ ਸਾਹਿਬਾਨ ਨੇ ਮਨੁੱਖੀ ਮਨੋਵਿਗਿਆਨ ਨੂੰ ਮੁੱਖ ਰੱਖ ਕੇ ਹੀ ਲਿਖੀਆਂ ਹਨ।

ਸਰੀਰ ਸਰੋਵਰਿ ਗੁਣ ਪਰਗਟਿ ਕੀਏ॥

ਨਾਨਕ ਗੁਰਮੁਖਿ ਮਥਿ ਤਤੁ ਕਢੀਏ॥[83]

ਗੁਰਬਾਣੀ ਵਿਆਖਿਆ ਦੇ ਸੱਭਿਆਚਾਰਕ ਪਰਿਪੇਖ ਅਨੁਸਾਰ ਗੁਰੂ ਗ੍ਰੰਥ ਸਾਹਿਬ ਵਿੱਚ ਸਫਲ ਜੀਵਨ ਯਾਤਰਾ ਲਈ ਪ੍ਰਭੂ ਭਗਤੀ ਤੇ ਸ੍ਰੇਸ਼ਟਾਚਾਰਕ ਗੁਣਾਂ ਨੂੰ ਇੱਕ ਦੂਜੇ ਦੇ ਪੂਰਕ ਮੰਨਿਆ ਗਿਆ ਹੈ।ਸਮਾਜ ਨੂੰ ਖੋਖਲਾ ਬਣਾ ਰਹੀਆਂ ਵਾਧੂ ਰਸਮਾਂ, ਰੂੜ੍ਹੀਆਂ, ਫੋਕੇ ਵਹਿਮਾਂ-ਭਰਮਾਂ, ਕਰਮ-ਕਾਂਡਾਂ, ਮੂਰਤੀ-ਪੂਜਾ, ਬਹੁਦੇਵਵਾਦ, ਜਾਤ-ਪਾਤ ਅਤੇ ਛੂਆ-ਛੂਤ ਆਦਿ ਨੂੰ ਖਤਮ ਕਰਕੇ ਇੱਕ ਅਜਿਹੇ ਨਰੋਏ ਸੱਭਿਆਚਾਰ ਦਾ ਮੁਹਾਂਦਰਾ ਸਿਰਜਿਆ ਗਿਆ ਹੈ ਜਿਸ ਵਿੱਚ ਸੰਗਤ ਅਤੇ ਪੰਗਤ ਦੀ ਪਰੰਪਰਾ ਨੇ ਜਿੱਥੇ ਬਰਾਬਰੀ, ਭਾਈਚਾਰਾ ਅਤੇ ਮਾਨਵਵਾਦੀ ਮੁੱਲਾਂ ਨੂੰ ਸਥਾਪਿਤ ਕੀਤਾ ਉੱਥੇ ਸਿੱਖ ਸੱਭਿਆਚਾਰ ਦੇ ਤਿੰਨ ਥੰਮ੍ਹਾਂ – ਨਾਮ ਜਪੋ, ਕਿਰਤ ਕਰੋ ਤੇ ਵੰਡ ਛਕੋ ਨੂੰ ਵੀ ਦ੍ਰਿੜ ਕੀਤਾ।[84] ਪੁਰਾਤਨ ਭਾਰਤੀ ਦਰਸ਼ਨ 'ਵਰਣ-ਆਸ਼ਰਮ' ਅਤੇ 'ਸੰਨਿਆਸ' ਨੂੰ ਮੁਕਤੀ ਦਾ ਇੱਕ ਵਿਸ਼ੇਸ਼ ਪੜਾਅ ਮੰਨਦਾ ਸੀ ਪ੍ਰੰਤੂ ਗੁਰਮਤਿ ਚਿੰਤਨ ਨੇ ਮਾਨਵੀ ਜੀਵਨ ਅਤੇ ਉਸ ਦੇ ਸਮਾਜ ਸੱਭਿਆਚਾਰ ਦੀ ਮੂਲ ਚੂਲ ਨੂੰ ਸਮਝਿਆ ਅਤੇ 'ਗ੍ਰਹਿਸਤ' ਦਾ ਉਪਦੇਸ਼ ਦੇ ਕੇ 'ਜੀਵਨ-ਮੁਕਤੀ' ਦਾ ਸੰਕਲਪ ਸੁਝਾਇਆ।[85]

ਇਸ ਪ੍ਰਕਾਰ ਅੰਤ ਵਿੱਚ ਕਿਹਾ ਜਾ ਸਕਦਾ ਹੈ ਕਿ ਅੱਜ ਦੇ ਯੁੱਗ ਵਿੱਚ ਮਾਨਵ ਸਮਾਜਕ, ਸੱਭਿਆਚਾਰਕ ਅਤੇ ਵਿਗਿਆਨਕ ਪ੍ਰਾਪਤੀਆਂ ਦੇ ਬਾਵਜੂਦ ਤਣਾਉ, ਭਟਕਣਾ ਅਤੇ ਸਮੱਸਿਆਵਾਂ ਭਰਿਆ ਜੀਵਨ ਜੀ ਰਿਹਾ ਹੈ।ਸੋ ਮੁੜ ਕੇ ਸਾਨੂੰ ਆਪਣੇ ਮੱਧਕਾਲੀ ਸਾਹਿਤਕ ਵਿਰਸੇ ਦੀ ਗੁਰਬਾਣੀ ਵਿਆਖਿਆ ਰਾਹੀਂ ਚਿੰਤਨ ਕਰਕੇ ਅਜੋਕੀਆਂ ਭ੍ਰਾਂਤੀਆਂ ਨੂੰ ਦੂਰ ਕਰਨ ਦੇ ਉਪਾਅ ਕਰਨੇ ਪੈਣਗੇ।ਇਸ ਦ੍ਰਿਸ਼ਟੀਕੋਣ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਪ੍ਰਕਾਸ਼ ਹੋਇਆ ਸਮਾਜ-ਸੱਭਿਆਚਾਰਕ ਪਰਿਪੇਖ ਗੰਭੀਰਤਾ ਨਾਲ ਵਿਚਾਰਨ ਦੀ ਲੋੜ

ਹੈ।ਅਜਿਹਾ ਉਪਰਾਲਾ ਹੀ ਮਾਨਵ ਸੁਰਤਿ, ਮਤ, ਮਨ, ਬੁੱਧ ਨੂੰ ਸੁਰਾਂ ਸਿਧਾਂ ਦੀ ਘਾੜਤ ਵਿੱਚ ਘੜ ਸਕਦੀ ਹੈ।

## 3.4.4 ਅਕਾਦਮਿਕ / ਵਿਗਿਆਨਕ ਪਰਿਪੇਖ:

ਭਾਰਤੀ ਦਰਸ਼ਨ ਪਰੰਪਰਾਵਾਂ ਵਿੱਚ ਆਮ ਤੌਰ ਉੱਤੇ ਬ੍ਰਹਮ, ਜੀਵ ਅਤੇ ਜਗਤ ਦੀ ਗੱਲ ਹੁੰਦੀ ਹੈ।ਬ੍ਰਹਮ ਅਤੇ ਜਗਤ ਦੇ ਵਿਚਕਾਰਲੀ ਚੇਤੰਨ ਕੜੀ ਜੀਵ ਜਾਂ ਮਨੁੱਖ ਹੈ।ਪੂਰਬੀ ਦਰਸ਼ਨ ਜਾਂ ਧਰਮ ਚਿੰਤਨ ਮਨੁੱਖ ਦੀ ਬ੍ਰਹਮ ਨਾਲ ਪਛਾਣ ਕਰਵਾ ਕੇ ਮਨੁੱਖੀ ਮਨ ਦੇ ਅੰਦਰ ਦਾ ਵਿਗਿਆਨ ਸਿਰਜਦਾ ਹੈ ਅਤੇ ਅੰਦਰੂਨੀ ਆਤਮਕ ਚੇਤਨਾ ਦੀ ਸ਼ਕਤੀ ਦੁਆਰਾ ਮਨੁੱਖੀ ਆਤਮਾ ਦਾ ਬ੍ਰਹਮ ਨਾਲ ਮੇਲ ਕਰਵਾ ਕੇ ਅਸੀਮ ਆਨੰਦ ਪ੍ਰਾਪਤੀ ਦਾ ਦਾਅਵਾ ਕਰਦਾ ਹੈ ਜਦੋਂ ਕਿ ਪੱਛਮੀ ਫਿਲਾਸਫੀ ਮਨੁੱਖ ਦੀ ਜਗਤ ਨਾਲ ਪਛਾਣ ਕਰਵਾਉਂਦੇ ਹੋਏ ਅਜਿਹੇ ਬਾਹਰਲੇ ਜਾਂ ਕੁਦਰਤੀ ਵਿਗਿਆਨ ਦੀ ਸਿਰਜਣਾ ਕਰਦੀ ਹੈ ਜੋ ਪ੍ਰਕਿਰਤੀ ਦੇ ਬੁਨਿਆਦੀ ਨਿਰੰਤਰ ਪਰਿਵਰਤਨਸ਼ੀਲ ਅਟਲ ਨੇਮਾਂ ਦਾ ਸਿਲਸਿਲੇਵਾਰ ਵਿਸ਼ਲੇਸ਼ਣ ਅਤੇ ਮੁਲਾਂਕਣ ਕਰਕੇ ਨਾਂ ਕੇਵਲ ਵਿਗਿਆਨਕ ਸਿਧਾਂਤਾਂ ਦਾ ਨਿਰਮਾਣ ਕਰਦਾ ਹੈ ਸਗੋਂ ਸਰੀਰਕ ਸੁੱਖ ਪ੍ਰਦਾਨ ਕਰਨ ਵਾਲੀਆਂ ਵਸਤਾਂ, ਵਸੀਲੇ, ਸ਼ਕਤੀ ਅਤੇ ਸਾਧਨ ਵੀ ਪ੍ਰਦਾਨ ਕਰਦਾ ਹੈ।ਇਹ ਤਰਕ ਅਤੇ ਵਿਵੇਕਸ਼ੀਲਤਾ ਦੇ ਅਧਾਰ ਤੇ ਜਿੱਥੇ ਆਤਮਾ ਅਤੇ ਪਰਮਾਤਮਾ ਦੇ ਅਦ੍ਰਿਸ਼ਟ ਸੰਸਾਰ ਨੂੰ ਪਰਖਦਾ ਹੈ ਉੱਥੇ ਅੰਧ-ਵਿਸ਼ਵਾਸ, ਵਹਿਮ-ਭਰਮ, ਕਰਮ-ਕਾਂਡ, ਪਰਾਭੌਤਿਕਤਾ ਅਤੇ ਮਿੱਥ ਆਦਿ ਸਮਾਜ-ਸੱਭਿਆਚਾਰਕ ਸਰੋਕਾਰਾਂ ਵਿੱਚ ਉਲਝੇ ਧਰਮਾਂ ਨੂੰ ਨਕਾਰਦਾ ਵੀ ਹੈ।

18ਵੀਂ ਸਦੀ ਦੇ ਅੱਧ ਵਿੱਚ ਉੱਤਰੀ ਯੂਰਪ ਵਿੱਚ Enlightenment Movement ਜਾਂ ਬੌਧਿਕ ਜਾਗ੍ਰਿਤੀ ਦੀ 'ਗਿਆਨੀਕਰਣ' ਲਹਿਰ ਦੇ ਆਉਣ ਨਾਲ ਧਰਮਾਂ ਦੀ ਵਸਤੂਮੂਲਕ ਅਤੇ ਬਾਹਰਮੁਖੀ ਤਰਕਸ਼ੀਲ ਵਿਆਖਿਆ ਦਾ ਮੁੱਢ ਬੱਝਾ ਅਤੇ ਧਰਮ ਅਧਿਐਨ ਇੱਕ ਸੁਤੰਤਰ ਅਤੇ ਅਕਾਦਮਕ ਵਿਸ਼ੇ ਵਜੋਂ ਵਿਕਸਿਤ ਹੋਇਆ।ਸਮਾਜ, ਸੱਭਿਆਚਾਰ ਅਤੇ ਭਾਸ਼ਾ ਆਦਿ ਵਾਂਗ ਧਰਮ ਦਾ ਵੀ ਵਿਗਿਆਨਕ ਵਿਸ਼ਲੇਸ਼ਣ ਕਰਕੇ ਸਮਾਜ ਦੇ ਅੰਗ ਵਜੋਂ ਸਮਝਣ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਹਨ।ਕਵਿਤਾ, ਸੰਗੀਤ ਅਤੇ ਨ੍ਰਿਤ ਆਦਿ ਕਲਾਵਾਂ ਵਾਂਗ ਧਰਮ ਦੇ ਅੰਦਰਲੇ ਆਤਮਕ ਅਨੁਭਵ ਨੂੰ ਹੁਨਰ ਅਤੇ ਕਰਾਮਾਤਾਂ ਦੇ ਘੇਰੇ ਵਿੱਚੋਂ ਕੱਢ ਕੇ ਸਿਧਾਂਤਾਂ ਅਤੇ ਫਾਰਮੂਲਿਆਂ ਦੁਆਰਾ ਪ੍ਰਕਿਰਤੀ ਦੇ ਕਾਨੂੰਨ ਅੰਦਰ ਸਮਝਣ ਦੀ ਸਿਧਾਂਤਕ

ਵਿਧੀ ਪੇਸ਼ ਕੀਤੀ ਗਈ ਪ੍ਰੰਤੂ ਤਰਕਸ਼ੀਲਤਾ ਦਾ ਕੱਟੜ, ਰੁੱਖਾ ਅਤੇ ਇੱਕਪਾਸੜ ਰਵੱਈਆ ਭਲਾ ਧਰਮ ਜਿਹੇ ਸੰਵੇਦਨਸ਼ੀਲ ਅਤੇ ਆਤਮਕ ਵਰਤਾਰੇ ਨੂੰ ਕਿਵੇਂ ਵਿਸਥਾਪਤ ਕਰ ਸਕਦਾ ਸੀ? ਮਨੁੱਖੀ ਬੌਧਿਕ ਸਿਧਾਂਤੀਕਰਨ ਦੇ ਚੌਖਟੇ ਵਿੱਚ ਨਾਂ ਫਿੱਟ ਆ ਸਕਣ ਵਾਲੇ ਇਸ ਦੈਵੀ ਗਿਆਨ ਨੂੰ ਵਸਤੂਮੂਲਕ ਬਣਾਉਣ ਲਈ ਸੰਸਾਰ ਦੇ ਧਰਮਾਂ ਨੂੰ ਲਲਕਾਰਨਾ ਪੱਛਮੀ ਸਰਮਾਇਦਾਰੀ ਸ਼ਕਤੀਆਂ ਦਾ ਬਸਤੀਵਾਦੀ ਵਿਸਥਾਰ ਲਈ ਸਾਮਰਾਜੀ ਮਨਸੂਬਾ ਵੀ ਸੀ ਅਤੇ ਬੌਧਿਕ ਜਾਗ੍ਰਤੀ ਦੇ ਓਹਲੇ ਵਿੱਚ ਬਸਤੀਵਾਦੀ ਪ੍ਰਬੰਧ ਹੇਠਾਂ ਆਏ ਮੁਲਕਾਂ ਦੀਆਂ ਦੇਸੀ ਗਿਆਨ ਪਰੰਪਰਾਵਾਂ ਅਤੇ ਸੱਭਿਆਚਾਰਕ ਰਵਾਇਤਾਂ ਨੂੰ ਤਹਿਸ ਨਹਿਸ ਕਰਨ ਦਾ ਉਪਰਾਲਾ ਵੀ।

ਸੋ ਆਧੁਨਿਕਤਾ ਦੇ ਹਵਾਲੇ ਨਾਲ ਵਿਗਿਆਨਕ ਵਿਕਾਸ ਨੇ ਪੱਛਮ ਦੀ ਬਸਤੀਵਾਦੀ ਸਰਦਾਰੀ ਅਤੇ ਪੂਰਬ ਦੀ ਹੀਣ ਭਾਵਨਾ ਤੋਂ ਇਲਾਵਾ ਮਨੁੱਖ ਨੂੰ ਜਿਹੜੀ ਪਦਾਰਥ ਤੱਕ ਸੀਮਿਤ ਸੋਚ ਦਿੱਤੀ, ਉਸ ਨੇ ਅਸ਼ਾਂਤੀ, ਬੇਚੈਨੀ, ਨਫਰਤ, ਖੂਨ-ਖਰਾਬਾ, ਖ਼ੁਦਗਰਜ਼ੀ ਤੇ ਨਿਰਾਸ਼ਾ ਹੀ ਵਿਰਸੇ ਵਿੱਚ ਦਿੱਤੀ ਪ੍ਰੰਤੂ ਜਾਗ੍ਰਤੀ ਲਹਿਰ ਦੀ ਜੀਵਨ ਪ੍ਰਤੀ ਚਿੰਤਨ ਅਤੇ ਚੇਤਨਾ ਨੇ ਆਧੁਨਿਕਤਾ ਦੇ ਅਗਲੇਰੇ ਦੌਰ 'ਉੱਤਰ ਆਧੁਨਿਕਤਾ' ਦੀ ਸੋਚ ਅਤੇ ਸਥਿਤੀ ਦਿੱਤੀ ਜਿਸ ਵਿੱਚ ਧਰਮ-ਅਧਿਐਨ ਦੀ ਸਾਰਥਕਤਾ ਅਤੇ ਪ੍ਰਾਸੰਗਿਕਤਾ ਦਾ ਮਸਲਾ ਨਵੇਂ ਪਰਿਪੇਖ ਨਾਲ ਜੁੜਿਆ।ਇਸ ਦੌਰ ਨੂੰ ਯੱਕ ਦੈਰੀਦਾ ਜਿਹੇ ਸਮਕਾਲੀ ਸਾਇੰਸਦਾਨ ਨੇ 'ਧਰਮ ਦੀ ਵਾਪਸੀ' ਦਾ ਨਾਮ ਦਿੱਤਾ ਹੈ ਕਿਉਂਕਿ ਉੱਤਰ ਆਧੁਨਿਕ ਚਿੰਤਨ ਵਿਧੀ ਨੇ ਪੱਖਪਾਤੀ ਵਿਆਖਿਆਕਾਰੀ ਅਤੇ ਸੱਭਿਆਚਾਰਕ ਦਮਨ ਦੀ ਸੰਕੀਰਨ ਸੋਚ ਦਾ ਤਿਆਗ਼ ਕਰਕੇ ਧਰਮ ਦੇ ਹਕੀਕੀ ਅਰਥਾਂ ਨੂੰ ਪੁਨਰ ਸਥਾਪਤ ਕਰਨ ਹਿੱਤ ਅੰਤਰ ਧਰਮ ਸੰਵਾਦ ਰਚਾ ਕੇ ਵਿਸ਼ਵ ਵਿਆਪੀ ਗਿਆਨ ਸ਼ਾਸਤਰੀ ਪਹੁੰਚ ਅਪਣਾਈ ਹੈ।[86]

ਅਸਲ ਵਿੱਚ ਅੰਤਰ ਧਰਮ ਸੰਵਾਦ ਦੀ ਜਿਸ ਚਰਚਾ ਨੂੰ ਯਹੂਦੀ ਇਸਾਈ ਵਿਰਸੇ ਦੀ ਚੇਤਨਾ ਨੇ ਛੇੜਿਆ ਹੈ ਉਸ ਦਾ ਅਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਪਹਿਲਾਂ ਹੀ ਮੌਜੂਦ ਹੈ।ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਆਧੁਨਿਕ ਕਾਲ ਦੇ ਸਮਾਜ-ਸੱਭਿਆਚਾਰ ਨੂੰ ਮੁੱਖ ਰੱਖ ਕੇ ਹੀ ਬਾਣੀ ਦੀ ਸਿਰਜਣਾ ਕੀਤੀ ਹੈ।ਇਸ ਵਿੱਚ ਰਾਜਨੀਤਕ, ਆਰਥਕ ਅਤੇ ਸਮਾਜਕ ਸ਼ੋਸ਼ਣ, ਦਮਨ ਅਤੇ ਅਨਿਆਂ ਖਿਲਾਫ ਅਵਾਜ਼ ਉਠਾ ਕੇ ਮਾਨਵੀ-ਵਿਤਕਰੇ ਮੇਟਣ ਦੇ ਯਤਨ ਕੀਤੇ ਗਏ ਹਨ।ਗੁਰੂ ਸਾਹਿਬਾਨ ਨੇ ਆਦਰਸ਼ ਮਨੁੱਖ, ਸਮਾਜ ਅਤੇ ਧਰਤ-ਮੰਡਲ

ਸਿਰਜਣ ਦੇ ਲਈ ਉਨ੍ਹਾਂ ਸੱਭਿਆਚਾਰਕ, ਨੈਤਿਕ ਤੇ ਅਧਿਆਤਮਕ ਕਦਰਾਂ-ਕੀਮਤਾਂ ਦਾ ਵਰਣਨ ਕੀਤਾ ਹੈ ਜੋ ਮਨੁੱਖੀ ਹੋਂਦ ਨੂੰ ਪਰਮ-ਸੱਚ ਅਤੇ ਪਰਮਾਰਥ ਦੁਆਲੇ ਕੇਂਦ੍ਰਿਤ ਕਰਕੇ ਇਕਾਈ ਦੇ ਪ੍ਰਸੰਗ ਵਿੱਚ ਸਾਰਥਕ ਕਰਦੀਆਂ ਹਨ।ਬ੍ਰਹਿਮੰਡੀ ਚੇਤਨਾ ਅਤੇ ਪਰਮਾਰਥ ਬੋਧ ਮਨੁੱਖੀ ਚੇਤਨਾ ਨੂੰ ਆਪੇ ਅਤੇ ਬ੍ਰਹਿਮੰਡ ਨਾਲ ਇੱਕਸੁਰ ਹੋ ਕੇ ਜਿਉਣਾ ਸਿਖਾਉਂਦੀ ਹੈ।ਡਾ. ਕੁਲਦੀਪ ਸਿੰਘ ਧੀਰ ਅਨੁਸਾਰ:

> ਇਹ ਠੀਕ ਹੈ ਕਿ ਗੁਰਬਾਣੀ ਭੌਤਿਕਤਾ ਦੀ ਨਹੀਂ ਅਭੌਤਿਕਤਾ ਦੀ ਗੱਲ ਕਰ ਰਹੀ ਹੈ, ਫਿਜ਼ਿਕਸ ਦੀ ਨਹੀਂ ਮੈਟਾ ਫਿਜ਼ਿਕਸ ਦੀ ਗੱਲ ਕਰ ਰਹੀ ਹੈ ਪ੍ਰੰਤੂ ਗੁਰਬਾਣੀ ਫਿਜ਼ਿਕਸ ਤੇ ਮੈਟਾ ਫਿਜ਼ਿਕਸ ਵਿੱਚ ਨਿਖੇਧਕਾਰੀ ਨਿਖੇੜ ਨਹੀਂ ਕਰਦੀ।ਇਹ ਭੌਤਿਕਤਾ ਵਿੱਚ ਜੀਅ ਕੇ ਭੌਤਿਕ ਸੰਸਾਰ ਤੇ ਸਮਾਜ ਪ੍ਰਤੀ ਜ਼ਿੰਮੇਵਾਰ ਦ੍ਰਿਸ਼ਟੀਕੋਣ ਅਪਣਾ ਕੇ ਪਰਾਭੌਤਿਕਤਾ ਨੂੰ ਮੁਖਾਤਿਬ ਹੁੰਦੀ ਹੈ।ਭੌਤਿਕ ਜਗਤ ਦਾ ਵਿਸਮਾਦ ਪੂਰੇ ਸਮਰਪਣ ਤੇ ਉਮਲਦੇ-ਉਛਲਦੇ ਪ੍ਰੇਮ ਦੇ ਆਧਾਰ ਉੱਤੇ ਪਰਾਭੌਤਿਕ ਨਾਲ ਨਾਤਾ ਸਥਾਪਤ ਕਰਦਾ ਹੈ।ਭੌਤਿਕਤਾ ਨੂੰ ਨਿਖੇਧ ਕੇ ਸਮਾਜ ਤੇ ਸੰਸਾਰ ਤੋਂ ਕਿਨਾਰਾਕਸ਼ੀ ਤੇ ਪਲਾਇਨ ਗੁਰਬਾਣੀ ਨੂੰ ਪ੍ਰਵਾਨ ਨਹੀਂ।ਇਸ ਦੇ ਬਾਵਜੂਦ ਕੋਰੇ ਤਰਕ ਤੇ ਗਿਆਨ ਦੀਆਂ ਸੀਮਾਵਾਂ ਨੂੰ ਗੁਰਬਾਣੀ ਪਛਾਣਦੀ ਹੈ।ਇਹੀ ਆਧੁਨਿਕਤਾ ਤੋਂ ਪਾਰ ਉੱਤਰ ਆਧੁਨਿਕਤਾ ਦੀ ਅੰਤਰ ਦ੍ਰਿਸ਼ਟੀ ਹੈ।[87]

ਇਹੀ ਸਹਿਜ, ਟਿਕਾਉ, ਸਬਰ ਅਤੇ ਸੰਤੋਖ ਵਾਲੇ ਜੀਵਨ ਦੀ ਜਾਚ ਹੈ ਜੋ ਅਜੋਕੇ ਵੇਲੇ ਲੋੜੀਂਦੀ ਹੈ।ਗੁਰਬਾਣੀ ਸਰਮਾਏਦਾਰੀ ਹੱਥੋਂ ਹੋ ਰਹੇ ਸਮਾਜਿਕ ਅਨਿਆਂ ਅਤੇ ਮਸ਼ੀਨੀਕਰਣ ਦਾ ਢੁਕਵਾਂ ਪ੍ਰਤਿਉੱਤਰ ਪ੍ਰਦਾਨ ਕਰਦੀ ਹੈ।ਗੁਰੂ ਸਾਹਿਬਾਨ ਨੇ ਜਿੱਥੇ ਆਰਥਿਕ ਸ਼ੋਸ਼ਣ, ਦਮਨ ਅਤੇ ਸਮਾਜਕ ਕੁਰੀਤੀਆਂ ਵਿਰੁੱਧ ਅਵਾਜ਼ ਬੁਲੰਦ ਕੀਤੀ ਹੈ ਉੱਥੇ ਗ੍ਰਹਿਸਥ ਜੀਵਨ ਅਤੇ ਨਾਰੀ ਦੇ ਹੱਕ ਵਿੱਚ ਬੋਲ ਕੇ ਮਾਨਵੀ ਚੇਤਨਾ ਦੇ ਉੱਤਰ ਆਧੁਨਿਕ ਦ੍ਰਿਸ਼ਟੀਕੋਣ ਦਾ ਸਮਰਥਨ ਕੀਤਾ ਹੈ।

ਗੁਰਬਾਣੀ ਵਿਆਖਿਆ ਦੇ ਵਿਵਿਧ ਪਰਿਪੇਖ ਸੰਬੰਧੀ ਉਪਰੋਕਤ ਸਾਰੀ ਚਰਚਾ ਦੇ ਨਤੀਜੇ ਵਜੋਂ ਸਮੁੱਚੇ ਤੌਰ ਉੱਤੇ ਕਿਹਾ ਜਾ ਸਕਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਦੁਨਿਆਵੀ 'ਭੇਦ' ਨੂੰ ਕਲਮਬੱਧ ਕਰਦਾ ਹੋਇਆ ਅਜਿਹਾ ਮਹਾਂਬਿਰਤਾਂਤ ਸਿਰਜਦਾ ਹੈ ਜੋ 'ਸਭੇ ਸਾਂਝੀਵਾਲ ਸਦਾਇਨ' ਦੇ ਬੋਲਾਂ ਰਾਹੀਂ ਸਾਰੀ ਮਾਨਵਤਾ ਦੇ ਸਰੋਕਾਰਾਂ ਨੂੰ ਆਪਣੇ ਕਲਾਵੇ ਵਿੱਚ ਲੈ ਲੈਂਦਾ ਹੈ।ਕਵਿਤਾ ਰੂਪ ਵਿੱਚ ਹੋਣ ਕਾਰਣ ਇਹ ਕਿਸੇ ਦਾਰਸ਼ਨਿਕ ਪ੍ਰਬੰਧਕਾਰੀ ਵਿੱਚ ਨਹੀਂ, ਨਾ ਹੀ ਇਸ ਦੇ ਚਿੰਤਨ ਦਾ ਪੱਧਰ ਹੋਰ ਧਰਮ-ਗ੍ਰੰਥਾਂ ਵਾਂਗ ਦੁਨਿਆਵੀ ਹੈ, ਇਹ ਤਾਂ ਪ੍ਰਮਾਤਮਾ ਦੀ ਪ੍ਰੇਮਾ ਭਗਤੀ, ਪ੍ਰਭੂ ਕੀਰਤ ਅਤੇ ਨਾਮ ਚਰਚਾ ਦੇ ਗਿਆਨ ਦਾ ਸ੍ਰੋਤ ਬਣ ਕੇ ਨਰੋਏ ਪੂਰਨੇ ਪਾਉਣ ਵਾਲਾ ਕ੍ਰਾਂਤੀਕਾਰੀ ਅਤੇ ਮਾਨਵ ਹਿਤਕਾਰੀ ਗ੍ਰੰਥ ਹੈ ਜਿਸ ਦੀ ਵਿਸ਼ਵ ਦ੍ਰਿਸ਼ਟੀ ਅਜੋਕੇ ਉੱਤਰ ਆਧੁਨਿਕ ਕਾਲ ਵਿੱਚ ਪੂਰੀ ਤਰ੍ਹਾਂ ਸਾਰਥਕ ਅਤੇ ਪ੍ਰਾਸੰਗਕ ਹੈ।

## 3.5 ਗੁਰਬਾਣੀ ਦਾ ਵਿਆਖਿਆ-ਸ਼ਾਸਤਰ: ਸੰਕਲਪੀ ਅਧਿਐਨ

ਗੁਰਬਾਣੀ ਵਿਆਖਿਆ-ਸ਼ਾਸਤਰ ਗੁਰਬਾਣੀ ਦੇ ਅਨੁਭਵੀ ਗਿਆਨ ਨੂੰ ਬੌਧਿਕ ਗਿਆਨ ਅਨੁਸ਼ਾਸਨ ਦੀ ਵਲਗਣ ਵਿੱਚ ਲੈ ਆਉਣ ਦੀ ਇੱਕ ਸੂਝ ਹੈ।ਇਹ ਗੁਰਬਾਣੀ ਦੇ ਕੇਵਲ ਸਤਹੀ ਜਾਂ ਸੂਚਨਾਮਈ ਹੀ ਨਹੀਂ ਸਗੋਂ ਗੁਹਜ ਅਰਥ ਸਮਝਣ ਦੀ ਸਿਧਾਂਤਕ ਚੇਤਨਾ ਹੈ।ਗੁਰਬਾਣੀ ਦਾ ਵਿਆਖਿਆ-ਸ਼ਾਸਤਰ ਵਿਆਖਿਆਕਾਰੀ ਨਾਲੋਂ ਵੱਖਰਾ ਅਨੁਸ਼ਾਸਨ ਹੈ।ਵਿਆਖਿਆਕਾਰੀ ਗੁਰਬਾਣੀ ਦਾ ਅਰਥ ਉਜਾਗਰ ਕਰਦੀ ਹੈ ਪਰ ਇਹ ਅਰਥ ਕਿਹੜੇ ਵਿਗਿਆਨਕ ਮਾਪਦੰਡ ਅਪਣਾ ਕੇ ਉਜਾਗਰ ਕੀਤੇ ਜਾ ਸਕਦੇ ਹਨ, ਉਨ੍ਹਾਂ ਬਾਰੇ ਸੇਧ ਵਿਆਖਿਆ-ਸ਼ਾਸਤਰ ਦਿੰਦਾ ਹੈ।ਗੁਰਬਾਣੀ ਦੀ ਸਰਬਕਾਲੀ ਅਤੇ ਸਰਬਦੇਸੀ ਪ੍ਰਾਸੰਗਿਕਤਾ ਹੋਣ ਕਾਰਣ ਵਿਆਖਿਆ ਦਰਸ਼ਨਾਂ ਅਤੇ ਸ਼ਾਸਤਰਾਂ ਦੀ ਸਮਕਾਲੀ ਵਿਆਖਿਆ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਅੰਤਰਰਾਸਟਰੀ ਪ੍ਰਵਚਨ ਦਾ ਹਿੱਸਾ ਬਣਾਉਣ ਦੀ ਭਰਪੂਰ ਵਿਸ਼ੇਸ਼ਤਾ ਹੈ ਤੇ ਇਹ ਜ਼ਰੂਰੀ ਵੀ ਹੈ।ਡਾ. ਗੁਰਭਗਤ ਸਿੰਘ ਅਨੁਸਾਰ:

> ਪਿਛਲੇ ਤਿੰਨ ਦਹਾਕਿਆਂ ਵਿੱਚ ਜੋ ਨਵੇਂ ਵਿਆਖਿਆ ਸ਼ਾਸਤਰ ਉੱਭਰੇ ਹਨ, ਉਨ੍ਹਾਂ ਸਭ ਦਾ ਵੱਡਾ ਸਰੋਕਾਰ ਮਨੁੱਖੀ ਮੁਕਤੀ ਅਤੇ ਹਰ ਪੱਧਰ ਤੇ ਮਾਣੇ ਜਾਣ ਵਾਲੀ ਆਜ਼ਾਦੀ ਹੈ।...ਮਨੁੱਖ ਦੀ ਸਮਾਜਕ, ਰਾਜਨੀਤਿਕ, ਵਿਅਕਤੀਗਤ

> ਅਤੇ ਅਧਿਆਤਮਕ ਮੁਕਤੀ ਨਾਲ ਸੰਬੰਧਤ ਅਤੇ ਉਨ੍ਹਾਂ ਨੂੰ ਸੰਬੋਧਤ ਉਪਰੋਕਤ ਵਿਆਖਿਆ ਦਰਸ਼ਨਾਂ ਅਤੇ ਸ਼ਾਸਤਰਾਂ ਨੂੰ ਮੁੱਖ ਰੱਖ ਕੇ ਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕੀਤਾ ਜਾਵੇ ਜਾਂ ਇਸ ਦੀ ਵਿਆਖਿਆ ਕੀਤੀ ਜਾਵੇ ਤਾਂ ਇਸ ਦੇ ਅਤਿਅੰਤ ਸਮਕਾਲੀ ਗੌਰਵ ਬਾਰੇ ਹੈਰਾਨੀ ਹੁੰਦੀ ਹੈ।[88]

ਸਾਮੀ ਪਰੰਪਰਾ ਵਿੱਚ, ਖਾਸ ਕਰਕੇ ਬਾਈਬਲ ਨੂੰ ਸਮਝਣ ਲਈ ਵਰਤੇ ਜਾਂਦੇ ਸ਼ਬਦ 'ਹਰਮੇਨਿਉਟਿਕਸ' ਦਾ ਸਮਾਨਾਰਥੀ ਸ਼ਬਦ 'ਵਿਆਖਿਆ-ਸ਼ਾਸਤਰ' ਗੁਰਬਾਣੀ ਦੇ ਪ੍ਰਸੰਗ ਵਿੱਚ ਭਿੰਨ ਸਰੂਪ ਵਾਲਾ ਹੈ।ਗੁਰਬਾਣੀ ਦਾ ਅਕਾਦਮਿਕ ਪੱਧਰ ਉੱਤੇ ਭਾਵੇਂ ਅਜੇ ਤੱਕ ਕੋਈ ਵਿਆਖਿਆ-ਸ਼ਾਸਤਰ ਤਿਆਰ ਨਹੀਂ ਹੋਇਆ ਪਰ ਸਮਕਾਲੀਨ ਸਰੋਕਾਰਾਂ ਅਤੇ ਸੰਦਰਭਾਂ ਦੇ ਅੰਤਰਗਤ ਗੁਰਬਾਣੀ ਵਿਆਖਿਆ ਦੇ ਨਿਯਮਾਂ, ਜੁਗਤਾਂ ਤੇ ਪਹੁੰਚ ਵਿਧੀਆਂ ਦਾ ਇੱਕ ਅਜਿਹਾ ਵਿਉਂਤਬੱਧ ਚੌਖਟਾ ਜਾਂ ਹਾਸ਼ੀਆ ਘੜਨ ਦੀ ਲੋੜ ਨੂੰ ਮਹਿਸੂਸ ਕੀਤਾ ਜਾ ਰਿਹਾ ਹੈ ਜੋ ਗੁਰਬਾਣੀ ਦਾ ਵਿਆਖਿਆ-ਸ਼ਾਸਤਰ ਉਲੀਕਣ।ਇਸ ਦੇ ਮਹੱਤਵ ਬਾਰੇ ਡਾ. ਗੁਰਮੇਲ ਸਿੰਘ ਆਖਦੇ ਹਨ:

> ਗੁਰਬਾਣੀ ਵਿਆਖਿਆ-ਸ਼ਾਸਤਰ, ਬਾਣੀ ਅਰਥਾਉਣ ਦੇ ਢੰਗਾਂ, ਜੁਗਤਾਂ ਤੇ ਇਸ ਪਿੱਛੇ ਕੰਮ ਕਰਦੀ ਪਹੁੰਚ ਦੀ ਸਿਧਾਂਤ-ਚੇਤਨਾ ਹੈ, ਇਸ ਵਿੱਚ ਅਨੇਕ ਗਿਆਨ-ਅਨੁਸ਼ਾਸਨ ਅੰਤਰ ਸੰਬੰਧਤ ਹੋ ਕੇ ਕਾਰਜ ਕਰਦੇ ਹਨ ਜਿਨ੍ਹਾਂ ਰਾਹੀਂ ਅਰਥਾਂ ਦਾ ਕੁਝ ਬੋਧ ਹੁੰਦਾ ਹੈ।ਵਿਆਖਿਆਕਾਰੀ ਦੇ ਨਿਰਮਾਣ ਲਈ ਸਾਰੀ ਸਿਧਾਂਤਕ ਜਾਣਕਾਰੀ ਇਸੇ ਦੁਆਰਾ ਹੀ ਸੰਭਵ ਹੈ।ਇਹ ਵਿਆਖਿਆ ਦੇ ਸਾਰੇ ਸੰਕਲਪਾਂ ਤੇ ਰੂਪਾਂ ਨੂੰ ਪਰਿਭਾਸ਼ਿਤ ਕਰਦਾ ਹੈ।ਇਸ ਦਾ ਬੁਨਿਆਦੀ ਕੰਮ ਬਾਣੀ ਦੇ ਮੂਲ ਆਸ਼ੇ ਨੂੰ ਵਧੇਰੇ ਨੇੜੇ ਤੋਂ ਸਮਝਣਾ ਹੈ ਤੇ ਇਸ ਦੇ ਆਧਾਰ ਉੱਤੇ ਚੇਤਨਾ ਸਾਧਨ ਮੁਹੱਈਆ ਕਰਾਉਣਾ ਹੈ।[89]

ਡਾ. ਬਲਕਾਰ ਸਿੰਘ ਇਸ ਸੰਬੰਧੀ ਚਿੰਤਾ ਵਿਅਕਤ ਕਰਦੇ ਹਨ ਕਿ ਅਜੋਕੇ ਉੱਤਰ ਆਧੁਨਿਕ ਕਾਲ ਵਿਚਲੇ ਗਿਆਨ ਦੇ ਖੇਤਰ ਵਿੱਚ ਪੱਛਮੀ ਵਿਗਿਆਨਕ ਚਿੰਤਨ ਪੱਧਤੀਆਂ

ਦੇ ਵਿਸ਼ੇਸ਼ ਪ੍ਰਭਾਵ ਅਧੀਨ ਆਧੁਨਿਕ ਵਿਆਖਿਆਵਾਂ ਵਿੱਚ ਜਦੋਂ ਪੱਛਮ ਦੀਆਂ ਸ਼ਾਸਤਰੀ ਵਿਧਾਵਾਂ ਦੀ ਨੀਂਹ ਉੱਤੇ ਸਿੱਖ ਸ਼ਾਸਤਰੀ ਵਿਧਾਵਾਂ ਉਸਾਰਨ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ ਤਾਂ ਉਸ ਨਾਲ ਅਸੀਂ ਆਪਣੀ ਵਿਰਾਸਤੀ ਨਿਰੰਤਰਤਾ ਵਿੱਚੋਂ ਉੱਖੜ ਕੇ ਪੱਛਮੀ ਸਮਨਵੈ ਵਿੱਚ ਫਿੱਟ ਹੋਣ ਦੀ ਕੋਸ਼ਿਸ਼ ਕਰ ਰਹੇ ਹਾਂ।[90] ਪੱਛਮੀ ਵਿਆਖਿਆ-ਸ਼ਾਸਤਰਾਂ ਦਾ ਆਧਾਰ ਬਾਈਬਲ ਹੋਣ ਕਾਰਣ ਜੇਕਰ ਇਨ੍ਹਾਂ ਵਿਚਲੇ ਵਿਆਖਿਆ ਦੇ ਸਿਧਾਂਤ ਗੁਰਬਾਣੀ ਉੱਪਰ ਲਾਗੂ ਕਰਨ ਦਾ ਯਤਨ ਕੀਤਾ ਗਿਆ ਤਾਂ ਹੋ ਸਕਦਾ ਹੈ ਕਿ ਇਹ ਬਾਣੀ ਦੀ ਰੂਹਾਨੀਅਤ ਦੀ ਠੀਕ ਤਰਜ਼ਮਾਨੀ ਨਾ ਕਰਨ।

> ਪੱਛਮੀ ਪ੍ਰਭਾਵ ਅਧੀਨ ਸਿੱਖ ਧਰਮ ਅਧਿਐਨ ਦੀ ਅਕਾਦਮਿਕ ਸਥਾਪਤੀ ਦੀ ਲੋੜ ਸਾਹਮਣੇ ਆ ਗਈ ਹੈ।ਵਰਤਮਾਨ ਅਕਾਦਮਿਕ ਪ੍ਰਸੰਗ ਵਿੱਚ ਇਕੱਲਾ ਸਿੱਖ-ਚਿੰਤਨ ਹੀ ਨਹੀਂ ਸਗੋਂ ਸਾਰੀਆਂ ਹੀ ਚਿੰਤਨ ਪੱਧਤੀਆਂ ਵੰਗਾਰੀਆਂ ਗਈਆਂ ਹਨ।ਕਾਰਣ - ਉੱਤਰ ਆਧੁਨਿਕਤਾ ਹੈ ਅਤੇ ਇਸ ਦੀ ਪ੍ਰਧਾਨ ਸੁਰ ਸ਼ੰਕਾ, ਸੋਝੀ ਅਤੇ ਤਰਕ ਹੈ।ਇਸ ਵਾਸਤੇ ਨਵੇਂ ਸਿਰਿਉਂ ਪੜ੍ਹਤ ਨਾਲ ਨਵੀਆਂ ਸਥਾਪਤੀਆਂ ਦੀ ਤਵੱਕੋ ਕੀਤੀ ਜਾਂਦੀ ਹੈ।...ਸ਼ਬਦ-ਗੁਰੂ ਦੇ ਹਵਾਲੇ ਨਾਲ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਸਿੱਖ ਚਿੰਤਨ ਮਾਨਵ ਅਵਚੇਤਨ ਨੂੰ ਸੁਸਿੱਖਿਅਤ ਅਤੇ ਜਾਗ੍ਰਿਤ ਕਰਕੇ ਪਰਿਵਰਤਿਤ ਕਰਨ ਦੀਆਂ ਸੰਭਾਵਨਾਵਾਂ ਸਾਹਮਣੇ ਲਿਆਉਂਦਾ ਹੈ, ਉਸ ਦੀ ਆਲਮੀ ਪ੍ਰਸੰਗ ਵਿੱਚ ਅਹਿਮੀਅਤ ਬਾਰੇ ਚਰਚਾ ਤੁਰਨੀ ਚਾਹੀਦੀ ਹੈ।[91]

ਸ਼ਾਸਤਰੀ ਵਿਧਾਵਾਂ ਉਸਾਰਨ ਨਾਲ ਹੀ ਅਕਾਦਮਿਕਤਾ ਸਥਾਪਤ ਕੀਤੀ ਜਾ ਸਕਦੀ ਹੈ।ਕਿਸੇ ਵੀ ਧਰਮ ਦੇ ਧਰਮ ਗ੍ਰੰਥ ਨੂੰ ਸਮਝਣ ਲਈ ਪਾਰੰਪਰਿਕ ਅਤੇ ਅਕਾਦਮਿਕ ਦੋਵੇਂ ਵਿਧੀਆਂ ਜ਼ਰੂਰੀ ਹਨ ਜੋ ਕਿ ਕ੍ਰਮਵਾਰ ਅਨੁਭਵੀ ਅਤੇ ਸਿਧਾਂਤਕ ਨਿਸ਼ਾਨਦੇਹੀ ਕਰਦੀਆਂ ਹਨ।ਪਰੰਪਰਾ ਵਿੱਚ ਵਿਆਖਿਆ ਸਾਹਿਤ ਦੀ ਵਰਤੋਂ ਤਾਂ ਬਾਣੀ-ਰਚਨਾ ਹੋਣ ਤੋਂ ਹੀ ਹੋ ਰਹੀ ਹੈ ਪ੍ਰੰਤੂ ਅਕਾਦਮਿਕ ਪੱਧਰ ਤੇ ਲੇਖਕ ਦੀ ਮਨਸ਼ਾ, ਅਰਥਾਂ ਦੀ ਸਥਾਪਤੀ ਅਤੇ ਅਰਥਾਂ ਦੀ

ਇਤਿਹਾਸਕ ਪ੍ਰਾਸੰਗਕਤਾ ਆਦਿ ਨੂੰ ਪਾਠਕ/ਸ੍ਰੋਤੇ ਦੀ ਰੀਸੈਪਸ਼ਨ ਥਿਊਰੀ ਅਰਥਾਤ ਸਮਝ-ਸਿਧਾਂਤ ਦੇ ਹਵਾਲੇ ਨਾਲ ਸਮਝਣਾ ਹੁੰਦਾ ਹੈ।ਡਾ. ਬਲਕਾਰ ਸਿੰਘ ਅਨੁਸਾਰ ਇਹ ਸਾਰਾ ਕੁਝ ਖਿਲਰੇ-ਪੁੱਲਰੇ ਢੰਗ ਨਾਲ ਤਾਂ ਹੋ ਰਿਹਾ ਹੈ ਪ੍ਰੰਤੂ ਇਸ ਦੇ ਅਕਾਦਮਿਕ ਸਰੂਪ ਲਈ ਸਾਂਝੀ ਸਮਝ ਲੋੜੀਂਦੀ ਹੈ ਜਿਸ ਲਈ ਸਾਡੇ ਕੋਲ ਸ਼ਬਦ 'ਗੁਰਮਤਾ' ਹੈ।ਇਸ ਨੂੰ ਅਕਾਦਮਿਕ ਵਿਧੀ ਵਿੱਚ ਵਰਤੇ ਜਾਣ ਦੀ ਲੋੜ ਹੈ।[92] ਇਸ ਸਮੇਂ ਗੁਰਬਾਣੀ ਵਿਆਖਿਆ ਯੂਨੀਵਰਸਿਟੀ ਪੱਧਰ ਦੀ ਅਕਾਦਮਿਕਤਾ ਦਾ ਹਿੱਸਾ ਬਣੀ ਹੋਈ ਹੈ ਤੇ ਗੁਰਬਾਣੀ ਵਿਆਖਿਆ ਨੂੰ ਹੋਰ ਮੌਲਿਕ ਅਰਥਾਂ ਦੇ ਨੇੜੇ ਲਿਆਉਣ ਦੇ ਯਤਨ ਕੀਤੇ ਜਾ ਰਹੇ ਹਨ।ਵਿਆਖਿਆ ਤੋਂ ਇੱਥੇ ਭਾਵ ਬਾਣੀ ਅਧਿਐਨ, ਅਧਿਆਪਨ, ਖੋਜ ਆਦਿ ਕਿਸੇ ਵੀ ਪੱਖ ਤੋਂ ਲਿਆ ਜਾ ਸਕਦਾ ਹੈ।ਇਹ ਅਕਾਦਮਿਕ ਵਿਆਖਿਆ ਹੀ ਪਾਰੰਪਰਿਕ ਵਿਆਖਿਆ ਨੂੰ ਬੌਧਿਕ ਘੇਰੇ ਵਿੱਚ ਸਮੇਟ ਕੇ ਸਿਧਾਂਤਕ ਰੂਪ ਪ੍ਰਦਾਨ ਕਰ ਸਕਦੀ ਹੈ।ਇਸ ਸੰਬੰਧੀ ਲੋੜ ਹੈ ਸਿੱਖ ਚੇਤਨਾ ਲਹਿਰ ਦੀ ਜੋ ਜਿੰਮੇਵਾਰੀ ਨਾਲ ਅਕਾਦਮਿਕ ਪੱਧਰ ਉੱਤੇ ਗੁਰਬਾਣੀ ਦਾ ਵਿਆਖਿਆ-ਸ਼ਾਸਤਰ ਤਿਆਰ ਕਰਨ ਸੰਬੰਧੀ ਉਚਿਤ ਸੇਧ ਦੇ ਸਕੇ।ਗੁਰਬਾਣੀ ਵਿਆਖਿਆ ਸ਼ਾਸਤਰ ਦਾ ਸੰਕਲਪ 'ਬਾਈਬਲ' ਦੇ ਆਧਾਰ ਉੱਤੇ ਉਸਾਰੇ ਗਏ ਪੱਛਮੀ ਵਿਆਖਿਆ ਸ਼ਾਸਤਰ 'ਹਰਮੇਨਿਊਟਿਕਸ' ਨਾਲੋਂ ਮੁੱਢੋਂ ਹੀ ਵੱਖਰਾ ਅਤੇ ਸੁਦ੍ਰਿੜ ਹੈ, ਇਸ ਲਈ ਹੇਠ ਲਿਖੇ ਨੁਕਤੇ ਮੁਢਲੇ ਤੌਰ ਤੇ ਧਿਆਨਯੋਗ ਹਨ:

- ਆਧੁਨਿਕ ਸਮੇਂ ਵਿੱਚ ਲਿਖੀ ਹੋਣ ਕਾਰਣ ਬਾਣੀ ਦੇ ਰਚਣ-ਕਾਲ ਅਤੇ ਸਮਝਣ-ਕਾਲ ਵਿੱਚ ਖਲਾਅ ਜਾਂ ਪਾੜਾ ਵੀ ਉਤਨਾ ਨਹੀਂ ਜਿੰਨ੍ਹਾ ਕਿ ਬਾਈਬਲ, ਕੁਰਾਨ ਜਾਂ ਹੋਰ ਗ੍ਰੰਥਾਂ ਦਾ ਹੈ।ਗੁਰਬਾਣੀ ਦੀਆਂ ਹੁਣ ਤੱਕ ਹੋ ਚੁੱਕੀਆਂ ਵਿਆਖਿਆ ਪ੍ਰਣਾਲੀਆਂ ਅਤੇ ਧਰਮ ਸ਼ਾਸਤਰੀ ਅਧਿਐਨ ਦੇ ਆਧਾਰ ਤੇ ਗੁਰਬਾਣੀ ਨੂੰ ਸਮਝਣਾ ਉਨਾ ਔਖਾ ਜਾਂ ਪੇਚੀਦਾ ਨਹੀਂ ਜਿੰਨਾ ਕਿ ਹੋਰ ਪੁਰਾਤਨ ਧਰਮਾਂ ਦੇ ਧਰਮ ਗ੍ਰੰਥਾਂ ਨੂੰ ਸਮਝਣਾ ਹੈ।ਗੁਰਬਾਣੀ ਦੇ ਮੁਢਲੇ ਰਚੇਤਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮਕਾਲ ਵਿੱਚ ਰਚੀਆਂ ਗਈਆਂ ਜਨਮ ਸਾਖੀਆਂ ਉਨ੍ਹਾਂ ਬਾਰੇ ਅਤੇ ਉਸ ਵੇਲੇ ਦੀਆਂ ਸਮਾਜਕ, ਧਾਰਮਿਕ, ਰਾਜਨੀਤਕ, ਸੱਭਿਆਚਾਰਕ ਅਤੇ ਵਿਵਹਾਰਕ ਦ੍ਰਿਸ਼ਟੀਆਂ ਤੇ ਚਾਨਣਾ ਪਾਉਂਦੀਆਂ ਹਨ ਜੋ ਉਨ੍ਹਾਂ ਦੇ ਵਿਚਾਰਾਂ ਦੀ ਪ੍ਰੋੜਤਾ ਕਰਦੀਆਂ ਹਨ।

- ਗੁਰਬਾਣੀ ਦਾ ਲਿਖਤੀ ਵਿਧਾਨ ਗੁਰੂਆਂ ਦੇ ਆਪਣੇ ਹੱਥੀਂ ਲਿਖਿਆ ਹੋਇਆ ਹੋਣ ਕਾਰਣ ਪੂਰਨ ਸੱਚ ਤੇ ਆਧਾਰਿਤ, ਵਧੇਰੇ ਪ੍ਰਮਾਣੀਕ ਅਤੇ ਵਿਸ਼ਵਾਸਯੋਗ ਹੈ।ਗੁਰਬਾਣੀ 'ਧੁਰ ਕੀ ਬਾਣੀ', 'ਖਸਮ ਕੀ ਬਾਣੀ' ਜਾਂ 'ਸੱਚ ਦੀ ਬਾਣੀ' ਧੁਰੋਂ ਜਾਂ ਪਰਮਾਤਮਾ ਦੇ ਦਰਬਾਰ ਵਿੱਚੋਂ ਨਾਜ਼ਲ ਹੋਈ ਹੋਣ ਕਾਰਣ ਇਸ ਦੀ ਸੱਚਾਈ ਨੂੰ ਸਾਬਿਤ ਕਰਨ ਲਈ ਹੋਰ ਕੋਈ ਪ੍ਰਮਾਣ ਲੋੜੀਂਦਾ ਹੀ ਨਹੀਂ ਹੈ।ਗੁਰਬਾਣੀ ਬਾਈਬਲ ਜਾਂ ਕੁਰਾਨ ਵਾਂਗ ਸਰਮਨਜ਼ ਜਾਂ ਉਪਦੇਸ਼ਾਂ ਦਾ ਮੈਨੂਅਲ ਨਹੀਂ ਅਤੇ ਨਾ ਹੀ ਉਪਦੇਸ਼ਾਂ ਦੇ ਜ਼ਰੀਏ ਗੁਰੂ ਨਾਲ ਮਿਲਾਉਣ ਦਾ ਕੋਈ ਸਾਧਨ, ਬਲਕਿ ਇਹ ਤਾਂ ਆਪ ਹੀ ਗੁਰੂ ਹੈ ਸ਼ਬਦ ਰੂਪ ਸਦੀਵੀਂ ਗੁਰੂ।ਪਰਮਾਤਮਾ ਨਾਲ ਮਿਲਿਆ ਹੋਇਆ ਖ਼ੁਦ ਪਰਮਾਤਮਾ ਦਾ ਰੂਪ ਗੁਰੂ।
- ਹਰ ਧਰਮ, ਜਾਤ, ਖਿੱਤੇ, ਭਾਸ਼ਾ ਆਦਿ ਨਾਲ ਸੰਬੰਧਤ ਬਾਣੀਕਾਰਾਂ ਦੀ ਬਾਣੀ ਇਸ ਵਿੱਚ ਸਾਂਝੇ ਤੌਰ ਤੇ ਦਰਜ਼ ਹੋਈ ਹੋਣ ਕਰਕੇ ਇਸ ਨੂੰ ਸਮੁੱਚੀ ਮਾਨਵਤਾ ਦੀ ਹੇਤੂ ਸਾਬਿਤ ਕਰਨ ਦੀ ਕੋਈ ਲੋੜ ਨਹੀਂ ਹੈ।ਹਰੇਕ ਸ਼ਬਦ ਰਚਣ ਵਾਲੇ ਬਾਣੀਕਾਰ ਦਾ ਬਿਓਰਾ (ਜਿਵੇਂ ਮਹਲਾ ਪਹਿਲਾ, ਦੂਜਾ, ਤੀਜਾ...), ਸਿਰਲੇਖ (ਇੱਕਪਦਾ, ਦੁਪਦੇ, ਅਸ਼ਟਪਦੀ, ਵਾਰ...ਆਦਿ), ਰਾਗ, ਤਾਲ, ਘਰ ਅਤੇ ਅੰਕ ਬਿਓਰਾ ਨਾਲੋ-ਨਾਲ ਦਿੱਤਾ ਹੋਇਆ ਹੋਣ ਕਾਰਣ ਅਰਥਾਂ ਦੀ ਸੱਚਾਈ ਜਾਂ ਮੌਲਿਕਤਾ ਨੂੰ ਤਲਾਸ਼ਣ ਦੀ ਕੋਈ ਲੋੜ ਹੀ ਨਹੀਂ।ਲੋਕ-ਬੋਲੀਆਂ ਅਤੇ ਲੋਕ-ਛੰਦਾਂ ਵਿੱਚ ਲਿਖੀ ਬਾਣੀ ਆਮ ਲੋਕਾਂ ਦੀ ਭਾਸ਼ਾ ਜਾਂ ਗੁਰਮੁਖੀ ਲਿਪੀ ਵਿੱਚ ਹੋਣ ਕਾਰਣ ਸਮਝਣ ਲਈ ਸੌਖੀ, ਸਰਲ ਅਤੇ ਸਪਸ਼ਟ ਹੈ।
- ਉਨ੍ਹਾਂ ਸਿਧਾਂਤਕ ਨੇਮਾਂ, ਜਿਨ੍ਹਾਂ ਦੀ ਰੌਸ਼ਨੀ ਵਿੱਚ ਗੁਰਬਾਣੀ ਵਿਚਲੇ ਹਰ ਸ਼ਬਦ ਦੇ ਨੇੜੇ ਤੋਂ ਨੇੜੇ ਦੇ ਅਸਲ ਅਰਥਾਂ ਨੂੰ ਸਮਝਣਾ ਹੈ, ਨੂੰ ਜਾਨਣ ਤੋਂ ਪਹਿਲਾਂ ਇਹ ਸਮਝ ਲੈਣਾ ਜ਼ਰੂਰੀ ਹੈ ਕਿ ਅਜੋਕੇ ਉੱਤਰਆਧੁਨਿਕ ਕਾਲ ਵਿੱਚ ਜਿਸ 'ਹਰਮੇਨਿਊਟਿਕਸ' ਦੀ ਤਰਜ਼ 'ਤੇ ਅਸੀਂ ਆਪਣਾ ਵਿਆਖਿਆ ਸ਼ਾਸਤਰ ਉਸਾਰਨ ਦੀ ਤਿਆਰੀ ਕਰ ਰਹੇ ਹਾਂ, ਉਸ ਦਾ ਸਰੂਪ ਤਾਂ ਭਾਰਤੀ ਚਿੰਤਨ ਵਿੱਚ ਸਦੀਆਂ ਪਹਿਲਾਂ ਹੋਂਦ ਵਿੱਚ ਆ ਗਿਆ ਸੀ ਜਦੋਂ ਪਾਣਿਨੀ ਦੀ ਲਿਖੀ 'ਅਸ਼ਟਾਧਿਆਈ' ਤੇ ਭਾਸ਼ ਰਚੇ ਗਏ, ਇੱਥੇ ਹੀ ਬੱਸ ਨਹੀਂ ਸਗੋਂ ਉਨ੍ਹਾਂ ਭਾਸ਼ਾਂ ਤੇ ਵੀ ਅੱਗੋਂ ਭਾਸ਼ ਬਣੇ।ਇਹ ਉਸ ਸਮੇਂ ਦੀ ਗਹਿਰ-ਗੰਭੀਰ ਵਿਸ਼ਿਆਂ ਦੀ

ਸਰਲ ਵਿਆਖਿਆਕਾਰੀ ਹੀ ਸੀ, ਫਿਰ ਟੀਕਾ, ਵ੍ਰਿਤੀ, ਕਾਰਿਕਾ, ਪਦਾਰਥ, ਪਰਮਾਰਥ ਆਦਿ ਵਿਆਖਿਆ ਦੇ ਰੂਪ ਵਿੱਚ ਹੋਂਦ ਵਿੱਚ ਆਏ।[93] ਵਿਆਖਿਆ ਦੀਆਂ ਇਨ੍ਹਾਂ ਭਾਰਤੀ ਪੱਧਤੀਆਂ ਵਿੱਚ ਤਾਂ ਗੁਰਬਾਣੀ ਦੀ ਵਿਆਖਿਆ ਪਹਿਲਾਂ ਤੋਂ ਹੀ ਵੱਖੋ-ਵੱਖਰੀਆਂ ਪ੍ਰਣਾਲੀਆਂ ਅਧੀਨ ਹੋ ਚੁੱਕੀ ਹੈ।ਇਸ ਤੋਂ ਇਲਾਵਾ ਸਿੱਖ-ਚਿੰਤਨ ਗੁਰਬਾਣੀ ਵਿਆਖਿਆ ਦੇ ਨਾਲ-ਨਾਲ ਗੁਰ-ਇਤਿਹਾਸ ਵੀ ਪੂਰੀ ਸੱਚਾਈ ਅਤੇ ਪ੍ਰਮਾਣਾਂ ਸਹਿਤ ਸਿਰਜ ਰਿਹਾ ਹੈ।

- ਅਜੋਕੇ ਉੱਤਰਆਧੁਨਿਕ ਕਾਲ ਵਿੱਚ ਵਿਗਿਆਨਕ ਅਤੇ ਵਿਆਕਰਣਕ ਆਧਾਰਾਂ ਤੇ ਗੁਰਬਾਣੀ ਦਾ ਵਿਆਖਿਆ ਸ਼ਾਸਤਰ ਰਚਣ ਲਈ ਮਹੱਤਵਪੂਰਣ ਕਦਮ ਪੁੱਟੇ ਜਾ ਚੁੱਕੇ ਹਨ ਜਿਵੇਂ ਵੱਖ-ਵੱਖ ਬਾਣੀਆਂ ਦੇ ਵੱਖ-ਵੱਖ ਟੀਕੇ, ਜਪੁਜੀ ਦੇ ਲਗਭਗ ਹਰੇਕ ਸਿੱਖ ਵਿਦਵਾਨ ਦੁਆਰਾ ਕੀਤੇ ਗਏ ਟੀਕੇ, ਸੰਪੂਰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਵੱਖ-ਵੱਖ ਅੰਤਰ ਦ੍ਰਿਸ਼ਟੀਆਂ ਤੋਂ ਕੀਤੇ ਗਏ ਟੀਕੇ, ਗੁਰਬਾਣੀ ਵਿਆਖਿਆ ਦੀਆਂ ਪਹੁੰਚ ਵਿਧੀਆਂ, ਤੁੱਕ ਤਤਕਰੇ, ਬਾਣੀ ਬਿਓਰੇ, ਅਨੁਕ੍ਰਮਣਿਕਾਵਾਂ, ਵਿਚਾਰ ਕੋਸ਼, ਸੰਕੇਤ ਕੋਸ਼, ਗੁਰਮਤ ਮਾਰਤੰਡ, ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਸ਼੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, ਸ਼ਬਦਾਰਥ ਸ਼੍ਰੀ ਗੁਰੂ ਗ੍ਰੰਥ ਸਾਹਿਬ, ਗੁਰਮਤ ਨਿਰਣੈ ਗ੍ਰੰਥ, ਭਾਵ ਪ੍ਰਬੋਧਨੀ ਟੀਕਾ, ਗੁਰੂ ਗ੍ਰੰਥ ਵਿਸ਼ਵਕੋਸ਼ ਆਦਿ ਤੋਂ ਇਲਾਵਾ ਹੋਰ ਅਨੇਕ ਭਾਸ਼ਾਵਾਂ ਵਿੱਚ ਅਨੁਵਾਦ ਅਤੇ ਟੀਕੇ ਗੁਰਬਾਣੀ ਨੂੰ ਸਮਝਣ ਹਿੱਤ ਰਚੇ ਗਏ ਹਨ।

ਉਪਰੋਕਤ ਸਮੁੱਚੀ ਵਿਚਾਰ ਚਰਚਾ ਉਪਰੰਤ ਇਹ ਸਪਸ਼ਟ ਹੁੰਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਪ੍ਰਾਪਤ ਉਪਦੇਸ਼, ਸੰਦੇਸ਼ ਅਤੇ ਸ਼ਬਦ-ਰਚਨਾ ਨੂੰ ਸਰਲ ਬਣਾਉਣ ਹਿੱਤ ਵਿਆਖਿਆਕਾਰ ਦੀ ਪ੍ਰਤਿਭਾ ਅਨੁਸਾਰ ਗੁਰਬਾਣੀ ਵਿਆਖਿਆ ਦੇ ਵੱਖ ਵੱਖ ਪਰਿਪੇਖ ਅਤੇ ਪਾਸਾਰ ਹੋਂਦ ਵਿੱਚ ਆਉਂਦੇ ਰਹੇ ਹਨ।ਗੁਰਬਾਣੀ ਵਿਆਖਿਆ ਦੀਆਂ ਵੱਖ ਵੱਖ ਪ੍ਰਣਾਲੀਆਂ ਨੇ ਗੁਰਬਾਣੀ ਦੇ ਅੰਤਰੀਵੀ ਗਿਆਨ ਦਾ ਘੇਰਾ ਵਿਸਤ੍ਰਿਤ ਕੀਤਾ ਹੈ ਜੋ ਕਿ ਵਿਆਖਿਆ ਸ਼ਾਸਤਰ ਰਚਣ ਵੱਲ ਇੱਕ ਮਹੱਤਵਪੂਰਣ ਕਦਮ ਹੈ ਪ੍ਰੰਤੂ ਫਿਰ ਵੀ ਗੁਰਬਾਣੀ ਦੀ ਵਿਆਖਿਆਕਾਰੀ ਲਈ ਨੇਮ / ਸਿਧਾਂਤ ਸਥਾਪਤ ਕਰਦੇ ਹੋਏ ਇਸ ਸੰਬੰਧੀ ਕੋਈ ਅੰਤਿਮ ਧਾਰਨਾ ਬਣਾਉਣੀ ਸੰਭਵ ਨਹੀਂ ਕਿਉਂਕਿ ਪਹਿਲਾਂ ਤਾਂ ਇਹ ਮੰਨ ਲੈਣਾ ਚਾਹੀਦਾ ਹੈ ਕਿ ਕਿਸੇ

ਦੇ ਵੀ ਮਨ ਵਿਚਲੇ ਭਾਵਾਂ ਨੂੰ ਇੰਨ ਬਿੰਨ ਪਕੜਿਆ ਨਹੀਂ ਜਾ ਸਕਦਾ, ਦੂਜਾ ਇਹ ਕਿ ਗੁਰਬਾਣੀ ਵਿਆਖਿਆਕਾਰੀ ਇੱਕ ਅਜਿਹਾ ਨਿਰੰਤਰ ਅਤੇ ਗਤੀਸ਼ੀਲ ਅਨੁਭਵੀ ਵਰਤਾਰਾ ਹੈ ਜਿਸ ਦੇ ਅਜੇ ਹੋਰ ਵੀ ਅਨੇਕ ਪਾਸਾਰ ਜਾਂ ਦ੍ਰਿਸ਼ਟੀਕੋਣ ਹੋ ਸਕਦੇ ਹਨ। ਡਾ. ਗੁਰਬਚਨ ਸਿੰਘ ਤਾਲਿਬ ਇਸ ਸੰਬੰਧੀ ਇੰਝ ਆਖਦੇ ਹਨ:

> ਇਲਹਾਮੀ ਸ਼ਬਦ ਦੀ ਸੰਪੂਰਣ ਤੇ ਸ਼ੁੱਧ ਵਿਆਖਿਆ ਅਤੇ ਉਸ ਦੇ ਤੱਤਾਂ ਦਾ ਵਾਸਤਵ ਗਿਆਨ ਤਾਂ ਉਸ ਦੇ ਰਚਣਹਾਰ ਨੂੰ ਹੀ ਹੋ ਸਕਦਾ ਹੈ। ਦੂਜੇ ਲੋਕ ਕੇਵਲ ਆਪਣੀ ਬੁੱਧੀ ਅਨੁਸਾਰ ਭਿੰਨ-ਭਿੰਨ ਢੰਗ ਨਾਲ ਉਸ ਦਾ ਵਰਣਨ ਕਰਦੇ ਹਨ, ਜਿਸ ਵਿੱਚ ਉਨ੍ਹਾਂ ਦੀ ਰੁਚੀ, ਸਮੇਂ ਦੇ ਪ੍ਰਭਾਵ, ਕੌਮਾਂ ਦੀ ਮਨੋਬ੍ਰਿਤੀ ਅਤੇ ਬੌਧਿਕ ਸਾਧਨ ਸਾਰਿਆਂ ਦਾ ਹੀ ਹਿੱਸਾ ਹੁੰਦਾ ਹੈ। 'ਸ਼ਬਦ' ਅਗਾਧ ਵਸਤੂ ਹੈ, ਜਿਸ ਨੂੰ ਖੋਜਣ ਅਤੇ ਸੁਣਨ ਨਾਲ ਉਸ ਦੀਆਂ ਹੋਰ-ਹੋਰ ਡੂੰਘਾਣਾਂ ਲੱਭਦੀਆਂ ਜਾਂਦੀਆਂ ਹਨ। ਇਸ ਦੀ ਵਿਆਖਿਆ ਦਾ ਅੰਤ ਨਹੀਂ ਪਾਇਆ ਜਾ ਸਕਦਾ।[94]

## 3.6 ਤੱਤ ਸਾਰ

ਇਸ ਅਧਿਆਇ ਦੀ ਸਮੀਖਿਆ ਕਰਦੇ ਹੋਏ ਇਹ ਨਤੀਜਾ ਪੇਸ਼ ਕੀਤਾ ਜਾਂਦਾ ਹੈ ਕਿ ਸਿੱਖ ਧਰਮ ਚਿੰਤਨ ਅਨੁਸਾਰ ਗੁਰਬਾਣੀ ਵਿਆਖਿਆ ਦਾ ਮੂਲ ਆਧਾਰ 'ਸ਼ਬਦ' ਹੈ ਜੋ ਗੁਰੂ ਰੂਪ ਵਿੱਚ ਮੁਕਤੀ ਦਾਤਾ ਹੈ। ਇਸ ਅਧਿਆਇ ਵਿੱਚ ਗੁਰਬਾਣੀ ਵਿਆਖਿਆ ਦਾ ਸੰਕਲਪ ਉਜਾਗਰ ਕਰਦੇ ਹੋਏ ਇਸ ਦਾ ਸਰੂਪ, ਵਿਉਂਤ, ਉਦੇਸ਼, ਮਹੱਤਵ ਅਤੇ ਚੁਣੌਤੀਆਂ ਨੂੰ ਦਰਸਾਉਣਾ ਇਸ ਲਈ ਜ਼ਰੂਰੀ ਹੈ ਕਿਉਂਕਿ ਇਸ ਸਾਰੀ ਵਿਚਾਰ-ਚਰਚਾ ਵਿੱਚੋਂ ਇਹ ਤੱਥ ਨਿਕਲ ਕੇ ਸਾਹਮਣੇ ਆਉਂਦਾ ਹੈ ਕਿ ਗੁਰਬਾਣੀ ਅਗਾਧ ਬੋਧ ਹੈ ਭਾਵ ਇਸ ਦਾ ਬਹੁ-ਪਾਸਾਰੀ ਅਤੇ ਬਹੁ-ਦਿਸ਼ਾਵੀ ਬੋਧ ਮਨੁੱਖੀ ਗਿਆਨ ਇੰਦ੍ਰੀਆਂ ਦੀ ਪਹੁੰਚ ਤੋਂ ਬਾਹਰ ਹੈ ਅਤੇ ਇਸ ਦੇ ਇਲਹਾਮੀ ਸੰਦੇਸ਼ ਦੇ ਮੌਲਿਕ ਅਤੇ ਅਸਲ ਅਰਥਾਂ ਨੂੰ ਖੋਜਣਾ ਕਠਿਨ ਹੀ ਨਹੀਂ, ਅਸੰਭਵ ਹੈ ਪ੍ਰੰਤੂ ਫਿਰ ਵੀ ਸਿੱਖ ਵਿਦਵਾਨਾਂ ਨੇ ਆਪੋ-ਆਪਣੇ ਦ੍ਰਿਸ਼ਟੀਕੋਣ ਤੋਂ ਇਸ ਦੇ ਕਿਸੇ ਨਾ ਕਿਸੇ ਪਾਸਾਰ ਦਾ ਸਿਧਾਂਤੀਕਰਣ ਕਰਨ ਦਾ ਯਤਨ

ਕੀਤਾ ਹੈ ਜਿਸ ਦੇ ਸਿੱਟੇ ਵਜੋਂ ਇਤਿਹਾਸਕ, ਦਾਰਸ਼ਨਿਕ, ਸਮਾਜ-ਸੱਭਿਆਚਾਰਕ ਅਤੇ ਵਿਗਿਆਨਕ ਆਦਿ ਦ੍ਰਿਸ਼ਟੀਕੋਣਾਂ ਤੋਂ ਇਸ ਦੇ ਸਿਧਾਂਤਾਂ ਨੂੰ ਬੌਧਿਕ ਪਕੜ ਦੇ ਘੇਰੇ ਵਿੱਚ ਲਿਆਉਣ ਦੇ ਯਤਨ ਕੀਤੇ ਗਏ ਹਨ।ਵਿਸ਼ੇਸ਼ ਤੌਰ ਤੇ ਗੁਰਬਾਣੀ ਵਿਆਖਿਆ ਦੇ ਅਕਾਦਮਿਕ ਜਾਂ ਵਿਗਿਆਨਕ ਪਰਿਪੇਖ ਨੂੰ ਦਰਸਾਉਂਦੇ ਹੋਏ ਸਮਕਾਲੀਨ ਉੱਤਰ ਆਧੁਨਿਕ ਸੰਕਲਪ ਦੇ ਪ੍ਰਮੁੱਖ ਆਧਾਰਾਂ ਦਾ ਜ਼ਿਕਰ ਕੀਤਾ ਗਿਆ ਹੈ।ਸਿੱਖ ਚਿੰਤਕਾਂ ਦੁਆਰਾ ਪੱਛਮੀ ਚਿੰਤਨ ਦੀ ਇਸੇ ਤਰਜ਼ ਉੱਤੇ ਗੁਰਬਾਣੀ ਦਾ ਵਿਆਖਿਆ-ਸ਼ਾਸਤਰ ਉਸਾਰਨ ਦੇ ਯਤਨ ਕੀਤੇ ਜਾ ਰਹੇ ਹਨ ਜਿਸ ਦਾ ਇੱਕ ਸੰਕਲਪੀ ਅਧਿਐਨ ਪੇਸ਼ ਕਰਦੇ ਹੋਏ ਇੱਥੇ ਇਹ ਦ੍ਰਿਸ਼ਟੀਗੋਚਰ ਕੀਤਾ ਗਿਆ ਹੈ ਕਿ ਗੁਰਬਾਣੀ ਦਾ ਅਵਤਰਣ ਵਿਗਿਆਨਕ ਯੁੱਗ ਵਿੱਚ ਹੀ ਹੋਇਆ ਹੈ ਕਿਉਂਕਿ 17ਵੀਂ ਸਦੀ ਤੱਕ ਦਾ ਜੋ ਸੱਭਿਆਚਾਰ ਇਸ ਵਿੱਚ ਸਥਾਨ ਰੱਖਦਾ ਹੈ ਉਸ ਸਮੇਂ ਤੱਕ ਵਿਸ਼ਵ ਪੱਧਰ ਤੇ ਵਿਗਿਆਨਕ ਯੁੱਗ ਆਪਣੀ ਹੋਂਦ ਗ੍ਰਹਿਣ ਕਰ ਚੁੱਕਾ ਸੀ।ਸੋ ਇਹ ਪਹਿਲਾਂ ਹੀ ਵਿਗਿਆਨਕ ਆਧਾਰਾਂ ਉੱਤੇ ਪੂਰਣ ਰੂਪ ਵਿੱਚ ਪ੍ਰਮਾਣੀਕ ਹੈ।ਗੁਰੂਆਂ ਨੇ ਆਪ ਇਸ ਨੂੰ ਹੱਥੀਂ ਲਿਖਿਆ ਅਤੇ ਸਾਂਭਿਆ ਹੈ ਅਤੇ ਵਿਭਿੰਨ ਭਾਸ਼ਾਵਾਂ, ਨਸਲਾਂ, ਸੱਭਿਆਚਾਰਾਂ ਅਤੇ ਲੋਕਧਾਰਾਵਾਂ ਨਾਲ ਸੰਬੰਧਤ ਹੋਣ ਕਰਕੇ ਇਹ ਪਹਿਲਾਂ ਹੀ ਸਮਾਜ ਲਈ ਕਲਿਆਣਕਾਰੀ ਦ੍ਰਿਸ਼ਟੀ ਨਾਲ ਸਿਰਜਆ ਗਿਆ।ਇਸ ਦਾ ਮਾਡਲ ਸੁਤੇ-ਸਿੱਧ ਸਰਬੱਤ ਦੇ ਭਲੇ ਵਾਲਾ ਹੈ।ਇਸ ਲਈ ਗੁਰਬਾਣੀ ਦਾ ਵਿਆਖਿਆ ਸ਼ਾਸਤਰ ਪੱਛਮੀ ਵਿਆਖਿਆ-ਸ਼ਾਸਤਰਾਂ ਦੇ ਸਿਧਾਂਤਕ ਚੌਖਟਿਆਂ ਵਿੱਚ ਫਿੱਟ ਹੋਣ ਵਾਲਾ ਨਹੀਂ ਸਗੋਂ ਇੱਕ ਨਵੇਕਲੇ ਮੁਹਾਂਦਰੇ ਦਾ ਧਾਰਨੀ ਹੋਵੇਗਾ।

# ਹਵਾਲੇ ਤੇ ਪੈਰ੍ਹ ਟਿੱਪਣੀਆਂ

1. ਡਾ. ਮਹਿੰਦਰ ਕੌਰ ਗਿੱਲ, ਸ਼ਬਦ ਅਤੇ ਬਾਣੀ ਵਿਧਾਨ, ਵਿਸਮਾਦੁ ਨਾਦੁ, ਪੰਨਾ 199.
2. ਡਾ. ਅੰਮ੍ਰਿਤਪਾਲ ਕੌਰ, ਗੁਰਬਾਣੀ ਵਿੱਚ ਸ਼ਬਦ ਸੰਚਾਰ, ਵਿਸਮਾਦੁ ਨਾਦੁ, ਪੰਨਾ 226.
3. ਗੁਰੂ : 'ਸਬਦ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗ ਬਉਰਾਨੰ॥' ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 635.
4. ਹੁਕਮ : 'ਸਬਦ ਨ ਜਾਣਹਿ ਸੇ ਅਮਨੇ ਬੋਲੇ ਸੇ ਕਿਤੁ ਆਏ ਸੰਸਾਰਾ॥' ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 601.
5. ਗੁਰਮੰਤ੍ਰ : 'ਅੰਮ੍ਰਿਤੁ ਏਕੋ ਸਬਦ ਹੈ ਨਾਨਕ ਗੁਰਮੁਖਿ ਪਾਇਆ॥'ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 644.
6. ਨਾਮ : 'ਸੋ ਛੁਟੇ ਮਹਾਜਾਲ ਤੇ ਜਿਸ ਗੁਰ ਸਬਦੁ ਨਿਰੰਤਰ॥' ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 397.
7. ਕਰਤੱਵ : 'ਜੋਗ ਸਬਦੰ ਗਿਆਨ ਸਬਦੰ ਬੇਦ ਸਬਦੰ ਬ੍ਰਾਹਮਣਹ॥' ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 469.
8. ਗੁਰ ਉਪਦੇਸ਼ : 'ਭਵਜਲੁ ਬਿਨੁ ਸਬਦੇ ਕਿਉ ਤਰੀਐ॥' ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1125.
9. ਬ੍ਰਹਮ : 'ਸਬਦੇ ਹੀ ਨਾਉ ਊਪਜੈ ਸਬਦੇ ਮੇਲ ਮਿਲਾਇਆ॥' ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 644.
10. ਪੈਗ਼ਾਮ : 'ਧਨਵਾਂਢੀ ਪਿਰੁ ਦੇਸ ਨਿਵਾਸੀ ਸਚੇ ਗੁਰ ਪਹਿ ਸਬਦ ਪਠਾਈ॥' ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ1273.
11. ਗੁਰਬਾਣੀ : 'ਸਿਖਹੁ ਸਬਦ ਪਿਆਰਿਹੋ ਜਨਮ ਮਰਨ ਕੀ ਟੇਕ॥' ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 325.
12. ਡਾ. ਮਹਿੰਦਰ ਕੌਰ ਗਿੱਲ, ਸ਼ਬਦ ਅਤੇ ਬਾਣੀ ਵਿਧਾਨ, ਵਿਸਮਾਦੁ ਨਾਦੁ, ਪੰਨਾ 198-199.
13. ਡਾ. ਸ਼ਮਸ਼ੇਰ ਸਿੰਘ, ਸ਼ਬਦ ਗੁਰੂ, ਵਿਸਮਾਦੁ ਨਾਦੁ, ਪੰਨਾ 216-218.

14. ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ. 1, ਪੰਨਾ 228.
15. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 967.
16. ਡਾ. ਦਰਸ਼ਨ ਸਿੰਘ, ਗੁਰਬਾਣੀ ਅਤੇ ਸ਼ਬਦ ਭਗਤੀ, ਵਿਸਮਾਦੁ ਨਾਦੁ, ਪੰਨਾ 184.
17. ਪ੍ਰੋ. ਸਵਰਨਜੀਤ ਸਿੰਘ, ਸ਼ਬਦ-ਗੁਰੂ ਸਿਧਾਂਤ ਦਾ ਧਰਮ-ਮੀਮਾਂਸਕ ਤੇ ਦਾਰਸ਼ਨਿਕ ਪੱਖ, ਸਿੰਘ ਸਭਾ ਪਤ੍ਰਿਕਾ, ਦਸੰਬਰ 1978, ਪੰਨਾ 103.
18. ਉਹੀ, ਪੰਨਾ 469.
19. ਡਾ. ਗੁਰਨਾਮ ਸਿੰਘ, ਸ਼ਬਦ ਤੇ ਸੰਗੀਤ, ਵਿਸਮਾਦੁ ਨਾਦੁ, ਪੰਨਾ 211-212.
20. ਡਾ. ਤਾਰਨ ਸਿੰਘ, ਸਿੱਖ, ਸਿੱਖੀ ਅਤੇ ਸਿਧਾਂਤ, ਪੰਨਾ 175.
21. ਉਹੀ, ਪੰਨਾ 176.
22. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 32.
23. ਡਾ. ਬਲਕਾਰ ਸਿੰਘ, ਸ਼ਬਦ-ਗੁਰੂ ਦਾ ਸਿੱਖ-ਸਿਧਾਂਤ, ਪੰਨਾ 41.
24. ਉਹੀ, ਪੰਨਾ 56-57.
25. ਉਹੀ, ਪੰਨਾ x, ਭੂਮਿਕਾ.
26. ਡਾ. ਸ਼ਮਸ਼ੇਰ ਸਿੰਘ, ਸ਼ਬਦ ਗੁਰੂ, ਵਿਸਮਾਦੁ ਨਾਦੁ, ਪੰਨਾ 218.
27. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1250.
28. ਡਾ. ਸ਼ਮਸ਼ੇਰ ਸਿੰਘ, ਸ਼ਬਦ ਗੁਰੂ, ਵਿਸਮਾਦੁ ਨਾਦੁ, ਪੰਨਾ 218.
29. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 943.
30. ਡਾ. ਸ਼ਮਸ਼ੇਰ ਸਿੰਘ, ਸ਼ਬਦ ਗੁਰੂ, ਵਿਸਮਾਦੁ ਨਾਦੁ, ਪੰਨਾ 220-221.
31. ਡਾ. ਬਲਕਾਰ ਸਿੰਘ (ਸੰਪਾ.), ਗੁਰੂ ਨਾਨਕ ਦੀ ਚਿੰਤਨ ਭੂਮਿਕਾ, ਪੰਨਾ 225-226.
32. ਡਾ. ਹਰਪਾਲ ਸਿੰਘ, ਜਪੁ ਜੀ ਦੇ ਟੀਕੇ ਅਤੇ ਵਿਆਖਿਆਵਾਂ: ਸਮੀਖਿਆਤਮਕ ਅਧਿਐਨ (1974 ਤੋਂ 2000 ਤੱਕ), ਪੰਨਾ 3.
33. ਡਾ. ਬਲਵੰਤ ਸਿੰਘ ਢਿੱਲੋਂ, ਗੁਰਬਾਣੀ: ਵਿਆਖਿਆ ਅਤੇ ਵਿਆਖਿਆ-ਸ਼ਾਸਤਰ, ਪੰਨਾ 109.
34. ਭਾਈ ਬਾਲੇ ਵਾਲੀ ਜਨਮਸਾਖੀ, ਪੰਨਾ 240-241; ਮਿਹਰਵਾਨ ਵਾਲੀ ਜਨਮਸਾਖੀ, ਪੰਨੇ 84-88; ਭਾਈ ਮਨੀ ਸਿੰਘ ਵਾਲੀ ਜਨਮਸਾਖੀ, ਪੰਨਾ 340-341; ਵਿਲਾਇਤ

ਵਾਲੀ ਜਨਮਸਾਖੀ, ਅੰਤਿਕਾ ਪੰਨਾ 8-9; ਕਿਰਪਾਲ ਸਿੰਘ (ਸੰਪਾ.), ਜਨਮਸਾਖੀ ਪਰੰਪਰਾ, ਪੰਨੇ 42-48.

35. ਡਾ. ਰਤਨ ਸਿੰਘ ਜੱਗੀ, ਸਿੱਖ ਪੰਥ ਵਿਸ਼ਵਕੋਸ਼ (ਭਾਗ ਦੂਜਾ), ਪੰਨਾ 865.
36. ਡਾ. ਹਰਮਹਿੰਦਰ ਸਿੰਘ ਬੇਦੀ, 'ਗੁਰਬਾਣੀ ਦੀ ਹਿੰਦੀ ਟੀਕਾਕਾਰੀ', ਟੀਕਾਕਾਰੀ, ਪੱਤਰਕਾਰੀ, ਇਤਿਹਾਸਕਾਰੀ, (ਸੰਪਾ.) ਡਾ. ਅਮਰਜੀਤ ਸਿੰਘ, ਪੰਨਾ 187.
37. ਡਾ. ਤਾਰਨ ਸਿੰਘ, ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ, ਪੰਨਾ 1, ਭੂਮਿਕਾ।
38. ਡਾ. ਸਰਬਜਿੰਦਰ ਸਿੰਘ, ਵਿਆਖਿਆ-ਸ਼ਾਸਤਰ ਅਤੇ ਸਿੱਖ ਵਿਆਖਿਆਕਾਰੀ, ਪੰਨਾ (vii) ਸੰਪਾਦਕੀ।
39. ਡਾ. ਬਲਵੰਤ ਸਿੰਘ ਢਿੱਲੋਂ (ਸੰਪਾ.), ਗੁਰਬਾਣੀ : ਵਿਆਖਿਆ ਅਤੇ ਵਿਆਖਿਆ-ਸ਼ਾਸਤਰ, ਪੰਨਾ 54.
40. ਉਹੀ, ਪੰਨਾ 67.
41. ਡਾ. ਤਾਰਨ ਸਿੰਘ, ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ, ਪੰਨਾ 1, ਭੂਮਿਕਾ।
42. ਗੁਰਸ਼ਬਦ ਰਤਨਾਕਰ ਮਹਾਨਕੋਸ਼ (ਕ੍ਰਿਤ:) ਭਾਈ ਕਾਨ੍ਹ ਸਿੰਘ ਜੀ ਨਾਭਾ, ਪੰਨਾ 2582.
43. ਡਾ. ਚੰਦਰ ਸ਼ੇਖਰ, ਸੰਸਕ੍ਰਿਤ ਗ੍ਰੰਥਾਂ ਦੀ ਪੰਜਾਬੀ ਟੀਕਾਕਾਰੀ (ਲੇਖ), ਸਰਦਾਰ ਤੀਰਥ ਸਿੰਘ, ਐਲ. ਐਲ. ਐਮ., ਰਜਿਸਟ੍ਰਾਰ, ਪੰਜਾਬੀ ਯੂਨੀਵਰਸਿਟੀ ਵੱਲੋਂ ਪ੍ਰਕਾਸ਼ਿਤ, ਟੀਕਾਕਾਰੀ, ਇਤਿਹਾਸਕਾਰੀ, ਪੱਤਰਕਾਰੀ ਕੁਝ ਦ੍ਰਿਸ਼ਟੀਕੋਣ, ਤੀਜੀ ਪੰਜਾਬੀ ਵਿਕਾਸ ਕਾਨਫਰੰਸ, 7-9 ਦਸੰਬਰ, 1984, ਪੰਨਾ 157.
44. ਭਾਈ ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 1094.
45. ਡਾ. ਹਰਪਾਲ ਸਿੰਘ, ਜਪੁ ਜੀ ਦੇ ਟੀਕੇ ਅਤੇ ਵਿਆਖਿਆਵਾਂ: ਸਮੀਖਿਆਤਮਕ ਅਧਿਐਨ (1974 ਤੋਂ 2000 ਤੱਕ), ਪੰਨਾ 44.
46. ਭਾਈ ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 2006.
47. ਡਾ. ਪਿਆਰਾ ਸਿੰਘ ਪਦਮ, 'ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਟੀਕਾਕਾਰੀ', ਟੀਕਾਕਾਰੀ, ਇਤਿਹਾਸਕਾਰੀ, ਪੱਤਰਕਾਰੀ ਕੁਝ ਦ੍ਰਿਸ਼ਟੀਕੋਣ, ਤੀਜੀ ਪੰਜਾਬੀ ਵਿਕਾਸ ਕਾਨਫਰੰਸ, 7-9 ਦਸੰਬਰ, 1984, ਪੰਨਾ 175.

48. ਡਾ. ਹਰਪਾਲ ਸਿੰਘ, ਜਪੁ ਜੀ ਦੇ ਟੀਕੇ ਅਤੇ ਵਿਆਖਿਆਵਾਂ: ਸਮੀਖਿਆਤਮਕ ਅਧਿਐਨ (1974 ਤੋਂ 2000 ਤੱਕ), ਪੰਨਾ 82
49. ਮੁਨੀ ਅਰਜਨ ਸਿੰਘ ਕਨਖਲ, ਆਦਿ ਗ੍ਰੰਥ ਦੇ ਟੀਕੇ, ਪੰਨਾ 192.
50. ਡਾ. ਹਰਪਾਲ ਸਿੰਘ, ਜਪੁ ਜੀ ਦੇ ਟੀਕੇ ਅਤੇ ਵਿਆਖਿਆਵਾਂ: ਸਮੀਖਿਆਤਮਕ ਅਧਿਐਨ (1974 ਤੋਂ 2000 ਤੱਕ), ਪੰਨਾ 133-136.
51. ਉਹੀ, ਪੰਨਾ 136.
52. ਓਹੀ, ਪੰਨਾ 141.
53. ਓਹੀ, ਪੰਨਾ 153.
54. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1406.
55. ਡਾ. ਜਸਵੰਤ ਸਿੰਘ ਬੁੱਗਰਾਂ, ਸਿੱਖ ਧਰਮ ਅਕਾਦਮਿਕ ਪਰਿਪੇਖ, ਪੰਨਾ 6 (ਭੂਮਿਕਾ) ।
56. ਡਾ. ਗੁਰਨੇਕ ਸਿੰਘ, ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਆਖਿਆ ਤੇ ਸੰਦੇਸ਼, ਪੰਨਾ 6.
57. Teja Singh, The Holy Granth, p. XXIV.
58. ਡਾ. ਜਗਬੀਰ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮਕਾਲੀਨ ਪ੍ਰਾਸੰਗਿਕਤਾ, ਪੰਨਾ 100.
59. ਡਾ. ਗੁਲਜ਼ਾਰ ਸਿੰਘ ਕੰਗ, ਗੁਰਬਾਣੀ ਵਿਆਖਿਆ-ਵਿਖਿਆਨ, ਪੰਨਾ 16.
60. ਉਹੀ, ਪੰਨਾ 22.
61. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1127.
62. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 8
63. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 308.
64. ਡਾ. ਬਲਵੰਤ ਸਿੰਘ ਢਿੱਲੋਂ (ਸੰਪਾ.), ਗੁਰਬਾਣੀ ਵਿਆਖਿਆ : ਸਰੂਪ ਤੇ ਸੰਦਰਭ, ਗੁਰਬਾਣੀ : ਵਿਆਖਿਆ ਅਤੇ ਵਿਆਖਿਆ-ਸ਼ਾਸਤਰ, ਪੰਨਾ 54.
65. ਉਹੀ, ਪੰਨਾ 143.
66. ਉਹੀ, ਪੰਨਾ 59.
67. ਡਾ. ਦਰਸ਼ਨ ਸਿੰਘ, ਭਾਈ ਗੁਰਦਾਸ ਸਿੱਖੀ ਦੇ ਪਹਿਲੇ ਵਿਆਖਿਆਕਾਰ, ਪੰਨਾ 94.
68. ਡਾ. ਤਾਰਨ ਸਿੰਘ, ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ, ਪੰਨਾ 52.

69. ਓਹੀ, ਪੰਨਾ 94.
70. ਓਹੀ, ਪੰਨਾ 93
71. 'ਸੰਪ੍ਰਦਾਇ' ਸ਼ਬਦ ਦਾ ਅਰਥ 'ਪਰੰਪਰਾ ਤੋਂ ਆਇਆ ਹੋਇਆ ਗੁਰੂ ਦਾ ਉਪਦੇਸ਼ ਜਿਸ ਦਾ ਉਚਾਰਣ ਤੋਂ ਲੈ ਕੇ ਤਾਤਪਰਯ-ਅਰਥ ਤੱਕ ਜਿਉਂ ਕਾ ਤਿਉਂ ਅਭਿਆਸ ਕੀਤਾ ਜਾਵੇ, ਮਨਨ ਕੀਤਾ ਜਾਵੇ ਅਤੇ ਇੰਨ-ਬਿੰਨ ਦ੍ਰਿੜਿਆ ਜਾਵੇ'।
72. ਡਾ. ਬਲਵੰਤ ਸਿੰਘ ਢਿੱਲੋਂ (ਸੰਪਾ.), ਗੁਰਬਾਣੀ : ਵਿਆਖਿਆ ਅਤੇ ਵਿਆਖਿਆ-ਸ਼ਾਸਤਰ, ਪੰਨਾ 62.
73. ਓਹੀ , ਪੰਨਾ 63.
74. ਸੇਵਾ ਪੰਥੀ ਸੰਪ੍ਰਦਾਇ ਦੀਆਂ ਰਚਨਾਵਾਂ ਪਰਚੀਆਂ ਭਾਈ ਘਨ੍ਹਈਆ ਜੀ, ਪਰਚੀ ਭਾਈ ਅੱਡਣ ਸ਼ਾਹ ਜੀ ਦੀ, ਪਰਚੀ ਭਾਈ ਸੇਵਾ ਰਾਮ ਜੀ ਦੀ, ਸਾਖੀਆਂ ਭਾਈ ਅੱਡਣ  ਸ਼ਾਹ ਜੀ, ਪੋਥੀ ਆਸਾਵਰੀਆਂ ਆਦਿ ਹਨ।
75. ਡਾ. ਸਰਬਜਿੰਦਰ ਸਿੰਘ, ਸਿੱਖ ਧਰਮ ਸਿਧਾਂਤਕ ਤੇ ਇਤਿਹਾਸਕ ਪਰਿਪੇਖ, ਪੰਨਾ 65.
76. ਡਾ. ਹਰਪਾਲ ਸਿੰਘ, ਜਪੁ ਜੀ ਦੇ ਟੀਕੇ ਅਤੇ ਵਿਆਖਿਆਵਾਂ: ਸਮੀਖਿਆਤਮਕ ਅਧਿਐਨ (1974 ਤੋਂ 2000 ਤੱਕ), ਪੰਨਾ 150-151.
77. ਡਾ. ਤਾਰਨ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਾਰਸ਼ਨਿਕ ਸਿਧਾਂਤ, (ਸੰਪਾ.) ਸਿਮਰਜੀਤ ਸਿੰਘ, ਗੁਰਮਤਿ ਦਰਸ਼ਨ ਅਤੇ ਸਿੱਖ-ਸੱਭਿਆਚਾਰ, ਪੰਨਾ 1.
78. ਅਦਿਸਟ ਦਿਸੈ ਤਾ ਕਹਿਆ ਜਾਇ॥
ਬਿਨੁ ਦੇਖੇ ਕਹਣਾ ਵਿਰਥਾ ਜਾਇ॥
79. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1035.
80. ਡਾ. ਹਰਪਾਲ ਸਿੰਘ, ਜਪੁ ਜੀ ਦੇ ਟੀਕੇ ਅਤੇ ਵਿਆਖਿਆਵਾਂ: ਸਮੀਖਿਆਤਮਕ ਅਧਿਐਨ (1974 ਤੋਂ 2000 ਤੱਕ), ਪੰਨਾ 292.
81. ਉਹੀ, ਪੰਨਾ 153.
82. ਡਾ. ਪਿਆਰਾ ਸਿੰਘ ਪਦਮ, ਸਿੱਖ ਸੱਭਿਆਚਾਰ, ਗੁਰਮਤਿ ਦਰਸ਼ਨ ਤੇ ਸਿੱਖ ਸੱਭਿਆਚਾਰ, (ਸੰਪਾ.) ਸਿਮਰਜੀਤ ਸਿੰਘ, ਪੰਨਾ 112.
83. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 367.

84. ਬਿਸਰਿ ਗਈ ਸਭ ਤਾਤਿ ਪਰਾਈ ਜਬ ਤੇ ਸਾਧਸੰਗਤਿ ਮੋਹਿ ਪਾਈ॥
ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥
85. ਵਿਚੇ ਗ੍ਰਿਹ ਰਹੈ ਉਦਾਸੀ ਜਿਉ ਕਮਲ ਰਹੈ ਵਿਚਿ ਪਾਣੀ ਹੇ॥
86. ਡਾ. ਗੁਰਮੀਤ ਸਿੰਘ ਸਿੱਧੂ, ਧਰਮ ਆਧੁਨਿਕ ਅਤੇ ਉੱਤਰ ਆਧੁਨਿਕ ਸਿਧਾਂਤ, ਪੰਨਾ 189-196.
87. ਡਾ. ਕੁਲਦੀਪ ਸਿੰਘ ਧੀਰ, ਗੁਰਬਾਣੀ ਅਤੇ ਵਿਗਿਆਨ : ਆਧੁਨਿਕ ਦਰਸ਼ਨ, ਗੁਰਮਤਿ-ਦਰਸ਼ਨ ਅਤੇ ਸਿੱਖ-ਸੱਭਿਆਚਾਰ, (ਸੰਪਾ.) ਸਿਮਰਜੀਤ ਸਿੰਘ, ਪੰਨਾ 26.
88. ਡਾ. ਗੁਰਭਗਤ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਅਜੋਕੇ ਵਿਆਖਿਆ ਸ਼ਾਸਤਰ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਭਿੰਨ ਪਰਿਪੇਖ, (ਸੰਪਾ.) ਜਸਬੀਰ ਕੌਰ, ਪੰਨਾ 218-221.
89. ਡਾ. ਗੁਰਮੇਲ ਸਿੰਘ, ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਇਤਿਹਾਸ ਅਤੇ ਮੁਲਾਂਕਣ, ਪੰਨਾ 105.
90. ਡਾ. ਬਲਵੰਤ ਸਿੰਘ ਢਿੱਲੋਂ (ਸੰਪਾ.), ਗੁਰਬਾਣੀ : ਵਿਆਖਿਆ ਅਤੇ ਵਿਆਖਿਆ-ਸ਼ਾਸਤਰ, ਪੰਨਾ 1.
91. ਡਾ. ਬਲਕਾਰ ਸਿੰਘ , ਸ਼ਬਦ-ਗੁਰੂ ਦਾ ਸਿੱਖ-ਸਿਧਾਂਤ, ਪੰਨਾ xvii (ਭੂਮਿਕਾ)
92. ਡਾ. ਬਲਵੰਤ ਸਿੰਘ ਢਿੱਲੋਂ (ਸੰਪਾ.), ਗੁਰਬਾਣੀ : ਵਿਆਖਿਆ ਅਤੇ ਵਿਆਖਿਆ-ਸ਼ਾਸਤਰ, ਪੰਨਾ 8.
93. ਡਾ. ਜਗਬੀਰ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮਕਾਲੀਨ ਪ੍ਰਾਸੰਗਿਕਤਾ, ਪੰਨਾ 48.
94. ਗੁਰਮਤਿ ਪ੍ਰਕਾਸ਼, ਅਕਤੂਬਰ-ਨਵੰਬਰ, 1963.

# ਅਧਿਆਇ-ਚੌਥਾ

## ਗੁਰਬਾਣੀ ਦੀਆਂ ਵਿਆਖਿਆ-ਪ੍ਰਣਾਲੀਆਂ,
## ਸਿਧਾਂਤ ਤੇ ਖੋਜ ਸੰਦ

# ਅਧਿਆਇ-ਚੌਥਾ

# ਗੁਰਬਾਣੀ ਦੀਆਂ ਵਿਆਖਿਆ-ਪ੍ਰਣਾਲੀਆਂ, ਸਿਧਾਂਤ ਤੇ ਖੋਜ ਸੰਦ

ਇਸ ਅਧਿਆਇ ਅਧੀਨ ਗੁਰਬਾਣੀ ਚਿੰਤਨ ਦੀਆਂ ਹੁਣ ਤੱਕ ਹੋਂਦ ਵਿੱਚ ਆ ਚੁੱਕੀਆਂ ਵਿਆਖਿਆ-ਪ੍ਰਣਾਲੀਆਂ, ਅਜੋਕੇ ਉੱਤਰ ਆਧੁਨਿਕ ਯੁੱਗ ਦੀਆਂ ਵਿਸ਼ੇਸ਼ ਪ੍ਰਵਿਰਤੀਆਂ ਦੀ ਦ੍ਰਿਸ਼ਟੀ ਵਿੱਚ ਵਿਆਖਿਆਕਾਰੀ, ਗੁਰਬਾਣੀ ਵਿਆਖਿਆ ਦੇ ਪ੍ਰਮੁੱਖ ਸਿਧਾਂਤ ਅਤੇ ਗੁਰਬਾਣੀ ਵਿਆਖਿਆ ਦੀ ਸਹੀ ਸੇਧ, ਦਿਸ਼ਾ ਨਿਰਦੇਸ਼ ਅਤੇ ਪਹੁੰਚ-ਵਿਧੀ ਨੂੰ ਜਾਣਨ ਲਈ ਗੁਰਬਾਣੀ ਵਿਆਖਿਆ ਵਿੱਚ ਸਹਾਈ ਹੋਣ ਵਾਲੇ ਵਿਭਿੰਨ ਖੋਜ ਸੰਦਾਂ ਬਾਰੇ ਚਰਚਾ ਕੀਤੀ ਗਈ ਹੈ ਤਾਂ ਜੋ ਇਸ ਖੇਤਰ ਦੀ ਉਪਲਬਧੀ, ਸਥਿਤੀ ਤੇ ਸੰਭਾਵਨਾਵਾਂ ਤੋਂ ਜਾਣੂੰ ਹੋਇਆ ਜਾ ਸਕੇ।

## 4.1 ਗੁਰਬਾਣੀ ਦੀਆਂ ਵਿਆਖਿਆ-ਪ੍ਰਣਾਲੀਆਂ:

ਕਿਸੇ ਧਰਮ ਦੇ ਧਾਰਮਿਕ ਗ੍ਰੰਥ ਦੇ ਹੋਂਦ ਵਿੱਚ ਆ ਜਾਣ ਤੋਂ ਬਾਅਦ ਜਦੋਂ ਉਸ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਵੱਖੋ ਵੱਖਰੇ ਦ੍ਰਿਸ਼ਟੀਕੋਣਾਂ ਤੋਂ ਉਸ ਦੇ ਮੂਲ ਸੰਦੇਸ਼ ਜਾਂ ਅਨੁਭਵ ਦੀ ਵਿਆਖਿਆ ਕੀਤੀ ਜਾਂਦੀ ਹੈ ਤਾਂ ਵਿਆਖਿਆ ਦੇ ਕਈ ਸਕੂਲ ਜਾਂ ਪ੍ਰਣਾਲੀਆਂ ਹੋਂਦ ਵਿੱਚ ਆ ਜਾਂਦੀਆਂ ਹਨ।ਵਿਆਖਿਆ ਕਿਸੇ ਸਿਧਾਂਤ-ਬੱਧ ਚੇਤਨਾ ਰਾਹੀਂ ਹੁੰਦੀ ਹੈ, ਜਿਸ ਨੂੰ 'ਪਹੁੰਚ' ਜਾਂ 'ਨੇਮ' ਵੀ ਕਿਹਾ ਜਾਂਦਾ ਹੈ।ਇੱਕ ਖਾਸ ਚੇਤਨਾ ਅਧੀਨ ਹੋਏ ਜਦੋਂ ਕਈ ਕਾਰਜ ਸਾਹਮਣੇ ਆ ਜਾਣ ਤਾਂ ਉਸ ਦੀ ਪ੍ਰਣਾਲੀ ਬਣ ਜਾਂਦੀ ਹੈ।'ਪ੍ਰਣਾਲੀ' ਸ਼ਬਦ ਦਾ ਅਰਥ 'ਤਰੀਕਾ', 'ਢੰਗ', 'ਪਰੰਪਰਾ', 'ਪ੍ਰਥਾ', 'ਪੱਧਤੀ', 'ਪਰਨਾਲ਼ਾ', 'ਅੰਦਾਜ਼', 'ਸ਼ਾਖਾ', 'ਦ੍ਰਿਸ਼ਟੀਕੋਣ', 'ਦੁਆਰ', 'ਵਿਧੀ', 'ਸਿਧਾਂਤ', 'ਚੈਨਲ', 'ਕੋਈ ਕੰਮ ਕਰਨ ਦਾ ਉਚਿਤ ਅਤੇ ਵਿਧੀਵਤ ਢੰਗ, ਪ੍ਰਕਾਰ ਜਾਂ ਸਾਧਨ' ਜਾਂ 'ਇਨ੍ਹਾਂ ਸਾਰਿਆਂ ਅਰਥਾਂ ਵਿੱਚ ਉਹ ਸਾਰੀ ਵਿਵਸਥਾ ਅਤੇ ਉਸ ਦੇ ਸਾਰੇ ਅੰਗ ਜਿਸ ਤੋਂ ਕੋਈ ਨਿਸ਼ਚਿਤ ਜਾਂ ਵਿਸ਼ੇਸ਼ ਕੰਮ ਹੁੰਦਾ ਹੋਵੇ' ਹੈ।[1] ਸਿੱਖ ਗੁਰੂਆਂ ਦੁਆਰਾ ਅਧਿਆਤਮਕ ਅਨੁਭਵ ਨਾਲ ਸਿਰਜੀ ਗਈ ਗੁਰਬਾਣੀ ਨੂੰ ਮਨੁੱਖੀ-ਬੁੱਧੀ ਦੁਆਰਾ ਜਿਹੜੇ ਵੱਖ ਵੱਖ ਦ੍ਰਿਸ਼ਟੀਕੋਣਾਂ, ਢੰਗਾਂ ਜਾਂ ਤਰੀਕਿਆਂ ਨਾਲ ਸਮਝਿਆ ਗਿਆ, ਉਹ ਹੀ ਬਾਅਦ ਵਿੱਚ ਗੁਰਬਾਣੀ ਵਿਆਖਿਆ ਦੀਆਂ ਵੱਖੋ ਵੱਖਰੀਆਂ ਪ੍ਰਣਾਲੀਆਂ ਮੰਨੀਆਂ ਗਈਆਂ।ਗੁਰਬਾਣੀ ਵਿਆਖਿਆ ਦੇ ਇਤਿਹਾਸ ਵਿੱਚ

ਗੁਰਬਾਣੀ ਦੀਆਂ ਵੱਖੋ ਵੱਖਰੀਆਂ ਪ੍ਰਣਾਲੀਆਂ ਦੀ ਵੰਡ ਦਾ ਕਾਰਜ ਆਪਣੇ ਆਪ ਵਿੱਚ ਇੱਕ ਸੁਤੰਤਰ ਅਧਿਐਨ ਦੀ ਮੰਗ ਕਰਦਾ ਹੈ।ਗੁਰਬਾਣੀ ਵਿਆਖਿਆ ਦੀਆਂ ਵੱਖ ਵੱਖ ਪ੍ਰਣਾਲੀਆਂ ਨੂੰ ਵੰਡ ਕੇ ਵੇਖਣ ਦਾ ਪਹਿਲਾ ਕਾਰਜ 1963 ਈ. ਵਿੱਚ ਡਾ. ਗੁਰਬਚਨ ਸਿੰਘ ਤਾਲਿਬ ਜੀ ਨੇ ਕੀਤਾ।ਮਗਰੋਂ ਡਾ. ਰਤਨ ਸਿੰਘ ਜੱਗੀ ਅਤੇ ਡਾ. ਤਾਰਨ ਸਿੰਘ ਜੀ ਨੇ ਸਮੁੱਚੀ ਗੁਰਬਾਣੀ ਦੀ ਟੀਕਾਕਾਰੀ ਦੇ ਇਤਿਹਾਸ ਨੂੰ ਵੱਖ-ਵੱਖ ਪ੍ਰਣਾਲੀਆਂ ਵਿੱਚ ਵੰਡ ਕੇ ਅਧਿਐਨ ਕੀਤਾ।[2] ਇਨ੍ਹਾਂ ਵਿਦਵਾਨਾਂ ਤੋਂ ਇਲਾਵਾ 1930 ਵਿੱਚ ਭਾਈ ਕਾਨ੍ਹ ਸਿੰਘ ਨਾਭਾ ਨੇ ਵੀ 'ਗੁਰਸ਼ਬਦ ਰਤਨਾਕਰ ਮਹਾਨ ਕੋਸ਼' ਵਿੱਚ ਇਸ ਸੰਬੰਧੀ ਸਾਮੱਗਰੀ ਪ੍ਰਸਤੁਤ ਕੀਤੀ ਹੈ ਅਤੇ 2000 ਈ. ਵਿੱਚ ਡਾ. ਪਿਆਰਾ ਸਿੰਘ ਪਦਮ ਨੇ 'ਸਿੱਖ ਸੰਪ੍ਰਦਾਵਲੀ' ਵਿੱਚ ਇਨ੍ਹਾਂ ਸੰਪ੍ਰਦਾਵਾਂ ਬਾਰੇ ਭਰਪੂਰ ਜਾਣਕਾਰੀ ਜੁਟਾਈ ਹੈ।ਵੱਖ ਵੱਖ ਵਿਦਵਾਨਾਂ ਨੇ ਭਾਵੇਂ ਆਪੋ ਆਪਣੇ ਨਿਵੇਕਲੇ ਦ੍ਰਿਸ਼ਟੀਕੋਣ ਤੋਂ ਗੁਰਬਾਣੀ ਵਿਆਖਿਆਕਾਰੀ ਦੇ ਇਤਿਹਾਸਕ ਵਿਕਾਸ ਨੂੰ ਪ੍ਰਣਾਲੀ ਵੰਡ ਅਨੁਸਾਰ ਲਿਖਿਆ ਹੈ ਪ੍ਰੰਤੂ ਡਾ. ਤਾਰਨ ਸਿੰਘ ਜੀ ਨੇ ਗੁਰਬਾਣੀ ਵਿਆਖਿਆ ਦੇ ਸਮੁੱਚੇ ਇਤਿਹਾਸ ਨੂੰ ਕਾਲਕ੍ਰਮ ਅਨੁਸਾਰ ਵੱਖ ਵੱਖ ਵਿਆਖਿਆ ਪ੍ਰਣਾਲੀਆਂ ਵਿੱਚ ਵੰਡ ਕੇ ਅਧਿਐਨ ਕੀਤਾ ਹੈ।ਇਸ ਕਰ ਕੇ ਇੱਥੇ ਡਾ. ਤਾਰਨ ਸਿੰਘ ਦੁਆਰਾ ਅਕਾਦਮਿਕ ਪੱਧਰ ਉੱਤੇ ਗੁਰਬਾਣੀ ਵਿਆਖਿਆ ਦੀਆਂ ਪ੍ਰਣਾਲੀਆਂ ਦੀ ਕੀਤੀ ਗਈ ਵੰਡ ਨੂੰ ਆਧਾਰ ਬਣਾ ਕੇ ਗੁਰਬਾਣੀ ਦੀਆਂ ਹੁਣ ਤੱਕ ਹੋ ਚੁੱਕੀਆਂ ਵਿਆਖਿਆ ਪ੍ਰਣਾਲੀਆਂ ਨੂੰ ਆਪਣੀ ਦ੍ਰਿਸ਼ਟੀ ਤੋਂ ਸਮਝਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਜਿਸ ਦੀ ਵੰਡ ਇਸ ਪ੍ਰਕਾਰ ਹੈ:

1. ਸਹਿਜ ਪ੍ਰਣਾਲੀ 2. ਭਾਈ ਪ੍ਰਣਾਲੀ 3. ਪਰਮਾਰਥ ਪ੍ਰਣਾਲੀ 4. ਉਦਾਸੀ ਪ੍ਰਣਾਲੀ 5. ਨਿਰਮਲਾ ਪ੍ਰਣਾਲੀ 6. ਸੰਪ੍ਰਦਾਈ ਪ੍ਰਣਾਲੀ 7. ਸਿੰਘ ਸਭਾਈ ਪ੍ਰਣਾਲੀ 8. ਆਧੁਨਿਕ ਪ੍ਰਣਾਲੀ।

### 4.1.1 ਸਹਿਜ ਪ੍ਰਣਾਲੀ : ਬਾਣੀ ਰਾਹੀਂ ਬਾਣੀ ਦੀ ਵਿਆਖਿਆ

ਸਿੱਖ ਧਰਮ ਦੀ ਸਥਾਪਨਾ ਕਰਨ ਦੇ ਨਾਲ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪ੍ਰਮਾਤਮਾ ਵੱਲੋਂ ਪ੍ਰਾਪਤ ਹੋਏ ਉਪਦੇਸ਼ ਦਾ ਪ੍ਰਚਾਰ ਪ੍ਰਸਾਰ ਕਰਨ ਵਾਸਤੇ ਗੁਰਬਾਣੀ ਦੀ ਰਚਨਾ ਕਰਨੀ ਆਰੰਭ ਕਰ ਦਿੱਤੀ ਅਤੇ ਉਦਾਸੀਆਂ ਦੌਰਾਨ ਲੰਮੀਆਂ ਯਾਤਰਾਵਾਂ ਕਰਕੇ ਦੇਸ਼ ਵਿਦੇਸ਼ ਵਿੱਚ ਗੁਰੂ ਜੀ ਨੇ ਨਾਥਾਂ, ਜੋਗੀਆਂ ਅਤੇ ਸਿੱਧਾਂ ਆਦਿ ਨਾਲ ਗੋਸ਼ਟੀਆਂ ਅਤੇ ਸੰਵਾਦ ਰਚਾ ਕੇ ਸਿੱਖ ਧਰਮ ਦੇ ਉਪਦੇਸ਼ਾਂ ਦੀ ਵਿਆਖਿਆ ਕੀਤੀ।ਆਪਣੀ ਵਿਚਾਰਧਾਰਾ ਅਤੇ ਬਾਣੀ ਨੂੰ

ਆਪਣੇ ਉੱਤਰਾਧਿਕਾਰੀ ਨੂੰ ਸੌਂਪ ਕੇ ਗੁਰੂ ਜੀ ਨੇ ਸਿੱਖੀ ਦੇ ਪ੍ਰਚਾਰ ਪ੍ਰਸਾਰ ਵਾਸਤੇ ਦੂਰ ਦ੍ਰਿਸ਼ਟੀ ਅਪਣਾਉਂਦੇ ਹੋਏ ਸੰਸਥਾਗਤ ਨਿਰਮਾਣਕਾਰੀ ਆਰੰਭੀ ਜਿਸ ਅਧੀਨ ਹੋਰ ਗੁਰੂ ਸਾਹਿਬਾਨ ਨੇ ਆਪਣੇ ਆਪ ਨੂੰ ਪ੍ਰਾਪਤ ਹੋਏ ਦੈਵੀ ਗਿਆਨ ਅਨੁਸਾਰ ਗੁਰੂ ਨਾਨਕ ਦੀ ਵਿਚਾਰਧਾਰਾ ਨੂੰ ਸਰਲ ਤੇ ਸਪਸ਼ਟ ਕਰਦੇ ਹੋਏ ਆਪਣੀ ਬਾਣੀ ਰਚੀ ਅਤੇ ਨਾਨਕ ਬਾਣੀ ਵਿਚਲੇ ਪਰਿਭਾਸ਼ਕ ਅਤੇ ਸਿਧਾਂਤਕ ਸ਼ਬਦਾਂ ਦਾ ਸਰਲੀਕਰਨ ਕਰਕੇ 'ਨਾਨਕ' ਨਾਮ ਦੀ ਮੋਹਰ ਹੇਠ ਉਸੇ ਵਿਚਾਰਧਾਰਾ ਨੂੰ ਅੱਗੇ ਤੋਰਿਆ। ਇੰਝ ਗੁਰੂ ਨਾਨਕ ਦੀ ਵਿਚਾਰਧਾਰਾ ਅਨੁਸਾਰ ਸਾਰੇ ਹੀ ਬਾਣੀਕਾਰਾਂ ਨੂੰ ਜੋ ਦੈਵੀ ਗਿਆਨ ਪ੍ਰਾਪਤ ਹੋਇਆ ਉਹ ਸ਼ਬਦ ਰੂਪ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਜਿਉਂ ਦਾ ਤਿਉਂ ਦਰਜ ਹੈ। ਇਸ ਨੂੰ 'ਧੁਰ ਕੀ ਬਾਣੀ', 'ਖਸਮ ਕੀ ਬਾਣੀ', 'ਸੱਚ ਬਾਣੀ', 'ਅੰਮ੍ਰਿਤ ਬਾਣੀ' ਜਾਂ 'ਨਿਰਮਲ ਬਾਣੀ' ਆਦਿ ਵੀ ਕਿਹਾ ਜਾਂਦਾ ਹੈ। ਕਿਸੇ ਧਾਰਮਿਕ ਜਾਂ ਪਰਾਭੌਤਿਕ ਰਹੱਸ ਨੂੰ ਸ਼ਬਦਾਂ ਦੇ ਮਾਧਿਅਮ ਦੁਆਰਾ ਬਿਆਨ ਕਰਨਾ ਅਤਿ ਕਠਿਨ ਮੰਨਿਆ ਗਿਆ ਹੈ, ਗੁਰਬਾਣੀ ਦੇ ਅਰਥਾਂ ਨੂੰ ਅਨੁਭਵ ਕਰਕੇ ਬਿਆਨ ਕਰਨ ਦੇ ਕਾਰਜ ਨੂੰ ਬਾਣੀ ਵਿੱਚ ਹੀ ਇੰਝ ਦਰਸਾਇਆ ਗਿਆ ਹੈ:

ਕਹੁ ਕਬੀਰ ਗੂੰਗੇ ਗੁੜ ਖਾਇਆ ਪੂਛੇ ਤੇ ਕਿਆ ਕਹੀਐ॥ [3]

ਭਾਵ ਜਿਵੇਂ ਗੂੰਗਾ ਵਿਅਕਤੀ ਮਿਠਾਈ ਖਾ ਕੇ ਉਸ ਦੇ ਉੱਤਮ ਸਵਾਦ ਬਾਰੇ ਕੁਝ ਵੀ ਬਿਆਨ ਨਹੀਂ ਕਰ ਸਕਦਾ, ਠੀਕ ਉਸੇ ਤਰ੍ਹਾਂ ਗੁਰਬਾਣੀ ਦੇ ਭਾਵ ਨੂੰ ਅਨੁਭਵ ਤਾਂ ਕੀਤਾ ਜਾ ਸਕਦਾ ਹੈ ਪ੍ਰੰਤੂ ਗੁਰੂ ਨਾਨਕ ਦੇਵ ਜੀ ਦੇ ਕਹਿਣ ਅਨੁਸਾਰ:

ਨਾਨਕ ਕਥਨਾ ਕਰੜਾ ਸਾਰ॥ [4]

ਭਾਵ ਇਸ ਅਨੁਭਵ ਨੂੰ ਬਿਆਨ ਕਰਨਾ ਬੜਾ ਹੀ ਔਖਾ ਕੰਮ ਹੈ। ਇਸ ਵਿੱਚ ਕੋਈ ਸੰਦੇਹ ਨਹੀਂ ਹੈ ਕਿ ਅਧਿਆਤਮਕ ਜਗਤ ਦੇ ਸਾਧਕ ਦਾ ਅਨੁਭਵ ਆਮ ਜੀਵਨ ਦੇ ਅਨੁਭਵ ਤੋਂ ਬਹੁਤ ਵਿਲੱਖਣ ਹੁੰਦਾ ਹੈ। ਇਸੇ ਲਈ ਇਸ ਦੀ ਟੀਕਾਕਾਰੀ ਜਾਂ ਵਿਆਖਿਆ ਵੀ ਆਮ ਵਾਂਗ ਨਹੀਂ ਹੁੰਦੀ। ਗੁਰਬਾਣੀ ਵਿੱਚ 'ਵਿਆਖਿਆ' ਸ਼ਬਦ ਨਹੀਂ ਵਰਤੋਂ ਵਿੱਚ ਆਇਆ ਸਗੋਂ ਇਸ ਲਈ 'ਟੀਕਾ' ਸ਼ਬਦ ਦੀ ਵਰਤੋਂ ਹੋਈ ਹੈ ਜਿਵੇਂ:

ਮੁਖ ਤੇ ਪੜਤਾ ਟੀਕਾ ਸਹਿਤ॥

ਹਿਰਦੈ ਰਾਮੁ ਨਹੀ ਪੂਰਨ ਰਹਿਤ॥ [5]

ਭਗਤ ਬਾਣੀ ਦੀ ਵਿਆਖਿਆ ਲਈ ਸ੍ਰੀ ਗੁਰੂ ਨਾਨਕ ਅਤੇ ਗੁਰੂ ਅਰਜਨ ਦੇਵ ਜੀ ਨੇ ਖ਼ੁਦ ਆਪਣੀ ਰਚਨਾ ਵੀ ਨਾਲ ਜੋੜ ਦਿੱਤੀ ਤਾਂ ਜੋ ਜਗਿਆਸੂ ਦੇ ਸਾਰੇ ਭਰਮ-ਭੁਲੇਖੇ ਦੂਰ ਹੋ ਜਾਣ। ਜਿਵੇਂ:

ਫਰੀਦ: ਪਹਿਲੈ ਪਹਿਰੈ ਫੁਲੜਾ ਫਲ ਭੀ ਪਛਾ ਰਾਤਿ
ਜੋ ਜਾਗੰਨਿ ਲਹੰਨਿ ਸੇ ਸਾਈ ਕੰਨੋ ਦਾਤਿ।[6]

ਗੁਰੂ ਨਾਨਕ: ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ
ਇਕਿ ਜਾਗੰਦੇ ਨ ਲਹੰਨਿ ਇਕਨਾ ਸੁਤਿਆ ਦੇਇ
ਉਠਾਲਿ॥[7]

ਇਸ ਤਰ੍ਹਾਂ ਗੁਰਬਾਣੀ ਵਿਆਖਿਆ ਦਾ ਪਹਿਲਾ ਉੱਦਮ ਗੁਰੂ ਸਾਹਿਬਾਨ ਨੇ ਆਪ ਆਰੰਭ ਕੀਤਾ ਜਿਸ ਨੂੰ ਬਾਅਦ ਵਿੱਚ ਡਾ. ਤਾਰਨ ਸਿੰਘ ਦੁਆਰਾ 'ਸਹਿਜ ਪ੍ਰਣਾਲੀ' ਦਾ ਨਾਂ ਦਿੱਤਾ ਗਿਆ।[8] ਗੁਰਬਾਣੀ ਵਿਆਖਿਆ ਦੀ ਇਹ ਸਹਿਜ ਪ੍ਰਣਾਲੀ ਅੱਜ ਵੀ ਬਾਕੀ ਸਭ ਪ੍ਰਣਾਲੀਆਂ ਨਾਲੋਂ ਵਧੇਰੇ ਸ੍ਰੇਸ਼ਠ, ਪ੍ਰਮਾਣੀਕ ਅਤੇ ਸਤਿਕਾਰਤ ਮੰਨੀ ਜਾਂਦੀ ਹੈ। ਡਾ. ਪਿਆਰਾ ਸਿੰਘ ਪਦਮ ਅਨੁਸਾਰ, 'ਕੁਰਾਨ ਦੇ ਮਾਅਨੇ ਕੁਰਾਨ ਵਿੱਚੋਂ ਹੀ ਲੱਭੇ ਜਾਣ' ਦੇ ਸਿਧਾਂਤ ਅਨੁਸਾਰ 'ਗੁਰਬਾਣੀ ਦੇ ਅਰਥ ਗੁਰਬਾਣੀ ਅੰਦਰੋਂ' ਹੀ ਲੱਭੇ ਜਾ ਸਕਦੇ ਹਨ[9] ਭਾਵੇਂ ਕਾਵਿ ਰੂਪ ਵਿੱਚ ਹੋਣ ਕਾਰਣ ਇਹ ਵਿਧੀ ਕੁਝ ਕਠਿਨ ਅਤੇ ਅਪਹੁੰਚ ਜਾਪਦੀ ਹੈ ਪ੍ਰੰਤੂ ਗੁਰਬਾਣੀ ਵਿਆਖਿਆ ਦੀ ਕਿਸੇ ਵੀ ਹੋਰ ਵਿਧੀ ਜਾਂ ਪ੍ਰਣਾਲੀ ਨਾਲੋਂ ਇਹ ਸਭ ਤੋਂ ਵਧੇਰੇ ਭਰੋਸੇਯੋਗ, ਸੱਚਾਈ ਦੇ ਨੇੜੇ ਅਤੇ ਪ੍ਰਮਾਣੀਕ ਹੈ।[10] ਡਾ. ਤਾਰਨ ਸਿੰਘ ਅਨੁਸਾਰ:

> ਸਹਿਜ ਪ੍ਰਣਾਲੀ ਦੀ ਟੀਕਾਕਾਰੀ ਉਤਨੀ ਹੀ ਸਰਬੋਤਮ ਹੈ ਜਿਤਨੀ ਬਾਣੀ ਹੈ.....ਜੋ ਕਿਸੇ ਸਿਧਾਂਤ, ਤੁਕ, ਰਹੱਸ ਦੀ ਵਿਆਖਿਆ ਗੁਰੂ ਗ੍ਰੰਥ ਸਾਹਿਬ ਵਿੱਚੋਂ ਮਿਲਦੀ ਹੈ ਉਸ ਤੁੱਲ ਹੋਰ ਕੋਈ ਵਿਆਖਿਆ ਨਹੀਂ ਹੈ। ਸੋ ਇਹ ਟੀਕਾ-ਪੱਧਤੀ ਸਰਵ ਸ੍ਰੇਸ਼ਟ, ਸਰਵੋਤਮ, ਪੂਰਨ ਅਧਿਕਾਰ ਸੰਪੰਨ ਹੈ।[11]

#### 4.1.1.1 ਸਹਿਜ ਪ੍ਰਣਾਲੀ ਦੇ ਪ੍ਰਮੁੱਖ ਵਿਆਖਿਆਕਾਰ:

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਦੇ ਸਾਰੇ ਹੀ ਬਾਣੀਕਾਰ ਭਾਵ 6 ਗੁਰੂ ਸਾਹਿਬਾਨ (ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ, ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਤੇਗ਼ ਬਹਾਦਰ ਜੀ), 15 ਭਗਤ (ਕਬੀਰ ਜੀ, ਰਵਿਦਾਸ ਜੀ, ਨਾਮਦੇਵ ਜੀ, ਸ਼ੇਖ਼ ਫਰੀਦ ਜੀ, ਧੰਨਾ ਜੀ, ਬੇਣੀ ਜੀ, ਭੀਖਨ ਜੀ, ਸਧਨਾ ਜੀ, ਪੀਪਾ ਜੀ, ਤ੍ਰਿਲੋਚਨ ਜੀ, ਰਾਮਾਨੰਦ ਜੀ, ਜੈ ਦੇਵ ਜੀ, ਪਰਮਾਨੰਦ ਜੀ, ਸੂਰਦਾਸ ਜੀ, ਸੈਣ ਜੀ), 11 ਭੱਟ (ਕਲ੍ਯਸਹਾਰ ਜੀ, ਗਯੰਦ ਜੀ, ਭਿਖਾ ਜੀ, ਕੀਰਤ ਜੀ, ਮਥਰਾ ਜੀ, ਜਾਲਪ ਜੀ, ਸਲ੍ਯ ਜੀ, ਭਲ੍ਯ ਜੀ, ਬਲ੍ਯ ਜੀ, ਹਰਿਬੰਸ ਜੀ, ਨਲ੍ਯ ਜੀ) ਅਤੇ 4 ਗੁਰਸਿੱਖਾਂ (ਭਾਈ ਮਰਦਾਨਾ ਜੀ, ਬਾਬਾ ਸੁੰਦਰ ਜੀ, ਰਾਇ ਬਲਵੰਡ ਅਤੇ ਸੱਤਾ ਜੀ) ਨੇ ਗੁਰਬਾਣੀ ਦੀ ਸਹਿਜ-ਪ੍ਰਣਾਲੀ ਦੁਆਰਾ ਵਿਆਖਿਆਕਾਰੀ ਕੀਤੀ।

#### 4.1.1.2 ਸਹਿਜ ਪ੍ਰਣਾਲੀ ਦੀਆਂ ਪ੍ਰਮੁੱਖ ਪ੍ਰਵਿਰਤੀਆਂ:

ਸ਼ਹਿਜ ਪ੍ਰਣਾਲੀ ਵਿਅਖਿਆ ਵਿਧੀ ਦੇ ਹੇਠ ਲਿਖੀਆਂ ਕੁਝ ਪ੍ਰਮੁੱਖ ਪ੍ਰਮਾਣ ਇਸ ਪ੍ਰਕਾਰ ਹਨ:

- ਗੁਰੂ ਨਾਨਕ ਦੇਵ ਜੀ ਦੁਆਰਾ ਆਪਣੇ ਹੀ ਅਨੇਕ ਸਿਧਾਂਤਾਂ, ਭਾਵਾਂ ਅਤੇ ਵਿਚਾਰਾਂ ਦੀ ਵਿਆਖਿਆ ਕੀਤੀ ਗਈ ਹੈ ਤਾਂ ਜੋ ਉਨ੍ਹਾਂ ਦੁਆਰਾ ਪ੍ਰਗਟਾਈ ਗਈ ਵਿਚਾਰਧਾਰਾ ਵਧੇਰੇ ਸਪਸ਼ਟ ਹੋ ਸਕੇ।ਉਦਾਹਰਣ ਵਜੋਂ ਮੂਲਮੰਤਰ ਵਿਚਲੇ '੧ਓ' ਭਾਵ ਪਰਮਾਤਮਾ ਦੀ ਏਕਤਾ ਦੇ ਸਿਧਾਂਤ ਦੀ ਵਿਆਖਿਆ ਕਰਦੇ ਹੋਏ ਗੁਰੂ ਨਾਨਕ ਦੇਵ ਜੀ ਆਪਣੀ ਬਾਣੀ ਵਿੱਚ ਕਹਿੰਦੇ ਹਨ:

ਏਕੋ ਏਕੁ ਕਹੈ ਸਭੁ ਕੋਈ ਹਉਮੈ ਗਰਬੁ ਵਿਆਪੈ॥

ਅੰਤਰਿ ਬਾਹਰਿ ਏਕੁ ਪਛਾਣੈ ਇਉ ਘਰੁ ਮਹਲੁ ਸਿਞਾਪੈ॥

ਪ੍ਰਭੁ ਨੇੜੈ ਹਰਿ ਦੂਰਿ ਨ ਜਾਣਹੁ ਏਕੋ ਸਿਸਟਿ ਸਬਾਈ॥

ਏਕੰਕਾਰੁ ਅਵਰੁ ਨਹੀ ਦੂਜਾ ਨਾਨਕ ਏਕੁ ਸਮਾਈ॥ [12]

ਗੁਰੂ ਅੰਗਦ ਦੇਵ ਜੀ ਦੀ ਬਾਣੀ ਗੁਰੂ ਨਾਨਕ ਦੇਵ ਜੀ ਦੇ ਵਿਚਾਰਾਂ, ਸਿਧਾਂਤਾਂ ਭਾਵਨਾਵਾਂ ਨੂੰ ਨਾਨਕ-ਸ਼ੈਲੀ ਦੀ ਸੰਕੋਚਵੀਂ ਗੰਭੀਰਤਾ ਵਿੱਚੋਂ ਹੀ ਪ੍ਰਗਟ ਕਰਨ ਦਾ ਯਤਨ ਕਰਦੀ ਹੈ। ਉਦਾਹਰਣ ਵਜੋਂ 'ਆਸਾ ਦੀ ਵਾਰ' ਵਿੱਚ 'ਗੁਰੂ' ਦੀ ਮਹਾਨਤਾ ਸੰਬੰਧੀ ਸਲੋਕ ਦੋਹਾਂ ਦੇ ਭਾਵ ਗੁਰੂ ਨਾਨਕ ਅਤੇ ਗੁਰੂ ਅੰਗਦ ਦੇਵ ਜੀ ਦੇ ਦਰਜ ਹਨ:

ਗੁਰੂ ਨਾਨਕ ਦਾ ਸਲੋਕ: ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ॥
ਜਿਨ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥[13]

ਗੁਰੂ ਅੰਗਦ ਦੇਵ ਜੀ ਦਾ ਸਲੋਕ: ਜੇ ਸਉ ਚੰਦਾ ਉਗਵਹਿ ਸੂਰਜ ਚੜ੍ਹੇ ਹਜ਼ਾਰ ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥[14]

- ਨਮੂਨੇ ਮਾਤਰ 'ਵਾਰ ਮਲਾਰ' ਦੇ ਸਲੋਕਾਂ ਵਿੱਚ ਪਹਿਲੇ ਤਿੰਨ ਗੁਰੂਆਂ ਦੁਆਰਾ ਇੱਕ ਦੂਜੇ ਦੀ ਬਾਣੀ ਦੀ ਵਿਆਖਿਆ ਕਰਨ ਦੇ ਯਤਨ ਨੂੰ ਦੇਖਿਆ ਜਾ ਸਕਦਾ ਹੈ:

ਸਲੋਕ ਮਹਲਾ ੧

ਨਾਨਕ ਸਾਵਣਿ ਜੇ ਵਸੈ ਚਹੁ ਓਮਾਹਾ ਹੋਇ।
ਨਾਗਾਂ ਮਿਰਗਾਂ ਮਛੀਆਂ ਰਸੀਆਂ ਘਰਿ ਧਨੁ ਹੋਇ।[15]

ਸਲੋਕ ਮਹਲਾ ੨

ਸਾਵਣੁ ਆਇਆ ਹੇ ਸਖੀ ਜਲਹਰੁ ਬਰਸਨਹਾਰ।
ਨਾਨਕ ਸੁਖਿ ਸਵਨ ਸੋਹਾਗਣੀ ਜਿਨ ਸਹ ਨਾਲਿ ਪਿਆਰੁ।[16]

ਸਲੋਕ ਮਹਲਾ ੩

ਊਂਨਵਿ ਊਂਨਵਿ ਆਇਆ ਵਰਸੈ ਨੀਰੁ ਨਿਪੰਗੁ।
ਨਾਨਕ ਦੁਖੁ ਲਾਗਾ ਤਿਨ ਕਾਮਣੀ ਜਿਨ ਕੰਤੈ ਸਿਉ ਮਨਿ ਭੰਗੁ।[17]

- ਗੁਰੂ ਨਾਨਕ ਬਾਣੀ ਦੀ ਵਿਆਖਿਆ ਗੁਰੂ ਅਰਜਨ ਦੇਵ ਜੀ ਨੇ ਅਨੇਕ ਥਾਈਂ ਕੀਤੀ ਹੈ। ਜਿਵੇਂ:

ਅਸੰਖ ਜਪ ਅਸੰਖ ਭਾਉ। ਅਸੰਖ ਪੂਜਾ ਅਸੰਖ ਤਪ ਤਾਉ...॥[18]
ਕਈ ਕੋਟਿ ਹੋਇ ਪੂਜਾਰੀ। ਕਈ ਕੋਟਿ ਆਚਾਰ ਬਿਉਹਾਰੀ...॥[19]

ਉਪਰੋਕਤ ਚਰਚਾ ਦੇ ਨਤੀਜੇ ਵਜੋਂ ਕਹਿ ਸਕਦੇ ਹਾਂ ਕਿ ਭਾਵੇਂ ਇਸ ਪ੍ਰਣਾਲੀ ਦਾ ਮਾਧਿਅਮ ਕਾਵਿ ਹੈ ਜੋ ਕਿ ਇਸ ਦੀ ਖੂਬੀ ਵੀ ਹੈ ਅਤੇ ਕਠਿਨਾਈ ਵੀ ਪ੍ਰੰਤੂ ਗੁਰੂ ਨਾਨਕ ਦੀ ਵਿਚਾਰਧਾਰਾ ਦੀ ਇਸ ਵਿਆਖਿਆ ਨਾਲੋਂ ਵਧੇਰੇ ਭਰੋਸੇਯੋਗ ਕੋਈ ਹੋਰ ਵਿਆਖਿਆ ਨਹੀਂ ਹੈ ਅਤੇ ਮੌਜੂਦਾ ਸਮੇਂ ਵੀ ਵਧੇਰੇ ਵਿਆਖਿਆਕਾਰਾਂ ਅਤੇ ਕਥਾਕਾਰਾਂ ਵੱਲੋਂ ਇਸੇ ਵਿਧੀ ਨੂੰ ਪ੍ਰਮੁੱਖਤਾ ਸਹਿਤ ਅਪਣਾਇਆ ਜਾ ਰਿਹਾ ਹੈ।

### 4.1.2 ਭਾਈ ਪ੍ਰਣਾਲੀ : ਸਿਧਾਂਤਮੁਖੀ ਵਿਆਖਿਆ

ਭਾਈ ਗੁਰਦਾਸ ਜੀ ਗੁਰਬਾਣੀ ਵਿਆਖਿਆ ਦੀ ਭਾਈ ਪ੍ਰਣਾਲੀ ਦੇ ਮੋਢੀ ਹਨ ਅਤੇ ਉਹ ਹੀ ਗੁਰਬਾਣੀ ਦੇ ਪਹਿਲੇ ਵਿਆਖਿਆਕਾਰ ਵੀ ਅਖਵਾਉਂਦੇ ਹਨ ਕਿਉਂਕਿ ਗੁਰਬਾਣੀ ਨੂੰ ਸਮਝਣ ਅਤੇ ਪ੍ਰਚਾਰਨ ਲਈ ਸਿੱਖੀ ਸਿਧਾਂਤਾਂ ਦੀ ਵਿਆਖਿਆ ਸਭ ਤੋਂ ਪਹਿਲਾਂ ਆਪਣੀ ਨਿਵੇਕਲੀ ਵਿਧੀ ਨਾਲ ਭਾਈ ਗੁਰਦਾਸ ਜੀ ਨੇ ਕੀਤੀ।ਭਾਈ ਗੁਰਦਾਸ ਜੀ ਦੀ ਰਚਨਾ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਤੋਂ ਬਾਅਦ ਪ੍ਰਥਮ ਭਰੋਸੇਯੋਗ ਵਿਆਖਿਆ ਮੰਨੀ ਗਈ ਹੈ।[20] ਗੁਰੂ-ਕਾਲ ਵਿੱਚ ਹੀ ਗੁਰਬਾਣੀ ਦੇ ਅਰਥ ਵਿਚਾਰ, ਪ੍ਰਚਾਰ ਅਤੇ ਪ੍ਰਸਾਰ ਲਈ ਸ੍ਰੀ ਗੁਰੂ ਰਾਮਦਾਸ ਜੀ ਨੇ ਭਾਈ ਗੁਰਦਾਸ ਜੀ ਨੂੰ ਗੁਰਮਤਿ ਦੇ ਪ੍ਰਚਾਰਕ ਥਾਪਿਆ।ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲਿਖਾਰੀ ਹੋਣ ਕਰਕੇ ਉਹ ਗੁਰਬਾਣੀ ਦੇ ਰਹੱਸ ਨੂੰ ਪ੍ਰਬੁੱਧ ਰੂਪ ਵਿੱਚ ਅਨੁਭਵ ਕਰ ਚੁੱਕੇ ਸਨ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਹੁਕਮ ਅਨੁਸਾਰ ਉਹ ਸਿੱਖ ਸੰਗਤਾਂ ਵਿੱਚ ਗੁਰਬਾਣੀ ਦੀ ਕਥਾ ਕਰਿਆ ਕਰਦੇ ਸਨ।ਇਸੇ ਅਨੁਸਾਰ ਥਾਉਂ-ਥਾਈਂ ਬਾਣੀ ਦੇ ਅਰਥਾਂ ਦੀ ਸੂਝ ਰੱਖਣ ਵਾਲੇ ਹੋਰ ਵਿਦਵਾਨ ਸਿੱਖ ਵੀ ਕਥਾ-ਵਾਰਤਾ ਕਰਨ ਲੱਗ ਪਏ ਸਨ ਜਿਸ ਨਾਲ ਗੁਰਬਾਣੀ ਵਿਆਖਿਆ ਦੀ ਇੱਕ ਸਰਲ ਅਤੇ ਰੋਚਕ ਵਿਧੀ ਸਥਾਪਿਤ ਹੋਣ ਲੱਗ ਪਈ ਅਤੇ ਇਸੇ ਵਿਧੀ ਨੂੰ ਬਾਅਦ ਵਿੱਚ ਗੁਰਬਾਣੀ ਵਿਆਖਿਆ ਦੀ 'ਭਾਈ ਪ੍ਰਣਾਲੀ' ਦਾ ਨਾਂ ਦਿੱਤਾ ਗਿਆ।1604 ਈ. ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਕਾਰਜ ਸੰਪੰਨ ਹੋਣ ਤੋਂ ਬਾਅਦ ਭਾਈ ਗੁਰਦਾਸ ਜੀ ਦੀਆਂ 40 ਵਾਰਾਂ ਵੀ ਪ੍ਰਕਾਸ਼ ਵਿੱਚ ਆਈਆਂ ਜੋ ਗੁਰਬਾਣੀ ਸਿਧਾਂਤਾਂ ਨੂੰ ਸੂਤਰਬੱਧ ਕਰਕੇ ਸਰਲ ਕਾਵਿਮਈ ਸ਼ੈਲੀ ਵਿੱਚ ਸਪਸ਼ਟ ਕਰਦੀਆਂ ਹਨ।

ਰਵਾਇਤ ਅਨੁਸਾਰ ਭਾਈ ਗੁਰਦਾਸ ਜੀ ਹੀ ਸਿੱਖ ਧਰਮ ਦੇ ਪਹਿਲੇ ਚਿੰਤਕ, ਪਹਿਲੇ ਪ੍ਰਚਾਰਕ ਅਤੇ ਪਹਿਲੇ ਵਿਦਵਾਨ ਪ੍ਰਵਕਤਾ ਹੋਣ ਦੇ ਨਾਲ-ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਜਿਹੇ ਪਹਿਲੇ ਵਿਆਖਿਆਕਾਰ ਹਨ ਜਿਨ੍ਹਾਂ ਨੇ ਨਾ ਕੇਵਲ ਮੌਖਿਕ ਅਤੇ ਲਿਖਤੀ ਰੂਪ ਵਿੱਚ

ਗੁਰਬਾਣੀ ਵਿਆਖਿਆ ਹੀ ਕੀਤੀ ਸਗੋਂ ਸਿੱਖੀ ਆਦੇਸ਼ਾਂ ਅਤੇ ਆਦਰਸ਼ਾਂ ਸਹਿਤ ਜੀਵਨ ਜਿਉ ਕੇ ਗੁਰਬਾਣੀ ਵਿਆਖਿਆ ਦਾ ਅਮਲੀ ਰੂਪ ਆਪਣੀ ਗੁਰਮੁਖੀ ਰਹਿਣੀ-ਬਹਿਣੀ ਵਿੱਚੋਂ ਦ੍ਰਿਸ਼ਟਮਾਨ ਕੀਤਾ।ਇਸੇ ਲਈ ਉਨ੍ਹਾਂ ਦੀਆਂ ਰਚਨਾਵਾਂ ਨੂੰ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕੁੰਜੀ' ਕਹਿ ਕੇ 'ਗੁਰਬਾਣੀ' ਜੇਡਾ ਹੀ ਰੁਤਬਾ ਪ੍ਰਦਾਨ ਕੀਤਾ ਹੈ।'ਗੁਰਬਾਣੀ ਦੀ ਕੁੰਜੀ ਬਾਣੀ, ਜੋ ਭਾਈ ਗੁਰਦਾਸ ਬਖਾਣੀ॥ 'ਜਿਵੇਂ ਬੰਦ ਤਾਲੇ ਨੂੰ ਕੁੰਜੀ ਨਾਲ ਖੋਲ੍ਹਿਆ ਜਾਂਦਾ ਹੈ ਉਸੇ ਤਰ੍ਹਾਂ ਭਾਈ ਗੁਰਦਾਸ ਦੀ ਬਾਣੀ ਗੁਰਬਾਣੀ ਦੇ ਗੁੱਝੇ ਅਰਥਾਂ ਅਤੇ ਭੇਦਾਂ ਨੂੰ ਖੋਲ੍ਹਣ ਦਾ ਕੰਮ ਬਾਖੂਬੀ ਕਰਦੀ ਹੈ।

ਗੁਰਮਤਿ ਵਿਚਲੀ ਪਰਿਭਾਸ਼ਕ ਸ਼ਬਦਾਵਲੀ ਅਤੇ ਸਿਧਾਂਤਕ ਜਾਣਕਾਰੀ ਨੂੰ ਖੋਲ੍ਹ ਕੇ ਵਿਸਥਾਰ ਸਹਿਤ ਸਪਸ਼ਟ ਕਰਦੇ ਹੋਏ ਪੰਜਾਬੀ ਵਿੱਚ 40 ਵਾਰਾਂ, ਬ੍ਰਜ ਭਾਸ਼ਾ ਵਿੱਚ 675 ਕਬਿੱਤ ਸਵੱਈਯੇ ਅਤੇ ਸੰਸਕ੍ਰਿਤ ਭਾਸ਼ਾ ਵਿੱਚ 6 ਸਲੋਕ[21] ਲਿਖ ਕੇ ਆਉਣ ਵਾਲੀਆਂ ਨਸਲਾਂ ਲਈ ਆਪ ਸਿੱਖੀ ਦਾ ਸੰਦੇਸ਼, ਗੁਰ ਇਤਿਹਾਸ, ਗੁਰਸਿੱਖੀ ਦਾ ਰਹਿਤਨਾਮਾ, ਉੱਘੇ ਗੁਰਸਿੱਖਾਂ ਅਤੇ ਸੰਗਤਾਂ ਦੇ ਹਾਲਾਤ ਅਤੇ ਪੌਰਾਣਿਕ ਜਾਣਕਾਰੀ ਸੰਭਾਲ ਕੇ 25 ਅਗਸਤ 1636 ਨੂੰ ਗੋਇੰਦਵਾਲ ਵਿਖੇ ਜੋਤੀ ਜੋਤ ਸਮਾ ਗਏ।

### 4.1.2.1 ਭਾਈ ਪ੍ਰਣਾਲੀ ਦੇ ਪ੍ਰਮੁੱਖ ਵਿਆਖਿਆਕਾਰ:

ਗੁਰਬਾਣੀ ਪ੍ਰਚਾਰ ਹਿੱਤ ਭਾਈ ਪ੍ਰਣਾਲੀ ਅਨੁਸਾਰ ਗੁਰਬਾਣੀ ਦੀ ਵਿਆਖਿਆ ਕਰਨ ਵਾਲੇ ਇੱਕੋ-ਇੱਕ ਅਜਿਹੇ ਵਿਆਖਿਆਕਾਰ ਭਾਈ ਗੁਰਦਾਸ ਜੀ ਹਨ ਜਿਨ੍ਹਾਂ ਨੇ ਇਕੱਲੇ ਹੀ ਲਿਖਤੀ ਰੂਪ ਵਿੱਚ ਆਪਣੀ ਨਿਵੇਕਲੀ ਵਿਧੀ ਨਾਲ ਗੁਰਬਾਣੀ ਦੀ ਸਿਧਾਂਤਮੁਖੀ ਵਿਆਖਿਆ ਕੀਤੀ ਭਾਵੇਂ ਉਸ ਸਮੇਂ ਵਿੱਚ ਹੋਰ ਵਿਦਵਾਨ ਵੀ ਉਨ੍ਹਾਂ ਜਿਹੀ ਕਥਾ ਕਰਨ ਲੱਗ ਪਏ ਸਨ ਪਰ ਹੋਰ ਕਿਸੇ ਦੇ ਲਿਖਤੀ ਪ੍ਰਮਾਣ ਨਾ ਹੋਣ ਕਾਰਨ ਭਾਈ ਗੁਰਦਾਸ ਜੀ ਇਕੱਲੇ ਹੀ ਇਸ ਪ੍ਰਣਾਲੀ ਦੇ ਵਿਆਖਿਆਕਾਰ ਮੰਨੇ ਜਾਂਦੇ ਹਨ।

### 4.1.2.2 ਭਾਈ ਪ੍ਰਣਾਲੀ ਦੀਆਂ ਪ੍ਰਮੁੱਖ ਪ੍ਰਵਿਰਤੀਆਂ:

ਭਾਈ ਗੁਰਦਾਸ ਰਚਿਤ ਵਾਰਾਂ, ਕਬਿੱਤ ਸਵੱਈਆਂ ਅਤੇ ਸੰਸਕ੍ਰਿਤ ਸਲੋਕਾਂ ਵਿੱਚ ਸਾਨੂੰ ਹੇਠ ਲਿਖੀਆਂ ਪ੍ਰਮੁੱਖ ਪ੍ਰਵਿਰਤੀਆਂ ਮਿਲਦੀਆ ਹਨ :

- ਸਿਲਸਿਲੇਵਾਰ ਢੁਕਵਾਂ ਤੁਕਵਾਰ ਟੀਕਾ

ਭਾਈ ਗੁਰਦਾਸ ਜੀ ਦੀ ਵਿਆਖਿਆ ਵਿੱਚ ਗੁਰਬਾਣੀ ਦੇ ਸ਼ਬਦਾਂ ਜਾਂ ਸਲੋਕਾਂ ਦੀ ਹਰ ਤੁੱਕ ਦਾ ਸਿਲਸਿਲੇਵਾਰ ਸੰਖੇਪ ਅਰਥ ਹੁੰਦਾ ਹੈ ਜਿਵੇਂ: ਮੂਲ-ਮੰਤਰ ਦੀ ਗੁੱਝੀ ਰਮਜ਼ ਖੋਲ੍ਹਦਿਆਂ ਇਸ ਦਾ ਟੀਕਾ ਤੀਜੀ ਵਾਰ ਦੀ ਪੰਦਰਵੀਂ ਪਉੜੀ ਵਿੱਚ ਇਸ ਪ੍ਰਕਾਰ ਕੀਤੀ ਗਈ ਹੈ:

ਏਕਾ ਏਕੰਕਾਰ ਲਿਖਿ ਦੇਖਾਲਿਆ।

ਊੜਾ ਓਅੰਕਾਰੁ ਪਾਸਿ ਬਹਾਲਿਆ।

.......................................

ਨੀਲ ਅਨੀਲ ਵੀਚਾਰਿ ਪਿਰਮ ਪਿਆਲਿਆ।੧੫।[22]

- ਪ੍ਰਯਾਯਵਾਚੀ ਅਰਥ:

ਭਾਈ ਸਾਹਿਬ ਨੇ ਵਾਰਾਂ ਦੀ ਸ਼ਬਦਾਵਲੀ ਦੀ ਚੋਣ ਸਮੇਂ ਪ੍ਰਯਾਯਵਾਚੀ ਅਰਥਾਂ ਦੀ ਵਰਤੋਂ ਬੜੇ ਹੀ ਸੁਚੱਜੇ ਢੰਗ ਨਾਲ ਕੀਤੀ ਗਈ ਹੈ।ਵਾਰਾਂ ਵਿੱਚ ਆਏ ਪਦਾਂ ਦੇ ਪ੍ਰਯਾਯਵਾਚੀ ਅਰਥਾਂ ਨੂੰ ਉਨ੍ਹਾਂ ਨੇ ਬੜਾ ਖੋਲ੍ਹ ਕੇ ਸਪਸ਼ਟ ਦੱਸਿਆ ਹੈ ਜਿਵੇਂ ਪਹਿਲੀ ਵਾਰ ਦੀ ਪਹਿਲੀ ਪਉੜੀ ਇਹ ਹੈ:

ਨਮਸਕਾਰ ਗੁਰਦੇਵ ਕੋ ਸਤਿਨਾਮੁ ਜਿਸ ਮੰਤਰ ਸੁਣਾਇਆ।

.......................................................

ਸੰਸਾ ਇਹੁ ਸੰਸਾਰੁ ਹੈ ਜਨਮ ਮਰਣ ਵਿਚਿ ਦੁਖ ਸਬਾਇਆ।[23]

ਇਸ ਪਉੜੀ ਵਿੱਚ ਕਈ ਪ੍ਰਯਾਯ ਲੱਭ ਜਾਂਦੇ ਹਨ ਜੋ ਗੁਰਬਾਣੀ ਵਿੱਚ ਵਰਤੇ ਗਏ ਪਦਾਂ ਦੇ ਵੀ ਅਰਥ ਦੱਸਦੇ ਹਨ:

| | | |
|---|---|---|
| ਸਤਿਨਾਮੁ | - | ਮੰਤ੍ਰ ਹੈ |
| ਮੁਕਤਿ | - | ਭਵਜਲ ਵਿੱਚੋਂ ਕੱਢਣਾ |
| ਭਉ | - | ਜਨਮ ਮਰਣ ਦਾ ਭਉ ਹੈ |
| ਸੰਸਾ | - | ਸੰਸਾ ਇਹੁ ਸੰਸਾਰ ਹੈ |

- ਪਰਿਭਾਸ਼ਕ ਸ਼ਬਦਾਂ ਤੇ ਬੁਨਿਆਦੀ ਸਿਧਾਂਤਾਂ ਦੀ ਮੌਲਿਕ ਵਿਆਖਿਆ:

ਭਾਈ ਸਾਹਿਬ ਨੇ ਗੁਰਮਤਿ ਸਿਧਾਂਤਾਂ ਨੂੰ ਹੀ ਆਪਣੀਆਂ ਵਾਰਾਂ ਦਾ ਵਿਸ਼ਾ ਬਣਾਇਆ ਹੈ ਤੇ ਆਪਣੀ ਸਾਰੀ ਕਾਵਿ-ਪ੍ਰਤਿਭਾ ਅਤੇ ਕਲਪਨਾ ਸ਼ਕਤੀ ਨੂੰ ਵਰਤ ਕੇ ਉਨ੍ਹਾਂ ਨੇ ਇਨ੍ਹਾਂ ਸਿਧਾਂਤਾਂ ਦੀ ਵਿਆਖਿਆ ਕੀਤੀ ਹੈ।ਨਮੂਨੇ ਮਾਤਰ ਇੱਕ ਸਿਧਾਂਤ ਵੇਖਦੇ ਹਾਂ:

ਗੁਰਮੁਖਿ ਦਾ ਸਰੂਪ ਅਤੇ ਵਿਹਾਰ

ਗੁਰਮੁਖਿ ਹੋਵੈ ਸਾਧ ਸੰਗੁ ਹੋਰਤੁ ਸੰਗਿ ਕੁਸੰਗਿ ਨ ਰਚੈ।

........................................

ਗੁਰਮੁਖਿ ਭਾਇ ਭਗਤਿ ਚਹਮਚੈ।[24]

- ਗੁਰ ਇਤਿਹਾਸ ਦੀ ਵਿਆਖਿਆ:

ਭਾਈ ਗੁਰਦਾਸ ਜੀ ਨੇ ਭੱਟਾਂ ਵਾਂਗ ਹੀ ਗੁਰ-ਜੀਵਨ ਚਿਤਰਿਆ ਹੈ।ਪਹਿਲੀ ਵਾਰ ਵਿੱਚ ਵਿਸ਼ੇਸ਼ ਕਰਕੇ ਆਪ ਨੇ ਗੁਰੂ ਨਾਨਕ ਦਾ ਜੀਵਨ ਚਿਤਰਿਆ ਹੈ:

ਨਾਨਕ ਕਲਿ ਵਿਚਿ ਆਇਆ ਰਬੁ ਫਕੀਰੁ ਇਕੋ ਪਹਿਚਾਨਾ।

ਧਰਤਿ ਆਕਾਸ ਚਹੁ ਦਿਸ ਜਾਨਾ।[25]

- ਪੌਰਾਣਿਕ ਸੰਕੇਤਾਂ ਦੀ ਵਿਆਖਿਆ:

ਭਾਈ ਗੁਰਦਾਸ ਭਾਰਤੀ ਮਿਥਿਹਾਸ ਅਤੇ ਦਰਸ਼ਨ ਦੇ ਪੂਰਨ ਵਿਦਵਾਨ ਸਨ।ਉਨ੍ਹਾਂ ਨੇ ਆਪਣੀਆਂ ਵਾਰਾਂ ਵਿੱਚ ਪੌਰਾਣਿਕ ਸੰਕੇਤਾਂ ਦੀ ਵਿਆਖਿਆ ਬੜੀ ਸੰਕੋਚਵੀਂ ਕੀਤੀ ਹੈ ਅਤੇ ਹਰ ਪੌਰਾਣਿਕ ਸਾਖੀ ਵਿੱਚੋਂ ਕੋਈ ਨ ਕੋਈ ਗੁਰਮਤਿ ਦਾ ਸਿਧਾਂਤ ਦਿੱਤਾ ਹੈ ਜਿਵੇਂ ਹੇਠ ਲਿਖੀ ਪਉੜੀ ਭਗਤ ਧ੍ਰੂ ਦੀ ਸਾਖੀ ਵਿੱਚੋਂ ਨਿਕਲੇ ਤੱਥ ਅਤੇ ਤੱਤ ਦਰਸਾਉਂਦੀ ਹੈ:

ਧ੍ਰੂ ਹਸਦਾ ਘਰਿ ਆਇਆ ਕਰਿ ਪਿਆਰੁ ਪਿਉ ਕੁਛੜਿ ਲੀਤਾ।

ਬਾਹਹੁ ਪਕੜਿ ਉਠਾਲਿਆ ਮਨ ਵਿਚਿ ਰੋਸੁ ਮਤੇਈ ਕੀਤਾ।

........................................

ਹਾਰਿ ਚਲੇ ਗੁਰਮੁਖਿ ਜਗ ਜੀਤਾ।[26]

ਇਸ ਪ੍ਰਕਾਰ ਭਾਈ ਗੁਰਦਾਸ ਜੀ ਨੇ ਗੁਰੂ-ਕਾਲ ਦੇ ਦੌਰਾਨ ਹੀ ਗੁਰਬਾਣੀ ਅਤੇ ਗੁਰ-ਇਤਿਹਾਸ ਦੀ ਵਿਆਖਿਆ ਕਰਨ ਦੀ ਪਰਿਪਾਟੀ ਤੋਰੀ। ਗੁਰਬਾਣੀ ਵਿਆਖਿਆ ਦੀ ਇਸ ਪ੍ਰਣਾਲੀ ਨੂੰ ਆਪ ਗੁਰੂ ਸਾਹਿਬ ਨੇ ਪ੍ਰਵਾਨਗੀ ਦੇ ਕੇ ਮਹਾਨਤਾ ਬਖਸ਼ਿਸ਼ ਕੀਤੀ।

### 4.1.3 ਪਰਮਾਰਥ ਪ੍ਰਣਾਲੀ : ਗੁਰ ਇਤਿਹਾਸਕ ਪ੍ਰਸੰਗਾਂ ਸਹਿਤ ਵਿਆਖਿਆ

ਭਾਈ ਗੁਰਦਾਸ ਜੀ ਤੋਂ ਬਾਅਦ ਗੁਰੂ ਸਾਹਿਬ ਤੋਂ ਬਾਣੀ ਦੇ ਅਰਥ ਸ੍ਰਵਣ ਕਰਨ ਵਾਲੇ ਵਿਆਖਿਆਕਾਰ ਗੁਰੂ ਅਰਜਨ ਦੇਵ ਜੀ ਦੇ ਵੱਡੇ ਭਰਾ ਪ੍ਰਿਥੀ ਚੰਦ ਦੇ ਸਪੁੱਤਰ ਸੋਢੀ ਮਨੋਹਰ ਦਾਸ ਮਿਹਰਬਾਨ ਜੀ ਸਨ। ਤਾਰਨ ਸਿੰਘ ਜੀ ਅਨੁਸਾਰ ਗੁਰਬਾਣੀ ਦੀ ਟੀਕਾਕਾਰੀ ਅਤੇ ਵਿਆਖਿਆਕਾਰੀ ਦੇ ਇਤਿਹਾਸ ਵਿੱਚ 'ਸਹਿਜ ਪ੍ਰਣਾਲੀ' ਅਤੇ 'ਭਾਈ-ਪ੍ਰਣਾਲੀ' ਪਹਿਲੇ ਦੋ ਪੜਾਅ ਹਨ ਤੇ ਮਿਹਰਬਾਨ ਦੇ ਪਰਮਾਰਥ ਤੀਜਾ ਪੜਾਅ ਹਨ।[27] ਗੁਰੂ ਨਾਨਕ ਦੇਵ ਜੀ ਦੀਆਂ ਬਾਣੀਆਂ, ਸ਼ਬਦਾਂ ਤੇ ਸਲੋਕਾਂ ਦੇ ਟੀਕਿਆਂ ਦੇ ਨਾਲ ਹੀ ਤੁਰ ਪਈਆਂ ਜਨਮ-ਸਾਖੀਆਂ, ਗੋਸ਼ਟੀਆਂ, ਪਰਮਾਰਥ ਅਤੇ ਸਾਰ ਆਦਿ। ਜਨਮ-ਸਾਖੀਆਂ, ਟੀਕੇ, ਵਿਆਖਿਆ ਅਤੇ ਪਰਮਾਰਥ ਇੱਕ ਦੂਜੇ ਵਿੱਚ ਰਲਗਡ ਹੁੰਦੇ ਗਏ ਅਤੇ ਉਨ੍ਹਾਂ ਇੱਕ ਨਵੀਨ ਰੂਪ ਧਾਰਨ ਕਰ ਲਿਆ ਜਿਸ ਦੀ ਸਿਖ਼ਰ ਹੈ ਸੋਢੀ ਮਿਹਰਬਾਨ ਦੀ ਰਚਨਾ 'ਪੋਥੀ ਸਚਖੰਡ'। ਗੁਰ ਇਤਿਹਾਸ ਅਤੇ ਗੁਰਬਾਣੀ ਵਿਚਲੇ ਗੁਰ ਸਿਧਾਂਤਾਂ ਦੀ ਵਿਆਖਿਆ ਪਹਿਲੀ ਵਾਰ ਵਾਰਤਕ ਰੂਪ ਵਿੱਚ ਇੱਕ ਨਵੀਨ, ਵਿਲੱਖਣ ਅਤੇ ਕਲਾਤਮਕ ਢੰਗ ਨਾਲ ਹੋਣ ਲੱਗੀ ਜਿਸ ਨੂੰ 'ਪਰਮਾਰਥ' ਕਿਹਾ ਗਿਆ। ਪਰਮਾਰਥ ਦਾ ਅਰਥ ਹੈ ਪਰਮ ਉੱਤਮ ਪਦਾਰਥ, ਸਾਰ ਵਸਤੂ, ਆਤਮ ਵਿੱਦਿਆ, ਭਾਵਾਰਥ, ਕਿਸੇ ਗੂੜ੍ਹ ਬਾਣੀ ਦੇ ਭਾਵਾਰਥ ਨੂੰ ਪ੍ਰਗਟ ਕਰਨ ਵਾਲੀ ਕਲਾ।[28]

ਗੁਰਬਾਣੀ ਵਿਆਖਿਆ ਦੇ ਇਤਿਹਾਸ ਵਿੱਚ ਪਰਮਾਰਥ ਪ੍ਰਣਾਲੀ ਦਾ ਇੱਕ ਖਾਸ ਸਥਾਨ ਹੈ। ਸਿਧਾਂਤਾਂ ਨੂੰ ਸਪਸ਼ਟ ਕਰਨ ਲਈ ਭਾਵੇਂ ਪਰਮਾਰਥਾਂ ਰੂਪੀ ਸਾਧਨ ਪੁਰਾਤਨ ਕਾਲ ਤੋਂ ਹੀ ਹਰ ਸਾਹਿਤ ਵਿੱਚ ਵਰਤੇ ਜਾਂਦੇ ਸਨ ਪ੍ਰੰਤੂ ਗੁਰਬਾਣੀ ਵਿਆਖਿਆ ਦੇ ਇਤਿਹਾਸ ਵਿੱਚ ਸੋਢੀ ਮਿਹਰਬਾਨ ਅਤੇ ਉਨ੍ਹਾਂ ਦੇ ਪੁੱਤਰਾਂ ਸੋਢੀ ਹਰਿ ਜੀ, ਸੋਢੀ ਚਤੁਰਭੁਜ ਦੁਆਰਾ ਰਚੇ ਪਰਮਾਰਥ ਬੜਾ ਸ੍ਰੇਸ਼ਟ ਸਥਾਨ ਰੱਖਦੇ ਹਨ। ਇਨ੍ਹਾਂ ਨੇ ਆਪਣੀਆਂ ਰਚਨਾਵਾਂ ਦਾ 'ਮਹਲਾ ਛੇਵਾਂ', 'ਮਹਲਾ ਸੱਤਵਾਂ' ਅਤੇ 'ਮਹਲਾ ਅੱਠਵਾਂ' ਸਿਰਲੇਖਾਂ ਅਧੀਨ ਗੁਰਬਾਣੀ ਅੰਦਰ ਰਲਾ ਪਾਉਣ ਦਾ ਵੀ ਪ੍ਰਯਾਸ ਕੀਤਾ ਪ੍ਰੰਤੂ ਗੁਰੂ ਅਰਜਨ ਦੇਵ ਜੀ ਨੇ 'ਆਦਿ ਗ੍ਰੰਥ'

ਦੀ ਸੰਪਾਦਨਾ ਕਰਕੇ ਇਨ੍ਹਾਂ ਦੀ 'ਕੱਚੀ ਬਾਣੀ' ਜਾਂ ਵਿਆਖਿਆਤਮਕ ਸਾਹਿਤ ਰਲਾਉਣ ਦੇ ਇਸ ਪ੍ਰਯਾਸ ਨੂੰ ਸਫਲ ਨਾ ਹੋਣ ਦਿੱਤਾ। ਸਿੱਖ ਇਤਿਹਾਸ ਵਿੱਚ ਇਸੇ ਨੂੰ 'ਮੀਣਾ-ਪ੍ਰਥਾ' ਕਿਹਾ ਗਿਆ ਹੈ। ਭਾਈ ਗੁਰਦਾਸ ਜੀ ਨੇ ਆਪਣੀ ਵਾਰ ਵਿੱਚ ਮੀਣਿਆਂ ਦਾ ਜ਼ਿਕਰ ਇਉਂ ਕੀਤਾ ਹੈ:

ਕੈਹਾ ਦਿਸੈ ਉਜਲਾ ਮਸੁ ਅੰਦਰਿ ਚਿਤੈ॥

.................................

ਖੋਟੀ ਸੰਗਤਿ ਮੀਣਿਆ ਦੁਖ ਦੇਦੀ ਮਿਤੈ॥ [29]

ਗੁਰਬਾਣੀ ਵਿਆਖਿਆ ਦਾ ਸ੍ਰੇਸ਼ਟ ਸਾਹਿਤ ਰਚ ਕੇ ਇਹ ਗੁਰਬਾਣੀ ਦੇ ਬਹੁਤ ਹੀ ਪ੍ਰਭਾਵਸ਼ਾਲੀ ਵਿਆਖਿਆਕਾਰ ਸਾਬਿਤ ਹੋਏ। ਇਸ ਸੰਪਰਦਾ ਦੇ ਤਿੰਨੋਂ ਵਿਅਕਤੀਆਂ ਦੁਆਰਾ ਗੁਰਬਾਣੀ ਦੀ ਜੋ ਪਰਮਾਰਥਮਈ ਵਿਆਖਿਆ ਕੀਤੀ ਗਈ, ਉਹ ਆਪਣੇ-ਆਪ ਵਿੱਚ ਬਹੁਤ ਮਹੱਤਵਪੂਰਣ ਹੈ। ਡਾ. ਤਾਰਨ ਸਿੰਘ ਜੀ ਨੇ ਗੁਰਬਾਣੀ ਵਿਆਖਿਆ ਦੀ 'ਪਰਮਾਰਥ ਪ੍ਰਣਾਲੀ' ਅੰਦਰ ਸੋਢੀ ਮਨੋਹਰ ਦਾਸ (ਮਿਹਰਬਾਨ) ਦੁਆਰਾ ਰਚਿਤ ਗ੍ਰੰਥਾਂ ਦਾ ਵੇਰਵਾ ਇਸ ਪ੍ਰਕਾਰ ਦਿੱਤਾ ਹੈ:

ਗੋਸ਼ਟਾਂ ਕਬੀਰ ਜੀ ਦੀਆਂ, ਗੋਸ਼ਟਾਂ ਭਗਤਾਂ ਕੀਆਂ, ਗੋਸ਼ਟਾਂ ਸਭਨਾਂ ਗੁਰਾਂ ਕੀਆਂ (ਪਹਿਲੇ ਪੰਜ ਗੁਰਾਂ ਦੀਆਂ), ਭਗਤ ਬਾਣੀ ਪਰਮਾਰਥ, ਗੁਰੂ-ਬਾਣੀ ਪਰਮਾਰਥ, ਰਾਮਕਲੀ ਓਅੰਕਾਰ ਵੱਡਾ, ਸੁਖਮਨਾ ਸਹੰਸਰਨਾਮਾ, ਵਾਰ ਮੀਰਾਂ ਕੀ, ਮਸਲੇ ਸ਼ੇਖ਼ ਫਰੀਦ ਕੇ, ਪੋਥੀ ਸਚਖੰਡ, ਬਸੰਤ ਕੀ ਵਾਰ।

ਪ੍ਰੰਤੂ ਇਸ ਵੇਲੇ 'ਪੋਥੀ ਸਚਖੰਡ' ਤੋਂ ਇਲਾਵਾ ਹੋਰ ਰਚਨਾਵਾਂ ਪ੍ਰਾਪਤ ਨਹੀਂ ਹਨ। ਪੋਥੀ ਸਚਖੰਡ (ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ) ਵਿੱਚ ਮਿਹਰਬਾਨ ਜੀ ਨੇ 153 ਗੋਸ਼ਟਾਂ ਦੇ ਅੰਤਰਗਤ ਨਾਨਕ ਬਾਣੀ ਦੇ ਲਗਭਗ 200 ਸ਼ਬਦਾਂ ਤੇ ਸਲੋਕਾਂ ਦੇ ਪਰਮਾਰਥ ਰਚੇ ਹਨ। ਡਾ. ਤਾਰਨ ਸਿੰਘ ਨੇ ਸੋਢੀ ਹਰਿ ਜੀ ਦੀਆਂ ਹੇਠ ਲਿਖੀਆਂ ਕੁਝ ਹੋਰ ਰਚਨਾਵਾਂ ਦਾ ਵੀ ਜ਼ਿਕਰ ਕੀਤਾ ਹੈ[30]:ਗੋਸਟਿ (ਗੁਰੂ) ਮਿਹਰਵਾਨ ਜੀ ਦੀ, ਪਰਮਾਰਥ ਸੁਖਮਨੀ ਸਹੰਸਰਨਾਮਾ, ਵਾਰ ਸੋਰਠਿ ਮ: ੪, ਸੁਖਮਨਾ ਮ: ੪, ਸਿੰਘਾਸਨ ਬਤੀਸੀ।

#### 4.1.3.1 **ਪਰਮਾਰਥ ਪ੍ਰਣਾਲੀ ਦੇ ਪ੍ਰਮੁੱਖ ਵਿਆਖਿਆਕਾਰ:**

ਪਰਮਾਰਥ ਪ੍ਰਣਾਲੀ ਅਨੁਸਾਰ ਗੁਰਬਾਣੀ ਦੀ ਵਿਆਖਿਆ ਕਰਨ ਵਾਲੇ ਕੇਵਲ ਤਿੰਨ ਹੀ ਵਿਆਖਿਆਕਾਰ ਹੋਏ ਹਨ – ਸੋਢੀ ਮਿਹਰਬਾਨ, ਸੋਢੀ ਹਰਿ ਜੀ ਅਤੇ ਸੋਢੀ ਚਤੁਰਭੁਜ।

#### 4.1.3.2 **ਪਰਮਾਰਥ ਪ੍ਰਣਾਲੀ ਦੀਆਂ ਪ੍ਰਮੁੱਖ ਪ੍ਰਵਿਰਤੀਆਂ:**

- ਇਹ ਨਾ ਕੇਵਲ ਲੰਮੀਆਂ ਬਾਣੀਆਂ ਦੇ ਵਿਆਖਿਆਕਾਰ ਸਨ ਸਗੋਂ ਇਨ੍ਹਾਂ ਦੁਆਰਾ ਕੀਤੀ ਗਈ ਵਿਆਖਿਆ ਦਾ ਪੱਧਰ ਵੀ ਬੜਾ ਉੱਚਾ, ਵਿਲੱਖਣ ਅਤੇ ਸ੍ਰੇਸ਼ਟ ਸੀ।
- 'ਪੋਥੀ ਸਚਖੰਡ' ਵਿੱਚ ਕਰਤਾਰਪੁਰ ਵਸਾਉਣ ਦੀ ਸਾਖੀ ਤੋਂ ਅੱਗੇ ਦਾ ਹਾਲ ਸੋਢੀ ਹਰਿ ਜੀ ਨੇ ਲਿਖਣਾ ਆਰੰਭ ਕੀਤਾ ਜਿਸ ਨੂੰ ਪੋਥੀ 'ਹਰਿ ਜੀ' ਦੇ ਨਾਮ ਨਾਲ ਜਾਣਿਆ ਜਾਂਦਾ ਹੈ।ਸੋਢੀ ਹਰਿ ਜੀ ਨੇ ਗੁਰੂ ਬਾਬੇ ਦੀਆਂ ਜੀਵਨ ਸਾਖੀਆਂ ਲਿਖਣ ਦੀ ਬਜਾਏ ਗੁਰਬਾਣੀ ਵਿਚਲੀਆਂ ਲੰਮੀਆਂ ਬਾਣੀਆਂ ਦੇ ਪਰਮਾਰਥ ਹੀ ਲਿਖੇ।ਮਿਹਰਬਾਨ ਜੀ ਦੀਆਂ ਪਾਈਆਂ ਪਿਰਤਾਂ ਇਨ੍ਹਾਂ ਨੇ ਜਾਰੀ ਰੱਖੀਆਂ।
- ਪੋਥੀ ਹਰਿ ਜੀ ਵਿੱਚ 'ਸੋਦਰ' ਬਾਣੀ ਦੀ ਵਿਆਖਿਆ ਦੇ ਕੁਝ ਅੰਸ਼ ਸੋਢੀ ਹਰਿ ਜੀ ਅਨੁਸਾਰ:

> ਪਰਮੇਸ਼ਰ ਨੂੰ ਪਾਰਬ੍ਰਹਮ ਨੂੰ – ਸੋਦਰ (ਦਰਗਾਹ) ਵਿਖੇ ਸਥਿਤ ਮੰਨਿਆ ਹੈ ਤੇ ਉਸ ਦੇ ਹੁਕਮ ਅੰਦਰ ਸੰਸਾਰ ਦੇ ਸਾਰੇ ਦੇਵਤੇ, ਅਵਤਾਰ, ਗੁਰੂ, ਨਬੀ, ਪੀਰ, ਪੈਗੰਬਰ, ਸੰਸਾਰ ਦੇ ਕਲਿਆਣ ਹਿੱਤ ਆਉਂਦੇ ਹਨ, ਸੰਸਾਰ ਜਦੋਂ ਗਿਲਾਨੀ (ਰਿਸਾਤਲ-ਗਰਾਵਟ) ਵੱਲ ਜਾਣ ਲਗਦਾ ਹੈ ਤਾਂ ਪਰਮੇਸ਼ਰ ਆਪ ਗੁਰੂ ਨੂੰ ਭੇਜਦਾ ਹੈ – ਪਰਮੇਸ਼ਰ ਸੱਚ ਹੈ।ਗੁਰੂ 'ਸੱਚ' ਦਾ ਉਪਾਸ਼ਕ ਹੈ, ਸੱਚ ਦਾ ਸਿੱਖ ਹੈ, ਮੂਲ ਮੰਤ੍ਰ ਬਾਰੇ ਵੀ ਸਿੱਧਾਂ ਨਾਲ ਚਰਚਾ ਵਿੱਚੋਂ ਨਿਕਲਿਆ ਦੱਸਿਆ ਹੈ, ਸੱਚ ਕਦੋਂ ਤੋਂ ਹੈ
>
> ਆਦਿ ਸਚ ਜੁਗਾਦਿ ਸਚ॥
>
> – ਸਚ ਕਿਸਦਾ ਨਾਮ ਹੈ
>
> ਸਤਿ ਨਾਮੁ ਕਰਤਾ ਪੁਰਖੁ॥

- ਪਰਮਾਰਥ ਦੀ ਤੀਜੀ ਪੋਥੀ 'ਪੋਥੀ ਚਤੁਰਭੁਜ' ਕਰਕੇ ਮਸ਼ਹੂਰ ਹੋਈ ਹੈ। ਕਰਤਾਰਪੁਰ ਨਿਵਾਸ ਸਮੇਂ ਕਈ ਭੇਖਾਂ ਦੇ ਲੋਕ ਜਿਨ੍ਹਾਂ ਵਿੱਚ ਜੋਗੀ ਤੇ ਵੈਸ਼ਨਵ ਜ਼ਿਆਦਾ ਹੁੰਦੇ ਸਨ, ਵਿਚਾਰ ਤੇ ਚਰਚਾ ਲਈ ਗੁਰੂ ਨਾਨਕ ਦੇਵ ਜੀ ਕੋਲ ਆਉਂਦੇ ਸਨ ਤਾਂ ਗੁਰੂ ਜੀ ਉਨ੍ਹਾਂ ਦੀ ਬ੍ਰਿਤੀ, ਭੇਖ ਅਤੇ ਆਤਮਕ ਪੱਧਰ ਅਨੁਸਾਰ ਉਨ੍ਹਾਂ ਨਾਲ ਸੰਵਾਦ ਰਚਾਉਂਦੇ ਸਨ। ਇਨ੍ਹਾਂ ਉਪਦੇਸ਼ਾਂ ਅਤੇ ਸੰਵਾਦਾਂ ਨੂੰ ਹੀ ਪੋਥੀ ਚਤੁਰਭੁਜ ਵਿੱਚ ਅੰਕਿਤ ਕੀਤਾ ਗਿਆ ਹੈ। ਪਰਮਾਰਥਾਂ ਦੀ ਇਹ ਵਿਸ਼ੇਸ਼ਤਾ ਰਹੀ ਹੈ ਕਿ ਇਨ੍ਹਾਂ ਵਿਚਲੀ ਹਰੇਕ ਗੋਸ਼ਠੀ ਦਾ ਅੰਤ ਵਿਆਖਿਆਕਾਰ ਦੇ ਆਪਣੇ ਰਚੇ ਹੋਏ ਇੱਕ ਸਲੋਕ ਨਾਲ ਕੀਤਾ ਹੋਇਆ ਮਿਲਦਾ ਹੈ ਜਿਸ ਵਿੱਚ ਗੁਰਬਾਣੀ ਦੇ ਕਿਸੇ ਸਿਧਾਂਤ ਨੂੰ ਸਪਸ਼ਟ ਕਰਨ ਦਾ ਯਤਨ ਕੀਤਾ ਗਿਆ ਹੁੰਦਾ ਹੈ।

ਉਪਰੋਕਤ ਚਰਚਾ ਅਨੁਸਾਰ ਪਰਮਾਰਥ ਪ੍ਰਣਾਲੀ ਸੰਬੰਧੀ ਅਸੀਂ ਸਹਿਜੇ ਹੀ ਅਨੁਮਾਨ ਲਗਾ ਸਕਦੇ ਹਾਂ ਕਿ ਵਿਸ਼ੇ ਪੱਖੋਂ ਵੀ ਇਹ ਗੁਰਬਾਣੀ ਦੇ ਸਿਧਾਂਤਾਂ ਦੀ ਹੀ ਵਿਆਖਿਆ ਕਰਦੇ ਹਨ। ਡਾ. ਤਾਰਨ ਸਿੰਘ ਅਨੁਸਾਰ:

> ਜਿਤਨੇ ਵਿਦਵਾਨਾਂ ਨੇ ਇਨ੍ਹਾਂ ਦੀ ਰਚਨਾ ਨੂੰ ਘੋਖਿਆ ਉਹ ਸਾਰੇ ਇਸ ਗੱਲ ਪ੍ਰਤੀ ਸਹਿਮਤ ਹਨ ਕਿ ਆਪ ਦੇ ਪਰਮਾਰਥ ਉੱਚੇ ਪੈਮਾਨੇ ਦੇ ਹਨ। ਇਨ੍ਹਾਂ ਪਰਮਾਰਥਾਂ ਵਿੱਚ ਕਿਸੇ ਪ੍ਰਕਾਰ ਦਾ ਗੁਰਮਤਿ ਸਿਧਾਂਤਾਂ ਦਾ ਵਿਰੋਧ ਨਹੀਂ, ਗੁਰੂ ਘਰ ਨਾਲ ਪੱਖਪਾਤ ਨਹੀਂ ਤੇ ਨਾ ਹੀ ਨਿਜ ਗੁਰਤਾ ਦੀ ਸਥਾਪਨਾ ਦਾ ਕਿਧਰੇ ਜ਼ਿਕਰ ਹੈ।[31]

### 4.1.4 ਉਦਾਸੀ ਪ੍ਰਣਾਲੀ : ਪੌਰਾਣਿਕ ਹਵਾਲਿਆਂ ਸਹਿਤ ਵਿਆਖਿਆ

ਉਦਾਸੀ ਪ੍ਰਣਾਲੀ ਦਾ ਮੁੱਢ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਾਹਿਬਜ਼ਾਦੇ ਬਾਬਾ ਸ੍ਰੀ ਚੰਦ ਤੋਂ ਮੰਨਿਆ ਜਾਂਦਾ ਹੈ। ਉਨ੍ਹਾਂ ਨੇ ਸਮੇਂ ਸਮੇਂ ਤੇ ਗੁਰੂ ਨਾਨਕ ਦੇਵ ਜੀ ਤੋਂ ਗੁਰਬਾਣੀ ਸਿਧਾਂਤਾਂ ਦੀ ਵਿਆਖਿਆ ਸੁਣੀ ਅਤੇ ਜਿਸ ਪ੍ਰਕਾਰ ਗੁਰੂ ਨਾਨਕ ਦੇਵ ਜੀ ਨੇ ਗੁਰਮਤਿ ਸਿਧਾਂਤਾਂ ਦਾ ਆਪਣੀਆਂ ਲੰਮੀਆਂ ਉਦਾਸੀਆਂ ਦੁਆਰਾ ਪ੍ਰਚਾਰ ਕੀਤਾ, ਠੀਕ ਉਸੇ ਤਰ੍ਹਾਂ ਉਨ੍ਹਾਂ ਦੇ ਪੁੱਤਰ ਸ੍ਰੀ ਚੰਦ ਨੇ ਤਪੱਸਿਆ ਤੇ ਤਿਆਗ ਦੇ ਇਸ ਮਾਰਗ ਨੂੰ ਗ੍ਰਹਿਣ ਕਰਕੇ ਗੁਰੂ ਸਾਹਿਬ ਦੇ ਨਿਰਮਲ ਮਤ ਦੀ ਸੇਵਾ ਹਿੱਤ ਉਦਾਸੀ ਮਤ ਤੋਰਿਆ।

ਕੁਝ ਵਿਦਵਾਨ ਇਹ ਵੀ ਮੰਨਦੇ ਹਨ ਕਿ ਗੁਰੂ ਨਾਨਕ ਦੇਵ ਜੀ ਨੇ ਆਪ ਉਦਾਸੀਆਂ ਉਪਰੰਤ ਬਾਬਾ ਸ੍ਰੀ ਚੰਦ ਜੀ ਨੂੰ ਉਦਾਸੀ ਮਤ ਦਾ ਉੱਤਰਾਧਿਕਾਰੀ ਚੁਣ ਕੇ ਗੁਰਮਤਿ ਪ੍ਰਚਾਰ ਦਾ ਜਿੰਮਾ ਸੌਂਪਿਆ ਜਿਵੇਂ ਕਿ ਭਾਈ ਕਾਨ੍ਹ ਸਿੰਘ ਨਾਭਾ ਦਾ ਕਥਨ ਹੈ:

> ਗੁਰੂ ਨਾਨਕ ਦੁਆਰਾ ਤਿਆਗੇ ਉਦਾਸੀ ਭੇਖ ਨੂੰ ਬਾਬਾ ਸ੍ਰੀ ਚੰਦ ਨੇ ਅੰਗੀਕਾਰ ਕਰਕੇ ਇੱਕ ਪ੍ਰਚਾਰਕ ਸੰਪ੍ਰਦਾਇ ਦੀ ਵਿਵਸਥਾ ਕੀਤੀ।[32]

'ਉਦਾਸੀ' ਸ਼ਬਦ ਸੰਸਕ੍ਰਿਤ ਦੇ ਉਦਾਸੀਨ ਦਾ ਤਦਭਵ ਰੂਪ ਹੈ ਜਿਸ ਦਾ ਅਰਥ ਹੈ 'ਸੰਸਾਰਕਤਾ ਤੋਂ ਅਪ੍ਰਭਾਵਿਤ ਵਿਅਕਤੀ'।ਸੁਆਮੀ ਗੰਗੇਸ਼ਵਰਾਨੰਦ ਉਦਾਸੀਨ ਸ਼ਬਦ ਦੀ ਵਿਆਖਿਆ ਉਦਾ, ਆਸੀਨ ਮੰਨਦੇ ਹਨ, ਜਿਸ ਵਿੱਚ 'ਉਦਾ' ਤੋਂ ਭਾਵ ਸਰਵੋਤਕ੍ਰਿਸ਼ਟ ਜਾਂ ਸਰਬਪਾਪ ਵਿਨਿਰਮੁਕਤ ਅਤੇ 'ਆਸੀਨ' ਦਾ ਅਰਥ ਸਥਿਤ, ਬ੍ਰਹਮ ਵਿੱਚ ਸਥਿਤ ਜਾਂ ਬ੍ਰਹਮ ਰੂਪ ਹੈ।[33]

ਉਦਾਸੀ ਸਾਧੂਆਂ ਨੇ ਨਾਨਕ-ਬਾਣੀ ਦੀ ਵਿਆਖਿਆ ਕਥਾ ਅਤੇ ਵਖਿਆਨ ਰਾਹੀਂ ਮੌਖਿਕ ਰੂਪ ਵਿੱਚ ਕੀਤੀ।ਕਿਤੇ-ਕਿਤੇ ਇਨ੍ਹਾਂ ਉਦਾਸੀ ਡੇਰਿਆਂ ਵਿੱਚ ਮੁੱਖ-ਮੁੱਖ ਬਾਣੀਆਂ ਦੇ ਟੀਕਿਆਂ ਬਾਰੇ ਜਾਣਕਾਰੀ ਤਾਂ ਮਿਲਦੀ ਹੈ ਪ੍ਰੰਤੂ ਟੀਕੇ ਨਹੀਂ ਮਿਲਦੇ।ਭਾਈ ਕਾਨ੍ਹ ਸਿੰਘ ਨਾਭਾ 'ਮਹਾਨ ਕੋਸ਼' ਵਿੱਚ ਦੱਸਦੇ ਹਨ ਕਿ ਗੁਰਦੁਆਰਾ ਲਹਿਰ ਦੇ ਕਾਰਨ ਉਦਾਸੀ ਸਾਧੂਆਂ ਨੂੰ ਇਹ ਡਰ ਪੈ ਗਿਆ ਕਿ ਉਨ੍ਹਾਂ ਦੀਆਂ ਜਾਇਦਾਦਾਂ ਭਾਵ ਡੇਰਿਆਂ ਨੂੰ ਸਿੰਘ ਸਭਾ ਲਹਿਰ ਆਪਣੇ ਕਬਜ਼ੇ ਵਿੱਚ ਕਰ ਲਵੇਗੀ ਅਤੇ ਉਨ੍ਹਾਂ ਦੇ ਡੇਰਿਆਂ ਨੂੰ ਗੁਰਦੁਆਰਾ ਸੁਧਾਰ ਐਕਟ ਦੇ ਅਧੀਨ ਲਿਆ ਕੇ ਉਨ੍ਹਾਂ ਨੂੰ ਡੇਰਿਆ ਚੋਂ ਕੱਢ ਦਵੇਗੀ।ਇਸੇ ਕਾਰਨ ਉਨ੍ਹਾਂ ਨੇ ਡੇਰਿਆਂ ਵਿੱਚੋਂ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਤੇ ਇਸ ਨਾਲ ਸੰਬੰਧਤ ਵਸਤਾਂ ਟੀਕੇ ਆਦਿ ਸਭ ਹਟਾ ਦਿੱਤੇ ਜਾਂ ਨਸ਼ਟ ਕਰ ਦਿੱਤੇ।[34]

### 4.1.4.1 **ਉਦਾਸੀ ਪ੍ਰਣਾਲੀ ਦੇ ਪ੍ਰਮੁੱਖ ਵਿਆਖਿਆਕਾਰ:**

ਡਾ. ਪਿਆਰਾ ਸਿੰਘ ਪਦਮ ਅਨੁਸਾਰ ਅਪਭ੍ਰੰਸ਼ ਅਤੇ ਰਾਜਸਥਾਨੀ ਸਾਹਿਤ ਦੀ ਪਰੰਪਰਾ ਵਿੱਚ 'ਮਾਤ੍ਰਿਕਾ' ਜਾਂ 'ਮਾਤ੍ਰੇ' ਨਾਮ ਹੇਠ ਇੱਕ ਕਾਵਿ-ਰੂਪ ਪ੍ਰਚਲਿਤ ਹੋਇਆ।[35] ਬਾਬਾ ਸ੍ਰੀ ਚੰਦ, ਬਾਬਾ ਗੁਰਦਿੱਤਾ ਜੀ, ਬਾਬਾ ਬਾਲੂ ਹਸਨਾ ਆਦਿ ਦੇ ਨਾਮ ਹੇਠ ਕੁਝ ਮਾਤ੍ਰੇ

ਪ੍ਰਾਪਤ ਹੋਏ ਹਨ, ਇਨ੍ਹਾਂ ਦੀ ਗਿਣਤੀ 24 ਤੱਕ ਦੱਸੀ ਜਾਂਦੀ ਹੈ।ਇਹ ਮਾਤ੍ਰੇ ਪ੍ਰਾਚੀਨ ਹੱਥ ਲਿਖਤਾਂ ਵਿੱਚੋਂ ਪ੍ਰਾਪਤ ਕੀਤੇ ਗਏ ਹਨ ਅਤੇ ਇਨ੍ਹਾਂ ਦੀ ਪ੍ਰਮਾਣਿਕਤਾ ਬਾਰੇ ਕੁਝ ਕਹਿਣਾ ਔਖਾ ਹੈ।

ਮਾਤ੍ਰਿਕਾ ਸਾਹਿਤ ਤੋਂ ਇਲਾਵਾ ਉਦਾਸੀ ਸੰਪ੍ਰਦਾਇ ਵਿੱਚ ਕੁਝ ਕੰਮ ਗੁਰਬਾਣੀ ਟੀਕਾਕਾਰੀ ਦਾ ਵੀ ਪ੍ਰਾਪਤ ਹੁੰਦਾ ਹੈ ਜਿਸ ਵਿੱਚ ਸਾਧੂ ਆਨੰਦਘਨ ਜੀ ਦੇ ਟੀਕੇ ਅਤੇ ਸੁਆਮੀ ਸਦਾਨੰਦ ਜੀ ਦੇ ਟੀਕੇ ਮਿਲਦੇ ਹਨ ਇਨ੍ਹਾਂ ਤੋਂ ਬਾਅਦ ਬਿਸ਼ਨਦਾਸ ਉਦਾਸੀ ਜੀ ਦਾ 'ਕੋਸ਼ ਗੁਰੂ ਗ੍ਰੰਥ ਸਾਹਿਬ' ਵੀ ਪ੍ਰਾਪਤ ਹੁੰਦਾ ਹੈ ਜੋ 1895 ਈ. ਵਿੱਚ ਪ੍ਰਕਾਸ਼ਿਤ ਹੋਇਆ।

### 4.1.4.2 ਉਦਾਸੀ ਪ੍ਰਣਾਲੀ ਦੇ ਟੀਕਿਆਂ ਦੀਆਂ ਮੁੱਖ ਪ੍ਰਵਿਰਤੀਆਂ:

- ਉਦਾਸੀ ਪ੍ਰਣਾਲੀ ਦੀ ਟੀਕਾਕਾਰੀ ਨੂੰ ਗਹੁ ਨਾਲ ਵਾਚਿਆਂ ਪਤਾ ਲਗਦਾ ਹੈ ਕਿ ਉਦਾਸੀਆਂ ਨੇ ਮੂਲ ਬਾਣੀ ਦੀ ਇੱਕ ਸਤਰ ਦਾ ਅਰਥ ਇਕੋ ਹੀ ਦਿੱਤਾ ਹੈ, ਨਾ ਤਾਂ ਕਈ-ਕਈ ਅਰਥ ਕੀਤੇ ਹਨ ਤੇ ਨਾ ਹੀ ਕਈ ਅਰਥ ਹੋਣ ਦੀ ਸੰਭਾਵਨਾ ਨੂੰ ਜਤਾਇਆ ਹੈ ਸਗੋਂ ਉਨ੍ਹਾਂ ਦੇ
- ਟੀਕੇ ਵਿੱਚ ਵਿਆਖਿਆ, ਭਾਸ਼ ਅਤੇ ਪਰਮਾਰਥ ਆਦਿ ਦੇ ਅੰਸ਼ ਸ਼ਾਮਿਲ ਹੋਣ ਕਾਰਣ ਇਹ ਵਿਸਤਾਰਕ ਹੁੰਦਾ ਗਿਆ।
- ਕਾਂਸ਼ੀ ਤੋਂ ਭਾਰਤੀ ਅਧਿਆਤਮਕ ਸਾਹਿਤ ਦੀ ਉੱਚ ਵਿਦਿਆ ਪ੍ਰਾਪਤ ਹੋਣ ਕਰਕੇ ਸਾਧੂ ਅਨੰਦਘਨ ਜੀ ਨੇ ਗੁਰਬਾਣੀ ਦੇ ਟੀਕਿਆਂ ਲਈ ਪ੍ਰਮਾਣ ਹਿੰਦੂ ਗ੍ਰੰਥਾਂ ਵਿੱਚੋਂ ਦੇਣੇ ਆਰੰਭ ਕਰ ਦਿੱਤੇ ਭਾਵੇਂ ਉਨ੍ਹਾਂ ਨੇ ਗੁਰੂ ਨਾਨਕ ਨੂੰ ਗੁਰੂ ਮੰਨ ਕੇ ਉਨ੍ਹਾਂ ਦੀ ਬਾਣੀ ਦਾ ਟੀਕਾ ਕੀਤਾ ਹੈ ਤੇ ਕਿਧਰੇ ਵੀ ਗੁਰਬਾਣੀ ਦਾ ਆਧਾਰ ਵੇਦ, ਸ਼ਾਸਤ੍ਰਾਂ ਜਾਂ ਪੁਰਾਣਾਂ ਆਦਿ ਨੂੰ ਨਹੀਂ ਮੰਨਿਆ ਹੈ ਪ੍ਰੰਤੂ ਆਪਣੀ ਜਾਤੀ ਪ੍ਰਿਸ਼ਠ ਭੂਮੀ ਦੇ ਦਖਲ ਨੂੰ ਨਾ ਨਿਵਾਰਦੇ ਹੋਏ ਉਨ੍ਹਾਂ ਨੇ ਉਪਨਿਸ਼ਦਾਂ, ਸ਼ਾਸਤ੍ਰਾਂ ਅਤੇ ਗੀਤਾ ਦੇ ਸਿਧਾਂਤਾਂ ਨੂੰ ਗੁਰਬਾਣੀ ਦੇ ਸਿਧਾਂਤਾਂ ਦੀ ਪ੍ਰੋੜਤਾ ਕਰਨ ਲਈ ਵਰਤਿਆ ਹੈ।
- ਟੀਕਾਕਾਰੀ ਦੀ ਸ਼ਾਸਤ੍ਰੀ ਮਰਯਾਦਾ ਅਨੁਸਾਰ ਉਨ੍ਹਾਂ ਨੇ ਮੂਲਕਾਰ ਦਾ ਭਾਵ ਸਮਝ ਕੇ ਆਪ ਟੀਕੇ ਵਿੱਚ ਪ੍ਰਸ਼ਨ ਉੱਤਰ ਕਰਕੇ ਪ੍ਰਸੰਗ ਸਹਿਤ ਅਰਥ ਦਿੱਤੇ ਹਨ।ਸਪਸ਼ਟਤਾ ਲਈ ਆਪ ਪ੍ਰਸ਼ਨ, ਇਤਰਾਜ਼, ਸ਼ੰਕੇ ਪੈਦਾ ਕਰਕੇ ਫਿਰ ਆਪ ਹੀ ਉਨ੍ਹਾਂ ਦਾ

ਸਮਾਧਾਨ ਕੀਤਾ ਹੈ।ਬਾਰੀਕ ਸੂਝ ਨਾਲ ਮੂਲ ਦੇ ਹਰ ਲਫਜ਼ ਦਾ ਟੀਕਾ ਕੀਤਾ ਹੈ ਜਿਵੇਂ:

ਮਸਤਕੁ ਕਾਟਿ ਧਰੀ ਤਿਸੁ ਆਗੈ ਤਨੁ ਮਨੁ ਆਗੈ ਦੇਉ॥

ਨਾਨਕ ਸੰਤੁ ਮਿਲੈ ਸਚੁ ਪਾਈਐ ਸਹਜ ਭਾਇ ਜਸੁ ਲੇਉ॥[36]

ਭਾਵ ਮੈਂ ਆਪਣਾ ਮਸਤਕ ਕਾਟ ਕਰ ਤਿਸ ਪਰਮਾਤਮਾ ਕੀ ਪੂਜਾ ਕਰਤਾ ਹੋਂ।ਤਨੁ ਮਨੁ ਧਨੁ ਸਭ ਤਿਸੀ ਕੋ ਅਰਪਣ ਕਰਤਾ ਹੋਂ।ਅਰ ਦਾਨ ਤੋ ਇਹੀ ਮਾਂਗਤਾ ਹੋਂ – ਮਹਾਰਾਜ! ਸੰਤੋਂ ਕੇ ਸੰਗ ਬਿਨਾਂ ਸੁਖੁ ਨਹੀਂ। ਤਾਂ ਤੇ ਆਪਣੇ ਸੰਤੋਂ ਕਾ ਸੰਗ ਮੇਰੇ ਤਾਂਈਂ ਦਾਨ ਕਰੋ ਤਬੀ ਮੈਂ ਸੁਖੀ ਹੋਵਾਂਗੀ।

### 4.1.5 ਨਿਰਮਲਾ ਪ੍ਰਣਾਲੀ : ਵੇਦਾਂਤਮੁਖੀ ਵਿਆਖਿਆ

ਗੁਰਬਾਣੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਸ੍ਰੀ ਗੁਰੂ ਅਮਰਦਾਸ ਜੀ ਨੇ ਮੰਜੀ ਪ੍ਰਥਾ ਤੋਰੀ, ਸ੍ਰੀ ਗੁਰੂ ਰਾਮਦਾਸ ਜੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਮਸੰਦ ਪ੍ਰਥਾ ਨੇ ਜੋਰ ਫੜ੍ਹੀ ਰੱਖਿਆ ਜੋ ਕਿ ਮੰਜੀਦਾਰੀ ਦਾ ਹੀ ਸਰੂਪ ਸੀ।ਮੰਜੀ ਤੋਂ 'ਮਸਨਦ' ਭਾਵ ਗੱਦੀ ਪ੍ਰਾਪਤ ਹੋਣ ਉੱਤੇ ਮਸੰਦਾਂ ਦੀ ਲਾਲਚੀ ਅਤੇ ਆਪਹੁਦਰੀ ਪ੍ਰਵਿਰਤੀ ਸਾਹਮਣੇ ਆ ਗਈ ਜਿਸ ਕਾਰਣ ਗੁਰਬਾਣੀ ਵਿਆਖਿਆ ਅਤੇ ਪ੍ਰਚਾਰ ਪ੍ਰਣਾਲੀ, ਜਿਸ ਦਾ ਮਾਧਿਅਮ ਕੇਵਲ ਜ਼ਬਾਨੀ ਕਥਾ ਵਾਰਤਾ ਸੀ, ਵਿਕਾਰ ਯੁਕਤ ਹੋਣ ਲੱਗ ਪਈ।ਜਗਿਆਸੂ ਗੁਰਬਾਣੀ ਦੇ ਅਰਥ ਸਮਝਣ ਦੀ ਆਸ ਨਾਲ ਇਨ੍ਹਾਂ ਮਸੰਦਾਂ ਕੋਲ ਜਾਂਦੇ ਪ੍ਰੰਤੂ ਨਿਰਾਸ਼ ਅਤੇ ਦੁਖੀ ਹੋ ਕੇ ਮੁੜਦੇ।ਪਰਮਾਰਥ ਪ੍ਰਣਾਲੀ ਤੋਂ ਬਾਅਦ ਗੁਰਬਾਣੀ ਵਿਆਖਿਆਕਾਰੀ ਦੇ ਯਤਨ ਘੋਰ ਨਿਰਾਸ਼ਾਜਨਕ ਹੁੰਦੇ ਜਾ ਰਹੇ ਸਨ ਕਿਉਂਕਿ ਇੱਕ ਪਾਸੇ 1696 ਈ. ਵਿੱਚ ਸੋਢੀ ਹਰਿ ਜੀ ਦੀ ਮ੍ਰਿਤੂ ਉਪਰੰਤ ਉਸ ਦਾ ਪੁੱਤਰ ਸੋਢੀ ਨਿਰੰਜਨ ਰਾਇ ਮੀਣਿਆਂ ਦੁਆਰਾ ਚਲਾਈ ਗਈ ਗੱਦੀ ਤੇ ਬੈਠਾ ਹੋਇਆ ਮਨਮਾਨੀ ਕਰ ਰਿਹਾ ਸੀ ਦੂਜੇ ਪਾਸੇ ਮਸੰਦ ਆਪਹੁਦਰੀਆਂ ਪ੍ਰਵਿਰਤੀਆਂ ਧਾਰਨ ਕਰੀ ਬੈਠੇ ਸਨ, ਅਜਿਹੇ ਹਾਲਾਤ ਵਿੱਚ ਸਿੱਖ ਸੰਗਤਾਂ ਨੇ ਮਾਯੂਸ ਹੋ ਕੇ ਆਨੰਦਪੁਰ ਸਾਹਿਬ ਆ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸ ਸਹੀ ਰਾਹਨੁਮਾਈ ਲਈ ਅਰਜ਼ੋਈ ਕੀਤੀ।[37] ਗੁਰੂ ਗੋਬਿੰਦ ਸਿੰਘ ਜੀ ਨੇ ਨਾ ਕੇਵਲ ਕੁਝ ਮਸੰਦਾਂ ਨੂੰ ਕਰੜੀ ਤਾੜਨਾ ਦੇ ਕੇ ਦੰਡ ਲਾਏ ਸਗੋਂ ਗੁਰਬਾਣੀ ਪ੍ਰਚਾਰ ਦੀ ਇਸ ਮੰਜੀ ਅਤੇ ਮਸੰਦ ਸੰਪ੍ਰਦਾ ਨੂੰ ਬੰਦ ਕਰਕੇ ਗੁਰਬਾਣੀ ਵਿਆਖਿਆ ਦੇ ਹੋਰ

ਨਵੇਂ ਯਤਨ ਆਰੰਭੇ।ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੋ ਨਵੀਆਂ ਵਿਆਖਿਆ ਪ੍ਰਣਾਲੀਆਂ ਵਜੂਦ ਵਿੱਚ ਆਈਆਂ – ਨਿਰਮਲਾ ਪ੍ਰਣਾਲੀ ਅਤੇ ਸੰਪ੍ਰਦਾਈ ਪ੍ਰਣਾਲੀ।

ਗੁਰੂ ਗੋਬਿੰਦ ਸਿੰਘ ਜੀ ਚਾਹੁੰਦੇ ਸਨ ਕਿ ਸਿੱਖ ਵਿਦਵਾਨ ਸਾਰੀ ਭਾਰਤੀ ਅਧਿਆਤਮਕ ਤੇ ਹੋਰ ਹਰ ਪ੍ਰਕਾਰ ਦੀ ਵਿੱਦਿਆ ਤੋਂ ਜਾਣੂੰ ਹੋਣ।'ਦਸਮ ਗ੍ਰੰਥ' ਦੇ ਸਰੂਪ ਤੋਂ ਹੀ ਇਹ ਗੱਲ ਭਲੀ ਭਾਂਤ ਪ੍ਰਗਟ ਹੈ।[38] ਗੁਰੂ ਗੋਬਿੰਦ ਸਿੰਘ ਜੀ ਆਪ ਵੀ ਆਪਣੇ ਵੇਲੇ ਦੇ ਬਹੁਤ ਵੱਡੇ ਭਾਸ਼ਾ ਵਿਦਵਾਨ ਸਨ।ਫਾਰਸੀ, ਸੰਸਕ੍ਰਿਤ, ਬ੍ਰਿਜ, ਡਿੰਗਲ, ਰੇਖਤਾ ਅਤੇ ਪੰਜਾਬੀ ਆਦਿ ਭਾਸ਼ਾਵਾਂ ਉੱਤੇ ਉਨ੍ਹਾਂ ਦਾ ਚੰਗਾ ਅਧਿਕਾਰ ਸੀ।ਉਨ੍ਹਾਂ ਨੂੰ ਪ੍ਰਾਚੀਨ ਭਾਰਤੀ ਸਾਹਿਤ ਤੇ ਉਸ ਦੇ ਸੋਮਿਆਂ ਦੀ ਪੂਰੀ ਵਾਕਫੀ ਸੀ।ਸ਼ਾਇਦ ਗੁਰੂ ਗੋਬਿੰਦ ਸਿੰਘ ਜੀ ਹੀ ਪਹਿਲੇ ਵਿਅਕਤੀ ਸਨ ਜਿੰਨ੍ਹਾਂ ਨੇ ਮਹਿਸੂਸ ਕੀਤਾ ਕਿ ਸਦੀਆਂ ਪਹਿਲਾਂ ਪੰਜਾਬ ਦੀ ਜਿਸ ਧਰਤੀ ਉੱਤੇ ਸੰਸਕ੍ਰਿਤ ਭਾਸ਼ਾ ਵਿੱਚ ਵੇਦ ਰਚੇ ਗਏ ਅਤੇ ਪਾਨਿਨੀ ਜਿਹੇ ਵਿਆਕਰਣੀ ਦੁਆਰਾ ਸੰਸਕ੍ਰਿਤ ਭਾਸ਼ਾ ਦੀ ਵਿਆਕਰਣ ਦਾ ਨਿਰਮਾਣ ਕੀਤਾ ਗਿਆ, ਉਹ ਵਿਦੇਸ਼ੀ ਹਮਲਾਵਰਾਂ ਅਤੇ ਵਿਦੇਸ਼ੀ ਭਾਸ਼ਾਵਾਂ ਦੇ ਆਉਣ ਨਾਲ ਲਗਭਗ ਆਲੋਪ ਹੁੰਦੇ ਜਾ ਰਹੇ ਹਨ ਸੋ ਪੁਰਾਤਨ ਭਾਰਤੀ ਸਾਂਸਕ੍ਰਿਤਕ ਵਿਰਾਸਤ ਨੂੰ ਬਿਪ੍ਰ ਰੀਤੀ ਦੇ ਕਰਮ-ਕਾਂਡ ਤੋਂ ਆਜ਼ਾਦ ਕਰਵਾ ਕੇ ਸਮਾਜ ਦੇ ਸਾਰੇ ਵਰਗਾਂ ਲਈ ਸਾਂਝੀ ਵਸਤੂ ਬਣਾਉਣ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਵੱਡਾ ਉਪਰਾਲਾ ਕੀਤਾ।ਬ੍ਰਾਹਮਣ ਸੰਸਕ੍ਰਿਤ ਨੂੰ ਦੇਵ ਭਾਸ਼ਾ ਮੰਨ ਕੇ ਵਧੇਰੇ ਸਤਿਕਾਰ ਦਿੰਦੇ ਸਨ ਅਤੇ ਲੋਕ ਭਾਸ਼ਾਵਾਂ ਨੂੰ ਤ੍ਰਿਸਕਾਰ ਦੀ ਦ੍ਰਿਸ਼ਟੀ ਨਾਲ ਵੇਖਦੇ ਸਨ ਪ੍ਰੰਤੂ ਗੁਰੂ ਜੀ ਆਮ ਲੋਕਾਂ ਨੂੰ ਪ੍ਰਚਲਿਤ ਲੋਕ ਭਾਸ਼ਾਵਾਂ ਵਿੱਚ ਪੁਰਾਤਨ ਭਾਰਤੀ ਅਧਿਆਤਮਕ ਰੂਹਾਨੀ ਗਿਆਨ ਦਵਾ ਕੇ ਇੱਕ ਪਵਿੱਤਰ ਅਤੇ ਨਿਰਮਲ ਸਮਾਜ ਦੀ ਸਿਰਜਣਾ ਕਰਨਾ ਚਾਹੁੰਦੇ ਸਨ।ਇਸ ਲਈ ਉਸ ਸਮੇਂ 1686 ਈ. ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿੱਖਾਂ ਨੂੰ ਪਾਉਂਟਾ ਸਾਹਿਬ ਵਿੱਚ ਪੰਡਤ ਰਘੁਨਾਥ ਪਾਸ ਸੰਸਕ੍ਰਿਤ ਪੜ੍ਹਨ ਭੇਜਣਾ ਆਰੰਭ ਕਰ ਦਿੱਤਾ ਪ੍ਰੰਤੂ ਪੰਡਤ ਜੀ ਨੇ ਉਨ੍ਹਾਂ ਸਿੱਖਾਂ ਤੋਂ ਉਨ੍ਹਾਂ ਦੀ ਜਾਤ-ਪਾਤ ਪੁੱਛੀ ਅਤੇ ਕੁਝ ਨੂੰ ਸ਼ੂਦਰ ਸਮਝ ਕੇ ਪੜ੍ਹਾਉਣੋਂ ਇਨਕਾਰ ਕਰ ਦਿੱਤਾ।ਅੰਤ ਗੁਰੂ ਜੀ ਨੇ ਆਪਣੇ ਪੰਜ ਸਿੱਖ – ਰਾਮ ਸਿੰਘ, ਕਰਮ ਸਿੰਘ, ਗੰਡਾ ਸਿੰਘ, ਬੀਰ ਸਿੰਘ ਅਤੇ ਸੋਭਾ ਸਿੰਘ ਨੂੰ ਪੁਰਾਤਨ ਭਾਰਤੀ ਵਿੱਦਿਆ ਸਿੱਖਣ ਹਿੱਤ ਬਨਾਰਸ ਭੇਜਣ ਦਾ ਪ੍ਰਬੰਧ ਕੀਤਾ।ਇਹ ਸਿੱਖ ਚਿੱਟੇ ਬਸਤ੍ਰ ਪਹਿਨ ਕੇ ਅਤੇ ਚਿੱਟੇ ਦਸਤਾਰੇ ਸਜਾ ਕੇ ਚੇਤਨ ਮੱਠ ਵਿੱਚ ਕਈ ਵਰ੍ਹੇ ਪੰਡਤ ਸਦਾ ਨੰਦ ਪਾਸ ਰਹਿ ਕੇ ਸੰਸਕ੍ਰਿਤ ਵਿੱਚ ਰਚਿਆ ਹੋਇਆ ਵੇਦ ਸ਼ਾਸਤ੍ਰਾਂ ਦਾ ਸਾਹਿਤ ਪੜ੍ਹਦੇ ਰਹੇ।ਹਰ ਵੇਲੇ ਉੱਜਵਲ ਕੱਪੜੇ ਧਾਰਨ ਕਰੀ ਰੱਖਣ ਵਾਲੇ

ਇਨ੍ਹਾਂ ਸ਼ਿਸ਼ਾਂ ਨੂੰ ਉੱਥੋਂ ਦੇ ਪੰਡਤਾਂ ਨੇ ਸੰਗਿਆ 'ਨਿਰਮਲ' ਦੇ ਦਿੱਤੀ।[39] 13 ਸਾਲ ਲਗਾਤਾਰ ਵਿੱਦਿਆ ਗ੍ਰਹਿਣ ਕਰਨ ਮਗਰੋਂ 1699 ਦੀ ਵਿਸਾਖੀ ਵੇਲੇ ਖਾਲਸਾ ਪੰਥ ਦੀ ਸਾਜਨਾ ਬਾਰੇ ਸੁਣ ਕੇ ਇਹ ਸਿੱਖ ਵਾਪਿਸ ਅਨੰਦਪੁਰ ਆ ਗਏ ਅਤੇ ਅਮ੍ਰਿੰਤ ਛਕ ਕੇ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਵੀ 'ਨਿਰਮਲ ਸਿੱਖ' ਕਹਿ ਕੇ ਨਿਵਾਜ਼ੇ ਗਏ।ਗੁਰ ਜੀ ਦੇ ਕਹਿਣ ਅਨੁਸਾਰ ਇਨ੍ਹਾਂ ਨੇ ਹੋਰ ਵਿੱਦਿਆ ਅਭਿਲਾਸ਼ੀ ਸਿੱਖਾਂ ਵਿੱਚ ਸੰਸਕ੍ਰਿਤ ਅਤੇ ਸ਼ਾਸ਼ਤ੍ਰ ਵਿੱਦਿਆ ਦਾ ਪ੍ਰਚਾਰ ਕੀਤਾ।ਇਨ੍ਹਾਂ ਵਿਦਵਾਨਾਂ ਨੇ ਗੁਰਮਤਿ ਦੇ ਗੌਰਵ ਨੂੰ ਦਰਸਾਉਣ ਖ਼ਾਤਰ ਗੁਰਬਾਣੀ ਦੀ ਵਿਆਖਿਆ ਕਰਨ ਦਾ ਬੀੜਾ ਚੁੱਕਿਆ ਤੇ ਅੱਗੋਂ ਇਨ੍ਹਾਂ ਦੀ ਜੋ ਸ਼ਿਸ਼-ਪ੍ਰਣਾਲੀ ਤੁਰ ਪਈ, ਉਹ 'ਨਿਰਮਲ ਸੰਪ੍ਰਦਾਇ' ਕਰਕੇ ਪ੍ਰਸਿੱਧ ਹੋਈ।

ਇਸ ਸੰਪ੍ਰਦਾਇ ਦੇ ਆਰੰਭ ਬਾਰੇ ਕਾਫੀ ਵਾਦ-ਵਿਵਾਦ ਹੈ।ਕੁਝ ਵਿਦਵਾਨ ਇਸ ਦਾ ਮੁੱਢ 15ਵੀਂ-16ਵੀਂ ਸਦੀ ਵਿੱਚ ਗੁਰੂ ਨਾਨਕ ਦੇਵ ਜੀ ਤੋਂ ਹੋਇਆ ਮੰਨਦੇ ਹਨ ਅਤੇ ਇਸ ਰਵਾਇਤ ਅਨੁਸਾਰ ਭਾਈ ਭਾਗੀਰਥ ਨੂੰ ਪਹਿਲਾ ਨਿਰਮਲਾ ਸਿੱਖ ਆਖਿਆ ਜਾਂਦਾ ਹੈ[40] ਪ੍ਰੰਤੂ ਕਈ ਇਸ ਦਾ ਮੋਢੀ ਗੁਰੂ ਗੋਬਿੰਦ ਸਿੰਘ ਜੀ ਨੂੰ ਦੱਸਦੇ ਹਨ।ਭਾਵੇਂ ਭਾਈ ਗੁਰਦਾਸ ਜੀ ਦੀਆਂ ਤੁਕਾਂ ਦਾ ਅਤੇ ਗੁਰਬਾਣੀ ਵਿਚਲੀਆਂ ਹੇਠ ਲਿਖੀਆਂ ਤੁਕਾਂ ਦਾ ਹਵਾਲਾ ਦੇ ਕੇ ਇਹ ਗੱਲ ਆਖੀ ਜਾਂਦੀ ਹੈ ਕਿ ਨਿਰਮਲ ਪੰਥ ਗੁਰੂ ਨਾਨਕ ਦੇਵ ਜੀ ਨੇ ਚਲਾਇਆ ਸੀ ਪ੍ਰੰਤੂ ਗੁਰਬਾਣੀ ਦੀ ਵੇਦਾਂਤੀ ਰੰਗਣ ਵਿੱਚ ਵਿਆਖਿਆ ਕਰਨ ਵਾਲੀ ਇਸ ਨਿਰਮਲ ਸੰਪ੍ਰਦਾਇ ਦਾ ਵਿਕਾਸ ਗੁਰੂ ਗੋਬਿੰਦ ਸਿੰਘ ਜੀ ਦੇ ਯਤਨਾਂ ਸਦਕਾ ਹੀ ਹੋਇਆ।

ਮਾਰਿਆ ਸਿਕਾ ਜਗਤਿ ਵਿਚਿ ਨਾਨਕ ਨਿਰਮਲ ਪੰਥ ਚਲਾਇਆ।[41]
ਨਿਰਮਲ ਭੇਖ ਅਪਾਰ ਤਾਸੁ ਬਿਨੁ ਅਵਰੁ ਨਾ ਕੋਈ॥[42]
ਸਾਧ ਸੰਗਿ ਹੋਇ ਨਿਰਮਲਾ ਨਾਨਕ ਪ੍ਰਭ ਕੈ ਰੰਗਿ॥[43]
ਸਬਦਿ ਰਤੇ ਸੇ ਨਿਰਮਲੇ.....[44]

ਗੁਰੂ ਨਾਨਕ ਜੀ ਨੇ ਤਾਂ ਸਿੱਖੀ ਦਾ ਉਹ ਕਲਪ ਬ੍ਰਿਛ ਬੀਜਿਆ ਸੀ ਜਿਸ ਦੀਆਂ ਵੱਖੋ-ਵੱਖਰੀਆਂ ਸ਼ਾਖਾਵਾਂ ਅਜਿਹੀਆਂ ਸੰਪ੍ਰਦਾਵਾਂ ਦੇ ਰੂਪ ਵਿੱਚ ਪੁੰਗਰੀਆਂ ਜਿੱਥੇ ਸੰਸਾਰ ਤੋਂ ਉਦਾਸੀਨ ਅਤੇ ਬਿਰਕਤੀ ਉਦਾਸੀ ਸਾਧੂ ਦੂਰ ਦੁਰੇਡੇ ਘੁੰਮ-ਘੁੰਮ ਕੇ ਗੁਰੂ ਨਾਨਕ ਦੇ ਉਪਦੇਸ਼ ਦਾ ਪ੍ਰਚਾਰ ਕਰਦੇ ਸਨ ਉੱਥੇ ਨਿਰਮਲੇ ਸੰਤ ਵਿੱਦਿਅਕ ਖੇਤਰ ਵਿੱਚ ਵਿਸ਼ੇਸ਼ ਕੀਰਤੀ ਸੰਜੋਦੇ ਆਏ ਹਨ।ਇਸੇ ਲਈ ਇਨ੍ਹਾਂ ਨੂੰ 'ਵਿਦਿਆਪਤੀ' ਕਹਿਣਾ ਵੀ ਵਧੇਰੇ ਯੋਗ ਹੈ।ਕਈ ਇਨ੍ਹਾਂ

ਨੂੰ 'ਸਿੱਖਾਂ ਦੇ ਬ੍ਰਾਹਮਣ' ਕਹਿ ਕੇ ਪ੍ਰਸੰਨ ਹੁੰਦੇ ਹਨ।ਆਪਣੇ ਸ਼ਾਗਿਰਦਾਂ ਨੂੰ ਸ਼ਾਸਤ੍ਰ, ਸੰਸਕ੍ਰਿਤ, ਵਿਆਕਰਣ ਅਤੇ ਗੁਰਮਤਿ ਦੇ ਗ੍ਰੰਥਾਂ ਦਾ ਅਧਿਐਨ ਕਰਾਉਣ ਤੋਂ ਇਲਾਵਾ ਨਿਰਮਲੇ ਸੰਤਾਂ ਨੇ ਪੁਰਾਤਨ ਸ਼ਾਸ਼ਤ੍ਰੀ ਪ੍ਰਣਾਲੀ ਅਨੁਸਾਰ ਗੁਰਮਤਿ ਸਿਧਾਂਤਾਂ ਦੀ ਵਡਿਆਈ ਦਰਸਾ ਕੇ ਪੰਡਤ-ਗਣ ਵਿੱਚ ਆਪਣਾ ਸਿੱਕਾ ਜਮਾਇਆ।ਇਸ ਪ੍ਰਕਾਰ ਨਿਰਮਲਾ ਸੰਪ੍ਰਦਾਇ ਨੇ ਨਾ ਕੇਵਲ ਭਾਰਤੀ ਧਾਰਮਿਕ ਅਧਿਐਨ ਪਰੰਪਰਾ ਵਿੱਚ ਨਾਨਕ-ਮੱਤ ਦਾ ਗੌਰਵ ਸਥਾਪਿਤ ਕੀਤਾ ਸਗੋਂ ਭਾਰਤੀ ਦਰਸ਼ਨ ਸਾਹਿਤ ਵਿੱਚ ਗੁਰੂਆਂ ਨੂੰ ਉੱਚੇ ਰਿਸ਼ੀਆਂ ਮੁਨੀਆਂ ਅਤੇ ਗੁਰੂ ਗ੍ਰੰਥ ਸਾਹਿਬ ਨੂੰ 'ਪੰਚਮ ਵੇਦ' ਵੀ ਸਿੱਧ ਕੀਤਾ।

ਇਸ ਪ੍ਰਕਾਰ ਅਸੀਂ ਕਹਿ ਸਕਦੇ ਹਾਂ ਕਿ ਨਿਰਮਲ ਸ਼ਾਖਾ ਸਿੱਖ ਮੱਤ ਦੀਆਂ ਪ੍ਰਮੁੱਖ ਸੰਪ੍ਰਦਾਵਾਂ ਵਿੱਚੋਂ ਇੱਕ ਹੈ ਜੋ ਸਿੱਖਾਂ ਦਾ ਵਿਦਵਾਨ ਅਤੇ ਅਧਿਆਪਕ ਸੰਪ੍ਰਦਾਇ ਹੈ।ਨਿਰਮਲ ਸੰਤ ਅਸਲੋਂ ਸਿੱਖਾਂ ਦੇ ਧਰਮ ਸ਼ਾਸਤ੍ਰੀ, ਵਿਦਿਆ ਦੇ ਪ੍ਰੇਮੀ ਅਤੇ ਵਿਚਾਰਵਾਨ ਹੋਏ ਹਨ।

### 4.1.5.1 **ਨਿਰਮਲਾ ਪ੍ਰਣਾਲੀ ਦੇ ਪ੍ਰਮੁੱਖ ਵਿਆਖਿਆਕਾਰ:**

ਨਿਰਮਲਾ ਪ੍ਰਣਾਲੀ ਦੇ ਪ੍ਰਮੁੱਖ ਵਿਆਖਿਆਕਾਰ ਪੰਡਤ ਗੁਲਾਬ ਸਿੰਘ, ਪੰਡਤ ਤਾਰਾ ਸਿੰਘ ਨਰੋਤਮ, ਗਿਆਨੀ ਗਿਆਨ ਸਿੰਘ, ਭਾਈ ਸੰਤੋਖ ਸਿੰਘ, ਗਿਆਨੀ ਦਲ ਸਿੰਘ, ਸਾਧੂ ਗੁਰਦਿੱਤ ਸਿੰਘ, ਪੰਡਤ ਈਸ਼ਰ ਦਾਸ, ਸੰਤ ਸੰਪੂਰਣ ਸਿੰਘ ਅਤੇ ਡੇਰਾ ਨਿਰਮਲ ਬਾਗ, ਕਨਖਲ (ਹਰਿਦ੍ਵਾਰ) ਦੇ ਗਿਆਨੀ ਬਲਵੰਤ ਸਿੰਘ (ਗੁਰੂ ਗ੍ਰੰਥ ਸਾਹਿਬ ਦੇ ਟਕਸਾਲੀ ਗਿਆਨੀ) ਆਦਿ ਸਨ।ਗਿਆਨੀ ਬਲਵੰਤ ਸਿੰਘ ਦੀ ਟਕਸਾਲ ਤੋਂ ਗੁਰਬਾਣੀ ਵਿਆਖਿਆ ਦੀ ਦੀਕਸ਼ਾ ਲੈਣ ਵਾਲੇ ਵੀਹਵੀਂ ਸਦੀ ਦੇ ਪ੍ਰਸਿੱਧ ਵਿਆਖਿਆਕਾਰ ਗਿਆਨੀ ਸੰਤ ਸਿੰਘ ਮਸਕੀਨ ਵੀ ਇਸੇ ਨਿਰਮਲਾ ਪ੍ਰਣਾਲੀ ਦੇ ਵਿਆਖਿਆਕਾਰ ਹੋਏ ਹਨ।

### 4.1.5.2 **ਨਿਰਮਲਾ ਪ੍ਰਣਾਲੀ ਦੀਆਂ ਪ੍ਰਮੁੱਖ ਪ੍ਰਵਿਰਤੀਆਂ:**

- ਉਹ ਵੇਦ ਨੂੰ ਪ੍ਰਮਾਣ ਮੰਨਦੇ ਹਨ ਅਤੇ ਗੁਰਬਾਣੀ ਨੂੰ ਵੇਦ ਸਮਾਨ।ਉਨ੍ਹਾਂ ਅਨੁਸਾਰ ਗੁਰਬਾਣੀ ਵੇਦ ਦਾ ਉਲੰਘਣ ਨਹੀਂ ਕਰਦੀ ਪਰ ਮੂਰਤੀ-ਪੂਜਾ ਦੀ ਵਿਰੋਧੀ ਹੈ।ਪਰਮਾਤਮਾ ਦਾ ਹੁਕਮ ਵੇਦ ਵਿੱਚ ਹੈ ਅਤੇ ਉਹ ਸਮੇਂ ਸਥਾਨ ਨਾਲ ਬਦਲਦਾ ਨਹੀਂ ਹੈ।ਕੇਵਲ ਜੁਗ-ਜੁਗ ਅਨੁਸਾਰ ਉਸਦੀ ਭਾਖਾ ਬਦਲਦੀ ਹੈ।ਗੁਰਬਾਣੀ ਵੇਦ ਦੇ ਸਾਰ ਨੂੰ ਦੇਸੀ ਭਾਖਾ ਵਿੱਚ ਦ੍ਰਿੜ ਕਰਾਉਂਦੀ ਹੈ।ਸੰਸਕ੍ਰਿਤ ਦੇਵ-ਬੋਲੀ ਹੈ।ਅਦਵੈਤ

ਵੇਦਾਂਤ ਵੇਦ ਦਾ ਸਾਰ ਹੈ।ਨਿਰਮਲੇ ਅਦਵੈਤਵਾਦੀ ਹੋਏ ਹਨ।ਇਹ ਨਾਮ ਸਿਮਰਨ ਨੂੰ ਮੁਕਤੀ ਦਾ ਸਾਧਨ ਤਾਂ ਮੰਨਦੇ ਹਨ ਪਰ ਨਾਲ ਹੀ ਦ੍ਰਿੜ ਹਨ ਕਿ ਗਿਆਨ ਬਿਨਾਂ ਮੁਕਤੀ ਨਹੀਂ ਹੁੰਦੀ।ਇਨ੍ਹਾਂ ਦਾ ਸਿਧਾਂਤ ਹੈ ਕਿ ਗਿਆਨ ਮੁਕਤੀ ਦਾ ਦਰਵਾਜ਼ਾ ਹੈ ਜਿਵੇਂ:

> ਵੇਦ ਮੇਂ ਸਤਿ ਪਦ ਚਿਤ ਔ ਆਨੰਦ ਕੇ ਬਹੁਤ ਕਰ ਸਾਥ ਸੁਨਿਆ ਜਾਵੇ ਹੈ।ਯਾਂ ਤੇ ਈਹਾਂ ਭੀ ਤਿਨ ਕਾ ਲਖਾਇਕ ਹੈ.....[45]

- ਨਿਰਮਲੇ ਵਿਦਵਾਨਾਂ ਨੇ ਗੁਰਬਾਣੀ ਦੀ ਟੀਕਾਕਾਰੀ ਨੂੰ ਵਿਆਖਿਆਤਮਕ ਬਣਾ ਦਿੱਤਾ।ਟੀਕਾਵਾਂ ਦੀ ਬੋਲੀ ਸਾਧ-ਭਾਖਾ ਹੋ ਗਈ, ਜਿਸ ਵਿੱਚ ਸੰਸਕ੍ਰਿਤ ਸ਼ਬਦਾਵਲੀ ਦੀ ਮਾਤਰਾ ਵੱਧਦੀ ਗਈ।ਨਾਲ ਹੀ ਵੇਦਾਂਤੀ ਸਿਧਾਂਤਕ ਸ਼ਬਦਾਵਲੀ ਵੱਧਦੀ ਗਈ।ਗੁਰਬਾਣੀ ਦੇ ਮੂਲ ਪਾਠ ਦੇ ਅਨੇਕ ਪ੍ਰਕਾਰ ਦੇ ਪਦ ਛੇਦ ਕੀਤੇ ਜਾਣ ਲੱਗੇ ਅਤੇ ਇਸ ਤਰ੍ਹਾਂ ਇੱਕੋ ਤੁੱਕ ਦੇ ਕਈ ਪਾਠ ਤੇ ਕਈ ਟੀਕਾਵਾਂ ਹੋਣ ਲੱਗੀਆਂ।ਇੱਕ-ਇੱਕ ਲਫਜ਼ ਦੇ ਸੰਸਕ੍ਰਿਤ ਕੋਸ਼ਕਾਰੀ ਅਨੁਸਾਰ ਕਈ ਅਰਥ ਹੋਣ ਲੱਗੇ।ਇੱਕ ਹੀ ਸਤਰ ਦੀਆਂ ਕਈ ਕਈ ਟੀਕਾਵਾਂ ਹੋਣ ਲੱਗੀਆਂ।ਸਥਾਈ ਤੇ ਗੌਣ ਅਰਥ ਹੋਣ ਕਾਰਣ ਅਰਥਾਂ ਵਿੱਚ ਅਨਿਸ਼ਚਿਤਤਾ ਵਧਣ ਲੱਗੀ।

- ਪੌਰਾਣਿਕ ਮਿੱਥ ਦੀਆਂ ਕਥਾ-ਕਹਾਣੀਆਂ, ਪ੍ਰਸੰਗ, ਉਥਾਨਕਾ ਜਾਂ ਪ੍ਰਮਾਣ ਦੇ ਰੂਪ ਵਿੱਚ ਟੀਕਾਕਾਰੀ ਵਿੱਚ ਪ੍ਰਵੇਸ਼ ਕਰਨ ਲੱਗੇ।ਪ੍ਰਾਚੀਨ ਗ੍ਰੰਥਾਂ ਵਿੱਚੋਂ ਪ੍ਰਮਾਣ ਵਜੋਂ ਤੁਕਾਂ, ਮੰਤਰ ਆਦਿ ਵਿਆਖਿਆ ਵਿੱਚ ਜੁਟਾਏ ਜਾਣ ਲੱਗੇ।

### 4.1.6 ਸੰਪ੍ਰਦਾਈ ਪ੍ਰਣਾਲੀ : ਬਹੁ ਅਰਥੀ ਵਿਆਖਿਆ

ਗੁਰੂ ਗੋਬਿੰਦ ਸਿੰਘ ਜੀ ਦੇ ਗੁਰਗੱਦੀ ਕਾਲ ਵਿੱਚ ਹੀ ਗੁਰਬਾਣੀ ਵਿਆਖਿਆ ਦੀ ਇੱਕ ਹੋਰ ਪ੍ਰਣਾਲੀ ਤੁਰੀ, ਜਿਹੜੀ ਅੱਜ ਤੀਕ ਹੋਈਆਂ ਸਾਰੀਆਂ ਪ੍ਰਣਾਲੀਆਂ ਵਿੱਚੋਂ ਵੱਧ ਸਮਰੱਥ ਸਿੱਧ ਹੋਈ ਹੈ।1696 ਵਿੱਚ ਗੁਰੂ ਜੀ ਨੇ ਭਾਈ ਮਨੀ ਸਿੰਘ ਨੂੰ ਅੰਮ੍ਰਿਤਸਰ ਦਾ ਪ੍ਰਬੰਧ ਠੀਕ ਕਰਨ ਲਈ ਅਤੇ ਹਰਿਮੰਦਰ ਸਾਹਿਬ ਦੀ ਸੇਵਾ ਸੰਭਾਲ ਕਰਨ ਦੀ ਜਿੰਮੇਵਾਰੀ

ਸੌਂਪ ਦਿੱਤੀ।1705 ਵਿੱਚ ਆਨੰਦਪੁਰ ਛੱਡਣ ਵੇਲੇ ਭਾਈ ਮਨੀ ਸਿੰਘ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਸਨ ਅਤੇ ਫਿਰ 1706 ਈ. ਵਿੱਚ ਦੁਬਾਰਾ ਗੁਰੂ ਗੋਬਿੰਦ ਸਿੰਘ ਜੀ ਨੂੰ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਆ ਮਿਲੇ।ਇੱਥੇ ਗੁਰੂ ਜੀ ਦੀ ਨਿਗਰਾਨੀ ਹੇਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਕੀਤੀ ਅਤੇ ਇਸ ਬੀੜ ਦੇ ਕਈ ਉਤਾਰੇ ਵੀ ਕਰਵਾਏ।ਇੱਥੇ ਹੀ ਭਾਈ ਮਨੀ ਸਿੰਘ ਤੇ ਹੋਰ ਕਈ ਸਿੱਖਾਂ ਨੇ ਬਾਣੀ ਦੇ ਅਰਥ ਗੁਰੂ ਜੀ ਦੇ ਮੁਖਾਰਬਿੰਦ ਤੋਂ ਸੁਣੇ ਅਤੇ ਅੱਗੋਂ ਭਾਈ ਮਨੀ ਸਿੰਘ ਜੀ ਨੇ ਇਹ ਅਰਥ ਸੰਗਤਾਂ ਵਿੱਚ ਸੁਣਾਏ ਅਰਥਾਤ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਜੋ ਅਰਥ-ਬੋਧ ਦਿੱਤਾ ਉਸ ਨਾਲ ਭਾਈ ਸਾਹਿਬ ਨੇ ਅੱਗੋਂ ਕਈ ਪ੍ਰੇਮੀ, ਕਥਾ-ਸ੍ਰੋਤੇ, ਵਿਦਿਆਰਥੀ, ਜਿਗਿਆਸੂ ਆਦਿ ਵਰੁਸਾਏ।ਇਹ ਵਰੁਸਾਏ ਜੀਵ ਕਈ ਪਾਸੀਂ ਪਸਰ ਗਏ।ਇਸ ਤਰ੍ਹਾਂ ਇਨ੍ਹਾਂ ਅਰਥਾਂ ਦੀ ਟਕਸਾਲ ਬਣ ਗਈ ਜਿਸ ਨੂੰ ਗਿਆਨੀ ਜਾਂ ਸੰਪ੍ਰਦਾਈ ਟਕਸਾਲ ਕਿਹਾ ਜਾਣ ਲੱਗ ਪਿਆ।ਇਸ ਦੀਆਂ ਅੱਗੋਂ ਅਨੇਕ ਸ਼ਾਖਾਵਾਂ ਹੋ ਗਈਆਂ ਅਤੇ ਕਈ ਥਾਵਾਂ ਤੇ ਸੰਪ੍ਰਦਾਈ ਪ੍ਰਣਾਲੀ ਦੇ ਅਰਥ ਹੋਣ ਲੱਗ ਪਏ।ਪੰਜਾਬ ਵਿੱਚ ਇਹੋ ਪ੍ਰਣਾਲੀ ਪ੍ਰਮੁੱਖ ਹੋ ਗਈ ਕਿਉਂਕਿ ਇਸ ਪ੍ਰਣਾਲੀ ਦੇ ਪਿੱਛੇ ਗੁਰੂ ਗੋਬਿੰਦ ਸਿੰਘ ਜੀ ਦੇ ਅਰਥਾਂ ਦੀ ਮੋਹਰ-ਛਾਪ ਸੀ ਅਤੇ ਇਹੋ ਇਸ ਦਾ ਗੌਰਵ ਸੀ।ਸੰਪ੍ਰਦਾਈ ਗਿਆਨੀਆਂ ਦੀ ਪ੍ਰਣਾਲੀ ਨੂੰ ਇਹੀ ਗੱਲ ਪ੍ਰਮਾਣਿਕਤਾ ਦਿੰਦੀ ਹੈ ਕਿ ਇਹ ਅਰਥ ਗੁਰੂ ਮੁੱਖ ਵਿੱਚੋਂ ਆਏ ਹਨ ਅਤੇ ਸੀਨਾ-ਬਸੀਨਾ ਤੁਰੇ ਆ ਰਹੇ ਹਨ।ਅੱਜ ਵੀ ਇਹ 'ਸ਼੍ਰੋਮਣੀ ਸੰਪ੍ਰਦਾਇ ਟਕਸਾਲ ਭਾਈ ਮਨੀ ਸਿੰਘ' ਦੇ ਨਾਂ ਤਹਿਤ ਸੱਤੋ ਵਾਲੀ ਗਲੀ ਅੰਮ੍ਰਿਤਸਰ ਵਿਖੇ ਚਲਾਈ ਜਾ ਰਹੀ ਹੈ।ਡਾ. ਤਾਰਨ ਸਿੰਘ ਅਨੁਸਾਰ:

> ਅਸਲੋਂ ਤਾਂ ਸੰਪ੍ਰਦਾਈ ਪ੍ਰਣਾਲੀ ਸਰਲ ਅੱਖਰੀ ਅਰਥਾਂ ਦੀ ਪ੍ਰਣਾਲੀ ਹੀ ਹੈ, ਪਰ ਮਗਰੋਂ ਇਹ ਪ੍ਰਣਾਲੀ ਕਈ ਗੱਲਾਂ ਵਿੱਚ ਨਿਰਮਲਾ ਪ੍ਰਣਾਲੀ ਜਿਹੀ ਹੀ ਹੋ ਗਈ।ਇਸ ਪ੍ਰਣਾਲੀ ਦੇ ਵਿਦਵਾਨ ਵੀ ਨਿਰਮਲੇ ਵਿਦਵਾਨਾਂ ਦੀ ਦੇਖਾ ਦੇਖੀ ਇੱਕ ਤੁਕ ਦੇ ਕਈ-ਕਈ ਅਰਥ ਕਰਨ ਲੱਗੇ, ਬਾਣੀ ਦੀ ਉਥਾਨਕਾ ਤੇ ਬਲ ਦੇ ਕੇ ਅਰਥ ਕਰਨ ਲੱਗੇ ਅਤੇ ਬਾਣੀ-ਸਿਧਾਂਤਾਂ ਦੀ ਵਿਆਖਿਆ ਵਿੱਚ ਮਿਥਿਹਾਸਕ-ਪੌਰਾਣਿਕ ਪ੍ਰਸੰਗ ਸੁਣਾਉਣ ਲੱਗੇ, ਪ੍ਰੰਤੂ ਇਹ ਵੇਦ ਨੂੰ ਪ੍ਰਮਾਣ ਨਹੀਂ ਸਨ ਮੰਨਦੇ, ਇਨ੍ਹਾਂ ਦੀ ਬੋਲੀ ਵੀ ਸੰਸਕ੍ਰਿਤ ਨਹੀਂ ਸੀ, ਇਹ ਸਤਰ ਵਾਰ ਟੀਕਾ ਤਾਂ ਕਰਦੇ ਸਨ ਪਰ ਪਦ-ਅਰਥ ਦੇਣ ਦੀ

> ਪਰਿਪਾਟੀ ਵੀ ਸੀ, ਕਥਾ-ਕਹਾਣੀਆਂ ਨਾਲ ਰੌਚਕਤਾ ਤਾਂ ਪੈਦਾ ਕੀਤੀ ਜਾਂਦੀ ਸੀ ਨਾਲ ਹੀ ਗੁਰ-ਇਤਿਹਾਸ ਤੇ ਵੀ ਬਲ ਦਿੱਤਾ ਜਾਂਦਾ ਸੀ, ਗੁਰਬਾਣੀ ਵਿੱਚੋਂ ਪ੍ਰਮਾਣ ਦੇ ਕੇ ਸਿਧਾਂਤ-ਸਿੱਧੀ ਦੇ ਨਾਲ-ਨਾਲ ਪ੍ਰਮਾਣ ਦਸਮ ਗ੍ਰੰਥ ਅਤੇ ਭਾਈ ਗੁਰਦਾਸ ਜੀ ਦੀ ਰਚਨਾ ਤੋਂ ਵੀ ਦਿੱਤੇ ਜਾਂਦੇ ਸਨ, ਰਹਿਤ ਮਰਯਾਦਾ ਤੇ ਵੀ ਬਲ ਦਿੱਤਾ ਜਾਂਦਾ ਸੀ, ਸਿੱਖ-ਤੀਰਥ ਮਹਿਮਾ ਅਤੇ ਨਿਤਨੇਮ, ਸਿਮਰਨ, ਸੇਵਾ ਤੇ ਵੀ ਬਲ ਦਿੱਤਾ ਜਾਂਦਾ ਸੀ।[46]

ਇਸ ਪ੍ਰਣਾਲੀ ਤੋਂ ਪੜ੍ਹੇ ਗਿਆਨੀ ਸੰਸਾਰ ਭਰ ਦੇ ਗੁਰਦੁਆਰਿਆਂ ਵਿੱਚ ਪ੍ਰਚਾਰ ਕਰ ਰਹੇ ਹਨ।ਸਮੇਂ ਦੇ ਨਾਲ-ਨਾਲ ਜਿੱਥੇ ਨਿਰਮਲਿਆਂ ਦਾ ਬਲ ਜਿੱਥੇ ਆਪਣੀ ਵਿਦਵਤਾ ਦੀ ਪ੍ਰਦਰਸ਼ਨੀ ’ਤੇ ਸੀ ਅਤੇ ਇਹ ਸਾਰੀ ਵੇਦਕ ਵਿਦਵਤਾ ਨੂੰ ਲੈ ਕੇ ਅੱਗੇ ਵੱਧ ਰਹੇ ਸਨ, ਸੰਪ੍ਰਦਾਈ ਪ੍ਰਣਾਲੀ ਦਾ ਬਲ ਰਹਿਣੀ ਉੱਤੇ ਸੀ ਅਤੇ ਇਨ੍ਹਾਂ ਦਾ ਪ੍ਰਚਾਰ ਵੀ ਆਮ ਲੋਕਾਂ ਲਈ ਸੀ ਪਰ ਇਹ ਵੀ ਗਿਆਨੀ ਹੋਣ ਦੀ ਪ੍ਰਦਰਸ਼ਨੀ ਕਰਦੇ ਸਨ।ਇਸ ਲਈ ਨਿਰਮਲਾ ਪ੍ਰਣਾਲੀ ਵਾਂਗ ਇਸ ਪ੍ਰਣਾਲੀ ਦੁਆਰਾ ਕੀਤੀ ਜਾਂਦੀ ਗੁਰਮਤਿ ਵਿਆਖਿਆ ਦਾ ਸਰੂਪ ਵੀ ਵਿਸਥਾਰਕ, ਜਟਿਲ, ਗੁੰਝਲਦਾਰ ਅਤੇ ਕਠਿਨ ਹੋ ਗਿਆ।ਪਰ ਆਮ ਸ਼ਰਧਾ ਦਾ ਜ਼ਮਾਨਾ ਸੀ ਤੇ ਲੋਕ ਇਨ੍ਹਾਂ ਨੂੰ ਸੁਣਦੇ ਸਨ।ਪੰਜਾਬ ਵਿੱਚ ਇਸ ਪ੍ਰਣਾਲੀ ਦਾ ਜ਼ੋਰ ਸੀ ਅਤੇ ਪੱਛਮੀ ਵਿਦਿਅਕ ਪ੍ਰਣਾਲੀ ਤੋਂ ਅਭਿੱਜ ਇਹ ਆਮ ਕਰਕੇ ਭਾਰਤੀ ਸੰਪ੍ਰਦਾਈ ਗਿਆਨ ਰੱਖਦੇ ਸਨ।ਸੰਪ੍ਰਦਾਈ ਪ੍ਰਣਾਲੀ ਦੇ ਮੁਖੀ ਭਾਈ ਮਨੀ ਸਿੰਘ ਜੀ ਦੀਆਂ ਸਾਹਿਤਿਕ ਕਿਰਤਾਂ[47] ਹਨ : ਗਿਆਨ ਰਤਨਾਵਲੀ ਜਾਂ ਜਨਮ ਸਾਖੀ ਗੁਰੂ ਨਾਨਕ ਦੇਵ ਜੀ, ਭਗਤ ਰਤਨਾਵਲੀ ਜਾਂ ਸਿੱਖਾਂ ਦੀ ਭਗਤਮਾਲਾ, ਗੁਰੂਬਿਲਾਸ ਪਾਤਸ਼ਾਹੀ ਛੇਵੀਂ, ਉਥਾਨਕਾਵਾਂ, ਬੀੜਾਂ ਅਤੇ ਦਸਮ ਗ੍ਰੰਥ, ਇੱਕ ਚਿੱਠੀ।

ਭਾਈ ਮਨੀ ਸਿੰਘ ਜੀ ਦੀਆਂ ਉਪਰੋਕਤ ਕਿਰਤਾਂ ਬਾਰੇ ਵਿਚਾਰ ਕਰੀਏ ਤਾਂ ਅਸੀਂ ਦੇਖਦੇ ਹਾਂ ਕਿ ਇਨ੍ਹਾਂ ਨੇ ਟੀਕੇ ਆਦਿ ਨਹੀਂ ਰਚੇ ਪਰ ਇਨ੍ਹਾਂ ਦਾ ਪ੍ਰਭਾਵ ਕਬੂਲ ਕੇ ਬਹੁਤ ਸਾਰੇ ਵਿਦਵਾਨਾਂ ਨੇ ਕੰਮ ਕੀਤਾ।ਇਸੇ ਆਧਾਰ ਉੱਤੇ ਭਾਈ ਸੂਰਤ ਸਿੰਘ ਜੀ ਨੇ ਭਾਈ ਗੁਰਦਾਸ ਜੀ ਦੀ ਪਹਿਲੀ ਤੇ ਗਿਆਰ੍ਹਵੀਂ ਵਾਰ ਦੇ ਟੀਕੇ ‘ਗਿਆਨ ਰਤਨਾਵਲੀ’ ਦੇ ਨਾਂ ਨਾਲ ਕੀਤੇ, ਭਾਈ ਸੋਹਨ ਸਿੰਘ ਨੇ 1719 ਈ. ਵਿੱਚ ਗੁਰਬਿਲਾਸ ਪਾਤਸ਼ਾਹੀ ਛੇਵੀਂ ਦੀ

ਰਚਨਾ ਭਾਈ ਮਨੀ ਸਿੰਘ ਜੀ ਤੋਂ ਪ੍ਰਾਪਤ ਸਾਮਗ੍ਰੀ ਦੇ ਆਧਾਰ ਤੇ ਕੀਤੀ, ਭਾਈ ਕੀਰਤ ਸਿੰਘ ਨੇ 'ਗੁਰੂ ਗ੍ਰੰਥ ਸਾਹਿਬ ਦੇ ਪ੍ਰਯਾਯ' ਵੀ ਭਾਈ ਮਨੀ ਸਿੰਘ ਦੀ ਕਥਾ ਦੇ ਆਧਾਰ ਤੇ ਹੀ ਲਿਖਿਆ।[48] ਇਸੇ ਪ੍ਰਣਾਲੀ ਦੀ ਇੱਕ ਸ਼ਾਖ਼ਾ ਬਾਬਾ ਦੀਪ ਸਿੰਘ ਜੀ ਨੇ ਵੀ ਤੋਰੀ ਜਿਹੜੀ ਕਿ ਅੱਜ ਵੀ ਦਮਦਮੀ ਟਕਸਾਲ ਦੇ ਨਾਂ ਹੇਠ ਗੁਰਬਾਣੀ-ਵਿਆਖਿਆ ਅਤੇ ਸਿੱਖੀ ਦੇ ਪ੍ਰਚਾਰ ਪ੍ਰਸਾਰ ਵਿੱਚ ਵਿਸ਼ੇਸ਼ ਯੋਗਦਾਨ ਪਾ ਰਹੀ ਹੈ।

### 4.1.6.1 **ਸੰਪ੍ਰਦਾਈ ਪ੍ਰਣਾਲੀ ਦੇ ਪ੍ਰਮੁੱਖ ਵਿਆਖਿਆਕਾਰ:**

ਭਾਈ ਮਨੀ ਸਿੰਘ ਜੀ ਜਿਹੇ ਮੋਢੀ ਸੰਪ੍ਰਦਾਈ ਵਿਆਖਿਆਕਾਰ ਤੋਂ ਇਲਾਵਾ ਭਾਈ ਚੰਦਾ ਸਿੰਘ, ਭਾਈ ਹਜ਼ਾਰਾ ਸਿੰਘ, ਸੰਤ ਸੰਗਤ ਸਿੰਘ, ਸੰਤ ਬਾਬਾ ਹਰਨਾਮ ਸਿੰਘ, ਗਿਆਨੀ ਬਦਨ ਸਿੰਘ, ਗਿਆਨੀ ਸੰਤ ਰਾਮ, ਭਾਈ ਭਗਵਾਨ ਸਿੰਘ, ਅਕਾਲੀ ਨਿਹਾਲ ਸਿੰਘ ਸੂਰੀ, ਸੰਤ ਅਮੀਰ ਸਿੰਘ, ਪੰਡਤ ਨਰੈਣ ਸਿੰਘ, ਪੰਡਤ ਕਰਤਾਰ ਸਿੰਘ ਦਾਖਾ, ਸੰਤ ਸੁੰਦਰ ਸਿੰਘ ਭਿੰਡਰਾਂ ਵਾਲੇ, ਸੰਤ ਗੁਰਬਚਨ ਸਿੰਘ ਭਿੰਡਰਾਂ ਵਾਲੇ ਆਦਿ।ਜ਼ਿਕਰਯੋਗ ਹੈ ਕਿ ਭਾਈ ਜੋਧ ਸਿੰਘ, ਭਾਈ ਵੀਰ ਸਿੰਘ, ਪ੍ਰੋਫੈਸਰ ਤੇਜਾ ਸਿੰਘ ਅਤੇ ਪ੍ਰੋਫੈਸਰ ਸਾਹਿਬ ਸਿੰਘ ਆਦਿ ਵੀ ਬੁਨਿਆਦੀ ਤੌਰ ਉੱਤੇ ਇਸੇ ਪਰਿਪਾਟੀ ਨਾਲ ਸੰਬੰਧਤ ਵਿਆਖਿਆਕਾਰ ਸਨ ਭਾਵੇਂ ਬਾਅਦ ਵਿੱਚ ਉਨ੍ਹਾਂ ਦਾ ਬਹੁਤਾ ਕੰਮ ਸਿੰਘ ਸਭਾਈ ਪ੍ਰਣਾਲੀ ਵਿੱਚ ਹੀ ਗਿਣਿਆ ਗਿਆ।

### 4.1.6.2 **ਸੰਪ੍ਰਦਾਈ ਪ੍ਰਣਾਲੀ ਦੀਆਂ ਪ੍ਰਮੁੱਖ ਪ੍ਰਵਿਰਤੀਆਂ:**

- ਜਪੁਜੀ ਦਾ ਜੋ ਟੀਕਾ ਭਾਈ ਮਨੀ ਸਿੰਘ ਜੀ ਦੇ ਨਾਮ ਨਾਲ ਸੰਬੰਧਤ ਹੋਇਆ ਤੁਰਿਆ ਆ ਰਿਹਾ ਹੈ, ਉਹ ਸ਼ਾਇਦ ਅੱਜ ਤੀਕ ਹੋਏ ਅਨੇਕ ਜਪੁਜੀ ਦੇ ਟੀਕਿਆਂ ਤੋਂ ਉੱਤਮ ਅਤੇ ਸ੍ਰੇਸ਼ਟ ਹੈ।[49] ਇਸ ਤੋਂ ਟੀਕਾਕਾਰ ਦੇ ਅਧਿਆਤਮਕ ਅਨੁਭਵ ਬਾਰੇ ਪਤਾ ਚਲਦਾ ਹੈ।ਸੰਪ੍ਰਦਾਈ ਪ੍ਰਣਾਲੀ ਦੇ ਟੀਕਿਆਂ ਵਿਚਲੀ ਸਰਲਤਾ, ਅਨੁਭਵ, ਨਿਸ਼ਚੇ ਭਰਪੂਰਤਾ, ਸੰਖੇਪਤਾ, ਸੰਕੁਚਵਾਪਨ, ਸਪਸ਼ਟਤਾ, ਦ੍ਰਿੜਤਾ, ਸੂਝ, ਰਸੀ ਸਿਆਣਪ, ਸ਼ੈਲੀ ਦੀ ਕੋਮਲਤਾ ਆਦਿ ਦੀ ਮਹਾਨਤਾ ਦਾ ਪ੍ਰਮਾਣ ਇਹ ਟੀਕਾ ਹੈ:

| | |
|---|---|
| ੧ਓ | ਏਕੰਕਾਰ ਇਕ ਜੋ ਅਕਾਲ ਪੁਰਖ ਹੈ। |
| ਸਤਿਨਾਮੁ | ਸਚ ਉਸ ਦਾ ਨਾਮ ਹੈ। |

ਕਰਤਾ ਪੁਰਖੁ ਸ੍ਰਿਸ਼ਟੀ ਦਾ ਕਰਤਾ ਹੈ ਤੇ ਸਰਬ ਵਿੱਚ ਪੂਰਨ।

ਗੁਰਪ੍ਰਸਾਦਿ ਗੁਰਾਂ ਦੀ ਕ੍ਰਿਪਾ ਕਰਕੇ ਨਜ਼ਰ ਆਂਵਦਾ ਹੈ।[50]

- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਰਥਾਂ ਦੀ ਸੰਪ੍ਰਦਾਇ ਤਾਂ ਭਾਈ ਮਨੀ ਸਿੰਘ ਜੀ ਤੋਂ ਸੀਨਾ-ਬਸੀਨਾ ਤੁਰੀ ਆ ਰਹੀ ਸੀ ਪਰ ਉਦਾਸੀ ਅਤੇ ਨਿਰਮਲੇ ਸੰਤਾਂ ਦੇ ਪ੍ਰਭਾਵ ਕਾਰਣ ਉਸ ਵਿੱਚ ਮਿਸ਼ਰਣ ਹੁੰਦਾ ਗਿਆ ਅਤੇ ਸਮੇਂ ਦੇ ਨਾਲ ਅਰਥਾਂ ਵਿੱਚ ਉਥਾਨਕਾਵਾਂ ਦੇਣ, ਵਿਆਖਿਆ ਲਈ ਕਥਾ-ਕਹਾਣੀਆਂ ਦੀ ਵਰਤੋਂ, ਇੱਕ ਤੁੱਕ ਦੇ ਕਈ-ਕਈ ਅਰਥ ਕਰਨ ਦੀ ਪਰਿਪਾਟੀ ਆਦਿ ਪਰਪੱਕ ਹੁੰਦੇ ਗਏ।ਡਾ. ਟ੍ਰੰਪ ਦੁਆਰਾ ਕੀਤੇ ਗਏ ਅਨੁਵਾਦ ਦੇ ਪ੍ਰਤੀਕਰਮ ਵਜੋਂ ਗਿਆਨੀ ਬਦਨ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਦਾ ਫਰੀਦਕੋਟੀ ਟੀਕਾ ਕੀਤਾ ਜੋ ਕਿ ਸਰਲ, ਸਪਸ਼ਟ ਤੇ ਸਿੱਧੀ-ਸਾਦੀ ਸ਼ੈਲੀ ਵਿੱਚ ਸ਼ੁੱਧ ਅੰਤਹਕਰਣ ਦੇ ਅਨੁਭਵ ਉੱਤੇ ਅਧਾਰਿਤ ਹੈ।[51]
- ਸੰਪ੍ਰਦਾਈ ਪ੍ਰਣਾਲੀ ਦੇ ਟੀਕਾਕਾਰ ਪੰਡਤ ਨਰੈਣ ਸਿੰਘ ਗਿਆਨੀ ਮੁਜੰਗ ਵਾਲਿਆਂ ਦੀ ਵਿਆਖਿਆਤਮਕ ਪ੍ਰਵਿਰਤੀਆਂ ਨੂੰ ਦੇਖਦੇ ਹੋਏ ਕਿਹਾ ਜਾ ਸਕਦਾ ਹੈ ਕਿ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਦੇ ਸੰਪੂਰਨ ਟੀਕੇ ਸ਼ਬਦ ਦੇ ਕੇਂਦਰੀ ਖਿਆਲ ਦੀ ਸੰਖੇਪ ਉਥਾਨਕਾ ਦਿੰਦੇ ਹੋਏ ਕੀਤੇ ਹਨ।ਪਦ-ਅਰਥ, ਭਾਵਾਰਥ, ਵਿਆਖਿਆ, ਨਿਰੁਕਤ ਆਦਿ ਕਿਤੇ ਵੀ ਨਾਂ ਦੇ ਕੇ ਤੁਕਵਾਰ ਮੂਲ ਪਾਠ ਦਾ ਸਰਲ ਤੇ ਸੰਖੇਪ ਟੀਕਾ ਕੀਤਾ ਹੈ।ਅਰਥ ਜਾਂ ਟੀਕਾ ਕਰਨ ਲੱਗਿਆਂ ਵਿਆਕਰਣ ਦਾ ਵਿਚਾਰ ਵੀ ਨਹੀਂ ਕੀਤਾ ਅਤੇ ਸ਼ਬਦ ਨੂੰ ਸਮੁੱਚੇ ਰੂਪ ਵਿੱਚ ਵੀ ਨਹੀਂ ਵਿਚਾਰਿਆ।ਗੁਰਮਤਿ ਸਿਧਾਤਾਂ ਦੀ ਵੀ ਵਿਚਾਰ ਕੀਤੇ ਬਿਨਾਂ ਸਿੱਧੇ ਸ਼ਾਬਦਿਕ ਅਰਥ ਕੀਤੇ ਹਨ ਜੋ ਕਿ ਸੰਪ੍ਰਦਾ ਦਾ ਅਨੁਸਰਣ ਨਹੀਂ ਹੈ।[52]

ਉਪਰੋਕਤ ਵਿਚਾਰ-ਚਰਚਾ ਦੇ ਸੰਬੰਧ ਵਿੱਚ ਕਿਹਾ ਜਾ ਸਕਦਾ ਹੈ ਕਿ ਸੰਪ੍ਰਦਾਈ ਪ੍ਰਣਾਲੀ ਅਧੀਨ ਗੁਰਬਾਣੀ ਵਿਆਖਿਆ ਦਾ ਸਰੂਪ ਅਸਲੋਂ ਤਾਂ ਸਰਲ ਅੱਖਰੀ ਅਰਥਾਂ ਦੀ ਪ੍ਰਣਾਲੀ ਵਾਲਾ ਹੀ ਸੀ ਪ੍ਰੰਤੂ ਮਗਰੋਂ ਨਿਰਮਲੇ ਸੰਤਾਂ ਦੇ ਸਮਾਨ ਇੱਕ-ਇੱਕ ਤੁਕ ਦੇ ਕਈ ਕਈ ਅਰਥ ਕਰਨ ਵਾਲੀ ਪ੍ਰਣਾਲੀ ਦੇ ਰੂਪ ਵਿੱਚ ਸਾਹਮਣੇ ਆਈ।

### 4.1.7 ਸਿੰਘ ਸਭਾਈ ਪ੍ਰਣਾਲੀ : ਤਾਰਕਿਕ ਵਿਆਖਿਆ

ਹੁਣ ਤੱਕ ਚੱਲੀ ਆ ਰਹੀ ਗੁਰਬਾਣੀ ਵਿਆਖਿਆ ਦੀ ਪਰੰਪਰਾ ਵਿੱਚ ਸਭ ਭਾਰਤੀ ਗ੍ਰੰਥਾਂ ਦੇ ਅਧਿਐਨ ਮਗਰੋਂ ਗੁਰਬਾਣੀ ਦੀ ਵਿਆਖਿਆਕਾਰੀ ਵੱਲ ਆਏ ਸਨ ਇਸੇ ਲਈ ਤਾਰਨ ਸਿੰਘ ਆਖਦੇ ਹਨ, "ਅਸਲੋਂ ਇਹ ਪ੍ਰਣਾਲੀਆਂ ਇੱਕੋ ਕੁਝ ਹੀ ਸਨ।"[53] ਇੱਕ ਤੋਂ ਬਹੁਤੇ ਅਰਥ ਕਰਨੇ ਵਿਦਵਤਾ ਦਾ ਸੂਚਕ ਮੰਨਿਆ ਜਾਂਦਾ ਸੀ।ਕੇਵਲ ਸ਼ਰਧਾਮਈ ਹੋ ਕੇ ਨਿਤਨੇਮ, ਜਪ, ਸਿਮਰਨ, ਸੇਵਾ ਤੇ ਰਹਿਤ ਮਰਯਾਦਾ 'ਤੇ ਤਾਂ ਬਲ ਦਿੱਤਾ ਜਾਂਦਾ ਸੀ ਪ੍ਰੰਤੂ ਗੁਰਮਤਿ ਵਿਆਖਿਆ ਵਿੱਚ ਮੁਢਲੇ ਤੌਰ 'ਤੇ ਕੋਈ ਬਹੁਤਾ ਵਖਰੇਵਾਂ ਨਹੀਂ ਸੀ।ਵਿਆਖਿਆਕਾਰੀ ਦੀ ਇਸ ਸਥਿਤੀ ਬਾਰੇ ਵਿਚਾਰ ਕਰਦੇ ਹੋਏ ਡਾ. ਬਲਕਾਰ ਸਿੰਘ ਕਹਿੰਦੇ ਹਨ:

> ਮੱਧ ਯੁੱਗ ਵਿੱਚ ਭਾਰਤੀ ਭੂ-ਖੰਡ ਅੰਦਰ ਅਧਿਆਤਮਿਕਤਾ ਦੇ ਖੇਤਰ ਵਿੱਚ ਅਰਥਾਂ ਦੀ ਸੀਮਾ ਵਿੱਚ ਹੋਈਆਂ ਹੱਦਬੰਦੀਆਂ ਅਤੇ ਸੰਸਥਾਤਮਿਕ ਈਜਾਰੇਦਾਰੀਆਂ ਕਰਕੇ ਜੋ ਧਾਰਮਿਕ ਖੜੋਤ ਪੈਦਾ ਹੋ ਗਈ ਸੀ, ਉਸ ਨਾਲ ਆਮ ਬੰਦਾ ਭੂਤ ਦੀ ਗੁਲਾਮੀ ਅਤੇ ਭਵਿੱਖ ਦੇ ਭੈਅ ਦੀ ਧਾਰਮਿਕਤਾ ਦਾ ਸ਼ਿਕਾਰ ਹੋ ਗਿਆ ਸੀ।[54]

'ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ' ਨਾਲ ਭਾਈ ਵੀਰ ਸਿੰਘ ਦੀ ਰਚਨਾਤਮਕ ਪ੍ਰਤਿਭਾ ਨੇ ਗੁਰਬਾਣੀ ਦੀ ਟੀਕਾਕਾਰੀ-ਵਿਆਖਿਆਕਾਰੀ ਅਤੇ ਸਿਧਾਂਤ ਨਿਰਣੇ ਨੂੰ ਪਰੰਪਰਾ ਦੀ ਲਕੀਰ ਤੋਂ ਹਟਾ ਕੇ ਇੱਕ ਨਵਾਂ ਰੂਪ ਪ੍ਰਦਾਨ ਕੀਤਾ।ਇਸ ਸੰਬੰਧੀ ਡਾ. ਤਾਰਨ ਸਿੰਘ ਦੇ ਸ਼ਬਦਾਂ ਵਿੱਚ ਇਉਂ ਕਿਹਾ ਜਾ ਸਕਦਾ ਹੈ:

> ਭਾਵੇਂ ਭਾਈ ਵੀਰ ਸਿੰਘ ਜੀ ਨੇ ਗਿਆਨੀ ਹਜ਼ਾਰਾ ਸਿੰਘ ਜੀ ਤੋਂ ਸੰਪ੍ਰਦਾਈ ਅਰਥਾਂ ਦਾ ਗਿਆਨ ਪ੍ਰਾਪਤ ਕੀਤਾ ਸੀ ਅਤੇ ਸੰਪ੍ਰਦਾਈ ਟੀਕਾਕਾਰੀ ਦੇ ਚਿੰਨ੍ਹ ਉਨ੍ਹਾਂ ਦੀ ਟੀਕਾਕਾਰੀ ਵਿੱਚ ਮੌਜੂਦ ਹਨ ਜਿਵੇਂ ਕਿ ਹੋਰ ਟੀਕਾਕਾਰਾਂ ਵਿੱਚ ਹਨ ਅਤੇ ਸਦਾ ਰਹਿਣਗੇ।ਪਰ ਭਾਈ ਸਾਹਿਬ ਨੇ ਟੀਕਾਕਾਰੀ ਵਿੱਚ ਇਸ ਦੇ ਅੰਤਮ ਸਰੂਪ ਵਿੱਚ ਨਵਾਂ ਹੀ ਰੰਗ ਪਕੜਿਆ ਹੈ।ਜੇ ਭਾਈ

> ਵੀਰ ਸਿੰਘ ਜੀ ਤੋਂ ਤੁਰੀ ਟੀਕਾਕਾਰੀ ਪਰੰਪਰਾ ਨੂੰ ਕੋਈ ਵਿਸ਼ੇਸ਼ ਨਾਂ ਦੇਣਾ ਹੋਵੇ ਤਾਂ ਇਸ ਨੂੰ 'ਸਿੰਘ ਸਭਾਈ' ਪਰੰਪਰਾ ਕਿਹਾ ਜਾ ਸਕਦਾ ਹੈ।[55]

ਗੁਰਬਾਣੀ ਦੀ ਪਰੰਪਰਾਗਤ ਵੈਦਿਕ, ਵੇਦਾਂਤਿਕ ਅਤੇ ਪੁਰਾਤਨ ਭਾਰਤੀ ਦਰਸ਼ਨ ਸਾਹਿਤ ਆਦਿ ਦੇ ਪ੍ਰਭਾਵ ਅਧੀਨ ਕੀਤੀ ਗਈ ਵਿਆਖਿਆ ਨੇ ਸਿੱਖ ਧਰਮ ਦੀਆਂ ਬੇਹਤਰ ਸਿੱਖਿਆਵਾਂ ਨੂੰ ਜੰਗ ਲਗਾ ਦਿੱਤਾ ਸੀ। ਇਸੇ ਸਮੇਂ ਦੌਰਾਨ ਪੰਜਾਬ ਵਿੱਚ ਅੰਗਰੇਜ਼ੀ ਰਾਜ ਦਾ ਸਥਾਪਨ ਹੋ ਜਾਣ ਕਾਰਣ ਸਿੱਖ ਵਿਦਵਾਨ ਅੰਗਰੇਜ਼ੀ ਵਿੱਦਿਆ, ਸਾਹਿਤ ਤੇ ਖੋਜ-ਬ੍ਰਿਤੀ ਦੇ ਪ੍ਰਭਾਵ ਅਧੀਨ ਨਵੀਨ ਸਾਧਨਾਂ, ਪ੍ਰਵਿਰਤੀਆਂ, ਗਿਆਨ ਢੰਗਾਂ, ਬਿਰਤੀਆਂ ਅਨੁਸਾਰ ਗੁਰਬਾਣੀ ਨੂੰ ਵਿਚਾਰਨ ਲੱਗੇ। ਨਤੀਜੇ ਵਜੋਂ ਸਿੱਖ-ਸੱਭਿਆਚਾਰ ਨੂੰ ਬਚਾਉਣ ਲਈ 1873 ਈ. ਵਿੱਚ ਸਿੰਘ ਸਭਾ ਨਾਮ ਦੀ ਸੰਸਥਾ ਹੋਂਦ ਵਿੱਚ ਆਈ। ਭਾਈ ਵੀਰ ਸਿੰਘ ਅਤੇ ਹੋਰ ਸਮਕਾਲੀ ਸਿੱਖ ਵਿਦਵਾਨਾਂ ਜਿਵੇਂ ਕਿ ਪ੍ਰਿੰ. ਤੇਜਾ ਸਿੰਘ, ਪ੍ਰੋ. ਸਾਹਿਬ ਸਿੰਘ ਆਦਿ ਨੇ ਮੌਜੂਦਾ ਹਾਲਾਤ ਅਤੇ ਸਮੇਂ ਦੀ ਮੰਗ ਅਨੁਸਾਰ ਨਾ ਕੇਵਲ ਹੁਣ ਤੱਕ ਰਚੇ ਗਏ ਸਿੱਖ ਸਾਹਿਤ ਨੂੰ ਮੁੜ ਪੜਚੋਲਿਆ ਸਗੋਂ ਗੁਰਬਾਣੀ ਦੀ ਨਵੇਂ ਸਿਰਿਉਂ ਨਵੀਨ ਪੱਛਮੀ ਵਿੱਦਿਆ ਦੇ ਚਾਨਣ ਵਿੱਚ ਵਿਆਖਿਆ ਕੀਤੀ ਜਿਸ ਵਿੱਚ ਅੰਨ੍ਹੀ-ਸ਼ਰਧਾ ਅਤੇ ਭਾਵੁਕਤਾ ਦੀ ਥਾਂ ਤਰਕਸ਼ੀਲਤਾ, ਮਾਨਵਵਾਦੀ ਭਾਵਨਾ ਅਤੇ ਲੋਕਤਾਂਤਰਿਕ ਵਰਤਾਰਿਆਂ ਦੇ ਮਹੱਤਵ ਨੂੰ ਉਤਸ਼ਾਹ ਮਿਲਿਆ। ਗੁਰਬਾਣੀ-ਵਿਆਖਿਆ ਦੇ ਇਤਿਹਾਸ ਅੰਦਰ ਅਕਾਦਮਿਕ ਪੱਧਰ 'ਤੇ ਇੱਕ ਨਵੀਂ ਚੇਤਨਾ, ਨਵੀਂ ਜੀਵਨ-ਜਾਚ ਅਤੇ ਨਵੀਂ ਕਾਰਜ ਸ਼ੈਲੀ ਨੇ ਜਨਮ ਲਿਆ ਜਿਸ ਅਧੀਨ ਕੀਤੀ ਜਾਣ ਵਾਲੀ ਗੁਰਬਾਣੀ ਵਿਆਖਿਆ 'ਸਿੰਘ ਸਭਾਈ' ਪ੍ਰਣਾਲੀ ਅਖਵਾਈ।

ਸਿੰਘ ਸਭਾਈ ਵਿਆਖਿਆਕਾਰੀ ਦਾ ਕੰਮ ਭਾਈ ਵੀਰ ਸਿੰਘ ਜੀ ਤੋਂ ਸ਼ੁਰੂ ਹੁੰਦਾ ਮੰਨਿਆ ਜਾਂਦਾ ਹੈ। ਭਾਈ ਵੀਰ ਸਿੰਘ ਨੇ ਸਿੱਖ ਪਰੰਪਰਾਵਾਂ ਅਤੇ ਸਿੱਖ ਸਾਹਿਤ ਨੂੰ ਬਹੁਤ ਹੀ ਬਰੀਕੀ ਨਾਲ ਅਤੇ ਗਹਿਰਾਈ ਤੱਕ ਸਮਝ ਕੇ ਸਿੱਖ ਧਾਰਮਿਕ ਗ੍ਰੰਥਾਂ, ਫਿਲਾਸਫੀ ਅਤੇ ਵਿਆਕਰਣ ਦੇ ਵੱਖ-ਵੱਖ ਵਿਸ਼ਿਆਂ ਉੱਤੇ ਬਹੁਤ ਹੀ ਨਿਪੁੰਨਤਾ ਨਾਲ ਲਿਖਿਆ।[56] ਇੱਥੇ ਇਹ ਉਲੇਖ ਕਰਨਾ ਵੀ ਜ਼ਰੂਰੀ ਹੈ ਕਿ ਭਾਈ ਵੀਰ ਸਿੰਘ ਨੇ ਗੁਰਬਾਣੀ ਵਿਆਖਿਆਕਾਰੀ ਦੀ ਜਿੱਥੇ ਆਧੁਨਿਕ ਤਕਨੀਕ ਅਪਣਾਈ ਉੱਥੇ ਪਰੰਪਰਾਗਤ ਤਕਨੀਕ ਦਾ ਵੀ ਧਿਆਨ ਰੱਖਿਆ ਅਤੇ ਦੋਹਾਂ ਤਕਨੀਕਾਂ ਦੇ ਸੁਮੇਲ ਕਾਰਣ ਹੀ ਇਨ੍ਹਾਂ ਦੀ ਵਿਆਖਿਆ ਵਿਧੀ ਨੂੰ

'ਪੁਨਰ-ਜਾਗ੍ਰਤੀ ਲਹਿਰ' ਦਾ ਨਾਂ ਦਿੱਤਾ ਜਾਂਦਾ ਹੈ।ਭਾਈ ਵੀਰ ਸਿੰਘ ਨੇ ਨਿਰਮਲੇ ਵਿਦਵਾਨ ਭਾਈ ਸੰਤੋਖ ਸਿੰਘ ਦੇ 'ਗੁਰ ਪ੍ਰਤਾਪ ਸੂਰਜ' ਗ੍ਰੰਥ ਦਾ ਸ਼ਬਦਾਰਥ ਤਿਆਰ ਕੀਤਾ ਅਤੇ ਇਸ ਦੀ ਥਾਂ ਪਰ ਥਾਂ ਵਿਆਖਿਆ ਕੀਤੀ।ਪ੍ਰੋ. ਸਾਹਿਬ ਸਿੰਘ ਨੇ ਸੰਸਕ੍ਰਿਤ ਦੀ ਵਿਆਕਰਣ ਦੇ ਨਿਯਮਾਂ ਤੋਂ ਗੁਰਬਾਣੀ ਵਿਆਕਰਣ ਦੀ ਨਿਯਮਾਵਲੀ ਨੂੰ ਖੋਜ ਕੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ' ਅਤੇ ਹੋਰ ਸਾਹਿਤ ਦੀ ਰਚਨਾ ਨਾਲ ਗੁਰਬਾਣੀ ਵਿਆਖਿਆਕਾਰੀ ਦਾ ਉੱਤਮ ਕਾਰਜ ਕੀਤਾ[57]।ਏਸੇ ਤਰ੍ਹਾਂ ਵਿਆਕਰਨਕ ਪਹੁੰਚ ਦੀ ਸਹਾਇਤਾ ਨਾਲ ਬਾਣੀ ਦੇ ਮੌਲਿਕ ਅਰਥਾਂ ਦੇ ਨੇੜੇ ਦਾ 'ਭਾਵ' ਤਲਾਸ਼ਣਾ ਪ੍ਰਿੰ. ਤੇਜਾ ਸਿੰਘ ਦੇ 'ਸ਼ਬਦਾਰਥ' ਦਾ ਮੁੱਖ ਪ੍ਰਯੋਜਨ ਸੀ।ਵਿਆਕਰਨਕ ਨਿਯਮਾਵਲੀ ਤਿਆਰ ਕਰਨ ਪਿੱਛੇ ਮੁੱਖ ਦ੍ਰਿਸ਼ਟੀਕੋਣ ਗੁਰਬਾਣੀ ਅਰਥਾਂ ਦੀ ਪ੍ਰਮਾਣੀਕ ਅਰਥਾਵਲੀ ਨਿਸ਼ਚਿਤ ਕਰਨਾ ਹੈ ਕਿਉਂਕਿ ਬਾਣੀ ਅਰਥਾਂ ਦੀ ਨਿਸ਼ਚਿਤਤਾ, ਪ੍ਰਮਾਣੀਕਤਾ ਅਤੇ ਸਿੱਖ ਦ੍ਰਿਸ਼ਟੀਕੋਣ ਦੀ ਸਥਾਪਨਾ ਦੇ ਅਧਾਰਭੂਤ ਥੰਮ੍ਹਾਂ ਵਿੱਚੋਂ ਇੱਕ ਥੰਮ੍ਹ ਵਿਆਕਰਨ ਹੈ, ਇਸੇ ਨਿਸ਼ਚੇ ਨੂੰ ਮੁੱਖ ਰੱਖਦੇ ਹੋਏ ਪ੍ਰੋ. ਸਾਹਿਬ ਸਿੰਘ ਅਤੇ ਪ੍ਰਿੰ. ਤੇਜਾ ਸਿੰਘ ਨੇ ਅਦੁੱਤੀ ਸਿੱਖ ਸਾਹਿਤ ਦੀ ਰਚਨਾ ਕੀਤੀ।ਡਾ. ਸ਼ੇਰ ਸਿੰਘ ਨੇ ਵਿਸ਼ਵ ਨੂੰ ਸਿੱਖ ਫਿਲਾਸਫੀ ਦੇ ਕੇ ਆਪਣੀ ਤਰਕ ਅਧਾਰਿਤ ਬੌਧਿਕ ਕੁਸ਼ਲਤਾ ਦਾ ਦੀਦਾਰ ਕਰਾਇਆ।ਇਸ ਤੋਂ ਇਲਾਵਾ ਹੋਰ ਵੀ ਸਿੱਖ ਸਾਹਿਤ ਪ੍ਰਮਾਣੀਕਤਾ, ਤਾਰਕਿਕਤਾ ਅਤੇ ਵਿਗਿਆਨਕਤਾ ਦੀ ਕਸਵੱਟੀ ਤੇ ਪਰਖ ਕੇ ਤਿਆਰ ਕੀਤਾ ਗਿਆ ਜੋ ਕਿ 19ਵੀਂ ਸਦੀ ਦੇ ਅੰਤਿਮ ਅਤੇ ਵੀਹਵੀਂ ਸਦੀ ਦੇ ਆਰੰਭਿਕ ਦਹਾਕਿਆਂ ਵਿੱਚ ਹੋਂਦ ਵਿੱਚ ਆਇਆ।

ਸੋ ਇਸ ਪ੍ਰਕਾਰ ਸਿੰਘ ਸਭਾਈ ਪ੍ਰਣਾਲੀ ਤਹਿਤ ਸਿੱਖ ਧਰਮ ਨੂੰ ਖਿੰਡਾਉ ਤੋਂ ਬਚਾਉਣ ਲਈ ਸਿੱਖ ਵਿਦਵਾਨਾਂ ਨੇ ਆਪਣੇ ਪਾਰੰਪਰਿਕ ਧਾਰਮਿਕ ਸਾਹਿਤ ਜੋ ਕਿ ਅਜੇ ਤੱਕ ਉਦਾਸੀਆਂ ਦੇ ਡੇਰਿਆਂ, ਨਿਰਮਲਿਆਂ ਦੇ ਅਖਾੜਿਆਂ ਅਤੇ ਸੰਪ੍ਰਦਾਈ ਗਿਆਨੀਆਂ ਦੇ ਬੁੰਗਿਆਂ ਵਿੱਚ ਚੱਲ ਰਿਹਾ ਸੀ, ਦੀ ਵਿਸ਼ਵ ਵਿਦਿਆਲਿਆਂ ਵਿੱਚ ਮੁੜ ਪੜਚੋਲ ਅਤੇ ਮੁਲਾਂਕਣ ਕਰਕੇ ਪੁਨਰ ਵਿਆਖਿਆ ਕੀਤੀ।ਆਪਣੀ ਨਿਵੇਕਲੀ ਪਛਾਣ ਦੀ ਸਵੈ-ਸਥਾਪਤੀ ਲਈ ਸੰਗਠਿਤ ਹੋਈ ਸਿੰਘ ਸਭਾ ਨਾਮ ਦੀ ਸੰਸਥਾ ਨੇ ਸਿੱਖਾਂ ਦੀ ਪਛਾਣ ਦੀ ਸਮੱਸਿਆ ਉੱਤੇ ਧਿਆਨ ਦਿੱਤਾ ਅਤੇ ਸਿੱਖ ਧਰਮ ਦੀ ਪੁਰਾਣੀ ਸ਼ਾਨੋ-ਸ਼ੌਕਤ ਨੂੰ ਕਾਇਮ ਕਰਨ ਲਈ ਇਤਿਹਾਸਕ ਅਤੇ ਧਾਰਮਿਕ ਕਿਤਾਬਾਂ ਦਾ ਸੰਪਾਦਨ ਅਤੇ ਛਾਪਣ ਦਾ ਪ੍ਰਬੰਧ ਕੀਤਾ।ਪੰਜਾਬੀ ਬੋਲੀ ਵਿੱਚ ਮੈਗਜ਼ੀਨ ਅਤੇ ਅਖ਼ਬਾਰਾਂ ਛਾਪ ਕੇ ਵਰਤਮਾਨ ਗਿਆਨ ਦਾ ਪ੍ਰਚਾਰ ਆਪਣੀ

ਮਾਂ-ਬੋਲੀ ਵਿੱਚ ਕਰਨਾ ਆਰੰਭ ਕੀਤਾ ਅਤੇ ਪਤਿਤ ਹੋ ਚੁੱਕੇ ਸਿੱਖਾਂ ਨੂੰ ਸੁਧਾਰ ਕੇ ਵਾਪਿਸ ਸਿੱਖ ਧਰਮ ਵਿੱਚ ਲਿਆਉਣ ਦੇ ਉਪਰਾਲੇ ਕੀਤੇ।[58]

### 4.1.7.1 ਸਿੰਘ ਸਭਾਈ ਪ੍ਰਣਾਲੀ ਦੇ ਪ੍ਰਮੁੱਖ ਵਿਆਖਿਆਕਾਰ:

ਭਾਈ ਵੀਰ ਸਿੰਘ, ਭਾਈ ਕਾਨ੍ਹ ਸਿੰਘ ਨਾਭਾ, ਪ੍ਰੋਫੈਸਰ ਪੂਰਨ ਸਿੰਘ, ਸਰਦੂਲ ਸਿੰਘ ਕਵੀਸ਼ਰ, ਪ੍ਰੋਫੈਸਰ ਗੁਰਬਚਨ ਸਿੰਘ ਤਾਲਿਬ, ਪ੍ਰਿੰਸੀਪਲ ਤੇਜਾ ਸਿੰਘ, ਪ੍ਰੋਫੈਸਰ ਸਾਹਿਬ ਸਿੰਘ, ਡਾ. ਸ਼ੇਰ ਸਿੰਘ, ਡਾ. ਮੋਹਨ ਸਿੰਘ ਦੀਵਾਨਾ, ਪ੍ਰੋ. ਗੰਗਾ ਸਿੰਘ, ਡਾ. ਗੋਪਾਲ ਸਿੰਘ, ਸੰਤ ਵਿਨੋਬਾ ਭਾਵੇ, ਸੰਤ ਰਜਨੀਸ਼ ਅਤੇ ਐਮ. ਏ. ਮੈਕਾਲਿਫ ਆਦਿ ਸਿੰਘ ਸਭਾਈ ਪ੍ਰਣਾਲੀ ਦੇ ਪ੍ਰਮੁੱਖ ਵਿਆਖਿਆਕਾਰ ਮੰਨੇ ਗਏ ਹਨ।

### 4.1.7.2 ਸਿੰਘ ਸਭਾਈ ਪ੍ਰਣਾਲੀ ਦੀਆਂ ਪ੍ਰਮੁੱਖ ਪ੍ਰਵਿਰਤੀਆਂ:

ਭਾਈ ਵੀਰ ਸਿੰਘ ਜੀ ਦੁਆਰਾ ਕੀਤੀ ਗਈ ਗੁਰਬਾਣੀ ਟੀਕਾਕਾਰੀ ਅਤੇ ਵਿਆਖਿਆਕਾਰੀ ਮੁੱਖ ਤੌਰ ਤੇ ਪੂਰਵਜਾਂ ਅਤੇ ਸਮਕਾਲੀਆਂ ਨਾਲੋਂ ਵੱਖਰੇ ਕਿਸਮ ਦੀ ਹੈ।ਇਨ੍ਹਾਂ ਨੇ 'ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ' ਵਿੱਚ ਰਾਗ ਸੋਰਠਿ ਤੱਕ ਜੋ ਵਿਆਖਿਆ ਕੀਤੀ[59] ਉਸ ਵਿੱਚ ਉਨ੍ਹਾਂ ਨੇ ਹਰੇਕ ਸ਼ਬਦ ਜਾਂ ਪਉੜੀ ਦੀ ਵਿਆਖਿਆ ਲਈ ਨਿਮਨਲਿਖਿਤ ਵਿਧੀ ਨੂੰ ਅਪਣਾਇਆ:

1. ਪ੍ਰਾਕਥਨ : ਇਸ ਸਿਰਲੇਖ ਅਧੀਨ ਹਰ ਸ਼ਬਦ ਜਾਂ ਪਉੜੀ ਦੀ ਸਥਿਤੀ, ਵੇਰਵਾ ਅਤੇ ਸਾਰ ਦਿੱਤਾ ਗਿਆ ਹੈ।
2. ਮੂਲ ਅਤੇ ਅਰਥ : ਪੰਨੇ ਦੇ ਖੱਬੇ ਪਾਸੇ ਮੂਲ ਪਾਠ ਅਤੇ ਸੱਜੇ ਪਾਸੇ ਇਸ ਦੇ ਅਰਥ ਦਿੱਤੇ ਗਏ ਹਨ।
3. ਵਿਆਖਿਆ : ਸ਼ਬਦ ਦਾ ਕੇਂਦਰੀ ਭਾਵ ਅੰਕਤ ਕਰਨ ਲਈ ਗੁਰਬਾਣੀ ਵਿੱਚੋਂ ਟੂਕਾਂ ਲੈ ਕੇ ਅਰਥ ਕੀਤਾ ਗਿਆ ਹੈ।ਦਸਮ ਗ੍ਰੰਥ ਅਤੇ ਭਾਈ ਗੁਰਦਾਸ ਦੀ ਬਾਣੀ ਵਿੱਚੋਂ ਵੀ ਟੂਕਾਂ ਦਿੱਤੀਆ ਗਈਆਂ ਹਨ।
4. ਨਿਰੁਕਤ : ਨਿਰੁਕਤ ਦਾ ਤਕਨੀਕੀ ਅਰਥ ਧਾਤੂ ਹੈ।ਇਸ ਭਾਵ ਵਿੱਚ ਉਹ ਵਿਆਖਿਆ ਕੀਤੀ ਗਈ ਹੈ ਜੋ ਉੱਪਰਲੇ ਭਾਗਾਂ ਵਿੱਚ ਨਹੀਂ ਕੀਤੀ ਗਈ।

ਡਾ. ਤਾਰਨ ਸਿੰਘ ਅਨੁਸਾਰ ਭਾਈ ਸਾਹਿਬ ਨੇ ਹਰ ਤੁਕ ਨੂੰ ਆਪਣੇ ਆਪ ਵਿੱਚ ਸੰਪੂਰਣ ਮੰਨ ਕੇ ਅਰਥ ਨਹੀਂ ਕੀਤੇ ਸਗੋਂ ਅਗਲੀਆਂ ਪਿਛਲੀਆਂ ਤੁਕਾਂ ਨਾਲ ਸੰਬੰਧ ਕਾਇਮ ਕੀਤਾ ਹੈ।ਉਨ੍ਹਾਂ ਨੇ ਸਿਧਾਂਤ ਨਿਰਣੇ ਲਈ ਬਾਣੀ ਨੂੰ ਹੀ ਬਾਣੀ ਲਈ ਪ੍ਰਮਾਣ ਮੰਨ ਕੇ ਪ੍ਰਮਾਣ ਵਜੋਂ ਤੁਕਾਂ ਦਿੱਤੀਆਂ ਹਨ ਤੇ ਗੁਰਮਤਿ ਸਿਧਾਂਤਾਂ ਦਾ ਸ਼ਾਸਤ੍ਰੀ ਸਿਧਾਂਤਾਂ ਨਾਲ ਟਾਕਰਾ ਵੀ ਕੀਤਾ ਹੈ।[60] ਪ੍ਰੋ. ਸਾਹਿਬ ਸਿੰਘ ਤੇ ਪ੍ਰਿੰ. ਤੇਜਾ ਸਿੰਘ ਵਾਂਗ ਹੋਰ ਸਿੰਘ ਸਭਾਈ ਵਿਆਖਿਆਕਾਰ ਵਿਆਕਰਣ ਆਧਾਰਤ ਦ੍ਰਿਸ਼ਟੀਕੋਣ ਅਪਣਾ ਕੇ ਇੱਕ ਤੁਕ ਦਾ ਇੱਕੋ ਅਰਥ ਜਾਂ ਟੀਕਾ ਕਰਦੇ ਸਨ।ਸੋ ਇਸ ਪ੍ਰਣਾਲੀ ਅਧੀਨ ਕੀਤੇ ਗਏ ਟੀਕਿਆਂ ਵਿੱਚ ਗੰਭੀਰਤਾ, ਸਾਰਥਕਤਾ, ਤਾਰਕਿਕਤਾ ਤੇ ਵਿਗਿਆਨਿਕਤਾ ਵਧੇਰੇ ਹੈ।

ਇਸ ਪ੍ਰਕਾਰ ਵੀਹਵੀਂ ਸਦੀ ਵਿੱਚ ਪਹੁੰਚ ਕੇ ਗੁਰਬਾਣੀ-ਵਿਆਖਿਆਕਾਰੀ ਦਾ ਸਰੂਪ ਬਦਲਦਾ ਗਿਆ ਅਤੇ ਸਿੱਖ ਸੱਭਿਆਚਾਰ ਅੰਦਰ ਵੀ ਭਾਰੀ ਬਦਲਾਵ ਦੇਖਿਆ ਜਾਣ ਲੱਗਾ।ਸਿੱਖਾਂ ਵਿੱਚ ਆਪਣੀ ਵੱਖਰੀ ਧਾਰਮਕ, ਰਾਜਸੀ ਤੇ ਸਮਾਜਕ ਹਸਤੀ ਕਾਇਮ ਕਰਨ ਦਾ ਵਿਚਾਰ ਦ੍ਰਿੜ ਹੋਇਆ।ਉਨ੍ਹਾਂ ਨੇ ਹਿੰਦੂ ਤੀਰਥਾਂ, ਵਰਤਾਂ, ਮੂਰਤੀ-ਪੂਜਾ ਤੇ ਵਿਆਹ ਦੀਆਂ ਹਿੰਦੂ ਰਸਮਾਂ-ਰੀਤਾਂ ਆਦਿ ਦਾ ਤਿਆਗ ਕਰਕੇ ਆਨੰਦ ਕਾਰਜ ਰੀਤੀ ਅਤੇ ਖਾਲਸਾਈ ਸਰੂਪ ਨੂੰ ਵਧੇਰੇ ਦ੍ਰਿੜਤਾ ਨਾਲਲ ਅਪਣਾਇਆ।

## 4.2 ਗੁਰਬਾਣੀ ਵਿਆਖਿਆਕਾਰੀ ਦਾ ਆਧੁਨਿਕ ਸਰੂਪ ਅਤੇ ਉੱਤਰ ਆਧੁਨਿਕ ਦ੍ਰਿਸ਼ਟੀਕੋਣ:

ਸਿੱਖ ਸੱਭਿਆਚਾਰ ਵਿੱਚ ਜਿਵੇਂ-ਜਿਵੇਂ ਨਿਰੰਤਰ ਪਰਿਵਰਤਨ ਆਉਂਦਾ ਗਿਆ, ਤਿਵੇਂ-ਤਿਵੇਂ ਇਸ ਸੱਭਿਆਚਾਰ ਦਾ ਲਖਾਇਕ ਵਿਆਖਿਆ ਸਾਹਿਤ ਵੀ ਸਮੇਂ ਦੀ ਲੋੜ ਅਤੇ ਮੰਗ ਅਨੁਸਾਰ ਪਰਿਵਰਤਿਤ ਹੁੰਦਾ ਗਿਆ।ਡਾ. ਤਾਰਨ ਸਿੰਘ ਅਨੁਸਾਰ:

> ਵੀਹਵੀਂ ਸਦੀ ਵਿੱਚ ਪੱਛਮੀ ਵਿੱਦਿਆ ਦੇ ਪ੍ਰਭਾਵ ਕਾਰਣ ਗੁਰਬਾਣੀ ਵਿਆਖਿਆ ਦੇ ਰੂਪ ਬਦਲ ਗਏ ਹਨ।ਇਸ ਕਾਲ ਵਿੱਚ ਟੀਕਾਕਾਰੀ ਵੱਲ ਧਿਆਨ ਨਹੀਂ ਹੈ, ਗੁਰਬਾਣੀ ਵਿਆਖਿਆਕਾਰੀ ਅਤੇ ਸਿਧਾਂਤ ਨਿਸ਼ਚੇ ਕਰਨ ਵੱਲ ਰੁਚੀ ਹੈ।[61]

ਪੁਰਾਤਨ ਸਿੱਖ ਸਾਹਿਤ ਨੂੰ ਪੂਰੀ ਤਰ੍ਹਾਂ ਨਾਲ ਖੰਘਾਲ ਕੇ ਪੁਨਰ ਵਿਆਖਿਆ ਕਰ ਲੈਣ ਤੋਂ ਬਾਅਦ ਉਹ ਸਮਾਂ ਆ ਗਿਆ ਜਦੋਂ ਸਿੱਖ ਵਿਦਵਾਨਾਂ ਨੇ ਗੁਰਬਾਣੀ ਦੇ ਸਿਧਾਂਤਾਂ ਨੂੰ ਸਪਸ਼ਟ ਕਰਕੇ ਨਿਰਣੇ ਕਰਨ ਦੀ ਲੋੜ ਸਮਝੀ।ਇਸ ਸੰਬੰਧੀ ਡਾ. ਤਾਰਨ ਸਿੰਘ ਸਪਸ਼ਟੀਕਰਣ ਦਿੰਦੇ ਹੋਏ ਆਖਦੇ ਹਨ:

> ਗੁਰਬਾਣੀ ਦਾ ਸਰੂਪ ਸ਼ਾਸਤ੍ਰ ਵਾਲਾ ਨਹੀਂ ਹੈ।ਗੁਰਬਾਣੀ ਦੇ ਲਗਭਗ ਸਾਰੇ ਬੁਨਿਆਦੀ ਨੁਕਤੇ ਤੇ ਸਿਧਾਂਤ ਹਰ ਮੁਕੰਮਲ ਸ਼ਬਦ ਜਾਂ ਬਾਣੀ ਵਿੱਚ ਦ੍ਰਿੜਾਏ ਹੁੰਦੇ ਹਨ ਪਰ ਹਰ ਥਾਂ ਹਰ ਸਿਧਾਂਤ ਦੀ ਵਿਆਖਿਆ ਨਹੀਂ ਹੁੰਦੀ ਤੇ ਉਸ ਦਾ ਪੂਰਾ ਵੇਰਵਾ ਨਹੀਂ ਹੁੰਦਾ।ਇੱਕ ਖਿਆਂਲ ਜਾਂ ਸਿਧਾਂਤ ਦਾ ਇੱਕ ਪੱਖ ਜਾਂ ਵੇਰਵਾ ਕਿਤੇ ਆਇਆ ਹੁੰਦਾ ਹੈ ਤੇ ਉਸੇ ਸਿਧਾਂਤ ਦਾ ਕੋਈ ਹੋਰ ਪੱਖ ਜਾਂ ਵੇਰਵਾ ਕਿਤੇ ਹੋਰ ਆਇਆ ਹੁੰਦਾ ਹੈ।[62]

ਇੰਝ ਸਿੱਖ ਵਿਦਵਾਨਾਂ ਨੇ ਆਪਣੇ ਧਰਮ ਨੂੰ ਬੌਧਿਕ ਪੱਧਰ ਤੋਂ ਦੇਖਣਾ ਸ਼ੁਰੂ ਕੀਤਾ।ਉਨ੍ਹਾਂ ਨੂੰ ਅਨਮਤਾਂ ਅਤੇ ਅਨੁਯਾਈਆਂ ਨਾਲ ਬਹਿਸਾਂ ਕਰਨੀਆਂ ਪਈਆਂ, ਉਨ੍ਹਾਂ ਦੇ ਪ੍ਰਸ਼ਨਾਂ ਦੇ ਉੱਤਰ ਦੇਣੇ ਪਏ ਤੇ ਇਸ ਤਰ੍ਹਾਂ ਗੁਰਬਾਣੀ ਦੇ ਸਿਧਾਂਤ ਸਪਸ਼ਟ ਜਾਣਨ ਦੀ ਲੋੜ ਵੱਧਦੀ ਗਈ।

ਸਮੇਂ ਦੇ ਆਧੁਨਿਕ ਪਰਿਪੇਖ ਵਿੱਚ ਵਿਗਿਆਨ ਅਤੇ ਟੈਕਨੋਲੌਜੀ ਨੇ ਜਿੱਥੇ ਪਦਾਰਥਕ ਸੁਖਾਂ ਦਾ ਖ਼ਜ਼ਾਨਾ ਉਪਲਬਧ ਕਰਾ ਕੇ ਦਿੱਸਦੇ ਜਗਤ ਵਿੱਚ ਹੈਰਾਨੀਜਨਕ ਪਰਿਵਰਤਨ ਲੈ ਆਂਦੇ ਉੱਥੇ ਸਾਹਿਤ ਜਗਤ ਵਿੱਚ ਵੀ ਵਿਲੱਖਣ ਪਰਿਵਰਤਨ ਲਿਆ ਕੇ ਇਸ ਨੂੰ ਵਿਗਿਆਨਿਕ-ਲੀਹਾਂ ਤੇ ਤੋਰਿਆ, ਜਿਸ ਅਧੀਨ ਗੁਰਬਾਣੀ ਵਿਆਖਿਆ ਦਾ ਕੰਮ ਸਿਧਾਂਤਕ ਤੌਰ ਉੱਤੇ ਅਕਾਦਮਿਕ ਪੱਧਰ ਤੇ ਵੱਖ-ਵੱਖ ਯੂਨੀਵਰਸਿਟੀਆਂ ਦੇ ਸਿੱਖ ਅਧਿਐਨ ਵਿਭਾਗਾਂ ਵੱਲੋਂ ਸੈਮੀਨਾਰਾਂ ਅਤੇ ਖੋਜ ਪ੍ਰਬੰਧਾਂ ਦੇ ਰੂਪ ਵਿੱਚ ਸਾਹਮਣੇ ਆਇਆ ਹੈ।ਗਿਆਨ ਵਿਗਿਆਨ ਦੇ ਨਵੇਂ ਪਰਿਪੇਖ ਵਿੱਚ ਗੁਰਬਾਣੀ ਦੇ ਸੰਦੇਸ਼ ਨੂੰ ਆਲਮੀ ਪ੍ਰਸੰਗ ਵਿੱਚ ਵਾਚਿਆ ਜਾ ਰਿਹਾ ਹੈ ਤਾਂ ਜੋ ਇਹ ਵਿਸ਼ਵ ਵਿਆਪੀ ਸੰਦੇਸ਼ ਸੰਕੀਰਣ ਸੰਪ੍ਰਦਾਇਕਤਾ ਤੋਂ ਉੱਪਰ ਉੱਠ ਕੇ ਵਿਚਾਰਿਆ ਜਾਵੇ।ਵਿਸ਼ਵ ਚਿੰਤਨ ਨੂੰ ਵੇਖਦੇ ਹੋਏ ਪੰਜਾਬੀ ਚਿੰਤਨ ਚੇਤਨਾ ਵਿੱਚ ਮੁਲਾਂਕਣ

ਦੀ ਰੁਚੀ ਪੈਦਾ ਹੋਈ ਤੇ ਗੁਰਬਾਣੀ ਦਾ ਸਿਧਾਂਤੀਕਰਣ ਕਰਨ ਵੱਲ ਕਦਮ ਉੱਠੇ ਹਨ।ਇਸ ਤਰ੍ਹਾਂ ਇਨ੍ਹਾਂ ਵਿਦਿਅਕ ਅਦਾਰਿਆਂ ਰਾਹੀਂ ਇੱਕ ਨਵੀਂ ਪ੍ਰਣਾਲੀ ਹੋਂਦ ਵਿੱਚ ਆਈ ਜਿਸ ਨਾਲ ਨਵੀਆਂ ਕਦਰਾਂ ਕੀਮਤਾਂ ਦਾ ਫੈਲਾਅ ਹੋਣ ਲੱਗਾ।ਅਸਲ ਵਿੱਚ 'ਆਧੁਨਿਕ' ਵਿਆਖਿਆਕਾਰੀ ਦੀ ਪਹੁੰਚ-ਵਿਧੀ ਸਿੰਘ ਸਭਾਈ ਲਹਿਰ ਦੀ ਨਿਰੰਤਰਤਾ ਵਿੱਚ ਹੀ ਹੈ।

ਪੁਰਾਤਨ ਜਨਮਸਾਖੀ ਵਿੱਚੋਂ ਗੁਰੂ ਨਾਨਕ ਦੇਵ ਜੀ ਦੇ ਬਚਨਾਂ ਨੂੰ ਪ੍ਰਮਾਣ ਵਜੋਂ ਸਭ ਤੋਂ ਪਹਿਲਾਂ ਸੋਢੀ ਮਿਹਰਬਾਨ, ਹਰਿ ਜੀ ਅਤੇ ਚਤੁਰਭੁਜ ਨੇ ਪਰਮਾਰਥ ਵਿਆਖਿਆ ਸਾਹਿਤ ਵਿੱਚ ਵਰਤਿਆ ਹੈ ਪਰ ਫਿਰ ਵੀ ਗੁਰਮਤਿ ਸਿਧਾਂਤ ਦੇ ਨਿਰਣੇ ਵਾਰਤਕ ਵਿੱਚ ਕਰਨ ਦਾ ਸਭ ਤੋਂ ਪਹਿਲਾ ਯਤਨ ਨਿਰਮਲਿਆਂ ਦਾ ਹੀ ਮੰਨਿਆ ਜਾਂਦਾ ਹੈ।ਪੰਡਤ ਤਾਰਾ ਸਿੰਘ ਨਰੋਤਮ ਦਾ 'ਗੁਰਮਤਿ ਨਿਰਣੇ ਸਾਗਰ' ਅਜਿਹਾ ਪਹਿਲਾ ਯਤਨ ਸੀ ਪਰ ਇਸ ਵਿੱਚ ਦਾਰਸ਼ਨਿਕ ਦੀ ਬਜਾਏ ਧਾਰਮਿਕ ਮਸਲੇ ਸਨ।ਭਾਈ ਕਾਨ੍ਹ ਸਿੰਘ ਨਾਭਾ ਨੇ 'ਗੁਰਮਤਿ ਪ੍ਰਭਾਕਰ', 'ਗੁਰਮਤਿ ਸੁਧਾਕਰ' ਅਤੇ ਫਿਰ ਇਨ੍ਹਾਂ ਦੋਹਾਂ ਨੂੰ ਮਿਲਾ ਕੇ 'ਗੁਰਮਤਿ ਮਾਰਤੰਡ' ਗ੍ਰੰਥ ਦੇ ਰੂਪ ਵਿੱਚ ਗੁਰਮਤਿ ਸਿਧਾਂਤ ਨਿਰਣੇ ਦੇ ਕੇ ਸਿੱਖ ਧਰਮ ਦੀ ਵਿਆਖਿਆਕਾਰੀ ਲਈ ਮੀਲ ਪੱਥਰ ਕਾਇਮ ਕੀਤਾ।ਭਾਈ ਜੋਧ ਸਿੰਘ ਦੁਆਰਾ 'ਗੁਰਮਤਿ ਨਿਰਣਯ' ਵਿੱਚ ਪਹਿਲੀ ਵਾਰ ਗੁਰਮਤਿ ਦੇ ਦਾਰਸ਼ਨਿਕ, ਧਾਰਮਿਕ ਅਤੇ ਸਮਾਜਿਕ ਸਿਧਾਂਤਾਂ ਦਾ ਤਿੰਨਾਂ ਹੀ ਪੱਖਾਂ ਵਿੱਚ ਨਿਰਣਾ ਕੀਤਾ ਗਿਆ।[63] ਇਸ ਤੋਂ ਬਾਅਦ 'ਗੁਰਮਤਿ ਦਰਸ਼ਨ' (ਕ੍ਰਿਤ ਡਾ. ਸ਼ੇਰ ਸਿੰਘ), 'ਸਿੱਖ ਧਰਮ ਦਰਸ਼ਨ' (ਕ੍ਰਿਤ ਸਰਦੂਲ ਸਿੰਘ ਕਵੀਸ਼ਰ), 'ਗੁਰੂ ਨਾਨਕ ਸਿਧਾਂਤ' (ਕ੍ਰਿਤ ਡਾ. ਵਜ਼ੀਰ ਸਿੰਘ) ਆਦਿ ਗੁਰਮਤਿ ਸਿਧਾਂਤਕਾਰੀ ਦੇ ਖੇਤਰ ਵਿੱਚ ਹੋਰ ਯਤਨ ਹੋਏ ਹਨ।ਇਸ ਤੋਂ ਇਲਾਵਾ ਗੁਰਬਾਣੀ ਦੇ ਕੋਸ਼, ਪ੍ਰਯਾਇ ਅਤੇ ਨਿਰੁਕਤ ਗ੍ਰੰਥ ਆਦਿ ਵੀ ਸਿਧਾਂਤਕਾਰੀ ਵਿੱਚ ਸਹਾਇਕ ਸਾਮੱਗਰੀ ਦੇ ਰੂਪ ਵਿੱਚ ਪ੍ਰਾਪਤ ਹੁੰਦੇ ਹਨ।ਭਾਈ ਕਾਨ੍ਹ ਸਿੰਘ ਨਾਭਾ ਨੇ 'ਗੁਰਸ਼ਬਦ ਰਤਨਾਗਰ ਮਹਾਨ ਕੋਸ਼' ਰਚ ਕੇ ਆਧੁਨਿਕ ਵਿਆਖਿਆਕਾਰੀ ਵਿੱਚ ਵਿਸ਼ੇਸ਼ ਯੋਗਦਾਨ ਪਾਇਆ। 'ਗੁਰੂ ਗ੍ਰੰਥ ਕੋਸ਼' (ਕ੍ਰਿਤ ਡਾ. ਪਿਆਰਾ ਸਿੰਘ ਪਦਮ) ਅਤੇ 'ਗੁਰੂ ਗ੍ਰੰਥ ਨਿਰੁਕਤ' (ਕ੍ਰਿਤ ਡਾ. ਬਲਬੀਰ ਸਿੰਘ) ਆਦਿ ਹੋਰ ਵਿਸ਼ਾਲ ਕੋਸ਼-ਸਾਹਿਤ ਦੇ ਨਾਲ-ਨਾਲ ਵਿਸ਼ੇਸ਼ ਮਹੱਤਵ ਦੇ ਧਾਰਨੀ ਹਨ।

ਇਸ ਪ੍ਰਕਾਰ ਆਧੁਨਿਕ ਪ੍ਰਣਾਲੀ ਦੁਆਰਾ ਸਿੱਖ ਗੁਰੂਆਂ ਦੇ ਸੋਚ ਮੰਡਲ ਦੀ ਪਹਿਚਾਣ ਵਿਸ਼ਵ ਪੱਧਰ ਉੱਤੇ ਰੂਪ ਅਖ਼ਤਿਆਰ ਕਰਨ ਲੱਗੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ

ਜੀ ਦੀ ਵਿਆਖਿਆ ਪੰਜਾਬੀ ਖਿੱਤੇ ਤੋਂ ਬਾਹਰ ਨਿਕਲ ਕੇ ਵਿਸ਼ਵੀ-ਸੋਚ ਦਾ ਅੰਗ ਬਣਨ ਲਈ ਨਵੇਂ ਵਿਗਿਆਨਕ ਢੰਗਾਂ ਅਤੇ ਰੂਪਾਂ ਵਿੱਚ ਹੋਣ ਲੱਗੀ। ਵਿਆਖਿਆਕਾਰੀ ਲਈ ਹੁਣ ਵਿਆਕਰਣਿਕ ਆਧਾਰ ਤੇ ਕੇਵਲ ਇੱਕ ਹੀ ਅਰਥ ਨਿਸ਼ਚਿਤ ਕਰਕੇ ਗੁਰਬਾਣੀ ਦੇ ਟੀਕੇ, ਕੋਸ਼, ਪ੍ਰਯਾਯ, ਤਤਕਰੇ, ਹਵਾਲਾ ਗ੍ਰੰਥ ਅਤੇ ਅਨੁਕ੍ਰਮਣਿਕਾ ਆਦਿ ਤਿਆਰ ਕੀਤੇ ਜਾਣ ਲੱਗੇ।

ਕਿਹਾ ਜਾ ਸਕਦਾ ਹੈ ਕਿ ਸੱਭਿਆਚਾਰ ਦਾ ਵਿਕਾਸ ਸਾਹਿਤ ਵਿੱਚ ਵੀ ਵਿਕਾਸ ਲਿਆਉਂਦਾ ਹੈ ਸੋ ਆਧੁਨਿਕ ਯੁੱਗ ਦੀ ਗਿਆਨ ਤਾਰਕਿਕ ਲਹਿਰ ਨੇ ਮਨੁੱਖੀ ਸੱਭਿਆਚਾਰ ਵਿੱਚ ਵਿਸ਼ਵ ਪੱਧਰੀ ਵਿਕਾਸ ਦਾ ਯਤਨ ਆਰੰਭਿਆ ਜਿਸ ਵਿੱਚ ਆਧੁਨਿਕ ਸਿੱਖ ਵਿਆਖਿਆਕਾਰਾਂ ਨੇ ਗੁਰਬਾਣੀ ਦੀ ਸਿਧਾਂਤਕਾਰੀ ਦੁਆਰਾ ਵਿਸ਼ਵ-ਭਰ ਵਿੱਚ ਸਿੱਖੀ ਦੇ ਗੌਰਵਸ਼ਾਲੀ ਸਾਹਿਤ ਅਤੇ ਇਤਿਹਾਸ ਨੂੰ ਉਘਾੜਿਆ। ਭਾਵੇਂ ਸਾਹਿਤ ਨੂੰ ਸੰਪੂਰਨ ਕਦੇ ਵੀ ਨਹੀਂ ਆਖਿਆ ਜਾ ਸਕਦਾ ਕਿਉਂਕਿ ਅਜੇ ਹੋਰ ਪਰਿਵਰਤਨ ਅਤੇ ਵਿਕਾਸ ਦੀ ਸੰਭਾਵਨਾ ਕਦੇ ਵੀ ਖਤਮ ਨਹੀਂ ਹੁੰਦੀ।

### 4.2.1 ਆਧੁਨਿਕ ਵਿਆਖਿਆਕਾਰੀ ਦੇ ਪ੍ਰਮੁੱਖ ਵਿਆਖਿਆਕਾਰ:

ਡਾ. ਕਿਸ਼ਨ ਸਿੰਘ, ਡਾ. ਹਰਿਭਜਨ ਸਿੰਘ, ਡਾ. ਬਲਬੀਰ ਸਿੰਘ, ਡਾ. ਤਾਰਨ ਸਿੰਘ, ਡਾ. ਰਤਨ ਸਿੰਘ ਜੱਗੀ, ਡਾ. ਜੋਧ ਸਿੰਘ, ਡਾ. ਜਗਬੀਰ ਸਿੰਘ, ਡਾ. ਦਲਜੀਤ ਸਿੰਘ, ਡਾ. ਜਸਵੰਤ ਸਿੰਘ ਨੇਕੀ, ਡਾ. ਕਪੂਰ ਸਿੰਘ, ਡਾ. ਪਿਆਰਾ ਸਿੰਘ ਪਦਮ, ਡਾ. ਜੈ ਰਾਮ ਮਿਸ਼ਰ, ਡਾ. ਮਨਮੋਹਨ ਸਹਿਗਲ, ਡਾ. ਗੋਪਾਲ ਸਿੰਘ, ਡਾ. ਮੈਕਲੋਡ, ਡਾ. ਸੁਰਿੰਦਰ ਸਿੰਘ ਕੋਹਲੀ ਅਤੇ ਹੋਰ ਅਨੇਕ ਆਦਿ ਆਧੁਨਿਕ ਕਾਲ ਦੇ ਪ੍ਰਮੁੱਖ ਵਿਆਖਿਆਕਾਰ ਗਿਣੇ ਜਾਂਦੇ ਹਨ।

### 4.2.2 ਆਧੁਨਿਕ ਵਿਆਖਿਆਕਾਰੀ ਦੀਆਂ ਮੁੱਖ ਪ੍ਰਵਿਰਤੀਆਂ:

- ਆਧੁਨਿਕ ਵਿਆਖਿਆਕਾਰਾਂ ਨੇ ਸਮੁੱਚੀ ਗੁਰਬਾਣੀ ਨੂੰ ਧਿਆਨ ਵਿੱਚ ਰੱਖ ਕੇ ਸਿਧਾਂਤਕ ਪੱਧਰ ਉੱਤੇ ਹਰ ਤੁੱਕ ਦੇ ਸਹੀ ਅਰਥ ਨਿਸ਼ਚਿਤ ਕਰਨ ਦਾ ਯਤਨ ਕੀਤਾ ਹੈ ਜਿਵੇਂ ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਗੁਰੂ ਗ੍ਰੰਥ ਸਾਹਿਬ ਦਰਪਣ ਆਦਿ।
- ਇੱਕ ਤੁੱਕ ਦੇ ਕੇਵਲ ਇੱਕ ਅਰਥ ਹੀ ਮੰਨੇ ਗਏ ਹਨ ਜੋ ਕਿ ਸ਼ਬਦ ਵਿਉਂਤਪਤੀ ਅਤੇ ਵਿਆਕਰਣ ਨੂੰ ਮੁੱਖ ਰੱਖ ਕੇ ਕੀਤੇ ਗਏ ਹਨ ਜਿਵੇਂ ਭਾਈ ਵੀਰ ਸਿੰਘ ਦਾ

'ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ' ਅਤੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼', ਡਾ. ਬਲਬੀਰ ਸਿੰਘ ਕ੍ਰਿਤ 'ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ' ਅਤੇ ਡਾ. ਜੋਧ ਸਿੰਘ ਦਾ 'ਸਿੱਖ ਧਰਮ ਵਿਸ਼ਵਕੋਸ਼' ਆਦਿ।

- ਗੁਰਮਤਿ ਨੂੰ ਵੇਦ-ਵੇਦਾਂਤ ਦੇ ਪ੍ਰਭਾਵ ਤੋਂ ਮੁਕਤ ਕਰਾ ਕੇ ਵਿਆਖਿਆਕਾਰੀ ਵਿੱਚ ਤਰਕ ਭਰਪੂਰ ਵਿਚਾਰਧਾਰਾ ਨੇ ਜ਼ੋਰ ਫੜ੍ਹ ਲਿਆ ਜਿਵੇਂ ਗੁਰਬਾਣੀ ਦੇ ਸਿਧਾਂਤ ਅਤੇ ਨਿਰਣੇ ਨਿਰਧਾਰਤ ਕਰਦੇ ਹੋਏ ਗ੍ਰੰਥਾਂ ਦੀ ਰਚਨਾ ਕਰਨਾ, ਭਾਈ ਜੋਧ ਸਿੰਘ ਦਾ ਗੁਰਮਤਿ ਨਿਰਣਯ ਅਤੇ ਡਾ. ਸ਼ੇਰ ਸਿੰਘ ਦਾ ਗੁਰਮਤਿ ਦਰਸ਼ਨ ਆਦਿ।

ਉਪਰੋਕਤ ਅਨੁਸਾਰ ਆਧੁਨਿਕ ਵਿਆਖਿਆਕਾਰੀ ਬਾਰੇ ਵਿਚਾਰ ਕਰਨ ਤੋਂ ਬਾਅਦ ਹੁਣ ਅਸੀਂ ਉੱਤਰ ਆਧੁਨਿਕਤਾ ਦੇ ਸੰਕਲਪ ਨੂੰ ਸਮਝ ਕੇ ਗੁਰਬਾਣੀ ਵਿਆਖਿਆ ਦੇ ਉੱਤਰ ਆਧੁਨਿਕ ਦੌਰ ਬਾਰੇ ਚਰਚਾ ਕਰਦੇ ਹਾਂ। ਪਿਛਲੀ ਸਦੀ ਦੇ ਪਹਿਲੇ ਅੱਧ ਨੂੰ ਆਧੁਨਿਕ ਕਾਲ ਅਤੇ ਮਗਰਲੇ ਅੱਧ ਨੂੰ ਉੱਤਰ ਆਧੁਨਿਕ ਕਾਲ ਨਾਂ ਨਾਲ ਜਾਣਿਆ ਜਾਂਦਾ ਹੈ। ਆਧੁਨਿਕ ਕਾਲ ਵਿੱਚ ਜਿੱਥੇ ਵਿਗਿਆਨਕ ਤਕਨੀਕਾਂ ਦੇ ਜ਼ਰੀਏ ਮਸ਼ੀਨਾਂ ਆਦਿ ਦੇ ਰੂਪ ਵਿੱਚ ਪਦਾਰਥਕ ਵਿਕਾਸ ਹੋਏ ਉੱਥੇ ਉੱਤਰ ਆਧੁਨਿਕ ਕਾਲ ਵਿੱਚ ਕੰਪਿਊਟਰ ਅਤੇ ਮਸਨੂਈ ਬੁੱਧੀ (Artificial Intelligence) ਦੇ ਨਾਲ ਬੌਧਿਕ ਪਰਿਵਰਤਨ ਹੋਏ।[64] ਸਾਹਿਤ ਵਿੱਚ ਵੀ ਸਿਧਾਂਤਕ ਚੇਤਨਾ ਤੋਂ ਮਗਰੋਂ ਵਿਸ਼ਵ ਪੱਧਰੀ ਵਿਆਖਿਆ ਸ਼ਾਸਤਰ ਰਚਣ ਵੱਲ ਰੁਚੀਆਂ ਵਿਕਸਿਤ ਹੋਈਆਂ।

ਆਧੁਨਿਕ, ਆਧੁਨਿਕਤਾ ਅਤੇ ਆਧੁਨਿਕੀਕਰਨ ਦੇ ਸੰਕਲਪ ਕਾਲ-ਖੰਡ ਨਾਲ ਨਹੀਂ ਸਗੋਂ ਸਿਧਾਂਤਕ ਪਰਿਪੇਖ ਨਾਲ ਜੁੜੇ ਹੋਏ ਹਨ।[65] ਇਨ੍ਹਾਂ ਸਿਧਾਂਤਕ ਸੰਕਲਪਾਂ ਦੀ ਥਾਂ ਹੁਣ ਅਗਲੇਰੇ ਚਿੰਤਨ ਉੱਤਰ ਆਧੁਨਿਕਤਾ, ਜਿਸ ਦਾ ਸ਼ਾਬਦਿਕ ਅਰਥ ਹੈ - ਆਧੁਨਿਕਤਾ ਤੋਂ ਪਿੱਛੋਂ, ਨੇ ਲੈ ਲਈ ਹੈ।[66] ਉੱਤਰ ਆਧੁਨਿਕਤਾ ਇੱਕ ਨਵੀਂ ਸਾਹਿਤਕ ਅਤੇ ਵਿਚਾਰਧਾਰਕ ਚੁਣੌਤੀ ਲੈ ਕੇ ਆਈ। ਵਿਚਾਰਧਾਰਾ ਤੋਂ ਇੱਥੇ ਭਾਵ ਕੋਈ ਫਾਰਮੂਲਾ ਜਾਂ ਵਿਉਤਬੱਧ ਕਾਰਜ-ਕ੍ਰਮ ਨਹੀਂ ਸਗੋਂ ਕਿਸੇ ਵੀ ਤਰ੍ਹਾਂ ਦੇ ਪ੍ਰਬੰਧ ਦੀ ਸਰਬਸੱਤਾ ਜਾਂ ਕੇਂਦਰਤਾ ਮੰਨਣ ਨਾਲੋਂ ਆਪਣੀ ਸੱਭਿਆਚਾਰਕ ਪਛਾਣ ਕਾਇਮ ਕਰਦੀ ਹੋਈ ਸਿਰਜਣਾਤਮਕ ਆਜ਼ਾਦੀ ਉੱਤੇ ਬਲ ਦੇਣਾ ਹੈ। ਅਸਲ ਵਿੱਚ ਉੱਤਰ-ਆਧੁਨਿਕਵਾਦ ਕੁਦਰਤ ਦੀ ਅੰਨ੍ਹੀ ਲੁੱਟ ਕਰਨ ਵਾਲੀ ਵਿਗਿਆਨਵਾਦੀ ਵਿਚਾਰਧਾਰਾ ਦਾ ਵਿਰੋਧ ਕਰਦਾ ਹੈ।[67]

ਉੱਤਰ ਆਧੁਨਿਕਤਾ ਵਿਸ਼ਵ ਪੱਧਰ ਉੱਤੇ ਸਵੈ-ਪ੍ਰਗਟਾਵੇ ਦੀ ਇੱਕ ਖੁੱਲ੍ਹੀ-ਡੁੱਲ੍ਹੀ ਬੌਧਿਕ ਪ੍ਰਵਿਰਤੀ ਹੈ ਜੋ ਸਾਹਿਤ ਦੇ ਸਰੂਪ ਅਤੇ ਪ੍ਰਕਿਰਤੀ ਤੇ ਨਵੇਂ ਸਿਰਿਓਂ ਵਿਸ਼ਵ ਵਿਆਪੀ ਸਰੋਕਾਰਾਂ ਦੀ ਦ੍ਰਿਸ਼ਟੀ ਵਿੱਚ ਚਿੰਤਨ-ਮਨਨ ਕਰਦੀ ਹੈ ਅਤੇ ਆਪਣੇ ਵਿਰਸੇ ਦੇ ਮੌਲਿਕ ਗਿਆਨ ਦੀ ਸੱਭਿਆਚਾਰਕ ਹੋਂਦ ਨੂੰ ਬਿਨਾਂ ਕਿਸੇ ਘੜੀ ਘੜਾਈ, ਸੂਤਰ-ਬੱਧ, ਸਰਬ ਸਵੀਕ੍ਰਿਤ ਅਰਥ-ਪਰੰਪਰਾ ਦੇ ਸਿਰਜਣਾਤਮਕ ਆਜ਼ਾਦੀ ਨਾਲ ਦਰਸਾਉਣ ਦੀ ਸੁਤੰਤਰਤਾ ਪ੍ਰਦਾਨ ਕਰਦੀ ਹੈ ਤਾਂ ਜੋ ਵਿਸ਼ਵ ਵਿਆਪੀ ਸਮਾਜਕ ਅਤੇ ਸੱਭਿਆਚਾਰਕ ਸਰੋਕਾਰਾਂ ਵਿੱਚ ਲੀਕ ਦੀ ਨਿਰੰਕੁਸ਼ਤਾ ਨੂੰ ਤੋੜ ਕੇ ਹਰ ਤਰ੍ਹਾਂ ਦੀ ਕੇਂਦ੍ਰੀਅਤਾ ਨੂੰ ਰੱਦ ਕਰਦੇ ਹੋਏ ਵਿਲੱਖਣ ਸਾਹਿਤ ਦਾ ਸੁਹਜਾਤਮਕ ਗਠਨ ਕੀਤਾ ਜਾ ਸਕੇ।ਵਿਸ਼ਵ ਦਾ ਕੋਈ ਵੀ ਛੋਟਾ ਜਾਂ ਵੱਡਾ ਸਮਾਜ-ਸੱਭਿਆਚਾਰ ਨਿੱਤਰ ਕੇ ਆਪਣੀ ਸੱਭਿਆਚਾਰਕ ਪਹਿਚਾਣ ਦਾ ਪ੍ਰਗਟਾਵਾ ਕਰ ਸਕਦਾ ਹੈ ਜਿਸ ਵਿੱਚ ਭਾਸ਼ਾ ਦਾ ਕੇਂਦਰੀ ਮਹੱਤਵ ਹੈ।ਅਰਥ ਦੇ ਵਿਕੇਂਦ੍ਰੀਕਰਣ ਦੁਆਰਾ ਸਾਹਿਤ ਦੇ ਨਵੇਂ ਆਯਾਮ ਤਲਾਸ਼ ਕਰਨਾ ਗਿਆਨ ਅਤੇ ਬੁੱਧੀ ਦੇ ਮਾਪ-ਦੰਡ ਦੁਆਰਾ ਨਾ ਕੇਵਲ ਸਾਹਿਤ ਦੇ ਵਿਕਾਸ ਦੀ ਬਲਕਿ ਮਨੁੱਖੀ ਹੋਂਦ ਦੀ ਪਛਾਣ ਵੀ ਦਰਸਾਉਂਦੀ ਹੈ।[68]

ਉੱਤਰ ਆਧੁਨਿਕ ਚਿੰਤਕ ਧਰਮ ਨੂੰ ਵਿਆਖਿਆ ਅਤੇ ਸੱਭਿਆਚਾਰ ਨਾਲ ਜੋੜ ਰਹੇ ਹਨ ਅਤੇ ਜਿੱਥੇ ਬਾਈਬਲ ਤੇ ਆਧਾਰਿਤ ਵਿਆਖਿਆ ਸ਼ਾਸਤਰ ਰਚ ਕੇ ਪੱਛਮ ਨੇ ਸੁਤੰਤਰ ਸਿਧਾਂਤਕਾਰੀ ਦੇ ਸਾਂਝੇ ਆਧਾਰ ਲੱਭਣ ਦੀ ਪਿਰਤ ਪਾਈ ਹੈ ਉੱਥੇ ਵਿਸ਼ਵ ਦੇ ਸਾਰੇ ਸੱਭਿਆਚਾਰਾਂ ਨੂੰ ਅਜਿਹੇ ਯਤਨਾਂ ਲਈ ਵੰਗਾਰਿਆ ਤੇ ਲਲਕਾਰਿਆ ਵੀ ਹੈ।ਆਧੁਨਿਕ ਚਿੰਤਕ ਕੇਵਲ ਵਿਗਿਆਨਕ ਤੌਰ ਉੱਤੇ ਖੋਜੇ ਜਾਂ ਪਰਖੇ ਸੱਚ ਨੂੰ ਹੀ ਸਹੀ ਮੰਨਦੇ ਸਨ ਪ੍ਰੰਤੂ ਉੱਤਰ ਆਧੁਨਿਕਤਾ ਨੇ ਆਧੁਨਿਕ ਧਾਰਨਾਵਾਂ ਦਾ ਵਿਰੋਧ ਕਰਦੇ ਹੋਏ ਲੋਕਾਂ ਦੇ ਮਨਾਂ ਅਤੇ ਵਿਵਹਾਰ ਵਿੱਚ ਵੱਸੇ ਧਰਮ ਦੇ ਉਸ ਸਦੀਵੀ ਸੱਚ ਨੂੰ ਵੀ ਮੰਨਿਆ ਹੈ ਜੋ ਸੱਚ ਤਾਂ ਹੈ ਪ੍ਰੰਤੂ ਵਿਗਿਆਨਕ ਲੀਹਾਂ ਤੇ ਖੋਜਿਆ, ਪਰਖਿਆ ਜਾਂ ਬਿਆਨ ਨਹੀਂ ਕੀਤਾ ਜਾ ਸਕਦਾ।ਦਰਅਸਲ ਧਰਮ ਤੇ ਸੱਚ ਅਜਿਹੇ ਵਰਤਾਰੇ ਹਨ ਜਿਨ੍ਹਾਂ ਪ੍ਰਤੀ ਹਰ ਇੱਕ ਦੀ ਆਪੋ ਆਪਣੀ ਪਹੁੰਚ ਹੁੰਦੀ ਹੈ।ਹਰੇਕ ਪਹੁੰਚ ਨੂੰ ਮਾਨਤਾ ਦੇਣ ਕਾਰਣ ਹੀ ਉੱਤਰ ਆਧੁਨਿਕ ਚਿੰਤਨ ਨੂੰ ਮਨੁੱਖੀ ਆਜ਼ਾਦੀ ਦਾ ਚਿੰਤਨ ਵੀ ਕਿਹਾ ਗਿਆ ਹੈ[69] ਕਿਉਂਕਿ ਹਰੇਕ ਮਨੁੱਖ ਦੀ ਆਪਣੀ ਇੱਕ ਸੁਤੰਤਰ ਸੋਚ ਦਾ ਸੱਚ ਅਤੇ ਗੌਰਵ ਹੁੰਦਾ ਹੈ ਜੋ ਉਸ ਦੇ ਧਰਮ, ਭੋਜਨ, ਪਹਿਰਾਵੇ ਅਤੇ ਕਲਾ-ਰੁਚੀਆਂ ਉੱਪਰ ਲਾਗੂ ਹੁੰਦਾ ਹੈ।

ਗੁਰਬਾਣੀ ਵਿਆਖਿਆ ਦੇ ਉੱਤਰ ਆਧੁਨਿਕ ਸਿਧਾਂਤੀਕਰਣ ਪ੍ਰਤੀ ਰੁਚੀਆਂ ਦੇ ਸੰਬੰਧ ਵਿੱਚ ਕਿਹਾ ਜਾ ਸਕਦਾ ਹੈ ਕਿ ਸਿੱਖ ਧਰਮ ਵਿੱਚ ਆਧੁਨਿਕੀਕਰਨ ਅਤੇ ਫਿਰ ਉੱਤਰ ਆਧੁਨਿਕੀਕਰਨ ਦੀਆਂ ਪ੍ਰਕਿਰਿਆਵਾਂ ਇਸ ਦੀਆਂ ਆਪਣੀਆਂ ਲੋੜਾਂ ਵਿੱਚੋਂ ਉਪਜੀ ਆਪ-ਮੁਹਾਰੀ ਪ੍ਰਕਿਰਿਆ ਨਹੀਂ, ਸਗੋਂ ਬਾਹਰੀ ਤਾਕਤਾਂ ਨੇ ਆਪਣੇ ਹਿੱਤਾਂ ਅਤੇ ਵਿਸ਼ਵ ਵਿਆਪੀ ਸਰੋਕਾਰਾਂ ਦੀ ਪੂਰਤੀ ਲਈ ਇਸ ਨੂੰ ਵਲਗਣ ਵਿੱਚ ਲੈ ਲਿਆ ਕਿਉਂਕਿ ਜਿਸ ਵੇਲੇ ਵਿਸ਼ਵ ਵਿੱਚ ਪੂਰਵ-ਸਥਾਪਤ ਧਾਰਮਿਕ ਰਵਾਇਤਾਂ ਨੂੰ ਨਵੇਂ ਗਿਆਨ ਨਾਲ ਚੁਣੌਤੀ ਦਿੱਤੀ ਜਾ ਰਹੀ ਸੀ, ਲਗਭਗ ਉਸੇ ਸਮੇਂ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੰਜਾਬ ਵਿੱਚ ਸਿੱਖ ਧਰਮ ਦੀ ਨੀਂਹ ਰੱਖੀ।ਇਸ ਪ੍ਰਕਾਰ ਕਾਲ ਦੇ ਨਜ਼ਰੀਏ ਤੋਂ ਵੇਖਿਆ ਜਾਵੇ ਤਾਂ ਆਧੁਨਿਕੀਕਰਨ ਅਤੇ ਸਿੱਖ ਧਰਮ ਦੋਵੇਂ ਸਮਕਾਲੀ ਹਨ।ਪੱਛਮ ਵਿੱਚ ਜਿਨ੍ਹਾਂ ਸਮਾਜਕ ਅਤੇ ਧਾਰਮਿਕ ਰਵਾਇਤਾਂ ਨੂੰ ਇਨ੍ਹਾਂ ਪ੍ਰਕਿਰਿਆਵਾਂ ਦੌਰਾਨ ਭੰਨਿਆ-ਤੋੜਿਆ ਗਿਆ, ਗੁਰੂ ਸਾਹਿਬਾਨ ਨੇ ਉਸ ਸਮੇਂ ਦੇ ਅੰਧ-ਵਿਸ਼ਵਾਸਾਂ, ਜਾਤਾਂ-ਪਾਤਾਂ, ਅਨਿਆਇ, ਜ਼ੁਲਮ ਅਤੇ ਫੋਕੀਆਂ ਰਸਮਾਂ ਦੀ ਵਿਰੋਧਤਾ ਕਰਕੇ ਵਿਸ਼ਵ ਵਿੱਚ ਇੱਕ ਸਰਵ-ਸਾਂਝੇ ਭਾਈਚਾਰੇ ਦੀ ਬੁਨਿਆਦ ਰੱਖੀ।[70] ਫਿਰ ਵੀ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਪੱਛਮੀ ਪ੍ਰਭਾਵ ਅਧੀਨ ਸਿੱਖ ਧਰਮ ਅਧਿਐਨ ਦੀ ਅਕਾਦਮਿਕ ਸਥਾਪਤੀ ਦੀ ਲੋੜ ਸਾਹਮਣੇ ਆ ਗਈ ਤੇ ਵਰਤਮਾਨ ਅਕਾਦਮਿਕ ਪ੍ਰਸੰਗ ਵਿੱਚ ਇੱਕਲਾ ਸਿੱਖ ਚਿੰਤਨ ਹੀ ਨਹੀਂ ਸਗੋਂ ਸਾਰੀਆਂ ਹੀ ਚਿੰਤਨ ਪੱਧਤੀਆਂ ਵੰਗਾਰੀਆਂ ਗਈਆਂ ਹਨ।ਨਿਰਸੰਦੇਹ, ਇਸ ਸਾਰੇ ਵਰਤਾਰੇ ਦਾ ਕਾਰਣ ਉੱਤਰ ਆਧੁਨਿਕਤਾ ਹੈ ਜੋ ਵਿਗਿਆਨਕ ਤੌਰ ਤੇ ਸ਼ੰਕਾ, ਸੋਝੀ ਅਤੇ ਤਰਕ ਉੱਤੇ ਆਧਾਰਿਤ ਹੈ।ਇਸੇ ਕਰਕੇ ਨਵੇਂ ਸਿਰਿਓਂ ਨਵੀਆਂ ਪੜ੍ਹਤਾਂ ਨਾਲ ਨਵੀਆਂ ਸਥਾਪਤੀਆਂ ਲਈ ਵਿਸ਼ਵ ਪੱਧਰ ਉੱਤੇ ਵਿਗਿਆਨਕ ਢੰਗ ਨਾਲ ਯਤਨ ਕੀਤੇ ਜਾ ਰਹੇ ਹਨ।ਗੁਰਬਾਣੀ ਦਾ ਵਿਆਖਿਆ ਸ਼ਾਸਤਰ ਸਿੱਖ ਸੱਭਿਆਚਾਰ ਅਤੇ ਸਿੱਖ ਵਿਰਸੇ ਦੇ ਆਪਣੇ ਸੁਤੰਤਰ ਮੌਲਿਕ ਗਿਆਨ ਦਾ ਸ਼ਾਸਤਰ ਹੈ।ਅੰਤ ਵਿੱਚ ਉੱਤਰ ਆਧੁਨਿਕ ਕਾਲ ਦੇ ਚਿੰਤਨ ਸੰਬੰਧੀ ਡਾ. ਬਲਕਾਰ ਸਿੰਘ ਦੇ ਵਿਚਾਰਾਂ ਉੱਤੇ ਗ਼ੌਰ ਕੀਤੀ ਜਾ ਸਕਦੀ ਹੈ:

> ਅਸਲ ਵਿੱਚ ਇਹ ਚਿੰਤਨ ਲਕੀਰ ਦੇ ਫਕੀਰਾਂ ਨੂੰ ਵੰਗਾਰਦਾ ਹੈ, ਪ੍ਰੰਤੂ ਜਿਸ ਤਰ੍ਹਾਂ ਸਿੱਖ-ਚਿੰਤਨ ਮਾਨਵ ਅਵਚੇਤਨ ਨੂੰ ਸੁਸਿੱਖਿਅਤ ਅਤੇ ਜਾਗ੍ਰਿਤ ਕਰਕੇ ਪਰਿਵਰਤਿਤ ਕਰਨ ਦੀਆਂ ਸੰਭਾਵਨਾਵਾਂ ਸਾਹਮਣੇ ਲਿਆਉਂਦਾ ਹੈ ਉਸ ਦੀ

ਆਲਮੀ ਪ੍ਰਸੰਗ ਵਿੱਚ ਅਹਿਮਿਅਤ ਬਾਰੇ ਚਰਚਾ ਤੁਰਨੀ ਚਾਹੀਦੀ ਹੈ ਤਾਂ ਜੋ ਸਰਬ-ਸਾਂਝੇ, ਮਾਨਵ-ਕਲਿਆਣਕਾਰੀ, ਸੰਪੂਰਨ ਅਤੇ ਸਰਬ ਸਮਿਆਂ ਵਾਸਤੇ ਗੁਰਮਤਿ ਦੀ ਸਥਾਪਤੀ ਹੋ ਸਕੇ।[71]

## 4.3 ਗੁਰਬਾਣੀ ਵਿਆਖਿਆਕਾਰੀ ਦੇ ਪ੍ਰਮੁੱਖ ਸਿਧਾਂਤ:

ਵਿਆਖਿਆ ਹਮੇਸ਼ਾ ਕਿਸੇ ਸਿਧਾਂਤ ਬੱਧ ਚੇਤਨਾ ਰਾਹੀਂ ਹੁੰਦੀ ਹੈ।ਇਸ ਚੇਤਨਾ ਨੂੰ 'ਪਹੁੰਚ' ਜਾਂ 'ਨੇਮ' ਕਿਹਾ ਜਾ ਸਕਦਾ ਹੈ।ਇਹ ਠੀਕ ਹੈ ਕਿ ਬਾਣੀ ਅਗਾਧ ਬੋਧ ਹੈ ਪ੍ਰੰਤੂ ਗੁਰਬਾਣੀ ਵਿਆਖਿਆ ਸ਼ਾਸਤਰ ਦੇ ਰੂਪ ਵਿੱਚ ਗੁਰਬਾਣੀ ਦੇ ਅਰਥ ਸਮਝਣ ਦੀ ਸੁਤੰਤਰ ਸਿਧਾਂਤ ਚੇਤਨਾ ਸਿਰਜਣ ਲਈ ਵੱਖ-ਵੱਖ ਪਾਸਾਰਾਂ ਤੋਂ ਗੁਰਬਾਣੀ ਵਿਆਖਿਆ ਕਰਕੇ ਇਸ ਨੂੰ ਬੌਧਿਕ ਵਲਗਣ ਵਿੱਚ ਲੈਣ ਦੇ ਯਤਨ ਕੀਤੇ ਜਾ ਰਹੇ ਹਨ।ਗੁਰਬਾਣੀ ਵਿਆਖਿਆ ਦੇ ਹਰੇਕ ਪਾਸਾਰ ਦਾ ਆਪਣਾ ਨੇਮ-ਬੱਧ ਅਨੁਸ਼ਾਸਨ ਨਿਸ਼ਚਿਤ ਹੁੰਦਾ ਹੈ ਜੋ ਵਿਆਖਿਆਕਾਰੀ ਦੇ ਉਸ ਪਾਸਾਰ ਵਿੱਚ ਲਾਗੂ ਹੁੰਦਾ ਹੈ।ਵੱਖ-ਵੱਖ ਸਿੱਖ ਵਿਦਵਾਨਾਂ ਨੇ ਵੱਖ-ਵੱਖ ਸਮੇਂ ਤੇ ਗੁਰਬਾਣੀ ਵਿਆਖਿਆ ਨੂੰ ਇੱਕ ਬੌਧਿਕ ਗਿਆਨ ਅਨੁਸ਼ਾਸਨ ਵਜੋਂ ਸਥਾਪਤ ਕਰਨ ਲਈ ਕੁਝ ਦ੍ਰਿਸ਼ਟੀਕੋਣ ਜਾਂ ਨੇਮ ਸੁਝਾਏ ਹਨ ਜਿਨ੍ਹਾਂ ਅਨੁਸਾਰ ਪਰੰਪਰਾਗਤ ਵਿਆਖਿਆ ਪ੍ਰਣਾਲੀਆਂ ਨੇ ਵੀ ਨਿੱਠ ਕੇ ਕਾਰਜ ਕੀਤੇ ਹਨ ਤੇ ਹੁਣ ਵੀ ਜਿਨ੍ਹਾਂ ਨੇਮਾਂ ਦੇ ਆਧਾਰ ਉੱਤੇ ਗੁਰਬਾਣੀ ਵਿਆਖਿਆ ਸ਼ਾਸਤਰ ਰਚਣ ਵੱਲ ਸਾਰਥਕ ਕਦਮ ਉਠਾਏ ਜਾ ਸਕਦੇ ਹਨ, ਉਨ੍ਹਾਂ ਵਿੱਚੋਂ ਕੁਝ ਕੁ ਦਾ ਵਰਣਨ ਕਰਨ ਦਾ ਯਤਨ ਇੱਥੇ ਕੀਤਾ ਜਾ ਰਿਹਾ ਹੈ:

### 4.3.1 ਗੁਰਬਾਣੀ ਦਾ ਸਰੂਪ, ਪ੍ਰਕਿਰਤੀ ਅਤੇ ਸੁਭਾਅ:

ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖ ਵਿਰਸੇ ਦਾ ਪਾਵਨ ਗ੍ਰੰਥ ਹੋਣ ਦੇ ਨਾਲ ਨਾਲ ਮੱਧਕਾਲੀਨ ਭਾਰਤ ਦਾ ਦਾਰਸ਼ਨਿਕ, ਸਾਹਿਤਕ, ਸੱਭਿਆਚਾਰਕ, ਇਤਿਹਾਸਕ, ਰਾਜਨੀਤਕ, ਧਾਰਮਿਕ, ਅਧਿਆਤਮਕ ਅਤੇ ਬੌਧਿਕ ਗਿਆਨ ਪਾਠ ਹੈ।ਦੈਵੀ ਆਵੇਸ਼ ਰੂਪੀ ਇਸ ਪਾਵਨ ਪਾਠ ਦੀ ਵਿਲੱਖਣ ਸਿਰਜਣਾਤਮਕਤਾ ਇਸਦੇ ਵਿਸ਼ੇਸ਼ ਅਧਿਐਨ, ਵਿਸ਼ਲੇਸ਼ਣ ਅਤੇ ਵਿਆਖਿਆ ਦੀ ਮੰਗ ਕਰਦੀ ਹੈ ਕਿਉਂਕਿ ਕਿਸੇ ਧਰਮ ਗ੍ਰੰਥ ਦੀ ਪਾਵਨਤਾ ਦਾ ਸੰਕਲਪ ਉਸ ਦੇ ਧਾਰਮਿਕ ਭਾਈਚਾਰੇ ਦੀਆਂ ਸ਼ਰਧਾ ਅਤੇ ਵਿਸ਼ਵਾਸ ਦੀਆਂ ਅਤਿ ਸੰਵੇਦਨਸ਼ੀਲ ਨਿਜੀ ਪਰੰਪਰਾਵਾਂ ਉੱਪਰ ਨਿਰਭਰ ਕਰਦਾ ਹੈ ਤੇ ਨਾਲ ਹੀ ਅਜਿਹੇ ਪਾਵਨ

ਗ੍ਰੰਥਾਂ ਵਿੱਚ ਮਨੁੱਖੀ ਭਾਈਚਾਰੇ ਦੇ ਸਮਾਜ-ਸੱਭਿਆਚਾਰਕ ਜੀਵਨ ਨੂੰ ਪ੍ਰੇਰਿਤ, ਪ੍ਰਭਾਵਿਤ ਅਤੇ ਪ੍ਰਵਾਹਿਤ ਕਰਨ ਦੀ ਅਥਾਹ ਸ਼ਕਤੀ ਹੁੰਦੀ ਹੈ। ਡਾ. ਗੁਰਮੇਲ ਸਿੰਘ ਅਨੁਸਾਰ:

> ਗੁਰਬਾਣੀ ਅਧਿਐਨ, ਅਧਿਆਪਨ, ਖੋਜ, ਵਿਆਖਿਆ ਜਾਂ ਪਾਠ ਆਦਿ ਬਾਰੇ ਸਮਝ ਦੀ ਬੁਨਿਆਦ ਦਾ ਆਰੰਭ ਬਿੰਦੂ, ਗੁਰਬਾਣੀ ਦੇ ਸੁਭਾਅ ਦੀ ਪਛਾਣ ਤੋਂ ਸ਼ੁਰੂ ਹੁੰਦਾ ਹੈ।[72]

### 4.3.2 ਗੁਰਬਾਣੀ ਦੀ ਅੰਦਰੂਨੀ ਵਿਚਾਰਧਾਰਕ ਏਕਤਾ:

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਬਾਣੀਕਾਰ ਭਾਵੇਂ ਵੱਖ-ਵੱਖ ਇਲਾਕਿਆਂ, ਧਰਮਾਂ, ਵਰਗਾਂ ਅਤੇ ਬੋਲੀਆਂ ਆਦਿ ਦੇ ਹਨ ਪਰ ਫਿਰ ਵੀ ਬਾਣੀ ਇੱਕੋ ਵਿਚਾਰਧਾਰਾ ਦਾ ਅਨੁਸਰਣ ਕਰਦੀ ਹੈ ਤੇ ਇਸ ਵਿੱਚ ਸ੍ਵੈ-ਵਿਰੋਧ ਕਿਧਰੇ ਵੀ ਦਿਖਾਈ ਨਹੀਂ ਦਿੰਦਾ। ਇਸ ਦੀ ਪ੍ਰਕਿਰਤੀ ਅਸੰਪ੍ਰਦਾਇਕ ਹੋਣ ਦੇ ਨਾਤੇ ਕਿਸੇ ਦੇਸ਼, ਭਾਸ਼ਾ, ਧਰਮ, ਫਿਰਕੇ, ਲਿੰਗ, ਸਮੇਂ ਜਾਂ ਸਥਾਨ ਨਾਲ ਸੰਬੰਧਤ ਨਾ ਹੋ ਕੇ ਸੱਭਿਆਚਾਰਕ ਵਖਰੇਵਿਆਂ ਤੋਂ ਪਰ੍ਹੇ ਖ਼ਾਲਸ ਹੈ। ਗੁਰਮੁਖੀ ਲਿਪੀ ਵਿੱਚ ਰਚੇ ਗਏ ਇਸ ਗ੍ਰੰਥ ਵਿੱਚ ਧਰਮ, ਕਾਵਿ, ਦਰਸ਼ਨ ਅਤੇ ਸੰਗੀਤ ਦਾ ਇੱਕ ਆਲੌਕਿਕ ਸੁਮੇਲ ਹੈ ਜਿਸ ਦਾ ਉਦੇਸ਼ ਜੀਵਨ ਦੀਆਂ ਉਚੇਰੀਆਂ ਤੇ ਕੁਦਰਤੀ ਕੀਮਤਾਂ ਨਾਲ ਜੁੜਨਾ ਹੈ।

### 4.3.3 ਬਾਣੀ-ਰੂਪੀ ਰਚਨਾ ਦੀ ਸੁਤੰਤਰ ਪਛਾਣ:

ਬਾਣੀ ਦੀ ਰਚਨਾ ਜਿੱਥੇ ਇੱਕ ਪਾਸੇ ਭਾਰਤੀ ਪਾਰੰਪਰਿਕ ਸਾਹਿਤ ਦੇ ਰੂਪ-ਵਿਧਾਨ ਅਨੁਸਾਰ ਹੈ ਉੱਥੇ ਦੂਜੇ ਪਾਸੇ ਲੋਕ ਕਾਵਿ-ਰੂਪਾਂ ਅਨੁਸਾਰ ਵੀ ਹੈ। ਇਸ ਵਿੱਚ ਘੋੜੀਆਂ, ਅਲਾਹੁਣੀਆਂ, ਪਹਿਰੇ, ਥਿਤੀ, ਵਣਜਾਰਾ, ਛੁਨਹੇ ਆਦਿ ਲੋਕ ਕਾਵਿ ਰੂਪ ਸਮੋਏ ਹੋਏ ਹਨ ਜੋ ਕਿ ਇਸ ਨੂੰ ਆਮ ਲੋਕਾਂ ਦੇ ਜੀਵਨ ਦੇ ਬਹੁਤ ਨੇੜੇ ਲੈ ਆਉਂਦੇ ਹਨ। ਸਹਿਜ ਰੂਪ ਵਿੱਚ ਵਰਤੇ ਗਏ ਇਨ੍ਹਾਂ ਕਾਵਿ ਰੂਪਾਂ ਨੇ ਬਾਣੀ ਨੂੰ ਸੁਤੰਤਰ ਪਛਾਣ ਦਿੱਤੀ ਹੈ। ਇਸ ਦਾ ਰੂਪ ਵਿਧਾਨ ਅਤੇ ਵਸਤੂ ਇਸ ਦੇ ਉਦੇਸ਼ ਨੂੰ ਸਿਰਜਣ ਵਿੱਚ ਪਰਸਪਰ ਸਹਾਇਕ ਹੋਏ ਹਨ। ਕਿਹਾ ਜਾ ਸਕਦਾ ਹੈ ਕਿ ਬਾਣੀਕਾਰ ਕਿਸੇ ਕਿਸਮ ਦੇ ਕਾਵਿਕ ਚਮਤਕਾਰ ਪੈਦਾ ਕਰਨ ਵਿੱਚ ਵਿਸ਼ਵਾਸ ਨਹੀਂ ਰੱਖਦੇ ਸਨ ਸਗੋਂ ਬਾਣੀ ਵਿਸ਼ੇਸ਼ ਦੇ ਰੂਪ ਅਤੇ ਵਸਤੂ ਦੀ ਸਾਂਝ ਨਾਲ ਉਸ ਦੇ ਥੀਮ ਦੇ ਨੇੜੇ ਪਹੁੰਚਣ ਵਿੱਚ ਸਹਾਇਤਾ ਮਿਲਦੀ ਰਹੀ ਹੈ ਕਿਉਂਕਿ ਇਸ ਵਿੱਚ

ਵਸਤੂ ਦਾ ਅਧਿਐਨ ਰੂਪ ਦੇ ਹਵਾਲੇ ਨਾਲ ਅਤੇ ਰੂਪ ਦਾ ਅਧਿਐਨ ਵਸਤੂ ਦੇ ਹਵਾਲੇ ਨਾਲ ਕੀਤਾ ਗਿਆ ਹੈ।

### 4.2.4 ਧਾਰਮਿਕ ਭਾਸ਼ਾ, ਗੁਰਬਾਣੀ ਵਿਆਕਰਣ ਅਤੇ ਆਰਥੋਗ੍ਰਾਫੀ:

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਪਾਠ ਦਾ ਅਧਿਐਨ ਕਰਨ ਲਈ ਨਾ ਕੇਵਲ ਇਸ ਦੀ ਅੰਦਰੂਨੀ ਸਾਮੱਗਰੀ ਦਾ ਨਿਰੀਖਣ ਕਰਨ ਦੀ ਲੋੜ ਹੁੰਦੀ ਹੈ ਸਗੋਂ ਇਸ ਲਈ ਰੋਜ਼ਾਨਾ ਜੀਵਨ ਨਾਲ ਸੰਬੰਧਤ ਸੰਦਰਭਾਂ ਅਤੇ ਸਰੋਕਾਰਾਂ ਨੂੰ ਵੀ ਸਮਝਣਾ ਜ਼ਰੂਰੀ ਹੈ।ਇਨ੍ਹਾਂ ਪਾਠਾਂ ਦੀ ਸਮਝ ਜਾਂ ਸੋਝੀ ਇਸ ਗੱਲ ਉੱਤੇ ਵੀ ਨਿਰਭਰ ਕਰਦੀ ਹੈ ਕਿ ਇਸ ਨੂੰ ਪੜ੍ਹਨ ਵਾਲੇ ਪਾਠਕ ਜਾਂ ਜਗਿਆਸੂ ਇਸ ਦੇ ਕੀ ਅਰਥ ਲੈਂਦੇ ਹਨ ਕਿਉਂਕਿ ਪਾਠ ਆਪਣਾ ਵਿਸ਼ੇਸ਼ ਅਰਥ ਪਾਠਕਾਂ ਦੀ ਪੜ੍ਹਤ ਤੋਂ ਗ੍ਰਹਿਣ ਕਰਦੇ ਹਨ ਨਾ ਕਿ ਲੇਖਕ ਦੀ ਲਿਖਤ ਤੋਂ।ਇਹ ਧਾਰਮਿਕ ਪਾਠ ਆਖਿਰ ਉਹ ਇਤਿਹਾਸਕ ਦਸਤਾਵੇਜ਼ ਹੁੰਦੇ ਹਨ ਜੋ ਕਿਸੇ ਖਾਸ ਸਮੇਂ ਅਤੇ ਸਥਾਨ ਦੀ ਚੇਤਨਾ ਅਨੁਸਾਰ ਲਿਖੇ ਗਏ ਹੁੰਦੇ ਹਨ।ਬੀਤੇ ਸਮੇਂ ਦੇ ਇਸ ਦਸਤਾਵੇਜ਼ ਨੂੰ ਵਰਤਮਾਨ ਸਮੇਂ, ਸਥਾਨ ਅਤੇ ਸੰਦਰਭ ਵਿੱਚ ਪੜ੍ਹਨ ਲਈ ਕੁਝ ਸਿਧਾਂਤ, ਨਿਯਮ ਜਾਂ ਅਸੂਲ ਲਾਗੂ ਕਰਨੇ ਜ਼ਰੂਰੀ ਹਨ।ਦੂਜੇ ਸ਼ਬਦਾਂ ਵਿੱਚ, ਲਿਖਣ ਅਤੇ ਪੜ੍ਹਣ ਵਿਚਲੇ ਸਮੇਂ ਦੇ ਖਲਾਅ ਨੂੰ ਭਰਨ ਲਈ ਆਤਮਪਰਕ ਅਤੇ ਵਸਤੂਪਰਕ ਤੱਥ ਵਿਆਖਿਆ ਸ਼ਾਸਤਰ ਨੂੰ ਉਲੀਕਦੇ ਹਨ।

ਲੋਕ ਬੋਲੀਆਂ ਅਤੇ ਆਮ ਜਨ ਜੀਵਨ ਦੀ ਪੇਂਡੂ ਭਾਸ਼ਾ ਤੋਂ ਇਲਾਵਾ ਗੁਰਬਾਣੀ ਦੀ ਸਹਿਜ ਪ੍ਰਕਿਰਤੀ ਦਾ ਸੰਬੰਧ ਇਸ ਦੇ ਲਿਖਣ ਪ੍ਰਬੰਧ ਜਾਂ ਆਰਥੋਗ੍ਰਾਫੀ ਨਾਲ ਵੀ ਹੈ।ਗੁਰਬਾਣੀ ਦੀ ਭਾਸ਼ਾ, ਵਿਆਕਰਣ, ਲਿਪੀ ਅਤੇ ਉਚਾਰਨ ਆਦਿ ਗੁਰਬਾਣੀ ਆਰਥੋਗ੍ਰਾਫੀ ਨਾਲ ਸੰਬੰਧਤ ਹਨ ਜੋ ਗੁਰਬਾਣੀ ਦੀ ਵਿਆਖਿਆਕਾਰੀ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ ਜਿਵੇਂ 'ਮਹਲਾ' ਦੀ ਥਾਂ 'ਮ:' ਲਿਖਣਾ ਆਦਿ ਜਿਹੇ ਅਨੇਕ ਮੁੱਦੇ ਆਰਥੋਗ੍ਰਾਫੀ ਰਾਹੀਂ ਅਧਿਐਨ ਕੀਤੇ ਜਾਂਦੇ ਹਨ।

### 4.3.5 ਸਮਕਾਲੀ ਵਿਆਖਿਆ ਸ਼ਾਸਤਰਾਂ ਦਾ ਰੁਝਾਨ:

ਗੁਰਬਾਣੀ ਦੀ ਵਿਆਖਿਆਕਾਰੀ ਦੇ ਸਮਕਾਲੀਨ ਸਰੋਕਾਰਾਂ ਅਤੇ ਸੰਦਰਭਾਂ ਦੀ ਨਿਸ਼ਾਨਦੇਹੀ ਕਰਨ ਤੋਂ ਪਹਿਲਾਂ ਵਿਆਖਿਆ ਸ਼ਾਸਤਰ ਦੀਆਂ ਭਾਰਤੀ ਅਤੇ ਪੱਛਮੀ ਪਰੰਪਰਾਵਾਂ ਦੀਆਂ ਸਿਧਾਂਤਕ ਅਤੇ ਵਿਧੀ ਮੂਲਕ ਵਿਸ਼ੇਸ਼ਤਾਵਾਂ ਬਾਰੇ ਜਾਣਕਾਰੀ ਹਾਸਿਲ ਕਰਨਾ ਲਾਹੇਵੰਦ ਹੈ।ਡਾ. ਜਗਬੀਰ ਸਿੰਘ ਅਨੁਸਾਰ:

> ...ਭਾਰਤੀ ਵਿਆਖਿਆ-ਪਰੰਪਰਾ ਨੂੰ ਮੁੱਖ ਤੌਰ ਤੇ ਦੋ ਵਰਗਾਂ ਵਿੱਚ ਵੰਡਿਆ ਜਾ ਸਕਦਾ ਹੈ - ਸ਼ਾਸਤਰੀ ਅਤੇ ਲੌਕਿਕ।ਸ਼ਾਸਤਰੀ ਵਿਆਖਿਆਕਾਰੀ ਦਾ ਮੂਲ ਆਧਾਰ ਇਸ ਪਰੰਪਰਾ ਦੇ ਅੰਤਰਗਤ ਵਿਕਸਿਤ ਹੋਏ ਵੇਦਾਂਗਾਂ ਤੋਂ ਇਲਾਵਾ ਦਰਸ਼ਨ-ਸ਼ਾਸਤਰ, ਧਰਮ-ਸ਼ਾਸਤਰ, ਭਾਸ਼ਾ-ਦਰਸ਼ਨ, ਵਿਆਕਰਨ-ਸ਼ਾਸਤਰ ਅਤੇ ਕਾਵਿ ਸ਼ਾਸਤਰ ਉੱਤੇ ਟਿਕਿਆ ਹੋਇਆ ਹੈ।[73]

ਸ਼ਾਸਤਰੀ ਵਿਆਖਿਆਕਾਰੀ ਜਿੱਥੇ ਵੈਦਿਕ ਸਾਹਿਤ ਦੇ ਪਾਠ ਅਤੇ ਪ੍ਰਵਚਨ ਦਾ ਅਰਥ ਖੋਲ੍ਹਣ ਵਿੱਚ ਸਹਾਈ ਹੁੰਦੀ ਹੈ ਉੱਥੇ ਲੌਕਿਕ ਵਿਆਖਿਆਕਾਰੀ ਕਥਾ ਕਹਾਣੀਆਂ ਅਤੇ ਮੌਖਿਕ ਬਿਰਤਾਂਤਾਂ ਨਾਲ ਇਤਿਹਾਸ ਅਤੇ ਪੁਰਾਣ ਨਾਲ ਸੰਬੰਧਤ ਪਾਠਾਂ ਦੀ ਪੁਨਰ ਪ੍ਰਸਤੁਤੀ ਕਰਦੀ ਹੈ।ਯੂਨਾਨੀ ਅਤੇ ਸਾਮੀ ਸੱਭਿਆਚਾਰ ਦੇ ਅੰਤਰਗਤ ਵਿਕਸਿਤ ਹੋਇਆ ਪੱਛਮੀ ਵਿਆਖਿਆ ਸ਼ਾਸਤਰ ਆਪਣੇ ਵਿਕਾਸ ਦੀ ਲੰਬੀ ਪ੍ਰਕਿਰਿਆ ਵਿੱਚੋਂ ਗੁਜ਼ਰ ਕੇ ਅਜੋਕੇ ਗਿਆਨ ਸ਼ਾਸਤਰ ਦੇ ਰੂਪ ਵਿੱਚ ਪਾਠਾਂ ਦੀ ਵਿਆਖਿਆ ਵੀ ਕਰਦਾ ਹੈ ਅਤੇ ਸਮੂਹ ਸਾਹਿਤਕ ਅਤੇ ਸੱਭਿਆਚਾਰਕ ਪਾਠਾਂ ਦੀ ਵਿਆਖਿਆਕਾਰੀ ਦਾ ਆਧਾਰ ਵੀ ਬਣਿਆ ਹੈ।ਇਸ ਵਿਆਖਿਆ ਸ਼ਾਸਤਰ ਦੇ ਅੰਤਰਗਤ ਵਿਕਸਿਤ ਹੋਈਆਂ ਅੰਤਰ-ਦ੍ਰਿਸ਼ਟੀਆਂ ਗੁਰਬਾਣੀ ਲਈ ਵੀ ਲੋੜੀਂਦਾ ਸਿਧਾਂਤਕ ਅਤੇ ਵਿਧੀ ਮੂਲਕ ਆਧਾਰ ਪ੍ਰਸਤੁਤ ਕਰਦੀਆਂ ਹਨ।ਇਸ ਪਰੰਪਰਾ ਵਿੱਚ ਯਹੂਦੀ ਅਤੇ ਮਸੀਹੀ ਧਰਮ ਗ੍ਰੰਥਾਂ ਦੇ ਪਾਠਾਂ ਦੀ ਆਲੋਚਨਾਤਮਕ ਵਿਆਖਿਆ ਨੂੰ 'ਐਕਸਿਜੀਸਿਸ' ਮਦ ਦੁਆਰਾ ਅਤੇ ਇਨ੍ਹਾਂ ਗ੍ਰੰਥਾਂ ਦੇ ਵਿਆਖਿਆਤਮਕ ਨੇਮਾਂ ਜਾਂ ਅਸੂਲਾਂ ਨੂੰ 'ਹਰਮੇਨਿਊਟਿਕਸ' ਮਦ ਨਾਲ ਦਰਸਾਇਆ ਗਿਆ ਹੈ।ਇਸ ਤਰ੍ਹਾਂ ਇਹ ਦੋਵੇਂ ਸ਼ਬਦ ਵਿਆਖਿਆਕਾਰੀ ਦੇ ਕ੍ਰਮਵਾਰ ਵਿਹਾਰਕ ਅਤੇ ਸਿਧਾਂਤਕ ਪਹਿਲੂਆਂ ਨਾਲ ਸੰਬੰਧ ਰੱਖਦੇ ਹਨ।ਗੁਰਬਾਣੀ ਦੇ ਵਿਆਖਿਆ ਸ਼ਾਸਤਰ ਦੀ ਰਚਨਾ ਕਰਨ ਲਈ ਡਾ. ਜਗਬੀਰ ਸਿੰਘ ਸੁਝਾਅ ਦਿੰਦੇ ਹਨ:

> ਗੁਰਬਾਣੀ ਦੇ ਅਰਥਾਂ ਨੂੰ ਸਮਕਾਲੀਨ ਸੰਦਰਭ ਵਿੱਚ ਪੁਨਰ-ਪ੍ਰਾਸੰਗਿਕ ਬਣਾਉਣ ਲਈ ਜਿੱਥੇ ਭਾਰਤੀ ਵਿਆਖਿਆ-

ਪਰੰਪਰਾ ਦੀਆਂ ਸਿਧਾਂਤਕ ਅਤੇ ਵਿਧੀ-ਮੂਲਕ ਅੰਤਰ-ਦ੍ਰਿਸ਼ਟੀਆਂ ਦੀ ਲੋੜੀਂਦੀ ਸਹਾਇਤਾ ਲੈਣੀ ਪਵੇਗੀ, ਉੱਥੇ ਪੱਛਮੀ ਵਿਆਖਿਆ-ਪਰੰਪਰਾ ਦੇ ਸਮਕਾਲੀ-ਚਿੰਤਨ ਦਾ ਵੀ ਸਹਾਰਾ ਲੈਣਾ ਪਵੇਗਾ। "[74]

### 2.6.2 ਗੁਰਬਾਣੀ ਦੀ ਸਮੁੱਚੀ ਸਿਧਾਂਤਕ ਚੇਤਨਾ:

ਬਾਣੀ ਰਚਨਾ ਤੋਂ ਬਾਅਦ ਬਾਣੀ ਅਧਿਐਨ ਅਧਿਆਪਨ ਜਾਂ ਵਿਆਖਿਆ ਵਿੱਚ ਵਿਹਾਰਕ ਪੱਖੋਂ ਤਾਂ ਅਵਚੇਤਨ ਵਿੱਚ ਹੋਏ ਕਾਫੀ ਮਾਤਰਾ ਵਿੱਚ ਕਾਰਜ ਮਿਲ ਜਾਂਦੇ ਹਨ ਪ੍ਰੰਤੂ ਸਿਧਾਂਤਕ ਚੇਤਨਾ ਨੂੰ ਬਾਣੀ ਅਧਿਐਨ ਵਿੱਚ ਲਾਗੂ ਕਰਕੇ ਇੱਕ ਸੰਭਾਵੀ ਜੁਗਤ ਵਜੋਂ ਵਰਤਣ ਅਤੇ ਬਾਣੀ ਵਿਚਲੇ ਸਮੁੱਚੇ ਤੱਤਾਂ ਦੇ ਪ੍ਰਬੰਧ ਵਿੱਚ ਬਾਣੀ ਦੇ ਅਰਥ ਗ੍ਰਹਿਣ ਕਰਨ ਦੀ ਲੋੜ ਆਧੁਨਿਕ ਸਮੇਂ ਵਿੱਚ ਮਹਿਸੂਸ ਕੀਤੀ ਗਈ।ਕੋਈ ਵੀ ਤੱਤ ਸੁਤੰਤਰ ਹੁੰਦੇ ਹੋਏ ਵੀ ਸਮੁੱਚਤਾ ਵਿੱਚੋਂ ਹੀ ਅਰਥ ਗ੍ਰਹਿਣ ਕਰਦਾ ਹੈ।ਬਾਣੀ ਨਾਲ ਸੰਬੰਧਿਤ ਅਜਿਹੇ ਸਾਰੇ ਜ਼ਰੂਰੀ ਤੱਤਾਂ ਨੂੰ ਚੁਣ ਲੈਣਾ ਜਿਹੜੇ ਕਿਸੇ ਹੋਰ ਸੰਬੰਧਤ ਮਾਡਲ ਉੱਤੇ ਵੀ ਫਿਟ ਬੈਠਦੇ ਹੋਣ, ਹੀ ਤੱਤ ਚੇਤਨਾ ਜਾਂ ਸਿਧਾਂਤਕ ਸੋਝੀ ਹੈ।ਅਜਿਹੀ ਚੇਤਨਾ ਜਾਂ ਸੋਝੀ ਸਮੁੱਚੀ ਬਾਣੀ ਦੀ ਸਾਰਥਕਤਾ ਸਪਸ਼ਟ ਕਰਦੀ ਹੈ। ਸਮੁੱਚੀ ਸਿਧਾਂਤਕ ਚੇਤਨਾ ਅਧੀਨ ਹੇਠ ਲਿਖੇ ਬਿੰਦੂਆਂ ਨੂੰ ਘੋਖ ਕੇ ਗੁਰਬਾਣੀ ਦੇ ਅਸਲ ਅਰਥਾਂ ਦੇ ਨੇੜੇ ਪਹੁੰਚਿਆ ਜਾ ਸਕਦਾ ਹੈ:

- ਬਾਣੀ ਨੂੰ ਉਸ ਦੇ ਰਚਨਾ-ਕਾਲ ਵਿੱਚ ਰੱਖ ਕੇ ਵੇਖਣਾ, ਸਮਝਣਾ ਅਤੇ ਵਿਚਾਰਨਾ।
- ਬਾਣੀ ਦੇ ਸਮਕਾਲੀ ਸਮਾਜਿਕ ਅਤੇ ਸੱਭਿਆਚਾਰਕ ਰੂਪਾਂ ਵਿੱਚੋਂ ਅਰਥ ਗ੍ਰਹਿਣ ਕਰਨੇ।
- ਰਚਨਾਕਾਰ ਜਾਂ ਲੇਖਕ ਦੀ ਉਸ ਸਮੇਂ ਜਾਂ ਪਲ ਦੀ ਮਾਨਸਿਕ ਸਥਿਤੀ ਤੱਕ ਪਹੁੰਚਣ ਦੀ ਕੋਸ਼ਿਸ਼ ਕਰਨਾ ਜਿਸ ਸਮੇਂ ਰਚਨਾ ਕੀਤੀ ਗਈ ਸੀ।
- ਸਮਕਾਲ ਦੇ ਹੋਰ ਪਾਠਾਂ ਨੂੰ ਘੋਖ ਕੇ ਪ੍ਰਸੰਗ ਦਿੰਦੇ ਹੋਏ ਵਿਆਖਿਆਕਾਰੀ ਲਈ ਲੋੜੀਂਦੀ ਸਹਾਇਤਾ ਪ੍ਰਾਪਤ ਕਰਨਾ।
- ਬਾਣੀ ਨੂੰ ਪਰੰਪਰਾਵਾਂ, ਮਿੱਥਾਂ, ਚਿੰਨ੍ਹਾਂ ਅਤੇ ਪ੍ਰਤੀਕਾਂ ਨੂੰ ਇਤਿਹਾਸਕ ਅਤੇ ਸਮਾਜ-ਸੱਭਿਆਚਾਰਕ ਪ੍ਰਸੰਗਾਂ ਵਿੱਚ ਸਮਝਣਾ।

- ਬਾਣੀ ਦੇ ਸਮਕਾਲੀ ਸਮਾਜਕ ਅਤੇ ਇਤਿਹਾਸਕ ਹਾਲਾਤ ਨੂੰ ਵਿਚਾਰਾਧੀਨ ਰੱਖ ਕੇ ਪਾਠ ਦੀ ਵਿਆਖਿਆ ਕਰਨਾ।
- ਲੇਖਕ ਵੱਲੋਂ ਵਰਤੇ ਗਏ ਮੁਹਾਵਰੇ ਦੀ ਕਿਸਮ, ਸਥਿਤੀ ਜਾਂ ਸੰਬੋਧਨਾਂ ਦੀ ਟੋਹ ਲਾਉਣੀ।
- ਲੇਖਕ ਦੀ ਭਾਵਨਾ, ਉਦੇਸ਼ ਅਤੇ ਪਿਛੋਕੜ ਨੂੰ ਗ੍ਰਹਿਣ ਕਰਨਾ ਤੇ ਸ਼ਾਬਦਿਕ ਅਰਥਾਂ ਨੂੰ ਸਪਸ਼ਟ ਕਰਦੇ ਹੋਏ ਭਾਵ ਅਰਥ ਗ੍ਰਹਿਣ ਕਰਨ ਦੀ ਕੋਸ਼ਿਸ਼ ਕਰਨਾ।ਲੇਖਕ ਦੇ ਵਿਚਾਰਾਂ ਜਾਂ ਹਵਾਲਿਆਂ ਨੂੰ ਸਮੁੱਚੀ ਬਾਣੀ ਦੇ ਅੰਦਰਲੇ ਹਵਾਲਿਆਂ ਵਿੱਚ ਪ੍ਰਵਾਨ ਕਰਨਾ, ਬਾਹਰੀ ਹਵਾਲਿਆਂ ਵਿੱਚ ਨਹੀਂ ਕਿਉਂਕਿ ਅਕਸਰ ਬਾਹਰੀ ਹਵਾਲੇ ਲੇਖਕ ਦੀ ਸਖਸ਼ੀਅਤ ਹੋਰ ਪ੍ਰਕਾਰ ਦੀ ਘੜਦੇ ਹਨ।ਮਿਸਾਲ ਵਜੋਂ ਭਗਤ ਧੰਨਾ ਜੀ ਬਾਣੀ ਵਿਚਲੇ ਹਵਾਲਿਆਂ ਅਨੁਸਾਰ ਨਿਰਗੁਣਵਾਦੀ ਮਹਾਂਪੁਰਖ ਹਨ, ਪਰ ਬਾਹਰੀ ਹਵਾਲਿਆਂ ਵਿੱਚ ਇੱਕ ਮੂਰਤੀ ਪੂਜਕ ਹਨ।ਬਾਣੀ ਵਿਚਲੇ ਹਵਾਲੇ:

  ਧੰਨੈ ਧਨੁ ਪਾਇਆ ਧਰਣੀਧਰੁ ਮਿਲਿ ਜਨ ਸੰਤ ਸਮਾਨਿਆ॥ [75]

  ਮਿਲੈ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ॥ [76]

  ਬਾਹਰੀ ਹਵਾਲਾ:

  ਧੰਨਹਿ ਪਾਥਰੁ ਦੇਇ ਕੈ ਤ੍ਰਿਲੋਚਨੁ ਗਇਓ ਬਦੇਸ॥ [77]

- ਸਮੁੱਚੀ ਬਾਣੀ ਵਿੱਚੋਂ ਸਮਾਨ ਭਾਵ ਜਾਂ ਸਿਧਾਂਤ ਦੇ ਸਾਰੇ ਸ਼ਬਦ, ਪ੍ਰਸੰਗ ਅਤੇ ਵਿਚਾਰ ਲੈ ਕੇ ਸਾਰ ਨੂੰ ਸਪਸ਼ਟ ਕਰਨਾ।
- ਸਮੁੱਚੀ ਬਾਣੀ ਦੀ ਤੱਤ-ਵਸਤੂ ਨੂੰ ਸਮਝ ਕੇ ਕਿਸੇ ਸ਼ਬਦ ਜਾਂ ਸਿਧਾਂਤ ਦੀ ਵਿਆਖਿਆ ਕਰਨਾ।

### 4.3.4 ਹੋਰ ਫੁਟਕਲ ਨੇਮ:

ਇਸ ਬੌਧਿਕ ਗਿਆਨ ਅਨੁਸ਼ਾਸਨ ਦਾ ਮਨੋਰਥ, ਨਿਰਸੰਦੇਹ, ਗੁਰਬਾਣੀ ਦੇ ਸ਼ਬਦਾਂ ਅਤੇ ਵਾਕਾਂ ਦੇ ਅਰਥਾਂ ਨੂੰ ਤਰਕਸ਼ੀਲ ਢੰਗ ਨਾਲ ਵਿਚਾਰ ਕੇ ਉਚਿਤ ਇਤਿਹਾਸਕ ਸੱਭਿਆਚਾਰਕ ਸੰਦਰਭ ਨਿਰਧਾਰਤ ਕਰਨਾ ਹੈ।ਇਸ ਸੰਦਰਭ ਵਿੱਚ ਬਹੁ ਭਾਸ਼ਾਈ ਗੁਰਬਾਣੀ ਦੇ ਵਿਭਿੰਨ ਪਾਠਾਂ ਅਤੇ ਪ੍ਰਵਚਨਾਂ ਦਾ ਅਰਥ ਨਿਰਧਾਰਤ ਕਰਨ ਲਈ ਵਿਭਿੰਨ ਸ੍ਰੋਤਾਂ ਜਿਵੇਂ

ਕਿ ਵਿਆਕਰਨਕ ਜੁਗਤਾਂ, ਅਰਥ ਪਰੰਪਰਾਵਾਂ, ਵਿਉਂਤਪੱਤੀ ਸ਼ਾਸਤਰ ਅਤੇ ਸ਼ਬਦ ਬਣਤਰਾਂ ਦੇ ਵਿਸ਼ਲੇਸ਼ਣ ਆਦਿ ਸਹਾਈ ਹੋ ਸਕਦੇ ਹਨ। ਇਨ੍ਹਾਂ ਤੋਂ ਇਲਾਵਾ ਦਰਸ਼ਨ ਸ਼ਾਸਤਰ, ਧਰਮ ਸ਼ਾਸਤਰ ਅਤੇ ਕਾਵਿ ਸ਼ਾਸਤਰ ਦੀਆਂ ਅੰਤਰ-ਦ੍ਰਿਸ਼ਟੀਆਂ ਵੀ ਲੋੜੀਂਦੀਆਂ ਹਨ। ਸ਼ਾਸਤਰੀ ਵਿਧਾਵਾਂ ਉਸਾਰਨ ਨਾਲ ਹੀ ਅਕਾਦਮਿਕਤਾ ਸਥਾਪਤ ਕੀਤੀ ਜਾ ਸਕਦੀ ਹੈ। ਕਿਸੇ ਵੀ ਧਰਮ ਦੇ ਧਰਮ ਗ੍ਰੰਥ ਨੂੰ ਸਮਝਣ ਲਈ ਪਾਰੰਪਰਿਕ ਅਤੇ ਅਕਾਦਮਿਕ ਦੋਵੇਂ ਵਿਧੀਆਂ ਜ਼ਰੂਰੀ ਹਨ ਜੋ ਕਿ ਕ੍ਰਮਵਾਰ ਅਨੁਭਵੀ ਅਤੇ ਸਿਧਾਂਤਕ ਨਿਸ਼ਾਨਦੇਹੀ ਕਰਦੀਆਂ ਹਨ। ਪਰੰਪਰਾ ਵਿੱਚ ਵਿਆਖਿਆ ਸਾਹਿਤ ਦੀ ਵਰਤੋਂ ਤਾਂ ਬਾਣੀ ਦੀ ਰਚਨਾ ਹੋਣ ਤੋਂ ਹੀ ਹੋ ਰਹੀ ਹੈ ਪ੍ਰੰਤੂ ਅਕਾਦਮਿਕ ਪੱਧਰ ਉੱਤੇ ਲੇਖਕ ਦੀ ਮਨਸ਼ਾ, ਅਰਥਾਂ ਦੀ ਸਥਾਪਤੀ ਅਤੇ ਅਰਥਾਂ ਦੀ ਇਤਿਹਾਸਕ ਪ੍ਰਾਸੰਗਿਕਤਾ ਆਦਿ ਨੂੰ ਪਾਠਕ ਜਾਂ ਸ੍ਰੋਤੇ ਦੀ ਰੀਸੈਪਸ਼ਨ ਥਿਊਰੀ ਅਰਥਾਤ ਸਮਝ-ਸਿਧਾਂਤ ਦੇ ਹਵਾਲੇ ਨਾਲ ਸਮਝਣਾ ਹੁੰਦਾ ਹੈ। ਡਾ. ਬਲਕਾਰ ਸਿੰਘ ਆਖਦੇ ਹਨ ਕਿ ਇਹ ਸਾਰਾ ਕੁਝ ਖਿਲਰੇ-ਪੁੱਲਰੇ ਢੰਗ ਨਾਲ ਤਾਂ ਹੋ ਰਿਹਾ ਹੈ ਪ੍ਰੰਤੂ ਇਸ ਦੇ ਅਕਾਦਮਿਕ ਸਰੂਪ ਲਈ ਸਾਂਝੀ ਸਮਝ ਲੋੜੀਂਦੀ ਹੈ ਜਿਸ ਲਈ ਸਾਡੇ ਕੋਲ ਸ਼ਬਦ 'ਗੁਰਮਤਾ' ਹੈ। ਇਸ ਨੂੰ ਅਕਾਦਮਿਕ ਵਿਧੀ ਵਿੱਚ ਵਰਤੇ ਜਾਣ ਦੀ ਲੋੜ ਹੈ।[78] ਇਸ ਸਮੇਂ ਗੁਰਬਾਣੀ ਵਿਆਖਿਆ ਯੂਨੀਵਰਸਿਟੀ ਪੱਧਰ ਦੀ ਅਕਾਦਮਿਕਤਾ ਦਾ ਹਿੱਸਾ ਬਣੀ ਹੋਈ ਹੈ ਤੇ ਗੁਰਬਾਣੀ ਵਿਆਖਿਆ ਨੂੰ ਹੋਰ ਮੌਲਿਕ ਅਰਥਾਂ ਦੇ ਨੇੜੇ ਲਿਆਉਣ ਦੇ ਯਤਨ ਕੀਤੇ ਜਾ ਰਹੇ ਹਨ। ਵਿਆਖਿਆ ਤੋਂ ਇੱਥੇ ਭਾਵ ਬਾਣੀ ਅਧਿਐਨ, ਅਧਿਆਪਨ, ਖੋਜ ਆਦਿ ਕਿਸੇ ਵੀ ਪੱਖ ਤੋਂ ਲਿਆ ਜਾ ਸਕਦਾ ਹੈ। ਇਹ ਅਕਾਦਮਿਕ ਵਿਆਖਿਆ ਹੀ ਪਾਰੰਪਰਿਕ ਵਿਆਖਿਆ ਨੂੰ ਬੌਧਿਕ ਘੇਰੇ ਵਿੱਚ ਸਮੇਟ ਕੇ ਸਿਧਾਂਤਕ ਰੂਪ ਪ੍ਰਦਾਨ ਕਰ ਸਕਦੀ ਹੈ।

ਉਪਰੋਕਤ ਸਾਰੇ ਹੀ ਵਿਚਾਰ ਬਿੰਦੂਆਂ ਦੇ ਹਵਾਲੇ ਨਾਲ ਕਿਹਾ ਜਾ ਸਕਦਾ ਹੈ ਕਿ ਗੁਰਬਾਣੀ ਦੀ ਸਰਬਕਾਲੀ ਅਤੇ ਸਰਬਦੇਸੀ ਪ੍ਰਾਸੰਗਿਕਤਾ ਨੂੰ ਅਜੋਕੇ ਗਿਆਨ ਵਿਗਿਆਨ ਦੇ ਯੁੱਗ ਵਿੱਚ ਜਿੱਥੇ ਵਿਸ਼ਵ ਵਰਤਾਰੇ ਦੇ ਸੱਭਿਆਚਾਰਕ ਧਰਾਤਲ ਉੱਪਰ ਵਿਚਾਰਨ ਦੀ ਲੋੜ ਹੈ ਉੱਥੇ ਅਜੋਕੇ ਗਿਆਨ ਸ਼ਾਸਤਰੀ ਪਰਿਪੇਖ ਵਿੱਚ ਨਵੀਆਂ ਅਧਿਐਨ ਵਿਧੀਆਂ ਦੀ ਅੰਤਰ-ਦ੍ਰਿਸ਼ਟੀ ਤੋਂ ਵੀ ਘੋਖਣ ਦੀ ਲੋੜ ਹੈ। ਨਿਰਸੰਦੇਹ ਗੁਰਬਾਣੀ ਵਿਆਖਿਆ ਦੇ ਨਿਯਮ ਵਿਧਾਨ ਦੀ ਸਿਰਜਣਾ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਮਝਣ ਸਮਝਾਉਣ ਦਾ ਕਾਰਜ ਵਿਗਿਆਨਕ ਰੂਪ ਰੇਖਾ ਅਤੇ ਤਰਕ ਅਧਾਰਤ ਹੋ ਕੇ ਬੌਧਿਕ ਪਕੜ ਦੇ ਘੇਰੇ ਵਿੱਚ ਆਉਣ ਦੀ ਪੂਰਨ

ਸੰਭਾਵਨਾ ਹੈ।ਡਾ. ਗੁਰਭਗਤ ਸਿੰਘ ਦੀ ਹੇਠਾਂ ਦਿੱਤੀ ਰਾਏ ਇਸ ਸੰਬੰਧ ਵਿੱਚ ਬਹੁਤ ਮਹੱਤਵਪੂਰਣ ਹੈ:

> ਹਰ ਮਹਾਨ ਰਚਨਾ ਵਾਂਗ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਗੌਰਵ ਵੀ ਇਸ ਵਿੱਚ ਹੈ ਕਿ ਭਾਵੇਂ ਇਸ ਦੀ ਬਾਣੀ ਬਾਰ੍ਹਵੀਂ ਸਦੀ ਈਸਵੀ ਅਤੇ ਸੋਲ੍ਹਵੀਂ ਸਦੀ ਈਸਵੀ ਦੇ ਦਰਮਿਆਨ ਰਚੀ ਗਈ ਸੀ ਪਰ ਇਸ ਦੇ ਸਰੋਕਾਰ ਸਾਡੇ ਅਜੋਕੇ ਵਿਆਖਿਆ ਦਰਸ਼ਨਾਂ ਅਤੇ ਸ਼ਾਸਤਰਾਂ ਨਾਲ ਸਾਂਝੇ ਹਨ।ਜੇ ਇਸ ਗ੍ਰੰਥ ਨੂੰ ਇਨ੍ਹਾਂ ਨਵੇਂ ਵਿਆਖਿਆ ਸ਼ਾਸਤਰਾਂ ਦੀ ਸਹਾਇਤਾ ਨਾਲ ਪੜ੍ਹਿਆ ਜਾਵੇ ਤਾਂ ਇਸ ਦੀ ਭਰਪੂਰ ਵਿਸ਼ੇਸ਼ਤਾ ਉਜਾਗਰ ਹੋ ਸਕਦੀ ਹੈ।ਸਮਕਾਲੀ ਪ੍ਰਾਸੰਗਿਕਤਾ ਬਣਾਉਣ ਲਈ ਇਹ ਜ਼ਰੂਰੀ ਵੀ ਹੈ।[79]

### 4.4 ਗੁਰਬਾਣੀ ਵਿਆਖਿਆਕਾਰੀ ਲਈ ਜ਼ਰੂਰੀ ਖੋਜ ਸੰਦ:

ਗੁਰਬਾਣੀ ਦੀ ਵਿਆਖਿਆਕਾਰੀ ਲਈ ਅਨੇਕ ਖੋਜ ਸੰਦ ਵਰਤੇ ਜਾਂਦੇ ਹਨ।'ਖੋਜ ਸੰਦ' ਵਿਚਲੇ ਸ਼ਬਦ 'ਸੰਦ' ਤੋਂ ਭਾਵ ਹੈ ਖੰਡ-ਖੰਡ ਕਰਨ ਵਾਲਾ ਔਜ਼ਾਰ ਜਾਂ ਹਥਿਆਰ।ਇਸ ਸੰਦਰਭ ਵਿੱਚ ਗੁਰਬਾਣੀ ਵਿਆਖਿਆਕਾਰੀ ਦੇ 'ਸੰਦ' ਗੁਰਬਾਣੀ ਵਿਚਲੇ ਸ਼ਬਦਾਂ ਦਾ ਖੰਡਨ ਜਾਂ ਵਿਸ਼ਲੇਸ਼ਣ ਕਰਕੇ ਉਨ੍ਹਾਂ ਦੇ ਅਰਥਾਂ ਦੀ ਤਹਿ ਤੱਕ ਪਹੁੰਚਣ ਦਾ ਯਤਨ ਕਰਦੇ ਹਨ।ਹਰੇਕ ਧਾਰਮਿਕ ਪਾਠ ਦੀ ਵਿਆਖਿਆ ਲਈ ਹਰ ਵਿਆਖਿਆਕਾਰ ਨੂੰ ਖੋਜ ਸੰਦਾਂ, ਜਿਨ੍ਹਾਂ ਨੂੰ ਅੰਗਰੇਜ਼ੀ ਵਿੱਚ 'ਟੂਲਜ਼' (Tools ) ਵੀ ਕਿਹਾ ਜਾਂਦਾ ਹੈ, ਦੀ ਲੋੜ ਹੁੰਦੀ ਹੈ ਕਿਉਂਕਿ ਧਾਰਮਿਕ ਗ੍ਰੰਥ ਜੋ ਕਿ ਸੰਬੰਧਤ ਧਰਮ ਵਾਸਤੇ ਪੈਗੰਬਰੀ ਇਲਹਾਮ ਹੁੰਦੇ ਹਨ, ਵਿੱਚ ਸ਼ਬਦਾਂ ਦੇ ਸ਼ਾਬਦਿਕ ਅਰਥਾਂ ਨਾਲੋਂ ਚਿਨ੍ਹਾਂਤਮਕ ਅਰਥਾਂ ਨੂੰ ਪਹਿਲ ਹੁੰਦੀ ਹੈ।ਇਨ੍ਹਾਂ ਪੈਗੰਬਰੀ ਰਚਨਾਵਾਂ ਦੇ ਪਵਿੱਤਰ ਅਰਥਾਂ ਤੱਕ ਪਹੁੰਚਣ ਲਈ ਬਹੁਤ ਸਾਰੀਆਂ ਪਹੁੰਚ ਵਿਧੀਆਂ ਦੀ ਸਹਾਇਤਾ ਲਈ ਜਾਂਦੀ ਹੈ।ਗੁਰਬਾਣੀ ਨੂੰ ਸਮਝਣ ਵਾਲੇ ਜਗਿਆਸੂ ਇਸ ਅਨੁਭਵੀ ਕਾਵਿ ਰਚਨਾ ਨੂੰ ਜਦੋਂ ਬੌਧਿਕ ਪੱਧਰ ਉੱਤੇ ਸਮਝਣ ਸਮਝਾਉਣ ਦਾ ਯਤਨ ਕਰਦੇ ਹਨ ਤਾਂ ਉਨ੍ਹਾਂ ਦੇ ਇਨ੍ਹਾਂ ਯਤਨਾਂ ਵਿੱਚੋਂ ਹੀ ਗੁਰਬਾਣੀ ਵਿਆਖਿਆ ਦਾ ਜਨਮ ਹੁੰਦਾ ਹੈ।

ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ॥

ਅਕਲੀ ਪੜਿ ਕੈ ਬੁਝੀਐ ਅਕਲੀ ਕੀਚੈ ਦਾਨੁ॥ [90]

ਅਕਾਦਮਿਕ ਪੱਧਰ ਉੱਤੇ ਵਿਚਾਰਧਾਰਕ ਅਤੇ ਰਚਨਾ ਪ੍ਰਬੰਧ ਦੇ ਪੱਖੋਂ ਇਹ ਯਤਨ ਕਠਿਨ ਹੀ ਨਹੀਂ ਸਗੋਂ ਚੁਣੌਤੀਆਂ ਭਰਪੂਰ ਵੀ ਰਹੇ। ਇਨ੍ਹਾਂ ਚੁਣੌਤੀਆਂ ਨਾਲ ਨਜਿੱਠਣ ਲਈ ਅਤੇ ਗੁਰਬਾਣੀ-ਵਿਆਖਿਆ ਕਰਦਿਆਂ ਦਰਪੇਸ਼ ਆ ਰਹੀਆਂ ਸਮੱਸਿਆਵਾਂ ਦੇ ਹੱਲ ਲਈ ਵਿਦਵਾਨਾਂ ਦੁਆਰਾ ਜੋ ਯਤਨ ਕੀਤੇ ਗਏ ਉਹ ਨਿਸ਼ਚਿਤ ਤੌਰ ਉੱਤੇ ਵਿਆਖਿਆਕਾਰੀ ਲਈ ਸੰਦਾਂ ਦੇ ਰੂਪ ਵਿੱਚ ਸਾਹਮਣੇ ਆਏ ਅਰਥਾਤ ਗੁਰਬਾਣੀ ਦੇ ਹਰ ਅੱਖਰ, ਪਦ, ਸ਼ਬਦ ਅਤੇ ਵਿਆਕਰਣਕ ਸੰਕੇਤ ਦੇ ਸਹੀ ਅਰਥ ਤੱਕ ਪੁੱਜਣ ਲਈ ਜਿਨ੍ਹਾਂ ਨੁਕਤਿਆਂ, ਵਿਚਾਰਾਂ, ਹਵਾਲਾ-ਪੁਸਤਕਾਂ ਅਤੇ ਗ੍ਰੰਥਾਂ ਦੀ ਲੋੜ ਪਈ, ਉਨ੍ਹਾਂ ਦੀ ਵੱਡੀ ਮਾਤਰਾ ਵਿੱਚ ਰਚਨਾ ਕੀਤੀ ਗਈ।

ਭਾਵੇਂ ਸੰਦ ਵਿਆਖਿਆ ਨਹੀਂ ਹੁੰਦੇ ਪ੍ਰੰਤੂ ਇਹ ਗੁਰਬਾਣੀ ਦੀ ਵਿਆਖਿਆਕਾਰੀ ਲਈ ਉਹ ਸਾਜੋ ਸਮਾਨ ਹੁੰਦੇ ਹਨ ਜੋ ਕਿਸੇ ਹੁਨਰਮੰਦ ਅਤੇ ਨਿਪੁੰਨ ਵਿਆਖਿਆਕਾਰ ਦੇ ਵਿਆਖਿਆ ਸੰਬੰਧੀ ਕਾਰਜ ਵਿੱਚ ਸਹਾਈ ਹੁੰਦੇ ਹਨ। ਗੁਰਬਾਣੀ ਦੀ ਵਿਆਖਿਆ ਓਨਾ ਚਿਰ ਤੱਕ ਸੰਭਵ ਨਹੀਂ ਹੋ ਸਕਦੀ ਜਿੰਨਾ ਚਿਰ ਤੱਕ ਵਿਆਖਿਆਕਾਰ ਕੋਲ ਲੋੜੀਂਦੇ ਖੋਜ ਸੰਦ ਨਹੀਂ ਹੁੰਦੇ। ਨਾਲ ਹੀ ਉਸ ਨੂੰ ਉਨ੍ਹਾਂ ਨੂੰ ਵਰਤਣ ਦੀ ਜੁਗਤ ਵੀ ਆਉਣੀ ਚਾਹੀਦੀ ਹੈ ਜਿਵੇਂ ਕੋਲ ਕਿਸੇ ਭਾਸ਼ਾ ਦੀ ਸੰਪੂਰਨ ਸ਼ਬਦਾਵਲੀ ਵਾਲੀ ਡਿਕਸ਼ਿਨਰੀ ਹੋਵੇ ਪਰ ਲੋੜੀਂਦੇ ਸ਼ਬਦ ਦਾ ਅਰਥ ਭਾਲਣ ਦਾ ਕੰਮ ਕਰਨਾ ਨਾ ਆਵੇ ਤਾਂ ਉਸ ਦਾ ਕੋਈ ਲਾਭ ਨਹੀਂ। ਵਿਆਖਿਆਕਾਰੀ ਲਈ ਖੋਜ ਸੰਦ ਉਸੇ ਤਰ੍ਹਾਂ ਲੋੜੀਂਦੇ ਹਨ ਜਿਸ ਤਰ੍ਹਾਂ ਜੰਗ ਦੇ ਮੈਦਾਨ ਵਿੱਚ ਪਹੁੰਚ ਕੇ ਜੰਗ ਜਿੱਤਣ ਲਈ ਕਿਸੇ ਫੌਜੀ ਕੋਲ ਹਥਿਆਰਾਂ ਦਾ ਹੋਣਾ ਤਾਂ ਜ਼ਰੂਰੀ ਹੁੰਦਾ ਹੀ ਹੈ ਪਰ ਨਾਲ ਹੀ ਇਨ੍ਹਾਂ ਹਥਿਆਰਾਂ ਨੂੰ ਵਰਤਣ ਦੀ ਜੁਗਤ, ਹੁਨਰ ਅਤੇ ਨਿਪੁੰਨਤਾ ਵੀ ਜ਼ਰੂਰੀ ਹੈ। ਅਕਾਦਮਿਕ ਜਗਤ ਵਿੱਚ ਖੋਜ ਸੰਦ ਸਮਰਿੱਧ ਸੋਝੀ ਦਾ ਅਧਾਰ ਹਨ ਤੇ ਪਹੁੰਚ ਵਿਧੀਆਂ ਇਨ੍ਹਾਂ ਖੋਜ ਸੰਦਾਂ ਨੂੰ ਵਰਤਣ ਦੇ ਤਰੀਕੇ ਹੁੰਦੇ ਹਨ। ਅਸਲ ਵਿੱਚ ਸੰਦ ਅਤੇ ਪਹੁੰਚ ਵਿਧੀਆਂ ਇੱਕ ਦੂਜੇ ਦੀਆਂ ਸਹਾਇਕ ਅਤੇ ਪੂਰਕ ਹਨ।[81] ਇਨ੍ਹਾਂ ਦੋਹਾਂ ਦੀ ਸਾਂਝ ਦਾ ਮਿਲਵਾਂ ਯਤਨ ਹੀ ਵਿਆਖਿਆਕਾਰੀ ਲਈ ਸਾਰਥਕ ਸਿੱਧ ਹੁੰਦਾ ਹੈ।

ਜਿੱਥੋਂ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀ ਦੀ ਵਿਆਖਿਆ ਦਾ ਸੰਬੰਧ ਹੈ, ਇਸ ਖੇਤਰ ਵਿੱਚ ਅਨੇਕਾਂ ਹੀ ਪੱਖਾਂ ਤੋਂ ਇਸ ਨੂੰ ਸਮਝਣ ਦੇ ਯਤਨ ਕੀਤੇ ਗਏ ਹਨ ਜਿਨ੍ਹਾਂ ਵਿੱਚ ਵਿਆਖਿਆਕਾਰੀ ਦੇ ਵੱਖ-ਵੱਖ ਸੰਦ ਮਹੱਤਵਪੂਰਣ ਭੂਮਿਕਾ ਨਿਭਾਉਂਦੇ ਹਨ ਜਿਵੇਂ ਗੁਰਬਾਣੀ ਦੇ ਟੀਕੇ, ਸਿਧਾਂਤਗਤ ਨਿਰਣੇ ਗ੍ਰੰਥ, ਕੋਸ਼, ਨਿਰੁਕਤ, ਪ੍ਰਯਾਯ ਆਦਿ ਦਾ ਆਪੋ ਆਪਣਾ ਯੋਗਦਾਨ ਹੈ।ਡਾ. ਗੁਲਜ਼ਾਰ ਸਿੰਘ ਕੰਗ ਅਨੁਸਾਰ ਗੁਰਬਾਣੀ ਵਿਆਖਿਆ ਨਾਲ ਸੰਬੰਧਤ ਖੋਜ ਸੰਦਾਂ ਨੂੰ ਹੇਠ ਲਿਖੇ ਤਿੰਨ ਪ੍ਰਕਾਰ ਦੇ ਵਰਗਾਂ ਵਿੱਚ ਰੱਖਿਆ ਜਾ ਸਕਦਾ ਹੈ:

- ਦਰਸ਼ਨ ਸ਼ਾਸਤਰੀ ਖੋਜ ਸੰਦ
- ਭਾਸ਼ਾ ਸ਼ਾਸਤਰੀ ਜਾਂ ਵਿਆਕਰਣਕ ਖੋਜ ਸੰਦ
- ਕਾਵਿ ਸ਼ਾਸਤਰੀ ਖੋਜ ਸੰਦ

### 4.4.1 **ਦਰਸ਼ਨ ਸ਼ਾਸਤਰੀ ਖੋਜ ਸੰਦ:**

ਗੁਰਬਾਣੀ ਦਾ ਦਰਸ਼ਨ ਜਾਂ ਇਸ ਵਿੱਚ ਦਿੱਤੀ ਗਈ ਸਿੱਖਿਆ, ਸੰਦੇਸ਼ ਅਤੇ ਉਪਦੇਸ਼ ਹੀ 'ਗੁਰਮਤਿ' ਹੈ ਤੇ ਗੁਰਮਤਿ ਦਾ ਸੰਦੇਸ਼ ਮਨੁੱਖ ਮਾਤਰ ਨੂੰ ਨਿਵੇਕਲੀ ਜੀਵਨ ਜਾਚ ਸਿਖਾਉਂਦਾ ਹੈ।ਗੁਰਮਤਿ ਵਿਚਾਰਧਾਰਾ ਜਿੱਥੇ ਮਨੁੱਖ ਨੂੰ ਗੁਰਮੁਖ ਬਣਾਉਂਦੀ ਹੈ ਉੱਥੇ ਭਾਰਤੀ, ਸਾਮੀ ਅਤੇ ਵਿਸ਼ਵ ਚਿੰਤਨ ਨਾਲ ਸੰਵਾਦ ਰਚਾਉਂਦੇ ਹੋਏ ਇਹ ਨਾਥਾਂ, ਜੋਗੀਆਂ, ਜੰਗਮਾਂ, ਸਿੱਧਾਂ, ਪੰਡਤਾਂ ਅਤੇ ਕਾਜ਼ੀਆਂ ਆਦਿ ਨਾਲ ਕੀਤੀਆਂ ਗਈਆਂ ਗੋਸ਼ਟਾਂ ਦੇ ਆਧਾਰ ਤੇ ਗੁਰਮਤਿ ਦੇ ਦਾਰਸ਼ਨਿਕ ਸੰਕਲਪਾਂ ਨੂੰ ਉਭਾਰਦੀ ਹੈ।ਜੀਵਨ ਜਿਊਣ ਦੇ ਸਿਧਾਂਤਗਤ ਅਤੇ ਬੁਨਿਆਦੀ ਨੁਕਤਿਆਂ ਨੂੰ ਬਾਣੀ ਵਿੱਚ ਲਗਭਗ ਹਰ ਬਾਣੀਕਾਰ ਨੇ ਥਾਂ-ਥਾਂ ਤੇ ਦ੍ਰਿੜ ਕਰਵਾਇਆ ਹੈ।ਇਨ੍ਹਾਂ ਗੁਰਮਤਿ ਸਿਧਾਂਤਾਂ ਨੂੰ ਸਮੁੱਚੀ ਬਾਣੀ ਦੇ ਭਾਵ ਵਿੱਚ ਅਤੇ ਨਿਖੇੜ ਕੇ ਸਪਸ਼ਟ ਕਰਨਾ ਵਿਆਖਿਆਕਾਰ ਦਾ ਮੁੱਖ ਸਰੋਕਾਰ ਹੈ ਜਿਸ ਸੰਬੰਧੀ ਵਿਆਖਿਆਕਾਰ ਨੂੰ ਆਲਮੀ ਚਿੰਤਨ ਦੇ ਪ੍ਰਸੰਗ ਵਿੱਚ ਸੋਝੀ ਹੋਣੀ ਚਾਹੀਦੀ ਹੈ।ਗੁਰਮਤਿ ਦੀ ਅਜਿਹੀ ਸਿਧਾਂਤਗਤ ਸੋਝੀ ਲਈ ਸਿੱਖ ਚਿੰਤਨ ਵਿੱਚ ਹਮੇਸ਼ਾ ਯਤਨ ਹੁੰਦੇ ਆਏ ਹਨ ਜੋ ਕਿ ਗੁਰਬਾਣੀ ਦੇ ਦਰਸ਼ਨ ਸ਼ਾਸਤਰੀ ਸੰਦ ਦੇ ਤੌਰ ਉੱਤੇ ਇੱਕ ਵਿਆਖਿਆਕਾਰ ਜਾਂ ਜਗਿਆਸੂ ਦੀ ਅਗਵਾਈ ਕਰਦੇ ਹਨ।

ਵੀਹਵੀਂ ਸਦੀ ਵਿੱਚ ਵਿਦਵਾਨਾਂ ਨੂੰ ਗੁਰਬਾਣੀ ਦਾ ਸਿਧਾਂਤਗਤ ਅਧਿਐਨ ਕਰਨ ਵਿੱਚ ਰੁਚੀ ਪੈਦਾ ਹੋਈ ਹੈ ਤੇ ਅਜਿਹੇ ਅਧਿਐਨ ਲਈ ਦਾਰਸ਼ਨਿਕ ਸੰਦਾਂ ਦੇ ਪ੍ਰਮਾਣ ਸਰੂਪ ਵਰਤੇ ਜਾਣ ਵਾਲੇ ਅਨੇਕ ਗ੍ਰੰਥ ਰਚੇ ਗਏ ਹਨ ਜਿਵੇਂ 'ਵਾਰਾਂ ਭਾਈ ਗੁਰਦਾਸ ਜੀ', 'ਜਨਮ ਸਾਖੀਆਂ', 'ਗੁਰਮਤਿ ਨਿਰਣਯ ਸਾਗਰ' (ਕ੍ਰਿਤ ਤਾਰਾ ਸਿੰਘ ਨਰੋਤਮ), 'ਗੁਰਮਤਿ ਮਾਰਤੰਡ' (ਕ੍ਰਿਤ ਭਾਈ ਕਾਨ੍ਹ ਸਿੰਘ ਨਾਭਾ), 'ਗੁਰਮਤਿ ਨਿਰਣੈ' (ਕ੍ਰਿਤ ਭਾਈ ਜੋਧ ਸਿੰਘ), 'ਗੁਰਮਤਿ ਦਰਸ਼ਨ' (ਕ੍ਰਿਤ ਡਾ. ਸ਼ੇਰ ਸਿੰਘ), 'ਗੁਰੂ ਨਾਨਕ ਸਿਧਾਂਤ' (ਕ੍ਰਿਤ ਡਾ. ਵਜ਼ੀਰ ਸਿੰਘ) ਅਤੇ 'ਗੁਰਮਤਿ ਮਨੋਵਿਗਿਆਨ' (ਕ੍ਰਿਤ ਡਾ. ਜਸਵੰਤ ਸਿੰਘ ਨੇਕੀ) ਆਦਿ ਗ੍ਰੰਥ/ਪੁਸਤਕਾਂ ਇਸ ਦਿਸ਼ਾ ਵਿੱਚ ਕੀਤੇ ਗਏ ਜ਼ਿਕਰਯੋਗ ਕੰਮ ਹਨ।

### 4.4.2 ਭਾਸ਼ਾ ਸ਼ਾਸਤਰੀ ਜਾਂ ਵਿਆਕਰਣਕ ਖੋਜ ਸੰਦ:

ਭਾਸ਼ਾ ਸ਼ਾਸਤਰੀ ਖੋਜ ਸੰਦ ਦੇ ਤੌਰ ਉੱਤੇ ਗੁਰਬਾਣੀ ਵਿਆਖਿਆ ਲਈ ਗੁਰਬਾਣੀ ਦੀ ਭਾਸ਼ਾ ਸੰਬੰਧੀ ਅਧਿਐਨ, ਵੱਖ-ਵੱਖ ਸੋਮਿਆਂ ਅਤੇ ਖੇਤਰਾਂ ਤੋਂ ਆਈ ਸ਼ਬਦਾਵਲੀ, ਸ਼ਬਦ ਦੀ ਨਿਰੁਕਤੀ ਅਤੇ ਸਿਧਾਂਤੀਕਰਨ, ਭਾਸ਼ਾਈ ਜੁਗਤਾਂ ਅਤੇ ਗੁਰਬਾਣੀ ਵਿਆਕਰਨ ਦੇ ਨਿਯਮਾਂ ਦੀ ਸਮਝ ਜ਼ਰੂਰੀ ਹੈ।ਇਸ ਕਾਰਜ ਲਈ ਸਿੱਖ ਸਾਹਿਤ ਵਿੱਚ ਅਨੇਕ ਵਿਦਵਾਨਾਂ ਦੁਆਰਾ 'ਪਰਯਾਯ', 'ਕੋਸ਼', 'ਸ਼ਬਦਾਰਥ', 'ਨਿਰੁਕਤ' ਅਤੇ 'ਗੁਰਬਾਣੀ ਵਿਆਕਰਣ' ਆਦਿ ਗ੍ਰੰਥਾਂ ਦੀ ਰਚਨਾ ਕੀਤੀ ਗਈ ਹੈ ਜੋ ਕਿ ਗੁਰਬਾਣੀ ਦੀ ਵਿਆਖਿਆ ਸੰਬੰਧੀ ਖੋਜ ਕਾਰਜਾਂ ਲਈ ਬੜੇ ਉਪਯੋਗੀ ਸੰਦਾਂ ਵਜੋਂ ਵਰਤੇ ਜਾ ਸਕਦੇ ਹਨ।ਕੋਸ਼, ਨਿਰੁਕਤ ਅਤੇ ਪਰਜਾਯ ਦੇ ਖੇਤਰ ਵਿੱਚ ਸੰਸਕ੍ਰਿਤ ਭਾਸ਼ਾ ਵਿੱਚ ਲਿਖੇ ਗਏ 'ਨਿਘੰਟੂ' ਵਿਸ਼ਵ ਪੱਧਰ ਉੱਤੇ ਕੋਸ਼ਕਾਰੀ ਦਾ ਮੁਢਲਾ ਰੂਪ ਮੰਨੇ ਜਾਂਦੇ ਹਨ।ਨਿਘੰਟੂ ਵਿੱਚ ਵੇਦਾਂ ਦੇ ਔਖੇ ਸ਼ਬਦਾਂ ਨੂੰ ਇੱਕ ਨਿਸ਼ਚਿਤ ਤਰਤੀਬ ਅਨੁਸਾਰ ਦਿੱਤਾ ਗਿਆ ਹੈ ਪਰ ਸ਼ਬਦਾਂ ਦੇ ਅਰਥ ਨਹੀਂ ਦਿੱਤੇ ਗਏ।ਸ਼ਬਦਾਂ ਦੇ ਅਰਥ ਸਪਸ਼ਟ ਕਰਨ ਲਈ ਬਾਅਦ ਵਿੱਚ ਯਾਸਕ ਮੁਨੀ ਦੁਆਰਾ 'ਨਿਰੁਕਤ' ਦੀ ਰਚਨਾ ਕੀਤੀ ਗਈ।ਭਾਰਤੀ ਕੋਸ਼ਕਾਰੀ ਦੇ ਅਗਲੇ ਪੜਾਅ 'ਨਿਰੁਕਤ' ਵਿੱਚ ਨਿਘੰਟੂ ਦੇ ਸ਼ਬਦਾਂ ਦੇ ਕੇਵਲ ਅਰਥ ਹੀ ਨਹੀਂ ਦਿੱਤੇ ਗਏ ਸਗੋਂ ਉਨ੍ਹਾਂ ਸਬਦਾਂ ਦੀ ਵਿਉਤਪਤੀ ਅਤੇ ਵਰਤੋਂ ਦੇ ਪ੍ਰਸੰਗ ਵੀ ਸਪਸ਼ਟ ਕੀਤੇ ਗਏ ਹਨ।ਇਸੇ ਲਈ ਨਿਰੁਕਤ ਨੂੰ ਨਿਘੰਟੂ ਦਾ ਟੀਕਾ ਵੀ ਆਖਿਆ ਜਾਂਦਾ ਹੈ।ਨਿਰੁਕਤ ਤੋਂ ਮਗਰੋਂ ਭਾਰਤੀ ਕੋਸ਼ਕਾਰੀ ਦਾ ਅਗਲਾ ਪੜਾਅ ਪ੍ਰਯਾਯ ਕੋਸ਼ਾਂ ਨਾਲ ਆਰੰਭ ਹੁੰਦਾ ਹੈ ਜਿਨ੍ਹਾਂ ਵਿੱਚ ਹਰੇਕ ਸ਼ਬਦ ਦੇ ਇੱਕ

ਨਾਲੋਂ ਵੱਧ ਸਮਾਨ ਅਰਥੀ ਸ਼ਬਦ ਦਿੱਤੇ ਜਾਂਦੇ ਹਨ ਕਿਉਂਕਿ 'ਪ੍ਰਯਾਯ' ਸ਼ਬਦ ਦਾ ਅਰਥ ਹੀ ਹੈ ਇੱਕ ਸ਼ਬਦ ਦੇ ਅਨੇਕ ਸਮਾਨ ਅਰਥੀ ਸ਼ਬਦ।

ਪੰਜਾਬੀ ਕੋਸ਼ਕਾਰੀ ਦਾ ਆਰੰਭ ਭਾਰਤੀ ਪਰੰਪਰਾ ਨਾਲ ਜੁੜਿਆ ਹੋਇਆ ਹੈ ਅਤੇ ਪੰਜਾਬੀ ਕੋਸ਼ਕਾਰੀ ਦੇ ਇਤਿਹਾਸ ਵਿੱਚ ਗੁਰਬਾਣੀ ਦੇ ਕੋਸ਼ਾਂ ਦਾ ਮਹੱਤਵਪੂਰਨ ਸਥਾਨ ਹੈ।ਕੋਸ਼ਕਾਰੀ ਵਿੱਚ ਕਠਿਨ ਪਦਾਂ ਦੇ ਅਰਥ ਅੱਖਰ ਕ੍ਰਮ ਅਨੁਸਾਰ ਦਰਸਾਉਣ ਦੀ ਪਰੰਪਰਾ ਹੈ।ਅਠ੍ਹਾਰਵੀਂ ਸਦੀ ਦੇ ਪਿਛਲੇ ਅੱਧ ਵਿੱਚ ਗੁਰਬਾਣੀ ਦੇ ਜਿਗਿਆਸੂਆਂ ਦੀ ਅਧਿਆਤਮਕ ਅਤੇ ਬੌਧਿਕ ਲੋੜ ਦੀ ਪੂਰਤੀ ਲਈ ਗੁਰਬਾਣੀ ਦੇ ਕੋਸ਼ਾਂ ਦੀ ਸਿਰਜਣਾ ਕੀਤੀ ਗਈ।ਗੁਰਬਾਣੀ ਦੇ ਮੁਢਲੇ ਕੋਸ਼ ਹੱਥ-ਲਿਖਤਾਂ ਦੇ ਰੂਪ ਵਿੱਚ ਮਿਲਦੇ ਹਨ।ਇਨ੍ਹਾਂ ਹੱਥ-ਲਿਖਤ ਕੋਸ਼ਾਂ ਦਾ ਸਿਲਸਿਲਾ ਲਗਭਗ 1900 ਈ. ਤੱਕ ਚਲਦਾ ਰਿਹਾ।ਇਨ੍ਹਾਂ ਕੋਸ਼ਾਂ ਦਾ ਪ੍ਰਯੋਜਨ ਗੁਰਬਾਣੀ ਦਾ ਪਾਠ ਕਰਨ ਵਾਲੇ ਸਾਧਾਰਨ ਸਿੱਖਾਂ ਅਤੇ ਕਥਾ-ਵਾਚਕਾਂ ਲਈ ਗੁਰਬਾਣੀ ਦੇ ਸ਼ਬਦਾਂ ਦਾ ਅਰਥ ਅਤੇ ਭਾਵ ਨਿਸ਼ਚਿਤ ਕਰਨਾ ਸੀ।ਗੁਰਬਾਣੀ ਵਿੱਚ ਆਏ ਔਖੇ ਸ਼ਬਦਾਂ ਜਾਂ ਹੋਰ ਭਾਸ਼ਾਵਾਂ ਨਾਲ ਸੰਬੰਧਤ ਸ਼ਬਦਾਂ ਦੇ ਸਮਾਨ ਅਰਥ ਸੁਖੈਨ ਪਦਾਂ ਵਿੱਚ ਦੇਣ ਦੀ ਵਿਧੀ ਨੂੰ ਗੁਰਬਾਣੀ ਦੇ ਪਰਯਾਯ ਕਹਿ ਕੇ ਸੰਬੋਧਿਤ ਕੀਤਾ ਗਿਆ ਹੈ।ਸ੍ਰੀ ਗੁਰੂ ਗ੍ਰੰਥ ਸਾਹਿਬ ਸੰਬੰਧੀ ਪਰਯਾਯ ਰਚਨ ਦੀ ਸ਼ੁਰੂਆਤ ਭਾਈ ਚੰਦਾ ਸਿੰਘ ਦੇ ਲਿਖੇ ਹੋਏ ਪਰਯਾਯ ਤੋਂ ਹੁੰਦੀ ਹੈ ਜੋ ਕਿ 1887 ਈ. ਵਿੱਚ ਛਪਿਆ[82], ਮਗਰੋਂ ਗੁਰਬਾਣੀ ਦੇ ਪ੍ਰਕਾਸ਼ਿਤ ਕੋਸ਼ਾਂ ਦਾ ਦੌਰ ਆਰੰਭ ਹੋ ਗਿਆ।1994 ਈ. ਤੱਕ ਗੁਰਬਾਣੀ ਦੇ 150 ਤੋਂ ਵਧੀਕ ਕੋਸ਼ਾਂ ਦਾ ਵੇਰਵਾ ਮਿਲਦਾ ਹੈ।[83] ਗੁਰਬਾਣੀ ਦੇ ਹੁਣ ਤੱਕ ਪ੍ਰਾਪਤ ਕੁਝ ਕੋਸ਼, ਨਿਰੁਕਤ ਅਤੇ ਪ੍ਰਯਾਯ ਗ੍ਰੰਥ ਗੁਰਬਾਣੀ ਦੀ ਕੋਸ਼ਕਾਰੀ ਵਿੱਚ ਬੜਾ ਮਹੱਤਵਪੂਰਣ ਸਥਾਨ ਰੱਖਦੇ ਹਨ ਜਿਵੇਂ 'ਸੁਗਮ ਪ੍ਰਿਆ ਸ੍ਰੀ ਗੁਰੂ ਗ੍ਰੰਥ ਸਾਹਿਬ' (ਕ੍ਰਿਤ ਭਾਈ ਚੰਦਾ ਸਿੰਘ), 'ਗੁਰੂ ਗਿਰਾਰਥ ਕੋਸ਼' (2 ਭਾਗ) (ਤਾਰਾ ਸਿੰਘ ਨਰੋਤਮ), 'ਪ੍ਰਯਾਯ ਭਗਤ ਬਾਣੀ ਕੇ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਕੇ' (ਕ੍ਰਿਤ ਦੇਵਾ ਸਿੰਘ), 'ਕੋਸ਼ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ' (ਕ੍ਰਿਤ ਬਿਸ਼ਨ ਦਾਸ ਉਦਾਸੀ), 'ਪ੍ਰਯਾਯ ਸ੍ਰੀ ਗੁਰੂ ਗ੍ਰੰਥ ਸਾਹਿਬ' (5 ਭਾਗ) (ਕ੍ਰਿਤ ਗੋਬਿੰਦ ਦਾਸ ਉਦਾਸੀਨ), 'ਗੁਰਸ਼ਬਦ ਰਤਨਾਕਰ ਮਹਾਨ ਕੋਸ਼' (ਕ੍ਰਿਤ ਭਾਈ ਕਾਨ੍ਹ ਸਿੰਘ ਨਾਭਾ), 'ਸ੍ਰੀ ਗੁਰੂ ਗ੍ਰੰਥ ਮਹਿਮਾ ਕੋਸ਼' (ਕ੍ਰਿਤ ਡਾ. ਪਿਆਰਾ ਸਿੰਘ ਪਦਮ), 'ਸਿੱਖ ਧਰਮ ਵਿਸ਼ਵ ਕੋਸ਼' (ਕ੍ਰਿਤ ਡਾ. ਜੋਧ ਸਿੰਘ) ਅਤੇ 'ਸ੍ਰੀ ਗੁਰੂ ਗ੍ਰੰਥ ਕੋਸ਼' (ਕ੍ਰਿਤ ਭਾਈ ਵੀਰ ਸਿੰਘ) ਆਦਿ।

### 4.4.3 ਕਾਵਿ ਸ਼ਾਸਤਰੀ ਖੋਜ ਸੰਦ:

ਕਾਵਿ ਸ਼ਾਸਤਰ ਤੋਂ ਭਾਵ ਕਿਸੇ ਕਾਵਿਕ ਰਚਨਾ ਨੂੰ ਸਮਝਣ ਦੇ ਸਿਧਾਂਤਾਂ ਨੂੰ ਉਜਾਗਰ ਕਰਨਾ ਹੈ।ਹਰ ਕਾਵਿ ਧਾਰਾ ਕੁਝ ਖਾਸ ਸਿਧਾਂਤਾਂ ਉੱਤੇ ਆਧਾਰਿਤ ਹੁੰਦੀ ਹੈ।ਗੁਰਬਾਣੀ ਵਿਚਲਾ ਕਵਿਤਾ ਤੇ ਸੰਗੀਤ ਦਾ ਖੁਬਸੂਰਤ ਸੁਮੇਲ ਮੱਧਕਾਲੀਨ ਕਵਿਤਾ ਦਾ ਇੱਕ ਉਤਕ੍ਰਿਸ਼ਟ ਨਮੂਨਾ ਹੈ।ਵਿਲੱਖਣ ਸ਼ੈਲੀ, ਲਿਪੀ ਅਤੇ ਭਾਸ਼ਾਵਾਂ ਵਿੱਚ ਰਚੀ ਇਸ ਕਾਵਿ ਧਾਰਾ ਦਾ ਆਪਣਾ ਇੱਕ ਬੇਮਿਸਾਲ ਕਾਵਿ ਸ਼ਾਸਤਰ ਹੈ ਜੋ ਕਿ ਪੁਰਾਤਨ ਭਾਰਤੀ ਜਾਂ ਪੱਛਮੀ ਕਾਵਿਕ ਸਿਧਾਂਤਾਂ ਦੇ ਚੌਖਟੇ ਵਿੱਚ ਕਿਸੇ ਵੀ ਤਰ੍ਹਾਂ ਫਿੱਟ ਨਹੀਂ ਹੁੰਦਾ ਕਿਉਂਕਿ ਦੈਵੀ ਅਨੁਭਵ ਵਾਲੇ ਗੁਰਮਤਿ ਕਾਵਿ ਸ਼ਾਸਤਰ ਦੀਆਂ ਆਪਣੀਆਂ ਵਿਲੱਖਣਤਾਵਾਂ ਹਨ ਜਿਨ੍ਹਾਂ ਦੇ ਅਧਿਐਨ ਲਈ ਕਾਵਿ ਆਲੋਚਨਾ ਦੇ ਆਮ ਮਾਪ ਦੰਡਾਂ ਨੂੰ ਲਾਗੂ ਕਰਨਾ ਵਾਜ਼ਿਬ ਨਹੀਂ।

ਗੁਰਬਾਣੀ ਦਾ ਸਰੂਪ ਆਮ ਕਿਸਮ ਦੀ ਦੁਨਿਆਵੀ ਕਵਿਤਾ ਵਰਗਾ ਨਹੀਂ ਕਿਉਂਕਿ ਦੁਨਿਆਵੀ ਮਨੋ ਕਲਪਿਤ ਕਵਿਤਾ ਦਿਸਦੇ ਜਗਤ ਦੇ ਭਾਵਾਂ, ਵਿਚਾਰਾਂ ਅਤੇ ਬਿੰਬਾਂ ਨੂੰ ਸ਼ਬਦਾਂ ਦੁਆਰਾ ਸਮੂਰਤ ਕਰਦੀ ਹੈ ਪਰ ਗੁਰਬਾਣੀ ਧੁਰ ਸੱਚ ਦੇ ਅਮੂਰਤ ਰੂਪ ਨੂੰ ਉਜਾਗਰ ਕਰਦੀ ਹੈ।ਇਹ ਉਸ ਅਕਥ ਕਥਾ ਦਾ ਬਿਆਨ ਕਰਦੀ ਹੈ ਜੋ ਮਨੁੱਖੀ ਗਿਆਨ ਇੰਦਰੀਆਂ ਦੀ ਪਹੁੰਚ ਤੋਂ ਪਰ੍ਹੇ ਸਦੀਵੀਂ ਸੱਚ ਦੇ ਸਿਧਾਂਤ ਉੱਪਰ ਸਿਰਜੀ ਗਈ ਹੈ ਅਤੇ ਲੋਕ ਛੰਦ, ਲੋਕ ਕਾਵਿ ਰੂਪ, ਲੋਕ ਬੋਲੀ ਅਤੇ ਲੋਕ ਮੁਹਾਵਰੇ ਵਿੱਚ ਲਿਖੀ ਗਈ ਇਸ ਬਾਣੀ ਨੂੰ ਸਮਝਣ ਲਈ ਅਨੁਭਵ ਪ੍ਰਕਾਸ਼ ਹੋਣਾ ਵੀ ਜ਼ਰੂਰੀ ਹੈ।

ਅਕਾਦਮਿਕ ਪੱਧਰ ਉੱਤੇ ਅਧਿਆਪਨ ਕਰਦੇ ਹੋਏ ਇਹ ਮਹਿਸੂਸ ਕੀਤਾ ਗਿਆ ਹੈ ਕਿ ਗੁਰਬਾਣੀ ਉੱਪਰ ਨਾਂ ਤਾਂ ਭਾਰਤੀ ਕਾਵਿ ਸ਼ਾਸਤਰ ਦੇ ਨੇਮ ਲਾਗੂ ਹੁੰਦੇ ਹਨ ਤੇ ਨਾ ਹੀ ਪੱਛਮੀ ਕਾਵਿ ਸ਼ਾਸਤਰ ਦੇ।ਭਾਵੇਂ ਕਾਵਿਕ ਪੱਧਰ ਤੇ ਗੁਰਬਾਣੀ ਦਾ ਕਾਵਿ ਸ਼ਾਸਤਰੀ ਅਤੇ ਲੋਕਧਾਰਾਈ ਵਿਸ਼ਲੇਸ਼ਣ ਅਜੇ ਨਿੱਠ ਕੇ ਨਹੀਂ ਹੋਇਆ ਪਰ ਯੂਨੀਵਰਸਿਟੀ ਵਿਦਵਾਨਾਂ ਵੱਲੋਂ ਇਸ ਦਾ ਕਾਵਿ ਸ਼ਾਸਤਰ ਨਿਰਧਾਰਤ ਕਰਨ ਲਈ ਲਿਖੀਆਂ ਗਈਆਂ ਕੁਝ ਪੁਸਤਕਾਂ ਅਤੇ ਕੁਝ ਵਿਕੋਲਿਤਰੇ ਪਰਚੇ ਸਾਹਮਣੇ ਆਏ ਹਨ ਜਿਵੇਂ ਗੁਰਬਾਣੀ ਦਾ ਕਾਵਿ ਸ਼ਾਸਤਰ (ਕ੍ਰਿਤ ਗੁਰਦੀਪ ਸਿੰਘ ਭੰਡਾਰੀ) ਅਤੇ ਗੁਰਬਾਣੀ ਦਾ ਕਾਵਿ ਸ਼ਾਸਤਰੀ ਅਧਿਐਨ (ਕ੍ਰਿਤ ਡਾ. ਜਗਬੀਰ ਸਿੰਘ) ਆਦਿ।ਲੋਕਧਾਰਾਈ ਪਰਿਪੇਖ ਵਿੱਚ ਆਦਿ ਗ੍ਰੰਥ ਲੋਕ ਕਾਵਿ ਰੂਪ (ਕ੍ਰਿਤ

ਡਾ. ਮਹਿੰਦਰ ਕੌਰ ਗਿੱਲ) ਅਤੇ ਪੰਜਾਬੀ ਲੋਕ ਧਾਰਾ ਵਿਸ਼ਵ ਕੋਸ਼ (8 ਭਾਗ) (ਕ੍ਰਿਤ ਡਾ. ਸ. ਸ. ਵਣਜਾਰਾ ਬੇਦੀ) ਆਦਿ ਵਧੀਆ ਯਤਨ ਹਨ।[84]

ਉਪਰੋਕਤ ਤੋਂ ਇਲਾਵਾ ਗੁਰਬਾਣੀ ਵਿਆਖਿਆ ਲਈ ਕਾਵਿ ਸ਼ਾਸਤਰੀ ਪਰਿਪੇਖ ਵਿੱਚ ਹੋਰ ਅਜਿਹੇ ਗ੍ਰੰਥ ਹਨ ਜੋ ਸਹਾਇਕ ਖੋਜ ਸੰਦਾਂ ਵਜੋਂ ਵਰਤੋਂ ਵਿੱਚ ਆਉਂਦੇ ਹਨ ਜਿਵੇਂ ਤੁਕ-ਤਤਕਰੇ, ਅਨੁਕ੍ਰਮਣਿਕਾ, ਬਾਣੀ ਬਿਉਰਾ ਆਦਿ।ਸਿੱਖ ਸਾਹਿਤ ਵਿੱਚ ਗੁਰਬਾਣੀ ਵਿਆਖਿਆ ਲਈ ਸਹਾਇਕ ਹੋਰ ਪ੍ਰਮੁੱਖ ਕਾਵਿ ਸ਼ਾਸਤਰੀ ਖੋਜ ਸੰਦਾਂ ਦੀ ਰਚਨਾ ਕੀਤੀ ਗਈ ਹੈ ਜਿਵੇਂ ਅਖਰਵਾਰ ਇੰਡੈਕਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਕ੍ਰਿਤ ਭਾਈ ਗੰਗਾ ਸਿੰਘ), ਸ੍ਰੀ ਗੁਰੂਰਤਨ ਪ੍ਰਕਾਸ਼ (ਤੁਕ-ਤਤਕਰਾ) (ਕ੍ਰਿਤ ਅਕਾਲੀ ਕੌਰ ਸਿੰਘ), ਸ੍ਰੀ ਗੁਰੂ ਗ੍ਰੰਥ ਸਾਹਿਬ ਤੁਕ-ਤਤਕਰਾ(ਕ੍ਰਿਤ ਅਮਰ ਸਿੰਘ)ਆਦਿ।ਇਨ੍ਹਾਂ ਤੋਂ ਇਲਾਵਾ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਨਾਨਕ ਪ੍ਰਕਾਸ਼ ਪਤ੍ਰਿਕਾ ਦੇ ਕੁਝ ਵਿਸ਼ੇਸ਼ ਅੰਕਾਂ ਵਿੱਚ ਵੀ ਕੁਝ ਇਕਲੋਤਰੀਆਂ ਬਾਣੀਆਂ ਦੇ ਤੁਕ-ਤਤਕਰੇ ਛਾਪੇ ਗਏ ਹਨ ਜਿਵੇ ਤੁਕ-ਤਤਕਰਾ ਬਾਣੀ ਸ੍ਰੀ ਗੁਰੂ ਅਰਜਨ ਦੇਵ ਜੀ, ਅੰਕ ਜੂਨ-ਦਿਸੰਬਰ, 1993, ਬਾਣੀ ਭਗਤ ਰਵੀਦਾਸ ਜੀ ਦੀ : ਪਾਠ, ਤੁਕ-ਤਤਕਰਾ, ਅਨੁਕ੍ਰਮਣਿਕਾ ਅਤੇ ਕੋਸ਼, ਅੰਕ ਜੂਨ 1994, ਤੁਕ-ਤਤਕਰਾ : ਬਾਣੀ ਸ੍ਰੀ ਗੁਰੂ ਅਮਰਦਾਸ ਜੀ, ਅੰਕ ਦਸੰਬਰ, 1994, ਤੁਕ-ਤਤਕਰਾ : ਬਾਣੀ ਭਗਤ ਨਾਮਦੇਵ ਜੀ, ਅੰਕ ਜੂਨ, 1995, ਬਾਣੀ ਸ੍ਰੀ ਗੁਰੂ ਰਾਮਦਾਸ ਜੀ : ਤੁਕ-ਤਤਕਰਾ, ਅੰਕ ਦਿਸੰਬਰ, 1996, ਆਦਿ ਗ੍ਰੰਥ ਸ਼ਬਦ ਅਨੁਕ੍ਰਮਣਿਕਾ (2 ਭਾਗ), 1972 ਪਹਿਲੀ ਵਾਰ, 1994 ਦੂਜੀ ਵਾਰ ਆਦਿ।

ਉਪਰੋਕਤ ਅਨੁਸਾਰ ਗੁਰਬਾਣੀ ਵਿਆਖਿਆਕਾਰੀ ਲਈ ਸਹਾਇਕ ਕੁਝ ਕੁ ਖੋਜ ਸੰਦਾਂ ਦੀ ਜਾਣਕਾਰੀ ਸਾਂਝੀ ਕੀਤੀ ਗਈ ਹੈ ਜੋ ਸਮਕਾਲੀ ਹਾਲਤਾਂ ਤੇ ਵੰਗਾਰਾਂ ਨੂੰ ਸੰਬੋਧਤ ਹੁੰਦੇ ਰਹੇ ਹਨ ਅਤੇ ਹੁੰਦੇ ਰਹਿਣਗੇ।ਗੁਰਬਾਣੀ ਅਗਾਧ ਬੋਧ ਹੈ ਇਸ ਦੀ ਪ੍ਰਸੰਗਿਕਤਾ ਸਰਬਕਾਲੀ ਤੇ ਸਰਬਦੇਸੀ ਹੈ।ਇਹ ਸਾਡੀ ਵਿਰਾਸਤ ਵੀ ਹੈ ਤੇ ਭਵਿੱਖ ਦੀ ਪ੍ਰੇਰਣਾ ਸਰੋਤ ਵੀ।ਇਸ ਦੀ ਵਿਆਖਿਆ ਕਰਨਾ ਇੱਕ ਨਿਰੰਤਰ ਪ੍ਰਕਿਰਿਆ ਹੈ।ਸਮੇਂ ਦੇ ਬਦਲਦੇ ਪਰਿਪੇਖ ਵਿੱਚ ਹੋਰ ਨਵੀਆਂ ਵਿਆਖਿਆ-ਵਿਧੀਆਂ ਦੇ ਸਾਹਮਣੇ ਆਉਣ ਦੀਆਂ ਪੂਰੀਆਂ ਸੰਭਾਵਨਾਵਾਂ ਹਨ।ਕਿਉਂਕਿ ਅਜੇ ਕਈ ਹੋਰ ਦ੍ਰਿਸ਼ਟੀਕੋਣਾਂ, ਜਿਵੇਂ ਕਿ ਸਮਾਜ-ਸ਼ਾਸਤਰੀ, ਮਨੋ ਵਿਗਿਆਨਕ, ਭਾਸ਼ਾਵਿਗਿਆਨਿਕ, ਲੋਕਧਾਰਾਈ ਆਦਿ ਤੋਂ ਜਿੱਥੇ ਗੁਰਬਾਣੀ ਦੇ ਚਿੰਨ੍ਹਾਂ,

ਪ੍ਰਤੀਕਾਂ, ਅਲੰਕਾਰਾਂ ਤੇ ਮੁਹਾਵਰਿਆਂ ਨੂੰ ਸਮਝਣ ਦੀ ਲੋੜ ਹੈ ਉੱਥੇ ਹੋਰ ਖੋਜ ਸੰਦ ਵੀ ਖੋਜਣ ਦੀ ਲੋੜ ਹੈ।

## 4.5 ਤੱਤ ਸਾਰ:

ਚੌਥੇ ਅਧਿਆਇ 'ਗੁਰਬਾਣੀ ਦੀਆਂ ਵਿਆਖਿਆ-ਪ੍ਰਣਾਲੀਆਂ, ਸਿਧਾਂਤ ਤੇ ਖੋਜ ਸੰਦ' ਦੇ ਤੱਤ ਸਾਰ ਵਜੋਂ ਸਪਸ਼ਟ ਹੁੰਦਾ ਹੈ ਕਿ ਇਹ ਅਧਿਆਇ ਇਸ ਖੋਜ ਪ੍ਰਬੰਧ ਨੂੰ ਇੱਕ ਵਿਸ਼ੇਸ਼ ਸਿਧਾਂਤਕ ਆਧਾਰ ਪ੍ਰਦਾਨ ਕਰਦਾ ਹੈ ਜਿਸ ਵਿੱਚੋਂ ਗੁਰਬਾਣੀ ਵਿਆਖਿਆ ਸੰਬੰਧੀ ਹੁਣ ਤੱਕ ਹੋ ਚੁੱਕੀਆਂ ਪਰੰਪਰਾਗਤ ਪ੍ਰਣਾਲੀਆਂ, ਵਿਆਖਿਆਕਾਰ, ਵਿਆਖਿਆਕਾਰੀ ਦੇ ਲੱਛਣਾਂ ਅਤੇ ਪ੍ਰਵਿਰਤੀਆਂ ਦਾ ਉਚਿਤ ਵੇਰਵਾ ਮਿਲਦਾ ਹੈ।ਇਨ੍ਹਾਂ ਵਿਆਖਿਆ ਪ੍ਰਣਾਲੀਆਂ ਦਾ ਸੰਖੇਪ ਵਿੱਚ ਮੁਲਾਂਕਣ ਕਰਦੇ ਹੋਏ ਕਿਹਾ ਜਾ ਸਕਦਾ ਹੈ ਕਿ ਗੁਰਬਾਣੀ ਵਿਆਖਿਆ ਦੀ ਸਹਿਜ ਪ੍ਰਣਾਲੀ ਜੋ ਕਿ ਬਾਣੀ ਵਿੱਚ ਹੀ ਬਾਣੀਕਾਰਾਂ ਵੱਲੋਂ ਸਿਧਾਂਤਾਂ ਨੂੰ ਸਪਸ਼ਟ ਕਰਨ ਅਤੇ ਦ੍ਰਿੜ ਕਰਵਾਉਣ ਦੇ ਮੰਤਵ ਨਾਲ ਕੀਤੀ ਗਈ ਹੈ, ਬਾਣੀ ਦੀ ਰਚਨਾ ਦੇ ਦੌਰਾਨ ਹੀ ਆਰੰਭ ਹੋ ਗਈ ਸੀ।ਭਾਈ ਗੁਰਦਾਸ ਨੇ ਬਾਣੀ ਵਿਚਲੇ ਸਿਧਾਂਤਾਂ ਨੂੰ ਆਪਣੀਆਂ 40 ਵਾਰਾਂ, 675 ਕਬਿੱਤ ਸਵੱਈਆਂ ਅਤੇ 6 ਸੰਸਕ੍ਰਿਤ ਸਲੋਕਾਂ ਵਿੱਚ ਅਰਥਾਂ ਦੀ ਕੁੰਜੀ ਦੇ ਰੂਪ ਵਿੱਚ ਸਥਾਪਿਤ ਕੀਤਾ।ਸੋਢੀ ਮਿਹਰਬਾਨ ਅਤੇ ਉਨ੍ਹਾਂ ਦੇ ਪੁੱਤਰਾਂ ਹਰਿ ਜੀ ਅਤੇ ਚਤੁਰਭੁਜ ਨੇ ਲਗਭਗ ਸਾਰੀ ਨਾਨਕ-ਬਾਣੀ ਦੇ ਪਰਮਾਰਥ ਰਚ ਕੇ ਗੁਰ ਇਤਿਹਾਸ ਦੇ ਪ੍ਰਸੰਗਾਂ ਸਹਿਤ ਬਾਣੀ ਦੀ ਵਿਆਖਿਆ ਕੀਤੀ, ਮਗਰੋਂ ਉਦਾਸੀਆਂ ਦੀਆਂ ਲਿਖਤਾਂ ਵੀ ਪ੍ਰਾਪਤ ਹੋਈਆਂ ਜਿਸ ਵਿੱਚ ਸਾਧੂ ਅਨੰਦਘਨ, ਸੁਆਮੀ ਸਦਾ ਨੰਦ ਅਤੇ ਬਿਸ਼ਨਦਾਸ ਉਦਾਸੀ ਆਦਿ ਨੇ ਗੁਰਬਾਣੀ ਵਿਆਖਿਆ ਵੇਦ, ਸ਼ਾਸਤ੍ਰਾਂ ਅਤੇ ਪੌਰਾਣਿਕ ਹਵਾਲੇ ਦੇ ਕੇ ਕੀਤੀ ਹੈ।ਬਾਬਾ ਸ੍ਰੀ ਚੰਦ, ਬਾਬਾ ਗੁਰਦਿੱਤਾ ਜੀ, ਬਾਬਾ ਬਾਲੂ ਹਸਨਾ ਆਦਿ ਦੇ ਨਾਮ ਹੇਠ ਕੁਝ ਮਾਤ੍ਰੇ ਪ੍ਰਾਪਤ ਹੋਏ ਹਨ, ਇਨ੍ਹਾਂ ਦੀ ਗਿਣਤੀ 24 ਤੱਕ ਦੱਸੀ ਜਾਂਦੀ ਹੈ।ਇਹ ਮਾਤ੍ਰੇ ਪ੍ਰਾਚੀਨ ਹੱਥ ਲਿਖਤਾਂ ਵਿੱਚੋਂ ਪ੍ਰਾਪਤ ਕੀਤੇ ਗਏ ਹਨ ਅਤੇ ਇਨ੍ਹਾਂ ਦੀ ਪ੍ਰਮਾਣਿਕਤਾ ਬਾਰੇ ਕੁਝ ਕਹਿਣਾ ਔਖਾ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਨਿਰਮਲਾ ਅਤੇ ਗਿਆਨੀ ਸੰਪ੍ਰਦਾਇ ਦਾ ਮੁੱਢ ਬੰਨ੍ਹਿਆ।ਨਿਰਮਲਿਆਂ ਨੇ ਗੁਰਬਾਣੀ ਦੀ ਸਿਧਾਂਤਕ ਵਿਆਖਿਆ ਦਾ ਵਿਸ਼ਾਲ ਸਿੱਖ ਸਾਹਿਤ ਰਚਿਆ ਪਰ ਇਸ ਵਿੱਚ ਗੁਰਬਾਣੀ ਵੇਦਾਂਤਕ ਰੰਗਣ ਵਿੱਚ ਦਿਖਾਈ ਦੇਣ ਲੱਗੀ ਦੂਜੇ ਪਾਸੇ ਭਾਈ ਮਨੀ ਸਿੰਘ ਦੀ ਸੰਪ੍ਰਦਾਇਕ ਟਕਸਾਲ ਅਤੇ ਬਾਬਾ ਦੀਪ ਸਿੰਘ ਜੀ ਦੀ ਦਮਦਮੀ

ਟਕਸਾਲ ਗੁਰਬਾਣੀ ਦੀ ਬਹੁ ਅਰਥੀ ਕਥਾ ਵਿਆਖਿਆ ਕਰਨ ਦੇ ਨਾਲ ਨਾਲ ਵਿਦਿਆਰਥੀਆਂ ਨੂੰ ਸੰਥਯਾ ਦੇਣ ਦੇ ਵੀ ਕਾਰਜ ਕਰਦੀਆਂ ਸਨ ਜੋ ਅੱਜ ਤੱਕ ਵੀ ਜ਼ਾਰੀ ਹਨ।ਅੰਗਰੇਜ਼ਾਂ ਦੇ ਇਸਾਈ ਪ੍ਰਚਾਰ ਤੋਂ ਹੋਣ ਵਾਲੇ ਸਿੱਖੀ ਦੇ ਘਾਣ ਤੋਂ ਚੇਤੰਨ ਹੋ ਕੇ ਭਾਈ ਵੀਰ ਸਿੰਘ, ਭਾਈ ਕਾਨ੍ਹ ਸਿੰਘ ਨਾਭਾ, ਪ੍ਰੋ. ਸਾਹਿਬ ਸਿੰਘ ਅਤੇ ਪ੍ਰਿੰ. ਤੇਜਾ ਸਿੰਘ ਆਦਿ ਨੇ ਪੁਰਾਤਨ ਸਿੱਖ ਸਾਹਿਤ ਨੂੰ ਪੜਚੋਲ ਕੇ ਮੁੜ ਸਮਕਾਲੀਨ ਪਰਿਪੇਖ ਵਿੱਚ ਗੁਰਬਾਣੀ ਦੀ ਵਿਆਖਿਆ ਕੀਤੀ ਜਿਸ ਨੂੰ ਸਿੰਘ ਸਭਾਈ ਪ੍ਰਣਾਲੀ ਦੇ ਨਾਂ ਨਾਲ ਜਾਣਿਆ ਗਿਆ।ਸਿੰਘ ਸਭਾਈ ਪ੍ਰਣਾਲੀ ਦੀ ਨਿਰੰਤਰਤਾ ਵਿੱਚ ਹੀ ਆਧੁਨਿਕ ਪ੍ਰਣਾਲੀ ਦਾ ਵਿਕਾਸ ਹੋਇਆ ਕਿਉਂਕਿ ਸਿੱਖ ਵਿਦਵਾਨਾਂ ਨੇ ਪੁਰਾਤਨ ਸਾਹਿਤ ਦੀ ਆਲੋਚਨਾ ਤੋਂ ਬਾਅਦ ਪੱਛਮੀ ਵਿੱਦਿਆ ਦੇ ਚਾਨਣ ਵਿੱਚ ਵਿਆਕਰਣਕ ਅਤੇ ਸਿਧਾਂਤਕ ਵਿਆਖਿਆ ਕੀਤੀ।ਵੱਖ-ਵੱਖ ਦ੍ਰਿਸ਼ਟੀਕੋਣਾਂ ਜਿਵੇਂ ਕਿ ਇਤਿਹਾਸਕ, ਦਾਰਸ਼ਨਿਕ, ਸੱਭਿਆਚਾਰਕ, ਵਿਗਿਆਨਕ ਅਤੇ ਮਨੋਵਿਗਿਆਨਕ ਆਦਿ ਤੋਂ ਗੁਰਬਾਣੀ ਦੀ ਸਿਧਾਂਤਕਾਰੀ ਕਰਨਾ ਆਧੁਨਿਕ ਵਿਗਿਆਨਕ ਪ੍ਰਣਾਲੀ ਦਾ ਪ੍ਰਮੁੱਖ ਰੁਝਾਨ ਸੀ ਜੋ ਕਿ ਵੀਹਵੀਂ ਸਦੀ ਦੇ ਪਹਿਲੇ ਅੱਧ ਤੱਕ ਸਿੱਖ ਜਗਤ ਵਿੱਚ ਪ੍ਰਭਾਵਸ਼ਾਲੀ ਰਿਹਾ।

ਅਜੋਕੇ ਆਧੁਨਿਕ ਯੁੱਗ ਤੋਂ ਬਾਅਦ ਉੱਤਰ ਆਧੁਨਿਕ ਯੁੱਗ ਦਾ ਵਿਸ਼ੇਸ਼ ਝੁਕਾਅ ਸਿਧਾਂਤੀਕਰਨ ਦੇ ਵਿਸ਼ਵਵਿਆਪੀ ਸਰੋਕਾਰਾਂ ਵੱਲ ਹੈ।ਵੱਖ-ਵੱਖ ਪੱਧਰਾਂ ਉੱਤੇ ਹੋਈ ਵਿਆਖਿਆਕਾਰੀ ਦੇ ਆਧਾਰ ਉੱਤੇ ਪ੍ਰਮੁੱਖ ਨੇਮਾਂ ਜਾਂ ਸਿਧਾਂਤਾਂ ਦੀ ਘਾੜਤ ਕਰਕੇ ਵਿਆਖਿਆਕਾਰੀ ਦਾ ਇੱਕ ਸੁਤੰਤਰ ਅਨੁਸ਼ਾਸਨ ਸਥਾਪਤ ਕਰਨ ਵੱਲ ਕਦਮ ਵਧਾਏ ਜਾ ਰਹੇ ਹਨ।ਸੋ ਇਸ ਅਧਿਆਇ ਵਿੱਚ ਜਿੱਥੇ ਗੁਰਬਾਣੀ ਵਿਆਖਿਆਕਾਰੀ ਦੇ ਪ੍ਰਮੁੱਖ ਸਿਧਾਂਤਾਂ ਦੀ ਨਿਸ਼ਾਨਦੇਹੀ ਕਰਕੇ ਵਿਆਖਿਆਕਾਰੀ ਲਈ ਯੋਗ ਸਿਧਾਂਤਾਂ ਦਾ ਬਿਉਰਾ ਉਲੀਕਿਆ ਗਿਆ ਹੈ ਉੱਥੇ ਉੱਤਰ ਆਧੁਨਿਕ ਯੁੱਗ ਦੀਆਂ ਵਿਸ਼ੇਸ਼ ਪ੍ਰਵਿਰਤੀਆਂ ਦੀ ਦ੍ਰਿਸ਼ਟੀ ਵਿੱਚ ਵਿਸ਼ਵ ਪੱਧਰ ਉੱਤੇ ਗੁਰਬਾਣੀ ਵਿਆਖਿਆਕਾਰੀ ਨੂੰ ਵਾਚਣ ਦੇ ਯਤਨ ਕੀਤੇ ਗਏ ਹਨ।

ਗੁਰਬਾਣੀ ਵਿਆਖਿਆ ਵਿੱਚ ਜਿਹੜੇ ਵਿਭਿੰਨ ਖੋਜ ਸੰਦ ਜਿਵੇਂ ਕੋਸ਼, ਹਵਾਲਾ ਗ੍ਰੰਥ, ਸਟੀਕ, ਪਰਿਆਇ ਕੋਸ਼, ਬਾਣੀ-ਬਿਓਰੇ, ਤੁੱਕ-ਤਤਕਰੇ ਅਤੇ ਅਨੁਕ੍ਰਮਣਿਕਾਵਾਂ ਆਦਿ ਸਹਾਈ ਹੁੰਦੇ ਹਨ, ਉਨ੍ਹਾਂ ਦੀ ਭਰਪੂਰ ਜਾਣਕਾਰੀ ਇੱਥੇ ਸਾਂਝੀ ਕੀਤੀ ਗਈ ਹੈ ਜੋ ਕਿ ਗੁਰਬਾਣੀ ਵਿਆਖਿਆ ਦੀ ਸਹੀ ਸੇਧ, ਦਿਸ਼ਾ ਨਿਰਦੇਸ਼ ਅਤੇ ਪਹੁੰਚ ਵਿਧੀ ਨੂੰ ਉਜਾਗਰ

ਕਰਦੇ ਹਨ ਅਤੇ ਨਾਲ ਹੀ ਇਸ ਖੇਤਰ ਦੀ ਉਪਲਬਧੀ, ਸਥਿਤੀ ਤੇ ਸੰਭਾਵਨਾਵਾਂ ਤੋਂ ਵੀ ਜਾਣੂੰ ਕਰਵਾਉਂਦੇ ਹਨ।

ਗੁਰਬਾਣੀ ਵਿਆਖਿਆ ਦੇ ਸਿਧਾਂਤਾਂ ਸੰਬੰਧੀ ਉਪਰੋਕਤ ਚਰਚਾ ਦੇ ਸਾਰ ਵਜੋਂ ਕਿਹਾ ਜਾ ਸਕਦਾ ਹੈ ਕਿ ਸਮੇਂ, ਸਥਾਨ, ਪ੍ਰਸਥਿਤੀਆਂ, ਵਿਅਕਤੀ ਅਤੇ ਇਤਿਹਾਸਕ ਪ੍ਰਸੰਗ ਅਨੁਸਾਰ ਹਰ ਕਾਲ ਵਿੱਚ ਵਿਆਖਿਆ ਆਪਣਾ ਰੂਪ ਪਰਿਵਰਤਿਤ ਕਰਦੀ ਰਹਿੰਦੀ ਹੈ ਪ੍ਰੰਤੂ ਮੂਲ ਪਾਠ ਜਾਂ ਬੀਜ ਰੂਪ ਗੁਰਬਾਣੀ ਬਿਨਾਂ ਕਿਸੇ ਪਰਿਵਰਤਨ ਦੇ ਸਦਾ ਆਪਣੇ ਮੁਢਲੇ ਜਾਂ ਮੌਲਿਕ ਰੂਪ ਵਿੱਚ ਹੀ ਕਾਇਮ ਰਹਿੰਦੀ ਹੈ।ਹਾਲਾਂਕਿ ਵਿਆਖਿਆਕਾਰੀ ਦੁਆਰਾ ਮੂਲ ਭਾਵ ਨੂੰ ਸਰਲ ਤੇ ਸਪਸ਼ਟ ਕਰਕੇ ਜੋ ਸਿਧਾਂਤ ਨਿਰਣੈ ਗੁਰਬਾਣੀ ਅਧਿਐਨ ਦੇ ਆਧਾਰ ਉੱਤੇ ਕੀਤੇ ਜਾ ਚੁੱਕੇ ਹਨ ਉਹ ਬਦਲੇ ਤਾਂ ਨਹੀਂ ਜਾ ਸਕਦੇ, ਪਰ ਨਵੀਆਂ ਪ੍ਰਸਥਿਤੀਆਂ, ਸਮੱਸਿਆਵਾਂ ਅਤੇ ਸਮਝ ਅਨੁਸਾਰ ਹੋਰ ਨਵੇਂ ਸਿਧਾਂਤ ਇਸ ਲੜੀ ਵਿੱਚ ਸ਼ਾਮਿਲ ਹੋ ਸਕਦੇ ਹਨ।ਗੁਰਬਾਣੀ ਦਾ ਹੋਰ ਗਹਿਰਾ ਅਤੇ ਵਿਸ਼ਾਲ ਅਧਿਐਨ, ਅਧਿਆਪਨ, ਖੋਜ ਅਤੇ ਵਿਆਖਿਆ ਕਾਰਜ ਇਸ ਸਿਧਾਂਤਕਾਰੀ ਨੂੰ ਵਿਧੀਬੱਧ ਸੇਧ ਦੇ ਕੇ ਚਿਰ-ਟਿਕਾਊ ਤੇ ਸੰਤੋਖਜਨਕ ਬਣਾ ਸਕਦਾ ਹੈ।

## ਹਵਾਲੇ ਤੇ ਪੈਰ੍ਹ-ਟਿੱਪਣੀਆਂ

1. The cultural Heritage of India, (Ed. By Suniti kumar Chatterji), The Ramakrishna Mission, Calcutta, 1958, Vol. I, p. 312.
2. ਡਾ. ਹਰਪਾਲ ਸਿੰਘ, ਜਪੁ ਜੀ ਦੇ ਟੀਕੇ ਅਤੇ ਵਿਆਖਿਆਵਾਂ:ਸਮੀਖਿਆਤਮਕ ਅਧਿਐਨ (1974 ਤੋਂ 2000 ਤੱਕ), ਪੰਨਾ 57-61.
3. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 334.
4. ਉਹੀ, ਪੰਨਾ 7.
5. ਉਹੀ, ਪੰਨਾ 887.
6. ਉਹੀ, ਪੰਨਾ 1384.
7. ਉਹੀ, ਪੰਨਾ 1384.
8. ਡਾ. ਤਾਰਨ ਸਿੰਘ, ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ, ਭੂਮਿਕਾ, ਪੰਨਾ 1.
9. ਡਾ. ਪਿਆਰ ਸਿੰਘ, ਟੀਕਾਕਾਰੀ; ਸਿਧਾਂਤਕ ਵਿਸ਼ਲੇਸ਼ਣ, ਅਮਰਜੀਤ ਸਿੰਘ (ਸੰਪਾ.), ਟੀਕਾਕਾਰੀ, ਇਤਿਹਾਸਕਾਰੀ ਤੇ ਪੱਤਰਕਾਰੀ - ਕੁਝ ਦ੍ਰਿਸ਼ਟੀਕੋਣ, ਪੰਨਾ 97.
10. ਡਾ. ਤਾਰਨ ਸਿੰਘ, ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ, ਪੰਨਾ 36.
11. ਡਾ. ਤਾਰਨ ਸਿੰਘ, ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਟੀਕਾਕਾਰੀ, ਨਾਨਕ ਪ੍ਰਕਾਸ਼ ਪਤ੍ਰਿਕਾ, ਦਸੰਬਰ 1976, ਪੰਨਾ 22.
12. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 930.
13. ਉਹੀ, ਪੰਨਾ 462.
14. ਉਹੀ, ਪੰਨਾ 462.
15. ਉਹੀ, ਵਾਰ ਮਲਾਰ ਮਹਲਾ ੧, ਪਉੜੀ ੨, ਪੰਨਾ 1279.
16. ਉਹੀ, ਪਉੜੀ ੪, ਪੰਨਾ 1280.
17. ਉਹੀ, ਪਉੜੀ ੫, ਪੰਨਾ 1280.
18. ਉਹੀ, ਜਪੁਜੀ, ਪੰਨਾ 2.
19. ਉਹੀ, ਸੁਖਮਨੀ, ਪੰਨਾ 275.
20. ਡਾ. ਤਾਰਨ ਸਿੰਘ, ਸਿੱਖ, ਸਿੱਖੀ ਅਤੇ ਸਿਧਾਂਤ, ਪੰਨਾ 226.

21. ਲਿਟਰੇਰੀ ਸਬ-ਕਮੇਟੀ, ਸਿੱਖ ਮਿਸ਼ਨਰੀ ਕਾਲਜ, ਲੁਧਿਆਣਾ, ਭਾਈ ਗੁਰਦਾਸ ਜੀ, ਪ੍ਰਕਾਸ਼ਕ;ਸਿੱਖ ਮਿਸ਼ਨਰੀ ਕਾਲਜ ਲੁਧਿਆਣਾ,ਪੰਨਾ 12 ਅਨੁਸਾਰ 'ਗੁਰ ਪ੍ਰਤਾਪ ਸੂਰਜ' ਗ੍ਰੰਥ ਦੀ ਸੱਤਵੀਂ ਰਾਸ ਦੇ ਚੌਥੇ ਅੰਸ਼ ਵਿੱਚ 6 ਸੰਸਕ੍ਰਿਤ ਸਲੋਕਾਂ ਨੂੰ ਵੀ ਭਾਈ ਸਾਹਿਬ ਦੀ ਕ੍ਰਿਤ ਮੰਨਿਆ ਹੈ।
22. ਵਾਰਾਂ ਭਾਈ ਗੁਰਦਾਸ, ਵਾਰ 3, ਪਉੜੀ 15.
23. ਉਹੀ, ਵਾਰ 1, ਪਉੜੀ 1.
24. ਉਹੀ, ਵਾਰ 5, ਪਉੜੀ 1.
25. ਉਹੀ, ਵਾਰ 1, ਪਉੜੀ 35.
26. ਉਹੀ, ਵਾਰ 10, ਪਉੜੀ 1.
27. ਡਾ. ਤਾਰਨ ਸਿੰਘ, ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ, ਪੰਨਾ 54.
28. ਭਾਈ ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦੂਜਾ ਐਡੀਸ਼ਨ, ਪੰਨਾ 560.
29. ਵਾਰਾਂ ਭਾਈ ਗੁਰਦਾਸ, ਵਾਰ 36, ਪਉੜੀ 5.
30. ਡਾ. ਤਾਰਨ ਸਿੰਘ, ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ, ਪੰਨਾ 70.
31. ਉਹੀ
32. ਭਾਈ ਕਾਨ੍ਹ ਸਿੰਘ ਨਾਭਾ, ਗੁਰਮਤਿ ਮਾਰਤੰਡ, ਪੰਨਾ 6.
33. ਸ੍ਰੋਤ ਮੁਨਿ ਚਰਿਤਾਮ੍ਰਿਤ, ਪੰਨਾ 78.
34. ਭਾਈ ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਗਰ ਮਹਾਨ ਕੋਸ਼, ਪੰਨਾ 29.
35. ਗਿਆਰ੍ਹਵੀਂ ਸਦੀ ਵਿੱਚ ਅਰਬੀ ਵਿਦਵਾਨ ਐਲਬਰੂਨੀ (ਦੇਹਾਂਤ 1030 ਈ.) ਨੇ ਵੀ ਇਸ 'ਮਾਤ੍ਰਿਕਾ' ਸਾਹਿਤ ਦੀ ਚਰਚਾ ਕੀਤੀ।
36. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 938.
37. ਡਾ. ਹਰਨੇਕ ਸਿੰਘ, ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਆਖਿਆ ਤੇ ਸੰਦੇਸ਼, ਪੰਨਾ 65.
38. ਡਾ. ਤਾਰਨ ਸਿੰਘ, ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ, ਪੰਨਾ 7.
39. ਪ੍ਰੀਤਮ ਸਿੰਘ (ਸੰਪਾ.), ਨਿਰਮਲ ਸੰਪ੍ਰਦਾਇ, ਗੁਰੂ ਨਾਨਕ ਅਧਿਐਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1981, ਪੰਨਾ 213.
40. ਗਿਆਨ ਸਿੰਘ ਗਿਆਨੀ, ਨਿਰਮਲ ਪੰਥ ਪ੍ਰਦੀਪਕਾ, ਪੰਨਾ 16-17.

41. ਵਾਰਾਂ ਭਾਈ ਗੁਰਦਾਸ, ਵਾਰ 1, ਪਉੜੀ 45.
42. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1409.
43. ਉਹੀ, ਪੰਨਾ 297.
44. ਉਹੀ, ਪੰਨਾ 27.
45. ਪੰਡਤ ਤਾਰਾ ਸਿੰਘ ਨਰੋਤਮ, ਜਪੁ ਟੀਕਾ, ਪੰਨਾ 16.
46. ਡਾ. ਤਾਰਨ ਸਿੰਘ, ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ, ਪੰਨਾ 12.
47. ਡਾ. ਹਰਨੇਕ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਆਖਿਆ ਤੇ ਸੰਦੇਸ਼, ਪੰਨਾ 69.
48. ਡਾ. ਤਾਰਨ ਸਿੰਘ, ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ, ਪੰਨਾ 193.
49. ਉਹੀ, ਪੰਨਾ 193.
50. ਉਹੀ, ਪੰਨਾ 198.
51. ਉਹੀ, ਪੰਨਾ 206.
52. ਉਹੀ, ਪੰਨਾ 276-77.
53. ਉਹੀ, ਪੰਨਾ 13.
54. ਡਾ. ਬਲਕਾਰ ਸਿੰਘ (ਪ੍ਰੋ.), ਸ਼ਬਦ-ਗੁਰੂ ਦਾ ਸਿੱਖ-ਸਿਧਾਂਤ, ਪੰਨਾ (Xiv), ਭੂਮਿਕਾ।
55. ਡਾ. ਤਾਰਨ ਸਿੰਘ, ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ, ਪੰਨਾ 294.
56. ਭਾਈ ਵੀਰ ਸਿੰਘ ਦੁਆਰਾ ਲਿਖਿਆ ਪ੍ਰਮੁੱਖ ਸਿੱਖ-ਸਾਹਿਤ:-ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ, 7 ਭਾਗ, ਅਪੂਰਣ, 1958-62, ਗੁਰੂ ਗ੍ਰੰਥ ਕੋਸ਼, ਪੰਜ ਗ੍ਰੰਥੀ ਸਟੀਕ, ਵਾਰਾਂ ਭਾਈ ਗਰੁਦਾਸ ਸਟੀਕ (ਸੰਪਾਦਿਤ), ਸਿੱਖਾਂ ਦੀ ਭਗਤ ਮਾਲਾ (ਸੰਪਾਦਿਤ), ਸ੍ਰੀ ਗੁਰੂ ਨਾਨਕ ਚਮਤਕਾਰ, ਸ੍ਰੀ ਕਲਗੀਧਰ ਚਮਤਕਕਾਰ, ਅਸ਼ਟ ਗੁਰ ਚਮਤਕਾਰ, ਪ੍ਰਾਚੀਨ ਪੰਥ ਪ੍ਰਕਾਸ਼ (ਸੰਪਾਦਿਤ), ਸਾਖੀ ਪੋਥੀ (ਸੰਪਾਦਿਤ), ਪੁਰਾਤਨ ਜਨਮ ਸਾਖੀ (ਸੰਪਾਦਿਤ), ਸੰਤ ਗਾਥਾ, ਗੁਰ ਬਾਲਮ ਸਾਖੀਆਂ, ਸੀ ਗੁਰ ਪ੍ਰਤਾਪ ਸੂਰਜ ਗ੍ਰੰਥ (ਸੰਪਾਦਿਤ), ਰਾਣਾ ਸੂਰਤ ਸਿੰਘ ਆਦਿ।
57. ਪ੍ਰੋ. ਸਾਹਿਬ ਸਿੰਘ ਦੁਆਰਾ ਲਿਖਿਆ ਪ੍ਰਮੁਖ ਸਿੱਖ-ਸਾਹਿਤ:-ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (10 ਭਾਗ) 1962 ਤੋਂ 1964 ਤੱਕ, ਸਵਈਏ ਸ੍ਰੀ ਮੁਖਵਾਕ ਮਹਲਾ ੫ ਅਤੇ ਭੱਟਾਂ ਦੇ ਸਵਈਏ, 1930, ਸਦ ਸਟੀਕ, 1935, ਸੁਖਮਨੀ ਸਾਹਿਬ ਸਟੀਕ,

1939, ਗੁਰਬਾਣੀ ਵਿਆਕਰਨ, 1939, ਸਲੋਕ ਫਰੀਦ ਜੀ ਸਟੀਕ, 1946, ਦਸ ਵਾਰਾਂ ਸਟੀਕ, 1946, ਸਲੋਕ ਗੁਰੂ ਅਗੰਦ ਜੀ ਸਟੀਕ, 1948 ਆਦਿ।

58. ਉਹੀ, ਪੰਨਾ 13.
59. ਅਫਸੋਸ ਦੀ ਗੱਲ ਹੈ ਕਿ ਭਾਈ ਵੀਰ ਸਿੰਘ ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਸੋਰਠਿ ਤੱਕ ਹੀ ਲਿਖ ਸਕੇ ਸੀ ਅਤੇ ਉਨ੍ਹਾਂ ਦਾ ਅਕਾਲ ਚਲਾਣਾ ਹੋ ਗਿਆ ਸੀ।
60. ਡਾ. ਤਾਰਨ ਸਿੰਘ, ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ, ਪੰਨਾ 299.
61. ਉਹੀ, ਪੰਨਾ 17.
62. ਉਹੀ, ਪੰਨਾ 434.
63. ਉਹੀ, ਪੰਨਾ 438.
64. ਡਾ. ਰਾਜਿੰਦਰ ਪਾਲ ਸਿੰਘ, ਉਤਰ ਆਧੁਨਿਕਤਾ, ਪੰਨਾ 3.
65. ਡਾ. ਗੁਰਮੀਤ ਸਿੰਘ ਸਿੱਧੂ, ਧਰਮ ਆਧੁਨਿਕ ਅਤੇ ਉੱਤਰ ਆਧੁਨਿਕ ਸਿਧਾਂਤ, ਪੰਨਾ 202.
66. ਡਾ. ਰਾਜਿੰਦਰਪਾਲ ਸਿੰਘ, ਉੱਤਰ ਆਧੁਨਿਕਤਾ, ਪੰਨਾ 11.
67. ਉਹੀ, ਪੰਨਾ 41.
68. ਡਾ. ਗੁਰਭਗਤ ਸਿੰਘ, ਉੱਤਰਆਧੁਨਿਕਵਾਦ, ਪੰਨਾ 50.
69. ਡਾ. ਗੁਰਮੀਤ ਸਿੰਘ ਸਿੱਧੂ, ਧਰਮ ਆਧੁਨਿਕ ਅਤੇ ਉੱਤਰ ਆਧੁਨਿਕ ਸਿਧਾਂਤ, ਪੰਨਾ 203-207.
70. ਡਾ. ਗੁਰਮੀਤ ਸਿੰਘ ਸਿੱਧੂ, ਸਿੱਖ ਪੰਥ ਨਵੇਂ ਯੁੱਗ ਦੇ ਸਨਮੁੱਖ, ਪੰਨਾ 8, ਮੁਢਲੇ ਸ਼ਬਦ.
71. ਡਾ. ਬਲਕਾਰ ਸਿੰਘ (ਪ੍ਰੋ.), ਸ਼ਬਦ-ਗੁਰੂ ਦਾ ਸਿੱਖ-ਸਿਧਾਂਤ, ਪੰਨਾ (Xvii), ਭੂਮਿਕਾ।
72. ਡਾ. ਗੁਰਮੇਲ ਸਿੰਘ (ਡਾ.), ਗੁਰਬਾਣੀ ਵਿਆਖਿਆਕਾਰੀ ਦੇ ਸਿਧਾਂਤ ਗੁਰਬਾਣੀ ਵਿਆਖਿਆ-ਸ਼ਾਸਤਰ ਦੀ ਸਿਰਜਣ-ਸੰਭਾਵਨਾ, ਵਿਆਖਿਆ-ਸ਼ਾਸਤਰ ਅਤੇ ਸਿੱਖ ਵਿਆਖਿਆਕਾਰੀ, (ਸੰਪਾ.) ਸਰਬਜਿੰਦਰ ਸਿੰਘ (ਡਾ.), ਪੰਨਾ 49.
73. ਡਾ. ਬਲਵੰਤ ਸਿੰਘ ਢਿੱਲੋਂ (ਸੰਪਾ.), ਗੁਰਬਾਣੀ : ਵਿਆਖਿਆ ਅਤੇ ਵਿਆਖਿਆ-ਸ਼ਾਸਤਰ, ਪੰਨਾ 31.

74. ਉਹੀ, ਪੰਨਾ 30.
75. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 487.
76. ਉਹੀ 401.
77. ਪ੍ਰੇਮ ਅਬੋਧ, 1963 ਈ.
78. ਡਾ. ਬਲਕਾਰ ਸਿੰਘ (ਡਾ.), ਗੁਰੂ ਗ੍ਰੰਥ ਸਾਹਿਬ ਦੀ ਵਿਆਖਿਆ : ਵਿਵਿਧ ਪਰਿਪੇਖ, ਪੰਨਾ 8.
79. ਡਾ. ਜਸਬੀਰ ਕੌਰ (ਸੰਪਾ.), ਸ੍ਰੀ ਗੁਰੂ ਗ੍ਰੰਥ ਸਾਹਿਬ ਵਿਭਿੰਨ ਪਰਿਪੇਖ, ਪੰਨਾ 218.
80. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1245.
81. ਡਾ. ਗੁਲਜ਼ਾਰ ਸਿੰਘ ਕੰਗ, ਗੁਰਬਾਣੀ ਵਿਆਖਿਆ-ਵਖਿਆਨ, ਪੰਨਾ 48.
82. ਡਾ. ਪਰਮਜੀਤ ਸਿੰਘ ਸਿੱਧੂ, ਕੋਸ਼ਕਾਰੀ-ਕਲਾ ਅਤੇ ਪੰਜਾਬੀ ਕੋਸ਼ਕਾਰੀ, ਪੰਨਾ 93.
83. ਜਸਵਿੰਦਰ ਕੌਰ, ਗੁਰਬਾਣੀ ਕੋਸ਼ਾਂ ਦਾ ਵਰਗੀਕਰਨ ਤੇ ਵਿਆਖਿਆ, ਐਮ. ਫਿਲ. ਖੋਜ-ਨਿਬੰਧ (ਅਪ੍ਰਕਾਸ਼ਿਤ), ਪੰਨਾ 8.
84. ਡਾ. ਗੁਲਜ਼ਾਰ ਸਿੰਘ ਕੰਗ, ਗੁਰਬਾਣੀ ਵਿਆਖਿਆ-ਵਖਿਆਨ, ਪੰਨਾ 54.

...............................

# ਅਧਿਆਇ-ਪੰਜਵਾਂ

# ਸੰਤ ਸਿੰਘ ਮਸਕੀਨ ਜੀ:

# ਜੀਵਨ, ਸ਼ਖ਼ਸੀਅਤ, ਸਮਕਾਲੀ ਪ੍ਰਸਥਿਤੀਆਂ ਅਤੇ ਰਚਨਾਵਾਂ

# ਅਧਿਆਇ-ਪੰਜਵਾਂ

# ਸੰਤ ਸਿੰਘ ਮਸਕੀਨ ਜੀ:

# ਜੀਵਨ, ਸ਼ਖ਼ਸੀਅਤ, ਸਮਕਾਲੀ ਪ੍ਰਸਥਿਤੀਆਂ ਅਤੇ ਰਚਨਾਵਾਂ

ਖੋਜ ਪ੍ਰਬੰਧ ਦੇ ਪੰਜਵੇਂ ਅਧਿਆਇ ਦਾ ਉਦੇਸ਼ ਗੁਰਬਾਣੀ ਵਿਆਖਿਆਕਾਰੀ ਦੇ ਸਿਧਾਂਤਕ ਪੱਖ ਨੂੰ ਵਿਵਹਾਰਕ ਪੱਖ ਨਾਲ ਜੋੜਨਾ ਹੈ। ਇਸੇ ਪ੍ਰਸੰਗ ਵਿੱਚ ਗੁਰਬਾਣੀ ਦੇ ਪਰਮ ਗਿਆਨ ਦੀ ਤਰਕਸ਼ੀਲ ਅਤੇ ਅਨੁਭਵੀ ਵਿਆਖਿਆ ਕਰਨ ਵਾਲੇ ਅਜੋਕੇ ਵਿਆਖਿਆਕਾਰ ਗਿਆਨੀ ਸੰਤ ਸਿੰਘ ਮਸਕੀਨ ਜੀ ਦੇ ਵਿਅਕਤੀਤਵ ਨੂੰ ਜਾਣਨ ਤੇ ਪਛਾਣਨ ਦੇ ਯਤਨ ਕੀਤੇ ਗਏ ਹਨ।

## 5.1 ਗੁਰਬਾਣੀ ਵਿਆਖਿਆਕਾਰ : ਸੰਤ ਸਿੰਘ ਮਸਕੀਨ ਜੀ

ਗੁਰਬਾਣੀ ਵਿਆਖਿਆਕਾਰ ਸੰਤ ਸਿੰਘ ਮਸਕੀਨ ਜੀ ਦਾ ਜਨਮ ਅਕਤੂਬਰ 1934 ਈ. ਨੂੰ ਸੂਬਾ ਸਰਹੱਦ ਦੇ ਜਿਲ੍ਹਾ ਬੰਨੂ (ਪਾਕਿਸਤਾਨ) ਦੀ ਤਹਿਸੀਲ ਲੱਕੀ ਮਰਵਤ ਵਿੱਚ ਇੱਕ ਬਹੁਤ ਹੀ ਸਾਧਾਰਨ ਅਤੇ ਰੱਬੀ ਪਿਆਰ ਵਾਲੇ ਸਿੱਖ ਪਰਿਵਾਰ ਵਿੱਚ ਹੋਇਆ। ਪਿਤਾ ਕਰਤਾਰ ਸਿੰਘ ਨਰੂਲਾ ਦੇ ਪਰਿਵਾਰ ਵਿੱਚ ਮਾਤਾ ਰਾਮ ਕੌਰ ਦੀ ਕੁੱਖੋਂ ਜਨਮੇ ਸੰਤ ਸਿੰਘ ਨੂੰ ਬਚਪਨ ਤੋਂ ਹੀ ਗੁਰਬਾਣੀ-ਨਿਤਨੇਮ, ਖੇਡਾਂ ਅਤੇ ਪੜ੍ਹਾਈ ਦੇ ਨਾਲ ਨਾਲ ਕਵਿਤਾਵਾਂ ਅਤੇ ਰੁਬਾਈਆਂ ਲਿਖਣ ਦਾ ਵੀ ਬਹੁਤ ਸ਼ੌਕ ਸੀ। ਆਰੰਭ ਤੋਂ ਹੀ ਜਿੱਥੇ ਚੰਗੇ ਅਧਿਆਪਕਾਂ ਦੀ ਸਰਪ੍ਰਸਤੀ ਅਤੇ ਪ੍ਰੇਰਨਾ ਨੇ ਉਨ੍ਹਾਂ ਦੀ ਪ੍ਰਤਿਭਾ ਨੂੰ ਹੋਰ ਤਰਾਸ਼ਿਆ, ਉੱਥੇ ਸੂਬਾ ਸਰਹੱਦ ਦੀ ਧਰਤੀ ਨੇ ਉਨ੍ਹਾਂ ਦੀ ਧਰਮ ਦੀ ਭਾਵਨਾ ਨੂੰ ਖੂਬ ਪੱਲਰਿਆ। ਇਸ ਸੰਬੰਧੀ ਉਹ ਆਪਣੀ ਜੀਵਨੀ ਵਿੱਚ ਦੱਸਦੇ ਹਨ ਕਿ ਕਿਵੇਂ ਉਨ੍ਹਾਂ ਦੀ ਜਨਮ ਭੂਮੀ ਅਤੇ ਮੁਢਲੇ ਸਮਾਜ ਨੇ ਧਰਮ ਦੀ ਭਾਵਨਾ ਨੂੰ ਉਨ੍ਹਾਂ ਅੰਦਰ ਦ੍ਰਿੜ ਕੀਤਾ:

> ਸੂਬਾ ਸਰਹੱਦ ਦੀ ਧਰਤੀ, ਧਰਮ ਦੀ ਭਾਵਨਾ ਉਸ ਦੇ ਕਣ ਕਣ ਵਿੱਚ ਸੀ। ਇਸ ਵਾਸਤੇ ਗੁਰਦੁਆਰੇ ਦੋਨੋਂ ਵਕਤ ਜਾਣਾ ਇਹ ਤੇ ਇੱਕ ਲਾਜ਼ਮੀ ਨਿਯਮ ਸੀ। ਜੋ ਧਰਮ ਸੀ ਇਸ ਸਮਾਜ ਦੇ ਵੀ ਕਣ ਕਣ ਵਿੱਚ ਸਮਾਇਆ ਹੋਇਆ ਸੀ ਜੋ

> ਬਾਲਕ ਦੋਨੋਂ ਸਮੇਂ ਗੁਰਦੁਆਰੇ ਨਹੀਂ ਜਾਂਦਾ ਸੀ ਉਸ ਨੂੰ ਸਮਾਜਿਕ ਤੌਰ ਤੇ ਵੀ ਚੰਗਾ ਨਹੀਂ ਸਮਝਦੇ ਸਨ।[1]

ਪਿੰਡ ਦੇ ਖਾਲਸਾ ਪ੍ਰਾਇਮਰੀ ਸਕੂਲ, ਜਿੱਥੇ ਪੜ੍ਹਾਈ ਦਾ ਮਾਧਿਅਮ ਅਰਬੀ-ਫਾਰਸੀ ਸੀ, ਵਿੱਚ ਮੁਢਲੀ ਵਿੱਦਿਆ ਪ੍ਰਾਪਤ ਕਰ ਕੇ ਉਨ੍ਹਾਂ ਨੇ ਬਚਪਨ ਤੋਂ ਹੀ ਅਰਬੀ-ਫਾਰਸੀ ਤੇ ਪਕੜ ਮਜਬੂਤ ਕਰ ਲਈ ਸੀ ਤੇ ਅੱਗੋਂ ਹੋਰ ਪੜ੍ਹਾਈ ਕਰਨ ਦੇ ਚਾਅ ਵਿੱਚ ਉਹ ਸਰਕਾਰੀ ਹਾਈ ਸਕੂਲ ਵਿੱਚ ਦਾਖਲ ਹੋਏ।ਬਹੁਤ ਹੀ ਉਤਸ਼ਾਹ ਅਤੇ ਉਮੰਗਾਂ ਨਾਲ ਹਰ ਖੇਤਰ ਵਿੱਚ ਉਹ ਉੱਚੀਆਂ ਪੁਲਾਘਾਂ ਭਰ ਰਹੇ ਸਨ ਪਰ 1947 ਦੇ ਬਰਬਾਦੀ ਦੇ ਮੰਜ਼ਰ ਨੇ ਉਨ੍ਹਾਂ ਦੇ ਸੁਪਨਿਆਂ ਨੂੰ ਚਕਨਾਚੂਰ ਕਰ ਦਿੱਤਾ।ਦੇਸ਼ ਦੀ ਵੰਡ ਅਤੇ ਸੰਪ੍ਰਦਾਇਕ ਖੂਨ ਖਰਾਬੇ ਕਾਰਨ ਉਨ੍ਹਾਂ ਨੂੰ ਨਾ ਚਾਹੁੰਦੇ ਹੋਏ ਵੀ ਪਰਿਵਾਰ ਸਮੇਤ ਆਪਣਾ ਪਿਆਰਾ ਘਰ ਅਤੇ ਦੇਸ਼, ਜਿਸ ਨਾਲ ਉਨ੍ਹਾਂ ਨੂੰ ਬਹੁਤ ਲਗਾਓ ਸੀ, ਛੱਡ ਕੇ ਭਾਰਤ ਆਉਣਾ ਪੈ ਗਿਆ।ਇੱਥੇ ਆ ਕੇ ਉਨ੍ਹਾਂ ਨੂੰ ਭਿਆਨਕ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ।ਦੇਸ਼ ਤੇ ਭਾਸ਼ਾ ਵੱਖਰੀ ਹੋਣ ਕਾਰਨ ਇੱਕ ਤਾਂ ਉਹ ਆਪਣਾ ਮੈਟ੍ਰਿਕ ਦਾ ਇਮਤਿਹਾਨ ਨਾ ਦੇ ਸਕੇ ਦੂਜਾ ਨਵੇਂ ਸਿਰਿਉਂ ਪੜ੍ਹਾਈ ਸ਼ੁਰੂ ਕਰਨ ਲਈ ਉਨ੍ਹਾਂ ਨੂੰ ਪਹਿਲੀ ਕਲਾਸ ਦੇ ਪੰਜ-ਪੰਜ, ਛੇ-ਛੇ ਸਾਲਾਂ ਦੇ ਬੱਚਿਆਂ ਨਾਲ ਬਿਠਾਇਆ ਗਿਆ ਜਿਸ ਲਈ ਉਨ੍ਹਾਂ ਦਾ ਮਨ ਰਾਜ਼ੀ ਨਹੀਂ ਹੋਇਆ।ਇਸ ਸਦਮੇ ਦੀ ਚੋਟ ਨੇ ਉਨ੍ਹਾਂ ਦੇ ਮਨ ਤੇ ਏਨਾ ਗਹਿਰਾ ਅਸਰ ਕੀਤਾ ਕਿ ਕਈ ਵਾਰ ਵੈਰਾਗ ਦੇ ਵਹਿਣਾਂ ਵਿੱਚ ਵਹਿ ਕੇ ਉਨ੍ਹਾਂ ਦੇ ਹੰਝੂ ਛਲਕ ਪੈਂਦੇ।ਰਾਜਸਥਾਨ ਦੇ ਅਲਵਰ ਜਿਲ੍ਹੇ ਵਿੱਚ ਪਿੰਡ ਬਹਾਦਰਪੁਰ ਵਿਖੇ ਸਰਕਾਰ ਵੱਲੋਂ ਲਗਭਗ 16 ਵਿਘੇ ਜ਼ਮੀਨ ਦੇ ਕੇ ਉਨ੍ਹਾਂ ਦੇ ਪਰਿਵਾਰ ਨੂੰ ਮੁੜ ਵਸਾਇਆ ਗਿਆ[2], ਪਰ ਬੰਜਰ ਭੂਮੀ ਅਤੇ ਸਾਧਨਾਂ ਦੀ ਕਮੀ ਕਾਰਣ ਉੱਥੇ ਪਰਿਵਾਰ ਦੇ ਗੁਜ਼ਰ-ਬਸਰ ਲਈ ਖੇਤੀ ਵੀ ਨਹੀਂ ਸੀ ਕੀਤੀ ਜਾ ਸਕਦੀ।ਅਤਿ ਦੀ ਗ਼ਰੀਬੀ ਨੇ ਦਾਮਨ ਪਕੜ ਲਿਆ।ਲਿਹਾਜ਼ਾ ਭਵਿਸ਼ ਦੀ ਚਿੰਤਾ ਕਾਰਣ ਹਰ ਵੇਲੇ ਅਗੰਮੀ ਸੋਚਾਂ ਵਿੱਚ ਡੁੱਬੇ ਰਹਿਣਾ ਹੀ ਉਨ੍ਹਾਂ ਦਾ ਰੁਝਾਨ ਰਹਿਣ ਲੱਗਾ।ਉਨ੍ਹਾਂ ਦੇ ਭਵਿਸ਼ ਨੂੰ ਲੈ ਕੇ ਮਾਂ ਬਾਪ ਹੋਰ ਜ਼ਿਆਦਾ ਚਿੰਤਿਤ ਸਨ।ਪਿਤਾ ਜੀ ਨੂੰ ਰਾਸ਼ਨ ਡਿਪੂ ਵਿੱਚ ਨੌਕਰੀ ਕਰਦਿਆਂ ਦੇਖ ਕੇ ਉਹ ਵੀ ਇੱਕ ਫੈਕਟਰੀ ਵਿੱਚ ਭਾਂਡੇ ਪੈਕ ਕਰਨ ਦੀ ਨੌਕਰੀ ਤੇ ਲੱਗ ਗਏ ਜਿਸ ਤੇ ਮਾਂ-ਬਾਪ ਦੀਆਂ ਅੱਖਾਂ ਭਰ ਆਈਆਂ, ਇਕਲੌਤਾ ਪੁੱਤਰ ਹੋਣ ਕਾਰਨ ਉਹ ਪਰਿਵਾਰ ਦੇ ਬਹੁਤ ਲਾਡਲੇ ਸਨ।ਪਰਿਵਾਰ ਵਿੱਚ ਇੱਕ ਬਹੁਤ ਹੀ ਪਿਆਰ ਕਰਨ ਵਾਲੀ ਵੱਡੀ ਭੈਣ ਸੀ ਜੋ ਉਨ੍ਹਾਂ ਤੋਂ ਦੋ ਸਾਲ ਵੱਡੀ ਸੀ ਤੇ ਇੱਕ ਛੋਟਾ ਭਰਾ

ਵੀ ਹੁੰਦਾ ਸੀ ਜੋ ਭਾਰਤ ਵੰਡ ਤੋਂ ਦੋ ਕੁ ਸਾਲ ਪਹਿਲਾਂ ਹੀ ਚੇਚਕ ਦੀ ਬਿਮਾਰੀ ਕਾਰਣ ਚਲਾਣਾ ਕਰ ਗਿਆ ਸੀ।

ਤਿੰਨ ਕੁ ਮਹੀਨੇ ਉੱਥੇ ਨੌਕਰੀ ਕਰਨ ਤੋਂ ਬਾਅਦ ਮਨ ਬੇਚੈਨ ਰਹਿਣ ਕਾਰਨ ਉਨ੍ਹਾਂ ਨੇ ਉਹ ਨੌਕਰੀ ਛੱਡ ਦਿੱਤੀ ਜਿਸ ਬਾਰੇ ਉਹ ਆਖਦੇ ਹਨ:

> ...ਇਹ ਕੰਮ ਮੈਂ ਬੇਚੈਨੀ ਨਾਲ ਕਰਦਾ ਸੀ।ਮਨ ਉੱਥੇ ਨਹੀਂ ਸੀ ਰਹਿੰਦਾ।ਹੱਥ ਕੰਮ ਕਰਦੇ ਰਹਿੰਦੇ ਸਨ, ਦਿਲ ਦੀ ਉਮੰਗ ਤੜਪਨ ਉਡਾਰੀਆਂ ਖਾਂਦੀ ਰਹਿੰਦੀ ਸੀ।ਪਿਆਸੀਆਂ ਅੱਖਾਂ ਈਸ਼ਵਰ ਅੱਗੇ ਫਰਿਆਦ ਕਰਦੀਆਂ ਸਨ।ਪ੍ਰਭੂ ਮੇਰਾ ਭਵਿਸ਼ ਕੀ ਹੋਵੇਗਾ?... ਇੱਥੇ ਮੇਰਾ ਭਵਿਸ਼ ਤਾਰੀਕ (ਅੰਧੇਰੇ) ਜਿਹਾ ਦਿਖਾਈ ਦਿੰਦਾ ਹੈ।ਬਣਨਾ ਕੀ ਚਾਹੁੰਦਾ ਹੈਂ? ਮੈਂ ਕਿਹਾ ਮੈਨੂੰ ਵੀ ਕੁਝ ਸਮਝ ਨਹੀਂ ਪਰ ਮੇਰੇ ਅੰਦਰ ਇੱਕ ਪੀੜਾ ਹੈ ਜੋ ਮੈਨੂੰ ਕਿਧਰੇ ਟਿਕਣ ਨਹੀਂ ਦਿਦੀ।[3]

ਰੀਫਊਜੀ ਬੱਚਿਆਂ ਲਈ ਜਦ ਨੌਕਰੀਆਂ ਨਿਕਲੀਆਂ ਤਾਂ ਮੈਟ੍ਰਿਕ ਪਾਸ ਨਾਂ ਹੋਣ ਕਾਰਨ ਕਲਰਕੀ ਤਾਂ ਨਹੀਂ ਮਿਲ ਸਕੀ ਪਰ ਚਪੜਾਸੀ ਦੀ ਨੌਕਰੀ ਤੇ ਰੱਖ ਲਏ ਗਏ, ਸਿਰਫ ਗੇਟ ਤੇ ਬੈਠੇ ਰਹਿਣਾ ਸੀ।ਉਹ ਆਖਦੇ ਹਨ:

> ਬੈਠਾ ਤਾਂ ਮੈਂ ਗੇਟ ਤੇ ਰਹਿੰਦਾ ਪਰ ਮਨ ਕਿਸੇ ਐਸੇ ਦੁਆਰ ਦੀ ਖੋਜ ਵਿੱਚ ਰਹਿੰਦਾ ਸੀ ਜਿੱਥੋਂ ਮੈਨੂੰ ਜੀਵਨ ਦਾ ਲਕਸ਼ ਲੱਭ ਪਵੇ।[4]

ਆਖ਼ਿਰ ਉੱਥੋਂ ਵੀ ਕੰਮ ਛੱਡ ਦਿੱਤਾ ਤੇ ਰੇਲਵੇ ਵਿੱਚ ਭਰਤੀ ਹੋ ਗਏ।ਪੰਜ ਸਾਲ ਦੀ ਟ੍ਰੇਨਿੰਗ ਸੀ ਪਰ ਪੰਜ-ਛੇ ਮਹੀਨੇ ਤੋਂ ਜ਼ਿਆਦਾ ਉਹ ਨੌਕਰੀ ਵੀ ਨਹੀਂ ਕਰ ਸਕੇ ਕਿਉਂਕਿ ਵਿਆਕੁਲ ਮਨ ਨੇ ਵਿਆਕੁਲ ਹੀ ਰੱਖਿਆ।ਪਿਤਾ ਜੀ ਦੇ ਜ਼ਰਾ ਸਖ਼ਤ ਲਹਿਜੇ ਵਿੱਚ ਕੰਮ ਕਰਨ ਲਈ ਕਹਿਣ ਕਾਰਨ ਤੇ ਅਗੰਮੀ ਸੋਚਾਂ ਵਿੱਚ ਪਏ ਆਪਣੇ ਭਾਵੁਕ ਮਨ ਦੀ ਪੀੜਾ ਕਾਰਨ ਉਹ ਛੋਟੀ ਉਮਰ ਵਿੱਚ ਹੀ ਘਰ-ਪਰਿਵਾਰ ਛੱਡ ਕੇ ਅਲਵਰ ਤੋਂ ਦਿੱਲੀ ਤੇ ਫਿਰ ਮੁੰਬਈ ਵੱਲ ਚੱਲ ਪਏ ਜਿੱਥੇ ਵੱਖ-ਵੱਖ ਗੁਰਦੁਆਰਿਆਂ ਵਿੱਚ ਰਹਿ ਕੇ ਉਨ੍ਹਾਂ ਨੇ ਸ਼੍ਰੀ ਗੁਰੂ ਗ੍ਰੰਥ ਸਾਹਿਬ

ਦੀਆਂ ਬਾਣੀਆਂ ਪੜ੍ਹੀਆਂ, ਉਨ੍ਹਾਂ ਦੇ ਅਰਥਾਂ ਦਾ ਅਭਿਆਸ ਕੀਤਾ, ਕੀਰਤਨ ਸਿੱਖਿਆ, ਰਾਗ ਸਿੱਖੇ, ਤਬਲਾ, ਤਾਨਪੁਰਾ ਅਤੇ ਹਰਮੋਨੀਅਮ ਵਜਾਉਣਾ ਵੀ ਸਿੱਖਿਆ, ਨਾਸਿਕ ਦੇ ਪੰਚਵਟੀ ਵਿਖੇ ਉਦਾਸੀ ਸਾਧੂਆਂ ਕੋਲ ਰਹਿ ਕੇ ਜਪ-ਤਪ ਵੀ ਕੀਤਾ ਪਰ ਆਂਤ੍ਰਿਕ ਪੀੜਾ ਨੇ ਉਨ੍ਹਾਂ ਨੂੰ ਉੱਥੇ ਵੀ ਨਾ ਟਿਕਣ ਦਿੱਤਾ।ਮੰਜ਼ਿਲ ਦਾ ਕੁਝ ਪਤਾ ਨਹੀਂ ਸੀ ਪਰ ਪੈਸੇ ਨਾ ਹੋਣ ਕਾਰਨ ਟ੍ਰੇਨ ਵਿੱਚ ਬਿਨਾਂ ਟਿਕਟ ਸਫਰ ਕਰਕੇ ਉਹ ਝਾਂਸੀ ਆ ਗਏ ਤੇ ਇੱਕ ਗੁਰਦੁਆਰੇ ਦੀ ਗ੍ਰੰਥੀ, ਜੋ ਕਿ ਇੱਕ ਮਾਤਾ ਸੀ, ਦੇ ਅੱਗੇ ਪਹਿਲੀ ਵਾਰ ਕਥਾ ਕਰਨ ਦੀ ਇੱਛਾ ਜ਼ਾਹਰ ਕੀਤੀ।ਉਹ ਦੱਸਦੇ ਹਨ:

> ...ਮਾਤਾ ਮੇਰੇ ਮੂੰਹ ਵੱਲ ਵੇਖੇ।ਮੇਰੇ ਮੂੰਹ ਤੇ ਮੁੱਛ ਫੁੱਟ ਰਹੀ ਸੀ।ਛੋਟੀ ਜਿਹੀ ਉਮਰ।ਮੈਨੂੰ ਕਹਿਣ ਲੱਗੀ - ਕਾਕਾ ਤੂੰ ਕਿੱਥੋਂ ਪੜ੍ਹਿਆ ਹੈਂ? ਮੈਂ ਕਿਹਾ ਕਿ ਪੜ੍ਹਿਆ ਤਾਂ ਮੈਂ ਕਿਧਰੇ ਵੀ ਨਹੀਂ।ਸਟਡੀ (study) ਕੀਤੀ ਹੈ।ਕਾਫੀ ਗ੍ਰੰਥ ਪੜ੍ਹਦਾ ਰਿਹਾ ਹਾਂ।ਇੱਕ ਗ੍ਰੰਥੀ ਦੇ ਪਿੱਛੇ ਬੈਠ ਕੇ ਕੀਰਤਨ ਵੀ ਕਰਦਾ ਰਿਹਾ ਹਾਂ।ਕੁਝ ਮੇਰੇ ਨਿਜੀ ਅਨੁਭਵ ਵੀ ਨੇ।ਅਗਰ ਟਾਈਮ ਮਿਲੇ ਤਾਂ ਮੈਂ ਕਥਾ ਕਰਾਂਗਾ।[5]

ਤੇ ਇੰਝ ਆਪਣੀ ਉਮਰ ਦੇ ਅੰਦਾਜ਼ਨ 15ਵੇਂ ਸਾਲ ਵਿੱਚ ਝਾਂਸੀ ਵਿਖੇ ਗੁਰਦੁਆਰੇ ਵਿੱਚ ਰਹਿ ਕੇ ਉਨ੍ਹਾਂ ਨੇ ਪਹਿਲੀ ਵਾਰ ਲਗਾਤਾਰ ਪੰਦਰਾਂ ਦਿਨ ਕਥਾ ਕੀਤੀ।ਫਿਰ ਸੰਬਲਪੁਰ (ਉੜੀਸਾ) ਤੋਂ 9 ਮੀਲ ਦੀ ਦੂਰੀ ਤੇ ਇੱਕ ਕਸਬਾ 'ਵੁਰਲਾ' ਹੈ ਜਿੱਥੇ ਰਹਿ ਕੇ ਉਨ੍ਹਾਂ ਨੇ ਲੰਬੀ ਕਥਾ ਸੁਣਾਈ:

> 9 ਮੀਲ ਦੀ ਦੂਰੀ ਤੇ ਇੱਕ ਵੁਰਲਾ ਕਸਬਾ ਜਿੱਥੇ ਹੀਰਾ ਕੁੰਡ ਡੈਮ ਬਣ ਰਿਹਾ ਸੀ।ਮੈਂ ਉੱਥੇ ਪਹੁੰਚਿਆ।ਦੂਜੇ ਦਿਨ ਉੱਥੇ ਜਦ ਮੈਂ ਕਥਾ ਆਰੰਭ ਕੀਤੀ, ਸੰਗਤਾਂ ਨੇ ਇੱਕਸੁਰ ਹੋ ਕੇ ਕਿਹਾ।ਤੁਸੀਂ ਇੱਥੇ ਹੀ ਰਹਿ ਕੇ ਸਾਨੂੰ ਲੰਬੀ ਕਥਾ ਸੁਣਾਉ।ਇਹ ਮੇਰਾ ਪਹਿਲਾ ਮੌਕਾ ਸੀ।ਮੈਂ ਉੱਥੇ ਅੰਦਾਜ਼ਨ 10 ਮਹੀਨੇ ਰਿਹਾ ਤੇ ਕਥਾ ਕੀਤੀ ਔਰ ਮਹਾਰਾਜ ਦੀ ਬਾਣੀ ਦੀ ਕਾਫੀ ਸਟਡੀ (study) ਵੀ ਕੀਤੀ।[6]

ਮੁੰਬਈ ਤੋਂ ਪਟਨਾ ਸਾਹਿਬ ਆਦਿ ਸ਼ਹਿਰਾਂ ਵਿੱਚ ਕਥਾ ਕਰਨ ਤੋਂ ਬਾਅਦ ਫਿਰ ਬਨਾਰਸ ਪਹੁੰਚ ਕੇ ਉਨ੍ਹਾਂ ਦਾ ਮਿਲਾਪ ਬਾਬਾ ਬਲਵੰਤ ਸਿੰਘ ਨਿਰਮਲੇ ਨਾਲ ਹੋਇਆ ਜੋ ਕਿ 'ਨਿਰਮਲ ਬਾਗ' ਕਨਖਲ ਹਰਿਦੁਆਰ ਤੋਂ ਇੱਥੇ ਆਏ ਹੋਏ ਸਨ ਤੇ ਵਿਦਿਆਰਥੀਆਂ ਨੂੰ ਪੜ੍ਹਾ ਰਹੇ ਸਨ। ਉਨ੍ਹਾਂ ਨੇ ਵੀ ਨਿਰਮਲੇ ਵਿਦਵਾਨ ਬਾਬਾ ਬਲਵੰਤ ਸਿੰਘ ਪਾਸੋਂ ਵਿੱਦਿਆ ਪ੍ਰਾਪਤੀ ਦੀ ਮੰਗ ਕੀਤੀ ਪਰ ਗੁਰਬਾਣੀ ਵਿਚਲੇ ਪਰਮ-ਰਸ ਦੀ ਵਿੱਦਿਆ ਦੀ। ਜਿਸ ਤੇ ਬਾਬਾ ਬਲਵੰਤ ਸਿੰਘ ਨੇ ਹੱਥ ਜੋੜ ਕੇ ਅਸਮਰੱਥਤਾ ਜ਼ਾਹਿਰ ਕਰ ਦਿੱਤੀ। ਫਿਰ ਉਹ ਉਨ੍ਹਾਂ ਪਾਸੋਂ ਕੁਝ ਕਠਿਨ ਬਾਣੀਆਂ ਦੇ ਅਰਥ-ਬੋਧ ਹੀ ਸਿੱਖਣ ਨੂੰ ਰਾਜ਼ੀ ਹੋ ਗਏ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬਾਣੀਆਂ - ਸਹਸਕ੍ਰਿਤੀ ਸਲੋਕ, ਭੱਟਾਂ ਦੇ ਸਵੱਯੇ, ਜੈਤਸਰੀ ਵਾਰ, ਸਿਧ ਗੋਸਟਿ ਆਦਿ ਦੇ ਅਰਥ-ਬੋਧ ਕਰਨੇ ਉਨ੍ਹਾਂ ਪਾਸੋਂ ਸਿੱਖੇ। ਇੰਝ ਹੋਰ ਵਿਦਿਆਰਥੀਆਂ ਵਾਂਗ ਸੰਤ ਸਿੰਘ ਨੇ ਵੀ ਕਨਖਲ ਹਰਿਦੁਆਰ ਦੇ ਡੇਰੇ 'ਨਿਰਮਲ ਬਾਗ਼' ਵਿਖੇ ਰਹਿ ਕੇ ਨਿਰਮਲੇ ਸੰਤ ਬਾਬਾ ਬਲਵੰਤ ਸਿੰਘ ਪਾਸੋਂ ਵਿਧੀਵਤ ਬ੍ਰਹਮ ਵਿੱਦਿਆ ਅਤੇ ਗੁਰਬਾਣੀ ਵਿਆਕਰਣ ਦਾ ਗਿਆਨ ਪ੍ਰਾਪਤ ਕੀਤਾ। ਇੱਥੇ ਉਹ ਉਰਦੂ, ਅਰਬੀ, ਫਾਰਸੀ ਭਾਸ਼ਾਵਾਂ ਦੇ ਅਭਿਆਸ ਦੇ ਨਾਲ-ਨਾਲ ਸੰਸਕ੍ਰਿਤ, ਸਿੰਧੀ, ਬ੍ਰਜ, ਗੁਰਮੁਖੀ ਅਤੇ ਹਿੰਦੀ ਆਦਿ ਭਾਸ਼ਾਵਾਂ ਸਿੱਖ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਨਿਰਮਲੇ ਵਿਦਵਾਨਾਂ ਦੁਆਰਾ ਲਿਖੇ ਗ੍ਰੰਥਾਂ ਜਿਵੇਂ ਸਾਰਕੁਤਾਵਲੀ, ਪ੍ਰਬੋਧ ਚੰਦਰ ਨਾਟਕ, ਭਾਵਰਸਾਮ੍ਰਿਤ, ਪ੍ਰੇਮ ਸੁਮਾਰਗ, ਅਧਿਆਤਮ ਰਮਾਇਣ ਆਦਿ ਦਾ ਅਧਿਐਨ ਕਰਦੇ ਤੇ ਸਵੇਰੇ-ਸ਼ਾਮ ਕਥਾ ਕਰਕੇ ਗੁਰੂ ਦੀ ਨੇੜਤਾ ਵੀ ਮਹਿਸੂਸ ਕਰਦੇ। ਇੱਥੇ ਹੀ ਉਨ੍ਹਾਂ ਨੇ ਦਸਮ ਗ੍ਰੰਥ, ਭਾਈ ਗੁਰਦਾਸ ਦੀਆਂ ਰਚਨਾਵਾਂ, ਚਾਰੇ ਵੇਦ, ਬ੍ਰਾਹਮਣ ਗ੍ਰੰਥ, ਉਪਨਿਸ਼ਦ, ਵੇਦਾਂਤ, ਸਿੰਮ੍ਰਿਤੀਆਂ, ਬਾਈਬਲ, ਕੁਰਾਨ, ਯਹੂਦੀ, ਪਾਰਸੀ, ਬੁੱਧ, ਜੈਨ ਆਦਿ ਧਰਮਾਂ ਦੇ ਧਰਮ-ਗ੍ਰੰਥ, ਨਿਰਮਲੇ ਸ਼ਾਸਤਰਕਾਰਾਂ ਦੇ ਲਿਖੇ ਸਾਰੇ ਗ੍ਰੰਥ, ਜ਼ਰਤੁਸ਼ਤ, ਸ਼ੰਕਰਾਚਾਰੀਆ, ਭਰਤ੍ਰ ਹਰੀ, ਬਹਾਦੁਰ ਸ਼ਾਹ ਜ਼ਫਰ, ਅਫ਼ਲਾਤੂਨ, ਅਰਸਤੂ, ਸੁਕਰਾਤ, ਭਾਈ ਮਨੀ ਸਿੰਘ, ਭਾਈ ਨੰਦ ਲਾਲ 'ਗੋਯਾ', ਭਾਈ ਸੰਤੋਖ ਸਿੰਘ, ਭਾਈ ਵੀਰ ਸਿੰਘ, ਹਾਫ਼ਿਜ਼ ਸ਼ਰਿਾਜ਼ੀ, ਜਲਾਲ-ਉਦ-ਦੀਨ ਰੂਮੀ, ਸ਼ੇਖ਼ ਸਾਅਦੀ, ਰਾਬੀਆ ਬਸਰੀ ਆਦਿ ਸੈਂਕੜੇ ਵਿਦਵਾਨਾਂ ਦੀਆਂ ਲਿਖਤਾਂ ਦਾ ਗਹਿਰ-ਗੰਭੀਰ ਅਧਿਐਨ ਕੀਤਾ।[7]

ਬਾਬਾ ਬਲਵੰਤ ਸਿੰਘ ਅਕਸਰ ਉਨ੍ਹਾਂ ਨੂੰ 'ਮਸਕੀਨੀਆ' ਕਹਿ ਕੇ ਪੁਕਾਰਿਆ ਕਰਦੇ ਸਨ ਪ੍ਰੰਤੂ ਉਨ੍ਹਾਂ ਦੇ ਪਰਿਵਾਰ ਤੋਂ ਮਿਲੀ ਜਾਣਕਾਰੀ ਅਨੁਸਾਰ 'ਮਸਕੀਨ' ਤਖੱਲੁਸ ਉਨ੍ਹਾਂ ਦੇ ਨਾਮ ਨਾਲ ਮਗਰੋਂ ਜੈਪੁਰ ਦੇ 'ਰਾਜਾ ਪਾਰਕ ਗੁਰਦੁਆਰੇ' ਦੇ ਪ੍ਰਧਾਨ ਨੇ ਜੋੜਿਆ ਜੋ

ਅਕਸਰ ਆਪਣੇ-ਆਪ ਨੂੰ ਅਤੇ ਸੰਗਤਾਂ ਨੂੰ ਉਨ੍ਹਾਂ ਦੇ ਨਿਮਰਤਾ ਭਰੇ ਹਲੀਮ ਸੁਭਾਅ ਤੋਂ ਪ੍ਰਭਾਵਿਤ ਦੇਖਦਾ ਸੀ। ਜ਼ਿੰਦਗੀ ਵਿੱਚ ਏਨਾ ਕੁਝ ਮਿਲਣ ਤੇ ਵੀ ਰੱਬੀ ਕਸਕ ਦੀ ਤੜਪ ਵਿੱਚ ਉਨ੍ਹਾਂ ਦਾ ਮਨ ਇਹੀ ਕਹਿੰਦਾ ਰਿਹਾ "ਮੇਰਾ ਭਵਿਸ਼ ਕੀ ਹੈ?" ਕਿਉਂਕਿ ਕਥਾ ਕਰਨਾ ਉਨ੍ਹਾਂ ਦਾ ਸ਼ੌਕ ਸੀ ਇਸ ਨੂੰ ਉਪਜੀਵਿਕਾ ਦੇ ਸਾਧਨ ਵਜੋਂ ਉਨ੍ਹਾਂ ਨੇ ਕਦੇ ਨਹੀਂ ਸੀ ਮੰਨਿਆ। ਇਸੇ ਤੜਪ ਵਿੱਚ ਉਨ੍ਹਾਂ ਨੂੰ ਪਰਮਾਤਮਾ ਦੇ ਪਰਮ-ਰਸ ਅਤੇ ਪਰਮ-ਆਨੰਦ ਦੀ ਪ੍ਰਾਪਤੀ ਹੋਈ:

> ਇਸ ਤੜਪ ਦੀ ਝਲਕ ਮੈਨੂੰ ਗਿਆਨੀ ਗੁਰਦਿਆਲ ਸਿੰਘ ਜੀ ਪਾਸੋਂ ਗੁਰਦੁਆਰਾ ਗੁਰੂ ਨਾਨਕ ਦਰਬਾਰ ਮੁੰਬਈ ਵਿਖੇ ਉਦੋਂ ਮਿਲੀ, ਜਦੋਂ ਮੈਂ ਸੁਖਮਨੀ ਸਾਹਿਬ ਦੇ ਪਾਠ ਕਰਕੇ ਗੁਰਦੁਆਰੇ ਦੇ ਬਗੀਚੇ ਵਿੱਚ ਅੰਮ੍ਰਿਤ ਵੇਲੇ ਹੀ ਆਣ ਬੈਠਾ। ਮੈਂ ਅੱਖਾਂ ਮੀਚ ਕੇ ਬੈਠਾ ਸਾਂ ਕਿ ਪਤਾ ਨਹੀਂ ਕਿਹੋ ਜਿਹੀ ਇਕਾਗਰਤਾ ਬਣ ਗਈ। ਕਿਵੇਂ ਪਰਮ-ਆਨੰਦ ਦੀ ਵਰਸ਼ਾ ਹੋ ਗਈ। ਇਹੋ ਜਿਹੀ ਹਾਲਤ ਮੇਰੀ ਦੋ ਮਹੀਨੇ ਰਹੀ। ਉਸ ਸਮੇਂ ਮੈਨੂੰ ਇਹ ਮਹਿਸੂਸ ਹੋਇਆ ਕਿ ਸਾਰਾ ਸੰਸਾਰ ਇੱਕ ਖਿਡਾਉਣਾ ਹੀ ਹੈ, ਹੋਰ ਕੁਝ ਵੀ ਨਹੀਂ ਅਤੇ ਇਹ ਵੀ ਮਹਿਸੂਸ ਹੋਇਆ ਕਿ ਪਰਮ-ਰਸ, ਪਰਮ-ਆਨੰਦ ਕਿਸ ਅਵਸਥਾ ਨੂੰ ਕਹਿੰਦੇ ਹਨ। ...ਇਸ ਅਵਸਥਾ ਦਾ ਮੁੜ ਝਲਕਾਰਾ ਮੈਨੂੰ ਵੂਰਲਾ ਪਹਾੜ ਤੇ ਜਾਂ ਮਹਾਂਨਦੀ ਦੇ ਕੰਢੇ ਤੇ ਵੀ ਕਦੀ ਕਦੀ ਨਸੀਬ ਹੁੰਦਾ ਰਿਹਾ।[8]

ਤੀਜੀ ਵਾਰ ਰੱਬੀ ਨੇੜਤਾ ਦੇ ਅਨੁਭਵ ਵਿੱਚ ਪਰਮ-ਰਸ ਦੀ ਅਜਿਹੀ ਝਲਕ ਉਨ੍ਹਾਂ ਨੂੰ ਹਲਦਵਾਨੀ ਵਿਖੇ ਵੀ ਪ੍ਰਾਪਤ ਹੋਈ।[9] 1952 ਵਿੱਚ ਉਨ੍ਹਾਂ ਦੇ ਪਿਤਾ ਦੇ ਅਕਾਲ ਚਲਾਣਾ ਕਰ ਜਾਣ ਉਪਰੰਤ ਮਨ ਬੇਚੈਨ ਰਹਿਣ ਕਾਰਣ ਉਹ ਘਰ ਵਾਪਸ ਪਰਤੇ। ਉਨ੍ਹਾਂ ਦੇ ਉਦਾਸੀਨ ਮਨ ਨੇ ਗੁਰਬਾਣੀ ਦਾ ਹੋਰ ਗੂੜ੍ਹ ਅਧਿਐਨ ਕਰਨਾ ਆਰੰਭ ਕਰ ਦਿੱਤਾ ਤੇ ਪੰਥ ਦੇ ਵੱਡੇ ਸਕਾਲਰਾਂ ਨਾਲ ਲੰਬੀਆਂ ਵਿਚਾਰ-ਗੋਸ਼ਟੀਆਂ ਕਰਨ ਤੋਂ ਬਾਅਦ ਉਹ ਪੰਥ ਅੰਦਰ ਗੁਰਬਾਣੀ ਦੇ ਵੱਡੇ ਗਿਆਤਾ ਬਣ ਕੇ ਉੱਭਰੇ, ਉਨ੍ਹਾਂ ਦੀ ਪਛਾਣ ਵਿਸ਼ਵ ਪੱਧਰ ਉੱਤੇ ਅਜਿਹੇ ਵਿਆਖਿਆਕਾਰ ਦੇ ਰੂਪ ਵਿੱਚ ਬਣਨ ਲੱਗੀ ਜਿਸ ਨੇ ਗੁਰਬਾਣੀ ਵਿਆਖਿਆ ਦੀ ਹਰ ਪ੍ਰਕਾਰ ਦੀ ਪ੍ਰਣਾਲੀ-

ਬੱਧ ਪਰੰਪਰਾ ਅਤੇ ਨਿਸ਼ਚਿਤਤਾ ਦੀ ਕੱਟੜਤਾ ਨੂੰ ਤਿਆਗ ਕੇ ਖੁਲ੍ਹੇ ਮਨ ਨਾਲ ਆਪਣੀ ਮਾਨਸਿਕ ਪੀੜਾ ਵਿੱਚੋਂ ਜਨਮੇ ਤਰਕਵਾਦ ਅਤੇ ਅਨੁਭਵਵਾਦ ਦੇ ਸੁਮੇਲ ਤੋਂ ਗੁਰਬਾਣੀ ਦੀ ਵਿਆਖਿਆ ਕਰਨ ਦਾ ਨਵੀਨ ਮਾਰਗ ਅਪਣਾਇਆ, ਜਿਸ ਦਾ ਨਾ ਕੇਵਲ ਭਾਰਤ ਜਿਹੇ ਆਸਤਿਕ ਦੇਸ਼ ਦੇ ਵਾਸੀਆਂ ਨੇ ਖੁਲ੍ਹੇ ਦਿਲ ਨਾਲ ਸਵਾਗਤ ਕੀਤਾ ਸਗੋਂ ਵਿਸ਼ਵ ਦੇ ਸਾਰੇ ਹੀ ਵਿਗਿਆਨਵਾਦੀ ਅਤੇ ਨਾਸਤਿਕ ਦੇਸ਼ਾਂ ਨੇ ਵੀ ਖਿੜ੍ਹੇ ਮੱਥੇ ਸਵੀਕਾਰਿਆ। ਇਸ ਤੋਂ ਬਾਅਦ ਭਾਰਤ ਦੇ ਅਨੇਕਾਂ ਛੋਟੇ-ਵੱਡੇ ਨਗਰਾਂ ਜਿਵੇਂ ਪਟਨਾ ਸਾਹਿਬ, ਝਾਂਸੀ, ਅੰਮ੍ਰਿਤਸਰ, ਕਲਕੱਤਾ, ਮੁੰਬਈ, ਇੰਦੌਰ, ਕਾਨ੍ਹਪੁਰ, ਰਤਲਾਮ, ਖੰਡਵਾ, ਸਹਾਰਨਪੁਰ, ਅਲੀਗੜ੍ਹ, ਦਿੱਲੀ, ਨੈਨੀਤਾਲ, ਹਲਦਵਾਨੀ, ਹਲਧਰਪੁਰ ਆਦਿ ਵਿੱਚ ਉਨ੍ਹਾਂ ਨੂੰ ਅਕਸਰ ਗੁਰਮਤਿ-ਵਿਚਾਰਾਂ ਲਈ ਬੁਲਾਇਆ ਜਾਂਦਾ ਰਿਹਾ, ਕਈ-ਕਈ ਵਾਰ ਅਫਗਾਨਿਸਤਾਨ, ਈਰਾਨ, ਸਾਉਦੀ ਅਰਬ, ਕੁਵੈਤ, ਸਿੰਘਾਪੁਰ, ਮਲੇਸ਼ੀਆ, ਥਾਈਲੈਂਡ, ਇੰਗਲੈਂਡ, ਨਿਉਜ਼ੀਲੈਂਡ, ਆਸਟ੍ਰੇਲੀਆ, ਅਮਰੀਕਾ ਅਤੇ ਕਨੇਡਾ ਆਦਿ ਦੇਸ਼ਾਂ ਵਿੱਚ ਉੱਥੋਂ ਦੇ ਸਿੱਖਾਂ ਅਤੇ ਗ਼ੈਰ-ਸਿੱਖਾਂ ਦੇ ਸੱਦੇ ਤੇ ਪਹੁੰਚ ਕੇ ਉਨ੍ਹਾਂ ਨੇ ਆਪਣੇ ਨਵੀਨ ਵਿਕੋਲਿਤਰੇ ਢੰਗ ਅਨੁਸਾਰ ਗੁਰਮਤਿ-ਦਰਸ਼ਨ ਦੀ ਉੱਚਤਾ ਨੂੰ ਦਰਸਾਇਆ। ਇਹ ਨਵੀਨ ਮਾਰਗ ਤਾਰਕਿਕਤਾ ਅਤੇ ਅਨੁਭਵਤਾ, ਵਿਗਿਆਨਿਕਤਾ ਅਤੇ ਪ੍ਰਾਕ੍ਰਿਤਿਕਤਾ, ਪਾਰੰਪਰਿਕਤਾ ਅਤੇ ਆਧੁਨਿਕਤਾ ਜਿਹੇ ਵਿਰੋਧੀ ਗੁਟਾਂ ਵਿੱਚੋਂ ਮੱਧ-ਮਾਰਗ ਤਲਾਸ਼ਣ ਦੀ ਲੋੜ ਵਿੱਚੋਂ ਪਛਾਣਿਆ ਗਿਆ।

1957 ਦੇ ਵੈਸਾਖ ਮਹੀਨੇ ਵਿੱਚ ਉਨ੍ਹਾਂ ਦਾ ਵਿਆਹ ਜਿਲ੍ਹਾ ਬਨੂੰ ਦੇ ਹੀ ਰਹਿਣ ਵਾਲੇ ਸਰਦਾਰ ਹਰਨਾਮ ਸਿੰਘ ਆਹੂਜਾ ਦੀ ਸਪੁੱਤਰੀ ਸੁੰਦਰ ਕੌਰ ਨਾਲ ਹੋਇਆ ਅਤੇ ਉਨ੍ਹਾਂ ਦੇ ਘਰ ਤਿੰਨ ਸਪੁੱਤਰ ਅਤੇ ਦੋ ਸਪੁੱਤਰੀਆਂ ਦਾ ਜਨਮ ਹੋਇਆ। ਆਪਣੇ ਵੱਡੇ ਪੁੱਤਰ ਦੇ ਜਨਮ ਸਮੇਂ ਸੰਨ 1961 ਵਿੱਚ 1-2-3 ਮਾਰਚ ਨੂੰ ਉਨ੍ਹਾਂ ਨੇ ਆਪਣੇ ਗ੍ਰਹਿ ਵਿਖੇ ਇੱਕ ਗੁਰਮਤਿ ਸਮਾਗਮ ਕਰਵਾਇਆ ਜਿਸ ਵਿੱਚ ਬੜੇ ਨਾਮਵਰ ਰਾਗੀ ਜੱਥੇ, ਕੀਰਤਨੀਏ ਤੇ ਕਥਾਵਾਚਕ ਆਏ ਅਤੇ ਬਾਅਦ ਵਿੱਚ ਸੰਗਤਾਂ ਦੇ ਕਹਿਣ ਤੇ ਉਹ ਅਜਿਹਾ ਸਮਾਗਮ ਹਰ ਸਾਲ ਕਰਵਾਉਣ ਲੱਗੇ ਜਿਸ ਵਿੱਚ ਬੜੇ ਵੱਡੇ ਪੱਧਰ ਤੇ ਗੁਰਮਤਿ ਪ੍ਰਚਾਰ ਕੀਤਾ ਜਾਂਦਾ ਪਰ ਆਪਣੇ ਗ੍ਰਹਿ ਅਸਥਾਨ ਵਿਖੇ ਅਜਿਹੇ ਸਮਾਗਮ ਲਈ ਜਗ੍ਹਾ ਦੀ ਘਾਟ ਕਾਰਨ ਉਨ੍ਹਾਂ ਨੇ ਲਗਭਗ ਪੌਣੇ ਕੁ ਸੱਤ ਏਕੜ ਜ਼ਮੀਨ ਦਾ ਇੱਕ ਪਲਾਟ ਖਰੀਦਿਆ ਤੇ ਉਸ ਵਿੱਚ ਸਲਾਨਾ ਪੱਧਰ ਤੇ ਹੋਣ ਵਾਲੇ ਦੋ ਸਮਾਗਮਾਂ, ਜਿਨ੍ਹਾਂ ਵਿੱਚ ਕੇਵਲ ਸ਼ਬਦ ਗੁਰੂ ਨਾਲ ਜੁੜਨ ਦਾ ਉਪਦੇਸ਼ ਦਿੱਤਾ ਜਾਂਦਾ ਹੈ ਅਤੇ ਜਿਸ ਵਿੱਚ ਸਿੱਖ ਪੰਥ ਦਾ ਹਰੇਕ ਵਿਦਵਾਨ ਸ਼ਾਮਿਲ ਹੋਣ ਵਿੱਚ ਮਾਣ ਮਹਿਸੂਸ

ਕਰਦਾ ਹੈ, ਵਿੱਚ ਦੇਸ਼-ਵਿਦੇਸ਼ ਤੋਂ ਆਉਣ ਵਾਲੀਆਂ ਸੰਗਤਾਂ ਦੇ ਠਹਿਰਨ ਲਈ ਸੱਤਰ ਦੇ ਕਰੀਬ ਕਮਰੇ ਵੀ ਬਣਵਾਏ।ਹੁਣ ਵੀ ਹਰ ਸਾਲ ਇੱਥੇ ਦੋ ਗੁਰਮਤਿ ਸਮਾਗਮ ਮਨਾਏ ਜਾਂਦੇ ਹਨ ਜਿਸ ਵਿੱਚ ਤਿੰਨ ਦਿਨ ਅਤੇ ਰਾਤ ਗੁਰਮਤਿ ਦਾ ਪ੍ਰਵਾਹ ਚਲਦਾ ਹੈ ਅਤੇ ਕਰੀਬ ਸੱਤ ਲੱਖ ਲੋਕ ਕੀਰਤਨ ਤੇ ਲੰਗਰਾਂ ਦਾ ਆਨੰਦ ਮਾਣਦੇ ਹਨ।[10]

ਸੱਚੀ ਗੱਲ ਨੂੰ ਮੂੰਹ ਉੱਤੇ ਹੀ ਬੇਬਾਕੀ ਨਾਲ ਕਹਿਣ ਵਿੱਚ ਉਹ ਕਦੇ ਝਿਜਕਦੇ ਨਹੀਂ ਸਨ।1984 ਦੇ ਦੰਗਿਆਂ ਸਮੇਂ ਵੀ ਸਰਕਾਰ ਵੱਲੋਂ ਬੇਦੋਸ਼ੇ ਸਿੱਖ ਨੌਜਵਾਨਾਂ ਉੱਤੇ ਕੀਤੇ ਗਏ ਕਤਲੇਆਮ ਦੇ ਸੰਬੰਧ ਵਿੱਚ ਉਨ੍ਹਾਂ ਨੇ ਆਪਣੇ ਜਜ਼ਬਾਤਾਂ ਦਾ ਪ੍ਰਗਟਾਵਾ ਸਟੇਜ਼ ਤੋਂ ਸ਼ਰ੍ਹੇਆਮ ਕੀਤਾ ਅਤੇ ਕਿਹਾ ਕਿ ਸਰਕਾਰ ਨੂੰ ਅਜਿਹਾ ਕਰਨ ਦੀ ਬਜਾਏ ਕੋਈ ਹੋਰ ਰਾਹ ਕੱਢਣਾ ਚਾਹੀਦਾ ਸੀ।ਫਿਰ ਜ਼ੁਲਮੀ ਸਰਕਾਰ ਦਾ ਤਾਨਾਸ਼ਾਹੀ ਕੁਹਾੜਾ ਉਨ੍ਹਾਂ ਉੱਤੇ ਵੀ ਚੱਲਿਆ।ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਤੇ ਲਗਭਗ ਦਸ ਸਾਲ ਉਨ੍ਹਾਂ ਨੂੰ ਅਦਾਲਤਾਂ ਵਿੱਚ ਪੇਸ਼ੀਆਂ ਭੁਗਤਣੀਆਂ ਪਈਆਂ।ਇਸ ਘਟਨਾ ਨੇ ਉਨ੍ਹਾਂ ਦੇ ਹਿਰਦੇ ਤੇ ਬੜਾ ਗਹਿਰਾ ਅਸਰ ਕੀਤਾ ਪਰ ਫਿਰ ਵੀ ਉਹ ਸੱਚ ਦੇ ਮਾਰਗ਼ ਤੋਂ ਨਹੀਂ ਥਿੜਕੇ।[11] ਧਰਮ, ਜਾਤ-ਪਾਤ, ਊਚ-ਨੀਚ ਅਤੇ ਕਿਸੇ ਵੀ ਤਰ੍ਹਾਂ ਦੇ ਨਸਲੀ ਵਿਤਕਰੇ ਤੋਂ ਉਹ ਬਹੁਤ ਉਚੇਰੇ ਸਨ ਤੇ ਹਰ ਇਨਸਾਨ ਨੂੰ ਬਰਾਬਰਤਾ ਦੀ ਨਿਗਾਹ ਨਾਲ ਤੱਕਦੇ ਸਨ।

ਦੇਸ਼-ਵਿਦੇਸ਼ਾਂ ਵਿੱਚ ਕਥਾ ਕਰਦਿਆਂ ਉਨ੍ਹਾਂ ਨਾਲ ਕਥਾ ਸਿੱਖਣ ਵਾਲੇ ਵਿਦਿਆਰਥੀਆਂ, ਨੌਜਵਾਨਾਂ, ਬਜ਼ੁਰਗਾਂ, ਪ੍ਰਚਾਰਕਾਂ, ਰਾਗੀਆਂ, ਕਵੀਆਂ ਅਤੇ ਸੇਵਾਦਾਰਾਂ ਦਾ ਇੱਕ ਵੱਡਾ ਵਹੀਰ ਤੁਰਦਾ ਸੀ ਜਿਸ ਨੂੰ ਉਹ 'ਗੁਰਮਤਿ ਪ੍ਰਚਾਰ ਵਹੀਰ' ਦਾ ਨਾਮ ਦਿਆ ਕਰਦੇ ਸਨ।ਇਸ ਵਹੀਰ ਵਿੱਚ ਅਕਸਰ ਉਨ੍ਹਾਂ ਦੇ ਨਾਲ ਕਲਿਆਣ ਸਿੰਘ ਲਖਨਊ ਵਾਲੇ, ਹਰਨਾਮ ਸਿੰਘ ਚਾਕਰ ਕਾਦੀਆਂ ਵਾਲੇ, ਗੁਰਵਿੰਦਰ ਸਿੰਘ ਕੋਮਲ, ਦਲੀਪ ਸਿੰਘ ਦਰਦੀ ਮਾਡਲ ਟਾਊਨ ਤਲਵਾੜਾ ਵਾਲੇ, ਕਵੀ ਜੈ ਸਿੰਘ ਸ਼ੁਗਲ ਕਾਨਪੁਰ ਵਾਲੇ, ਪੰਥ ਪ੍ਰਸਿੱਧ ਰਾਗੀ ਭਾਈ ਚਤਰ ਸਿੰਘ ਅਤੇ ਬਾਬਾ ਬਲਵੰਤ ਸਿੰਘ ਜੀ ਦੇ ਸੇਵਾਦਾਰ ਆਦਿ ਹੁੰਦੇ ਸਨ।ਇਸੇ ਲਈ ਉਨ੍ਹਾਂ ਨੂੰ ਇੱਕ ਚਲਦੀ ਫਿਰਦੀ 'ਸੰਸਥਾ', 'ਟਕਸਾਲ' ਜਾਂ 'ਯੂਨੀਵਰਸਿਟੀ' ਕਿਹਾ ਜਾਂਦਾ ਸੀ।[12] ਉਨ੍ਹਾਂ ਦੇ ਸ੍ਰੋਤਿਆਂ ਦੇ ਸ਼ਬਦਾਂ ਵਿੱਚ:

> ਮਸਕੀਨ ਜੀ ਦੇ ਗੁਰਮਤਿ ਪ੍ਰਚਾਰ ਦਾ ਵਿਸਥਾਰ ਇੱਕ ਬਹੁਤ ਵੱਡੀ ਸੰਸਥਾ ਜਾਂ ਵੱਡੀ ਟਕਸਾਲ ਵਰਗਾ ਸੀ ਆਪ ਨੇ ਪੂਰੇ

> ਵਿਸ਼ਵ ਦੇ ਗੁਰਦੁਆਰਿਆਂ ਵਿੱਚ ਪਹੁੰਚ ਕੀਤੀ ਅਤੇ ਮਹਾਨ ਸੰਸਥਾ ਵਾਂਗ ਗੁਰਮਤਿ ਦਾ ਪ੍ਰਚਾਰ ਕੀਤਾ। ਇਸ ਤਰ੍ਹਾਂ ਸਾਰੀ ਹਯਾਤੀ ਦੇ ਸਾਰੇ ਦਿਨ ਸਾਰੇ ਸੁਬਹ-ਸ਼ਾਮ ਗੁਰਮਤਿ ਪ੍ਰਚਾਰ ਦੇ ਲੇਖੇ ਲਾਏ ਹਨ।[13]

ਗੁਰਬਾਣੀ ਗਿਆਨ ਲਈ ਗੁਰਮੁਖੀ ਅੱਖਰਾਂ ਦੀ ਮਹਾਨਤਾ ਨੂੰ ਜਾਣਦਿਆਂ ਹੋਇਆਂ ਉਹ ਛੋਟੇ-ਛੋਟੇ ਬੱਚਿਆਂ ਨੂੰ ਗੁਰਮੁਖੀ ਸਿਖਾਉਣ ਦਾ ਉਪਰਾਲਾ ਹਮੇਸ਼ਾ ਜਾਰੀ ਰੱਖਦੇ ਸਨ। ਪੰਜਾਬ ਤੋਂ ਬਾਹਰ ਪੰਜਾਬੀ ਪੜ੍ਹਨ-ਪੜ੍ਹਾਉਣ ਦਾ ਚਲਨ ਜ਼ਰਾ ਘੱਟ ਹੋਣ ਕਰਕੇ ਉਨ੍ਹਾਂ ਦੀ ਲੋਕਲ ਰਾਜਸਥਾਨੀ ਬੱਚਿਆਂ ਨੂੰ ਪੰਜਾਬੀ ਪੜ੍ਹਾਉਣ ਦੀ ਇੱਛਾ ਨੇ ਗ਼ਰੀਬ ਬੱਚਿਆ ਵਾਸਤੇ ਇੱਕ ਹਾਈ ਸਕੂਲ ਖੋਲ੍ਹਣ ਦਾ ਸੰਜੋਗ ਬਣਾ ਦਿੱਤਾ ਤੇ ਅਲਵਰ ਵਿੱਚ ਹੀ 'ਗੁਰੂ ਨਾਨਕ ਪਬਲਿਕ ਸਕੂਲ' ਖੋਲ੍ਹ ਕੇ ਉਨ੍ਹਾਂ ਨੇ ਨਾ ਕੇਵਲ ਗ਼ਰੀਬ ਬੱਚਿਆਂ ਲਈ ਮੁਫਤ ਸਿੱਖਿਆ ਦਾ ਹੀ ਪ੍ਰਬੰਧ ਕੀਤਾ ਬਲਕਿ ਇਸ ਸਕੂਲ ਵਿੱਚ ਪੜ੍ਹਨ ਵਾਲੇ ਹਰੇਕ ਬੱਚੇ ਨੂੰ ਉਹ ਖ਼ੁਦ ਮੁਫਤ ਕਿਤਾਬਾਂ, ਵਰਦੀਆਂ ਅਤੇ ਸਵੈਟਰ ਆਦਿ ਲੈ ਕੇ ਦਿੰਦੇ। ਲੋਕਲ ਰਾਜਸਥਾਨੀ ਬੱਚਿਆਂ ਦੀ ਪੰਜਾਬੀ ਅਤੇ ਗੁਰਬਾਣੀ ਪੜ੍ਹਨ ਦੀ ਰੁਚੀ ਨੂੰ ਵੇਖ ਕੇ ਮਗਰੋਂ ਉਨ੍ਹਾਂ ਨੇ ਇੱਕ ਹੋਰ ਵੱਡਾ ਸਕੂਲ 'ਸ਼੍ਰੀ ਹਰਿਕ੍ਰਿਸ਼ਨ ਪਬਲਿਕ ਸਕੂਲ' ਖੋਲ੍ਹ ਦਿੱਤਾ ਜਿਸ ਨੂੰ ਹੁਣ ਉਨ੍ਹਾਂ ਦੇ ਸਪੁੱਤਰ ਚਲਾਉਂਦੇ ਹਨ ਤੇ ਜਿੱਥੇ ਹਰ ਰੋਜ਼ ਸਵੇਰ ਦੀ ਪ੍ਰਾਰਥਨਾ ਤੋਂ ਲੈ ਕੇ ਸਾਰੇ ਜ਼ਰੂਰੀ ਵਿਸ਼ਿਆਂ ਦੇ ਨਾਲ ਨਾਲ ਗੁਰਬਾਣੀ ਪਾਠ, ਕਥਾ, ਕੀਰਤਨ ਆਦਿ ਦਾ ਅਭਿਆਸ ਵੀ ਕਰਵਾਇਆ ਜਾਂਦਾ ਹੈ। ਇਸ ਸਮੇਂ ਇਹ ਸਕੂਲ ਰਾਜਸਥਾਨ ਦੇ ਗਿਣਵੇਂ ਨਾਮੀ ਸਕੂਲਾਂ ਵਿੱਚੋਂ ਇੱਕ ਹੈ ਜਿੱਥੇ ਮਾਪੇ ਆਪਣੇ ਬੱਚਿਆਂ ਨੂੰ ਪੜ੍ਹਾ ਕੇ ਗੌਰਵ ਮਹਿਸੂਸ ਕਰਦੇ ਹਨ।[14] ਉਹ ਗ਼ਰੀਬ ਬੱਚਿਆਂ ਦੇ ਨਾਲ ਨਾਲ ਵਿਧਵਾਵਾਂ ਅਤੇ ਯਤੀਮਾਂ ਦੀ ਰਾਸ਼ਨ, ਕੱਪੜੇ ਅਤੇ ਪੈਸਿਆਂ ਆਦਿ ਨਾਲ ਸਹਾਇਤਾ ਕਰਦੇ ਰਹਿੰਦੇ ਸਨ।

ਸਿੱਖ ਸ੍ਰੋਤਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਟੌਹੜਾ ਸਾਹਿਬ ਅਤੇ ਹੋਰ ਮੁਖੀ ਅਧਿਕਾਰੀਆਂ ਨੇ ਸੰਤ ਸਿੰਘ ਮਸਕੀਨ ਜੀ ਨੂੰ ਸ੍ਰੀ ਦਰਬਾਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪ੍ਰਧਾਨਗੀ ਦੀ ਸੇਵਾ ਸੌਂਪਣੀ ਚਾਹੀ ਤਾਂ ਉਨ੍ਹਾਂ ਨੇ ਬੜੀ ਨਿਮਰਤਾ ਸਹਿਤ ਇਹ ਕਹਿ ਕੇ ਨਾਂਹ ਕਰ ਦਿੱਤੀ ਕਿ ਉਹ ਜੋ ਸੇਵਾ ਕਰ ਰਹੇ ਹਨ, ਸਤਿਗੁਰੂ ਕਰਾ ਰਹੇ ਹਨ, ਠੀਕ ਹੈ।[15] ਫਿਰ ਉਨ੍ਹਾਂ ਨੂੰ ਧਾਰਮਿਕ

ਸਲਾਹਕਾਰ ਕਮੇਟੀ ਦਾ ਮੈਂਬਰ ਨਾਮਜ਼ਦ ਕਰ ਦਿੱਤਾ ਗਿਆ ਤੇ 1995 ਵਿੱਚ ਹੋਏ ਵਿਸ਼ਵ ਸਿੱਖ ਸੰਮੇਲਨ ਤੋਂ ਬਾਅਦ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਸਰਪ੍ਰਸਤੀ ਹੇਠ ਗਠਿਤ ਹੋਈ 'ਵਿਸ਼ਵ ਸਿੱਖ ਪ੍ਰਚਾਰਕ ਸੰਸਥਾ' ਦਾ ਪ੍ਰਧਾਨ ਥਾਪ ਦਿੱਤਾ ਗਿਆ।ਇਸ ਜਿੰਮੇਵਾਰੀ ਨੂੰ ਉਨ੍ਹਾਂ ਨੇ ਆਖ਼ਰੀ ਸਵਾਸਾਂ ਤੱਕ ਬੜੀ ਤਨਦੇਹੀ ਨਾਲ ਨਿਭਾਇਆ।ਦੇਸ਼ ਦੇ ਵੱਖ-ਵੱਖ ਸ਼ਹਿਰਾਂ ਅੰਦਰ ਇਸ ਸੰਸਥਾ ਨੇ ਸਿੱਖੀ-ਪ੍ਰਚਾਰ ਦੀ ਲਹਿਰ ਨੂੰ ਪ੍ਰਫੁੱਲਿਤ ਕੀਤਾ।[16]

ਉਨ੍ਹਾਂ ਦੇ ਗੁਰਬਾਣੀ ਗਿਆਨ ਅਤੇ ਨਵੀਨ ਵਿਗਿਆਨਕ ਢੰਗ ਨਾਲ ਗੁਰਬਾਣੀ ਦੀ ਤਰਕ ਭਰਪੂਰ ਵਿਆਖਿਆ ਕਰਨ ਦੀ ਨਿਪੁੰਨਤਾ ਕਾਰਨ ਹੀ ਉਨ੍ਹਾਂ ਨੂੰ 'ਸਰਬ ਧਰਮ ਸੰਮੇਲਨਾਂ' ਜਿਹੜੇ ਕਿ ਜੈਨੀਆਂ, ਬੋਧੀਆਂ, ਈਸਾਈਆਂ, ਸਨਾਤਨੀਆਂ, ਬ੍ਰਹਮੋ ਸਮਾਜੀਆਂ ਜਾਂ ਆਰੀਆ ਸਮਾਜੀਆਂ ਆਦਿ ਵੱਲੋਂ ਉਨ੍ਹਾਂ ਦੇ ਸਮਕਾਲ ਵਿੱਚ ਇੰਦੌਰ, ਕਾਨਪੁਰ, ਗ੍ਰੇਟਰ ਕੈਲਾਸ਼ ਦਿੱਲੀ, ਰਾਇਪੁਰ, ਰਾਮਗੜ੍ਹ, ਮੁੰਬਈ, ਪੰਡਰਪੁਰ, ਕਟਕ, ਜੈਪੁਰ ਅਤੇ ਰੋਮ ਆਦਿ ਵਿਖੇ ਆਯੋਜਿਤ ਕਰਵਾਏ ਗਏ, ਵਿੱਚ ਸਿੱਖ ਧਰਮ ਦੀ ਅਗਵਾਈ ਕਰਨ ਲਈ ਭੇਜਿਆ ਗਿਆ ਜਿੱਥੇ ਉਹ ਅਨ ਧਰਮੀਆਂ ਅਤੇ ਨਾਸਤਿਕਾਂ ਦੇ ਹਰ ਤਰ੍ਹਾਂ ਦੇ ਪ੍ਰਸ਼ਨਾਂ ਦੇ ਨਾ ਕੇਵਲ ਢੁਕਵੀਆਂ ਦਲੀਲਾਂ ਨਾਲ ਗੁਰਬਾਣੀ ਅਦਾਰਤ ਜਵਾਬ ਹੀ ਦਿੰਦੇ ਸਗੋਂ ਉਨ੍ਹਾਂ ਦੇ ਮਨਾਂ ਵਿੱਚ ਸਿੱਖ ਧਰਮ ਪ੍ਰਤੀ ਡਾਹਡੇ ਸਨਮਾਨ ਦੀ ਭਾਵਨਾ ਵੀ ਭਰ ਦਿੰਦੇ।ਪ੍ਰਮਾਣ ਵਜੋਂ ਇੰਦੌਰ ਵਿਖੇ ਅਗਰਵਾਲ ਸਮਾਜ ਵੱਲੋਂ ਹੋਏ ਅਜਿਹੇ ਹੀ ਇੱਕ ਸਰਬ ਧਰਮ ਸੰਮੇਲਨ ਵਿੱਚ ਉਨ੍ਹਾਂ ਨੇ ਵਾਮ ਮਾਰਗੀਆਂ ਦੇ ਇੱਕ ਨਾਸਤਿਕ ਪ੍ਰੋ. ਸਾਲੂਕੇ, ਜਿਸ ਨੇ ਕਿ ਨਾਸਤਿਕਤਾ ਤੇ ਬਹੁਤ ਸਾਰੀਆਂ ਕਿਤਾਬਾਂ ਲਿਖੀਆਂ ਹੋਈਆਂ ਸਨ ਤੇ ਜਿਨ੍ਹਾਂ ਨੂੰ ਪੜ੍ਹ ਕੇ ਪਾਠਕ ਝੱਟ ਨਾਸਤਿਕ ਬਣ ਜਾਂਦੇ ਸਨ, ਨੂੰ ਪ੍ਰਮਾਤਮਾ ਦੀ ਹੋਂਦ ਸੰਬੰਧੀ ਅਜਿਹੀਆਂ ਦਲੀਲਾਂ ਅਤੇ ਪ੍ਰਮਾਣ ਦਿੱਤੇ ਕਿ ਉਸ ਨੂੰ ਅੰਤ ਵਿੱਚ ਨਿਰੰਕਾਰ ਦੀ ਹੋਂਦ ਤੇ ਭਰੋਸਾ ਕਾਇਮ ਹੋ ਗਿਆ।[17]

ਗੋਡੇ ਦੀ ਦਰਦ ਅਤੇ ਦਿਲ ਦੀ ਬਿਮਾਰੀ ਦੇ ਮਰੀਜ਼ ਹੁੰਦੇ ਹੋਏ ਵੀ ਉਨ੍ਹਾਂ ਨੇ ਸਾਰੀ ਉਮਰ ਗੁਰਬਾਣੀ ਦੀ ਕਥਾ ਦੁਆਰਾ ਜਗਤ ਦੀ ਅਣਥੱਕ ਸੇਵਾ ਕੀਤੀ। 18 ਫਰਵਰੀ 2005 ਨੂੰ ਅੰਮ੍ਰਿਤ ਵੇਲੇ ਦੇ ਨਿਤਨੇਮ ਉਪਰੰਤ ਦਿਲ ਦੀ ਗਤੀ ਰੁਕ ਜਾਣ ਕਾਰਨ ਉਹ ਅਕਾਲ ਚਲਾਣਾ ਕਰ ਗਏ।ਉਨ੍ਹਾਂ ਦੀ ਅੰਤਿਮ ਅਰਦਾਸ ਵਿੱਚ ਦੇਸ਼-ਵਿਦੇਸ਼ਾਂ ਤੋਂ ਪੁੱਜੀ ਬੇਅੰਤ ਸਿੱਖ ਸੰਗਤ ਦੇ ਨਾਲ-ਨਾਲ ਕਥਾਕਾਰਾਂ, ਕਵੀਆਂ ਅਤੇ ਰਾਗੀਆਂ ਦੇ ਭਾਰੀ ਇੱਕਠ ਵਿੱਚ ਪੰਜੇ ਤਖਤਾਂ ਦੇ ਜੱਥੇਦਾਰ ਸੁਸ਼ੋਭਿਤ ਸਨ ਜਿੱਥੇ ਉਨ੍ਹਾਂ ਨੂੰ ਮਰਨ ਉਪਰੰਤ 'ਗੁਰਮਤਿ ਵਿੱਦਿਆ

ਮਾਰਤੰਡ' ਅਤੇ 'ਭਾਈ ਗੁਰਦਾਸ ਗੋਲਡ ਐਵਾਰਡ' ਨਾਲ ਸਨਮਾਨਿਤ ਕੀਤਾ ਗਿਆ ਅਤੇ ਉਸ ਵੇਲੇ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਆਪਣੇ ਸੰਦੇਸ਼ ਵਿੱਚ ਉਨ੍ਹਾਂ ਦੀ ਵਿਦਵਤਾ ਨੂੰ ਨਮਸਕਾਰ ਕੀਤੀ।[18] ਕਿਸੇ ਵਿਆਖਿਆਕਾਰ ਨੂੰ ਉਮਰ ਭਰ ਦੀ ਅਣਥੱਕ ਘਾਲਣਾ ਵਾਸਤੇ ਇਤਨਾ ਸਨਮਾਨ ਦੇਣਾ ਸ਼ਾਇਦ ਸਿੱਖ ਜਗਤ ਦੀ ਇਹ ਪਹਿਲੀ ਘਟਨਾ ਸੀ।

ਉਨ੍ਹਾਂ ਦੇ ਪਰਿਵਾਰ ਨਾਲ ਕੀਤੀ ਗੱਲਬਾਤ ਦੌਰਾਨ ਪਤਾ ਲੱਗਾ ਕਿ ਗੁਰਮਤਿ-ਪ੍ਰਚਾਰ ਦੇ ਜੋ ਪੂਰਨੇ ਉਹ ਆਪਣੇ ਪਰਿਵਾਰ ਵਿੱਚ ਪਾ ਕੇ ਗਏ ਹਨ, ਉਨ੍ਹਾਂ ਤੇ ਉਂਝ ਹੀ ਪੀੜ੍ਹੀ-ਦਰ-ਪੀੜ੍ਹੀ ਕਾਰਜ ਚੱਲ ਰਹੇ ਹਨ।ਉਨ੍ਹਾਂ ਦੇ ਪਰਿਵਾਰ ਨੇ ਜਿੱਥੇ ਉਨ੍ਹਾਂ ਦੁਆਰਾ ਚਲਾਏ ਗਏ ਕੰਮਾਂ ਨੂੰ ਉਵੇਂ ਹੀ ਸੰਚਾਲਿਤ ਕੀਤਾ ਹੋਇਆ ਹੈ ਉੱਥੇ ਕਥਾ-ਕੀਰਤਨ ਦਾ ਪ੍ਰਵਾਹ ਵੀ ਉਵੇਂ ਹੀ ਚਲ ਰਿਹਾ ਹੈ।ਉਨ੍ਹਾਂ ਦੀ ਗੁਰਮਤਿ-ਪ੍ਰਚਾਰ ਮੁਹਿੰਮ ਅਤੇ ਸਲਾਨਾ ਗੁਰਮਤਿ ਸਮਾਗਮਾਂ ਦਾ ਕਾਰਜ, ਉਨ੍ਹਾਂ ਦੁਆਰਾ ਚਲਾਏ ਗਏ ਸਕੂਲਾਂ ਦਾ ਪ੍ਰਬੰਧ ਅਤੇ ਉਨ੍ਹਾਂ ਦੁਆਰਾ ਆਰੰਭ ਕੀਤੇ ਪ੍ਰਕਾਸ਼ਨ 'ਗੁਰੂ ਜੋਤੀ ਏਂਟਰਪ੍ਰਾਈਜਿਜ਼, ਦਾ ਕਾਰਜਭਾਰ ਉਨ੍ਹਾਂ ਦੇ ਸਪੁੱਤਰਾਂ ਅਮਰਜੀਤ ਸਿੰਘ ਅਤੇ ਭੁਪਿੰਦਰ ਸਿੰਘ ਦੀ ਦੇਖ-ਰੇਖ ਵਿੱਚ ਚੱਲ ਰਹੇ ਹਨ।ਉਨ੍ਹਾਂ ਦਾ ਵੱਡਾ ਪੋਤਰਾ ਅਰਸ਼ਦੀਪ ਸਿੰਘ ਉਨ੍ਹਾਂ ਦੀਆਂ ਕਥਾਵਾਂ ਨੂੰ ਮੀਡੀਆ ਦੁਆਰਾ ਸਾਰੇ ਸੰਸਾਰ ਵਿੱਚ ਪ੍ਰਚਾਰਨ ਲਈ 'ਗਿਆਨ ਦਾ ਸਾਗਰ' ਪ੍ਰੋਡਕਸ਼ਨ ਚਲਾ ਰਿਹਾ ਹੈ, ਪੋਤਰੀਆਂ ਦੀਪ ਜੋਤ ਕੌਰ, ਸਿਮਰਨ ਕੌਰ ਅਤੇ ਅਮਨਦੀਪ ਕੌਰ ਗੁਰਬਾਣੀ ਦਾ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਧੁਰ ਅੰਦਰੋਂ ਨਿਹਾਲ ਕਰਦੀਆਂ ਹਨ।ਉਨ੍ਹਾਂ ਦਾ ਇੱਕ ਹੋਰ ਪੋਤਰਾ ਦੇਵਜੋਤ ਸਿੰਘ ਸ਼ਾਸਤਰੀ ਸੰਗੀਤ, ਗੁਰਬਾਣੀ ਵਿਚਾਰ ਅਤੇ ਕੀਰਤਨ ਦੀ ਸਿਖਲਾਈ ਲੈ ਰਿਹਾ ਹੈ ਅਤੇ ਨਾਲੋ-ਨਾਲ ਸਟੇਜ ਤੋਂ ਉਨ੍ਹਾਂ ਜਿਹੀ ਕਥਾ ਵੀ ਕਰਦਾ ਹੈ ਜਿਸ ਨੂੰ ਯੂ-ਟਿਊਬ ਤੇ ਸੁਣਿਆ ਜਾ ਸਕਦਾ ਹੈ।ਉਨ੍ਹਾਂ ਦੀ ਨੂੰਹ ਬੀਬੀ ਤਜਿੰਦਰ ਕੌਰ ਵੀ ਗੁਰਮਤਿ ਸਮਾਗਮਾਂ ਵਿੱਚ ਗੁਰਬਾਣੀ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕਰਦੀ ਹੈ।ਉਨ੍ਹਾਂ ਦੁਆਰਾ ਚਲਾਈ ਗੁਰਮਤਿ ਪ੍ਰਚਾਰ ਵਹੀਰ ਜੋ ਕਿ ਉਨ੍ਹਾਂ ਤੋਂ ਕਥਾ ਸਿੱਖਣ ਦੇ ਚਾਅ ਵਿੱਚ ਹਰ ਪ੍ਰੋਗਰਾਮ ਵਿੱਚ ਉਨ੍ਹਾਂ ਦੇ ਨਾਲ ਹੀ ਸਮਾਗਮਾਂ ਵਿੱਚ ਪਹੁੰਚਦੀ ਸੀ ਅਤੇ ਜਿਸ ਵਿੱਚੋਂ ਹਰ ਸਾਲ ਘੱਟੋ ਘੱਟ ਦੋ ਜਾਂ ਤਿੰਨ ਕਥਾਕਾਰ ਤੇ ਪ੍ਰਚਾਰਕ ਬਣ ਕੇ ਸਿੱਖ ਜਗਤ ਦੀ ਸੇਵਾ ਵੀ ਕਰਦੇ, ਨੇ ਵੀ ਨਿਵੇਕਲੀ ਸ਼ੈਲੀ ਵਿੱਚ ਕੀਤੀ ਜਾਂਦੀ ਮਸਕੀਨ-ਕਥਾ ਦੇ ਪ੍ਰਵਾਹ ਨੂੰ ਜਾਰੀ ਰੱਖਿਆ ਹੋਇਆ ਹੈ।ਇੰਝ ਲਗਦਾ ਹੈ ਉਨ੍ਹਾਂ ਦੇ ਚਲੇ ਜਾਣ ਉਪਰੰਤ ਵੀ ਮਸਕੀਨ-ਕਥਾ ਦਾ ਅੰਤ ਨਹੀਂ ਹੋਇਆ ਸਗੋਂ ਪੀੜ੍ਹੀ-ਦਰ-ਪੀੜ੍ਹੀ

ਇਸ ਨੂੰ ਬੜੇ ਹੀ ਸਨਮਾਨ ਅਤੇ ਹਿਫਾਜ਼ਤ ਨਾਲ ਅੱਗੇ ਤੋਰਿਆ ਜਾ ਰਿਹਾ ਹੈ। ਜਿਵੇਂ ਉਨ੍ਹਾਂ ਨੂੰ ਜੀਵਨ ਭਰ ਬੂਟੇ ਲਾਉਣ ਦਾ ਬਹੁਤ ਸ਼ੌਕ ਸੀ ਉਵੇਂ ਹੀ ਉਹ ਆਪਣੀ ਕਥਾ-ਪਰੰਪਰਾ ਦਾ ਵੀ ਬੂਟਾ ਲਗਾ ਕੇ ਅਤੇ ਚੰਗੀ ਤਰ੍ਹਾਂ ਸਿੰਜ ਕੇ ਗਏ ਹਨ। ਇਸੇ ਲਈ ਅੱਜ ਬੀਜ-ਰੂਪ ਮਸਕੀਨ-ਕਥਾ ਨੇ ਵੱਧ-ਫੁੱਲ ਕੇ ਅਨੇਕ ਸ਼ਾਖਾਵਾਂ ਵਾਲੇ ਵਿਸ਼ਾਲ ਦਰਖ਼ਤ ਦਾ ਰੂਪ ਧਾਰਨ ਕਰ ਲਿਆ ਹੈ ਹਾਲਾਂਕਿ ਇੱਥੇ ਇਹ ਕਹਿਣ ਦੀ ਵੀ ਗੁੰਜਾਇਸ਼ ਹੈ ਕਿ ਸੰਤ ਸਿੰਘ ਮਸਕੀਨ ਤਾਂ ਹੋਰ ਕਿਸੇ ਨੇ ਨਹੀਂ ਬਣ ਜਾਣਾ ਕਿਉਂਕਿ ਉਨ੍ਹਾਂ ਜਿਹਾ ਤਿਆਗ਼ ਤੇ ਸਾਧਨਾ ਕਰਨਾ ਹਰ ਕਿਸੇ ਦੇ ਵੱਸ ਦੀ ਗੱਲ ਨਹੀਂ ਪ੍ਰੰਤੂ ਇਹ ਉਨ੍ਹਾਂ ਦੇ ਦਿੱਤੇ ਸੰਸਕਾਰਾਂ ਦਾ ਅਸਰ ਹੈ ਕਿ ਉਨ੍ਹਾਂ ਦੀਆਂ ਯਾਦਾਂ ਨਾਲ ਜੁੜਿਆ ਹਰ ਇਨਸਾਨ ਉਨ੍ਹਾਂ ਦੇ ਪਾਏ ਪੂਰਨਿਆਂ ਤੇ ਚੱਲਣਾ ਚਾਹੁੰਦਾ ਹੈ।

ਉਪਰੋਕਤ ਅਨੁਸਾਰ ਗੁਰਬਾਣੀ ਵਿਆਖਿਆਕਾਰ ਗਿਆਨੀ ਸੰਤ ਸਿੰਘ ਮਸਕੀਨ ਜੀ ਨੂੰ ਜਾਣਨ ਤੋਂ ਬਾਅਦ ਨਿਰਸੰਕੋਚ ਕਿਹਾ ਜਾ ਸਕਦਾ ਹੈ ਕਿ ਨਿਰਮਲਾ ਸੰਪਰਦਾ ਤੋਂ ਕਥਾ-ਵਿਚਾਰ ਦੀ ਸਿਖਲਾਈ ਲੈ ਕੇ ਵੀ ਉਨ੍ਹਾਂ ਨੇ ਨਿਰਮਲਿਆਂ ਵਾਂਗ ਵਿਰਕਤ, ਬੈਰਾਗੀ ਜਾਂ ਸੰਨਿਆਸੀ ਸਾਧੂਆਂ ਵਰਗਾ ਜੀਵਨ ਨਹੀਂ ਜੀਵਿਆ ਸਗੋਂ ਗੁਰਮਤਿ ਅਨੁਸਾਰ ਗ੍ਰਹਿਸਥ ਜੀਵਨ ਬਤੀਤ ਕਰਕੇ ਆਪਣੀ ਨਿਵੇਕਲੀ ਕਥਾ-ਪਰੰਪਰਾ ਦੁਆਰਾ ਗੁਰਮਤਿ-ਪ੍ਰਚਾਰ ਦਾ ਕਾਰਜ ਤੋਰਿਆ। ਇੱਕ ਵਾਰ ਇੱਕ ਸਾਥੀ ਦੇ ਇੰਝ ਕਹਿਣ ਤੇ ਕਿ ਜੇਕਰ ਤੁਸੀਂ ਸੰਤਾਂ ਵਰਗਾ ਪਹਿਰਾਵਾ ਪਹਿਨ ਕੇ ਤੇ ਡੇਰਾ ਬਣਾ ਕੇ ਪ੍ਰਚਾਰ ਕਰਦੇ ਤਾਂ ਸੰਗਤਾਂ ਵਧੇਰੇ ਲਾਹਾ ਲੈਂਦੀਆਂ, ਉਨ੍ਹਾਂ ਦਾ ਉੱਤਰ ਸੀ :

> ਇਹ ਸੰਤ ਤਾਂ ਗ੍ਰਹਿਸਤ ਤੋਂ ਪਾਸੇ ਹੋ ਕੇ ਸੰਤ ਬਣੇ ਹਨ, ਪਰ ਅਸੀਂ ਸੰਤਗਿਰੀ ਛੱਡ ਕੇ ਗ੍ਰਹਿਸਤ ਵਿੱਚ ਆਏ ਹਾਂ। ਸਿੱਖ ਪੰਥ ਵਿੱਚ ਪ੍ਰਚਾਰ ਇਸੇ ਤਰ੍ਹਾਂ ਸਾਦਾ ਲਿਬਾਸ ਤੇ ਸਾਦਗੀ ਵਿੱਚ ਹੀ ਹੋਣਾ ਚਾਹੀਦਾ ਹੈ। ਸਾਡਾ ਪ੍ਰਚਾਰ ਹਰ ਕਿਸੇ ਨੂੰ ਆਪਣੇ ਜਾਂ ਆਪਣੇ ਡੇਰੇ ਨਾਲ ਨਹੀਂ, ਸਗੋਂ ਸ਼ਬਦ-ਗੁਰੂ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਦੇ ਲੜ ਲਾਉਣ ਲਈ ਹੈ, ਜਦੋਂ ਕਿ

ਭੇਖਧਾਰੀ ਆਪਣੇ ਨਾਲ ਜਾਂ ਆਪਣੇ ਡੇਰੇ ਨਾਲ ਜੋੜਦੇ ਹਨ।[19]

## 5.2 ਸੰਤ ਸਿੰਘ ਮਸਕੀਨ ਜੀ : ਸਮਕਾਲੀਆਂ ਦੀ ਨਜ਼ਰ ਵਿੱਚ

ਗਿਆਨੀ ਸੰਤ ਸਿੰਘ ਮਸਕੀਨ ਜੀ ਦੀ ਸੰਸਾਰਕ ਯਾਤਰਾ ਕੁਲ ਸਾਢੇ ਕੁ ਸੱਤਰ ਸਾਲ ਸੀ ਪ੍ਰੰਤੂ ਬਾਬਾ ਬੁੱਢਾ ਜੀ, ਭਾਈ ਗੁਰਦਾਸ ਅਤੇ ਭਾਈ ਨੰਦ ਲਾਲ ਆਦਿ ਸਿੱਖ ਸੇਵਕਾਂ ਵਾਂਗ ਸਿੱਖੀ ਦੀ ਸੇਵਾ ਕਰਨੀ ਨਿੱਕੀ ਉਮਰੇ ਹੀ ਉਨ੍ਹਾਂ ਦੇ ਹਿੱਸੇ ਆ ਗਈ ਸੀ ਜਿਸ ਨੂੰ ਉਨ੍ਹਾਂ ਨੇ ਸਾਰੀ ਉਮਰ ਅਣਥੱਕ ਉਤਸ਼ਾਹ, ਉੱਦਮ ਅਤੇ ਜਿੰਮੇਵਾਰੀ ਨਾਲ ਨਿਭਾਇਆ।ਸਮੁੱਚੇ ਵਿਸ਼ਵੀ ਭੂ-ਖੰਡ ਦੇ ਵੱਖ-ਵੱਖ ਦੇਸ਼ਾਂ ਵਿੱਚ ਬੈਠੀ ਮਾਨਵ ਜਾਤੀ ਤੱਕ ਸਿੱਖੀ ਦੀਆਂ ਬਰੀਕ ਤੋਂ ਬਰੀਕ ਪਰਤਾਂ ਨੂੰ ਸੌਖਿਆਂ ਕਰਕੇ ਪਹੁੰਚਾਉਣ ਤੋਂ ਉਹ ਕਦੇ ਨਹੀਂ ਸਨ ਥੱਕੇ ਜਿਸ ਸਦਕਾ ਉਨ੍ਹਾਂ ਨੂੰ ਤਖਤ ਸ੍ਰੀ ਪਟਨਾ ਸਾਹਿਬ ਤੋਂ ‘ਪੰਥ ਰਤਨ’, ਸ੍ਰੀ ਅਕਾਲ ਤਖਤ ਸਾਹਿਬ ਤੋਂ ‘ਗੁਰਮਤਿ ਵਿੱਦਿਆ ਮਾਰਤੰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਵੱਲੋਂ ‘ਭਾਈ ਗੁਰਦਾਸ ਗੋਲਡ ਐਵਾਰਡ’ ਅਤੇ ਹੋਰ ਬੇਅੰਤ ਪੰਥਕ ਜਥੇਬੰਦੀਆਂ, ਸਿੰਘ ਸਭਾਵਾਂ ਅਤੇ ਮਾਨਵਤਾ ਨੂੰ ਸਮਰਪਿਤ ਸੰਸਥਾਵਾਂ ਵੱਲੋਂ ਅਨੰਤ ਸਨਮਾਨਾਂ ਨਾਲ ਨਿਵਾਜ਼ਿਆ ਗਿਆ ਸੀ।ਸ੍ਰੋਤੇ ਜਿੱਥੇ ਉਨ੍ਹਾਂ ਨੂੰ ਸਤਿਕਾਰ ਵਜੋਂ ‘ਗਿਆਨੀ ਜੀ’ ਆਖਦੇ ਸਨ ਉੱਥੇ ਈ.ਟੀ.ਸੀ. ਪੰਜਾਬੀ ਚੈਨਲ ‘ਗਿਆਨ ਦਾ ਸਾਗਰ’ ਕਹਿ ਕੇ ਸਨਮਾਨਦਾ ਸੀ।ਪੁਰਾਤਨ ਅਤੇ ਪਾਰੰਪਰਿਕ ਵਿਆਖਿਆਕਾਰਾਂ ਨਾਲੋਂ ਵੱਖਰੇ, ਨਵੀਨ, ਅਨੁਭਵੀ, ਵਿਗਿਆਨਕ ਤੇ ਪ੍ਰਭਾਵਸ਼ਾਲੀ ਢੰਗ ਨਾਲ ਬਹੁ ਦਿਸ਼ਾਵੀ ਤੇ ਬਹੁ ਪਾਸਾਰੀ ਵਿਸਲੇਸ਼ਣਾਤਮਕ ਗੁਰਬਾਣੀ ਵਿਆਖਿਆ ਕਰਨ ਵਾਲੇ ਇਸ ਵਿਆਖਿਆਕਾਰ ਨੇ ਭਾਵੇਂ ਸਿੱਖ ਜਗਤ ਵਿੱਚ ਨਿਵੇਕਲੇ ਅਕਾਦਮਿਕ ਮਿਆਰਾਂ ਦੀ ਸਥਾਪਤੀ ਕੀਤੀ ਪ੍ਰੰਤੂ ਅਜੇ ਤੱਕ ਵਿਸ਼ਵ ਵਿਦਿਆਲਿਆਂ ਜਾਂ ਯੂਨੀਵਰਸਿਟੀਆਂ ਵਿੱਚ ਉਨ੍ਹਾਂ ਬਾਰੇ ਕੰਮ ਨਾ ਹੋਇਆ ਹੋਣ ਕਰਕੇ ਅਕਾਦਮਿਕ ਜਗਤ ਵਿੱਚ ਉਨ੍ਹਾਂ ਦੀ ਬਹੁਤੀ ਵਿਚਾਰ-ਚਰਚਾ ਨਹੀਂ ਸਿਵਾ ਇੱਕ ਐਸੇ ਮੌਕੇ ਦੇ ਜਦੋਂ ਗਿਆਨੀ ਸੰਤ ਸਿੰਘ ਮਸਕੀਨ ਜੀ ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਗੁਰਦੁਆਰਾ ਸਾਹਿਬ ਵਿਖੇ ਸਨਮਾਨਿਤ ਹੀ ਨਹੀਂ ਕੀਤਾ ਗਿਆ ਸਗੋਂ ਉਨ੍ਹਾਂ ਦੀ ਗੁਰਬਾਣੀ ਵੀਚਾਰ-ਚਰਚਾ ਨੂੰ ਵੀ ਅਤਿਅੰਤ ਸਰਾਹਿਆ ਗਿਆ।[20] ਸਿੱਖ ਪੰਥ ਦੀਆਂ ਉੱਚੀਆਂ ਹਸਤੀਆਂ ਅਤੇ ਹੋਰ ਬੁੱਧੀ ਜੀਵੀਆਂ, ਜਿਨ੍ਹਾਂ ਦੀ ਲੰਬੇ ਸਮੇਂ ਤੱਕ ਗਿਆਨੀ ਸੰਤ ਸਿੰਘ ਮਸਕੀਨ ਜੀ ਨਾਲ ਸਾਂਝ ਰਹੀ, ਨੇ ਉਨ੍ਹਾਂ ਦੁਆਰਾ ਕੀਤੀ ਗਈ

ਗੁਰਬਾਣੀ ਵਿਆਖਿਆ ਨੂੰ ਸਿੱਖ ਸਾਹਿਤ ਲਈ ਨਾ ਕੇਵਲ ਵਿਸ਼ੇਸ਼ ਮੰਨਿਆ ਹੈ ਸਗੋਂ ਉਨ੍ਹਾਂ ਦੇ ਸਦੀਵੀ ਵਿਛੋੜੇ ਉਪਰੰਤ ਪਏ ਘਾਟੇ ਨੂੰ ਵੀ ਮਹਿਸੂਸ ਕੀਤਾ ਹੈ।ਉੱਘੇ ਲਿਖਾਰੀ, ਵਿਆਖਿਆਕਾਰ ਅਤੇ ਵਾਰਤਕ ਕਾਰ ਪੂਰਨ ਸਿੰਘ ਪਾਂਧੀ ਗਿਆਨੀ ਸੰਤ ਸਿੰਘ ਮਸਕੀਨ ਜੀ ਬਾਰੇ ਲਿਖਦੇ ਹਨ:

> ਨਵੀਨ ਪੰਜਾਬੀ ਸਾਹਿਤ ਦੇ ਪਿਤਾਮਾ ਗੁਰਬਖਸ਼ ਸਿੰਘ ਪ੍ਰੀਤਲੜੀ ਨੇ ਜਿਵੇਂ ਗ਼ੁਰਬਤ ਵਿੱਚ ਮਧੋਲੀ ਹੋਈ ਪੰਜਾਬੀ ਵਾਰਤਕ ਨੂੰ ਪਾਟੇ ਚੀਥੜਿਆਂ ਵਿੱਚੋਂ ਕੱਢ ਕੇ ਉਸ ਦੀਆਂ ਮੀਢੀਆਂ ਗੁੰਦੀਆਂ, ਸੁਰਖੀ ਬਿੰਦੀ ਲਾਈ, ਹਾਰ ਸ਼ਿੰਗਾਰ ਕੀਤਾ ਤੇ ਸਿੰਘਾਸਨ ’ਤੇ ਬਿਠਾਈ। ਹੂ-ਬ-ਹੂ ਇਸੇ ਤਰ੍ਹਾਂ ਮਸਕੀਨ ਜੀ ਨੇ ਪੁਰਾਤਨ ਡੇਰਿਆਂ, ਧਰਮਸ਼ਾਲਾਵਾਂ ਤੇ ਗੁਰਦੁਆਰਿਆਂ ਵਿੱਚ ਸਦੀਆਂ ਤੋਂ ਕੀਤੀ ਜਾਂਦੀ ਪੁਰਾਤਨ ਕਥਾ ਦੇ ਰਵਾਇਤੀ ਢੰਗ ਦੀ ਵਲਗਣ ਵਿੱਚੋਂ ਬਾਹਰ ਕੱਢਣ, ਨਵੀਨ ਬੋਲੀ-ਸ਼ੈਲੀ ਵਿੱਚ ਸਥਾਪਤ ਕਰਨ, ਅਕਾਦਮਿਕ ਤੇ ਵਿੱਦਿਅਕ ਅਦਾਰਿਆਂ, ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਤੱਕ ਕਥਾ ਦਾ ਫੈਲਾਅ ਕਰਨ, ਅਧਿਆਪਕਾਂ, ਪ੍ਰੋਫੈਸਰਾਂ, ਡਾਕਟਰਾਂ, ਗਿਆਨੀਆਂ-ਵਿਗਿਆਨੀਆਂ, ਖੋਜਕਾਰਾਂ ਤੱਕ ਧਾਰਮਿਕ ਕਥਾ ਦਾ ਘੇਰਾ ਮੋਕਲਾ ਤੇ ਵਿਸ਼ਾਲ ਕਰਨ ਦਾ ਅਦੁੱਤੀ ਤੇ ਇਤਿਹਾਸਕ ਕਾਰਜ ਕੀਤਾ।[21]

ਲੇਖਕ, ਕਵੀ ਅਤੇ ਪੱਤਰਕਾਰ ਪ੍ਰਿੰ. ਨਿਰਵੈਰ ਸਿੰਘ ‘ਅਰਸ਼ੀ’ ਸੰਤ ਸਿੰਘ ਮਸਕੀਨ ਜੀ ਦੀ ਪ੍ਰਚਾਰਕ ਸਖਸ਼ੀਅਤ ਨੂੰ ਸੰਬੋਧਤ ਹੋ ਕੇ ਆਖਦੇ ਹਨ:

> ਨਿਰਸੰਦੇਹ ਗਿਆਨੀ ਸੰਤ ਸਿੰਘ ਜੀ ਮਸਕੀਨ ਅਜੋਕੇ ਸਮੇਂ ਦੇ ਮਹਾਨਤਮ ਵਿਦਵਾਨ, ਗੁਰਮਤਿ ਦੇ ਲਾਸਾਨੀ ਵਿਆਖਿਆਕਾਰ, ਬੇਲਾਗ਼ ਤੇ ਬੇਦਾਗ਼ ਸਖ਼ਸ਼ੀਅਤ ਦੇ ਸੁਆਮੀ, ਕੌਮ ਦੀ ਮਾਇਆਨਾਜ਼ ਹਸਤੀ, ਅਣਥੱਕ ਬੁਲਾਰੇ

> ਅਤੇ ਕਲਮ ਦੇ ਧਨੀ ਸਨ, ਜੋ ਜੀਵਨ-ਭਰ ਪੰਥ ਦੀ ਚੜ੍ਹਦੀ ਕਲਾ ਲਈ ਯਤਨਸ਼ੀਲ ਰਹੇ ਅਤੇ ਜਿਨ੍ਹਾਂ ਨੇ ਦੇਸ਼-ਵਿਦੇਸ਼ ਵਿੱਚ ਗੁਰਮਤਿ ਦੇ ਪ੍ਰਚਾਰ ਅਤੇ ਪਸਾਰ ਲਈ ਅਹਿਮ ਯੋਗਦਾਨ ਪਾਇਆ।ਗੁਰੂ ਦੀ ਮਿਹਰ ਸਦਕਾ ਸਿੱਖ ਵਿਦਵਾਨਾਂ ਅਤੇ ਕਥਾਕਾਰਾਂ ਦੀ ਕੌਮ ਵਿੱਚ ਕੋਈ ਘਾਟ ਨਹੀਂ, ਅੱਗੋਂ ਵੀ ਬਹੁਤੇਰੇ ਹੋਣਗੇ, ਲੇਕਿਨ ਮਸਕੀਨ ਜੀ ਵਰਗਾ ਆਲਮ-ਫਾਜ਼ਲ ਅਤੇ ਸਰਬ ਗੁਣ ਸੰਪੰਨ ਦਾਰਸ਼ਨਿਕ ਤੇ ਬੁਲਾਰਾ ਪਤਾ ਨਹੀਂ ਦੁਬਾਰਾ ਕਦੋਂ ਪ੍ਰਾਪਤ ਹੋ ਸਕੇਗਾ।[22]

ਸਿੱਖ ਵਿਦਵਾਨ ਜੋਗਿੰਦਰ ਸਿੰਘ ਵੇਦਾਂਤੀ ਆਪਣੇ ਨਿਵੇਕਲੇ ਅਨੁਭਵੀ ਦ੍ਰਿਸ਼ਟੀਕੋਣ ਤੋਂ ਸੰਤ ਸਿੰਘ ਮਸਕੀਨ ਜੀ ਦੀ ਵਿਆਖਿਆਕਾਰੀ ਨੂੰ ਪਰਖਦੇ ਹੋਏ ਆਖਦੇ ਹਨ:

> ਬਾਣੀ ਵਿਆਖਿਆ ਦਾ ਕਾਰਜ ਇੱਕ ਬਿਖੜਾ ਕਾਰਜ ਹੈ।ਇਸ ਲਈ ਗੁਰ ਕਿਰਪਾ ਦੇ ਨਾਲ-ਨਾਲ ਵਿਸ਼ਾਲ ਗਿਆਨ ਦੀ ਲੋੜ ਹੁੰਦੀ ਹੈ।ਧੀਰਜ ਤੇ ਸੰਜਮ ਰੱਖਣਾ ਵੀ ਜ਼ਰੂਰੀ ਹੁੰਦਾ ਹੈ।ਦਾਸ ਨੂੰ ਪਿਛਲੇ ਕਾਫੀ ਲੰਬੇ ਅਰਸੇ ਤੋਂ ਬਾਣੀ ਦੇ ਅਧਿਐਨ ਤੇ ਵਿਆਖਿਆ ਨਾਲ ਜੁੜੇ ਰਹਿਣ ਦਾ ਸੁਭਾਗ ਹਾਸਲ ਰਿਹਾ ਹੈ।ਇਸ ਸਮੇਂ ਦੌਰਾਨ ਅਨੇਕਾਂ ਵਿਦਵਾਨਾਂ ਦੇ ਟੀਕੇ ਤੇ ਅਰਥ ਪੜ੍ਹਨ ਦਾ ਮੌਕਾ ਬਣਿਆ ਪਰ ਗਿਆਨੀ ਸੰਤ ਸਿੰਘ ਮਸਕੀਨ ਦੁਆਰਾ ਕਈ ਵਾਰ ਕਥਾ-ਵਾਰਤਾ ਕਰਦਿਆਂ ਆਪਣੇ ਅਧਿਆਤਮਕ ਅਨੁਭਵ ਦੇ ਅਧਾਰ 'ਤੇ ਬਾਣੀ ਦੀ ਕੀਤੀ ਜਾਂਦੀ ਵਿਆਖਿਆ ਬਹੁਤ ਹੀ ਉੱਚ ਪਾਏ ਦੀ ਹੁੰਦੀ ਸੀ ਜਿਹੜੀ ਕਿ ਕਿਸੇ ਵੀ ਵਿਦਵਾਨ ਦੁਆਰਾ ਕੀਤੇ ਟੀਕੇ ਵਿੱਚ ਨਹੀਂ ਮਿਲਦੀ।ਅਜਿਹੇ ਅਰਥ ਜੁੜੀ ਹੋਈ ਸੁਰਤਿ ਦੁਆਰਾ ਹੀ ਸੰਭਵ ਹੁੰਦੇ ਹਨ।[23]

1963 ਤੋਂ 1974 ਤੱਕ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਦੇ ਹੈੱਡ ਗ੍ਰੰਥੀ ਰਹਿ ਚੁੱਕੇ, ਗਿਆਨੀ ਚੇਤ ਸਿੰਘ, ਜਿਨ੍ਹਾਂ ਨੇ ਆਪ ਗਿਆਨੀ ਸੰਤ ਸਿੰਘ ਮਸਕੀਨ ਜੀ ਨੂੰ ਦਰਬਾਰ

ਸਾਹਿਬ ਅੰਮ੍ਰਿਤਸਰ ਵਿਖੇ ਕਥਾ ਕਰਨ ਦੀ ਗੁਜ਼ਾਰਿਸ਼ ਕੀਤੀ ਤੇ ਜਿਨ੍ਹਾਂ ਦੀ ਪ੍ਰੇਰਨਾ ਸਦਕਾ ਉਹ ਸੰਨ 1969 ਤੋਂ ਲੈ ਕੇ ਆਜੀਵਨ ਸੰਨ 2004 ਤੱਕ ਹਰ ਸਾਲ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਤੋਂ ਬੰਦੀ ਛੋੜ ਦਿਵਸ (ਦੀਵਾਲੀ) ਤੱਕ ਲਗਭਗ ਇੱਕ ਮਹੀਨੇ ਦੇ ਸਮੇਂ ਲਈ ਲਗਾਤਾਰ 36 ਸਾਲ ਕਥਾ ਕਰਦੇ ਰਹੇ,[24] ਦੇ ਸ਼ਬਦਾਂ ਵਿੱਚ:

> ....ਵੱਡੀ ਖੁਸ਼ੀ ਦੀ ਗੱਲ ਹੈ ਕਿ ਸਿੱਖ-ਜਗਤ ਨੂੰ ਇੱਕ ਅਜਿਹਾ ਵਕਤਾ ਮਿਲਿਆ ਹੈ ਜੋ ਆਪ ਸਿੱਖੀ ਦੇ ਨਿਯਮਾਂ ਵਿੱਚ ਪਰਪੱਕ ਹੈ ਅਤੇ ਸਿੱਖੀ ਦਾ ਮੁੱਦਈ ਬਣ ਕੇ ਦੇਹਧਾਰੀ ਗੁਰੂਆਂ ਤੇ ਪਾਖੰਡੀ ਸਾਧਾਂ ਸੰਤਾਂ ਦੇ ਪਾਖੰਡ ਨੂੰ ਅਤੇ ਨਰਕਧਾਰੀਆਂ ਦੀਆਂ ਝੂਠੀਆਂ ਦੁਕਾਨਾਂ ਦੇ ਪਾਜ ਨੂੰ ਸੰਗਤਾਂ ਸਾਹਮਣੇ ਪਾਸ਼-ਪਾਸ਼ ਕਰ ਦਿੰਦਾ ਹੈ।ਗੁਰਦੁਆਰਿਆਂ ਦੇ ਪ੍ਰਧਾਨਾਂ, ਸਕੱਤਰਾਂ ਆਦਿ ਦੀਆਂ ਕਮਜ਼ੋਰੀਆਂ ਨੂੰ ਭੀ ਬੜੇ ਬੇ-ਲਿਹਾਜ਼ ਹੋ ਕੇ ਮਸਕੀਨ ਜੀ ਪ੍ਰਗਟ ਕਰ ਦਿੰਦੇ ਹਨ, ਸੰਕੋਚ ਨਹੀਂ ਕਰਦੇ।ਇਹ ਸੱਚ ਕਹਿਣ ਦੀ ਬਹਾਦਰੀ ਮਸਕੀਨ ਜੀ ਤੋਂ ਬਿਨਾਂ ਹੋਰ ਕਿਸੇ ਕਥਾ-ਵਾਚਕ, ਗੁਣੀ-ਗਿਆਨੀ ਵਿੱਚ ਘੱਟ ਹੀ ਵੇਖਣ ਵਿੱਚ ਆਈ ਹੈ ਕਿਉਂਕਿ ਮਸਕੀਨ ਜੀ ਦਾ ਆਪਣਾ ਜੀਵਨ ਬੜਾ ਮਹਾਨ ਤੇ ਉੱਚਾ ਹੈ।[25]

ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਰਹਿ ਚੁੱਕੇ ਨਿਰਮਲ ਸਿੰਘ ਖਾਲਸਾ ਜੋ ਕਿ ਸੰਤ ਸਿੰਘ ਮਸਕੀਨ ਜੀ ਦੇ ਬੇਬਾਕ, ਦਾਨਸ਼ਵਰ ਅਤੇ ਜਾਦੂਮਈ ਬੋਲਾਂ ਦੇ ਤਹਿ ਦਿਲੋਂ ਮੁਤਲਾਸ਼ੀ ਸਨ, ਆਖਦੇ ਹਨ:

> ਸਿੱਖ-ਪੰਥ ਦੀ ਸਿਰਮੌਰ ਜਥੇਬੰਦੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਤਮਾਮ ਅਧਿਕਾਰੀ, ਉੱਚ ਧਾਰਮਿਕ ਸਖ਼ਸ਼ੀਅਤਾਂ, ਸਮੁੱਚਾ ਸਟਾਫ, ਸਮੂਹ ਕੀਰਤਨੀਏ ਤੇ ਪ੍ਰਚਾਰਕ ਸਾਹਿਬਾਨ ਸਭ ਉਨ੍ਹਾਂ ਦੇ ਮੁਤਲਾਸ਼ੀ ਸਨ।ਸਮੁੱਚਾ ਪੰਥ ਆਪ ਜੀ ਦਾ ਸਤਿਕਾਰ ਕਰਦਾ

> ਸੀ। ਸਿਆਸੀ ਕੱਦਾਵਾਰ ਲੀਡਰ ਅਤੇ ਸਮੁੱਚੀ ਅਪਸਰਸ਼ਾਹੀ ਵੀ ਆਪ ਜੀ ਦੇ ਗੁਣੀ ਤੇ ਅਮਲੀ ਜੀਵਨ ਤੋਂ ਪ੍ਰਭਾਵਿਤ ਸੀ।ਆਪ ਜੀ ਇੱਕ ਅੱਡਰੀ ਹੀ ਕਿਸਮ ਦੇ ਧਰਮ-ਨਿਰਪੱਖਤਾ ਅਤੇ ਸਰਬ ਸਾਂਝੀਵਾਲਤਾ ਦੇ ਮੁੱਦਈ ਸਨ। ਉਨ੍ਹਾਂ ਦੀ ਇੱਕ ਖਾਸ ਗੱਲ ਇਹ ਸੀ ਕਿ ਬਿਨਾਂ ਕਿਸੇ ਨਸਲੀ ਵਿਤਕਰੇ ਦੇ ਧਰਮ, ਜਾਤ-ਪਾਤ, ਊਚ-ਨੀਚ ਤੇ ਦੂਈ ਦਵੈਸ਼ ਤੋਂ ਉਚੇਰੇ ਸਨ ਤੇ ਹਰ ਇਨਸਾਨ ਨੂੰ ਬਰਾਬਰਤਾ ਦੀ ਨਿਗਾਹ ਨਾਲ ਤੱਕਦੇ ਸਨ।[26]

ਉੱਘੇ ਲੇਖਕ, ਵਿਆਖਿਆਕਾਰ ਅਤੇ ਸੰਤ ਸਿੰਘ ਮਸਕੀਨ ਜੀ ਦੇ ਵਿਦਿਆਰਥੀ ਗਿਆਨੀ ਗੁਰਵਿੰਦਰ ਸਿੰਘ ਕੋਮਲ ਆਖਦੇ ਹਨ:

> ........ਗੁਰੂ ਸੁਆਰੇ ਗੁਰਸਿੱਖਾਂ ਦੀ ਸ਼ਰੇਣੀ ਅੰਦਰ ਸੁਸ਼ੋਭਿਤ ਨਿਰਛਲ ਤੇ ਨਿਸ਼ਕਪਟ ਵਿਸ਼ਾਲ ਹਿਰਦੇ ਦੇ ਮਾਲਕ, ਆਪਣੇ ਸਤਿਗੁਰੂ ਜੀ ਲਈ ਡੂੰਘੀ ਭਾਵਨਾ ਰੱਖਣ ਵਾਲੇ, ਸਿੱਖੀ ਗੌਰਵਤਾ ਨੂੰ ਸਮਰਪਿਤ, ਨਾਮ ਦੇ ਪਰਮ ਰਸੀਏ, ਗੁਰ-ਸ਼ਬਦ ਦੇ ਖੋਜੀ, ਸੱਚ ਦੀ ਤੜਪ ਰੱਖਣ ਵਾਲੇ, ਗੁਰਬਾਣੀ ਦੇ ਚਾਨਣੇ ਵਿੱਚ ਰੌਸ਼ਨ ਜ਼ਮੀਰ ਵਾਲੇ, ਹਉਮੈ ਤੋਂ ਬੇਲਾਗ਼, ਪੰਥਕ ਏਕਤਾ ਦੇ ਮੁੱਦਈ, ਕਥਨੀ ਕਰਨੀ ਦੇ ਧਨੀ, ਗੁਰਮਤਿ ਪ੍ਰਚਾਰ ਦੇ ਚਾਓ ਨਾਲ ਸਰਸ਼ਾਰ ਤੇ ਮਨੁਖਤਾ ਦੇ ਸੱਚੇ-ਸੁੱਚੇ ਹਮਦਰਦ ਸਨ ਮਹਾਂਪੁਰਸ਼ ਗਿਆਨੀ ਸੰਤ ਸਿੰਘ ਜੀ ਮਸਕੀਨ।[27]

ਡਾ. ਹਿੰਮਤ ਸਿੰਘ ਦੇ ਵਿਚਾਰ ਵੀ ਇਸੇ ਪ੍ਰਸੰਗ ਵਿੱਚ ਜ਼ਿਕਰ ਯੋਗ ਹਨ:

> ਮਸਕੀਨ ਜੀ ਦਾ ਫ਼ਾਰਸੀ-ਉਰਦੂ-ਸੰਸਕ੍ਰਿਤ-ਸੰਗੀਤ-ਮਨੋਵਿਗਿਆਨ ਆਦਿ ਤੋਂ ਜਾਣੂ ਹੋਣਾ ਉਨ੍ਹਾਂ ਦੀ ਪ੍ਰਤਿਭਾ ਦੇ ਨਿਰਧਾਰਤ ਕਰਨ ਵਿੱਚ ਵਿਸ਼ੇਸ਼ ਤੌਰ ’ਤੇ ਸਹਾਈ ਹੋਏ ਸਨ।....ਗਿਆਨੀ ਜੀ ਗੁਰਬਾਣੀ ਗੁਹਜ ਦੇ ਨਾਲ-ਨਾਲ

> ਭਾਈ ਗੁਰਦਾਸ, ਭਾਈ ਮਨੀ ਸਿੰਘ, ਭਾਈ ਨੰਦ ਲਾਲ 'ਗੋਯਾ', ਹਾਫ਼ਿਜ਼ ਸ਼ਰਿਾਜ਼ੀ, ਜਲਾਲ-ਉਦ-ਦੀਨ ਰੂਮੀ, ਸ਼ੇਖ਼ ਸਾਅਦੀ, ਰਾਬੀਆ ਬਸਰੀ, ਜ਼ਰਤੁਸ਼ਤ, ਸ਼ੰਕਰਾਚਾਰੀਆ, ਭਰਥਰਿ ਹਰੀ, ਵੇਦ-ਉਪਨਿਸ਼ਦ, ਹੋਰ ਸਾਰੇ ਧਰਮ-ਗ੍ਰੰਥ, ਅਫ਼ਲਾਤੂਨ, ਅਰਸਤੂ, ਸੁਕਰਾਤ ਆਦਿ ਸੈਂਕੜੇ ਪਹੁੰਚੇ ਹੋਏ ਮਨੁੱਖੀ 'ਧ੍ਰੂ ਤਾਰਿਆਂ' ਦਾ ਜ਼ਿਕਰ ਕਰਦੇ ਰਹਿੰਦੇ ਸਨ।...'ਸੰਸਥਾਗਤ ਪਛਾਣ' ਜਿਸ ਨੂੰ 'ਮਸਕੀਨ' ਕਹਿੰਦੇ ਸਨ, ਆਖ਼ਰ ਬਿਖ਼ਰ-ਵਿਛੜ ਗਈ ਪਰ ਉਨ੍ਹਾਂ ਦੀ ਦਿਲਕਸ਼ 'ਸਮੁੱਚਤਾ' (totality) ਉਨ੍ਹਾਂ ਦੇ ਕਦਰਦਾਨਾਂ ਲਈ ਜਿਉਂਦੀ-ਜਾਗਦੀ ਹੀ ਬਣੀ ਰਹੇਗੀ।[28]

ਉਪਰੋਕਤ ਵਿਚਾਰਾਂ ਅਨੁਸਾਰ ਗਿਆਨੀ ਸੰਤ ਸਿੰਘ ਮਸਕੀਨ ਜੀ ਦੀ ਸ਼ਖਸੀਅਤ ਬਾਰੇ ਸਾਰ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਸਮਕਾਲੀ ਵਿਦਵਾਨਾਂ, ਸੰਗੀਆਂ-ਸਾਥੀਆਂ ਅਤੇ ਆਪਣੇ ਵਿਦਿਆਰਥੀਆਂ ਦੀਆਂ ਨਜ਼ਰਾਂ ਵਿੱਚ ਗਿਆਨੀ ਸੰਤ ਸਿੰਘ ਮਸਕੀਨ ਜਿੱਥੇ ਇੱਕ ਸੰਸਥਾ ਵਾਂਗ ਪੂਰੀ ਦੁਨੀਆ ਅੰਦਰ ਸੱਚ ਦੇ ਖੋਜੀ ਬਣ ਕੇ ਵਿਚਰੇ ਉੱਥੇ ਧਾਰਮਿਕ ਕਥਾਕਾਰਾਂ ਦੀ ਸ਼ਰੇਣੀ ਵਿੱਚ ਗਹਿਰ-ਗੰਭੀਰ ਫਿਲਾਸਫਰ ਅਤੇ ਨਿਰਮਲ ਸ਼ਖਸੀਅਤ ਦੇ ਸਿਦਕੀ ਪ੍ਰਚਾਰਕ ਬਣ ਕੇ ਨਿੱਤਰੇ।ਅਨੇਕ ਭਾਸ਼ਾਵਾਂ ਅਤੇ ਗ੍ਰੰਥਾਂ ਦਾ ਗਿਆਨ ਹੋਣ ਦੇ ਬਾਵਜੂਦ ਉਨ੍ਹਾਂ ਨੇ ਅਜਿਹਾ ਨਿਰਮਾਣ ਅਤੇ ਹੰਕਾਰ-ਰਹਿਤ ਜੀਵਨ ਜੀਵਿਆ ਕਿ ਗ੍ਰਹਿਸਥ, ਮਾਇਆ, ਮਾਨ-ਸਨਮਾਨ ਨੂੰ ਗੁਰੂ ਦੀ ਬਖਸ਼ਿਸ਼ ਆਖ ਕੇ ਸਹਿਜ ਰਹੇ।ਮੌਜੂਦਾ ਦੌਰ ਅੰਦਰ ਜਿੱਥੇ ਉਨ੍ਹਾਂ ਨੇ ਗੁਰਮਤਿ ਰਾਹੀਂ ਸਮੁੱਚੀ ਮਾਨਵਤਾ ਵਿੱਚੋਂ ਕੁਰੀਤੀਆਂ ਅਤੇ ਵਿਕਾਰਾਂ ਨੂੰ ਦੂਰ ਕਰਨ ਦੇ ਉਪਰਾਲੇ ਕੀਤੇ ਉੱਥੇ ਆਪਣਾ ਪਰਉਪਕਾਰੀ ਤੇ ਬੇਦਾਗ਼ ਨਿਰਲੇਪ ਜੀਵਨ ਮਾਨਵੀ ਸਮਾਜ ਵਿੱਚ ਮਿਸਾਲ ਬਣਾ ਕੇ ਪੇਸ਼ ਕੀਤਾ।

## 5.3 ਸੰਤ ਸਿੰਘ ਮਸਕੀਨ ਜੀ: ਨਿਰਮਲਾ ਪ੍ਰਣਾਲੀ ਦੇ ਪ੍ਰਸੰਗ ਵਿੱਚ

ਮਹੰਤ ਦਿਆਲ ਸਿੰਘ ਨੇ ਆਪਣੇ 'ਨਿਰਮਲ ਪੰਥ ਦਰਸ਼ਨ' ਨਾਮੀ ਇਤਿਹਾਸਕ ਗ੍ਰੰਥ ਵਿੱਚ ਨਿਰਮਲਾ ਪ੍ਰਣਾਲੀ ਦੇ ਆਰੰਭ ਤੋਂ ਲੈ ਕੇ ਵਰਤਮਾਨ ਤੱਕ ਹੋਏ ਸਾਰੇ ਡੇਰਿਆਂ ਦੇ ਇਤਿਹਾਸ ਨੂੰ ਜਿਨ੍ਹਾਂ 33 ਸੰਪ੍ਰਦਾਇਆਂ ਵਿੱਚ ਵੰਡਿਆ ਹੈ ਉਨ੍ਹਾਂ ਦੇ ਨਾਮ ਇਸ ਪ੍ਰਕਾਰ ਹਨ

– ਸੰਪ੍ਰਦਾਇ ਠਾਕੁਰਾਂ, ਨੌਰੰਗਾਬਾਦ, ਹੋਤੀ ਮਰਦਾਨ, ਦੁਭੇਰਨੀ, ਭਗੀਰਥੀ, ਗੰਧੀਆਂ, ਮੰਗਵਾਲ, ਪੰਡੋਰੀ ਨਿੱਝਰਾਂ, ਖਡੂਰੀਆਂ, ਕੁਬੇਰੀਆਂ, ਬਿਲੌਂਗੀ, ਠਾਕੁਰ ਬਹਾਲ ਸਿੰਘ, ਗੁਰੂਸਰੀਆ, ਗਿਰਵੜੀ, ਬਰਨਾਲਾ, ਡਰੋਲੀ, ਮੁਕਤਸਰੀਆਂ, ਮਹਿਮੇਸ਼ਾਹੀਆਂ, ਜਲਾਲ, ਸੇਖਵਾਂ ਦੋਦਾਂ, ਠਕਿਰੀ ਵਾਲਾ, ਦੌਦਰ, ਗੁਰੂ ਮਾਂਗਟ, ਨਗਾਲੀ ਸਾਹਿਬ, ਕਾਸ਼ੀ, ਰਾਮ ਤੀਰਥੀਆਂ, ਅੱਡਣਸ਼ਾਹੀ ਨਿਰਮਲੇ, ਬਾਬਾ ਗੁਰਮੁਖ ਸਿੰਘ, ਦਮਦਮੀਆਂ, ਬਾਬਾ ਕੂਮਾ ਸਿੰਘ, ਅਯੁੱਧਿਆ ਵਾਸੀ, ਬ੍ਰਿੰਦਾਬਨੀਏ, ਕਾਦੀਆਂ।[29] ਇਨ੍ਹਾਂ ਸੰਪ੍ਰਦਾਇਆਂ ਦੇ ਡੇਰੇ ਪ੍ਰਮੁੱਖ ਸ਼ਹਿਰਾਂ ਵਿੱਚ ਸਥਾਪਿਤ ਹੁੰਦੇ ਸਨ ਜਿੱਥੇ ਰਹਿ ਕੇ ਵਿਦਿਆਰਥੀ ਧਰਮ-ਗ੍ਰੰਥਾਂ, ਹੋਰ ਅਨੇਕਾਂ ਗ੍ਰੰਥਾਂ, ਗੁਰਬਾਣੀ ਵਿਆਖਿਆ, ਕੀਰਤਨ, ਕਥਾ, ਆਯੁਰਵੇਦ, ਜੋਤਿਸ਼, ਭਾਸ਼ਾਵਾਂ ਅਤੇ ਸੱਭਿਆਚਾਰ ਆਦਿ ਦੀ ਸਿੱਖਿਆ ਲੈ ਕੇ ਵਿਦਵਾਨ ਬਣਦੇ ਸਨ।ਕਥਾ-ਕੀਰਤਨ ਕਰਨ ਦਾ ਆਰੰਭ ਭਾਵੇਂ ਗਿਆਨੀ ਸੰਤ ਸਿੰਘ ਮਸਕੀਨ ਜੀ ਨੇ ਨਿਰਮਲੇ ਵਿਦਵਾਨਾਂ ਨੂੰ ਮਿਲਣ ਤੋਂ ਪਹਿਲਾਂ ਹੀ ਕਰ ਲਿਆ ਸੀ ਪ੍ਰੰਤੂ ਨਿਰਮਲਿਆਂ ਦੀ ‘ਠਾਕੁਰਾਂ’ ਸੰਪਰਦਾਇ ਵਿੱਚੋਂ ਬਾਬਾ ਬਲਵੰਤ ਸਿੰਘ ਜੋ ਡੇਰਾ ਨਿਰਮਲ ਬਾਗ, ਕਨਖਲ, ਹਰਿਦੁਆਰ ਦੇ ਗੁਰੂ ਗ੍ਰੰਥ ਸਾਹਿਬ ਦੇ ਟਕਸਾਲੀ ਗਿਆਨੀ ਸਨ[30], ਪਾਸੋਂ ਪ੍ਰਾਪਤ ਹੋਈ ਵਿੱਦਿਆ ਨੇ ਉਨ੍ਹਾਂ ਦੇ ਗੁਰਬਾਣੀ ਸੰਬੰਧੀ ਗਿਆਨ ਨੂੰ ਹੋਰ ਨਿਖਾਰਿਆ ਅਤੇ ਇੱਕ ਨਿਸ਼ਚਿਤ ਦਿਸ਼ਾ ਵਿੱਚ ਗਿਆਨ ਦੇ ਕੇ ਉਨ੍ਹਾਂ ਦੇ ਵਿਚਾਰਾਂ ਵਿੱਚ ਪਰਪੱਕਤਾ, ਦ੍ਰਿੜਤਾ ਅਤੇ ਗੰਭੀਰਤਾ ਪੈਦਾ ਕਰ ਦਿੱਤੀ।ਇਸ ਸੰਦਰਭ ਵਿੱਚ ਗੁਰਬਾਣੀ ਵਿਆਖਿਆ ਦੀ ਨਿਰਮਲਾ ਪ੍ਰਣਾਲੀ ਦੇ ਕੁਝ ਵਿਸ਼ੇਸ਼ ਵਿਵਹਾਰਕ ਪੱਖਾਂ ਨੂੰ ਸਮਝਣਾ ਵੀ ਜ਼ਰੂਰੀ ਹੈ ਤਾਂ ਕਿ ਇਸ ਪ੍ਰਭਾਵ ਵਿੱਚੋਂ ਗਿਆਨੀ ਸੰਤ ਸਿੰਘ ਮਸਕੀਨ ਜੀ ਦੀ ਸ਼ਖਸੀਅਤ ਤੇ ਉਨ੍ਹਾਂ ਵਿੱਚ ਆਏ ਬਦਲਾਵ ਜਾਂ ਵਿਕਾਸ ਬਾਰੇ ਵੀ ਰੌਸ਼ਨੀ ਪੈ ਸਕੇ।

ਸੰਸਕ੍ਰਿਤ ਸ਼ਬਦ ‘ਨਿਰਮਲ’ ਦਾ ਸ਼ਾਬਦਿਕ ਅਰਥ ਭਾਵੇਂ ਮੈਲ-ਰਹਿਤ ਜਾਂ ਪਵਿੱਤਰ ਹੈ ਪਰ ਗੁਰਬਾਣੀ ਦੇ ਵਾਕਾਂ

ਸਬਦਿ ਰਤੇ ਸੇ ਨਿਰਮਲੇ....॥[31]

ਨਾਨਕ ‘ਸੰਤ ਨਿਰਮਲ’ ਭਏ ਜਿਨ ਮਨਿ ਵਸਿਆ ਸੋਇ॥[32]

ਅਨੁਸਾਰ ਜਿਨ੍ਹਾਂ ਗੁਰੂ ਸਿੱਖਾਂ ਨੇ ਆਪਣੀ ਚਿੱਤ-ਬਿਰਤੀ ਨੂੰ ਗੁਰ ਸ਼ਬਦ ਨਾਲ ਜੋੜ ਲਿਆ ਅਤੇ ਜੋ ਮਾਇਆਵੀ ਖਿੱਚ ਤੋਂ ਉੱਪਰ ਉੱਠੇ ਤੇ ਪਰਮ ਸਤਿ ਨਾਲ ਜੁੜ ਗਏ, ਨਿਰਮਲ ਸੰਤ

ਅਖਵਾਏ।ਉੱਚੀ ਵਿੱਦਿਆ ਅਤੇ ਉੱਚੀ ਚਿੱਤ-ਬਿਰਤੀ ਹੋਣ ਕਾਰਨ ਇਨ੍ਹਾਂ ਦੇ ਨਾਵਾਂ ਨਾਲ 'ਸੰਤ', 'ਸਾਧੂ', 'ਪੰਡਤ', 'ਮਹੰਤ' ਅਤੇ 'ਸ਼ਾਸਤਰੀ' ਆਦਿ ਪਦ ਵੀ ਜੋੜ ਦਿੱਤੇ ਗਏ।

ਗੁਰਸ਼ਬਦ ਨਾਲ ਜੁੜੀ ਹੋਈ ਉੱਚੀ ਚਿੱਤ-ਬਿਰਤੀ ਵਾਲੇ ਗਿਆਨੀ ਸੰਤ ਸਿੰਘ ਮਸਕੀਨ ਜੀ ਨੇ ਭਾਵੇਂ ਨਿਰਮਲਿਆਂ ਦੇ ਸਭ ਤੋਂ ਪੁਰਾਤਨ 'ਕਨਖਲ' ਵਾਲੇ ਵਿਦਿਆਲੇ 'ਨਿਰਮਲ ਬਾਗ' ਵਿੱਚ ਗੁਰਸ਼ਬਦ ਦੀ ਟਕਸਾਲ ਚਲਾਉਣ ਵਾਲੇ ਬਾਬਾ ਬਲਵੰਤ ਸਿੰਘ ਪਾਸੋਂ ਗੁਰਬਾਣੀ-ਵਿਆਕਰਣ ਅਤੇ ਵਿਆਖਿਆਕਾਰੀ ਦੇ ਨਾਲ-ਨਾਲ ਪੁਰਾਤਨ ਭਾਰਤੀ ਸ਼ਾਸਤਰ ਵਿੱਦਿਆ ਦਾ ਗੂੜ੍ਹ ਗਿਆਨ ਹਾਸਲ ਕੀਤਾ ਤੇ ਮੌਖਿਕ ਕਥਾ-ਵਾਰਤਾ ਦੀ ਪਰੰਪਰਾ ਨੂੰ ਅੱਗੇ ਜਾਰੀ ਰੱਖਣ ਵਾਲੇ ਵਿਸ਼ਵ ਵਿਆਪੀ ਕਥਾਵਾਚਕ ਅਤੇ ਸਿੱਖ ਪ੍ਰਚਾਰਕ ਬਣੇ।ਫਿਰ ਪੂਰਨ ਗੁਰਮਤਿ ਰਹਿਤ-ਮਰਯਾਦਾ ਵਿੱਚ ਰਹਿੰਦੇ ਹੋਏ ਜੀਵਨ ਭਰ ਭਾਰਤੀ ਧਾਰਮਿਕ ਅਧਿਐਨ-ਪਰੰਪਰਾ ਵਿੱਚ ਗੁਰੂ ਨਾਨਕ ਮਤ ਦਾ ਗੌਰਵ ਸਥਾਪਿਤ ਕਰਦੇ ਰਹੇ ਪ੍ਰੰਤੂ ਉਨ੍ਹਾਂ ਦੁਆਰਾ ਕੀਤੀ ਗਈ ਗੁਰਬਾਣੀ-ਵਿਆਖਿਆ ਦੀ ਸ਼ੈਲੀ ਪ੍ਰੰਪਰਾਵਾਦੀ ਨਿਰਮਲੇ ਵਿਆਖਿਆਕਾਰਾਂ ਨਾਲੋਂ ਵੱਖ ਰਹੀ।

ਬੈਰਾਗੀ ਬਿਰਤੀ ਦੇ ਪੜ੍ਹੇ-ਲਿਖੇ ਨਿਰਮਲੇ ਸੰਤ ਗੁਰੂ ਨਾਨਕ ਦੇ ਸਿਧਾਂਤ ਦਾ ਪ੍ਰਚਾਰ ਕਰਨ ਹਿੱਤ ਮੰਡਲੀਆਂ ਲੈ ਕੇ ਪਿੰਡਾਂ, ਨਗਰਾਂ ਅਤੇ ਸ਼ਹਿਰਾਂ ਵਿੱਚ ਕਥਾ-ਵਾਰਤਾ ਰਾਹੀਂ ਗੁਰਮਤਿ ਦਾ ਪ੍ਰਚਾਰ ਕਰਦੇ ਸਨ।ਸ਼ਾਸਤ੍ਰਾਰਥਾਂ ਦੁਆਰਾ ਪ੍ਰਚਾਰ ਕਰਨ ਦੇ ਨਾਲ-ਨਾਲ ਭਾਵੇਂ ਇਹ ਗੇਰੂਏ ਜਾਂ ਚਿੱਟੇ ਬਸਤਰ ਧਾਰਨ ਕਰਦੇ ਸਨ ਪਰ ਗੁਰਬਾਣੀ ਦੇ ਪ੍ਰਭਾਵ ਸਦਕਾ ਇਹ ਸਨਾਤਨੀ ਪਰੰਪਰਾ ਤੋਂ ਉਲਟ ਸਿਲਾਈ ਕੀਤੇ ਹੋਏ ਕੱਪੜੇ ਵੀ ਪਹਿਨਦੇ ਸਨ।ਸੰਤ ਸਿੰਘ ਮਸਕੀਨ ਜੀ ਨੇ ਨਿਰਮਲਿਆਂ ਵਾਂਗ ਗੇਰੂਏ ਜਾਂ ਚਿੱਟੇ ਬਸਤਰ ਧਾਰਨ ਨਹੀਂ ਕੀਤੇ ਸਗੋਂ ਉਹ ਖੁੱਲ੍ਹਾ ਕੁੜਤਾ, ਪਜਾਮਾ ਪਾ ਕੇ ਕਾਲੀ ਦਸਤਾਰ ਸਜਾਉਂਦੇ ਅਤੇ ਮੋਢੇ ਤੇ ਇੱਕ ਲੋਈ ਜਾਂ ਚਾਦਰ ਰੱਖਦੇ ਸਨ ਮਗਰੋਂ ਉਨ੍ਹਾਂ ਦੇ ਸ਼ਾਗਿਰਦਾਂ ਨੇ ਵੀ ਉਨ੍ਹਾਂ ਦੀ ਰਹਿਣੀ-ਬਹਿਣੀ ਤੇ ਪਹਿਰਾਵੇ ਨੂੰ ਅਪਣਾ ਲਿਆ।ਉਹ ਨਿਰਮਲ ਪਰੰਪਰਾ ਅਨੁਸਾਰ ਮੰਡਲੀਆਂ ਵਿੱਚ ਜਾ ਕੇ ਤਾਂ ਗੁਰਮਤਿ ਦਾ ਪ੍ਰਚਾਰ ਨਹੀਂ ਕਰਦੇ ਸਨ ਪਰ ਉਨ੍ਹਾਂ ਦੇ ਵਿਦਿਆਰਥੀਆਂ, ਸ਼ਾਗਿਰਦਾਂ, ਕਵੀਆਂ, ਕਥਾਕਾਰਾਂ ਅਤੇ ਕੀਰਤਨੀਆਂ ਨੇ ਉਨ੍ਹਾਂ ਦੀ ਸੰਗਤ ਨੂੰ ਮਾਨਣ ਲਈ ਇੱਕ ਵਹੀਰ ਦਾ ਰੂਪ ਧਾਰਨ ਕਰ ਲਿਆ ਜੋ ਕਥਾ ਸਿੱਖਣ ਅਤੇ ਅਭਿਆਸ ਕਰਨ ਦੇ ਉਦੇਸ਼ ਨਾਲ ਉਨ੍ਹਾਂ

ਨਾਲ ਤੁਰਦੇ ਸਨ ਤੇ ਸਟੇਜ਼ ਤੇ ਕਥਾ, ਕੀਰਤਨ ਜਾਂ ਕਵਿਤਾ ਦੇ ਰੂਪ ਵਿੱਚ ਗੁਰਮਤਿ ਪਰਚਾਰ ਵੀ ਕਰਦੇ ਸਨ। ਇਸੇ ਲਈ ਇਸ ਨੂੰ ਉਹ 'ਗੁਰਮਤਿ ਪ੍ਰਚਾਰ ਵਹੀਰ' ਦਾ ਨਾਮ ਦਿੰਦੇ ਸਨ।

ਸਿੱਖ ਰਾਜ ਦੇ ਸਮੇਂ ਇਨ੍ਹਾਂ ਨਿਰਮਲਿਆਂ ਨੇ ਗੁਰਬਾਣੀ ਪ੍ਰਚਾਰ ਹਿੱਤ ਸਾਰੇ ਭਾਰਤ ਦੇ ਪ੍ਰਸਿੱਧ ਤੀਰਥਾਂ ਤੇ ਗੁਰਮਤਿ ਦੇ ਧਰਮ ਕੇਂਦਰਾਂ ਦੇ ਰੂਪ ਵਿੱਚ ਉੱਚ ਕੋਟੀ ਦੇ ਡੇਰੇ, ਮਠ, ਅਖਾੜੇ, ਬੁੰਗੇ ਅਤੇ ਵਿਦਿਆਲੇ ਕਾਇਮ ਕਰ ਲਏ ਸਨ ਜਿੱਥੇ ਰਹਿ ਕੇ ਉਨ੍ਹਾਂ ਨੇ ਨਾ ਕੇਵਲ ਸੈਂਕੜੇ ਸਿੱਖਾਂ ਨੂੰ ਬਾਣੀ ਦੇ ਭਾਵ-ਅਰਥ ਸਿਖਾਏ, ਸਗੋਂ ਗੁਰਬਾਣੀ ਸਿਧਾਂਤਾਂ ਅਤੇ ਗੁਰ ਇਤਿਹਾਸ ਸੰਬੰਧੀ ਵਿਸ਼ੇਸ਼ ਗ੍ਰੰਥਾਂ ਦੀ ਰਚਨਾ ਵੀ ਕੀਤੀ ਜਿਵੇਂ ਗੁਰਪ੍ਰਤਾਪ ਸੂਰਜ ਗ੍ਰੰਥ (ਕ੍ਰਿਤ ਭਾਈ ਸੰਤੋਖ ਸਿੰਘ), ਗੁਰਮਤਿ ਨਿਰਣਯ ਸਾਗਰ (ਕ੍ਰਿਤ ਤਾਰਾ ਸਿੰਘ ਨਰੋਤਮ) ਅਤੇ ਸ੍ਰੀ ਗੁਰੂ ਨਾਨਕ ਪ੍ਰਕਾਸ਼ ਤੇ ਸ੍ਰੀ ਗੁਰੂ ਪੰਥ ਪ੍ਰਕਾਸ਼ (ਕ੍ਰਿਤ ਗਿਆਨੀ ਗਿਆਨ ਸਿੰਘ) ਆਦਿ ਗ੍ਰੰਥਾਂ ਦੀ ਦੇਣ ਦਿੱਤੀ। ਇਤਿਹਾਸ ਗਵਾਹ ਹੈ ਕਿ ਗੁਰਬਾਣੀ ਦੇ ਵਿਸ਼ਲੇਸ਼ਣ ਅਤੇ ਵਿਆਖਿਆ ਦੇ ਨਾਲ-ਨਾਲ ਸਿੱਖ ਸਾਹਿਤ ਰਚਣ ਦਾ ਬਹੁਤਾ ਕਾਰਜ ਇਸੇ ਪ੍ਰਣਾਲੀ ਅਧੀਨ ਹੋਇਆ[33] ਜੋ ਕਿ ਮੁਢਲੇ ਤੌਰ ਉੱਤੇ ਦੋ ਰੂਪਾਂ ਵਿੱਚ ਪ੍ਰਾਪਤ ਹੁੰਦਾ ਹੈ - ਇੱਕ ਭਾਰਤੀ ਦਰਸ਼ਨ ਪ੍ਰਣਾਲੀ ਬਾਰੇ ਤੇ ਦੂਸਰਾ ਗੁਰਮਤਿ ਗਿਆਨ ਬਾਰੇ। ਡਾ. ਪਿਆਰਾ ਸਿੰਘ ਪਦਮ ਨਿਰਮਲੇ ਵਿਦਵਾਨਾਂ ਦੀ ਧਾਰਮਿਕ ਸੇਵਾ ਸੰਬੰਧੀ ਇੰਝ ਆਖਦੇ ਹਨ:

> ਵਿੱਦਿਆਵਾਨ ਪੁਰਸ਼ ਦੀ ਵਿੱਦਿਆ ਦਾ ਪ੍ਰਕਾਸ਼ ਦੋ ਹੀ ਤਰ੍ਹਾਂ ਹੁੰਦਾ ਹੈ : ਜ਼ੁਬਾਨ ਦੁਆਰਾ ਤੇ ਕਲਮ ਰਾਹੀਂ। ਨਿਰਮਲੇ ਵਿਦਵਾਨਾਂ ਨੇ ਜਿੱਥੇ ਕਥਾ ਵਾਰਤਾ ਦੁਆਰਾ ਪੰਜਾਬ ਦੇ ਲੋਕਾਂ ਨੂੰ ਕ੍ਰਿਤਾਰਥ ਕੀਤਾ ਤੇ ਥਾਂ-ਥਾਂ ਵਿੱਦਿਆ ਪ੍ਰਦਾਨ ਕਰਕੇ ਜਨ ਸਾਧਾਰਣ ਨੂੰ ਸੁਸਿੱਖਿਅਤ ਕੀਤਾ ਹੈ, ਉੱਥੇ ਅਨੇਕ ਪ੍ਰਕਾਰ ਦੇ ਗ੍ਰੰਥ ਰਚ ਕੇ ਸਿੱਖ ਧਰਮ ਦੀ ਸੇਵਾ ਕੀਤੀ ਹੈ।[34]

ਇਨ੍ਹਾਂ ਡੇਰਿਆਂ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਸੰਥਿਆ ਅਤੇ ਕੀਰਤਨ ਤੋਂ ਇਲਾਵਾ ਸ਼ਬਦਾਰਥ, ਵੇਦ-ਵਿੱਦਿਆ, ਸਿੱਖਿਆ, ਜੋਤਿਸ਼, ਨਿਰੁਕਤ, ਪਿੰਗਲ, ਨਿਆਇ, ਮੀਮਾਂਸਾ, ਵੇਦਾਂਤ, ਖਟ-ਸ਼ਾਸਤਰ, ਪ੍ਰੇਮ ਸੁਮਾਰਗ, ਭਾਵਰਸਾਮ੍ਰਿਤ, ਸਾਰੁਕਤਾਵਲੀ, ਵੈਰਾਗ ਸ਼ਤਕ, ਵਿਆਕਰਣ, ਅਧਿਆਤਮ ਰਾਮਾਯਣ, ਮੋਖ ਪੰਥ ਪ੍ਰਕਾਸ਼, ਨੂਰੀ ਝਲਕਾਂ, ਨੂਰੀ ਜੀਵਨ, ਵਿਚਾਰ ਸਾਗਰ, ਸਾਖੀ ਪ੍ਰਮਾਣ, ਛੰਦ ਸ਼ਾਸਤ੍ਰ, ਅਲੰਕਾਰ, ਕਾਵਯ ਅਤੇ ਆਯੁਰਵੇਦ ਆਦਿ

ਗ੍ਰੰਥ ਪੜ੍ਹਾਉਣ ਅਤੇ ਰਾਗ ਵਿੱਦਿਆ ਸਿਖਾਉਣ ਦਾ ਵੀ ਖਾਸ ਪ੍ਰਬੰਧ ਹੁੰਦਾ ਸੀ।[35] 'ਨਿਰਮਲ ਬਾਗ' ਕਨਖਲ ਵਿਖੇ ਰਹਿ ਕੇ ਸੰਤ ਸਿੰਘ ਮਸਕੀਨ ਜੀ ਨੇ ਵੀ ਉਪਰੋਕਤ ਸਾਰੇ ਹੀ ਗ੍ਰੰਥਾਂ ਦਾ ਅਧਿਐਨ ਕਰ ਲਿਆ ਸੀ। ਇਨ੍ਹਾਂ ਗ੍ਰੰਥਾਂ ਰਾਹੀਂ ਮਿਲੇ ਅਥਾਹ ਗਿਆਨ ਨੂੰ ਉਨ੍ਹਾਂ ਨੇ ਕੰਠਸਥ ਕਰਕੇ ਬਾਅਦ ਵਿੱਚ ਵੱਡੇ ਪੱਧਰ ਉੱਤੇ ਸਿੱਖੀ ਦਾ ਪ੍ਰਚਾਰ ਵੀ ਕੀਤਾ ਤੇ ਸ੍ਰੋਤਿਆਂ ਦੀ ਮੰਗ ਅਨੁਸਾਰ ਲਿਖਤੀ ਸਾਹਿਤ ਦੀ ਰਚਨਾ ਵੀ ਕੀਤੀ।

ਨਿਰਮਲੇ ਵਿਦਵਾਨਾਂ ਨੇ ਵੇਦਾਂਤ ਉੱਤੇ ਵੀ ਪੁਸਤਕਾਂ ਲਿਖੀਆਂ ਇਸ ਕਰਕੇ ਆਮ ਸਿੱਖਾਂ ਵਿੱਚ ਇਹ ਭੁਲੇਖੇ ਪੈ ਗਏ ਕਿ ਇਨ੍ਹਾਂ ਨੇ ਗੁਰਮਤਿ ਵਿਚਾਰਧਾਰਾ ਨੂੰ ਤਿਆਗ ਕੇ ਵੱਖਰਾ ਸੰਪ੍ਰਦਾਇ ਤੋਰ ਲਿਆ ਹੈ ਭਾਵੇਂ ਵੱਖ-ਵੱਖ ਸਮਿਆਂ ਉੱਤੇ ਇਸ ਸੰਬੰਧੀ ਇਨ੍ਹਾਂ ਨੇ ਪੁਸਤਕਾਂ ਲਿਖ ਕੇ ਇਹ ਸਾਬਿਤ ਕੀਤਾ ਕਿ ਉਹ ਗੁਰਮਤਿ ਵਿਚਾਰਧਾਰਾ ਨੂੰ ਹੀ ਪ੍ਰਮਾਣਾਂ ਅਤੇ ਹਵਾਲਿਆਂ ਸਹਿਤ ਉਜਾਗਰ ਕਰਦੇ ਹਨ ਪ੍ਰੰਤੂ ਇਹ ਵੀ ਸੱਚ ਹੈ ਕਿ ਕਈ ਨਿਰਮਲੇ ਲਿਖਾਰੀਆਂ ਨੇ ਬਹੁਤੀ ਵੇਦਾਂਤਵਾਦੀ ਦ੍ਰਿਸ਼ਟੀ ਅਪਨਾ ਲਈ ਸੀ ਤੇ ਕਈਆਂ ਨੇ ਗੁਰਮਤਿ ਵਿੱਚ ਹੀ ਵੇਦਾਂਤ ਨੂੰ ਰਲਾ ਦਿੱਤਾ ਸੀ। ਇਸ ਸੰਬੰਧੀ ਡਾ. ਤਾਰਨ ਸਿੰਘ ਜੀ ਲਿਖਦੇ ਹਨ:

> ਨਿਰਮਲੇ ਵਿਦਵਾਨ ਜਿਸ ਸਿੱਖਿਆ-ਪ੍ਰਣਾਲੀ ਵਿੱਚੋਂ ਸਿੱਖਿਆ ਪ੍ਰਾਪਤ ਕਰ ਕੇ ਆਏ ਸਨ, ਉਸ ਦੇ ਪ੍ਰਭਾਵ ਤੋਂ ਬਚਣਾ ਨਾ ਸੰਭਵ ਸੀ, ਨਾ ਸੰਭਵ ਹੋਇਆ। ਉਨ੍ਹਾਂ ਨੇ ਵੈਦਿਕ ਸਿਧਾਂਤ ਗ੍ਰਹਿਣ ਕੀਤੇ ਜਿਹਾ ਕਿ ਜ਼ਰੂਰੀ ਸੀ। ਏਧਰੋਂ ਗੁਰਬਾਣੀ ਦੀ ਛਾਪ ਵੀ ਉਨ੍ਹਾਂ ਉੱਪਰ ਲੱਗੀ। ਉਨ੍ਹਾਂ ਦੇ ਮਨ ਵਿੱਚ ਸਤਹੀ ਦੁਬਿਧਾ ਜਰੂਰ ਉਪਜੀ। ਉਨ੍ਹਾਂ ਨੇ ਵੇਦ ਤੇ ਗੁਰਬਾਣੀ ਦਾ ਸਮਨਵੈ ਕਰਨਾ ਸ਼ੁਰੂ ਕਰ ਦਿੱਤਾ। ਦੁਬਿਧਾ ਵਿੱਚੋਂ ਨਿਕਲਣ ਦਾ ਏਹੋ ਤਰੀਕਾ ਸੀ। ਉਨ੍ਹਾਂ ਗੁਰਮਤਿ ਨੂੰ ਪ੍ਰਮੁੱਖਤਾ ਦਿੱਤੀ। ਅਕਾਲ ਪੁਰਖ਼, ਆਤਮਾ, ਜਗਤ, ਗੁਰੂ, ਨਾਮ, ਮਨ, ਸਮਾਜਿਕ ਜੀਵਨ ਬਾਰੇ ਸਿਧਾਂਤ ਗੁਰਮਤਿ ਦੇ ਰੱਖੇ ਅਤੇ ਇਨ੍ਹਾਂ ਦੀ ਵਿਆਖਿਆ, ਪ੍ਰੋੜਤਾ, ਪੁਸ਼ਟੀ ਵਿੱਚ ਗੁਰਬਾਣੀ ਦੀਆਂ ਟੂਕਾਂ ਦੇ ਨਾਲ ਵੈਦਿਕ ਸਾਹਿਤ ਦੀਆਂ ਟੂਕਾਂ, ਕਥਾਵਾਂ, ਪ੍ਰਮਾਣ ਵਿਚਾਰ ਵੀ ਜੁਟਾਏ। ਇਸ ਜਤਨ ਦੇ

> ਕਰਤੱਵ ਵਿੱਚ ਵਿਅਕਤੀਗਤ ਰੂਪ ਵਿੱਚ ਕੋਈ ਵਿਦਵਾਨ ਓਦਰ ਉਲਾਰ ਹੋਇਆ, ਕੋਈ ਏਧਰ, ਕੋਈ ਵੱਧ ਦ੍ਰਿੜ, ਕੋਈ ਘੱਟ ਰਿਹਾ।[36]

ਇਨ੍ਹਾਂ ਵਿਦਵਾਨਾਂ ਵੱਲੋਂ ਆਪਣੇ ਨਾਮ ਤੋਂ ਪਹਿਲਾਂ 'ਪੰਡਤ 108' ਆਦਿ ਲਿਖਣਾ, ਗੁਰੂ ਗ੍ਰੰਥ ਸਾਹਿਬ ਦਾ ਆਰਤੀ-ਪੂਜਨ ਤੇ ਗ੍ਰਹਿਸਥ ਮਾਰਗ਼ ਤਿਆਗ਼ ਕੇ ਵਿਰਕਤ ਹੋਣ ਦੀ ਬਿਰਤੀ ਆਦਿ ਗੁਰਮਤਿ ਵਿਰੋਧੀ ਹੈ ਜਿਸ ਵਜੋਂ ਸਿੱਖ ਫਲਸਫੇ ਦੇ ਵੇਦਾਂਤੀਕਰਨ ਨਾਲ ਸਿੱਖ ਧਰਮ ਦੀ ਵਿਲੱਖਣਤਾ ਭੰਗ ਹੋਣ ਲੱਗੀ।[37]

ਗਿਆਨੀ ਸੰਤ ਸਿੰਘ ਮਸਕੀਨ ਜੀ ਨਿਰਮਲ ਸਾਹਿਤ ਦੇ ਇਸ ਗੂੜ੍ਹ ਵੇਦਾਂਤਵਾਦੀ ਪ੍ਰਭਾਵ ਤੋਂ ਜਾਣੂੰ ਸਨ ਇਸੇ ਲਈ ਉਨ੍ਹਾਂ ਨੇ ਵਿਆਖਿਆ ਕਰਦੇ ਸਮੇਂ ਵੇਦਾਂਤਵਾਦੀ ਦ੍ਰਿਸ਼ਟੀਕੋਣ ਨੂੰ ਨਾ ਅਪਣਾ ਕੇ ਗੁਰਬਾਣੀ ਦੇ ਪ੍ਰਭਾਵ ਨੂੰ ਉਜਾਗਰ ਰੱਖਿਆ।ਉਨ੍ਹਾਂ ਦੀ ਵਿਆਖਿਆ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਉਹ ਸ਼ਬਦ ਦਾ ਵਿਸਲੇਸ਼ਣ ਕਰਦਿਆਂ ਹੋਇਆਂ ਵੇਦਾਂਤਵਾਦੀ ਪ੍ਰਮਾਣਾਂ ਨੂੰ ਗੁਰਮਤਿ ਵਿਚਾਰਧਾਰਾ ਦੇ ਪਿਛੋਕੜ ਵਿੱਚ ਰੱਖ ਕੇ ਵਿਆਖਿਆ ਕਰਦੇ ਸਨ।ਗਿਆਨੀ ਸੰਤ ਸਿੰਘ ਮਸਕੀਨ ਜੀ ਨੇ ਨਾ ਕੇਵਲ ਪੁਰਾਤਨ ਭਾਰਤੀ ਸਾਹਿਤ ਦਾ ਅਧਿਐਨ ਕਰਨ ਦੇ ਨਾਲ-ਨਾਲ ਨਿਰਮਲੇ ਵਿਦਵਾਨਾਂ ਦੁਆਰਾ ਲਿਖੇ ਸਾਹਿਤ ਨੂੰ ਹੀ ਪੜਚੋਲਿਆ ਸਗੋਂ ਸਿੰਘ ਸਭਾਈ ਲੇਖਕਾਂ ਜਿਵੇਂ ਕਿ ਭਾਈ ਵੀਰ ਸਿੰਘ, ਭਾਈ ਕਾਨ੍ਹ ਸਿਘ ਨਾਭਾ, ਪ੍ਰੋ. ਸਾਹਿਬ ਸਿੰਘ ਅਤੇ ਪ੍ਰਿੰ. ਤੇਜਾ ਸਿੰਘ ਆਦਿ ਦੁਆਰਾ ਲਿਖੇ ਸਿੱਖ ਸਾਹਿਤ ਦਾ ਵੀ ਗਿਆਨ ਇਕੱਤਰ ਕੀਤਾ ਤੇ ਗੁਰਬਾਣੀ ਵਿੱਚੋਂ ਪ੍ਰਮਾਣ ਲੈ ਕੇ ਆਪਣੇ ਅਨੁਭਵ ਨਾਲ ਨਿਰਣੇ ਕਰਕੇ ਸਿੱਖ ਧਰਮ ਦੇ ਦਰਸ਼ਨ ਨੂੰ ਉਜਾਗਰ ਕੀਤਾ।ਉਨ੍ਹਾਂ ਨੇ ਸਿੱਖ ਕੌਮ ਦੇ ਇਤਿਹਾਸ ਅਤੇ ਗੁਰਮਤਿ ਦੀਆਂ ਵਿਭਿੰਨ ਸੰਪ੍ਰਦਾਵਾਂ ਜਿਵੇਂ ਕਿ ਸੇਵਾ-ਪੰਥੀ, ਨਿਰੰਕਾਰੀ, ਨਾਮਧਾਰੀ ਅਤੇ ਉਦਾਸੀ ਆਦਿ ਵੱਲੋਂ ਹੋ ਰਹੇ ਕੰਮਾਂ ਅਤੇ ਸਿੱਖ ਵਿਚਾਰਧਾਰਾ ਦੇ ਨਾਲ ਉਨ੍ਹਾਂ ਦੇ ਸੰਬੰਧਾਂ ਦਾ ਵੀ ਨਿਰੂਪਣ ਕੀਤਾ।ਇਸੇ ਕਰਕੇ ਉਨ੍ਹਾਂ ਦੀ ਵਿਦਵਤਾ ਨਿਜੀ ਘਾਲਣਾ ਕਰਕੇ ਬਹੁਤੀ ਹੈ।ਇਸ ਤੋਂ ਇਲਾਵਾ ਪੱਛਮੀ ਫਿਲਾਸਫੀ ਅਤੇ ਧਰਮਾਂ ਦੇ ਗਿਆਨ ਨੇ ਉਨ੍ਹਾਂ ਦੀ ਵਿਆਖਿਆਕਾਰੀ ਨੂੰ ਹੋਰ ਵਿਲੱਖਣਤਾ ਪ੍ਰਦਾਨ ਕੀਤੀ।

ਸਾਹਿਤ ਰਚਣ ਤੋਂ ਵੱਧ ਨਿਰਮਲਿਆਂ ਨੇ ਗੁਰਮਤਿ ਦੇ ਪ੍ਰਚਾਰ ਹਿੱਤ ਸਿੱਖ ਕੌਮ ਵੱਲੋਂ ਚਲਾਏ ਗਏ ਅੰਦੋਲਨਾਂ ਅਤੇ ਸੰਗ੍ਰਾਮਾਂ ਵਿੱਚ ਵੱਧ ਚੜ੍ਹ ਕੇ ਭਾਗ ਲਿਆ ਜਿਵੇਂ ਕਿ ਸਿੰਘ ਸਭਾ

ਲਹਿਰ, ਗੁਰਦੁਆਰਾ ਸੁਧਾਰ ਲਹਿਰ, ਨਾਮਧਾਰੀ ਲਹਿਰ, ਨਿਰੰਕਾਰੀ ਲਹਿਰ, ਗੁਰੂ ਕੇ ਬਾਗ ਦਾ ਮੋਰਚਾ ਅਤੇ ਜੈਤੋ ਦੇ ਮੋਰਚੇ ਆਦਿ ਵਿੱਚ ਇਨ੍ਹਾਂ ਨੇ ਪੰਥ ਦੇ ਮੋਢੇ ਨਾਲ ਮੋਢਾ ਜੋੜ ਕੇ ਜ਼ੁਲਮ ਵਿਰੁੱਧ ਆਵਾਜ਼ ਚੁੱਕੀ। ਇਸੇ ਤਰ੍ਹਾਂ ਸਿੱਖ-ਕੌਮ ਉੱਤੇ ਹੋਏ ਤਸ਼ੱਦਦ ਵੇਲੇ ਗਿਆਨੀ ਸੰਤ ਸਿੰਘ ਮਸਕੀਨ ਵੀ ਚੁੱਪ ਨਾ ਰਹੇ ਭਾਵੇਂ ਇਸ ਲਈ ਸਮੇਂ ਦੀਆਂ ਸਰਕਾਰਾਂ ਨੇ ਉਨ੍ਹਾਂ ਉੱਤੇ ਇੱਕੋ ਵੇਲੇ 12-12 ਕੇਸ ਚਲਾਏ, ਉਨ੍ਹਾਂ ਦਾ ਪਾਸਪੋਰਟ ਜਬਤ ਕਰ ਲਿਆ ਤੇ ਉਨ੍ਹਾਂ ਨੂੰ ਜੇਲ੍ਹ ਤੱਕ ਜਾਣਾ ਪਿਆ।[38]

ਹਿੰਦੀ ਅਤੇ ਸੰਸਕ੍ਰਿਤ ਵਿੱਚ ਪ੍ਰਵੀਨ ਹੋਣ ਕਰਕੇ ਨਿਰਮਲੇ ਵਿਦਵਾਨ ਗੁਰਬਾਣੀ ਦੇ ਟੀਕੇ ਇੰਨੇ ਸ਼ੁੱਧ ਕਰਦੇ ਸਨ ਕਿ ਬਾਣੀ ਦੇ ਕੇਂਦਰੀ ਅਤੇ ਸਿਧਾਂਤਕ ਭਾਵਾਰਥਾਂ ਨੂੰ ਕਿਸੇ ਪੱਖ ਤੋਂ ਵੀ ਅਸਪਸ਼ਟ ਨਹੀਂ ਰਹਿਣ ਦਿੰਦੇ ਸਨ। ਇਸੇ ਲਈ ਉਨ੍ਹਾਂ ਦੀ ਵਿਆਖਿਆ ਵਿਸਤ੍ਰਿਤ ਅਤੇ ਹਰ ਪਰਿਪੇਖ ਤੋਂ ਵਿਸ਼ਾਲ ਹੁੰਦੀ ਸੀ। ਗੁਰਬਾਣੀ ਵਿਆਖਿਆ ਦੀਆਂ ਪ੍ਰਣਾਲੀਆਂ ਦੀ ਪੜਚੋਲ ਕਰਨ ਤੋਂ ਬਾਅਦ ਪਤਾ ਲਗਦਾ ਹੈ ਕਿ ਆਧੁਨਿਕ ਵਿਗਿਆਨਕ ਆਧਾਰਾਂ ਉੱਤੇ ਹੋ ਰਹੀ ਗੁਰਬਾਣੀ ਵਿਆਖਿਆ ਦਾ ਮੁੱਢ ਅਸਲ ਵਿੱਚ ਨਿਰਮਲਾ ਪ੍ਰਣਾਲੀ ਤੋਂ ਹੀ ਬੱਝਦਾ ਹੈ ਕਿਉਂਕਿ ਇਨ੍ਹਾਂ ਵਿਦਵਾਨਾਂ ਨੇ ਹੀ ਪਹਿਲੀ ਵਾਰ ਨਾ ਕੇਵਲ ਸਿੱਖ ਧਰਮ ਨੂੰ ਸਗੋਂ ਸਮੁੱਚੀ ਧਰਮ ਪਰੰਪਰਾ ਨੂੰ ਮੁੱਢ ਤੋਂ ਵਿਚਾਰ ਕੇ ਵਿਸ਼ਲੇਸ਼ਿਤ ਕੀਤਾ ਅਤੇ ਆਪਣੇ ਗਿਆਨ ਦੇ ਮੁਹਾਣ ਨੂੰ ਵਿਸ਼ਾਲ ਕਰਦੇ ਹੋਏ ਗੁਰਬਾਣੀ ਵਿਆਖਿਆ ਨੂੰ ਪੁਰਾਤਨ ਭਾਰਤੀ ਧਰਮਾਂ ਦੇ ਪਰਿਪੇਖ ਵਿੱਚ ਸਮਝਣ ਦਾ ਉੱਦਮ ਕੀਤਾ। ਗਿਆਨੀ ਸੰਤ ਸਿੰਘ ਮਸਕੀਨ ਜੀ ਆਪ ਇਸ ਸੰਬੰਧ ਵਿੱਚ ਆਖਦੇ ਹਨ:

> ਉਦਾਸੀਨ ਤੇ ਨਿਰਮਲਿਆਂ ਵਿੱਚ ਸਿਰਫ ਦੋ ਫਸਿਦੀ ਭ੍ਰਿਸ਼ਟ ਸਨ, ਬਾਕੀਆਂ ਨੇ ਬੜੇ ਸੁੰਦਰ ਢੰਗ ਨਾਲ ਗੁਰਮਤਿ ਦਾ ਪ੍ਰਚਾਰ ਚਲਾਇਆ ਹੋਇਆ ਸੀ। ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ, ਦਸਮ ਗ੍ਰੰਥ ਦੀ ਕਥਾ ਤੇ ਸ਼ਾਮ ਨੂੰ ਗੁਰ ਪ੍ਰਤਾਪ ਸੂਰਜ ਪ੍ਰਕਾਸ਼ ਦੀ ਕਥਾ ਆਰੰਭ ਕੀਤੀ ਹੋਈ ਸੀ। ਗੁਰਮਤਿ ਜਾਣਕਾਰੀ ਵਿੱਚ ਵਾਧਾ ਹੁੰਦਾ ਰਹਿੰਦਾ ਸੀ।[39]

ਸੰਤ ਸਿੰਘ ਮਸਕੀਨ ਜੀ ਨੇ ਗੁਰਬਾਣੀ ਪ੍ਰਚਾਰ ਹਿੱਤ ਨਿਰਮਲਾ ਪ੍ਰਣਾਲੀ ਨੂੰ ਆਧਾਰ ਬਣਾਇਆ ਤੇ ਇਸ ਦੇ ਨਾਲ ਅਜੋਕੇ ਸਮਿਆਂ ਵਿੱਚ ਜਿਸ ਪੱਛਮੀ ਪ੍ਰਭਾਵ ਅਧੀਨ ਉੱਤਰ

ਆਧੁਨਿਕਤਾ ਕਾਰਣ ਸਿੱਖ ਚਿੰਤਨ ਹੋਰ ਸਾਰੀਆਂ ਹੀ ਚਿੰਤਨ ਪੱਧਤੀਆਂ ਵਾਂਗ ਵੰਗਾਰਿਆ ਗਿਆ, ਉਸ ਨੂੰ ਉਨ੍ਹਾਂ ਨੇ ਨਵੇਂ ਸਿਰਿਓਂ ਨਵੀਆਂ ਪੜ੍ਹਤਾਂ ਨਾਲ, ਨਵੀਆਂ ਸਥਾਪਤੀਆਂ ਲਈ ਵਿਗਿਆਨਕ ਤੌਰ ਉੱਤੇ ਸ਼ੰਕਾ, ਸੋਝੀ ਅਤੇ ਤਰਕ ਦੇ ਅਧਾਰ ਤੇ ਆਪਣੀ ਵਿਆਖਿਆ ਵਿੱਚ ਸਥਾਪਿਤ ਕੀਤਾ ਅਤੇ ਗੁਰਬਾਣੀ ਅਨੁਸਾਰ ਸਿੱਖ ਸੱਭਿਆਚਾਰ ਅਤੇ ਵਿਰਸੇ ਦੇ ਮੌਲਿਕ ਗਿਆਨ ਨੂੰ ਭਾਸ਼ਾ ਰਾਹੀਂ ਸਿਰਜ ਕੇ ਸਿੱਖ ਧਰਮ ਦੀ ਸਵੈ-ਸਥਾਪਤੀ ਵਿੱਚ ਬਹੁਮੁੱਲਾ ਯੋਗਦਾਨ ਪਾਇਆ ਹੈ।ਇਸੇ ਲਈ ਗੁਰਮਤਿ ਦੇ 'ਧਰਮ-ਵੇਤਾ' (Theologists) ਅਕਵਾਉਣ ਵਾਲੇ ਨਿਰਮਲਿਆਂ ਵਾਂਗ ਗਿਆਨੀ ਸੰਤ ਸਿੰਘ ਮਸਕੀਨ ਜੀ ਵੀ ਸਿੱਖ ਪੰਥ ਦੇ ਪ੍ਰਮੁੱਖ 'ਧਰਮ ਸ਼ਾਸਤਰੀ' ਅਤੇ 'ਗਿਆਨੀ' ਅਖਵਾਏ।

ਸੋ ਉਪਰੋਕਤ ਵਿਚਾਰ ਚਰਚਾ ਵਿੱਚ ਗੁਰਬਾਣੀ ਵਿਆਖਿਆ ਦੀ ਨਿਰਮਲਾ ਪ੍ਰਣਾਲੀ ਦੀਆਂ ਰਹੁ-ਰੀਤਾਂ ਅਤੇ ਸੰਤ ਸਿੰਘ ਮਸਕੀਨ ਜੀ ਦੇ ਵਿਵਹਾਰਕ ਜੀਵਨ ਦਾ ਤੁਲਨਾਤਮਕ ਅਧਿਐਨ ਕਰਕੇ ਅਸੀਂ ਇਸ ਨਤੀਜੇ ਉੱਤੇ ਪਹੁੰਚਦੇ ਹਾਂ ਕਿ ਗਿਆਨੀ ਸੰਤ ਸਿੰਘ ਮਸਕੀਨ ਜੀ ਦੀ ਵਿਚਾਰਧਾਰਾ ਨੂੰ ਅਵੱਸ਼ ਹੀ ਇਸ ਵਿਦਿਆਲੇ ਤੋਂ ਪ੍ਰਾਪਤ ਹੋਈ ਸਿੱਖਿਆ ਅਤੇ ਜੀਵਨ ਜਾਚ ਨੇ ਪ੍ਰਭਾਵਿਤ ਕੀਤਾ ਪਰ ਉਨ੍ਹਾਂ ਨੇ ਨਿਰਮਲਾ ਪ੍ਰਣਾਲੀ ਦੀਆਂ ਸਾਰੀਆਂ ਰਹੁ-ਰੀਤਾਂ ਨੂੰ ਇੰਨ-ਬਿੰਨ ਨਹੀਂ ਅਪਣਾਇਆ ਸਗੋਂ ਬਾਣੀ ਰਚਨਾ ਤੋਂ ਲੈ ਕੇ ਚੱਲੀਆਂ ਆ ਰਹੀਆਂ ਸਾਰੀਆਂ ਹੀ ਪ੍ਰਣਾਲੀਆਂ ਵਿੱਚੋਂ ਆਪਣੀ ਤਰਕ ਸਿੱਧੀ ਅਨੁਸਾਰ ਯਥਾਰਥ ਦਾ ਗਿਆਨ ਪ੍ਰਾਪਤ ਕੀਤਾ।ਉਹ ਜਿੱਥੇ ਸਹਿਜ ਪ੍ਰਣਾਲੀ ਵਾਂਗ ਗੁਰਬਾਣੀ ਵਿੱਚੋਂ ਹੀ ਗੁਰਬਾਣੀ ਦੇ ਸਿਧਾਂਤਾਂ ਦੀ ਪ੍ਰੋੜਤਾ ਕਰਦੇ ਸਨ ਉੱਥੇ ਭਾਈ ਗੁਰਦਾਸ ਦੇ ਸਿਧਾਂਤਾਂ ਨੂੰ ਪ੍ਰਮਾਣ ਵਜੋਂ ਬਖਾਨਦੇ ਸਨ, ਉਦਾਸੀ ਤੇ ਨਿਰਮਲਾ ਪ੍ਰਣਾਲੀ ਵਾਂਗ ਪੌਰਾਣਿਕ ਅਤੇ ਵੇਦਾਂਤੀ ਹਵਾਲਿਆਂ ਦੇ ਨਾਲ ਨਾਲ ਜਨਮ-ਸਾਖੀਆਂ ਅਤੇ ਸੋਢੀ ਮਿਹਰਬਾਨ ਦੇ ਪਰਮਾਰਥਾਂ ਦੇ ਵੀ ਪ੍ਰਸੰਗ ਲੈਂਦੇ ਸਨ ਇਸੇ ਤਰ੍ਹਾਂ ਸਿੰਘ ਸਭਾਈ ਪ੍ਰਣਾਲੀ ਵਾਂਗ ਜਿੱਥੇ ਉਹ ਪੁਰਾਤਨ ਸਾਹਿਤ ਦਾ ਅਧਿਐਨ ਕਰਕੇ ਨਵੀਨ ਸਾਹਿਤ ਦੀ ਰਚਨਾ ਕਰਦੇ ਸਨ ਉੱਥੇ ਆਧੁਨਿਕਵਾਦੀ ਚਿੰਤਨ ਦੇ ਤਰਕਵਾਦ ਅਨੁਸਾਰ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਯਥਾਰਥਕ ਗਿਆਨ ਨੂੰ ਅਪਣਾਉਂਦੇ ਸਨ।ਇੰਝ ਹਰੇਕ ਪ੍ਰਣਾਲੀ ਵਿਚੋਂ ਸਮਨਵੈ ਭਾਵਨਾ ਨਾਲ ਵਿਚਾਰਧਾਰਕ ਸੋਝੀ ਲੈਣ ਤੋਂ ਇਲਾਵਾ ਉਹ ਅਨੁਭਵਵਾਦ ਅਨੁਸਾਰ ਆਪਣੀਆਂ ਗਿਆਨ ਇੰਦ੍ਰੀਆਂ ਦੁਆਰਾ ਲਏ ਹੋਏ ਯਥਾਰਥ ਗਿਆਨ ਦੇ ਆਧਾਰ ਤੇ ਆਪਣੇ ਵਿਲੱਖਣ, ਨਵੀਨ, ਮੌਲਿਕ, ਅਤਿ ਆਧੁਨਿਕ ਅਤੇ ਅਨੁਭਵੀ ਹੁਨਰ ਤੋਂ ਸਿੱਖ-ਜਗਤ ਨੂੰ ਜਾਣੂੰ ਕਰਵਾਉਂਦੇ ਸਨ।ਉਨ੍ਹਾਂ ਦੀ

ਵਿਆਖਿਆਕਾਰੀ ਵਿੱਚ ਵਿਖਿਆਤ ਵਿਦਵਾਨਾਂ ਦੇ ਢੁਕਵੇਂ ਸ਼ੇਅਰਾਂ ਦੀ ਸ਼ਮੂਲੀਅਤ ਜਿੱਥੇ ਈਰਾਨੀ ਸੂਫੀ ਗਿਆਨ ਨੂੰ ਉਜਾਗਰ ਕਰ ਕੇ ਆਨੰਦਮਈ ਮਾਹੌਲ ਸਿਰਜ ਦਿੰਦੀ ਸੀ ਉੱਥੇ ਉਹ ਆਪਣੀ ਤਾਜ਼ਾ ਜਾਣਕਾਰੀ ਅਨੁਸਾਰ ਸਮਕਾਲੀ ਸਮਾਜ ਦੀਆਂ ਪ੍ਰਾਪਤੀਆਂ, ਔਕੜਾਂ ਅਤੇ ਸਮਾਧਾਨ ਦੇ ਵਰਣਨ ਨਾਲ ਉਸ ਮਾਹੌਲ ਵਿੱਚ ਤਾਜ਼ਗੀ ਭਰ ਦਿੰਦੇ ਸਨ।ਅਸਲ ਵਿੱਚ ਉਨ੍ਹਾਂ ਦੀ ਗੁਰਬਾਣੀ ਵਿਆਖਿਆ ਦੀ ਇਸ ਨਿਵੇਕਲੀ ਵਿਧੀ ਦੇ ਲੱਛਣ ਵੀਹਵੀਂ ਸਦੀ ਦੇ ਪਿਛਲੇ ਅੱਧ ਵਿੱਚ ਆਰੰਭ ਹੋਈ ਉੱਤਰ ਆਧੁਨਿਕ ਪ੍ਰਣਾਲੀ ਦੇ ਨਾਲ ਮਿਲਦੇ ਜੁਲਦੇ ਹਨ ਜੋ ਕਿਸੇ ਵੀ ਪ੍ਰਕਾਰ ਦੀ ਕੱਟੜਤਾ ਤੋਂ ਮੁਕਤ ਹੋ ਕੇ ਅਤੇ ਸਮਦ੍ਰਿਸ਼ਟਤਾ ਅਪਣਾਉਂਦੇ ਹੋਏ ਆਪਣੀ ਤਰਕਵਾਦੀ ਅਤੇ ਅਨੁਭਵਵਾਦੀ ਦ੍ਰਿਸ਼ਟੀ ਨੂੰ ਮੁੱਖ ਰੱਖਦੇ ਹਨ।ਇਸ ਲਈ ਉਨ੍ਹਾਂ ਨੂੰ 'ਨਵੇਂ ਯੁੱਗ ਦਾ ਵਿਆਖਿਆਕਾਰ' ਕਹਿਣਾ ਬਿਲਕੁਲ ਸਾਰਥਕ ਹੋਵੇਗਾ।

## 5.4 ਸਮਕਾਲ ਅਤੇ ਸੰਤ ਸਿੰਘ ਮਸਕੀਨ ਜੀ:

1934 ਈ. ਵਿੱਚ ਜਨਮੇ ਗਿਆਨੀ ਸੰਤ ਸਿੰਘ ਮਸਕੀਨ ਜੀ ਨੇ ਅੰਦਾਜ਼ਨ 1949 ਦੇ ਕਰੀਬ ਝਾਂਸੀ ਦੇ ਇੱਕ ਗੁਰਦੁਆਰੇ ਵਿੱਚ 15 ਦਿਨ ਲਗਾਤਾਰ ਕਥਾ ਕਰਨ ਦੇ ਨਾਲ ਗੁਰਬਾਣੀ ਵਿਆਖਿਆ ਕਰਨੀ ਆਰੰਭ ਕਰ ਦਿੱਤੀ ਸੀ।ਵਿਸ਼ਵ ਪੱਧਰ ਉੱਤੇ ਇਹ ਸਮਾਂ ਆਧੁਨਿਕ ਕਾਲ ਦੇ ਅੰਤ ਅਤੇ ਉੱਤਰ ਆਧੁਨਿਕ ਕਾਲ ਦੇ ਆਰੰਭ ਦਾ ਸਮਾਂ ਸੀ।ਇਹ ਉਹ ਸਮਾਂ ਸੀ ਜਦੋਂ ਵਿਗਿਆਨਕ ਖੋਜਾਂ ਦੇ ਨਤੀਜੇ ਵਜੋਂ ਪ੍ਰਮਾਣੂ ਬੰਬਾਂ, ਦੋ ਵਿਸ਼ਵ ਯੁੱਧਾਂ, ਤਾਨਾਸ਼ਾਹੀ ਸੱਤਾ ਅਤੇ ਭਾਰਤ ਵੰਡ ਦੇ ਨਾਲ ਹੋਏ ਕੁਦਰਤੀ ਸਰੋਤਾਂ ਦੀ ਦੁਰਵਰਤੋਂ ਅਤੇ ਵਾਤਾਵਰਨੀ ਵਿਗਾੜ ਨੇ ਆਧੁਨਿਕ ਵਿਗਿਆਨਵਾਦੀ ਯੁੱਗ ਪ੍ਰਤੀ ਅਸੰਤੁਸ਼ਟਤਾ, ਨਾਰਾਜ਼ਗੀ ਅਤੇ ਵਿਰੋਧਤਾ ਪੈਦਾ ਕਰ ਦਿੱਤੀ ਸੀ।ਅਜਿਹੀਆਂ ਸਮਾਜਕ ਅਤੇ ਰਾਜਨੀਤਕ ਤਬਦੀਲੀਆਂ ਕਾਰਣ ਸੱਭਿਆਚਾਰਕ ਵਿਚਾਰਧਾਰਾ ਵਿੱਚ ਵੱਡੇ ਪੱਧਰ ਤੇ ਬਦਲਾਵ ਹੋਏ, ਗਿਆਨਵਾਦ (Enlightenment) ਲਹਿਰ ਨੇ ਜਿਸ ਬੁੱਧੀ ਦੀ ਪ੍ਰਧਾਨਤਾ ਵਾਲੀ ਵਿਚਾਰਧਾਰਾ ਨੂੰ ਜਨਮ ਦਿੱਤਾ ਸੀ, ਉਸ ਦੀ ਥਾਂ ਇੰਦ੍ਰਿਆਵੀ ਅਨੁਭਵ ਦੇ ਯਥਾਰਥਕ ਸੱਚ ਨੇ ਲੈ ਲਈ, ਵਿਗਿਆਨਕ ਵਿਚਾਰਧਾਰਾ ਵਿਚਲੇ ਨਿਰੇ ਤਰਕਵਾਦ ਦੀ ਥਾਂ ਤਰਕਵਾਦ ਅਤੇ ਅਨੁਭਵਵਾਦ ਦੇ ਸੁਚੱਜੇ ਸੁਮੇਲ ਨੇ ਲੈ ਲਈ ਅਤੇ ਸਰੀਰਕ ਕਾਰਜ ਕਰਨ ਦੀ ਸ਼ਕਤੀ ਵਧਾਉਣ ਵਾਲੀਆਂ ਮਸ਼ੀਨਾਂ ਦੀ ਥਾਂ ਬੁੱਧੀ ਦੀ ਸਮਰੱਥਾ ਵਧਾਉਣ ਵਾਲੇ ਸੰਦਾਂ ਜਿਵੇਂ ਕੰਪਿਊਟਰ, ਇੰਟਰਨੈੱਟ ਅਤੇ ਮਨਸੂਈ ਬੁੱਧੀ (Artificial Intelligence) ਆਦਿ ਨੇ ਲੈ ਲਈ ਜਿੱਥੋਂ ਉੱਤਰ

ਆਧੁਨਿਕ ਵਿਚਾਰਧਾਰਾ ਦਾ ਆਰੰਭ ਹੋਇਆ।ਕਿਹਾ ਜਾ ਸਕਦਾ ਹੈ ਕਿ ਉੱਤਰ ਆਧੁਨਿਕਤਾ ਦਾ ਜਨਮ ਆਧੁਨਿਕਤਾ ਦੇ ਵਿਰੋਧ ਵਜੋਂ ਹੀ ਨਹੀਂ ਹੋਇਆ ਸਗੋਂ ਆਧੁਨਿਕਤਾ ਦੀ ਕੁੱਖੋਂ ਵੀ ਹੋਇਆ।[40]

ਸੋ ਵਿਸ਼ਵੀ ਪੱਧਰ ਉੱਤੇ ਉੱਤਰ ਆਧੁਨਿਕ ਯੁੱਗ ਵਿੱਚ ਗੁਰਬਾਣੀ ਦੀ ਵਿਆਖਿਆ ਕਰਨ ਵਾਲੇ ਵਿਆਖਿਆਕਾਰ ਗਿਆਨੀ ਸੰਤ ਸਿੰਘ ਮਸਕੀਨ ਜੀ ਦੀ ਵਿਚਾਰਧਾਰਕ ਪੇਸ਼ਕਾਰੀ ਨੂੰ ਸਿਰਜਣ ਵਿੱਚ ਨਿਸ਼ਚਿਤ ਤੌਰ ਤੇ ਉਨ੍ਹਾਂ ਦੇ ਸਮਕਾਲੀਨ ਵਿਸ਼ਵੀ ਹਾਲਾਤ ਦੇ ਨਾਲ-ਨਾਲ ਸਥਾਨਕ ਹਾਲਾਤ ਨੇ ਵੀ ਆਪਣਾ ਨਿਸ਼ਚਿਤ ਪ੍ਰਭਾਵ ਪਾਇਆ।ਅਜਿਹਾ ਕਹਿਣਾ ਵੀ ਗ਼ਲਤ ਨਹੀਂ ਹੋਵੇਗਾ ਕਿ ਅਜੋਕੇ ਯੁੱਗ ਵਿੱਚ ਧਰਮ ਨੂੰ ਸਹੀ ਮਾਅਨੇ ਵਿੱਚ ਮਨੁੱਖ ਲਈ ਹਿਤਕਾਰੀ ਬਣਾਉਣ ਵਾਲੀ ਗਿਆਨੀ ਸੰਤ ਸਿੰਘ ਮਸਕੀਨ ਦੀ ਸੂਝ, ਚਿੰਤਨ, ਵਿਚਾਰਧਾਰਾ ਅਤੇ ਵਿਵਹਾਰਕਤਾ ਦੀ ਹੋਂਦ ਉਨ੍ਹਾਂ ਦੇ ਸਮਕਾਲੀਨ ਸਮਾਜਕ, ਧਾਰਮਿਕ ਅਤੇ ਰਾਜਨੀਤਕ ਹਾਲਾਤ ਦੇ ਪ੍ਰਤੀਕਰਮ ਵਜੋਂ ਸਥਾਪਿਤ ਹੋਈ ਕਿਉਂਕਿ ਕੋਈ ਵੀ ਚਿੰਤਨ ਜਾਂ ਵਿਚਾਰਧਾਰਾ ਆਪਣੀਆਂ ਸਮਕਾਲੀਨ ਪ੍ਰਸਥਿਤੀਆਂ ਦਾ ਸੁਭਾਵਿਕ ਪ੍ਰਤੀਬਿੰਬ ਹੁੰਦੀ ਹੈ।ਇਨ੍ਹਾਂ ਹਾਲਤਾਂ ਦਾ ਬੋਧ ਵੀ ਉਨ੍ਹਾਂ ਦੀ ਵਿਆਖਿਆਕਾਰੀ ਨੂੰ ਸਮਝਣ ਵੱਲ ਇੱਕ ਜ਼ਰੂਰੀ ਕਦਮ ਹੈ।

### 5.4.1 ਰਾਜਨੀਤਕ ਪ੍ਰਸਥਿਤੀਆਂ:

ਆਪਣੇ ਜੀਵਨ ਕਾਲ ਦੌਰਾਨ ਗਿਆਨੀ ਸੰਤ ਸਿੰਘ ਮਸਕੀਨ ਜੀ ਨੇ ਅਨੇਕ ਰਾਜਨੀਤਕ, ਸਮਾਜਕ ਅਤੇ ਧਾਰਮਿਕ ਉਤਾਰ-ਚੜ੍ਹਾਓ ਦੇਖੇ।ਉਹ ਕਿਹਾ ਕਰਦੇ ਸਨ ਜਦੋਂ ਦਾ ਸਿੱਖ ਆਲਮੇ-ਵਜ਼ੂਦ ਵਿੱਚ ਆਇਆ ਹੈ, ਹਾਦਸਿਆਂ ਵਿੱਚੋਂ ਲੰਘਦਾ ਰਿਹਾ ਹੈ ਪਰ ਵੀਹਵੀਂ ਸਦੀ ਦੌਰਾਨ ਸਿੱਖ ਜਗਤ ਵਿੱਚ ਹੋਈਆਂ ਤਿੰਨ ਵੱਡੀਆਂ ਘਟਨਾਵਾਂ ਜਾਂ ਹਾਦਸਿਆਂ ਦਾ ਜ਼ਿਕਰ ਉਹ ਅਕਸਰ ਕਰਦੇ ਸਨ – ਪਹਿਲਾ ਹਾਦਸਾ ਨਨਕਾਣਾ ਸਾਹਿਬ ਦਾ।ਜਦੋਂ 200 ਦੇ ਕਰੀਬ ਸਿੰਘ ਜੰਡਾਂ ਨਾਲ ਬੰਨ੍ਹ ਕੇ ਤੇ ਤੇਲ ਪਾ-ਪਾ ਸਾੜ ਕੇ ਸ਼ਹੀਦ ਕਰ ਦਿਤੇ ਗਏ।ਬਦਲੇ ਵਿੱਚ ਗੁਰਦੁਆਰਾ ਲਹਿਰ ਚੱਲੀ ਤੇ ਗੁਰਦੁਆਰੇ ਮਸੰਦਾਂ ਅਤੇ ਉਦਾਸੀ ਮਹੰਤਾਂ ਦੇ ਚੁੰਗਲ ਤੋਂ ਆਜ਼ਾਦ ਹੋਏ।ਦੂਜਾ ਹਾਦਸਾ ਸੰਨ 1947 ਵਿੱਚ ਦੇਸ਼ ਦੀ ਵੰਡ ਦਾ ਹੋਇਆ।ਨਨਕਾਣਾ ਸਾਹਿਬ, ਪੰਜਾ ਸਾਹਿਬ ਗੁਰਦੁਆਰੇ ਤਾਂ ਸਾਡੇ ਹੱਥੋਂ ਗਏ ਪਰ ਲੱਖਾਂ ਦੀ ਗਿਣਤੀ ਵਿੱਚ ਸ਼ਹਾਦਤਾਂ ਹੋਈਆਂ।ਲੋਕ ਜ਼ਿੰਦਾ ਜਲਾ ਦਿੱਤੇ ਗਏ, ਗੋਲੀਆਂ ਨਾਲ ਭੁੰਨ ਦਿੱਤੇ ਗਏ ਤੇ ਬਚੇ ਹੋਏ ਘਰੋਂ ਬੇਘਰ ਹੋ ਗਏ।ਉਹ ਨਨਕਾਣਾ ਸਾਹਿਬ ਜੋ 200 ਤੋਂ ਵੱਧ

ਸ਼ਹੀਦੀਆਂ ਦੇ ਕੇ ਸਿੱਖਾਂ ਨੇ ਆਜ਼ਾਦ ਕਰਵਾਇਆ ਸੀ, ਇਸ ਦੂਜੇ ਹਾਦਸੇ ਤੋਂ ਬਾਅਦ ਉਹ ਵੀ ਨਾ ਮਿਲਿਆ ਤੇ ਨਵੀਂ ਪੀੜ੍ਹੀ ਨੂੰ ਉਸ ਸਥਾਨ ਦੀ ਮਹਿਮਾ ਦਾ ਵੀ ਗਿਆਨ ਨਹੀਂ। ਉਹ ਉਸ ਵਕਤ 12 ਸਾਲ ਦੇ ਸਨ ਜਦੋਂ ਦੇਸ਼ ਦੀ ਵੰਡ ਹੋ ਗਈ ਤੇ ਉਨ੍ਹਾਂ ਨੂੰ ਆਪਣਾ ਘਰ-ਬਾਰ ਛੱਡ ਕੇ ਪਾਕਿਸਤਾਨ ਤੋਂ ਭਾਰਤ ਆਉਣਾ ਪੈ ਗਿਆ। ਇਸ ਘਟਨਾ ਨੇ ਉਨ੍ਹਾਂ ਦੇ ਕੋਮਲ ਮਨ ਤੇ ਐਸਾ ਗਹਿਰਾ ਅਤੇ ਕਸ਼ਟਦਾਇਕ ਅਸਰ ਪਾਇਆ ਕਿ ਉਨ੍ਹਾਂ ਦਾ ਮਨ ਦੁਨੀਆਂ ਤੋਂ ਉਪਰਾਮ ਹੋ ਗਿਆ ਤੇ ਨਿੱਕੀ ਉਮਰੇ ਹੀ ਉਹ ਆਪਣਾ ਪਿਆਰਾ ਪਰਿਵਾਰ ਤਿਆਗ਼ ਕੇ ਵੈਰਾਗ ਦੇ ਰਾਹ ਤੇ ਤੁਰ ਪਏ। ਗੁਰਬਾਣੀ ਵਿਆਖਿਆ ਅਤੇ ਗੁਰਮਤਿ ਦੇ ਮਾਰਗ ’ਤੇ ਚੱਲਣ ਨੂੰ ਉਨ੍ਹਾਂ ਨੇ ਆਪਣੇ ਜੀਵਨ ਦਾ ਲਕਸ਼ ਬਣਾ ਲਿਆ। ਇਸ ਬਾਰੇ ਉਹ ਪ੍ਰਚਾਰ ਦੇ ਸੁਧਾਰ ਲਈ ਲਿਖੀ ਆਪਣੀ ਪੁਸਤਕ ਵਿੱਚ ਲਿਖਦੇ ਹਨ:

> ਮੈਂ ਖੁਦ ਇੱਕ ਪ੍ਰਚਾਰਕ ਹਾਂ ਔਰ ਗ਼ਾਲਬਨ 42 ਸਾਲ ਤੋਂ ਗੁਰਬਾਣੀ ਦੀ ਕਥਾ ਕਰ ਰਿਹਾ ਹਾਂ ਬਚਪਨ ਵਿੱਚ ਮੈਂ ਇਸ ਮਾਰਗ ਵਿੱਚ ਆਇਆ ਔਰ ਬਹੁਤ ਸਾਰੇ ਪ੍ਰਚਾਰਕਾਂ ਦੀ ਤਰ੍ਹਾਂ ਇਸ ਮਾਰਗ਼ ਵਿੱਚ ਆਉਣਾ ਮਜਬੂਰੀ ਸੀ ਔਰ ਸੁਤੇ ਸਿਧ ਸੀ। ਦੇਸ਼ ਦੀ ਵੰਡ ਤੋਂ ਬਾਅਦ ਆਰਥਕ ਹਾਲਾਤ ਐਸੇ ਹੋਏ ਔਰ ਕੁਝ ਐਸੇ ਹਾਦਸਾਤ ਨਮੂਦਾਰ ਹੋਏ ਕਿ ਦਿਲ ਚੋਟ ਖਾ ਗਿਆ। ਮੈਂ ਦਰ-ਬ-ਦਰ ਭਟਕਦਾ ਰਿਹਾ, ਗੁਰਦੁਆਰਿਆਂ ਵਿੱਚ ਸ਼ਰਨ ਲੈਂਦਾ ਰਿਹਾ। ਇਸ ਵਿੱਚ ਨਾਲ ਨਾਲ ਗੁਰਮਤਿ ਦੀ ਮੇਰੀ ਲਗਨ ਵੀ ਰਹੀ ਜੋ ਸੰਸਕਾਰਾਂ ਵਿੱਚ ਸੀ।...ਪਰ ਮੈਂ ਅੱਜ ਪ੍ਰਚਾਰ ਦੀ ਇਸ ਲਹਿਰ ਤੋਂ ਮਾਯੂਸ ਇਸ ਵਾਸਤੇ ਹਾਂ ਕਿ ਸਾਰੇ ਦਾ ਸਾਰਾ ਪ੍ਰਬੰਧਕੀ ਢਾਂਚਾ ਇਨ੍ਹਾਂ ਰਾਜਨੀਤਕਾਂ ਦੇ ਮਾਤਹਿਤ ਹੋ ਗਿਆ ਹੈ ਤੇ ਮੈਨੂੰ ਕੋਈ ਉਮੀਦ ਨਹੀਂ ਜਾਪਦੀ ਕਿ ਵਗਦੀ ਇਹ ਧਾਰਾ ਸ਼ਹੁ-ਸਾਗਰ ਤੱਕ ਪਹੁੰਚੇ।[41]

ਤੀਸਰਾ ਹਾਦਸਾ ਵਿਚਾਰਦੇ ਹੋਏ ਉਹ ਆਖਦੇ ਹਨ ਕਿ ਕੌਮ ਦੀ ਇੱਕ ਵੱਡੀ ਬਦਕਿਸਮਤੀ ਉਹ ਨਿਰੰਕਾਰੀ ਕਾਂਡ ਜਿਸ ਵਿੱਚ ਵਿਸਾਖੀ ਦੇ ਮੌਕੇ ਉੱਤੇ ਅੰਮ੍ਰਿਤਸਰ ਵਿਖੇ ਡੇਰੇਦਾਰਾਂ ਨੇ

13 ਨਿਹੱਥੇ ਸਿੰਘ ਸ਼ਹੀਦ ਕਰ ਦਿੱਤੇ ਤੇ ਜਿਸ ਨੇ 1984 ਵਿੱਚ ਹੋਏ ਬਲਿਊ ਸਟਾਰ ਉਪਰੇਸ਼ਨ ਨੂੰ ਜਨਮ ਦਿੱਤਾ। ਸਿੱਖਾਂ ਅਤੇ ਉਨ੍ਹਾਂ ਦੇ ਕੇਂਦਰੀ ਧਾਰਮਿਕ ਸਥਾਨ ਸ੍ਰੀ ਹਰਿਮੰਦਰ ਸਾਹਿਬ ਉੱਤੇ ਵਕਤ ਦੀਆਂ ਸਰਕਾਰਾਂ ਵੱਲੋਂ ਹੋਏ ਤਸ਼ੱਦਦ ਅਤੇ ਅੱਤਿਆਚਾਰਾਂ ਬਾਰੇ ਉਨ੍ਹਾਂ ਨੂੰ ਜਦੋਂ ਪਤਾ ਲੱਗਾ ਤਾਂ ਉਹ 15 ਦਿਨਾਂ ਦੇ ਕਥਾ ਸਮਾਗਮ ਲਈ ਸ਼ਿਮਲਾ ਗਏ ਹੋਏ ਸਨ। ਇਸ ਘਟਨਾ ਨੇ ਉਨ੍ਹਾਂ ਦੇ ਅਤਿ ਦੇ ਸੰਵੇਦਨਸ਼ੀਲ ਹਿਰਦੇ ਨੂੰ ਇੱਕ ਵਾਰ ਫਿਰ ਝਮਜੋੜ ਕੇ ਰੱਖ ਦਿੱਤਾ। ਉਨ੍ਹਾਂ ਨੇ ਬਿਨਾਂ ਕਿਸੇ ਡਰ ਜਾਂ ਸੰਕੋਚ ਦੇ ਨਿਧੜਕ ਹੋ ਕੇ ਰਾਜਨੀਤਕ ਹਾਲਾਤ ਦਾ ਨਾਂ ਕੇਵਲ ਆਪਣੇ ਸ਼ਬਦਾਂ ਵਿੱਚ ਹੂ-ਬ-ਹੂ ਬਿਆਨ ਕੀਤਾ ਸਗੋਂ ਵਕਤ ਦੀ ਹਕੂਮਤ ਦੇ ਮਾੜੇ ਫੈਸਲਿਆਂ ਨੂੰ ਗ਼ਲਤ ਵੀ ਆਖਿਆ। ਭਾਵੇਂ ਉਸ ਵਕਤ ਉਨ੍ਹਾਂ ਨੇ ਦੇਸ਼ ਦੇ ਵਿਰੁੱਧ ਕੁਝ ਨਹੀਂ ਸੀ ਬੋਲਿਆ ਕੇਵਲ ਸਰਕਾਰ ਦੀ ਗ਼ਲਤ ਕਾਰਵਾਈ ਵਿਰੁੱਧ ਇਹ ਹੀ ਬੋਲਿਆ ਸੀ ਕਿ ਦਰਬਾਰ ਸਾਹਿਬ ਉੱਤੇ ਅਟੈਕ ਕਰਨ ਦੀ ਥਾਂ ਕੋਈ ਹੋਰ ਢੰਗ ਵਰਤਿਆ ਜਾਂਦਾ। ਹਕੂਮਤ ਦੀ ਕਾਰਵਾਈ ਦੇ ਖ਼ਿਲਾਫ ਗ਼ਲਤ ਨੂੰ ਗ਼ਲਤ ਆਖਿਆ ਤਾਂ ਸਮੇਂ ਦੀ ਰਾਜਨੀਤੀ ਨੇ ਉਨ੍ਹਾਂ ਨੂੰ ਦੇਸ਼-ਧਰੋਹੀ ਕਰਾਰ ਦੇ ਦਿੱਤਾ ਤੇ ਉਨ੍ਹਾਂ ਦੇ ਖ਼ਿਲਾਫ ਨਿੱਤ ਨਵੇਂ ਕੇਸ ਦਰਜ ਕਰ ਕੇ ਉਨ੍ਹਾਂ ਨੂੰ ਗ੍ਰਿਫਤਾਰ ਵੀ ਕਰ ਲਿਆ ਗਿਆ।[42] ਏਨੀ ਗੱਲ ਉੱਤੇ ਉਨ੍ਹਾਂ ਨੂੰ ਨਾ ਕੇਵਲ ਸੰਨ 1984 ਤੋਂ 1991 ਤੱਕ ਲਗਭਗ ਅੱਠ ਸਾਲ ਕੋਰਟਾਂ ਵਿੱਚ ਪੇਸ਼ੀਆਂ ਭੁਗਤਣੀਆਂ ਪਈਆਂ ਸਗੋਂ ਉਨ੍ਹਾਂ ਦਾ ਅਥਾਹ ਮਾਣ-ਸਤਿਕਾਰ ਤੇ ਪਿਆਰ ਕਰਨ ਵਾਲੇ ਪ੍ਰਬੰਧਕਾਂ ਨੇ ਵੀ ਉਨ੍ਹਾਂ ਤੋਂ ਅੱਖਾਂ ਫੇਰ ਲਈਆਂ ਤੇ ਉਨ੍ਹਾਂ ਨੂੰ ਕਥਾ ਲਈ ਸਮਾਂ ਦੇਣ ਤੋਂ ਗੁਰੇਜ਼ ਕਰਨਾ ਆਰੰਭ ਕਰ ਦਿੱਤਾ। 1991 ਵਿੱਚ ਜਦੋਂ ਨਵੀਂ ਸਰਕਾਰ ਬਣੀ ਤਾਂ ਉਨ੍ਹਾਂ ਦੇ ਕੇਸ ਵਾਪਸ ਲਏ ਗਏ ਪਰ ਇਸ ਵੇਲੇ ਤੱਕ ਉਹ ਚੰਗੀ ਤਰ੍ਹਾਂ ਨਾਲ ਸਮਝ ਗਏ ਸਨ ਕਿ ਜਿਹੜੀ ਹਕੂਮਤ ਰਾਜ ਪ੍ਰਾਪਤੀ ਲਈ ਕਿਸੇ ਤਰ੍ਹਾਂ ਦਾ ਵੀ ਛਲ-ਕਪਟ ਕਰ ਸਕਦੀ ਹੈ ਅਤੇ ਦੇਸ਼ ਭਗਤ ਕੌਮ ਨੂੰ ਸਿਆਸੀ ਦਾਉ-ਪੇਚ ਰਾਹੀਂ ਵਿਦਰੋਹੀ ਕੌਮ ਸਾਬਿਤ ਕਰ ਸਕਦੀ ਹੈ ਉਸ ਉੱਤੇ ਭਰੋਸਾ ਕਰਨਾ ਮੂਰਖਤਾ ਹੈ।[43] ਉਨ੍ਹਾਂ ਨੂੰ ਅਪਸੋਸ ਸੀ ਕਿ ਹਜ਼ਾਰਾਂ ਦੀ ਗਿਣਤੀ ਵਿੱਚ ਕੁਰਬਾਨੀਆਂ ਦੇਣ ਵਾਲੇ ਪੰਜਾਬ ਦੇ ਨੌਜਵਾਨ ਜੋਸ਼ ਵਿੱਚ ਹੋਸ਼ ਖੋ ਚੁੱਕੇ ਸਨ। ਕਈ ਵਾਰ ਉਹ ਗੁਰਬਾਣੀ ਵਿਚਾਰਾਂ ਦੁਆਰਾ ਇਸ਼ਾਰਤਨ ਉਨ੍ਹਾਂ ਨੂੰ ਸਮਝਾਉਣ ਦਾ ਯਤਨ ਵੀ ਕਰਦੇ ਹੋਏ ਆਖਦੇ ਸਨ:

> ਭਾਵੇਂ ਮੋਟਰਕਾਰ ਨੂੰ ਚਲਾਉਣ ਲਈ ਪੈਟਰੋਲ ਜ਼ਰੂਰੀ ਹੁੰਦਾ ਹੈ ਪ੍ਰੰਤੂ ਉਸ ਦੇ ਇੰਜਨ ਨੂੰ ਓਵਰਹੀਟ ਤੋਂ ਬਚਾਉਣ ਲਈ ਰੇਡੀਏਟਰ ਵਿੱਚ ਪਾਣੀ ਵੀ ਜ਼ਰੂਰੀ ਚਾਹੀਦਾ ਹੈ। ਸਾਡੇ

> ਨੌਜਵਾਨਾਂ ਵਿੱਚ ਪੈਟਰੋਲ ਤਾਂ ਹੈ ਪਰ ਪਾਣੀ ਦੀ ਕਮੀ ਹੈ। ਇਹ ਉਤਸ਼ਾਹ ਹੀਣ ਨਹੀਂ ਹਨ ਪਰ ਇਨ੍ਹਾਂ ਕੋਲ ਸਹੀ ਸੋਚਣੀ ਨਾ ਹੋਣ ਕਾਰਣ, ਇਹ ਵਰਤੇ ਗਏ।[44]

ਆਜ਼ਾਦ ਭਾਰਤ ਵਿਚਲੇ ਉਸ ਵੇਲੇ ਦੇ ਰਾਜਨੀਤਕ ਹਾਲਾਤ ਦਾ ਵਰਣਨ ਕਰਦੇ ਹੋਏ ਉਹ ਆਖਦੇ ਸਨ ਕਿ ਸਿਆਸਤ ਵਿੱਚ ਉਤਾਰ-ਚੜ੍ਹਾਓ, ਦਾਓ-ਪੇਚ ਤੇ ਹੇਰਾ-ਫੇਰੀ ਤੋਂ ਬਿਨਾਂ ਹੋਰ ਕੁਝ ਨਹੀਂ। ਵੈਸੇ ਤਾਂ ਰਾਜਨੀਤਕ ਉਹ ਪਹਿਲਾਂ ਵੀ ਨਹੀਂ ਸਨ ਪਰ 84 ਦੀ ਘਟਨਾ ਵਿੱਚ ਜੋ ਰਾਜਨੀਤਕ ਚਾਲਾਂ ਉਨ੍ਹਾਂ ਨੇ ਵੇਖੀਆਂ, ਉਸ ਤੋਂ ਬਾਅਦ ਉਹ ਰਾਜਨੀਤੀ ਤੋਂ ਬਹੁਤ ਦੂਰ ਰਹਿ ਕੇ ਨਿਰੋਲ ਧਰਮ-ਪ੍ਰਚਾਰ ਕਰਿਆ ਕਰਦੇ ਤੇ ਗੁਰਬਾਣੀ ਵਿਚਾਰ ਰਾਹੀਂ ਸਿੱਖ-ਸੰਗਤਾਂ ਵਿੱਚ ਧਰਮ ਦੇ ਬੂਟੇ ਨੂੰ ਹਰਾ-ਭਰਾ ਰੱਖਣ ਦੇ ਯਤਨ ਕਰਦੇ ਰਹਿੰਦੇ ਸਨ।[45]

ਉਪਰੋਕਤ ਵਿਚਾਰ ਚਰਚਾ ਦੇ ਸਾਰ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਉਨ੍ਹਾਂ ਨੂੰ ਇਸ ਗੱਲ ਦਾ ਇਲਮ ਸੀ ਕਿ ਸਾਡੀ ਕੌਮ ਵਿੱਚ ਕੱਟੜਪੰਥੀ, ਤੰਗਦਿਲੀ ਅਤੇ ਨਾਸਮਝ ਤਬਕਾ ਬਹੁਤ ਹੈ ਜਿਨ੍ਹਾਂ ਦੇ ਸਦਕਾ ਗੁਰਬਾਣੀ ਦਾ ਪੂਰਨ ਪ੍ਰਚਾਰ ਵਿਸ਼ਾਲ ਪੱਧਰ ਤੇ ਨਹੀਂ ਹੋ ਸਕਦਾ, ਨਹੀਂ ਤਾਂ ਬਾਬਾ ਨਾਨਕ ਤਾਂ ਮੁਸਲਿਮ ਸ਼ਹਿਰਾਂ - ਅਪਗਾਨਿਸਤਾਨ, ਈਰਾਨ, ਤਮਾਮ ਅਰਬ ਦੇਸ਼ਾਂ ਅਤੇ ਰੂਸ ਦੇ ਮੁਸਲਿਮ ਇਲਾਕੇ ਤੁਰਕਿਸਤਾਨ, ਕਜ਼ਬੇਕਸਤਾਨ, ਤਜ਼ਾਕਸਤਾਨ ਆਦਿ ਮੁਲਕਾਂ ਵਿੱਚ ਵੀ ਵਿਚਰੇ। ਸਿੱਖ ਦੀ ਰਾਜਨੀਤੀ ਬਾਰੇ ਵਿਚਾਰ ਕਰਦੇ ਹੋਏ ਉਹ ਆਖਦੇ ਸਨ ਕਿ ਸਿੱਖ ਦੀ ਰਾਜਨੀਤੀ ਹੈ ਸਾਰਿਆਂ ਨੂੰ ਨਾਲ ਲੈ ਕੇ ਚੱਲਣਾ ਤੇ ਸਾਰਿਆਂ ਨਾਲ ਪ੍ਰੇਮ ਜੋੜਨਾ। ਸੋ ਉਨ੍ਹਾਂ ਅਨੁਸਾਰ ਸਿੱਖ ਰਾਜਨੀਤੀ ਤੰਗਦਿਲੀ ਨੂੰ ਤਿਆਗ਼ ਕੇ ਸਭ ਨੂੰ ਨਾਲ ਲੈ ਕੇ ਚੱਲਣਾ ਹੀ ਹੈ।

### 5.4.2 ਧਾਰਮਿਕ ਪ੍ਰਸਥਿਤੀਆਂ:

ਉਸ ਸਮੇਂ ਦੇ ਧਾਰਮਿਕ ਹਾਲਾਤ ਸੰਬੰਧੀ ਗਿਆਨੀ ਸੰਤ ਸਿੰਘ ਮਸਕੀਨ ਜੀ ਦੇ ਵਿਦਿਆਰਥੀ ਗਿਆਨੀ ਗੁਰਵਿੰਦਰ ਸਿੰਘ ਕੋਮਲ ਆਖਦੇ ਹਨ,

> ਜਿਸ ਸਮੇਂ ਸਿੱਖ ਕੌਮ ਅੰਦਰ ਇੱਕ ਦੂਜੇ 'ਤੇ ਚਿੱਕੜ ਸੁੱਟਣ ਦੀ ਘਟੀਆ ਨੀਤੀ ਅਤੇ ਨਿੰਦਿਆ ਦੀ ਖੇਹ ਉਡਾਉਣ ਦੇ ਵਰਤਾਰੇ ਬਣੇ ਹੋਏ ਸਨ ਅਤੇ ਮਨਮੱਤੀਆਂ ਵੱਲੋਂ ਗੁਰਮਤਿ

> ਦੀ ਵਿਲੱਖਣਤਾ ਪ੍ਰਤੀ ਬਹੁਤ ਸ਼ੋਰ-ਸ਼ਰਾਬੇ ਪਾਏ ਜਾ ਰਹੇ ਸਨ ਤਾਂ ਇਸ ਵਿਕਰਾਲ ਸਮੇਂ ਗੁਰੂ-ਸ਼ਬਦ ਦੀ ਟਕਸਾਲੋਂ ਘੜੇ ਹੋਏ ਪੰਥ-ਹਿਤੈਸ਼ੀ ਤੇ ਦਰਦੇ ਦਿਲ ਗਿਆਨੀ ਸੰਤ ਸਿੰਘ ਜੀ 'ਮਸਕੀਨ' ਵਿਚਾਰ ਮੈਦਾਨ ਅੰਦਰ ਨਿੱਤਰੇ।ਆਪ ਜੀ ਨੇ ਗੁਰਬਾਣੀ ਦੇ ਮਿੱਠੇ ਜਿਹੇ ਸੰਦੇਸ਼ ਕਥਾ ਰਾਹੀਂ ਜਗਤ ਅੰਦਰ ਪ੍ਰਗਟ ਕਰਨੇ ਆਰੰਭ ਕੀਤੇ।ਗੁਰਸਿੱਖੀ ਦੀ ਵਿਚਾਰਧਾਰਾ ਦੀਆਂ ਸੁਹਜ ਭਰੀਆਂ ਅਨੰਤ ਮਿੱਠੀਆਂ ਆਵਾਜ਼ਾਂ ਸੁਣਾਈਆਂ।ਗੁਰਮਤਿ ਦੇ 'ਸਿੰਘ ਨਾਦ' ਰਾਹੀਂ ਮਨਮੱਤੀਆਂ ਤੇ ਅਨਮੱਤੀਆਂ ਦੇ ਵਿਅਰਥ ਜਿਹੇ ਪਾਏ ਜਾ ਰਹੇ ਸ਼ੋਰ-ਸ਼ਰਾਬੇ ਤੇ ਪਾਖੰਡ ਵਰਤਾਰੇ ਨੂੰ ਠਲ੍ਹ ਪਾਈ।ਹੈਂਕੜ ਤੇ ਤੁਅੱਸਬ ਦੇ ਤਪਦੇ ਭੱਠਾਂ ਨੇ ਬੇਸ਼ਕ ਆਪ ਜੀ ਦੇ ਕ੍ਰਾਂਤੀਕਾਰੀ ਕਦਮਾਂ ਨੂੰ ਲੂਹਣ ਦੀ ਪੂਰੀ ਵਾਹ ਲਾਈ ਪਰ ਆਪ ਜੀ ਨੇ ਬਿਨਾਂ ਕਿਸੇ ਦੀ ਪ੍ਰਵਾਹ ਕੀਤਿਆਂ ਗੁਰਮਤਿ ਦਾ ਡੰਕਾ ਚਹੁੰ ਕੁੰਟੀਂ ਵਜਾਇਆ।[46]

ਸੰਤ ਸਿੰਘ ਮਸਕੀਨ ਜੀ ਸਮਕਾਲੀਨ ਧਾਰਮਿਕ ਸਥਿਤੀਆਂ ਵਿੱਚ ਹਰ ਪਾਸੇ ਨਿਘਾਰ ਦੀ ਸਥਿਤੀ ਦੇਖਦੇ ਹੋਏ ਚਿੰਤਤ ਹੋ ਕੇ ਆਖਦੇ ਸਨ ਕਿ ਗੁਰਦੁਆਰਿਆਂ ਵਿੱਚ ਗੁਰਮਤਿ ਦੀ ਗੱਲ ਨਹੀਂ ਹੋ ਰਹੀ, ਰਾਜਨੀਤੀ ਚਲ ਰਹੀ ਹੈ।ਦਰਅਸਲ ਧਾਰਮਿਕ ਤਲ ਤੇ ਹਰ ਪਾਸੇ ਅਜਿਹੀ ਨਿਘਾਰ ਦੀ ਦਸ਼ਾ ਦੇਖਦੇ ਹੋਏ ਉਨ੍ਹਾਂ ਵਰਗੇ ਪੰਥ-ਦਰਦੀ ਦਾ ਚਿੰਤਤ ਹੋਣਾ ਲਾਜ਼ਮੀ ਹੈ।ਅਜਿਹੀ ਸਥਿਤੀ ਦਾ ਮੁੱਢ ਤੋਂ ਹੀ ਵਿਸ਼ਲੇਸ਼ਣ ਕਰਦੇ ਹੋਏ ਉਹ ਆਖਦੇ ਹਨ:

> ਮਨੁਖਤਾ ਦੇ ਆਦਿ ਕਾਲ ਤੋਂ ਹੀ ਅਸੱਤ ਦਾ ਅਤੇ ਸੱਤ ਦਾ ਸੰਘਰਸ਼ ਰਿਹਾ ਹੈ ਜਿਵੇਂ ਗੁਰਮਤਿ ਦੇ ਆਦਿ ਕਾਲ ਤੋਂ ਹੀ ਬਾਬਰ, ਗੁਰੂ ਨਾਨਕ ਦੇ ਗੁਰਮਤਿ ਪ੍ਰਸਾਰ ਤੋਂ ਔਖਾ ਸੀ, ਜਹਾਂਗੀਰ ਨੇ ਬਾਬਾ ਪ੍ਰਿਥੀ ਚੰਦ ਨੂੰ ਹੱਥ ਵਿੱਚ ਲੈ ਗੁਰੂ-ਘਰ ਨੂੰ ਕਮਜ਼ੋਰ ਕਰਨ ਦੀ ਭਰਪੂਰ ਕੋਸ਼ਿਸ਼ ਕੀਤੀ, ਰਾਮ ਰਾਏ

> ਔਰੰਗਜ਼ੇਬ ਦਾ ਹੱਥ-ਠੋਕਾ ਬਣਿਆ, ਸੱਤਾ ਕਦਮ-ਕਦਮ ’ਤੇ ਗੁਰੂ ਗੋਬਿੰਦ ਸਿੰਘ ਜੀ ਨਾਲ ਵੀ ਸੰਘਰਸ਼ ਕਰਦੀ ਰਹੀ ਅਤੇ ਦੰਭੀ ਗੁਰੂਆਂ ਨੂੰ ਅੱਗੇ ਕਰ ਕੇ ਗੁਰੂ-ਘਰ ਨੂੰ ਕਮਜ਼ੋਰ ਕਰਨ ਦੇ ਵਸੀਲੇ ਜੁਟਾਂਦੀ ਰਹੀ। ਬਕਾਲੇ ਵਿੱਚ 22 ਮੰਜੀਆਂ ਦੇ ਅਲੱਗ-ਅਲੱਗ ਗੁਰੂ ਹੋਣ ਦਾ ਦਾਅਵਾ ਇਸੇ ਕੜੀ ਦਾ ਜੋੜ ਹੈ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਦੀਕਸ਼ਾ, ਸ਼ਿਕਸ਼ਾ ਨੂੰ ਅੱਗੇ ਰੱਖ ਕੇ ਸਿੱਖ ਜਗਤ ਨੇ ਵੀ ‘ਧਰਮ ਤੇ ਰਾਜਨੀਤੀ ਇੱਕ ਹੈ’ ਐਸਾ ਪ੍ਰਚਾਰ ਆਰੰਭ ਕਰ ਦਿੱਤਾ।[47]

ਗੁਰਬਾਣੀ ਦੀ ਇੱਕ ਪੰਕਤੀ ਉਹ ਅਕਸਰ ਬੋਲਦੇ ਸਨ:

ਵੇਦੀਨਾ ਕੀ ਦੋਸਤੀ ਵੇਦੀਨਾ ਕਾ ਖਾਣ॥

ਸਿਫਤੀ ਸਾਰ ਨਾ ਜਾਣਨੀ ਸਦਾ ਵਸੈ ਸੈਤਾਨ॥[48]

ਭਾਵ ਜੋ ਵੀ ਪਰਮਾਤਮਾ ਦੀ ਸਿਫਤ-ਸਾਲਾਹ ਨੂੰ ਨਹੀਂ ਜਾਣਦਾ, ਉਸੇ ਨੂੰ ਹੀ ਬੇਦੀਨ ਕਿਹਾ ਗਿਆ ਹੈ। ਉਂਝ ਆਪੋ-ਆਪਣੇ ਢੰਗ ਨਾਲ ਬੰਦਗੀ ਹਰ ਕੋਈ ਕਰਦਾ ਹੈ ਜਿਵੇਂ ਭੁੱਖ ਮਿਟਾਣ ਲਈ ਹਰ ਕੋਈ ਆਪੋ-ਆਪਣੀ ਪਸੰਦ ਦਾ ਖਾਣਾ ਖਾਂਦਾ ਹੈ। ਅਜੋਕੇ ਯੁੱਗ ਵਿੱਚ ਧਰਮ ਦੀ ਦੁਰਵਰਤੋਂ ਹੁੰਦੀ ਵੇਖ ਕੇ ਉਹ ਸਹਿਜੇ ਹੀ ਕਹਿ ਉੱਠਦੇ ਹਨ:

> ਦਰਅਸਲ ਧਰਮ ਸਤਿ ਹੈ, ਮਹਾਰਸ ਤੇ ਆਤਮਕ ਆਨੰਦ ਹੈ, ਦੈਵੀ ਗੁਣਾਂ ਦਾ ਪ੍ਰਕਾਸ਼ ਤੇ ਜੀਵਨ ਦਾ ਲਕਸ਼ ਹੈ। ਧਰਮ ਜ਼ਿੰਦਗੀ ਦੇ ਹਰ ਸ਼ੋਅਬੇ ਵਿੱਚ ਹੋਣਾ ਲਾਜ਼ਮੀ ਹੈ, ਧਰਮ ਨੂੰ ਪਰਿਵਾਰ ਤੇ ਸਮਾਜ ਵਿੱਚੋਂ ਅਲੱਗ ਕਰ ਦੇਈਏ ਤਾਂ ਪਰਿਵਾਰ ਕਲਾ-ਕਲੇਸ਼ ਦਾ ਅਖਾੜਾ ਬਣ ਜਾਂਦਾ ਹੈ ਤੇ ਰਿਸ਼ਤਿਆਂ ਵਿੱਚ ਦਰਾੜਾਂ ਪੈ ਜਾਂਦੀਆਂ ਹਨ। ਧਰਮਹੀਣ ਅਰਥ-ਵਿਵਸਥਾ ਬੇਈਮਾਨੀ ਦੇ ਦਲਦਲ ਵਿੱਚ ਗ਼ਰਕ ਹੋ ਜਾਂਦੀ ਹੈ। ਧਰਮਹੀਣ ਰਾਜਨੀਤੀ ਜ਼ੁਲਮਤ, ਭ੍ਰਿਸ਼ਟਾਚਾਰ ਤੇ ਨਾਇਨਸਾਫੀਆਂ ਦਾ ਅਖਾੜਾ ਬਣ ਜਾਂਦੀ ਹੈ। ਸੋ ਧਰਮ

> ਜ਼ਿੰਦਗੀ ਦੇ ਹਰ ਪੱਖ ਦੇ ਬੂਟੇ ਦੀ ਜੜ੍ਹ ਹੈ।ਅੱਜ ਦੇ ਦੌਰ ਵਿੱਚ ਧਰਮ ਦੇ ਨਾਮ 'ਤੇ ਧਰਮਹੀਣ ਰਾਜਨੀਤੀ ਦਾ ਬੋਲਬਾਲਾ ਹੈ।ਮੰਦਰ ਮਸਜਿਦ ਦੇ ਟਕਰਾਉ, ਹਿੰਦੂ ਸਿੱਖਾਂ ਦਾ ਆਪਸੀ ਤਣਾਉ, ਧਰਮ ਦੇ ਨਾਮ 'ਤੇ ਧਰਮ ਦੀ ਦੁਰਵਰਤੋਂ ਕਰਨਾ ਹੈ।[49]

ਸਿੱਖ ਜਗਤ ਵਿੱਚ ਗੁਰਦੁਆਰਿਆਂ ਦੇ ਪ੍ਰਬੰਧਕੀ ਢਾਂਚੇ ਨੂੰ ਜਾਂਚਦੇ ਹੋਏ ਉਹ ਆਖਦੇ ਸਨ:

> ਗੁਰੂ ਗੋਬਿੰਦ ਸਿੰਘ ਜੀ ਨੇ ਸੰਤ-ਸਿਪਾਹੀ ਨੂੰ ਜਨਮ ਦਿੱਤਾ, ਸੰਤ ਜੋ ਦਇਆ ਤੇ ਪ੍ਰੇਮ ਦੀ ਮੂਰਤੀ ਹੈ, ਸਿਪਾਹੀ ਜੋ ਸੂਰਬੀਰ ਤੇ ਵਿਸ਼ਾਲ ਹੌਂਸਲੇ ਦਾ ਮਾਲਕ ਹੈ ਪ੍ਰੰਤੂ ਸਿੱਖ ਜਗਤ ਦੇ ਪ੍ਰਬੰਧਕੀ ਢਾਚੇ ਵਿੱਚ ਨਾ ਸੰਤ ਸੁਭਾਉ ਹੈ, ਨਾ ਸੂਰਬੀਰਤਾ ਤੇ ਹੌਂਸਲਾ ਹੈ, ਸਿਰਫ ਕੋਰੀ ਰਾਜਨੀਤੀ ਤੇ ਸੁਆਰਥ ਸਿੱਧੀ ਹੈ।ਗੁਰਦੁਆਰਿਆਂ ਦੀ 95% ਸ਼ਕਤੀ ਸੁਆਰਥ ਸਿੱਧ ਰਾਜਨੀਤਕਾਂ ਦੇ ਹੱਥ ਵਿੱਚ ਆ ਗਈ ਹੈ, ਜਿਸ ਨਾਲ ਗੁਰਮਤਿ ਧਰਮ-ਪ੍ਰਚਾਰ ਨੂੰ ਗਹਿਰੀ ਸੱਟ ਲੱਗੀ ਹੈ।ਅਜੋਕੇ ਸਮੇਂ ਵਿੱਚ ਜਿੱਥੇ ਪ੍ਰਬੰਧਕਾਂ ਦਾ ਹੰਕਾਰ ਚਰਮ ਸੀਮਾ 'ਤੇ ਹੈ, ਉੱਥੇ ਪ੍ਰਚਾਰਕਾਂ ਦਾ ਸੁਆਰਥ ਵੀ ਸਿਖਰ 'ਤੇ ਪੁੱਜਿਆ ਹੋਇਆ ਹੈ।[50]

ਪ੍ਰਚਾਰਕ ਤੇ ਰਾਗੀ ਸ਼ਰੇਣੀ ਵੀ ਨਿਰੀ ਮਾਇਆ ਦੇ ਚੱਕਰ ਵਿੱਚ ਫਸੀ ਪਈ ਹੈ।ਅਜਿਹੇ ਮਾਹੌਲ ਵਿੱਚ ਉਹ ਧਰਮ ਪ੍ਰਚਾਰ ਦੀ ਦਿਸ਼ਾ ਤੋਂ ਭਟਕ ਕੇ ਸਿਰਫ ਆਪਣੀ ਉਪਜੀਵਿਕਾ ਤੱਕ ਹੀ ਸੀਮਿਤ ਰਹਿ ਗਈ ਹੈ।ਵੱਡੇ-ਵੱਡੇ ਸ਼ਹਿਰਾਂ ਦੇ ਗੁਰਦੁਆਰਿਆਂ, ਜਿਹੜੇ ਕਿ ਸਿੱਧੇ ਰੂਪ ਵਿੱਚ ਰਾਜਨੀਤਕ ਲੋਕਾਂ ਦੇ ਪ੍ਰਬੰਧ ਅਧੀਨ ਹਨ, ਵਿੱਚ ਆਰਥਕ ਆਮਦਨ ਦੇ ਅਮਬਾਰ ਲੱਗਦੇ ਹਨ ਪਰ ਇਹ ਆਮਦਨ ਧਰਮ ਪ੍ਰਚਾਰ ਜਾਂ ਗ਼ਰੀਬਾਂ ਦੀ ਉਸਾਰੀ ਲਈ ਨਹੀਂ ਸਗੋਂ ਗੁਰਦੁਆਰਿਆਂ ਦੀਆਂ ਮਹਾਨ ਤੇ ਸੁੰਦਰ ਇਮਾਰਤਾਂ ਬਣਾਉਣ ਤੇ ਖਰਚ ਕੀਤੀ ਜਾਂਦੀ ਹੈ ਅਤੇ ਗੁਰਦੁਆਰਿਆਂ ਦੀਆਂ ਇਨ੍ਹਾਂ ਇਮਾਰਤਾਂ ਵਿੱਚ ਖਾਲੀ ਪਏ ਕਮਰਿਆਂ ਨੂੰ ਕਿਰਾਏ ਤੇ ਦੇ ਦਿੱਤਾ ਜਾਂਦਾ ਹੈ ਪਰ ਕਈ ਵਾਰ ਜਦੋਂ ਗੁਰਦੁਆਰਿਆਂ ਦੇ ਕਮਰੇ ਕਿਰਾਏ ਤੇ ਲੈਣ

ਵਾਲਿਆਂ ਨੂੰ ਉੱਥੇ ਉਹ ਜੂਆ ਖੇਡਦੇ, ਤਾਸ਼ ਖੇਡਦੇ ਜਾਂ ਸ਼ਰਾਬਾਂ ਪੀਂਦੇ ਵੇਖਦੇ ਤਾਂ ਉਨ੍ਹਾਂ ਦਾ ਹਿਰਦਾ ਤੜਪ ਉੱਠਦਾ ਤੇ ਉਨ੍ਹਾਂ ਦਾ ਗੁਰਦੁਆਰਿਆਂ ਦੇ ਪ੍ਰਬੰਧਕਾਂ ਨਾਲ ਟਕਰਾਉ ਇਸ ਗੱਲ ਤੇ ਹੋ ਜਾਂਦਾ ਕਿ ਅਜਿਹੇ ਕੰਮ ਤਾਂ ਹੋਟਲਾਂ ਵਿੱਚ ਹੁੰਦੇ ਹਨ ਗੁਰਦੁਆਰਿਆਂ ਦੇ ਕਮਰਿਆਂ ਵਿੱਚ ਨਹੀਂ ਤੇ ਉਹ ਕਹਿ ਉੱਠਦੇ ਗੁਰਦੁਆਰਿਆਂ ਦਾ ਅਜਿਹਾ ਵਿਗੜਿਆ ਹੋਇਆ ਪ੍ਰਬੰਧ ਗੁਰੂ ਕੀ ਗੋਲਕ ਨੂੰ ਗਰੀਬ ਦੇ ਮੂੰਹ ਵਿੱਚ ਪਾਉਣ ਦੀ ਬਜਾਏ ਇਸਾਈਅਤ ਨੂੰ ਪਾਲ ਰਿਹਾ ਹੈ।[51] ਗੁਰਵਾਕ ਅਨੁਸਾਰ ਗ਼ਰੀਬ ਦਾ ਮੂੰਹ ਗੁਰੂ ਕੀ ਗੋਲਕ ਹੈ।ਨੱਬੇ ਫਸਿਦੀ ਭਾਰਤ ਦੀ ਆਬਾਦੀ ਗ਼ਰੀਬ ਹੈ, ਅੱਜ ਸਿੱਖ ਹੋਣੀ ਸੀ।ਦੁਨੀਆ ਭਰ ਦੇ ਵੱਖ ਵੱਖ ਗੁਰਦੁਆਰਿਆਂ ਵਿੱਚ ਗੁਰਮਤਿ ਪ੍ਰਚਾਰ ਕਰਕੇ ਸਿੱਖੀ ਦੀ ਜੋ ਦਸ਼ਾ ਉਨ੍ਹਾਂ ਨੇ ਵਾਚੀ ਉਸ ਸੰਬੰਧੀ ਇੱਕ ਅਮੁੱਲੀ ਪੁਸਤਕ 'ਦੇਸ਼ ਵਿਦੇਸ਼ ਦੇ ਗੁਰਦੁਆਰਿਆਂ ਦਾ ਪ੍ਰਬੰਧਕੀ ਢਾਂਚਾ ਤੇ ਪ੍ਰਚਾਰਕ ਸ਼ਰੇਣੀ' ਲਿਖ ਕੇ ਉਹ ਸਿੱਖ ਜਗਤ ਦੀ ਝੋਲੀ ਪਾ ਗਏ ਹਨ ਜਿਸ ਸੰਬੰਧੀ ਉਹ ਆਪ ਆਪਣੇ ਸ਼ਬਦਾਂ ਵਿੱਚ ਆਖਦੇ ਹਨ:

> ਜੀਵਨ ਭਰ ਇਸ ਧਾਰਮਿਕ ਜਗਤ ਵਿੱਚ ਵਿਚਰ ਕੇ ਜੋ ਅਨੁਭਵ ਹੋਇਆ ਹੈ, ਉਸ ਨੂੰ ਮੈਂ ਇਸ ਲੇਖਣੀ ਰਾਹੀਂ ਗੁਰਮਤਿ ਹਿਤੈਸ਼ੀਆਂ ਦੇ ਸਾਹਮਣੇ ਰੱਖ ਰਿਹਾ ਹਾਂ ਤਾਂ ਕਿ ਕੋਈ ਦਿਸ਼ਾ-ਸੇਧ ਅਪਣਾਈ ਜਾਵੇ ਅਤੇ ਗੁਰਬਾਣੀ ਨੂੰ ਸਮੁੱਚੇ ਸੰਸਾਰ ਦੇ ਕੰਨਾਂ ਤੱਕ ਪਹੁੰਚਾਇਆ ਜਾ ਸਕੇ, ਸਮੂਹ ਜਗਤ ਇਸ ਖੁਨਕ ਨਾਮ ਖ਼ੁਦਾਏ ਤੋਂ ਲਾਭਵੰਤ ਹੋ ਸਕੇ।ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਨਾਲ ਜੋ ਨਾਮ ਸਿਮਰਨ-ਮਹਿਮਾ ਦਾ ਸੂਰਜ ਉਦੈ ਹੋਇਆ ਸੀ, ਉਸ ਅੱਗੇ ਪਾਈਆਂ ਕਾਲੀਆਂ ਬੱਦਲੀਆਂ ਨੂੰ ਛਾਟਿਆ ਜਾਵੇ, ਤਾਂ ਜੁ ਗੁਰਮਤਿ ਦੀ ਰੌਸ਼ਨੀ ਨੂੰ ਮੰਜ਼ਰੇ-ਆਮ ਕੀਤਾ ਜਾ ਸਕੇ।[52]

ਇਸ ਗੱਲ ਲਈ ਅਕਸਰ ਉਹ ਅਪਸੋਸ ਜ਼ਾਹਿਰ ਕਰਦੇ ਸਨ ਕਿ ਕੇਵਲ ਪੰਜ ਸੌ ਸਾਲਾਂ ਵਿੱਚ ਇਤਨੀ ਸੂਰਬੀਰ ਕੌਮ ਦਾ ਇਤਿਹਾਸ ਇਤਨਾ ਵਿਗੜਿਆ ਕਿ ਰਾਜਨੀਤਕ ਤਾਣੇ-ਬਾਣੇ ਵਿੱਚ ਉਲਝੇ ਹੋਏ ਪ੍ਰਬੰਧਕੀ ਢਾਚੇ ਅਤੇ ਪ੍ਰਚਾਰਕ ਸ਼ਰੇਣੀ ਇਸ ਦੀ ਜ਼ਿੰਮੇਵਾਰੀ ਲੈਣ ਨੂੰ

ਤਿਆਰ ਨਹੀਂ।ਇੱਕ ਪ੍ਰਚਾਰਕ ਦੇ ਤੌਰ ਤੇ ਧਰਮ ਪ੍ਰਚਾਰ ਅਤੇ ਪ੍ਰਬੰਧ ਸੰਬੰਧੀ ਆਪਣੇ ਵਿਚਾਰ ਸਾਹਮਣੇ ਰੱਖਦੇ ਹੋਏ ਉਹ ਆਖਦੇ ਹਨ:

> ਗੁਰਮਤਿ ਦੀ ਦੁਨੀਆ ਜੋ ਦੇਸ਼ ਦੀਆਂ ਸੜਕਾਂ ਤੋਂ ਟੱਪ ਕੇ ਅਰਬ, ਈਰਾਨ, ਰੂਸ, ਲੰਕਾ, ਤਿੱਬਤ, ਭੁਟਾਨ ਤੇ ਚੀਨ ਤੱਕ ਪਹੁੰਚੀ ਸੀ, ਉਸ ਨੂੰ ਬਹੁਤ ਹੀ ਛੋਟੇ ਦਾਇਰੇ ਵਿੱਚ ਸੀਮਿਤ ਕਰ ਕੇ ਰੱਖ ਦਿੱਤਾ ਗਿਆ ਹੈ, ਔਰ ਉਹ ਵੀ ਦਮ ਤੋੜਦੀ ਦਿਖਾਈ ਦੇ ਰਹੀ ਹੈ।ਵਕਤ ਸਿਰ ਇਲਾਜ ਨਾ ਕੀਤਾ ਗਿਆ ਤਾਂ ਅਮਜਾਮ ਭਿਆਨਕ ਹੋ ਸਕਦੇ ਨੇ।ਔਰ ਇਲਾਜ ਇੱਕੋ ਇੱਕ ਇਹ ਹੀ ਹੈ ਕਿ ਮੌਜੂਦਾ ਨਿਜ਼ਾਮ ਬਦਲ ਦਿੱਤਾ ਜਾਏ।ਉਦਾਸੀ ਤੇ ਨਿਰਮਲੇ ਵਿਦਵਾਨਾਂ ਨੂੰ ਤਲਾਸ਼ ਕੀਤਾ ਜਾਏ।ਇਨ੍ਹਾਂ ਰੁੱਸਿਆਂ ਹੋਇਆਂ ਨੂੰ ਫਿਰ ਮਨਾਇਆ ਜਾਏ ਔਰ ਸਿੱਖ ਜਗਤ ਵਿੱਚ ਹੋਰ ਪੜ੍ਹੇ ਲਿਖੇ ਮੁਦੱਬਰ ਮਨੁੱਖ ਜੋ ਆਪਣਾ ਜੀਵਨ ਗੁਰਮਤਿ ਨੂੰ ਦਾਨ ਕਰ ਸਕਦੇ ਹੋਣ, ਭਾਲ ਕੀਤੀ ਜਾਏ।...ਜੇਕਰ ਸੱਚਾਈ, ਪਰਉਪਕਾਰ, ਨੇਕੀਆਂ ਸਾਧੂ ਦਾ ਲਿਬਾਸ ਧਾਰਨ ਕਰ ਲੈਣ ਤਾਂ ਇੱਕ ਸੱਚੀ ਕ੍ਰਾਂਤੀ ਦਾ ਜਨਮ ਹੋ ਸਕਦਾ ਹੈ।[53]

ਤਾਂ ਅਜਿਹੀ ਪ੍ਰਚਾਰਕ ਸ਼ਰੇਣੀ ਤੋਂ ਸੁਚੱਜੇ ਪ੍ਰਬੰਧ ਦੀ ਆਸ ਕਰਦੇ ਹੋਏ ਉਹ ਗੁਰਬਾਣੀ ਵਿੱਚੋਂ ਪ੍ਰਮਾਣ ਦਿੰਦੇ ਹੋਏ ਆਖਦੇ ਸਨ:

ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ॥[54]

ਉਪਰੋਕਤ ਸਾਰੀ ਵਿਚਾਰ-ਚਰਚਾ ਉਪਰੰਤ ਇਹ ਕਿਹਾ ਜਾ ਸਕਦਾ ਹੈ ਕਿ ਗਿਆਨੀ ਸੰਤ ਸਿੰਘ ਮਸਕੀਨ ਜੀ ਦੀ ਦ੍ਰਿਸ਼ਟੀ ਵਿੱਚ ਧਾਰਮਕ ਹੋਣ ਦਾ ਸਹੀ ਅਰਥ ਵਿਹਾਰਕ ਅਤੇ ਅਮਲੀ ਜੀਵਨ ਵਿੱਚ ਸਚਿਆਰ, ਪਵਿੱਤਰ ਅਤੇ ਇਮਾਨਦਾਰ ਹੋਣ ਤੋਂ ਹੈ।ਆਪਣੇ ਧਰਮ ਵਿੱਚ ਪੱਕੇ ਹੋਣਾ ਅਤੇ ਹੋਰਨਾਂ ਧਰਮਾਂ ਦਾ ਸਤਿਕਾਰ ਕਰਨਾ ਉਨ੍ਹਾਂ ਦੀ ਧਾਰਮਿਕ ਸਿੱਖਿਆ ਦਾ ਵਿਸ਼ੇਸ਼ ਪਹਿਲੂ ਹੈ।

### 5.4.3 ਸਮਾਜਕ ਪ੍ਰਸਥਿਤੀਆਂ:

ਦੁਨਿਆਵੀ ਲਾਲਚਾਂ ਤੋਂ ਉੱਪਰ ਉੱਠ ਕੇ ਸੱਚ, ਧਰਮ ਅਤੇ ਨਿਆਂ ਉੱਪਰ ਦ੍ਰਿੜਤਾ ਨਾਲ ਪਹਿਰਾ ਦੇਣ ਵਾਲੇ ਸੰਤ ਸਿੰਘ ਮਸਕੀਨ ਜੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ-ਪੰਥ ਨਾਲ ਰੋਮ-ਰੋਮ ਜੁੜੇ ਹੋਏ ਸਨ।ਮਨੁੱਖੀ-ਸਮਾਜ ਅੰਦਰ ਫੇਲੇ ਕੂੜ-ਕੁਸੱਤ ਅਤੇ ਦਿਖਾਵੇਬਾਜ਼ੀ ਦੇ ਬਾਹਰੀ-ਆਡੰਬਰ ਨੂੰ ਵੇਖ ਕੇ ਉਨ੍ਹਾਂ ਨੇ ਸਮੁੱਚੀ ਲੋਕਾਈ ਨੂੰ ਗੁਰਮਤਿ ਸਿਧਾਂਤਾਂ ਅਤੇ ਗੁਰਮਤਿ ਵਿਚਾਰਾਂ ਨਾਲ ਜੋੜਨ ਲਈ ਦੇਸ਼-ਵਿਦੇਸ਼ ਵਿੱਚ ਪਹੁੰਚ ਕੇ ਗੁਰੂ ਨਾਨਕ ਨਿਰਮਲ ਪੰਥ ਦੀ ਨਿਰਮਲ ਵਿਚਾਰਧਾਰਾ ਨਾਲ ਜੋੜਿਆ। ਨਿੱਕੀ ਉਮਰੇ ਆਰੰਭ ਕਰਕੇ ਉਨ੍ਹਾਂ ਨੇ ਆਪਣੇ ਜੀਵਨ ਦੇ ਅੰਤਿਮ ਦਿਨ ਤੱਕ ਗੁਰਬਾਣੀ ਵਿਆਖਿਆ ਕਰਨ ਨੂੰ ਆਪਣਾ ਧਰਮ ਅਤੇ ਮਾਨਵਤਾ ਦੀ ਸੇਵਾ ਸਮਝਿਆ।ਸਾਰੀ ਉਮਰ ਉਨ੍ਹਾਂ ਨੇ ਸਟੇਜਾਂ, ਸੈਮੀਨਾਰਾਂ, ਗੋਸ਼ਟੀਆਂ, ਗੁਰਮਤਿ ਸਮਾਗਮਾਂ, ਸਕੂਲਾਂ-ਕਾਲਜਾਂ ਅਤੇ ਇੱਥੋਂ ਤੱਕ ਕਿ ਜੇਲ੍ਹਾਂ ਵਿੱਚ ਵੀ ਕਥਾ ਕੀਤੀ।ਇਸ ਗੱਲ ਦਾ ਪ੍ਰਮਾਣ ਸਾਨੂੰ ਉਨ੍ਹਾਂ ਦੀ ਕਥਾ ਵਿੱਚੋਂ ਹੀ ਮਿਲਦਾ ਹੈ ਜਦੋਂ ਉਹ ਆਪ ਆਖਦੇ ਹਨ:

> ਭਾਰਤ ਦੇ ਵਿੱਚ ਕਈ ਵਾਰ ਜੇਲ੍ਹਾਂ ਦੇ ਵਿੱਚ ਵੀ ਕਥਾ ਕਰਨ ਲਈ ਜਾਣਾ ਪੈਂਦਾ ਹੈ।ਬੈਂਗਲੌਰ ਦੀ ਜੇਲ੍ਹ ਵਿੱਚ ਕਥਾ ਦਾ ਪ੍ਰੋਗ੍ਰਾਮ ਸੀ, ਕੋਈ ਚਾਰ ਹਜ਼ਾਰ ਕੈਦੀਆਂ ਦਾ ਇਕੱਠ ਸੀ।ਇੱਕ ਘੰਟਾ ਦਾਸ ਨੇ ਉਨ੍ਹਾਂ ਨੂੰ ਗੁਰਬਾਣੀ ਵਿਚਾਰ ਸੁਣਾਈ ਹਿੰਦੀ ਵਿੱਚ, ਕਿਉਂਕਿ 'ਕਨੜ' ਲੋਕ ਸੀ।ਦੋ ਦਿਨ ਹਾਜ਼ਰੀ ਭਰਨ ਇੰਦੌਰ ਦੀ ਸੈਂਟ੍ਰਲ ਜੇਲ੍ਹ ਵਿੱਚ ਵੀ ਦਾਸ ਜਾਂਦਾ ਹੁੰਦਾ ਸੀ।ਇਸ ਤਰ੍ਹਾਂ ਰਾਇਪੁਰ, ਜੋਧਪੁਰ ਹੋਰ ਕਈ ਜੇਲ੍ਹਾਂ ਵਿੱਚ ਦਾਸ ਦਾ ਜਾਣਾ ਹੁੰਦਾ ਹੈ, ਬੁਲਾਉਂਦੇ ਹਨ।...ਅੱਜ ਸਕੂਲ ਵਿੱਚ ਪ੍ਰੋਗ੍ਰਾਮ ਰੱਖਿਆ ਗਿਆ ਹੈ, ਕੀਰਤਨ ਕਥਾ ਉੱਥੇ ਵੀ ਹੋਣੀ ਹੈ।ਬੜਾ ਵੱਡਾ ਉੱਦਮ ਹੈ ਕਿ ਆਪਣੀ ਪਨੀਰੀ ਦੀ ਤੁਸਾਂ ਸੰਭਾਲ ਕੀਤੀ ਹੈ।[55]

ਅਜੋਕੇ ਪਦਾਰਥਵਾਦੀ ਯੁੱਗ ਅੰਦਰ ਜੀਵਨ-ਰਾਹ ਤੋਂ ਉੱਖੜੇ, ਸਮਾਜਕ ਕੁਰੀਤੀਆਂ, ਅੰਧ-ਵਿਸ਼ਵਾਸ ਅਤੇ ਕਰਮ ਕਾਂਡ ਦੀ ਦਲਦਲ ਵਿੱਚ ਡਗਮਗਾਂਦੇ ਮਨੁੱਖੀ ਸਮਾਜ ਨੂੰ ਉਨ੍ਹਾਂ ਨੇ

ਗੁਰਮਤਿ ਦੇ ਦੈਵੀ ਗਿਆਨ ਨਾਲ ਭਲੀ-ਭਾਤੀ ਜਾਣੂੰ ਕਰਵਾਇਆ। ਬਾਹਰੀ ਵਿਖਾਵਿਆਂ ਵੱਲ ਇਸ਼ਾਰਾ ਕਰਦੇ ਹੋਏ ਉਹ ਉਦਾਹਰਣ ਦੇ ਕੇ ਇੰਝ ਸਮਝਾਉਂਦੇ:

> ਸੁਹਾਗਣ ਇਸਤਰੀ ਨੇ ਆਪਣੇ ਤਨ ਨੂੰ ਗਹਿਣਿਆਂ ਨਾਲ ਸਜਾਇਆ ਹੈ, ਬਸਤਰਾਂ ਨਾਲ ਸਜਾਇਆ ਹੈ, ਹਰ ਤਰ੍ਹਾਂ ਦਾ ਸ਼ਿੰਗਾਰ ਕੀਤਾ ਹੈ, ਪਰ ਕੋਲ ਪਤੀ ਨਹੀਂ ਹੈ। ਸਾਰਾ ਸ਼ਿੰਗਾਰ, ਸਾਰਾ ਆਡੰਬਰ ਬੋਝ ਬਣ ਗਿਆ। ਚੱਲਣ ਦਾ ਮੁੱਦਾ ਇੰਨਾ ਹੈ ਕਿ ਮੰਜ਼ਿਲ 'ਤੇ ਪਹੁੰਚੀਏ, ਪਰ ਜੇ ਮੰਜ਼ਿਲ ਦਾ ਪਤਾ ਨਹੀਂ ਤੇ ਮੰਜ਼ਿਲ ਉੱਤੇ ਪਹੁੰਚਣ ਦੀ ਚਾਹਤ ਵੀ ਕੋਈ ਨਹੀਂ, ਪਰ ਫਿਰ ਵੀ ਚੱਲ ਰਿਹਾ ਹੈ ਤਾਂ ਇਹ ਚੱਲਣਾ ਨਹੀਂ ਭਟਕਣਾ ਹੋਵੇਗਾ।......ਸਤਿਗੁਰ ਰਹਿਮਤ ਕਰਨ। ਸਾਡਾ ਸਾਰਾ ਚੱਲਣਾ ਮੰਜ਼ਿਲ ਉੱਤੇ ਪਹੁੰਚਣ ਲਈ ਹੋਵੇ, ਲਕਸ਼ ਨੂੰ ਪ੍ਰਾਪਤ ਕਰਨ ਲਈ ਹੋਵੇ ਤਾਂ ਕਿ ਸੰਸਾਰ ਉੱਤੇ ਆਇਆ ਸਫਲ ਹੋਵੇ।[56]

ਉਹ ਅਕਸਰ ਆਪਣੇ ਲੈਕਚਰ ਦੌਰਾਨ ਕਹਿੰਦੇ ਸਨ:

> ਸਿੱਖ ਜਗਤ ਨੂੰ ਸਤਿਗੁਰੂ ਜੀ ਨੇ ਗੁਰਬਾਣੀ ਗਿਆਨ ਦਾ ਪੁਜਾਰੀ ਬਣਾਇਐ। ਸਿੱਖ ਅਗਿਆਨੀ ਨਹੀਂ ਹੋਣਾ ਚਾਹੀਦਾ, ਸਿੱਖ ਗਿਆਨੀ ਹੋਣਾ ਚਾਹੀਦਾ ਹੈ। ਸਿੱਖ ਦੇ ਕੋਲ ਸੂਝ-ਸਮਝ ਹੋਣੀ ਚਾਹੀਦੀ ਹੈ। ਗਿਆਨ ਨੂੰ ਮੱਥਾ ਟੇਕੀਏ ਤੇ ਗਿਆਨ ਸਾਡੇ ਕੋਲ ਨਾ ਹੋਵੇ। ਗਿਆਨ ਸਾਡਾ ਇਸ਼ਟ ਹੈ। ਗਿਆਨ ਸਾਡਾ ਗੁਰੂ ਹੈ।[57]

ਗੁਰੂ ਗੋਬਿੰਦ ਸਿੰਘ ਜੀ ਸ਼ਬਦ ਹਜ਼ਾਰੇ ਬਾਣੀ ਵਿੱਚ ਕਹਿੰਦੇ ਨੇ :

ਗਿਆਨ ਗੁਰੂ ਆਤਮ ਉਪਦੇਸਹੁ ਨਾਮ ਬਿਭੂਤ ਲਗਾਓ॥[58]

ਪੰਜਾਬ ਵਿੱਚ ਚੱਲ ਰਹੇ ਸਾਧੂ-ਸੰਤਾਂ ਦੇ ਡੇਰਿਆਂ ਉੱਤੇ ਪਹੁੰਚੇ ਸ਼ਰਧਾਮਈ ਅਗਿਆਨੀਆਂ ਨੂੰ ਉਹ ਗੁਰੂ ਸਾਹਿਬਾਨ ਦੀ ਰਚੀ ਬਾਣੀ ਵਿੱਚੋਂ ਢੁਕਵੇਂ ਪ੍ਰਮਾਣ ਲੈ ਕੇ ਲੋਕਾਂ ਦੀ ਗ਼ਲਤ ਫਹਿਮੀ ਨੂੰ ਦੂਰ ਕਰਦੇ ਸਨ।ਪ੍ਰਮਾਣ ਵਜੋਂ:

> ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ॥[59]
> ਇੱਕ ਸੱਚਾਈ ਹੈ ਕਿ ਬਹੁਤ ਜ਼ਿਆਦਾ ਪੜ੍ਹਿਆ-ਲਿਖਿਆ ਮਨੁੱਖ ਵੀ ਧਰਮ ਤੋਂ ਅਗਿਆਨੀ ਹੋਵੇਗਾ।ਬਿਲਕੁਲ ਅਗਿਆਨੀ ਹੋਵੇਗਾ। ਔਰ ਕਈ ਦਫਾ ਐਸਾ ਵੀ ਹੋ ਸਕਦਾ ਹੈ, ਬਿਲਕੁਲ ਇੱਕ ਅਨਪੜ੍ਹ ਬੰਦਾ ਧਰਮ ਦੇ ਸੰਬੰਧ ਵਿੱਚ ਮਹਾਨ ਗਿਆਨੀ ਹੋਵੇਗਾ।...ਧਰਮ ਦਾ ਗਿਆਨ ਤੇ ਅਨੁਭਵ ਸਭ ਤਰ੍ਹਾਂ ਦੇ ਗਿਆਨ ਤੋਂ ਉੱਚਾ ਹੈ।ਧਰਮ ਦਾ ਨਿਰਮਲ ਗਿਆਨ ਹੀ ਮਨੁੱਖ ਦੇ ਹਿਰਦੇ ਨੂੰ ਨਿਰਮਲ ਕਰਦਾ ਹੈ।[60]

ਅਜੋਕੇ ਵਿਗਿਆਨਕ ਯੁੱਗ ਵਿੱਚ ਧਰਮ ਦੇ ਸਹੀ ਰੂਪ ਨੂੰ ਪੇਸ਼ ਕਰਨ ਲਈ ਕਰਵਾਏ ਜਾਣ ਵਾਲੇ ਸਰਬ ਧਰਮ ਸੰਮੇਲਨਾਂ ਵਿੱਚ ਸਿੱਖ ਧਰਮ ਦੀ ਤਰਫੋਂ ਉਹ ਅਨੇਕਾਂ ਵਾਰ ਕਾਨਪੁਰ, ਇੰਦੌਰ, ਪੰਡਰਪੁਰ, ਅੰਮ੍ਰਿਤਸਰ, ਮਲੇਰਕੋਟਲੇ, ਇਲਾਹਾਬਾਦ ਆਦਿ ਕਈ ਥਾਵਾਂ 'ਤੇ ਗਏ ਜਿੱਥੇ ਸਨਾਤਨ ਮਤ, ਬੁੱਧ ਮਤ, ਜੈਨ ਮਤ, ਇਸਲਾਮ, ਇਸਾਈ, ਆਰੀਆ ਸਮਾਜ ਅਤੇ ਬ੍ਰਹਮੋ ਸਮਾਜ ਆਦਿ ਧਰਮਾਂ ਦੇ ਵਕਤੇ ਇਕੱਤਰ ਹੋ ਕੇ ਵਿਚਾਰਾਂ ਕਰਦੇ।ਉਹ ਆਪਣੀ ਤਰਕਮਈ ਬੁੱਧੀ ਨਾਲ ਅਮਲੀ ਜੀਵਨ ਦੇ ਅਨੁਭਵੀ ਵਾਕਿਆਂ ਨੂੰ ਗੁਰਬਾਣੀ ਵਿੱਚੋਂ ਪ੍ਰਮਾਣ ਦਿੰਦੇ ਹੋਏ ਇਸ ਤਰ੍ਹਾਂ ਦਰਸਾਉਂਦੇ ਕਿ ਸਾਰੇ ਭਰਮਾਂ ਦੇ ਹਨ੍ਹੇਰੇ ਦੂਰ ਕਰ ਦਿੰਦੇ।

ਸਦੀਆਂ ਪੁਰਾਣੀ ਵਰਗਵਾਦ, ਜਾਤ-ਪਾਤ ਅਤੇ ਊਚ-ਨੀਚ ਦੇ ਭੇਦ ਭਾਵ ਦੀ ਸੰਕੀਰਣ ਸੋਚ ਨੂੰ ਅੱਜ ਦੇ ਸਮਾਜ ਵਿੱਚ ਵੀ ਵਿਆਪਕ ਵੇਖ ਕੇ ਉਹ ਕਥਾ ਦੌਰਾਨ ਗੁਰਬਾਣੀ ਵਿੱਚੋਂ ਪ੍ਰਮਾਣ ਦਿੰਦੇ ਹੋਏ ਕਹਿ ਉੱਠਦੇ ਸਨ,:

> ਜਿਸ ਤਰੀਕੇ ਨਾਲ ਸਮਾਜ ਉਨ੍ਹਾਂ ਦਿਨਾਂ ਵਿੱਚ ਮੁਖ਼ਾਲਿਫ਼ ਸੀ, ਅੱਜ ਵੀ ਸਮਾਜ ਮੁਖ਼ਾਲਿਫ਼ ਹੈ।ਦੁਨੀਆ ਕੋਈ ਬਦਲੀ ਨਹੀਂ।ਜਦ ਕਿ ਬਦਲਣੀ ਚਾਹੀਦੀ ਹੈ।ਪ੍ਰੇਮ ਵਧਣਾ ਚਾਹੀਦਾ ਹੈ।ਮਨੁੱਖ ਨੂੰ ਉਦਾਰਚਿਤ ਤੇ ਸਹਿਨਸ਼ੀਲਤਾ ਵਾਲਾ ਵਰਤਾਉ

> ਕਾਇਮ ਕਰਨਾ ਚਾਹੀਦਾ ਹੈ।ਧੰਨ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਮੁਸਲਮਾਨ ਫਕੀਰ ਬਾਬਾ ਫਰੀਦ ਜੀ ਤੇ ਬ੍ਰਾਹਮਣ ਭਗਤ ਜੈਦੇਵ ਨੂੰ ਬਰਾਬਰ ਦਾ ਸਨਮਾਨ ਪ੍ਰਾਪਤ ਹੈ।ਮੁਸਲਮਾਨ ਭਗਤ ਸਧਨਾ ਜੀ, ਭਗਤ ਭੀਖਨ ਜੀ, ਭਗਤ ਕਬੀਰ ਜੀ ਦੇ ਬਰਾਬਰ ਬ੍ਰਾਹਮਣ ਭਗਤ ਰਾਮਾਨੰਦ ਜੀ, ਭਗਤ ਤ੍ਰਿਲੋਚਨ ਜੀ, ਭਗਤ ਪਰਮਾਨੰਦ ਜੀ ਬੈਠੇ ਹਨ।ਕੁਝ ਤੇ ਸੋਚ ਤੋਂ ਕੰਮ ਲਈਏ।[61]

ਇਸ ਪ੍ਰਕਾਰ ਉਨ੍ਹਾਂ ਨੇ ਸਦਾ ਸਮਾਜ ਨੂੰ ਢਹਿੰਦੀ ਕਲਾ ਵਿੱਚ ਲੈ ਜਾਣ ਵਾਲੀਆਂ ਪਰੰਪਰਾਵਾਂ, ਰੀਤੀਆਂ ਤੇ ਸਮੱਸਿਆਵਾਂ ’ਤੇ ਅਕਸਰ ਕਰਾਰੀ ਚੋਟ ਕਰਕੇ ਇਨ੍ਹਾਂ ਨੂੰ ਜੜ੍ਹੋਂ ਪੁੱਟ ਦੇਣ ਵਿੱਚ ਆਪਣਾ ਯੋਗਦਾਨ ਪਾਇਆ ਤੇ ਮਨੁੱਖ ਨੂੰ ਆਪਣੇ ਜੀਵਨ ਦਾ ਲਕਸ਼ ਪਛਾਣ ਕੇ ਸੱਚਾ ਸੁੱਚਾ ਨੈਤਿਕ ਜੀਵਨ ਜੀਣ ਲਈ ਤੇ ਪ੍ਰਭੂ ਦੇ ਰੰਗ ਵਿੱਚ ਰੰਗਣ ਲਈ ਪ੍ਰੇਰਿਤ ਕੀਤਾ।ਸਿੱਖ ਜਗਤ ਦੇ ਨਾਲ ਨਾਲ ਗ਼ੈਰ ਸਿੱਖ ਜਗਤ ਵਿੱਚ ਵੀ ਉਨ੍ਹਾਂ ਦੇ ਵਖਿਆਨਾਂ ਨੇ ਸਮਾਜਕ ਨਾ ਬਰਾਬਰੀ ਦਾ ਖੰਡਨ ਕਰਨ ਵਿੱਚ ਬੜੀ ਕ੍ਰਾਂਤੀਕਾਰੀ ਭੂਮਿਕਾ ਨਿਭਾਈ ਤੇ ਲੋਕ ਜੀਵਨ ਦੀ ਲਗਭਗ ਹਰ ਦੁਖਦੀ ਰਗ ਦੇ ਦੁੱਖ ਨੂੰ ਨਿਵਾਰਨ ਦੇ ਯਤਨ ਕੀਤੇ।

ਉਪਰੋਕਤ ਸਾਰੀ ਚਰਚਾ ਤੋਂ ਇਹ ਭਲੀ-ਭਾਤੀ ਸਪਸ਼ਟ ਹੁੰਦਾ ਹੈ ਕਿ ਜਿਨ੍ਹਾਂ ਰਾਜਨੀਤਕ, ਧਾਰਮਿਕ ਤੇ ਸਮਾਜਕ ਪ੍ਰਸਥਿਤੀਆਂ ਵਿੱਚ ਗਿਆਨੀ ਸੰਤ ਸਿੰਘ ਮਸਕੀਨ ਜੀ ਨੇ ਗੁਰਮਤਿ ਤੇ ਕੇਂਦ੍ਰਿਤ ਰਹਿ ਕੇ ਜਿਹੜੀ ਗੁਰਮਤਿ ਅਨੁਸਾਰੀ ਜੀਵਨ-ਜਾਚ ਪ੍ਰਸਤੁਤ ਕੀਤੀ ਹੈ ਉਹ ਕਿਸੇ ਇੱਕ ਧਰਮ ਜਾਂ ਭਾਈਚਾਰੇ ਨਾਲ ਸੰਬੰਧਤ ਨਾ ਹੋ ਕੇ ਸਾਰੀ ਮਾਨਵਤਾ ਦੇ ਲਈ ਕਲਿਆਣਕਾਰੀ ਹੈ ਕਿਉਂਕਿ ਉਸ ਸਮੇਂ ਕੇਵਲ ਪੰਜਾਬ ਜਾਂ ਭਾਰਤੀ ਖਿੱਤੇ ਵਿੱਚ ਹੀ ਅਜਿਹੇ ਹਾਲਾਤ ਨਹੀਂ ਬਣੇ ਹੋਏ ਸਨ ਸਗੋਂ ਸਮੁੱਚਾ ਵਿਸ਼ਵ ਅਜਿਹੇ ਬਦਲਾਵ ਭਰੇ ਹਾਲਾਤ ਵਿੱਚੋਂ ਗੁਜ਼ਰ ਰਿਹਾ ਸੀ ਤੇ ਸਮਕਾਲੀਨ ਪ੍ਰਸਥਿਤੀਆਂ ਨੇ ਜਿੱਥੇ ਸਮੁੱਚੀ ਮਾਨਵੀ ਵਿਚਾਰਧਾਰਾ ਨੂੰ ਆਪਣੀ ਵਿਗਿਆਨਕ ਅਤੇ ਇੰਦ੍ਰਿਆਵੀ ਸੋਚ ਦੀ ਵਲਗਣ ਵਿੱਚ ਲੈ ਲਿਆ ਸੀ ਉੱਥੇ ਸੰਤ ਸਿੰਘ ਮਸਕੀਨ ਜੀ ਦੇ ਅਨੁਭਵੀ ਤੇ ਤਾਰਕਿਕ ਵਿਵਹਾਰਕ ਸੰਦੇਸ਼ ਦੀ ਸਾਰਥਕਤਾ ਵੀ ਉਜਾਗਰ ਹੁੰਦੀ ਹੈ।ਉਨ੍ਹਾਂ ਨੇ ਸਮਕਾਲੀਨ ਹਾਲਾਤ ਅਨੁਸਾਰ ਗੁਰਬਾਣੀ ਦੇ ਬਾਹਰੀ ਅਰਥਾਂ ਦੀ ਤਹਿ ਵਿੱਚ ਛੁਪੇ ਪਰੰਪਰਾਗਤ ਰੂੜ੍ਹੀਵਾਦੀ ਮਾਨਤਾਵਾਂ ਤੋਂ ਪਰ੍ਹੇ ਅਤੇ ਪੂਰੀ ਤਰ੍ਹਾਂ ਭਿੰਨ

ਅਰਥਾਂ ਦੀ ਗਹਿਰ-ਗੰਭੀਰ ਵਿਆਖਿਆ ਕੀਤੀ ਹੈ ਜੋ ਕਿ ਮਾਨਵ ਕਲਿਆਣ ਦੇ ਨਾਲ-ਨਾਲ ਮਾਨਵੀ ਸਮਾਜ ਨੂੰ ਨਰੋਈ ਸੇਧ ਦੇਣ ਦਾ ਇੱਕ ਵਿਵਹਾਰਕ ਉਪਰਾਲਾ ਹੈ।

## 5.5 ਸੰਤ ਸਿੰਘ ਮਸਕੀਨ ਜੀ ਦਾ ਰਚਨਾ-ਸੰਸਾਰ:

ਲਿਖਣ ਕਲਾ ਦੇ ਮਾਹਿਰ ਲਿਖਾਰੀ ਬਾਰੇ ਗੁਰਬਾਣੀ ਦਾ ਬੜਾ ਢੁਕਵਾਂ ਵਾਕ ਹੈ:

ਧਨੁ ਲੇਖਾਰੀ ਨਾਨਕਾ ਪਿਆਰੇ ਸਾਚੁ ਲਿਖੈ ਉਰਿ ਧਾਰਿ॥[62]

ਭਾਵ ਮੁਬਾਰਕ ਹੈ ਉਹ ਲਿਖਣ ਵਾਲਾ ਜੋ ਸੱਚੇ ਨਾਮ ਨੂੰ ਆਪਣੇ ਹਿਰਦੇ ਵਿੱਚ ਉਕੇਰਦਾ ਤੇ ਟਿਕਾਉਂਦਾ ਹੈ।ਗੁਰੂ ਨਾਨਕ ਦੇਵ ਜੀ ਨੇ ਇਸ ਮਹਾਂਵਾਕ ਨਾਲ ਸੰਸਾਰ ਦੇ ਉਨ੍ਹਾਂ ਸਮਸਤ ਲੇਖਕਾਂ, ਚਿੰਤਕਾਂ ਤੇ ਗਿਆਨੀਆਂ ਦਾ ਗੁਣਗਾਨ ਕੀਤਾ ਹੈ ਜੋ ਰੱਬੀ ਰਮਜ਼ ਨੂੰ ਸਮਝਦੇ ਹਨ ਤੇ ਕਲਮ ਦੀ ਤਾਕਤ ਨਾਲ ਇਸ ਰਹਿਮਤ ਨੂੰ ਸਮੁੱਚੇ ਸੰਸਾਰ ਲਈ ਵਿਰਾਸਤ ਰੂਪ ਵਿੱਚ ਛੱਡ ਜਾਂਦੇ ਹਨ।ਸੰਤ ਸਿੰਘ ਮਸਕੀਨ ਸਿੱਖ ਜਗਤ ਵਿੱਚ ਅਜਿਹੇ ਹਸਤਾਖਰ ਦੇ ਤੌਰ ਤੇ ਰੂਪਮਾਨ ਹੋਏ ਹਨ ਜਿਨ੍ਹਾਂ ਦੇ ਬੋਲ ਤਾਂ ਗੁਰਮਤਿ ਤੇ ਭਾਰਤੀ ਦਰਸ਼ਨ ਦੇ ਦਰਪਣ ਸਾਬਿਤ ਹੋਏ ਹੀ ਹਨ ਪ੍ਰੰਤੂ ਉਨ੍ਹਾਂ ਦੀਆਂ ਕੁਲ ਲਿਖਤਾਂ ਰੱਬੀ ਰਮਜ਼ ਅਤੇ ਰਹੱਸ ਦੇ ਅਨੁਭਵ ਵਿੱਚੋਂ ਉੱਕਰੇ ਉਹ ਅਹਿਮ ਦਸਤਾਵੇਜ਼ ਹਨ ਜੋ ਮਾਨਵਤਾ ਲਈ ਗੁਰਬਾਣੀ ਚਿੰਤਨ ਦਾ ਵਡਮੁੱਲਾ ਖਜ਼ਾਨਾ ਹਨ।

ਗਿਆਨੀ ਸੰਤ ਸਿੰਘ ਮਸਕੀਨ ਜੀ ਦੇ ਰਚਨਾ ਸੰਸਾਰ ਨੂੰ ਮੁਢਲੇ ਤੌਰ ਤੇ ਤਿੰਨ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ।ਪਹਿਲੇ ਭਾਗ ਵਿੱਚ ਉਨ੍ਹਾਂ ਦੇ ਸ਼ਾਇਰ ਮਨ ਵਿੱਚੋਂ ਫਾਰਸੀ, ਉਰਦੂ, ਪੰਜਾਬੀ, ਹਿੰਦੀ ਅਤੇ ਬ੍ਰਜ ਭਾਸ਼ਾ ਵਿੱਚ ਫੁੱਟੀਆਂ ਰੁਬਾਈਆਂ, ਸ਼ੇਅਰ ਅਤੇ ਕਵਿਤਾਵਾਂ ਹਨ ਜਿਨ੍ਹਾਂ ਵਿੱਚੋਂ ਕੁਝ ਪ੍ਰਕਾਸ਼ਿਤ ਵੀ ਹੋ ਚੁੱਕੀਆਂ ਹਨ।ਆਪਣੇ ਸ਼ਾਇਰਾਨਾ ਪ੍ਰਵਾਹ ਸੰਬੰਧੀ ਉਹ ਆਖਦੇ ਹਨ:

> ਅਗਰ ਉਦਾਸੀ ਨਾਲ ਥੋੜ੍ਹੀ ਆਪਣੀ ਸੋਚ ਨੂੰ ਜੋੜੀਏ ਤਾਂ ਅੰਦਰੋਂ ਗੀਤ-ਸੰਗੀਤ ਦਾ ਜਨਮ ਹੁੰਦਾ ਹੈ।ਜੇਕਰ ਹੋਰ ਗਹਿਰਾ ਸੋਚੀਏ ਤਾਂ ਪ੍ਰਭੂ ਚਿੰਤਨ ਧਾਰਾ ਅੰਦਰੋਂ ਫੁੱਟ ਪੈਂਦੀ ਹੈ।ਇਹ ਇੱਕ ਸੱਚਾਈ ਹੈ ਕਿ ਗ਼ਮ ਦੇ ਡੂੰਘੇ ਸਾਗਰਾਂ ਵਿੱਚੋਂ ਹੀ ਗਿਆਨ ਦੇ ਸੁੱਚੇ ਮੋਤੀ ਨਿਕਲਦੇ ਹਨ।...ਬਚਪਨ ਤੋਂ

> ਹੀ ਮੇਰੀ ਜ਼ਿੰਦਗੀ ਉਦਾਸ ਨਿਰਾਸ਼ ਤੇ ਔਕੜਾਂ ਦੀਆਂ ਘਾਟੀਆਂ ਵਿੱਚੋਂ ਲੰਘੀ ਹੈ ਔਰ ਜਦ ਵੀ ਕਿਸੇ ਔਕੜ ਨੇ ਗਹਿਰਾ ਉਦਾਸ ਕੀਤਾ ਤਾਂ ਪਹਿਲੇ ਕਵਿਤਾ ਫੁੱਟੀ ਤੇ ਫਿਰ ਪ੍ਰਭੂ ਚਿੰਤਨ ਦੀ ਧਾਰਾ ਨਿਕਲੀ।ਇਹ ਉਦਾਸੀ ਇੱਕ ਦਾਤ ਬਣ ਮੇਰੀ ਝੋਲੀ ਵਿੱਚ ਪੈਂਦੀ ਰਹੀ।[63]

ਉਰਦੂ ਦੀ ਉਨ੍ਹਾਂ ਦੇ ਮਨ ਤੇ ਗਹਿਰੀ ਛਾਪ ਰਹੀ।ਉਨ੍ਹਾਂ ਦੀ ਉਰਦੂ ਸ਼ਾਇਰੀ ਦੀ ਪਹਿਲੀ ਛਾਪ '**ਖਿਜ਼ਾ-ਓ-ਬਹਾਰ**' ਦੇ ਨਾਮ ਨਾਲ ਪ੍ਰਕਾਸ਼ਿਤ ਹੋਈ ਹੈ।[64] ਉਨ੍ਹਾਂ ਦੀਆਂ ਰੁਬਾਈਆਂ ਦਾ ਇੱਕ ਵਿਸ਼ਾਲ ਸੰਗ੍ਰਹਿ ਉਨ੍ਹਾਂ ਦੀ ਪੁਸਤਕ 'ਜੀਵਨ-ਝਲਕੀਆਂ' ਵਿੱਚ ਵੀ ਛਪਿਆ ਹੈ।ਉਸੇ ਸੰਗ੍ਰਹਿ ਵਿੱਚੋਂ ਵੰਨਗੀ ਮਾਤਰ ਇੱਕ ਰੁਬਾਈ:

ਘਟਾਵਾਂ ਕਾਲੀਆਂ ਦੇ ਵਿੱਚ ਮੈਂ ਜ਼ਾਹਰ ਹਾਂ।

ਤਨਜ਼, ਤਰਕ, ਫਿਕਰ ਫਕੀਰੀ ਵਿੱਚ ਮਾਹਿਰ ਹਾਂ।

ਕੀ ਹੋਇਆ ਜੇ ਜ਼ਮਾਨੇ ਜ਼ਮੀਂ ਖਿਸਕਾਈ ਪੈਰਾਂ ਥੱਲੋਂ,

ਮੈਂ ਉੱਡ ਵੀ ਸਕਦਾ ਹਾਂ ਕਿਉਂਕਿ ਸ਼ਾਇਰ ਹਾਂ।[65]

ਦੂਜੇ ਭਾਗ ਵਿੱਚ ਸੰਤ ਸਿੰਘ ਮਸਕੀਨ ਜੀ ਦੁਆਰਾ ਲਿਖਿਆ ਸਿੱਖ ਸਾਹਿਤ ਜਿਸ ਵਿੱਚ ਉਨ੍ਹਾਂ ਦੇ ਉਹ ਧਾਰਮਿਕ ਤੇ ਦਾਰਸ਼ਨਿਕ ਲੇਖ ਹਨ ਜਿਨ੍ਹਾਂ ਤੋਂ ਉਨ੍ਹਾਂ ਦੇ ਗੁਰਬਾਣੀ ਪ੍ਰਤੀ ਡੂੰਘੇ ਅਧਿਐਨ ਦੀ ਜਾਣਕਾਰੀ ਮਿਲਦੀ ਹੈ।ਵਿਆਖਿਆ ਵਾਂਗ ਉਨ੍ਹਾਂ ਦਾ ਲਿਖਣ-ਢੰਗ ਵੀ ਵਿਗਿਆਨਕ, ਫਲਸਫਾਨਾ ਅਤੇ ਵਿਸਲੇਸ਼ਣਾਤਮਕ ਹੈ।ਆਪਣੇ ਸ੍ਰੋਤਿਆਂ ਦੀ ਚਿਰੋਕਣੀ ਮੰਗ ਤੇ ਉਨ੍ਹਾਂ ਦੀਆਂ ਅਧਿਆਤਮਕ ਲੋੜਾਂ ਨੂੰ ਪੂਰਾ ਕਰਨ ਲਈ ਉਨ੍ਹਾਂ ਨੇ ਆਪਣੇ ਰੁਝੇਵਿਆਂ ਵਿੱਚੋਂ ਕੀਮਤੀ ਸਮਾਂ ਕੱਢ ਕੇ ਤੇ ਆਪਣੀ ਸਿਹਤ ਦੀ ਪ੍ਰਵਾਹ ਨਾ ਕਰਦੇ ਹੋਏ ਇਹ ਪੁਸਤਕਾਂ ਲਿਖਣ ਅਤੇ ਛਪਵਾਉਣ ਦਾ ਉੱਦਮ ਕੀਤਾ।ਇਨ੍ਹਾਂ ਪੁਸਤਕਾਂ ਵਿੱਚ ਉਨ੍ਹਾਂ ਦੇ ਲੰਬੇ ਅਧਿਆਤਮਕ ਲੈਕਚਰ ਨਹੀਂ ਹਨ ਸਗੋਂ ਛੋਟੇ ਛੋਟੇ ਲੇਖਾਂ ਵਿੱਚ ਉਨ੍ਹਾਂ ਨੇ ਢੁਕਵੀਆਂ ਉਦਾਹਰਣਾਂ, ਦਲੀਲਾਂ, ਸਾਖੀਆਂ, ਪ੍ਰਮਾਣਾਂ ਤੇ ਨਵੀਨ ਖਿਆਲਾਂ ਸਹਿਤ ਗੁਰਬਾਣੀ ਵਿਚਲੇ ਸੰਕਲਪਾਂ ਨੂੰ ਆਪਣੇ ਜੀਵਨ ਦੀ ਸਮੁੱਚੀ ਦਾਰਸ਼ਨਿਕਤਾ ਅਨੁਸਾਰ ਖੋਲ੍ਹ ਕੇ ਪ੍ਰਸਤੁਤ ਕੀਤਾ ਹੈ ਜਿਨ੍ਹਾਂ ਨੂੰ ਪੜ੍ਹ ਕੇ ਸਾਧਾਰਨ ਪਾਠਕ ਵੀ ਗੁਰੂ ਆਸ਼ਿਆਂ ਤੋਂ ਭਲੀ ਪ੍ਰਕਾਰ ਜਾਣੂੰ ਹੋ ਜਾਂਦਾ

ਹੈ।ਆਪਣੇ ਦਾਰਸ਼ਨਿਕ ਵਿਚਾਰਾਂ ਦੇ ਨਿਚੋੜ ਸਦਕਾ ਅਜਿਹਾ ਕੀਮਤੀ ਸਾਹਿਤਿਕ ਖਜ਼ਾਨਾ ਰਚਣ ਦਾ ਕਾਰਜ ਉਹ ਆਪਣੇ ਜੀਵਨ ਦੇ ਅੰਤਿਮ ਸਮੇਂ ਤੱਕ ਕਰਦੇ ਰਹੇ।2004 ਵਿੱਚ ਉਨ੍ਹਾਂ ਨੇ ਆਪਣੀ ਸ੍ਵੈ-ਜੀਵਨੀ ਰੂਪੀ ਅੰਤਿਮ ਰਚਨਾ ਲਿਖੀ ਜੋ ਉਨ੍ਹਾਂ ਦੇ ਜੀਵਨ ਉਪਰੰਤ ਪ੍ਰਕਾਸ਼ਿਤ ਹੋ ਸਕੀ।

ਮਾਰਚ 1979 ਵਿੱਚ ਉਨ੍ਹਾਂ ਦੀ ਪਹਿਲੀ ਪੁਸਤਕ 'ਗੁਰੂ-ਚਿੰਤਨ' ਛਪ ਕੇ ਆਈ ਜਿਸ ਵਿੱਚ ਉਨ੍ਹਾਂ ਨੇ 67 ਲੇਖਾਂ ਵਿੱਚ ਗੁਰਮਤਿ ਦੀ ਸਹੀ ਤਸਵੀਰ ਖਿੱਚੀ ਹੈ।ਦੂਜੀ ਪੁਸਤਕ 'ਗੁਰੂ ਜੋਤੀ' ਫਿਰ ਤੀਜੀ ਪੁਸਤਕ 'ਤੀਜਾ ਨੇਤ੍ਰ' ਇਸੇ ਤਰ੍ਹਾਂ ਚੌਥੀ ਪੁਸਤਕ 'ਚੌਥਾ ਪਦ' ਪੰਜਵੀਂ 'ਪੰਚ ਪ੍ਰਵਾਨ' ਛੇਵੀਂ 'ਖਟਿ ਦਰਸ਼ਨ' ਆਦਿ ਛਪਦੀਆਂ ਗਈਆਂ।ਇਸ ਤੋਂ ਬਾਅਦ ਵੀ ਉਨ੍ਹਾਂ ਨੇ ਆਪਣੇ ਜੀਵਨ ਕਾਲ ਦੌਰਾਨ ਅਨੇਕ ਪੁਸਤਕਾਂ ਗੁਰਮਤਿ ਦੇ ਜਗਿਆਸੂਆਂ ਨੂੰ ਭੇਟ ਕੀਤੀਆਂ ਉਨ੍ਹਾਂ ਦੀ ਲੇਖਣੀ ਸੰਬੰਧੀ ਅਨੂਪ ਸਿੰਘ ਆਖਦੇ ਹਨ:

> ਮਸਕੀਨ ਜੀ ਜਦੋਂ ਬਾਰਾਮੂਲਾ (ਕਸ਼ਮੀਰ) ਜਾਂਦੇ ਸਨ, ਉੱਥੇ ਕੁਝ ਸਮਾਂ ਉਨ੍ਹਾਂ ਨੂੰ ਮਿਲ ਜਾਂਦਾ ਸੀ ਉੱਥੇ ਕੁਝ ਲਿਖ ਲੈਂਦੇ ਸਨ।ਪਹਿਲਾ ਲੇਖ ਮਸਕੀਨ ਜੀ ਨੇ 'ਗੁਰੂ ਚਿੰਤਨ' ਨਾਮਕ ਪੁਸਤਕ ਲਿਖੀ ਸੀ।ਇਸ ਤੋਂ ਪਹਿਲਾਂ ਡਾ. ਅਨੋਖ ਸਿੰਘ ਜੀ ਨੇ ਸਿੰਗਾਪੁਰ ਤੋਂ ਟੇਪ ਕਰਕੇ ਮਸਕੀਨ ਜੀ ਦੀ ਕਥਾ ਨੂੰ ਲੇਖ ਦੇ ਰੂਪ ਵਿੱਚ ਛਪਵਾਇਆ ਸੀ ਜਿਸ ਦਾ ਹੈਡਿੰਗ ਸੀ 'ਮਸਕੀਨ ਜੀ ਦੇ ਲੈਕਚਰ'।[66]

ਸੰਤ ਸਿੰਘ ਮਸਕੀਨ ਜੀ ਦੇ ਜੀਵਨ ਕਾਲ ਦੌਰਾਨ ਉਨ੍ਹਾਂ ਦੀਆਂ ਲਿਖੀਆਂ ਹੇਠ ਲਿਖੀਆਂ 16 ਪੁਸਤਕਾਂ ਉਨ੍ਹਾਂ ਦੇ ਆਪਣੇ ਪ੍ਰਕਾਸ਼ਨ ਗੁਰ ਜੋਤੀ ਏਂਟਰਪ੍ਰਾਈਜਿਜ਼, ਅਲਵਰ ਤੋਂ ਛਪੀਆਂ ਹਨ।

1. ਗੁਰੂ-ਚਿੰਤਨ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1979.
2. ਗੁਰੂ-ਜੋਤੀ, ਗੁਰ ਜੋਤੀ ਏਂਟਰਪ੍ਰਾਈਜਿਜ਼, ਅਲਵਰ, 1982.
3. ਤੀਜਾ ਨੇਤਰ, ਗੁਰ ਜੋਤੀ ਏਂਟਰਪ੍ਰਾਈਜਿਜ਼, ਅਲਵਰ, 1983.
4. ਚੌਥਾ ਪਦ, ਗੁਰ ਜੋਤੀ ਏਂਟਰਪ੍ਰਾਈਜਿਜ਼, ਅਲਵਰ, 1984.
5. ਪੰਚ ਪ੍ਰਵਾਨ, ਗੁਰ ਜੋਤੀ ਏਂਟਰਪ੍ਰਾਈਜਿਜ਼, ਅਲਵਰ, 1986.

6. ਖਟਿ ਦਰਸ਼ਨ, ਗੁਰ ਜੋਤੀ ਏਂਟਰਪ੍ਰਾਈਜਿਜ਼, ਅਲਵਰ, 1986.
7. ਪ੍ਰਭੂ ਸਿਮਰਨ, ਭਾਈ ਚਤਰ ਸਿੰਘ ਜੀਵਨ ਸਿੰਘ, 1992.
8. ਸ਼ਬਦੁ ਗੁਰੂ ਸੁਰਤਿ ਧੁਨਿ ਚੇਲਾ, ਗੁਰ ਜੋਤੀ ਏਂਟਰਪ੍ਰਾਈਜਿਜ਼, ਅਲਵਰ, 1997 .
9. ਦੇਸ਼-ਵਿਦੇਸ਼ ਦੇ ਗੁਰਦਵਾਰਿਆਂ ਦਾ ਪ੍ਰਬੰਧਕੀ ਢਾਂਚਾ ਅਤੇ ਪ੍ਰਚਾਰਕ ਸ਼ਰੇਣੀ, ਗੁਰ ਜੋਤੀ ਏਂਟਰਪ੍ਰਾਈਜਿਜ਼, ਅਲਵਰ, 1999.
10. ਰਤਨਾਗਰ (ਅੰਮ੍ਰਿਤ ਮੰਥਨ), ਗੁਰ ਜੋਤੀ ਏਂਟਰਪ੍ਰਾਈਜਿਜ਼, ਅਲਵਰ, 2001.
11. ਪੰਜ ਵਿਕਾਰ ਤੇ ਚਾਰ ਯੁਗ, ਗੁਰ ਜੋਤੀ ਏਂਟਰਪ੍ਰਾਈਜਿਜ਼, ਅਲਵਰ, 2001.
12. ਰਸ-ਧਾਰਾ, ਗੁਰ ਜੋਤੀ ਏਂਟਰਪ੍ਰਾਈਜਿਜ਼, ਅਲਵਰ, 2002.
13. ਰਮਜ਼ ਤੇ ਰਹੱਸ, ਗੁਰ ਜੋਤੀ ਏਂਟਰਪ੍ਰਾਈਜਿਜ਼, ਅਲਵਰ, 2003.
14. ਪੰਥ ਤੇ ਪੰਥੀ, ਗੁਰ ਜੋਤੀ ਏਂਟਰਪ੍ਰਾਈਜਿਜ਼, ਅਲਵਰ, 2004.
15. ਕਰਮੀ ਕਰਮੀ ਹੋਇ ਵੀਚਾਰੁ, ਗੁਰ ਜੋਤੀ ਏਂਟਰਪ੍ਰਾਈਜਿਜ਼, ਅਲਵਰ, 2005.
16. ਚੋਣਵੇਂ ਲੈਕਚਰ (ਮਸਕੀਨ ਜੀ) ਭਾਗ ੧, ੨, ੩, ਗੁਰ ਜੋਤੀ ਏਂਟਰਪ੍ਰਾਈਜਿਜ਼, ਅਲਵਰ, 2005.

ਘੁਰ ਜੋਤੀ ਏਂਟਰਪ੍ਰਾਈਜ਼ਿਜ਼ ਦੁਆਰਾ ਹਿੰਦੀ ਵਿੱਚ ਛਪੀਆਂ ਮਸਕੀਨ ਜੀ ਦੀਆਂ ਪੁਸਤਕਾਂ

गुरू चिन्तन, गुरू–ज्योति, तीसरा नेत्र, चौथा पद, खट दर्षन, रत्नागर (अमृत मंथन), रमज और रहस्य, शब्द गुरू सुरत धुन चेला, जीवन झलकियां ज्ञानी संत सिंह मसकीन आदि ।

ਗੁਰ ਜੋਤੀ ਏਂਟਰਪ੍ਰਾਈਜ਼ਿਜ਼ ਦੁਆਰਾ ਅੰਗਰੇਜ਼ੀ ਵਿੱਚ ਛਪੀਆਂ ਮਸਕੀਨ ਜੀ ਦੀਆਂ ਪੁਸਤਕਾਂ

Jiwani Giani Sant Singh Ji Maskeen (Biography), Guru's Meditation ( Guru Chintan), The Third Eye (Teesra Naiter), Five Vices And Four Eras ( Panj Vikar Te Char Yug), Shradhanjli ( by Jugnu Singh), The Victory Of Virtues Over Vices (Panch Parwan), The Four Stages Of Spiritual Sphere (Laawan), Karam Philosophy And Aim of Human Life, Gurbani Priceless Jewels, Management

And Class of Preachers of Indian And Foreign Gurudwaras, Blissful State Of Equilibrium (Sehaj Di Katha), Path And The Pilgrim. etc.

ਤੀਜੇ ਭਾਗ ਵਿੱਚ ਉਨ੍ਹਾਂ ਦਾ ਉਹ ਸਾਹਿਤ ਆਉਂਦਾ ਹੈ ਜੋ ਉਨ੍ਹਾਂ ਨੇ ਆਪਣੇ ਸ੍ਰੋਤਿਆਂ ਨੂੰ ਗੁਰਮਤਿ ਸਿਧਾਂਤਾਂ ਨਾਲ ਜੋੜਨ ਲਈ ਜੀਵਨ ਦੇ ਆਖਰੀ ਸਵਾਸਾਂ ਤੀਕ ਦੇਸ਼-ਵਿਦੇਸ਼ ਵਿੱਚ ਪਹੁੰਚ ਕੇ, ਗੁਰਮਤਿ ਸਮਾਗਮਾਂ, ਸੈਮੀਨਾਰਾਂ, ਗੁਰਪੁਰਬਾਂ ਵਿੱਚ ਕਥਾ ਦੁਆਰਾ ਅਤੇ ਵਿਸ਼ੇਸ਼ ਗੋਸ਼ਟੀਆਂ ਰਾਹੀਂ ਸ੍ਰਵਣ ਕਰਵਾਇਆ।ਇਹ ਸਾਹਿਤ ਉਨ੍ਹਾਂ ਦੇ ਲੰਬੇ ਅਨੁਭਵੀ ਅਧਿਆਤਮਕ ਲੈਕਚਰਾਂ ਤੇ ਆਧਾਰਿਤ ਹੈ ਜੋ ਕਿ ਉਨ੍ਹਾਂ ਦੇ ਜੀਵਨ ਉਪਰੰਤ ਉਨ੍ਹਾਂ ਦੇ ਚਾਹਵਾਨਾਂ ਨੇ ਪੁਸਤਕਾਂ ਦੇ ਰੂਪ ਵਿੱਚ ਛਪਵਾਏ ਹਨ।ਇਹ ਸਟੇਜ਼ ਤੋਂ ਉਨ੍ਹਾਂ ਦੁਆਰਾ ਲਗਭਗ ਇੱਕ ਘੰਟੇ ਦੇ ਸਮੇਂ ਦੌਰਾਨ ਬੋਲੇ ਗਏ ਲੈਕਚਰਾਂ ਦੇ ਹੂ-ਬ-ਹੂ ਪ੍ਰਿੰਟ ਹਨ।

ਕਥਾ ਕਰਨ ਲਈ ਉਹ ਜਿੱਥੇ ਵੀ ਜਾਂਦੇ ਦੇਸ਼ ਵਿਦੇਸ਼ ਵਿਚਲੇ ਸ੍ਰੋਤੇ ਉਨ੍ਹਾਂ ਦੇ ਲੈਕਚਰ ਨੂੰ ਰਿਕਾਰਡ ਕਰ ਕੇ ਆਡੀਉ, ਵੀਡੀਉ ਕੈਸਟਾਂ ਜਾਂ ਸੀਡੀਆਂ ਤਿਆਰ ਕਰ ਲੈਂਦੇ ਤਾਂ ਜੋ ਉਨ੍ਹਾਂ ਦੇ ਅਣਮੁੱਲੇ ਵੀਚਾਰਾਂ ਨੂੰ ਬਾਰ-ਬਾਰ ਸੁਣਿਆ ਜਾ ਸਕੇ ਅਤੇ ਜਿਹੜੇ ਇਨ੍ਹਾਂ ਨੂੰ ਸੁਣਨ ਤੋਂ ਵਾਂਝੇ ਰਹਿ ਗਏ ਹਨ, ਉਹ ਇਨ੍ਹਾਂ ਕੈਸਟਾਂ ਜਾਂ ਸੀਡੀਆਂ ਤੋਂ ਲਾਭ ਉਠਾ ਸਕਣ।ਨਿਰਭਉ ਤੇ ਨਿਰਵੈਰ ਹੋ ਕੇ ਸਿੱਖ ਧਰਮ ਦੀ ਸੇਵਾ ਕਰਦਿਆਂ ਉਨ੍ਹਾਂ ਨੇ ਜੋ ਆਦਰਸ਼ ਅਤੇ ਗੁਰ-ਸਿਧਾਂਤ ਸਿੱਖੀ ਦੇ ਇਨ੍ਹਾਂ ਮੁਤਲਾਸ਼ੀਆਂ ਦੇ ਸਾਹਮਣੇ ਰੱਖੇ, ਆਉਣ ਵਾਲੀਆਂ ਪੀੜ੍ਹੀਆਂ ਦੇ ਮਾਰਗ਼-ਦਰਸ਼ਨ ਲਈ ਉਨ੍ਹਾਂ ਨੂੰ ਛਪਵਾਉਣ ਦੀ ਲਗਾਤਾਰ ਕੋਸ਼ਿਸ਼ ਕੀਤੀ ਜਾ ਰਹੀ ਹੈ।ਇਹ ਸਾਹਿਤ ਜਗਿਆਸੂਆਂ, ਗੁਰਬਾਣੀ ਦੇ ਰਸੀਆਂ, ਖੋਜੀਆਂ, ਪ੍ਰਚਾਰਕਾਂ, ਕਥਾ-ਵਾਚਕਾਂ, ਵਿਦਵਾਨਾਂ, ਅਧਿਆਪਕਾਂ, ਪ੍ਰੋਫੈਸਰਾਂ, ਗੁਰਦੁਆਰਾ ਕਮੇਟੀਆਂ, ਸਿੰਘ ਸਭਾਵਾਂ, ਸਕੂਲਾਂ-ਕਾਲਜਾਂ ਦੇ ਪ੍ਰਬੰਧਕਾਂ, ਲਾਈਬ੍ਰੇਰੀਆਂ ਅਤੇ ਯੂਨੀਵਰਸਿਟੀਆਂ ਲਈ ਵਿਸ਼ੇਸ਼ ਮਹੱਤਵ ਰੱਖਦਾ ਹੈ।ਸਿੰਗਾਪੁਰ ਵਿੱਚ ਰਹਿ ਰਹੇ ਡਾ. ਅਨੋਖ ਸਿੰਘ ਨੇ ਤਾਂ ਉਨ੍ਹਾਂ ਦੇ ਸਿੰਗਾਪੁਰ ਵਿੱਚ ਦਿੱਤੇ ਲੈਕਚਰਾਂ ਨੂੰ ਰਿਕਾਰਡ ਕਰਕੇ, ਲਿਖ ਕੇ, ਸੰਨ 1979 ਵਿੱਚ 'ਮਸਕੀਨ ਜੀ ਦੇ ਲੈਕਚਰ' ਨਾਂ ਹੇਠ ਦੋ ਭਾਗਾਂ ਵਿੱਚ ਪੁਸਤਕਾਂ ਛਪਵਾਉਣ ਦਾ ਉੱਦਮ ਕੀਤਾ[67] ਜਿਸ ਨੂੰ ਪਾਠਕ ਵਰਗ ਨੇ ਬਹੁਤ ਸਲਾਹਿਆ।ਦੇਸ਼-ਵਿਦੇਸ਼ਾਂ ਵਿੱਚ ਬੈਠੇ ਹੋਰ ਵੀ ਅਨੇਕ ਉੱਦਮੀ, ਸਿਰੜੀ ਅਤੇ ਮਿਹਨਤੀ ਸ਼ਰਧਾਲੂ ਅੱਜ ਤੱਕ ਵੀ ਉਨ੍ਹਾਂ ਦੀਆਂ ਰਿਕਾਰਡਿੰਗਾਂ ਤੋਂ ਪੰਜਾਬੀ ਤੋਂ ਇਲਾਵਾ ਹਿੰਦੀ, ਅੰਗਰੇਜ਼ੀ ਅਤੇ ਹੋਰ ਭਾਸ਼ਾਵਾਂ ਵਿੱਚ ਵੀ ਅਨੁਵਾਦ ਕਰਕੇ ਪੁਸਤਕਾਂ ਛਪਵਾਉਣ ਦਾ

ਉਪਰਾਲਾ ਨਿਰੰਤਰ ਕਰ ਰਹੇ ਹਨ ਜਿੰਨ੍ਹਾਂ ਵਿੱਚ ਸ. ਹਰਜੀਤ ਸਿੰਘ, ਗਿਆਨੀ ਬਲਵਿੰਦਰ ਸਿੰਘ ਝੋਰ, ਜਗਬੀਰ ਸਿੰਘ ਮਿਸ਼ਨਰੀ, ਮਨਜਿੰਦਰ ਸਿੰਘ, ਗਿਆਨੀ ਗੁਰਵਿੰਦਰ ਸਿੰਘ ਕੋਮਲ ਆਦਿ ਦੇ ਨਾਮ ਪ੍ਰਮੁੱਖ ਤੌਰ ਤੇ ਲਏ ਜਾ ਸਕਦੇ ਹਨ।ਅਜੇ ਤੱਕ ਵੀ ਉਨ੍ਹਾਂ ਦੇ ਬੋਲਾਂ ਦੇ ਰੂਪ ਵਿੱਚ ਬਹੁਤ ਸਾਰਾ ਖ਼ਜ਼ਾਨਾ ਛਪਣ ਲਈ ਬਾਕੀ ਬਚਿਆ ਹੋਇਆ ਹੈ ਜਿਸ ਦੀ ਛਪਾਈ ਦਾ ਕਾਰਜ ਦੇਸ਼-ਵਿਦੇਸ਼ਾਂ ਵਿੱਚ ਅਨੇਕ ਭਾਸ਼ਾਵਾਂ ਵਿੱਚ ਅਤੇ ਅਨੇਕ ਥਾਵਾਂ ਤੇ ਲਗਾਤਾਰ ਚਲਦਾ ਜਾ ਰਿਹਾ ਹੈ ਜਿਸ ਕਾਰਣ ਇਨ੍ਹਾਂ ਸਾਰੀਆਂ ਪੁਸਤਕਾਂ ਦੇ ਸਾਰੇ ਵੇਰਵੇ ਦੇਣਾ ਇੱਥੇ ਸੰਭਵ ਨਹੀਂ, ਫਿਰ ਵੀ ਪ੍ਰਕਾਸ਼ਿਤ ਹੋ ਚੁੱਕੀਆਂ ਵੱਧ ਤੋਂ ਵੱਧ ਪੁਸਤਕਾਂ ਦੇ ਨਾਮ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ।ਗਿਆਨੀ ਸੰਤ ਸਿੰਘ ਮਸਕੀਨ ਜੀ ਦੇ ਜੀਵਨ ਉਪਰੰਤ ਛਪੀਆਂ ਇਨ੍ਹਾਂ ਪੁਸਤਕਾਂ ਨੂੰ ਵੀ ਦੋ ਭਾਗਾਂ ਵਿੱਚ ਵਰਗੀਕ੍ਰਿਤ ਕੀਤਾ ਜਾ ਸਕਦਾ ਹੈ।ਪਹਿਲਾ ਭਾਗ ਵੱਖ-ਵੱਖ ਬਾਣੀਆਂ ਦੀ ਵਿਸਤ੍ਰਿਤ ਵਿਆਖਿਆ ਅਤੇ ਦੂਜਾ ਭਾਗ ਹੁਕਮਨਾਮਿਆਂ ਦੀ ਵਿਆਖਿਆ ਵਿੱਚੋਂ ਗੁਰ-ਸਿਧਾਂਤਾਂ ਦੀ ਸਥਾਪਤੀ ਸੰਬੰਧੀ ਛਪੀਆਂ ਪੁਸਤਕਾਂ।

ਰਿਕਾਰਡਿਡ ਕੈਸੇਟਾਂ ਤੇ ਆਧਾਰਿਤ ਪਹਿਲੀ ਕਿਸਮ (ਵੱਖ-ਵੱਖ ਬਾਣੀਆਂ ਦੀ ਵਿਆਖਿਆ) ਦੀਆਂ ਹੁਣ ਤੱਕ ਛਪੀਆਂ ਪ੍ਰਮੁੱਖ ਪੁਸਤਕਾਂ :

- ਬਾਰਹ ਮਾਹਾ
- ਜਪੁ ਨੀਸਾਣੁ
- ਜਪੁ ਧਾਰਾ (ਵਿਆਖਿਆ ਜਪੁ ਜੀ ਸਾਹਿਬ)
- ਜਾਪੁ ਸਾਹਿਬ ਦੀ ਵਿਆਖਿਆ
- ਆਸਾ ਦੀ ਵਾਰ (ਵਿਆਖਿਆ)
- ਲਾਵਾਂ
- ਗਾਥਾ ਅਕਾਲ ਪੁਰਖ ਕੀ
- ਸਲੋਕ ਫਰੀਦ ਜੀ ਸਟੀਕ

ਰਿਕਾਰਡਿਡ ਕੈਸੇਟਾਂ ਤੇ ਆਧਾਰਿਤ ਦੂਸਰੀ ਕਿਸਮ (ਗੁਰ-ਸਿਧਾਂਤਾਂ) ਦੀਆਂ ਹੁਣ ਤੱਕ ਛਪੀਆਂ ਪ੍ਰਮੁੱਖ ਪੁਸਤਕਾਂ

ਮਸਕੀਨ ਜੀ ਦੇ ਲੈਕਚਰ (ਦੋ ਭਾਗ), ਮਨੁੱਖ ਦਾ ਜੀਵਨ, ਚਾਰ ਯੁੱਗ (ਚਾਰ ਅਵਸਥਾਵਾਂ), ਸੰਸਾਰ, ਸਹਿਜ ਦੀ ਕਥਾ, ਜੀਵਨ ਦੀ ਅਸਲੀਅਤ, ਮਨੁੱਖ ਦੀ ਕਥਾ, ਦੁੱਖ ਦਾ ਮੂਲ ਕਾਰਨ, ਹਾਜਿਰ ਹਜੂਰਿ ਖ਼ੁਦਾਇ, ਸਚ ਖਮਡਿ ਵਸੈ ਨਿਰੰਕਾਰੁ, ਮੁਕਾਮੁ ਓਹੀ ਏਕੁ ਹੈ, ਸਭੁ ਕਿਛੁ ਤੇਰਾ, ਸਿੱਖ ਸਿੰਘ ਅਤੇ ਸ਼ਬਦ ਗੁਰੂ, ਜੋ ਜੋ ਦੀਸੈ ਸੋ ਸੋ ਰੋਗੀ, ਧਰਮ ਤੇ ਮਨੁੱਖ, ਸੁੱਖ-ਦੁੱਖ, ਹਮ ਭੀਖਕ ਭੇਖਾਰੀ ਤੇਰੇ, ਸੰਪੂਰਨ ਸਿੱਖੀ ਸਰੂਪ, ਜੀਵਨ ਕਥਾ ਭਾਈ ਘਨਈਆ ਜੀ, ਪੰਜ ਕਕਾਰਾਂ ਦਾ ਮਹੱਤਵ, ਪੰਜ ਤੱਤ, ਬ੍ਰਹਮ ਗਿਆਨ, ਪਰਮ ਪ੍ਰਕਾਸ਼, ਪੂਰਨ ਮਨੁੱਖ, ਸਵਰਗ ਨਰਕ, ਨਾਮ ਦਾ ਹੀਰਾ, ਹਰਿ ਅੰਮ੍ਰਿਤ ਬਾਣੀ ਗਾਵੈ, ਜੀਵਨ ਕਥਾ ਭਾਈ ਘਨ੍ਹਈਆ ਜੀ, ਮਹਾਂਬਲੀ ਗੁਰੂ ਗੋਬਿੰਦ ਸਿੰਘ ਜੀ, ਰਾਜਾ ਸਗਲੀ ਸ੍ਰਿਸ਼ਟਿ ਕਾ, ਸਲੋਕ ਫਰੀਦ ਜੀ, ਪੰਜ ਖੰਡ, ਮੇਰੇ ਲੈਕਚਰ ਗਿ. ਸੰਤ ਸਿੰਘ ਮਸਕੀਨ, ਰਾਮ ਸਿੰਘਾਸਨ ਰਾਜ ਸਿੰਘਾਸਨ, ਸਤਿਗੁਰਿ ਪੂਰੈ ਕੀਨੀ ਦਾਤਿ, ਜੋ ਮੰਗਹਿ ਸੋ ਲੇਵਹਿ, ਸਾਧੂ ਕੀ ਧੁਰਾ, ਸ੍ਰੀ ਹਰਿਮੰਦਰ ਸਾਹਿਬ ਜੀ ਤੋਂ ਆਏ ਹੁਕਮਨਾਮਿਆਂ ਦੀ ਵਿਚਾਰ, ਗੁਰਬਾਣੀ ਉਚਾਰ ਭੇਦ, ਹਰਿ ਜਨ ਐਸਾ ਚਾਹੀਐ, ਇਤਿਹਾਸ ਦਸ ਗੁਰੂ ਸਾਹਿਬਾਨ, ਸਾਹਿਬ ਮੇਰਾ ਮਿਹਰਵਾਨੁ, ਧਨ ਜਾਂ ਧਰਮ, ਖ਼ਾਲਸਾ, ਮਨ ਤੂੰ ਜੋਤਿ ਸਰੂਪੁ ਹੈ, ਖ਼ਾਲਸਾ ਮੇਰੋ ਰੂਪ ਹੈ ਖ਼ਾਸ ਆਦਿ।

ਉਪਰੋਕਤ ਤਿੰਨ ਭਾਗਾਂ ਵਿੱਚ ਵੰਡੇ ਗਏ ਉਨ੍ਹਾਂ ਦੇ ਸਾਹਿਤ ਤੋਂ ਇਲਾਵਾ ਇੱਕ ਹੋਰ ਵਿਸ਼ੇਸ਼ ਕਿਸਮ ਦਾ ਸਾਹਿਤ ਉਨ੍ਹਾਂ ਦੇ ਰਚਨਾ-ਸੰਸਾਰ ਦਾ ਹਿੱਸਾ ਬਣਦਾ ਹੈ।ਉਹ ਜੋ ਉਨ੍ਹਾਂ ਦੇ ਪ੍ਰੇਮੀਆਂ, ਸਾਥੀਆਂ, ਵਿਦਿਆਰਥੀਆਂ ਤੇ ਚਾਹਵਾਨਾਂ ਦੁਆਰਾ ਉਨ੍ਹਾਂ ਦੇ ਜੀਵਨ ਬਾਰੇ ਸਿਰਜਿਆ ਤੇ ਛਪਵਾਇਆ ਗਿਆ ਹੈ।ਉਸ ਵਿੱਚ ਹੇਠ ਲਿਖੀਆਂ ਪੁਸਤਕਾਂ ਪ੍ਰਮੁੱਖ ਰੂਪ ਵਿੱਚ ਸ਼ਾਮਿਲ ਹਨ

- ਬਲਵਿੰਦਰ ਸਿੰਘ ਝੋਰ, ਜੀਵਨ ਝਲਕੀਆਂ (ਜੀਵਨ ਬਿਰਤਾਂਤ) ਪੰਥ ਰਤਨ ਗਿਆਨੀ ਸੰਤ ਸਿੰਘ ਜੀ ਮਸਕੀਨ, ਗੁਰ ਜੋਤੀ ਏਂਟਰਪ੍ਰਾਈਜਿਜ਼, ਅਲਵਰ, 2006.
- ਗਿਆਨੀ ਗੁਰਵਿੰਦਰ ਸਿੰਘ ਕੋਮਲ, ਐਸੇ ਜਨ ਵਿਰਲੇ ਸੰਸਾਰੇ, ਸਿੰਘ ਬ੍ਰਦਰਜ਼, 2006.
- ਗਿਆਨੀ ਗੁਰਵਿੰਦਰ ਸਿੰਘ ਕੋਮਲ, ਮਸਕੀਨ ਜੀ ਦੀਆਂ ਸੁਣਾਈਆਂ ਅਨੁਭਵੀ ਗਾਥਾਵਾਂ (ਭਾਗ I ਅਤੇ II) , ਪ੍ਰਕਾਸ਼ਕ ਸਿੰਘ ਬ੍ਰਦਰਜ਼, ਅੰਮ੍ਰਿਤਸਰ, 2009.
- ਚਰਨਜੀਤ ਸਿੰਘ, ਜੀਵਨ ਯਾਤਰਾ, ਲਾਹੌਰ ਬੁਕ ਸ਼ਾਪ, ਲੁਧਿਆਣਾ, 2010.

- ਗਿਆਨੀ ਗੁਰਵਿੰਦਰ ਸਿੰਘ ਕੋਮਲ, ਨੇੜਿਓਂ ਦੇਖੇ ਗੁਰਮਤਿ ਵਿੱਦਿਆ ਮਾਰਤੰਡ ਗਿਆਨੀ ਸੰਤ ਸਿੰਘ ਜੀ ਮਸਕੀਨ (ਸਮਕਾਲੀ ਵਿਦਵਾਨਾਂ ਦੀ ਦੀਰਘ ਦ੍ਰਿਸ਼ਟੀ), ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫੋਕਲ ਪੁਆਇੰਟ, ਅੰਮ੍ਰਿਤਸਰ, 2011.
- ਹਰਜੀਤ ਸਿੰਘ (ਸੰਪਾ.), ਜੀਵਨ ਸਫਰ ਪੰਥ ਰਤਨ ਗਿਆਨੀ ਸੰਤ ਸਿੰਘ ਜੀ ਮਸਕੀਨ, ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ 2016.

ਸ਼ੋ ਉਪਰੋਕਤ ਦਰਸਾਏ ਅਨੁਸਾਰ ਗਿਆਨੀ ਸੰਤ ਸਿੰਘ ਮਸਕੀਨ ਜੀ ਦੇ ਅਨਮੋਲ ਸਾਹਿਤਕ ਖਜ਼ਾਨੇ ਦੇ ਹਵਾਲੇ ਨਾਲ ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਪੁਸਤਕਾਂ ਵਿਚਲੇ ਲੇਖਾਂ ਵਿੱਚ ਪ੍ਰਸਤੁਤ ਸੰਕਲਪਾਂ ਨੂੰ ਸੰਤ ਸਿੰਘ ਮਸਕੀਨ ਜੀ ਜਿੱਥੇ ਗੁਰਬਾਣੀ ਦੀਆਂ ਤੁਕਾਂ ਨਾਲ ਸਮਝਾਉਂਦੇ ਰਹੇ ਹਨ ਉੱਥੇ ਆਪਣੀ ਵਿਗਿਆਨਕ, ਆਲੋਚਨਾਤਮਕ ਅਤੇ ਵਿਸਲੇਸ਼ਣਾਤਮਕ ਪਹੁੰਚ ਵਿਧੀ ਦੇ ਨਾਲ-ਨਾਲ ਭਾਰਤੀ ਅਤੇ ਪੱਛਮੀ ਲੇਖਕਾਂ ਦੇ ਹਵਾਲਿਆਂ ਨਾਲ ਵੀ ਆਪਣੇ ਵਿਚਾਰਾਂ ਦੀ ਪ੍ਰੋੜਤਾ ਕਰਦੇ ਨਜ਼ਰ ਆਉਂਦੇ ਹਨ।ਅਸਲ ਵਿੱਚ ਉਨ੍ਹਾਂ ਦੀਆਂ ਪਹਿਲੀ ਕਿਸਮ ਦੀਆਂ ਮੌਲਿਕ ਕਵਿਤਾਵਾਂ, ਰੁਬਾਈਆਂ, ਸ਼ੇਅਰਾਂ ਆਦਿ ਤੇ ਲਿਖੀਆਂ ਪੁਸਤਕਾਂ ਜਿੱਥੇ ਉਨ੍ਹਾਂ ਦੇ ਅੰਦਰੂਨੀ ਵਲਵਲਿਆਂ ਦੀ ਝਲਕ ਪੇਸ਼ ਕਰਦੀਆਂ ਹਨ, ਉੱਥੇ ਪ੍ਰੋੜ ਉਮਰ ਵਿੱਚ ਲਿਖੀਆਂ ਦੂਜੀ ਕਿਸਮ ਦੀਆਂ ਪੁਸਤਕਾਂ ਵਿੱਚ ਉਨ੍ਹਾਂ ਦਾ ਗੁਰਮਤਿ ਸੰਬੰਧੀ ਉਹ ਸਾਰਾ ਫਲਸਫਾ ਸਮਾਇਆ ਹੋਇਆ ਹੈ ਜੋ ਉਹ ਕਥਾਵਾਂ ਦੁਆਰਾ ਵੱਖ-ਵੱਖ ਥਾਵਾਂ ਤੇ ਵਿਚਾਰਦੇ ਰਹੇ ਹਨ ਤੇ ਤੀਜੀ ਕਿਸਮ ਦੇ ਵਿਸ਼ਾਲ ਸਾਹਿਤ ਵਿੱਚ ਉਨ੍ਹਾਂ ਦੇ ਅਧਿਆਤਮਕ, ਰਹੱਸਵਾਦੀ, ਦਾਰਸ਼ਨਿਕ, ਮਨੋਵਿਗਿਆਨਕ, ਸਮਾਜਕ, ਸੱਭਿਆਚਾਰਕ, ਸਾਹਿਤਕ, ਭਾਸ਼ਾਈ ਅਤੇ ਯਥਾਰਥਕ ਅਨੁਭਵ ਦਾ ਅਨਮੋਲ ਖਜ਼ਾਨਾ ਸਮਾਇਆ ਹੋਇਆ ਹੈ ਜੋ ਭਵਿੱਖ ਵਿੱਚ ਆਉਣ ਵਾਲੀਆਂ ਪੀੜ੍ਹੀਆਂ ਦੇ ਮਨਾਂ ਨੂੰ ਆਪਣੇ ਇਸ ਅਦੁੱਤੀ ਗਿਆਨ ਨਾਲ ਰੁਸ਼ਨਾਉਂਦਾ ਰਹੇਗਾ।ਸੋ ਉਪਰੋਕਤ ਵਿਚਾਰ-ਚਰਚਾ ਤੋਂ ਸਪਸ਼ਟ ਹੈ ਕਿ ਗਿਆਨੀ ਸੰਤ ਸਿੰਘ ਮਸਕੀਨ ਜੀ ਗਹਿਰ-ਗੰਭੀਰ ਵਕਤਾ ਹੋਣ ਦੇ ਨਾਲ-ਨਾਲ ਨਿੰਮ੍ਰਤਾ, ਪਿਆਰ, ਮਿਠਾਸ, ਹਲੀਮੀ, ਉਦਾਰਤਾ ਤੇ ਸਿੱਖੀ ਸਿਦਕ ਵਿੱਚ ਰੰਗੇ ਹੋਏ ਉੱਚ ਕੋਟੀ ਦੇ ਲਿਖਾਰੀ ਵੀ ਸਨ।

## 5.6 ਤੱਤ ਸਾਰ:

ਇਸ ਅਧਿਆਇ ਵਿੱਚ ਅਜੋਕੇ ਸਮਿਆਂ ਵਿੱਚ ਹੋਏ ਗੁਰਬਾਣੀ ਵਿਆਖਿਆਕਾਰ ਗਿਆਨੀ ਸੰਤ ਸਿੰਘ ਮਸਕੀਨ ਜੀ ਦੇ ਜੀਵਨ, ਸਖ਼ਸ਼ੀਅਤ, ਸੁਭਾਅ ਅਤੇ ਸਮਕਾਲੀਨ

ਹਾਲਾਤ ਦਾ ਜ਼ਿਕਰ ਕੀਤਾ ਗਿਆ ਹੈ।ਅਜੋਕੇ ਉੱਤਰ ਆਧੁਨਿਕ ਸਮੇਂ ਵਿੱਚ, ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਰਮ ਗਿਆਨ ਸ਼ਕਤੀ ਅਤੇ ਸ੍ਵੈ-ਆਜ਼ਾਦ ਸਿਧਾਂਤਕ ਹਸਤੀ ਨੂੰ ਪੱਛਮੀ ਸੱਭਿਆਚਾਰ ਵੱਲੋਂ 'ਵਿਆਖਿਆ-ਸ਼ਾਸਤਰ' ਦੇ ਸਿਧਾਂਤਕ ਚੌਖਟੇ ਵਿੱਚ ਫਿੱਟ ਕਰਨ ਦੀ ਵੰਗਾਰ ਦਿੱਤੀ ਜਾ ਰਹੀ ਹੈ ਤਾਂ ਵਿਗਿਆਨਕ ਤਰਕਸ਼ੀਲ ਅਤੇ ਆਪਣੇ ਨਿਜੀ ਅਨੁਭਵੀ ਦਲੀਲਾਂ ਭਰੇ ਢੰਗ ਨਾਲ ਵਿਆਖਿਆ ਕਰਨ ਵਾਲੇ ਵੀਹਵੀਂ ਸਦੀ ਦੇ ਪਿਛਲੇ ਅੱਧ ਦੇ ਪ੍ਰਭਾਵਸ਼ਾਲੀ ਗੁਰਬਾਣੀ ਵਿਆਖਿਆਕਾਰ ਗਿਆਨੀ ਸੰਤ ਸਿੰਘ ਮਸਕੀਨ ਜੀ ਨੇ ਗੁਰਮਤਿ ਦੇ ਸਿਧਾਂਤਕ ਗਿਆਨ ਨੂੰ ਦੇਸ਼ ਵਿਦੇਸ਼ਾਂ ਵਿੱਚ ਜਾ ਜਾ ਕੇ ਨਾ ਕੇਵਲ ਪ੍ਰਚਾਰਿਆ, ਸਗੋਂ ਅਨ ਧਰਮੀਆਂ ਅਤੇ ਗ਼ੈਰ ਸਿੱਖਾਂ ਨੂੰ ਵੀ ਗੁਰਬਾਣੀ ਦੇ ਉੱਚਤਮ ਮਿਆਰ ਅਤੇ ਰੁਤਬੇ ਨੂੰ ਜਾਣਨ ਵੱਲ ਆਕਰਸ਼ਿਤ ਕੀਤਾ।ਇਸ ਪਿੱਛੇ ਉਨ੍ਹਾਂ ਦਾ ਗਹਿਰ-ਗੰਭੀਰ ਅਧਿਐਨ, ਅਨੁਭਵ ਅਤੇ ਤਰਕਸ਼ੀਲ ਵਿਚਾਰਾਂ ਦਾ ਪ੍ਰਵਾਹ ਕੰਮ ਕਰਦਾ ਸੀ ਜੋ ਬਹੁਤੇ ਤੌਰ ਤੇ ਉਨ੍ਹਾਂ ਨੇ 'ਨਿਰਮਲ ਬਾਗ' ਕਨਖਲ, ਹਰਿਦਵਾਰ ਵਿਖੇ ਰਹਿ ਕੇ ਪ੍ਰਾਪਤ ਕੀਤਾ ਸੀ ਅਤੇ ਉਸ ਤੋਂ ਬਾਅਦ ਵੀ ਉਹ ਤਾਜ਼ੀ ਜਾਣਕਾਰੀ ਪ੍ਰਾਪਤ ਕਰਨ ਲਈ ਹਮੇਸ਼ਾ ਹੋਰ ਗ੍ਰੰਥ ਖਰੀਦ ਕੇ ਪੜ੍ਹਦੇ ਰਹਿੰਦੇ ਸਨ।

ਉਨ੍ਹਾਂ ਨੂੰ ਬਚਪਨ ਤੋਂ ਹੀ ਉਰਦੂ ਸ਼ੇਅਰ, ਰੁਬਾਈਆਂ ਅਤੇ ਕਵਿਤਾਵਾਂ ਲਿਖਣ ਦਾ ਸ਼ੌਕ ਸੀ ਜਿਸ ਕਰਕੇ ਉਨ੍ਹਾਂ ਦਾ ਨਾਮ ਸ਼ਾਇਰਾਂ, ਕਵੀਆਂ ਅਤੇ ਲੇਖਕਾਂ ਦੀ ਫਹਿਰਿਸਤ ਵਿੱਚ ਵੀ ਸ਼ਾਮਿਲ ਹੁੰਦਾ ਹੈ।ਉਨ੍ਹਾਂ ਦਾ ਵਿਸ਼ਾ ਵਿਸ਼ੇਸ਼ ਤੌਰ ਉੱਤੇ ਪ੍ਰਮਾਤਮਾ ਦੀ ਤਾਲਾਸ਼ ਅਤੇ ਗੁਣਗਾਨ ਦੁਆਲੇ ਘੁੰਮਦਾ ਸੀ।ਉਨ੍ਹਾਂ ਨੇ ਆਪਣੇ ਜੀਵਨ ਭਰ ਦੇ ਗਿਆਨ ਅਤੇ ਅਨੁਭਵ ਦੇ ਦਾਰਸ਼ਨਿਕ, ਅਧਿਆਤਮਕ ਅਤੇ ਧਾਰਮਕ ਵਿਚਾਰਾਂ ਦਾ ਨਿਚੋੜ ਅੰਤਿਮ ਸਾਲਾਂ ਵਿੱਚ ਲਿਖੀਆਂ 16 ਕੁ ਪੁਸਤਕਾਂ ਵਿੱਚ ਲਿਖ ਕੇ ਪ੍ਰਕਾਸ਼ਿਤ ਕਰਵਾਇਆ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਸ ਗਿਆਨ ਤੋਂ ਲਾਭ ਪਹੁੰਚਦਾ ਰਹੇ।1999 ਵਿੱਚ ਉਨ੍ਹਾਂ ਨੇ ਗੁਰਦੁਆਰਿਆਂ ਦੇ ਪ੍ਰਬੰਧਕਾਂ ਅਤੇ ਪ੍ਰਚਾਰਕਾਂ ਦੇ ਸੁਧਾਰ ਵਾਸਤੇ ਇੱਕ ਪੁਸਤਕ ਲਿਖੀ ਜੋ ਕਿ ਉਨ੍ਹਾਂ ਦੇ ਜ਼ਿੰਦਗੀ ਭਰ ਦੇ ਪ੍ਰਚਾਰ ਦਾ ਸਾਰ ਹੈ।

ਅਨੇਕ ਧਰਮਾਂ ਦੇ ਪਾਖੰਡਾਂ ਅਤੇ ਭਰਮਾਂ ਰੂਪੀ ਕਰਮ ਕਾਂਡਾਂ ਦੇ ਮਹਾਂਜਾਲ ਅੰਦਰ ਭਟਕਦੇ ਅਣਜਾਣ ਅਤੇ ਗੁੰਮਰਾਹ ਹੋਏ ਲੋਕਾਂ ਨੂੰ ਗੁਰਮਤਿ ਦੀ ਤਾਰਕਿਕ ਅਤੇ ਵਿਗਿਆਨਕ ਜੀਵਨ-ਜਾਚ ਸਿਖਾਉਣ ਦਾ ਕਾਰਜ ਕਰਦਿਆਂ ਜਿੱਥੇ ਸੰਤ ਸਿੰਘ ਮਸਕੀਨ ਜੀ ਨੇ ਸਾਰੀ

ਉਮਰ ਪੰਥਕ ਸਟੇਜਾਂ, ਗੁਰਮਤਿ ਸਮਾਗਮਾਂ, ਸੈਮੀਨਾਰਾਂ, ਵਿੱਦਿਅਕ ਸੰਸਥਾਵਾਂ ਅਤੇ ਇੱਥੋਂ ਤੱਕ ਕਿ ਜੇਲ੍ਹਾਂ ਵਿੱਚ ਬੰਦ ਕੈਦੀਆਂ ਨੂੰ ਵੀ ਜਾ-ਜਾ ਕੇ ਕਥਾ/ਲੈਕਚਰ ਸੁਣਾਉਂਦਿਆਂ ਗੁਜ਼ਾਰੀ, ਉੱਥੇ ਉਨ੍ਹਾਂ ਦੀਆਂ ਪੁਸਤਕਾਂ ਅਤੇ ਰਿਕਾਰਡਿਡ ਸੀਡੀਆਂ ਰਾਹੀਂ ਉਨ੍ਹਾਂ ਦੇ ਜੀਵਨ ਉਪਰੰਤ ਵੀ ਗੁਰਬਾਣੀ ਦਾ ਅਦੁੱਤਾ ਪ੍ਰਚਾਰ ਕੀਤਾ ਜਾ ਰਿਹਾ ਹੈ।ਉਨ੍ਹਾਂ ਅਨੁਸਾਰ ਸਕੂਲਾਂ-ਕਾਲਜਾਂ ਵਿੱਚ ਸਾਡੇ ਸਮਾਜ ਦੀ ਨਵੀਂ ਪੁੰਗਰਦੀ ਪਨੀਰੀ ਅਤੇ ਜੇਲਾਂ ਵਿੱਚ ਬੰਦ ਆਤਮਕ ਬਲ ਤੋਂ ਕਮਜ਼ੋਰ ਵਿਅਕਤੀਆਂ ਨੂੰ ਗੁਰਬਾਣੀ ਅਨੁਸਾਰ ਸੇਧ ਦੇਣ ਦੀ ਬਹੁਤ ਲੋੜ ਹੈ।ਉਹ ਗੁਰਬਾਣੀ ਗਿਆਨ, ਕਥਾ, ਕੀਰਤਨ ਅਤੇ ਗੁਰਮਤਿ ਪ੍ਰਚਾਰ ਸਿੱਖਣ ਵਾਲੇ ਵਿਦਿਆਰਥੀਆਂ ਦਾ ਇੱਕ ਵੱਡਾ ਵਹੀਰ ਹਰ ਪ੍ਰਚਾਰ-ਦੌਰੇ ਤੇ ਆਪਣੇ ਨਾਲ ਲੈ ਕੇ ਜਾਂਦੇ ਸਨ ਤੇ ਸਿਖਲਾਈ ਦੇਣ ਦੇ ਨਾਲ-ਨਾਲ ਉਨ੍ਹਾਂ ਨੂੰ ਸਟੇਜ਼ ਤੇ ਅਭਿਆਸ ਵੀ ਕਰਵਾਉਂਦੇ ਸਨ।ਅੱਜ ਵਿਆਖਿਆਕਾਰੀ ਦੇ ਖੇਤਰ ਵਿੱਚ ਉਨ੍ਹਾਂ ਦੁਆਰਾ ਸਿਖਾਈ ਗਈ ਸ਼ੈਲੀ ਵਿੱਚ ਉਨ੍ਹਾਂ ਦੇ ਅਨੇਕਾਂ ਵਿਦਿਆਰਥੀ ਗੁਰਮਤਿ ਪ੍ਰਚਾਰ ਕਰ ਰਹੇ ਹਨ ਜਿਨ੍ਹਾਂ ਵਿੱਚ ਗਿਆਨੀ ਰਣਜੀਤ ਸਿੰਘ ਗੌਹਰ, ਗਿਆਨੀ ਹਰਿੰਦਰ ਸਿੰਘ ਅਲਵਰ ਅਤੇ ਗਿਆਨੀ ਗੁਰਵਿੰਦਰ ਸਿੰਘ ਕੋਮਲ ਦੇ ਨਾਮ ਵਿਸ਼ੇਸ਼ ਤੌਰ ਤੇ ਲਏ ਜਾ ਸਕਦੇ ਹਨ।

## ਹਵਾਲੇ ਤੇ ਪੈਰ੍ਹ-ਟਿੱਪਣੀਆਂ

1. ਗਿਆਨੀ ਬਲਵਿੰਦਰ ਸਿੰਘ ਝੋਰ, ਜੀਵਨ ਝਲਕੀਆਂ (ਜੀਵਨ ਬਿਰਤਾਂਤ) ਪੰਥ ਰਤਨ ਗਿਆਨੀ ਸੰਤ ਸਿੰਘ ਜੀ ਮਸਕੀਨ, ਪੰਨਾ 13.
2. ਚਰਨਜੀਤ ਸਿੰਘ, ਜੀਵਨ ਯਾਤਰਾ (ਗਿਆਨੀ ਸੰਤ ਸਿੰਘ ਮਸਕੀਨ), ਪੰਨਾ 35.
3. ਗਿਆਨੀ ਬਲਵਿੰਦਰ ਸਿੰਘ ਝੋਰ, ਜੀਵਨ ਝਲਕੀਆਂ (ਜੀਵਨ ਬਿਰਤਾਂਤ) ਪੰਥ ਰਤਨ ਗਿਆਨੀ ਸੰਤ ਸਿੰਘ ਜੀ ਮਸਕੀਨ, ਪੰਨਾ 16.
4. ਉਹੀ, ਪੰਨਾ 16.
5. ਉਹੀ, ਪੰਨਾ 24.
6. ਉਹੀ, ਪੰਨਾ 25.
7. ਗਿਆਨੀ ਗੁਰਵਿੰਦਰ ਸਿੰਘ ਕੋਮਲ, ਨੇੜਿਓਂ ਦੇਖੇ ਗੁਰਮਤਿ ਵਿੱਦਿਆ ਮਾਰਤੰਡ ਗਿਆਨੀ ਸੰਤ ਸਿੰਘ ਜੀ ਮਸਕੀਨ (ਸਮਕਾਲੀ ਵਿਦਵਾਨਾਂ ਦੀ ਦੀਰਘ ਦ੍ਰਿਸ਼ਟੀ), ਪੰਨਾ 79.
8. ਚਰਨਜੀਤ ਸਿੰਘ, ਜੀਵਨ-ਯਾਤਰਾ (ਗਿਆਨੀ ਸੰਤ ਸਿੰਘ ਮਸਕੀਨ), ਪੰਨਾ 33.
9. ਗਿਆਨੀ ਬਲਵਿੰਦਰ ਸਿੰਘ ਝੋਰ, ਜੀਵਨ ਝਲਕੀਆਂ (ਜੀਵਨ ਬਿਰਤਾਂਤ) ਪੰਥ ਰਤਨ ਗਿਆਨੀ ਸੰਤ ਸਿੰਘ ਜੀ ਮਸਕੀਨ, ਪੰਨਾ 51.
10. ਪਰਿਵਾਰਕ ਪੱਧਰ ਦੀ ਜਾਣਕਾਰੀ ਮੁਤਾਬਕ
11. ਗਿਆਨੀ ਗੁਰਵਿੰਦਰ ਸਿੰਘ ਕੋਮਲ, ਨੇੜਿਓਂ ਦੇਖੇ ਗੁਰਮਤਿ ਵਿੱਦਿਆ ਮਾਰਤੰਡ ਗਿਆਨੀ ਸੰਤ ਸਿੰਘ ਜੀ ਮਸਕੀਨ (ਸਮਕਾਲੀ ਵਿਦਵਾਨਾਂ ਦੀ ਦੀਰਘ ਦ੍ਰਿਸ਼ਟੀ), ਪੰਨਾ 76-77.
12. ਉਹੀ, ਪੰਨਾ 99.
13. ਉਹੀ, ਪੰਨਾ 47.
14. ਗਿਆਨੀ ਬਲਵਿੰਦਰ ਸਿੰਘ ਝੋਰ, ਜੀਵਨ ਝਲਕੀਆਂ ਪੰਥ ਰਤਨ ਗਿਆਨੀ ਸੰਤ ਸਿੰਘ ਜੀ ਮਸਕੀਨ, ਪੰਨਾ 124.
15. ਉਹੀ, ਪੰਨਾ 75.

16. ਗਿਆਨੀ ਗੁਰਵਿੰਦਰ ਸਿੰਘ ਕੋਮਲ, ਐਸੇ ਜਨ ਵਿਰਲੇ ਸੰਸਾਰੇ (ਗਿਆਨੀ ਸੰਤ ਸਿੰਘ ਜੀ ਮਸਕੀਨ), ਪੰਨਾ 41.

17. ਉਹੀ, ਮਸਕੀਨ ਜੀ ਦੀਆਂ ਸੁਣਾਈਆਂ ਅਨੁਭਵੀ ਗਾਥਾਵਾਂ ਭਾਗ ਪਹਿਲਾ, ਪੰਨਾ 17-23.

18. ਉਹੀ, ਨੇੜਿਓਂ ਦੇਖੇ ਗੁਰਮਤਿ ਵਿੱਦਿਆ ਮਾਰਤੰਡ ਗਿਆਨੀ ਸੰਤ ਸਿੰਘ ਜੀ ਮਸਕੀਨ (ਸਮਕਾਲੀ ਵਿਦਵਾਨਾਂ ਦੀ ਦੀਰਘ ਦ੍ਰਿਸ਼ਟੀ), ਪੰਨਾ 80.

19. ਉਹੀ, ਐਸੇ ਜਨ ਵਿਰਲੇ ਸੰਸਾਰੇ (ਗਿਆਨੀ ਸੰਤ ਸਿੰਘ ਜੀ ਮਸਕੀਨ), ਪੰਨਾ 91.

20. ਉਹੀ, ਨੇੜਿਓਂ ਦੇਖੇ ਗੁਰਮਤਿ ਵਿੱਦਿਆ ਮਾਰਤੰਡ ਗਿਆਨੀ ਸੰਤ ਸਿੰਘ ਜੀ ਮਸਕੀਨ (ਸਮਕਾਲੀ ਵਿਦਵਾਨਾਂ ਦੀ ਦੀਰਘ ਦ੍ਰਿਸ਼ਟੀ), ਪੰਨਾ 18.

21. ਉਹੀ, ਪੰਨਾ 46.

22. ਉਹੀ, ਪੰਨਾ 58-59.

23. ਜਗਬੀਰ ਸਿੰਘ ਮਿਸ਼ਨਰੀ (ਸੰਪਾ.), ਸ੍ਰੀ ਹਰਿਮੰਦਰ ਸਾਹਿਬ ਜੀ ਤੋਂ ਆਏ ਹੁਕਮਨਾਮਿਆਂ ਦੀ ਵਿਚਾਰ, ਭੂਮਿਕਾ (ਅਦੁੱਤੀ ਸੇਵਾ), ਪੰਨਾ 8.

24. ਗਿਆਨੀ ਗੁਰਵਿੰਦਰ ਸਿੰਘ 'ਕੋਮਲ' (ਸੰਪਾ.), ਨੇੜਿਓਂ ਦੇਖੇ ਗੁਰਮਤਿ ਵਿੱਦਿਆ ਮਾਰਤੰਡ ਗਿਆਨੀ ਸੰਤ ਸਿੰਘ ਜੀ ਮਸਕੀਨ (ਸਮਕਾਲੀ ਵਿਦਵਾਨਾਂ ਦੀ ਦੀਰਘ ਦ੍ਰਿਸ਼ਟੀ), ਪੰਨਾ 68.

25. ਉਹੀ, ਪੰਨਾ 67.

26. ਉਹੀ, ਪੰਨਾ 74.

27. ਉਹੀ, ਐਸੇ ਜਨ ਵਿਰਲੇ ਸੰਸਾਰੇ (ਗਿਆਨੀ ਸੰਤ ਸਿੰਘ ਜੀ ਮਸਕੀਨ), ਪੰਨਾ 8.

28. ਉਹੀ, ਨੇੜਿਓਂ ਦੇਖੇ ਗੁਰਮਤਿ ਵਿੱਦਿਆ ਮਾਰਤੰਡ ਗਿਆਨੀ ਸੰਤ ਸਿੰਘ ਜੀ ਮਸਕੀਨ (ਸਮਕਾਲੀ ਵਿਦਵਾਨਾਂ ਦੀ ਦੀਰਘ ਦ੍ਰਿਸ਼ਟੀ), ਪੰਨਾ 16-22.

29. ਪ੍ਰੀਤਮ ਸਿੰਘ (ਸੰਪਾ.), ਨਿਰਮਲ ਸੰਪ੍ਰਦਾਇ, ਪੰਨਾ 66-67.

30. ਉਹੀ, ਪੰਨਾ 68-69.

31. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 27.

32. ਉਹੀ, ਪੰਨਾ 297.

33. ਨਿਰਮਲ-ਸਾਹਿਤ ਸੰਬੰਧੀ ਹੋਰ ਜਾਣਕਾਰੀ ਲਈ ਵੇਖੋ: : ਪ੍ਰੀਤਮ ਸਿੰਘ (ਸੰਪਾ.), ਨਿਰਮਲ ਸੰਪ੍ਰਦਾਇ, ਗੁਰੂ ਨਾਨਕ ਅਧਿਐਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1981, ਪੰਨਾ 135-218.
34. ਉਹੀ, ਪੰਨਾ 220.
35. ਉਹੀ, ਪੰਨਾ 271.
36. ਉਹੀ, ਪੰਨਾ 277.
37. ਉਹੀ, ਪੰਨਾ 162.
38. ਗਿਆਨੀ ਬਲਵਿੰਦਰ ਸਿੰਘ ਝੋਰ, ਜੀਵਨ ਝਲਕੀਆਂ ਪੰਥ ਰਤਨ ਗਿਆਨੀ ਸੰਤ ਸਿੰਘ ਜੀ ਮਸਕੀਨ, ਪੰਨਾ 40.
39. ਗਿਆਨੀ ਸੰਤ ਸਿੰਘ ਮਸਕੀਨ, ਦੇਸ਼-ਵਿਦੇਸ਼ ਦੇ ਗੁਰਦਵਾਰਿਆਂ ਦਾ ਪ੍ਰਬੰਧਕੀ ਢਾਂਚਾ ਅਤੇ ਪ੍ਰਚਾਰਕ ਸ਼ਰੇਣੀ, ਪੰਨਾ 64.
40. ਡਾ. ਰਾਜਿੰਦਰਪਾਲ ਸਿੰਘ, ਉਤਰ ਆਧੁਨਿਕਤਾ, ਪੰਨਾ 66.
41. ਗਿਆਨੀ ਸੰਤ ਸਿੰਘ ਮਸਕੀਨ, ਦੇਸ਼-ਵਿਦੇਸ਼ ਦੇ ਗੁਰਦਵਾਰਿਆਂ ਦਾ ਪ੍ਰਬੰਧਕੀ ਢਾਂਚਾ ਅਤੇ ਪ੍ਰਚਾਰਕ ਸ਼ਰੇਣੀ, ਪੰਨਾ 53.
42. ਗਿਆਨੀ ਬਲਵਿੰਦਰ ਸਿੰਘ ਝੋਰ, ਜੀਵਨ ਝਲਕੀਆਂ ਪੰਥ ਰਤਨ ਗਿਆਨੀ ਸੰਤ ਸਿੰਘ ਜੀ ਮਸਕੀਨ, ਪੰਨਾ 39.
43. ਉਹੀ, ਪੰਨਾ 48.
44. ਉਹੀ, ਪੰਨਾ 47.
45. ਉਹੀ, ਪੰਨਾ 48.
46. ਗਿਆਨੀ ਗੁਰਵਿੰਦਰ ਸਿੰਘ 'ਕੋਮਲ' (ਸੰਪਾ.), ਨੇੜਿਓਂ ਦੇਖੇ ਗੁਰਮਤਿ ਵਿੱਦਿਆ ਮਾਰਤੰਡ ਗਿਆਨੀ ਸੰਤ ਸਿੰਘ ਜੀ ਮਸਕੀਨ (ਸਮਕਾਲੀ ਵਿਦਵਾਨਾਂ ਦੀ ਦੀਰਘ ਦ੍ਰਿਸ਼ਟੀ), ਪੰਨਾ 29.
47. ਗਿਆਨੀ ਸੰਤ ਸਿੰਘ ਮਸਕੀਨ, ਦੇਸ਼-ਵਿਦੇਸ਼ ਦੇ ਗੁਰਦਵਾਰਿਆਂ ਦਾ ਪ੍ਰਬੰਧਕੀ ਢਾਂਚਾ ਅਤੇ ਪ੍ਰਚਾਰਕ ਸ਼ਰੇਣੀ, ਪੰਨਾ 13.
48. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 790.

49. ਗਿਆਨੀ ਸੰਤ ਸਿੰਘ ਮਸਕੀਨ, ਦੇਸ਼-ਵਿਦੇਸ਼ ਦੇ ਗੁਰਦੁਆਰਿਆਂ ਦਾ ਪ੍ਰਬੰਧਕੀ ਢਾਂਚਾ ਅਤੇ ਪ੍ਰਚਾਰਕ ਸ਼ਰੇਣੀ, ਪੰਨਾ 13.

50. ਉਹੀ, ਪੰਨਾ 14.

51. ਗਿਆਨੀ ਗੁਰਵਿੰਦਰ ਸਿੰਘ ਕੋਮਲ, ਮਸਕੀਨ ਜੀ ਦੀਆਂ ਸੁਣਾਈਆਂ ਅਨੁਭਵੀ ਗਾਥਾਵਾਂ (ਭਾਗ ਪਹਿਲਾ), ਪੰਨਾ 117.

52. ਗਿਆਨੀ ਸੰਤ ਸਿੰਘ ਮਸਕੀਨ, ਦੇਸ਼-ਵਿਦੇਸ਼ ਦੇ ਗੁਰਦੁਆਰਿਆਂ ਦਾ ਪ੍ਰਬੰਧਕੀ ਢਾਂਚਾ ਅਤੇ ਪ੍ਰਚਾਰਕ ਸ਼ਰੇਣੀ, ਪੰਨਾ 62.

53. ਉਹੀ, ਪੰਨਾ 92.

54. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 381.

55. ਗਿਆਨੀ ਸੰਤ ਸਿੰਘ ਮਸਕੀਨ, ਪੰਜ ਤੱਤ, ਪੰਨਾ 14, 23.

56. ਜਗਬੀਰ ਸਿੰਘ ਮਿਸ਼ਨਰੀ (ਸੰਪਾ.), ਸ੍ਰੀ ਹਰਿਮੰਦਰ ਸਾਹਿਬ ਜੀ ਤੋਂ ਆਏ ਹੁਕਮਨਾਮਿਆਂ ਦੀ ਵਿਚਾਰ, ਪੰਥ ਰਤਨ ਗਿਆਨੀ ਸੰਤ ਸਿੰਘ ਮਸਕੀਨ ਜੀ, ਭੂਮਿਕਾ (ਅਦੁੱਤੀ ਸੇਵਾ), ਪੰਨਾ 17.

57. ਗਿਆਨੀ ਗੁਰਵਿੰਦਰ ਸਿੰਘ 'ਕੋਮਲ', ਮਸਕੀਨ ਜੀ ਦੀਆਂ ਸੁਣਾਈਆਂ ਅਨੁਭਵੀ ਗਾਥਾਵਾਂ (ਭਾਗ ਪਹਿਲਾ), ਪੰਨਾ 28.

58. ਸ਼ਬਦ ਹਜ਼ਾਰੇ

59. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 469.

60. ਗਿਆਨੀ ਗੁਰਵਿੰਦਰ ਸਿੰਘ 'ਕੋਮਲ', ਮਸਕੀਨ ਜੀ ਦੀਆਂ ਸੁਣਾਈਆਂ ਅਨੁਭਵੀ ਗਾਥਾਵਾਂ (ਭਾਗ ਪਹਿਲਾ), ਪੰਨਾ 87.

61. ਉਹੀ, ਪੰਨਾ 125.

62. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 636.

63. ਗਿਆਨੀ ਬਲਵਿੰਦਰ ਸਿੰਘ ਝੋਰ, ਜੀਵਨ ਝਲਕੀਆਂ ਪੰਥ ਰਤਨ ਗਿਆਨੀ ਸੰਤ ਸਿੰਘ ਜੀ ਮਸਕੀਨ, ਪੰਨਾ 145-146.
64. ਉਹੀ, ਪੰਨਾ 146.
65. ਉਹੀ, ਪੰਨਾ 145.
66. ਉਹੀ, ਪੰਨਾ 79.
67. ਉਹੀ, ਪੰਨਾ 79.

..........................

# ਅਧਿਆਇ-ਛੇਵਾਂ

# ਸੰਤ ਸਿੰਘ ਮਸਕੀਨ ਜੀ ਦੀ ਗੁਰਬਾਣੀ ਵਿਆਖਿਆਕਾਰੀ, ਵਿਆਖਿਆ-ਸਿਧਾਂਤ ਤੇ ਸ਼ੈਲੀ

# ਅਧਿਆਇ-ਛੇਵਾਂ

# ਸੰਤ ਸਿੰਘ ਮਸਕੀਨ ਜੀ ਦੀ ਗੁਰਬਾਣੀ ਵਿਆਖਿਆਕਾਰੀ, ਵਿਆਖਿਆ-ਸਿਧਾਂਤ ਤੇ ਸ਼ੈਲੀ

ਖੋਜ ਪ੍ਰਬੰਧ ਦਾ ਇਹ ਅਧਿਆਇ ਗਿਆਨੀ ਸੰਤ ਸਿੰਘ ਮਸਕੀਨ ਜੀ ਦੀ ਗੁਰਬਾਣੀ ਵਿਆਖਿਆਕਾਰੀ ਦੇ ਸਿਧਾਂਤਾਂ ਅਤੇ ਉਨ੍ਹਾਂ ਦੇ ਪ੍ਰਗਟਾਉਣ ਦੀਆਂ ਵਿਆਖਿਆ ਜੁਗਤਾਂ (ਸ਼ੈਲੀ) ਉੱਤੇ ਕੇਂਦ੍ਰਿਤ ਕੀਤਾ ਗਿਆ ਹੈ ਸੋ ਇਸ ਅਧਿਆਇ ਦਾ ਉਦੇਸ਼ ਗਿਆਨੀ ਸੰਤ ਸਿੰਘ ਮਸਕੀਨ ਜੀ ਦੁਆਰਾ ਵਿਗਿਆਨਕ ਵਿਧੀ ਅਨੁਸਾਰ ਵੱਖ ਵੱਖ ਧਰਮਾਂ ਦੇ ਧਰਮ ਗ੍ਰੰਥਾਂ ਵਿੱਚੋਂ ਪ੍ਰਮਾਣ, ਦਲੀਲਾਂ, ਸੰਦਰਭ, ਪ੍ਰਸੰਗ, ਹਵਾਲੇ ਅਤੇ ਉਦਾਹਰਣਾਂ ਦਿੰਦੇ ਹੋਏ ਤਰਕ ਅਤੇ ਅਨੁਭਵ ਦੇ ਸੁਚੱਜੇ ਸੁਮੇਲ ਨਾਲ ਕੀਤੀ ਗਈ ਗੁਰਬਾਣੀ ਵਿਆਖਿਆਕਾਰੀ ਰਾਹੀਂ ਇਸ ਖੇਤਰ ਵਿੱਚ ਆਏ ਵੱਡੇ ਬਦਲਾਵਾਂ ਨੂੰ ਸਮਝਣਾ ਹੈ।

## 6.1 ਸੰਤ ਸਿੰਘ ਮਸਕੀਨ ਜੀ : ਵਿਆਖਿਆ ਵਿਸ਼ਲੇਸ਼ਣ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਗੰਮੀ ਬਾਣੀ ਦੇ ਸੰਪੂਰਨ, ਮੌਲਿਕ ਅਤੇ ਅੰਤਿਮ ਅਰਥਾਂ ਤੱਕ ਪੁੱਜਣਾ ਭਾਵੇਂ ਸੰਭਵ ਨਹੀਂ ਪ੍ਰੰਤੂ ਫਿਰ ਵੀ ਬਾਣੀਕਾਰਾਂ ਦੀ ਰਹੱਸਾਤਮਕ ਸਾਧਨਾ ਅਤੇ ਜੀਵਨ ਦਰਸ਼ਨ ਦੀ ਪਹਿਲੀ ਵਾਰ ਜੇ ਕੋਈ ਥਾਹ ਪਾ ਸਕਿਆ ਹੈ ਤਾਂ ਉਹ ਸਨ ਭਾਈ ਗੁਰਦਾਸ ਜੀ।ਅਜਿਹਾ ਵਿਚਾਰ ਗੁਰਬਾਣੀ ਵਿਆਖਿਆ ਦੇ ਵਿਸ਼ਲੇਸ਼ਣ ਤੋਂ ਸਪਸ਼ਟ ਹੋ ਕੇ ਸਾਹਮਣੇ ਆਇਆ ਹੈ ਕਿ ਗੁਰਬਾਣੀ ਦੀ ਵਿਆਖਿਆ ਕਿਸੇ ਨਾ ਕਿਸੇ ਵਿਸ਼ੇਸ਼ ਬਾਹਰੀ ਪ੍ਰਭਾਵ ਜਾਂ ਉਲਾਰ ਵਿੱਚੋਂ ਹੀ ਹੋਈ ਹੈ।ਜਿਵੇਂ ਉਦਾਸੀ ਪ੍ਰਣਾਲੀ ਉੱਤੇ ਸ਼ਾਸਤ੍ਰੀ ਵਿੱਦਿਆ ਦਾ ਪ੍ਰਭਾਵ ਦਿਖਾਈ ਦਿੰਦਾ ਹੈ, ਨਿਰਮਲਿਆਂ ਉੱਤੇ ਵੇਦਾਂਤ ਦਾ ਤੇ ਗਿਆਨੀ ਪ੍ਰਣਾਲੀ ਵੀ ਬਹੁ ਅਰਥੀ ਵਿਆਖਿਆ ਕਰਨ ਕਾਰਨ ਕੋਈ ਇੱਕ ਪ੍ਰਭਾਵ ਕਬੂਲਦੀ ਨਹੀਂ ਦਿਸਦੀ।ਕਾਲ-ਕ੍ਰਮ ਵਿੱਚ ਵਿਕਸਿਤ ਹੋਏ ਇਨ੍ਹਾਂ ਵਿਚਾਰ ਚੌਖਟਿਆਂ ਦਾ ਮੂਲ ਮਨੋਰਥ ਸ਼ਬਦਾਂ ਦੇ ਅੰਗ-ਨਿਖੇੜ ਵਿਧੀ ਨਾਲ ਅਰਥ ਨਿਰਧਾਰਤ ਕਰ ਕੇ ਗੁਰਬਾਣੀ ਨੂੰ ਕੇਵਲ ਸਰਲ ਕਰਕੇ ਸਮਝਾਉਣਾ ਹੀ ਰਿਹਾ ਹੈ ਨਾ ਕਿ ਅਨੁਭੂਤੀ ਦੇ ਆਧਾਰ ਉੱਤੇ ਕਿਸੇ ਨਵੀਂ ਅੰਦਰੂਨੀ ਚੇਤਨਾ ਦੁਆਰਾ ਅਰਥ ਉਜਾਗਰ ਕਰਨਾ।ਸਿੰਘ ਸਭਾ ਪ੍ਰਣਾਲੀ ਅਧੀਨ ਭਾਵੇਂ ਪੁਰਾਤਨ ਸਾਹਿਤ, ਜਿਵੇਂ ਪੁਰਾਤਨ

ਜਨਮਸਾਖੀ, ਭਾਈ ਬਾਲੇ ਵਾਲੀ ਜਨਮਸਾਖੀ, ਮਿਹਰਬਾਨ ਵਾਲੀ ਜਨਮਸਾਖੀ, ਮਹਿਮਾ ਪ੍ਰਕਾਸ਼ (ਕ੍ਰਿਤ ਸਰੂਪ ਦਾਸ ਭੱਲਾ), ਬੰਸਾਵਲੀਨਾਮਾ (ਕ੍ਰਿਤ ਕੇਸਰ ਸਿੰਘ ਛਿੱਬਰ) ਆਦਿ, ਨੂੰ ਖੰਘਾਲ ਕੇ ਨਵੇਂ ਸਾਹਿਤ ਜਿਵੇਂ ਗੁਰਬਿਲਾਸ ਪਾਤਸ਼ਾਹੀ ਛੇਵੀਂ (ਕ੍ਰਿਤ ਸੋਹਣ ਸਿੰਘ), ਗੁਰਬਿਲਾਸ ਪਾਤਸ਼ਾਹੀ ਦਸਵੀਂ (ਕ੍ਰਿਤ ਕੋਇਰ ਸਿੰਘ), ਗੁਰਬਿਲਾਸ ਪਾਤਸ਼ਾਹੀ ਦਸਵੀਂ (ਕ੍ਰਿਤ ਸੁੱਖਾ ਸਿੰਘ), ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ (ਕ੍ਰਿਤ ਭਾਈ ਸੰਤੋਖ ਸਿੰਘ), ਪ੍ਰਾਚੀਨ ਪੰਥ ਪ੍ਰਕਾਸ਼ (ਕ੍ਰਿਤ ਭਾਈ ਰਤਨ ਸਿੰਘ ਭੰਗੂ), ਤਵਾਰੀਖ ਗੁਰੂ ਖਾਲਸਾ (ਕ੍ਰਿਤ ਗਿਆਨੀ ਗਿਆਨ ਸਿੰਘ) ਆਦਿ ਦੀ ਰਚਨਾ ਕੀਤੀ ਗਈ ਤੇ ਇਸ ਅਧਿਐਨ ਦੇ ਆਧਾਰ ਉੱਤੇ ਗੁਰਬਾਣੀ ਦੀ ਵਿਆਖਿਆ ਕੀਤੀ ਜਾਣ ਲੱਗੀ ਪ੍ਰੰਤੂ ਇਹ ਵਿਆਖਿਆ ਵੀ ਇਤਿਹਾਸਕ ਤੱਥਾਂ ਦੇ ਘੇਰੇ ਤੋਂ ਬਾਹਰ ਦ੍ਰਿਸ਼ਟੀਗੋਚਰ ਨਹੀਂ ਹੋਈ। ਵਿਆਕਰਣਕ ਜਾਂ ਭਾਸ਼ਾਈ ਸੇਧਾਂ ਲੈ ਕੇ ਕੀਤੀ ਗਈ ਆਧੁਨਿਕ ਪ੍ਰਣਾਲੀ ਦੀ ਗੁਰਬਾਣੀ ਵਿਆਖਿਆ ਨੇ ਭਾਵੇਂ ਗੁਰਬਾਣੀ ਦੀਆਂ ਅੰਦਰੂਨੀ ਗੁੰਝਲਾਂ ਨੂੰ ਖੋਲ੍ਹਣ ਦਾ ਇੱਕ ਵਿਗਿਆਨਕ ਨਜ਼ਰੀਆ ਪੇਸ਼ ਕੀਤਾ ਪ੍ਰੰਤੂ ਡਾ. ਰਤਨ ਸਿੰਘ ਜੱਗੀ ਅਨੁਸਾਰ

> ਗੁਰੂ ਗ੍ਰੰਥ ਸਾਹਿਬ ਸੰਬੰਧੀ ਉਪਲਬਧ ਸਾਹਿਤ ਦਾ ਗੰਭੀਰਤਾ ਪੂਰਵਕ ਅਧਿਐਨ ਕਰੀਏ ਤਾਂ ਪ੍ਰਤੀਤ ਹੁੰਦਾ ਹੈ ਕਿ ਅਜੇ ਤੱਕ ਇਸ ਗ੍ਰੰਥ ਦਾ ਨਾ ਸ਼ੁੱਧ ਦਾਰਸ਼ਨਿਕ ਦ੍ਰਿਸ਼ਟੀ ਤੋਂ ਅਤੇ ਨਾ ਹੀ ਸ਼ੁੱਧ ਧਾਰਮਕ ਦ੍ਰਿਸ਼ਟੀ ਤੋਂ ਕੋਈ ਵਿਵਸਥਿਤ ਅਧਿਐਨ ਹੋਇਆ ਹੈ। ਅਜਿਹਾ ਵੱਖਰਾ ਵੱਖਰਾ ਅਧਿਐਨ ਹੋਣਾ ਸੰਭਵ ਵੀ ਨਹੀਂ ਕਿਉਂਕਿ ਗੁਰੂ ਗ੍ਰੰਥ ਸਾਹਿਬ ਨਾ ਦਾਰਸ਼ਨਿਕ ਸਿਧਾਂਤਾਂ ਦਾ ਸੰਗ੍ਰਹਿ ਹੈ ਅਤੇ ਨਾ ਹੀ ਇਸ ਵਿੱਚ ਕੇਵਲ ਧਰਮ ਸੰਬੰਧੀ ਹੀ ਪ੍ਰਵਚਨ ਸੰਕਲਿਤ ਹਨ। ਇੱਥੇ ਜਿਸ ਦਾਰਸ਼ਨਿਕ ਚਿੰਤਨ ਨੂੰ ਪ੍ਰਸਤੁਤ ਕੀਤਾ ਗਿਆ ਹੈ ਉਸ ਦਾ ਆਧਾਰ ਸ਼ਾਸਤ੍ਰ ਨਹੀਂ, ਅਨੁਭੂਤੀ ਹੈ। ਇਸ ਵਾਸਤੇ ਇਸ ਵਿੱਚ ਸ਼ੁੱਧ ਦਰਸ਼ਨ ਨਹੀਂ ਸਗੋਂ ਜੀਵਨ ਦਰਸ਼ਨ ਹੈ ਅਤੇ ਜੀਵਨ ਦਰਸ਼ਨ ਦਾ ਆਧਾਰ ਅਨੁਭੂਤੀ ਹੈ ਜੋ ਧਰਮ ਸਾਧਨਾ ਦਾ ਪ੍ਰਤਿਫਲ ਹੈ।[1]

ਵੀਹਵੀਂ ਸਦੀ ਦੇ ਦੂਜੇ ਅੱਧ ਵਿੱਚ ਰਹੱਸਾਤਮਕ ਅਨੁਭਵ, ਵਿਗਿਆਨਕ ਤਰਕਸ਼ੀਲਤਾ ਅਤੇ ਸਮੁੱਚੇ ਵਿਆਖਿਆ ਸਾਹਿਤ ਦੇ ਸਰਬਾਂਗੀ ਅਧਿਐਨ ਦੇ ਸਮਨਵੈ ਵਿੱਚੋਂ ਜਨਮੀ ਇੱਕ ਨਵੀਂ ਕਿਸਮ ਦੀ ਵਿਆਖਿਆ, ਜੋ ਕਿ ਗਿਆਨੀ ਸੰਤ ਸਿੰਘ ਮਸਕੀਨ ਜੀ ਨੇ ਕੀਤੀ ਹੈ ਜਿਸ ਨੂੰ ਨਾ ਕੇਵਲ ਸਮੁੱਚੇ ਅਨੁਭਵੀ ਸਿੱਖ ਜਗਤ ਨੇ ਪ੍ਰਵਾਨਿਆ ਹੈ ਸਗੋਂ ਸਿੱਖ ਪੰਥ ਦੀ ਸਰਵ ਉੱਚ ਨਿਰਣਾਇਕ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਨੇ ਭਾਈ ਗੁਰਦਾਸ ਤੋਂ ਬਾਅਦ ਉਨ੍ਹਾਂ ਦੇ ਨਾਮ ਦੇ ਐਵਾਰਡ ਨਾਲ ਨਿਵਾਜਿਆ ਵੀ ਹੈ। ਗਿਆਨੀ ਸੰਤ ਸਿੰਘ ਮਸਕੀਨ ਜੀ ਦੀ ਗੁਰਬਾਣੀ-ਵਿਆਖਿਆ ਦਾ ਅਧਿਐਨ ਕਲਾਤਮਕ ਦ੍ਰਿਸ਼ਟੀਕੋਣ ਤੋਂ ਕਰਨ ਲਈ ਅਸੀਂ ਇੱਥੇ ਨਿਮਨਲਿਖਿਤ ਤਿੰਨ ਆਧਾਰ ਨਿਸ਼ਚਿਤ ਕੀਤੇ ਹਨ:

- ਗੁਰਬਾਣੀ ਵਿਆਖਿਆਕਾਰੀ ਦਾ ਅਧਿਆਤਮਕ ਅਤੇ ਦਾਰਸ਼ਨਿਕ ਪੱਖ
- ਗੁਰਬਾਣੀ ਵਿਆਖਿਆਕਾਰੀ ਦਾ ਸਮਾਜ-ਸੱਭਿਆਚਾਰਕ ਪੱਖ
- ਗੁਰਬਾਣੀ ਵਿਆਖਿਆਕਾਰੀ ਦਾ ਸਾਧਨਾਤਮਕ ਪੱਖ

### 6.1.1 ਗੁਰਬਾਣੀ ਵਿਆਖਿਆਕਾਰੀ ਦਾ ਅਧਿਆਤਮਕ ਅਤੇ ਦਾਰਸ਼ਨਿਕ ਪੱਖ:

ਅਦ੍ਰਿਸ਼ਟ ਸੱਤਾ ਅਤੇ ਪਰਮ-ਆਤਮਾ ਵਿੱਚ ਵਿਸ਼ਵਾਸ ਕਰਨਾ ਜਿੱਥੇ ਅਧਿਆਤਮਵਾਦ ਅਖਵਾਉਂਦਾ ਹੈ ਉੱਥੇ ਮਨੁੱਖੀ ਬੁੱਧੀ ਰਾਹੀਂ ਪਰਾਭੌਤਿਕ ਗਿਆਨ ਨੂੰ ਸਮਝਣ ਦੇ ਅਧਿਐਨ ਨੂੰ ਦਾਰਸ਼ਨਿਕ ਚਿੰਤਨ ਕਿਹਾ ਜਾਂਦਾ ਹੈ। ਸਿੱਖ ਅਧਿਆਤਮਕਤਾ ਸਿੱਖ ਦਰਸ਼ਨ ਦਾ ਅਨਿੱਖੜ ਤੇ ਪ੍ਰਮੁੱਖ ਅੰਗ ਹੈ। ਸੰਤ ਸਿੰਘ ਮਸਕੀਨ ਜੀ ਨੇ ਆਪਣੀਆਂ ਪੁਸਤਕਾਂ ਗੁਰੂ-ਚਿੰਤਨ, ਗੁਰੂ-ਜੋਤੀ, ਪਰਮ ਪ੍ਰਕਾਸ਼, ਚੌਥਾ ਪਦ, ਜੀਵਨ ਦੀ ਅਸਲੀਅਤ, ਬ੍ਰਹਮ ਗਿਆਨ, ਪੰਜ ਤੱਤ, ਪੂਰਨ ਮਨੁੱਖ, ਗਿਆਨ ਦਾ ਸਾਗਰ, ਮਨੁੱਖ ਦੀ ਕਥਾ, ਮੇਰੇ ਚੋਣਵੇਂ ਲੈਕਚਰ ਆਦਿ ਵਿੱਚ ਦਾਰਸ਼ਨਿਕ ਖੋਜਾਂ ਸੰਬੰਧੀ ਆਪਣੇ ਅਨੁਭਵੀ ਵਿਚਾਰ ਪੇਸ਼ ਕੀਤੇ ਹਨ। ਸਿੱਖ ਧਰਮ ਚਿੰਤਨ ਵਿਚਲੇ ਅਧਿਆਤਮਕ ਅਥਵਾ ਦਾਰਸ਼ਨਿਕ ਖੇਤਰ ਦੇ ਪ੍ਰਮੁੱਖ ਸੰਕਲਪਾਂ ਜਿਵੇਂ ਕਿ ਪਰਮਸਤਿ, ਸ੍ਰਿਸ਼ਟੀ, ਜੀਵ, ਮਾਇਆ ਅਤੇ ਮੁਕਤੀ ਆਦਿ ਬਾਰੇ ਗਿਆਨੀ ਸੰਤ ਸਿੰਘ ਮਸਕੀਨ ਜੀ ਦੀ ਵਿਆਖਿਆ ਸ਼ੈਲੀ ਸੰਬੰਧੀ ਕੁਝ ਨਮੂਨੇ ਇੱਥੇ ਪੇਸ਼ ਕੀਤੇ ਜਾਂਦੇ ਹਨ:

### 6.1.1.1 **ਪਰਮਸਤਿ:**

ਗਿਆਨੀ ਸੰਤ ਸਿੰਘ ਮਸਕੀਨ ਜੀ ਨੇ ਅੰਤਿਮ ਸੱਚ ਪ੍ਰਤੀ ਨਿਰਣੇ ਪਰੰਪਰਾ ਵਿੱਚੋਂ ਨਹੀਂ ਇਕੱਤਰ ਕੀਤੇ ਸਗੋਂ ਗੁਰਬਾਣੀ ਵਿਚਾਰਧਾਰਾ ਨੂੰ ਸਮਝ ਕੇ ਇਸ ਦੀਆਂ ਡੂੰਘੀਆਂ ਰਮਜ਼ਾਂ ਨਾਲ ਇਕਸੁਰ ਹੋ ਕੇ ਆਪਣੀਆਂ ਮੌਲਿਕ ਧਾਰਨਾਵਾਂ ਸਪਸ਼ਟ ਕੀਤੀਆਂ ਹਨ।ਪ੍ਰਮਾਤਮਾ ਸੰਬੰਧੀ ਉਨ੍ਹਾਂ ਕਿਹਾ ਹੈ ਕਿ ਪ੍ਰਮਾਤਮਾ ਇੱਕ ਸ਼ਕਤੀ ਹੈ, ਨੂਰ ਹੈ ਜਿਸ ਵਿੱਚੋਂ ਸਭ ਕੁਝ ਉਪਜਿਆ ਹੈ।ਉਹ ਸ਼ਬਦ ਨੂੰ ਵਿਆਖਿਆਕਾਰੀ ਦਾ ਮੂਲ ਆਧਾਰ ਮੰਨਦੇ ਹਨ ਅਤੇ ਸ਼ਬਦ-ਗੁਰੂ ਜੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਸਾਏ ਗਏ ਪ੍ਰਭੂ ਦੇ ਸਰੂਪ ਜਾਂ ਸੰਕਲਪ ਦੀ ਵਿਧੀਬੱਧ ਵਿਆਖਿਆ ਹੈ।ਇਸ ਸੰਬੰਧੀ ਉਹ ਗੁਰਬਾਣੀ ਵਿਆਖਿਆ ਦੁਆਰਾ ਇੰਝ ਸਪਸ਼ਟ ਕਰਦੇ ਹਨ:

> ਈਸ਼ਵਰ ਇੱਕ ਸ਼ਕਤੀ ਹੈ, ਉਹ ਸ਼ਕਤੀ ਪ੍ਰਕਾਸ਼ ਰੂਪ ਹੈ, ਉਹ ਸ਼ਕਤੀ ਸ਼ਬਦ ਰੂਪ ਹੈ, ਉਹ ਸ਼ਕਤੀ ਪਦਾਰਥ ਰੂਪ ਹੈ।ਪਦਾਰਥ ਕਰਕੇ ਉਹ ਸੰਸਾਰ ਹੈ, ਸ਼ਬਦ ਕਰਕੇ ਉਹ ਗੁਰੂ ਹੈ, ਪ੍ਰਕਾਸ਼ ਕਰਕੇ ਉਹ ਪ੍ਰਮਾਤਮਾ ਹੈ। ਅਲਗ ਨਹੀਂ ਹਨ, ਤਿੰਨੇ ਓਤਪੋਤ ਹਨ।ਪ੍ਰਕਾਸ਼ ਸ਼ਬਦ ਵਿੱਚ ਵਿਆਪਕ ਹੈ, ਸ਼ਬਦ ਸੰਸਾਰ ਵਿੱਚ ਵਿਆਪਕ ਹੈ।'ਭੁਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ॥'[2] ਹਰ ਘਟ ਵਿੱਚ ਵੱਜ ਰਿਹਾ ਹੈ, ਸ਼ਬਦ।ਅਗਰ ਪ੍ਰਕਾਸ਼ ਤੋਂ ਸ਼ਬਦ ਹੋਇਆ ਹੈ ਤੇ ਸ਼ਬਦ ਤੋਂ ਸੰਸਾਰ ਹੋਇਆ ਹੈ ਤਾਂ ਸੰਸਾਰ ਵਿੱਚ ਸ਼ਬਦ ਤੇ ਪ੍ਰਕਾਸ਼ ਦੋਨੋਂ ਹਨ।ਇਹ ਦੋਨੋਂ ਇੱਕਮਿਕ ਨੇ।[3]

### 6.1.1.2 **ਜਗਤ ਅਥਵਾ ਸ੍ਰਿਸ਼ਟੀ:**

ਬ੍ਰਹਿਮੰਡ ਦੀ ਰਚਨਾ ਸੰਬੰਧੀ ਜਿੱਥੇ ਗਿਆਨੀ ਸੰਤ ਸਿੰਘ ਮਸਕੀਨ ਜੀ ਨੇ ਗੁਰਬਾਣੀ ਦੇ ਨਾਲ ਨਾਲ ਵੈਦਿਕ, ਬੁੱਧ, ਜੈਨ, ਯਹੂਦੀ, ਪਾਰਸੀ, ਈਸਾਈ, ਇਸਲਾਮ ਆਦਿ ਧਰਮਾਂ ਦੇ ਬਾਰੇ ਤੁਲਨਾਤਮਕ ਰੂਪ ਵਿੱਚ ਵਿਗਿਆਨਕ ਸੱਚਾਈਆਂ ਦੇ ਆਧਾਰ ਉੱਤੇ ਵਿਚਾਰ ਰੱਖੇ ਹਨ ਉੱਥੇ ਜਗਤ ਵਿੱਚ ਜੀਵਾਤਮਾ ਦੀ ਬਾਹਰੀ ਅਤੇ ਅੰਦਰੂਨੀ ਯਾਤਰਾ ਸੰਬੰਧੀ ਉਹ ਆਪਣੇ

ਦਾਰਸ਼ਨਿਕ ਲੈਕਚਰਾਂ ਦੀ ਪੁਸਤਕ 'ਗਿਆਨ ਦਾ ਸਾਗਰ' ਵਿੱਚ ਵੀ ਇਉਂ ਵਿਆਖਿਆ ਕਰਦੇ ਹਨ:

> ਭਾਰਤ ਦਾ ਚਿੰਤਨ ਇਹੀ ਹੈ ਕਿ ਜ਼ਮੀਨ ਸੂਰਜ ਦਾ ਹਿੱਸਾ ਹੈ।ਅਰਬਾਂ ਖਰਬਾਂ ਸੂਰਜ ਜੋ ਪ੍ਰਮਾਤਮਾ ਤੋਂ ਬਣੇ, ਤੇ ਕਈ ਕਈ ਟੁਕੜਿਆਂ ਵਿੱਚ ਟੁੱਟ ਗਏ, ਉਨ੍ਹਾਂ ਟੁਕੜਿਆਂ ਵਿੱਚੋਂ ਇੱਕ ਟੁਕੜਾ ਧਰਤੀ ਸੀ, ਅੱਗ ਦਾ ਗੋਲਾ ਸੀ, ਸਹਿਜੇ ਸਹਿਜੇ ਠੰਡੀ ਹੋਈ ਤੇ ਪੱਥਰ ਬਣੀ।ਬਹੁਤ ਸਮੇਂ ਤੱਕ ਅਸੀਂ ਵੀ ਪੱਥਰ ਰਹੇ।ਸਮਾਂ ਪਾ ਕੇ ਹਜ਼ਾਰਾਂ ਲੱਖਾਂ ਸਾਲਾਂ ਦੀ ਯਾਤਰਾ ਤੋਂ ਬਾਅਦ ਪੱਥਰ ਮਿੱਟੀ ਬਣੇ, ਪੱਥਰ ਦੀ ਮੰਜ਼ਿਲ ਹੈ ਮਿੱਟੀ ਹੋਣਾ।ਫਿਰ ਮਿੱਟੀ ਯਾਤਰਾ ਵਿੱਚ ਹੈ, ਹਜ਼ਾਰਾਂ ਲੱਖਾਂ ਸਾਲਾਂ ਦੀ ਯਾਤਰਾ ਤੋਂ ਬਾਅਦ ਮਿੱਟੀ ਬਨਸਪਤੀ ਬਣੀ।ਇਸੇ ਤਰ੍ਹਾਂ ਹਜ਼ਾਰਾਂ ਲੱਖਾਂ ਸਾਲਾਂ ਦੀ ਯਾਤਰਾ ਤੋਂ ਬਾਅਦ ਬਨਸਪਤੀ ਕੀੜੇ, ਮਕੌੜੇ, ਪਸ਼ੂ, ਪੰਛੀ ਬਣੇ ਤੇ ਚਲਦਾ ਫਿਰਦਾ ਜੀਵਨ ਬਣ ਗਿਆ।'ਕਈ ਜਨਮ ਭਏ ਕੀਟ ਪਤੰਗਾ॥ਕਈ ਜਨਮ ਗਜ ਮੀਨ ਕੁਰੰਗਾ॥' ਇਸ ਪਸ਼ੂ ਜਗਤ ਨੂੰ ਲੱਖਾਂ ਸਾਲ ਲੱਗ ਗਏ ਮਨੁੱਖ ਹੋਣ ਵਿੱਚ।ਮਨੁੱਖ ਵੀ ਸਫਰ ਵਿੱਚ ਹੈ।ਮਨੁੱਖ ਦਾ ਪ੍ਰਮਾਤਮਾ ਹੋ ਜਾਣਾ ਬਸ ਮੰਜ਼ਿਲ ਹੈ।ਜੇ ਮਨੋਵਿਗਿਆਨਕ ਦ੍ਰਿਸ਼ਟੀਕੋਣ ਲਈਏ ਤਾਂ ਮਨੁੱਖ ਨੇ ਪੱਥਰ ਨੂੰ ਭਗਵਾਨ ਮੰਨ ਲਿਆ ਹੈ।ਮੂਲ ਪੱਥਰ ਹੈ।ਮਜਬੂਰੀ ਹੈ ਯਾਤਰਾ ਤਾਂ ਇੱਥੋਂ ਹੀ ਆਰੰਭ ਹੋਈ ਸੀ।ਯਾਤਰਾ ਵਿੱਚ ਹੈ ਮਨੁੱਖ।ਪ੍ਰਮਾਤਮਾ ਨੂੰ ਪਾਉਣਾ ਹੈ, ਇਹ ਹੀ ਮੰਜ਼ਿਲ ਹੈ ਮਨੁੱਖ ਦੀ।ਮਨੁੱਖ ਗ਼ਰਕ ਹੋ ਜਾਂਦਾ ਹੈ ਇੱਛਾਵਾਂ ਕਰਕੇ।ਸਾਹਿਬ ਕਹਿੰਦੇ ਹਨ ਉਸ ਪਰੀਪੂਰਨ ਪ੍ਰਮਾਤਮਾ ਨੇ ਸਮਝ ਦਿੱਤੀ ਹੈ ਤੇ ਉਸ ਦਾ ਜਿਹੜਾ ਜਪ ਹੈ ਇਹੀ ਬੇੜੀ ਹੈ।'ਜਨ ਨਾਨਕ ਕਉ ਗੁਰਿ ਇਹ ਮਤਿ ਦੀਨੀ ਜਪਿ ਹਰਿ ਭਵਜਲੁ ਤਰਨਾ॥[4]

### 6.1.1.3 **ਜੀਵ ਆਤਮਾ:**

ਗਿਆਨੀ ਸੰਤ ਸਿੰਘ ਮਸਕੀਨ ਜੀ ਦੀ ਵਿਆਖਿਆਕਾਰੀ ਵਿੱਚ ਜਿੱਥੇ ਪਰਿਪੂਰਨ ਪਰਮਾਤਮਾ ਦਾ ਜ਼ਿਕਰ ਮਿਲਦਾ ਹੈ ਉੱਥੇ ਉਸ ਦੀ ਭਗਤੀ, ਦਿਆਲਤਾ, ਸ਼ਰਨ, ਮਿਹਰ-ਜਾਚਨਾ, ਕ੍ਰਿਪਾਲਤਾ, ਤੜਪ ਅਤੇ ਉਸ ਦੀ ਪ੍ਰਾਪਤੀ ਦੀ ਚਾਹਵਾਨ ਜੀਵ ਆਤਮਾ ਸੰਬੰਧੀ ਵੀ ਉਨ੍ਹਾਂ ਨੇ ਪੁਖ਼ਤਾ ਆਧਾਰ ਪੇਸ਼ ਕੀਤੇ ਹਨ।ਪ੍ਰਮਾਣ ਸਰੂਪ "ਤੂ ਦਰਿਆਉ ਦਾਨਾ ਬੀਨਾ ਮੈ ਮਛੁਲੀ ਕੈਸੇ ਅੰਤੁ ਲਹਾ॥" ਗੁਰਵਾਕ ਦੀ ਵਿਆਖਿਆ ਕਰਦੇ ਹੋਏ ਉਹ ਕਹਿੰਦੇ ਹਨ:

> ਮਛਲੀ ਸਾਗਰ ਵਿੱਚ ਜੀਅ ਸਕਦੀ ਹੈ।ਸਾਰੇ ਸਾਗਰ ਵਿੱਚ ਆਨੰਦ ਲੈ ਸਕਦੀ ਹੈ, ਰਸ ਲੈ ਸਕਦੀ ਹੈ, ਜੀਵਨ ਲੈ ਸਕਦੀ ਹੈ।ਹੁਣ ਤੋਲੇ ਸਾਗਰ ਨੂੰ, ਨਾਪੇ ਸਾਗਰ ਨੂੰ, ਨਹੀਂ, ਇਹ ਉਸ ਦੀ ਸਮਝ ਤੋਂ ਪਰ੍ਹੇ ਹੈ।ਉਹ ਸਮਾਂ ਸੁਹਾਵਣਾ ਹੈ ਜਦੋਂ ਅਜਿਹੇ ਪ੍ਰਮਾਤਮਾ ਵਿੱਚ ਜੀਵਣਾ ਨਸੀਬ ਹੋ ਜਾਂਦਾ ਹੈ।ਉਹੀ ਸਮਾਂ ਸੁੰਦਰ ਹੈ ਜਦੋਂ ਉਸ ਦੇ ਵਿੱਚ ਲੀਨ ਹੋ ਜਾਈਏ।ਜੇਕਰ ਬੂੰਦ ਸਾਗਰ ਵਿੱਚ ਲੀਨ ਹੋ ਗਈ ਹੈ ਤਾਂ ਸਾਗਰ ਦਾ ਕੀ ਅੰਤ ਪਾਵੇਗੀ।ਇੱਕ ਮੌਕਾ ਦਿੱਤਾ ਹੈ ਜੀਵ ਨੂੰ ਪ੍ਰਮਾਤਮਾ ਨੇ, ਤੂੰ ਪ੍ਰਮਾਤਮਾ ਹੋ ਕੇ ਜੀਅ ਸਕਦਾ ਹੈਂ, ਪ੍ਰਮਾਤਮਾ ਨੂੰ ਸਮਝ ਨਹੀਂ ਸਕਦਾ।[5]

### 6.1.1.4 **ਮਾਇਆ:**

ਮਾਇਆ ਨੂੰ ਸਿੱਖ ਦਾਰਸ਼ਨਿਕਤਾ ਨੇ ਜੀਵ ਨੂੰ ਭਰਮਾਉਣ ਵਾਲੀ ਬ੍ਰਹਮ ਦੀ ਦਾਸੀ ਕਿਹਾ ਹੈ।ਮਸਕੀਨ ਜੀ ਬਾਣੀ ਦਾ ਹਵਾਲਾ ਦਿੰਦੇ ਹੋਏ ਉਸ ਬਾਰੇ ਇੰਝ ਸਪਸ਼ਟਤਾ ਨਾਲ ਸਮਝਾਉਂਦੇ ਹਨ:

> ਜਗਤ ਦੇ ਵਿਕਾਰਾਂ ਵਿੱਚ ਰਸ ਤਾਂ ਬੜਾ ਹੈ।ਮਿਠਾਸ ਤਾਂ ਬੜੀ ਹੈ ਪਰ ਜ਼ਹਿਰੀਲੇ ਹਨ।ਅਧਿਆਤਮਕ ਮੌਤ ਹੋ ਜਾਂਦੀ ਹੈ।ਰੱਬੀ ਗੁਣ ਮਰ ਜਾਂਦੇ ਹਨ।...ਇੱਕ ਤੇ ਮੋਹਨ ਹੈ, ਤੇ ਇੱਕ ਮੋਹਣੀ ਹੈ।ਇੱਕ ਪ੍ਰਮਾਤਮਾ ਹੈ, ਇੱਕ ਮਾਇਆ ਹੈ।ਇਹਨੂੰ ਗੁਰੂ ਨਾਨਕ ਦੇਵ ਜੀ ਇੰਝ ਕਹਿੰਦੇ ਨੇ - ਇੱਕ

> ਸ਼ਾਹ ਹੈ, ਇੱਕ ਸ਼ਾਹਣੀ ਹੈ।ਪ੍ਰਮਾਤਮਾ ਸ਼ਾਹ ਹੈ, ਮਾਇਆ ਸ਼ਾਹਣੀ ਹੈ।'ਸਾਹਨਿ ਸਤੁ ਕਰੈ ਜੀਅ ਅਪਨੈ॥'[6] ਜਿਹੜੇ ਆਪਣੇ ਜੀਅ ਵਿੱਚ ਸ਼ਾਹਣੀ ਨੂੰ ਸਤ ਕਰਕੇ ਮੰਨਦੇ ਹਨ ਕਿ ਬਸ ਜੋ ਕੁਝ ਹੈ ਸ਼ਾਹਣੀ ਹੈ, ਸ਼ਾਹ ਕੁਝ ਵੀ ਨਹੀਂ।ਸਾਹਨਿ ਸਤੁ ਕਰੈ - ਮਿਲਣਾ ਤਾਂ ਸਤ ਨੂੰ ਸੀ, ਸ਼ਾਹ ਨੂੰ ਸੀ। ਹੁਣ ਸ਼ਾਹਣੀ ਸ਼ਾਹ ਬਣੀ ਹੋਈ ਹੈ।ਪ੍ਰਭੂ ਦਾ ਆਧਾਰ ਪਕੜ ਕੇ ਜਪ ਕੀਤਿਆਂ ਇੱਕ ਦਿਨ ਸ਼ਾਹਣੀ ਮੋਂਹਦੀ ਨਹੀਂ।ਫਿਰ ਇਹ ਸ਼ਾਹਣੀ ਉਸ ਦੀ ਸੇਵਾਦਾਰ ਬਣ ਕੇ ਸ਼ਾਹ ਤੱਕ ਪਹੁੰਚਾ ਦਿੰਦੀ ਹੈ।[7]

### 6.1.1.5 ਮੁਕਤੀ:

ਭਾਰਤੀ ਅਧਿਆਤਮਵਾਦ ਅਤੇ ਦਾਰਸ਼ਨਿਕਤਾ ਦਾ ਅੰਤਿਮ ਉਦੇਸ਼ ਮੁਕਤੀ ਪ੍ਰਾਪਤ ਕਰਨਾ ਹੈ ਪਰ ਸਿੱਖ ਧਰਮ ਤਾਂ ਜੀਵਨ-ਮੁਕਤੀ ਦੀ ਗੱਲ ਕਰਦਾ ਹੈ, ਇਸ ਸੰਬੰਧੀ ਗਿਆਨੀ ਸੰਤ ਸਿੰਘ ਮਸਕੀਨ ਜੀ ਆਪਣੇ ਅਨੁਭਵੀ ਵਿਚਾਰ ਦਿੰਦੇ ਹੋਏ ਆਖਦੇ ਹਨ:

> ਧਰਮ ਦੀ ਸਾਰੀ ਸਾਧਨਾ ਮਨ ਨੂੰ ਮਾਰਨ ਤੇ ਖੜੀ ਹੈ।ਮਨ ਇੱਕ ਫੁਰਨਿਆਂ ਦਾ, ਵਿਚਾਰਾਂ ਦਾ ਪ੍ਰਵਾਹ ਹੈ।ਸਰੀਰ ਵਿੱਚ ਸੁਆਸ ਚਲਦੇ ਰਹਿਣ ਤਾਂ ਸਰੀਰ ਜਿੰਦਾ ਰਹਿੰਦਾ ਹੈ, ਵਿਚਾਰ ਚਲਦੇ ਰਹਿਣ ਤਾਂ ਮਨ ਜਿੰਦਾ ਰਹਿੰਦਾ ਹੈ।ਸੁਆਸਾਂ ਦਾ ਪ੍ਰਵਾਹ ਜਾਰੀ ਰਹੇ ਪਰ ਵਿਚਾਰਾਂ ਦਾ ਪ੍ਰਵਾਹ ਟੁੱਟ ਜਾਵੇ, ਐਸਾ ਮਨੁੱਖ ਜੀਵਨ-ਮੁਕਤ ਹੈ।ਫਿਰ ਦੁਬਾਰਾ ਜਨਮ ਨਹੀਂ ਹੁੰਦਾ ਪਰ ਸੁਆਸਾਂ ਦਾ ਪ੍ਰਵਾਹ ਟੁੱਟ ਜਾਵੇ ਤੇ ਵਿਚਾਰਾਂ ਦਾ ਪ੍ਰਵਾਹ ਟੁੱਟੇ ਨਾ, ਤਾਂ ਜਨਮ ਦੁਬਾਰਾ ਹੁੰਦਾ ਹੈ।ਸਰੀਰ ਦੇ ਅੰਤ ਤੋਂ ਪਹਿਲਾਂ ਜੇ ਮਨ ਦਾ ਅੰਤ ਨਾ ਹੋਇਆ ਤਾਂ ਜੀਵਨ ਦੀ ਬਾਜ਼ੀ ਮਨੁੱਖ ਹਾਰ ਜਾਂਦਾ ਹੈ ਤੇ ਅੱਗੇ ਖਾਲੀ ਹੱਥ ਜਾਣਾ ਪੈਂਦਾ ਹੈ।ਮਨ ਸ਼ਬਦ-ਗੁਰੂ ਅੱਗੇ ਭੇਟਾ ਕਰਕੇ ਜੇ ਸੁਰਤਿ ਨੂੰ ਸ਼ਬਦ ਦੀ ਵੀਚਾਰ ਵਿੱਚ ਜੋੜੀਏ ਤਾਂ ਮਨ ਵਿੱਚੋਂ ਆਪਣੇ

> ਫੁਰਨਿਆਂ ਦਾ, ਵਿਚਾਰਾਂ ਦਾ ਅੰਤ ਹੋ ਜਾਂਦਾ ਹੈ।ਮਨ ਦਾ ਤਲ ਉਸ ਦਾ ਮ੍ਰਿਤਕ ਹੋ ਜਾਂਦਾ ਹੈ। 'ਜੀਵਤ ਮਰੈ ਮਰੈ ਫੁਨਿ ਜੀਵੈ ਐਸੇ ਸੁੰਨਿ ਸਮਾਇਆ॥ਅੰਜਨ ਮਾਹਿ ਨਿਰੰਜਨਿ ਰਹੀਐ ਬਹੁੜਿ ਨ ਭਵਜਲਿ ਪਾਇਆ॥ [8]

ਇਸ ਪ੍ਰਕਾਰ ਗਿਆਨੀ ਸੰਤ ਸਿੰਘ ਮਸਕੀਨ ਜੀ ਦੇ ਗੁਰਬਾਣੀ ਸੰਬੰਧੀ ਅਧਿਆਤਮਕ ਅਥਵਾ ਦਾਰਸ਼ਨਿਕ ਵਿਚਾਰਾਂ ਤੋਂ ਜਾਣੂੰ ਹੋ ਕੇ ਇਹ ਨਿਸ਼ਚੇ ਨਾਲ ਕਿਹਾ ਜਾ ਸਕਦਾ ਹੈ ਕਿ ਭਾਵੇਂ ਹੁਣ ਤੱਕ ਗੁਰਬਾਣੀ ਵਿਆਖਿਆ ਦੇ ਇਸ ਖੇਤਰ ਵਿੱਚ ਬਹੁਤ ਯਤਨ ਹੋ ਚੁੱਕੇ ਹਨ ਪ੍ਰੰਤੂ ਸੰਤ ਸਿੰਘ ਮਸਕੀਨ ਜੀ ਨੇ ਬਾਣੀ ਵਿੱਚੋਂ ਹੀ ਅੰਤਰ ਦ੍ਰਿਸ਼ਟੀਆਂ ਲੈ ਕੇ ਆਪਣੇ ਅਨੁਭਵ ਦੇ ਆਧਾਰ ਤੇ ਆਪਣੇ ਵਿਚਾਰਾਂ ਦਾ ਜੋ ਆਤਮ ਮੰਥਨ ਕੀਤਾ ਹੈ ਤੇ ਫਲਸਰੂਪ ਉਨ੍ਹਾਂ ਨੂੰ ਪ੍ਰਗਟਾਉਣ ਤੇ ਸਮਝਾਉਣ ਸਮੇਂ ਜੋ ਅੰਮ੍ਰਿਤ ਰੂਪੀ ਨਿਚੋੜ ਪੇਸ਼ ਕੀਤੇ ਹਨ, ਉਹ ਵਿਲੱਖਣ ਅਤੇ ਉਤਕ੍ਰਿਸ਼ਟ ਹਨ।

### 6.1.2 ਗੁਰਬਾਣੀ ਵਿਆਖਿਆਕਾਰੀ ਦਾ ਸਮਾਜ-ਸੱਭਿਆਚਾਰਕ ਪੱਖ:

ਗਿਆਨੀ ਸੰਤ ਸਿੰਘ ਮਸਕੀਨ ਜੀ ਦੁਆਰਾ ਕੀਤੀ ਗਈ ਗੁਰਬਾਣੀ ਵਿਆਖਿਆ ਦਾ ਇੱਕ ਭਾਗ ਜੇਕਰ ਪਰਮ ਸਤਿ, ਮਨੁੱਖੀ ਗਿਆਨ ਅਤੇ ਸ਼ਬਦ-ਗੁਰੂ ਗਿਆਨ ਦਾ ਵਿਧੀਬੱਧ ਅਧਿਐਨ ਕਰਦਾ ਹੈ ਤਾਂ ਉਸ ਦੀ ਅਜਿਹੀ ਵਿਆਖਿਆ ਦਾ ਦੂਜਾ ਭਾਗ ਸਮਾਜਕ ਬਣਤਰ, ਰਾਜਨੀਤੀ, ਕਾਨੂੰਨ, ਮਨੁੱਖ ਦੇ ਨੈਤਿਕ ਵਿਹਾਰ ਅਤੇ ਕਲਾਤਮਕ ਸੁਹਜ ਆਦਿਕ ਵਿਸ਼ਿਆਂ ਉੱਤੇ ਵੀ ਵਿਚਾਰ ਪ੍ਰਗਟਾਉਂਦਾ ਹੈ ਜੋ ਮਨੁੱਖ ਨੂੰ ਗਿਆਨ ਇੰਦਰੀਆਂ ਤੇ ਕਰਮ ਇੰਦਰੀਆਂ ਦੇ ਨਾਲ-ਨਾਲ ਪੰਜਕੋਸ਼ੀ ਸਰੀਰ ਅਤੇ ਕੁੰਡਲਨੀ ਸ਼ਕਤੀਆਂ ਆਦਿ ਸੰਬੰਧੀ ਸੋਝੀ ਕਰਵਾ ਕੇ ਅਧਿਆਤਮਕ ਅਤੇ ਸੰਸਾਰਕ ਵਿਹਾਰ ਨਾਲ ਜੋੜਦਾ ਹੈ ਅਤੇ ਬਾਣੀਆਂ ਵਿੱਚ ਆਏ ਵਿਚਾਰਾਂ ਅਨੁਸਾਰ ਸਮਾਜ ਵਿੱਚ ਫੈਲੀਆਂ ਕੁਰੀਤੀਆਂ ਨੂੰ ਵੀ ਜੜ੍ਹੋਂ ਉਖੇੜਨ ਦੇ ਅਸੀਮ ਯਤਨ ਕਰਦਾ ਹੈ।ਉਨ੍ਹਾਂ ਦੀਆਂ ਪੁਸਤਕਾਂ 'ਪੰਚ ਪ੍ਰਵਾਨ', 'ਪੰਜ ਵਿਕਾਰ ਤੇ ਚਾਰ ਯੁੱਗ', 'ਰਤਨਾਗਰ (ਅੰਮ੍ਰਿਤ ਮੰਥਨ)', 'ਪੰਜ ਕਕਾਰਾਂ ਦਾ ਮਹੱਤਵ' ਅਤੇ 'ਮਸਕੀਨ ਜੀ ਦੇ ਲੈਕਚਰ', ਆਦਿ ਵਿੱਚ ਉਨ੍ਹਾਂ ਦੇ ਵਿਚਾਰ ਤੀਰਥ, ਕਰਾਮਾਤ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਹੰਕਾਰੀ, ਆਦਤ, ਸਿਮਰਨ ਨਾਲ ਸੁੱਖ, ਮਾਇਆ, ਧਰਮ ਤੇ ਧੰਦਾ ਆਦਿ ਬਾਰੇ ਮਨੁੱਖ ਨੂੰ ਸੇਧ ਪ੍ਰਦਾਨ ਕਰਦੇ ਹਨ।ਉਨ੍ਹਾਂ ਦੀ ਪੁਸਤਕ 'ਦੇਸ਼-ਵਿਦੇਸ਼ ਦੇ ਗੁਰਦਵਾਰਿਆਂ ਦਾ ਪ੍ਰਬੰਧਕੀ ਢਾਂਚਾ

ਅਤੇ ਪ੍ਰਚਾਰਕ ਸ਼ਰੇਣੀ' ਅਜੋਕੇ ਗੁਰਦੁਆਰਿਆਂ ਵਿੱਚ ਸੁਧਾਰ ਕਰਨ ਦੀ ਦ੍ਰਿਸ਼ਟੀ ਤੋਂ ਬਹੁਤ ਅਹਿਮ ਹੈ ਕਿਉਂਕਿ ਇਸ ਵਿੱਚ ਜਿੱਥੇ ਪਾਖੰਡ, ਜਾਤ-ਪਾਤ, ਪ੍ਰਚਾਰਕ ਸ਼ਰੇਣੀ, ਗ੍ਰੰਥੀ ਸ਼੍ਰੇਣੀ, ਸਾਧੂ, ਸੰਤ ਅਤੇ ਡੇਰੇਦਾਰ ਆਦਿ ਦੀ ਵਾਸਤਵਿਕਤਾ ਦੀ ਪੋਲ ਖੋਲ੍ਹੀ ਗਈ ਹੈ ਉੱਥੇ ਵਿਦੇਸ਼ੀ ਗੁਰਦੁਆਰਿਆਂ ਦੇ ਪ੍ਰਬੰਧਕੀ ਨਿਜ਼ਾਮ ਦੱਸ ਕੇ ਸੁਧਾਰ ਦੇ ਨੁਕਤੇ ਵੀ ਦਿੱਤੇ ਗਏ ਹਨ।ਸਿੱਖ ਧਰਮ ਚਿੰਤਨ ਵਿਚਲੇ ਸਮਾਜ-ਸੱਭਿਆਚਾਰਕ ਪੱਖ ਦੇ ਪ੍ਰਮੁੱਖ ਵਿਸ਼ਿਆਂ ਜਿਵੇਂ ਕਿ ਸਮਾਜਕ ਭਰਮ-ਭੁਲੇਖੇ, ਜੋਤਿ-ਜੁਗਤ ਦਾ ਵਿਗਿਆਨਕ ਆਧਾਰ, ਦੁੱਖ-ਸੁੱਖ, ਧਰਮ, ਕਲਾ ਅਤੇ ਵਿਗਿਆਨ ਆਦਿ ਬਾਰੇ ਸੰਤ ਸਿੰਘ ਮਸਕੀਨ ਜੀ ਦੇ ਕੁਝ ਵਿਚਾਰ ਇੱਥੇ ਅਸੀਂ ਪ੍ਰਮਾਣ ਵਜੋਂ ਲੈਂਦੇ ਹਾਂ:

### 6.1.2.1 **ਸਮਾਜਕ ਭਰਮ ਭੁਲੇਖੇ ਅਦਿ ਨੂੰ ਸਪਸ਼ਟ ਕਰਨਾ:**

ਗਿਆਨੀ ਸੰਤ ਸਿੰਘ ਮਸਕੀਨ ਜੀ ਦੁਆਰਾ ਕੀਤੀ ਗਈ ਗੁਰਬਾਣੀ ਵਿਆਖਿਆ ਵਿੱਚ ਗੁਰਮਤਿ ਸੰਕਲਪਾਂ ਅਨੁਸਾਰ ਕੇਵਲ ਸਮਾਜਕ ਕੁਰੀਤੀਆਂ, ਆਡੰਬਰਾਂ ਆਦਿ ਦੀ ਨਿਖੇਧੀ ਹੀ ਨਹੀਂ ਕੀਤੀ ਗਈ, ਸਗੋਂ ਮਨੁੱਖ ਨੂੰ ਸੁਚੱਜੇ ਜੀਵਨ ਜੀਊਣ ਦੇ ਢੰਗ ਲਈ ਉਸਾਰੂ ਸੇਧਾਂ ਵੀ ਦਿੱਤੀਆਂ ਗਈਆਂ ਹਨ। ਪ੍ਰਮਾਤਮਾ ਦੇ ਗਿਆਨ ਸੰਬੰਧੀ ਜੋ ਭਰਮ ਭੁਲੇਖੇ ਸਮਾਜ ਵਿੱਚ ਵਰਤ ਰਹੇ ਹਨ, ਉਸ ਸੰਬੰਧੀ ਉਹ ਆਪਣੇ ਵਿਚਾਰ ਪ੍ਰਗਟਾਉਂਦੇ ਹੋਏ ਆਖਦੇ ਹਨ:

> ਪਦਾਰਥ ਬਾਰੇ ਜਗਤ ਵਿੱਚ ਬਹੁਤਾ ਅਗਿਆਨ ਨਹੀਂ ਹੈ ਪਰ ਪ੍ਰਮਾਤਮਾ ਬਾਰੇ ਮਨੁੱਖੀ ਦੁਨੀਆ ਅਗਿਆਨ ਨਾਲ ਭਰੀ ਪਈ ਹੈ।ਲੰਬੇ ਸਮੇਂ ਤੋਂ ਪਦਾਰਥ ਨੂੰ ਪ੍ਰਮਾਤਮਾ ਜਾਣ ਕੇ ਪੂਜਿਆ ਜਾ ਰਿਹਾ ਹੈ।ਪਦਾਰਥ ਕ੍ਰਿਤ ਹੈ, ਪ੍ਰਮਾਤਮਾ ਅਕ੍ਰਿਤ ਹੈ।ਮਨੁੱਖ ਪਿੱਪਲ, ਜੰਡ, ਬੋਹੜ, ਗਊ, ਸੱਪ, ਕਬਰ, ਮੜ੍ਹੀ, ਮਜ਼ਾਰ, ਮਕਬਰੇ ਜਾਂ ਮੂਰਤੀ ਆਦਿਕ ਨੂੰ ਪ੍ਰਮਾਤਮਾ ਜਾਣ ਕੇ ਪੂਜਦਾ ਹੈ ਕਿਉਂਕਿ ਆਕਾਰ ਤੋਂ ਹੀ ਮਨੁੱਖੀ ਮਨ ਪ੍ਰਭਾਵਿਤ ਹੁੰਦਾ ਹੈ, ਪਰ ਪ੍ਰਮਾਤਮਾ ਤਾਂ ਮੂਲ ਰੂਪ ਵਿੱਚ ਨਿਰਾਕਾਰ ਹੈ।ਗੁਰਬਾਣੀ ਆਖਦੀ ਹੈ ਪ੍ਰਮਾਤਮਾ ਇੱਕ ਸ਼ਕਤੀ ਹੈ, ਵਿਅਕਤੀ ਨਹੀਂ, ਨਿਰਾਕਾਰ ਹੈ, ਆਕਾਰ ਨਹੀਂ।[9]

### 6.1.2.2 ਜੀਵਨ ਜਾਚ ਨੂੰ ਤਰਕਮਈ ਆਧਾਰ ਨਾਲ ਜੋੜਨਾ:

ਗਿਆਨੀ ਸੰਤ ਸਿੰਘ ਮਸਕੀਨ ਜੀ ਦਸ ਗੁਰੂ ਸਾਹਿਬਾਨ, ਕਬੀਰ, ਫਰੀਦ, ਨਾਮਦੇਵ, ਰਵੀਦਾਸ, ਸਧਨਾ ਜੀ ਆਦਿ ਭਗਤਾਂ ਦਾ ਜੀਵਨ-ਬਿਰਤਾਂਤ ਸੁਣਾਉਂਦੇ ਹੋਏ ਕੇਵਲ ਪਾਰੰਪਰਿਕ ਬਿਓਰਿਆਂ ਅਤੇ ਘਟਨਾਵਾਂ ਦਾ ਹੀ ਜ਼ਿਕਰ ਨਹੀਂ ਸਨ ਕਰਦੇ ਸਗੋਂ ਉਨ੍ਹਾਂ ਦੀ ਬਾਣੀ ਨੂੰ ਆਧਾਰ ਬਣਾਉਂਦੇ ਹੋਏ ਆਪਣੇ ਅਨੁਭਵ ਤੇ ਬੌਧਿਕਤਾ ਰਾਹੀਂ ਉਸ ਦੇ ਵਿਸ਼ਲੇਸ਼ਣ ਵਿੱਚ ਨਵਾਂ ਰੰਗ ਭਰਦੇ ਹੋਏ ਉਸ ਨੂੰ ਕਲਾਤਮਕ ਬਣਾਉਂਦੇ ਹਨ।ਆਪਣੀ ਪੁਸਤਕ ‘ਸੰਪੂਰਨ ਸਿੱਖੀ ਸਰੂਪ’ ਵਿੱਚ ਉਨ੍ਹਾਂ ਨੇ ਦਸਾਂ ਸਿੱਖ-ਗੁਰੂਆਂ ਦੀ ਜੀਵਨ-ਕਥਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਹਿਮਾ ਦਾ ਗੁਣਗਾਨ ਕੀਤਾ ਹੈ।ਉਹ ਗੁਰਬਾਣੀ ਦੇ ਸੰਕਲਪਾਂ ਨੂੰ ਹਮੇਸ਼ਾਂ ਵਿਗਿਆਨਕ ਅਤੇ ਤਰਕਮਈ ਢੰਗ ਨਾਲ ਸ੍ਰੋਤੇ ਦੀ ਸਮਝ ਵਿੱਚ ਪਾਉਣ ਦਾ ਯਤਨ ਕਰਦੇ ਹਨ।ਉਹ ਇਸ ਵਿੱਚ ਕਲਾਤਮਕਤਾ ਤੇ ਸੁਹਜ ਪੈਦਾ ਕਰਨ ਲਈ ਇਤਿਹਾਸ ਤੇ ਮਿਥਿਹਾਸ ਵਿੱਚੋਂ ਢੁਕਵੇਂ ਪ੍ਰਮਾਣ ਲੈ ਕੇ ਵਿਆਖਿਆ ਨੂੰ ਰੋਚਕ, ਉਤਸੁਕਤਾ ਭਰਪੂਰ, ਜੀਵਨਮਈ ਤੇ ਸੇਧਮਈ ਬਣਾਉਂਦੇ ਹਨ। ਪ੍ਰਮਾਣ ਵਜੋਂ:

> ਅਰਜੁਨ ਨੇ ਆਪਣੇ ਪੰਜ ਘੋੜਿਆਂ ਵਾਲੇ ਰੱਥ ਦੀ ਲਗਾਮ ਸ਼੍ਰੀ ਕ੍ਰਿਸ਼ਨ ਦੇ ਹੱਥ ਦੇ ਦਿੱਤੀ।ਪੰਜ ਗਿਆਨ ਇੰਦਰੇ ਨੇ ਜੋ ਜਿੰਦਗੀ ਦੇ ਰੱਥ ਨੂੰ ਭਟਕਾਉਂਦੇ ਹਨ।ਅੱਖਾਂ ਦਾ ਰਸ, ਕੰਨਾਂ ਦਾ ਰਸ, ਰਸਨਾ ਦਾ ਰਸ, ਖੱਲੜੀ ਦਾ ਰਸ, ਨਾਸਿਕਾ ਦਾ ਰਸ।ਜਦ ਕੋਈ ਇਨ੍ਹਾਂ ਇੰਦਰਿਆਂ ਨੂੰ ਜਿੱਤ ਕੇ ਪ੍ਰਮਾਤਮਾ ਨੂੰ ਪ੍ਰਾਪਤ ਕਰ ਲੈਂਦਾ ਹੈ, ਉਸਨੂੰ ਕਹਿੰਦੇ ਹਨ, ਇੰਦਰਜੀਤ ਭਾਵ ਇਸ ਨੇ ਪਰਮ ਪਦ ਨੂੰ ਪ੍ਰਾਪਤ ਕਰ ਲਿਆ ਹੈ।ਇਸ ਤਰ੍ਹਾਂ ਧੰਨ ਗੁਰੂ ਅੰਗਦ ਦੇਵ ਜੀ ਮਹਾਰਾਜ ਗੁਰੂ ਨਾਨਕ ਦੀ ਗੱਦੀ ਦੇ ਵਾਰਸ ‘ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥’ ਕਾਇਆ ਬਦਲ ਗਈ, ਜੋਤਿ ਓਹੀ ਹੈ...ਅਜੋਕੇ ਯੁੱਗ ਵਿੱਚ ਅਸੀਂ ਦੇਖਦੇ ਹਾਂ ਸਾਇੰਸ ਦਾ ਕਮਾਲ, ਕਿਡਨੀ, ਅੱਖਾਂ, ਖੂਨ ਕਿਸੇ ਦੀਆਂ ਪਾ ਕਿਸੇ ਹੋਰ ਦੇ ਸਰੀਰ ਵਿੱਚ ਦਿੱਤੀਆਂ ਜਾਂਦੀਆਂ ਹਨ।ਇਸੇ ਤਰ੍ਹਾਂ ਜੋਤਿ

> ਇੱਕ ਸਰੀਰ ਵਿੱਚ ਹੈ, ਜੋ ਅਨੁਭਵ ਪ੍ਰਕਾਸ਼ ਨਾਲ ਕੱਢ ਕੇ ਕਿਸੇ ਦੂਸਰੇ ਸਰੀਰ ਵਿੱਚ ਪਾ ਦਿੱਤੀ ਗਈ ਹੈ ਤਾਂ ਜੋ ਉਹ ਅਨੁਭਵ ਲੰਬੇ ਸਮੇਂ ਤੱਕ ਕੰਮ ਕਰੇ। ਉਹ ਗਿਆਨ ਜੋਤੀ ਲੰਬੇ ਸਮੇਂ ਤੱਕ ਮਨੁੱਖਤਾ ਦੀ ਦੁਨੀਆ ਨੂੰ ਰੌਸ਼ਨ ਕਰੇ, ਪ੍ਰਕਾਸ਼ ਦਿੰਦੀ ਰਹੇ।[10]

### 6.1.2.3 ਮਨੁੱਖੀ ਜੀਵਨ ਨੂੰ ਸੇਧਾਂ:

ਗਿਆਨੀ ਸੰਤ ਸਿੰਘ ਮਸਕੀਨ ਜੀ ਨੇ ਗੁਰਬਾਣੀ-ਵਿਆਖਿਆ ਦੁਆਰਾ ਸਮੁੱਚੇ ਮਨੁੱਖੀ ਜੀਵਨ ਦੀ ਸਮਾਲੋਚਨਾ ਕਰਦਿਆਂ 'ਮਨੁੱਖ ਦੀ ਕਥਾ' ਨਾਮਕ ਪੁਸਤਕ ਵਿੱਚ ਆਪਣੇ ਲੈਕਚਰਾਂ 'ਧਰਮੀ ਤੇ ਭੇਖਧਾਰੀ', 'ਭਗਤਾਂ ਤੈ ਸੈਸਾਰੀਆਂ ਜੋੜੁ ਕਦੇ ਨ ਆਇਆ', 'ਪਾਪ, ਪੁੰਨ ਤੇ ਧਰਮ' ਆਦਿ ਵਿੱਚ ਤੁਲਨਾਤਮਕ ਵਿਧੀ ਨਾਲ ਪ੍ਰਸਿੱਧ ਸੁੰਦਰ ਤੇ ਢੁਕਵੇਂ ਕਥਨਾਂ ਦੀ ਵਰਤੋਂ ਰਾਹੀਂ ਤੇ ਵਿਵੇਕ ਪੂਰਨ ਮਿਸਾਲਾਂ ਦੁਆਰਾ ਮਨੁੱਖ ਨੂੰ ਜੀਵਨ ਸੇਧਾਂ ਪ੍ਰਦਾਨ ਕੀਤੀਆਂ ਹਨ। ਸਮਾਜ ਵਿੱਚ ਹਰ ਪਾਸੇ ਪਸਰੇ ਦੁੱਖ ਬਾਰੇ ਮਸਕੀਨ ਜੀ ਕਹਿੰਦੇ ਹਨ:

> ਧੰਨ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਅਧਿਐਨ ਕਰਦਿਆਂ ਪਤਾ ਚਲਦਾ ਹੈ ਕਿ ਰੋਣੇ ਬੜੇ ਗਹਿਰੇ ਨੇ, ਹਾਸੇ ਉਤਲੇ ਨੇ, ਥੋਥੇ ਨੇ। ਦੁੱਖ ਬੜੇ ਗਹਿਰੇ ਨੇ, ਸੁੱਖ ਘੱਟ ਨੇ...ਸਾਗਰ ਦੇ ਵਿੱਚ ਪਾਣੀ ਹੈ, ਸੰਸਾਰ ਵਿੱਚ ਪਦਾਰਥ ਹਨ। ਸਾਗਰ ਦਾ ਪਾਣੀ ਨਾਪਿਆ ਨਹੀਂ ਜਾ ਸਕਦਾ, ਅਨੰਤ ਹੈ, ਜ਼ਮੀਨ ਨਾਲੋਂ ਤਿੰਨ ਗੁਣਾ ਜ਼ਿਆਦਾ। ਸੰਸਾਰ ਦੇ ਪਦਾਰਥ ਵੀ ਗਿਣੇ ਨਹੀਂ ਜਾਂਦੇ। ਸਾਗਰ ਵਿੱਚ ਲਹਿਰਾਂ ਹਨ, ਸੰਸਾਰ ਵਿੱਚ ਸਮੱਸਿਆਵਾਂ ਹਨ। ਲਹਿਰਾਂ ਤੋਂ ਖਾਲੀ ਸਾਗਰ ਨਹੀਂ, ਸਮੱਸਿਆਵਾਂ ਤੋਂ ਰਹਿਤ ਸੰਸਾਰ ਨਹੀਂ ਹੁੰਦਾ। ਲਾਜ਼ਮੀ ਹੈ ਜੋ ਜਿਉਂਦਾ ਜਾਗਦਾ ਮਨੁੱਖ ਹੈ, ਸਮੱਸਿਆਵਾਂ ਵਿੱਚ ਰਹੇਗਾ। ਇੱਕ ਆਲਮ ਦਾ ਬੜਾ ਸੁੰਦਰ ਕਥਨ ਹੈ - ਐ ਬੰਦੇ, ਸ਼ਾਂਤੀ ਲੱਭਣੀ ਐ ਤਾਂ ਕਬਰਿਸਤਾਨ ਵਿੱਚ ਚਲਿਆ ਜਾ। ਸੋ ਜਿਹੜੀ ਬੇੜੀ ਸਾਗਰ ਵਿੱਚ ਹੈ, ਉਹਦੇ ਨਾਲ ਤਾਂ ਲਹਿਰਾਂ

ਟਕਰਾਉਣਗੀਆਂ ਹੀ।ਇੱਥੇ ਹਰ ਬੰਦਾ ਸਵਾਲੀ ਹੈ, ਹਰ ਬੰਦਾ ਦੁਖੀ ਹੈ।[11]

### 6.1.2.4 ਧਰਮ, ਕਲਾ ਅਤੇ ਵਿਗਿਆਨ ਸੰਬੰਧੀ ਵਿਚਾਰ:

ਅੱਜ ਦਾ ਮਨੁੱਖ ਭਾਵੇਂ ਵਿਗਿਆਨਕ ਸਹੂਲਤਾਂ ਦਾ ਆਨੰਦ ਮਾਣਦੇ ਹੋਏ ਧਰਮ ਨੂੰ ਅੰਧ ਵਿਸ਼ਵਾਸ ਜਾਂ ਪੱਛੜੀ ਹੋਈ ਵਿਚਾਰਧਾਰਾ ਆਖਦਾ ਹੈ ਪਰ ਸੰਤ ਸਿੰਘ ਮਸਕੀਨ ਜੀ ਧਰਮ, ਕਲਾ ਅਤੇ ਵਿਗਿਆਨ ਨੂੰ ਆਪਣੇ ਵਿਸ਼ੇਸ਼ ਵਿਚਾਰਧਾਰਕ ਦ੍ਰਿਸ਼ਟੀਕੋਣ ਨਾਲ ਜੋਖਦੇ ਹੋਏ ਇਹ ਨਿਰਣਾ ਕਰਦੇ ਹਨ ਕਿ ਜਿਹੜੇ ਤਿੰਨ ਤਲਾਂ ਤੇ ਸਾਰੀ ਮਾਨਵਤਾ ਜੀ ਰਹੀ ਹੈ, ਉਨ੍ਹਾਂ ਵਿੱਚੋਂ ਸਰਬ ਕਲਾ ਕਾ ਗਿਆਤਾ ਜਾਂ ਸਾਰੇ ਤਰ੍ਹਾਂ ਦਾ ਗਿਆਨ ਰੱਖਣ ਵਾਲਾ ਵਿਅਕਤੀ ਧਰਮ ਦੇ ਤਲ ਤੇ ਜਿਉਂਦਾ ਹੈ। ਉਨ੍ਹਾਂ ਦੇ ਅਨੁਸਾਰ:

> ਦੁਨੀਆਂ ਵਿੱਚ ਤਿੰਨ ਤਰ੍ਹਾਂ ਦੇ ਸ਼ਾਸਤ੍ਰ ਹਨ : ਧਰਮ, ਕਲਾ ਤੇ ਸਾਇੰਸ।ਧਰਮ ਦਾ ਵਾਸਾ ਆਤਮਾ ਵਿੱਚ, ਕਲਾ ਹਿਰਦੇ ਵਿੱਚ ਤੇ ਵਿਗਿਆਨ ਦਿਮਾਗ ਵਿੱਚ ਵੱਸਦਾ ਹੈ।ਵਿਗਿਆਨ ਬੌਧਿਕ ਤਲ ਤੇ ਰਹਿੰਦਾ ਹੈ।ਇਸ ਲਈ ਬੁੱਧੀ ਦਾ ਵਿਸ਼ਾ ਹੈ।ਦਿਮਾਗ ਹਰ ਵਸਤੂ ਦਾ ਸਬੂਤ ਮੰਗਦਾ ਹੈ।ਇਸ ਲਈ ਦਿਸਦੇ ਜਗਤ ਦੀ ਖੋਜ ਕਰਦਾ ਹੈ।ਵਿਗਿਆਨ ਦੀ ਪਹੁੰਚ ਪ੍ਰਕਿਰਤੀ ਤੋਂ ਅੱਗੇ ਦੀ ਨਹੀਂ ਹੈ।ਇਸੇ ਲਈ ਸਾਇੰਸ ਅਜੇ ਤੱਕ ਪ੍ਰਮਾਤਮਾ ਨੂੰ ਨਹੀ ਮੰਨ ਸਕੀ।ਯਾਨੀ ਆਤਮ ਤਲ ਨੂੰ ਨਹੀਂ ਛੂਹ ਸਕੀ।ਕਲਾ ਦਾ ਵਾਸਾ ਭਾਵੁਕ ਹਿਰਦਿਆਂ ਵਿੱਚ ਹੁੰਦਾ ਹੈ ਇਸੇ ਲਈ ਹਿਰਦੇ ਦੇ ਤਲ ਤੇ ਜੀਵਨ ਵਾਲਿਆਂ ਨੇ ਸੰਗੀਤ, ਕਵਿਤਾ, ਨਿਰਤ, ਚਿਤ੍ਰਕਾਰੀ ਤੇ ਮੂਰਤੀ ਕਲਾ ਨੂੰ ਜਨਮ ਦਿੱਤਾ।ਆਤਮ ਖੋਜੀ ਕਲਾਕਾਰ ਨਾਲੋਂ ਵੀ ਡੂੰਘੇ ਦੀ ਖੋਜ ਕਰਦੇ ਹਨ। ਆਤਮਾ ਤੱਕ ਤਾਂ ਓਹੀ ਪੁੱਜਦਾ ਹੈ ਜੋ ਬੌਧਿਕ ਵੀ ਹੋਵੇ ਤੇ ਭਾਵੁਕ ਵੀ।ਇਸ ਵਾਸਤੇ ਵੇਖਣ ਵਿੱਚ ਆਇਆ ਕਿ ਆਤਮ ਖੋਜੀਆਂ ਨੇ ਪ੍ਰਕਿਰਤੀ ਬਾਰੇ ਬੜੇ ਡੂੰਘੇ ਭੇਤ ਜਗਤ ਦੇ ਸਾਹਮਣੇ ਰੱਖੇ ਜਿਸ ਨੂੰ ਅੱਜ

> ਵਿਗਿਆਨ ਵੀ ਮੰਨ ਰਿਹਾ ਹੈ।ਕਲਾ ਬੋਧ ਦੇ ਸਹਾਰੇ ਜਿਤਨੀ ਸੁੰਦਰ ਕਾਵਿ ਰਚਨਾ ਭਗਤਾਂ ਨੇ ਕੀਤੀ ਹੋਰ ਕਿਸੇ ਦੇ ਹਿੱਸੇ ਨਹੀਂ ਆਈ।ਸੰਗੀਤ ਦੀਆਂ ਧੁਨਾਂ ਜੋ ਭਗਤਾਂ ਨੇ ਛੇੜੀਆਂ, ਉਹ ਤਾਨਸੈਨ ਵੀ ਨਹੀਂ ਛੇੜ ਸਕਿਆ।[12]

ਸੋ ਉਪਰੋਕਤ ਰੂਪ ਵਿੱਚ ਗਿਆਨੀ ਸੰਤ ਸਿੰਘ ਮਸਕੀਨ ਜੀ ਦੁਆਰਾ ਗੁਰਬਾਣੀ ਦੇ ਵੱਖ-ਵੱਖ ਸੰਕਲਪਾਂ, ਸਮਾਜਕ ਤੇ ਰੂਹਾਨੀ ਮੁੱਦਿਆਂ ਦੀ ਵਿਆਖਿਆ ਦੇ ਵਿਭਿੰਨ ਰੂਪਾਂ ਨੂੰ ਪ੍ਰਮਾਣਾਂ ਸਹਿਤ ਇੱਥੇ ਦੇਣ ਦਾ ਸਾਡਾ ਉਦੇਸ਼ ਹੈ ਕਿ ਉਨ੍ਹਾਂ ਦੀ ਵਿਆਖਿਆਕਾਰੀ ਦੇ ਵਿਗਿਆਨਕ ਢੰਗ ਨੂੰ ਪ੍ਰਮਾਣਾਂ ਅਤੇ ਦਲੀਲਾਂ ਦੀ ਰੋਸ਼ਨੀ ਵਿੱਚ ਗੁਰਬਾਣੀ ਦੀ ਗਹਿਰਾਈ ਨੂੰ ਦ੍ਰਿਸ਼ਟੀਗੋਚਰ ਕੀਤਾ ਜਾ ਸਕੇ ਤੇ ਨਾਲ ਦੀ ਨਾਲ ਉਸ ਦੀ ਵਿਆਖਿਆ ਵਿਧੀ ਤੇ ਸ਼ੈਲੀ ਨੂੰ ਵੀ ਪ੍ਰਕਾਸ਼ਮਾਨ ਕੀਤਾ ਜਾ ਸਕੇ।ਉੱਪਰ ਦਿੱਤੇ ਪ੍ਰਮਾਣਾਂ ਤੋਂ ਇਹ ਵੀ ਪਤਾ ਲਗਦਾ ਹੈ ਕਿ ਸੰਤ ਸਿੰਘ ਮਸਕੀਨ ਜੀ ਸਮਕਾਲੀ ਸਮਾਜਕ ਹਾਲਾਤ ਦੇ ਹਰ ਉਲਾਰੂ ਅਤੇ ਉਸਾਰੂ ਪੱਖ ਤੋਂ ਸਚੇਤ ਹਨ ਅਤੇ ਉਨ੍ਹਾਂ ਨੇ ਆਪਣੇ ਨਿਜੀ ਅਨੁਭਵਾਂ ਨਾਲ ਮਾਨਵ ਸਮਾਜ ਖਾਸ ਕਰਕੇ ਸਿੱਖ ਸਮਾਜ ਨੂੰ ਸੁਚੱਜੇ, ਸੰਜਮੀ ਅਤੇ ਗੁਰਮਤਿ ਅਨੁਸਾਰੀ ਜੀਵਨ ਜਿਉਣ ਦੀ ਅਤਿ ਉੱਤਮ ਜੀਵਨ ਜਾਚ ਸਿਖਾਈ ਹੈ।

### 6.1.3 ਗੁਰਬਾਣੀ-ਵਿਆਖਿਆਕਾਰੀ ਦਾ ਸਾਧਨਾਤਮਕ ਪੱਖ:

ਵਿਸ਼ਵੀਕਰਨ, ਵਿਗਿਆਨ ਅਤੇ ਤਕਨਾਲੋਜੀ ਦੇ ਅਜੋਕੇ ਯੁੱਗ ਵਿੱਚ ਮਨੁੱਖ ਧਰਮ ਦੇ ਬਾਹਰੀ ਕਰਮਕਾਂਡੀ ਰੂਪ ਅਤੇ ਅੰਦਰੂਨੀ ਆਤਮਕ ਰੂਪ ਨੂੰ ਨਿਖੇੜ ਕੇ ਸਮਝਣ ਦੀ ਕੋਸ਼ਿਸ਼ ਕਰਦਾ ਨਜ਼ਰ ਆਉਂਦਾ ਹੈ।ਗਿਆਨੀ ਸੰਤ ਸਿੰਘ ਮਸਕੀਨ ਜੀ ਨੇ ਗੁਰਬਾਣੀ ਰਾਹੀਂ ਧਰਮ ਦੇ ਹਰ ਰੂਪ ਨੂੰ ਸਮਝਾਉਂਦੇ ਹੋਏ ਪਰਮਾਤਮਾ ਨਾਲ ਇੱਕਸੁਰ ਹੋਣ ਲਈ ਘਾਲੀ ਜਾਣ ਵਾਲੀ ਸਾਧਨਾ ਦੀ ਮਨੁੱਖ ਨੂੰ ਸੇਧ ਦਿੱਤੀ ਹੈ।ਉਨ੍ਹਾਂ ਨੇ ਨਾ ਕੇਵਲ ਆਪਣੇ ਜੀਵਨ ਨੂੰ ਗੁਰਸਿੱਖੀ ਦੇ ਅਸੂਲਾਂ ਅਨੁਸਾਰ ਜਿਉ ਕੇ ਵਿਖਾਇਆ ਹੈ ਸਗੋਂ ਆਪਣੀਆਂ ਕਥਾਵਾਂ ਵਿੱਚ ਗੁਰੂ ਸਾਹਿਬਾਨ ਤੋਂ ਇਲਾਵਾ ਭਗਤਾਂ, ਸੰਤਾਂ ਅਤੇ ਗੁਰਸਿੱਖਾਂ ਦੇ ਜੀਵਨ ਵਿਚਲੀ ਰਹਿਤ ਮਰਯਾਦਾ ਨੂੰ ਵੀ ਬਿਆਨਦੇ ਹੋਏ ਧਰਮ ਦੇ ਸਾਧਨਾਤਮਕ ਪੱਖ ਨੂੰ ਹੇਠ ਲਿਖੇ ਨੁਕਤਿਆਂ ਅਨੁਸਾਰ ਉਜਾਗਰ ਕੀਤਾ ਹੈ:

### 6.1.3.1 ਬਾਣੀ ਪੜ੍ਹਨ ਅਤੇ ਜਪਣ ਵਿੱਚ ਫਰਕ:

ਮਨੁੱਖ ਨੇ ਸਾਧਨਾ ਕਿਵੇਂ ਕਰਨੀ ਹੈ? ਸੁਰਤਿ ਵਿੱਚ ਸ਼ਬਦ ਨੂੰ ਕਿਵੇਂ ਟਿਕਾਉਣਾ ਹੈ? ਇਸ ਬਾਰੇ ਗਿਆਨੀ ਸੰਤ ਸਿੰਘ ਮਸਕੀਨ ਜੀ ਆਪਣੇ ਰੂਹਾਨੀ ਅਨੁਭਵ ਰਾਹੀਂ ਦੱਸਦੇ ਹਨ:

> ਇੱਕ ਬਾਣੀ ਪੜ੍ਹਨੀ ਹੈ, ਇੱਕ ਬਾਣੀ ਜਪਣੀ ਹੈ।ਪੜ੍ਹਨ ਵਾਸਤੇ ਧਿਆਨ ਬਾਹਰ ਕਰਨਾ ਪਏਗਾ, ਅੱਖਾਂ ਵੀ ਖੋਲ੍ਹ ਕੇ ਪੜ੍ਹਨੀ ਇਸ ਵਾਸਤੇ ਹੈ ਕਿ ਅਰਥ ਬੋਧ ਸਮਝ ਆ ਜਾਏ, ਬਾਣੀ ਕੰਠ ਹੋ ਜਾਏ।ਜਪਣ ਵਾਸਤੇ ਧਿਆਨ ਅੰਦਰ ਕਰਨਾ ਪਏਗਾ, ਅੱਖਾਂ ਬੰਦ ਕਰਕੇ ਜਪਣੀ ਇਸ ਵਾਸਤੇ ਹੈ ਕਿ ਆਪ ਬਾਣੀ ਦਾ ਰੂਪ ਹੋ ਜਾਈਏ।ਪੜ੍ਹਨਾ ਸੇਵਾ ਹੈ, ਜਪਣਾ ਸਿਮਰਨ ਹੈ।ਜੇਕਰ ਅਨਪੜ੍ਹ ਹੈਂ ਤਾਂ ਤੇਰੀ ਜ਼ੁਬਾਨ ਵਾਹਿਗੁਰੂ ਆਖੇ ਤੇ ਤੇਰਾ ਮਨ ਸੁਣੇ 'ਪੜ੍ਹਿਆ ਹੋਵੇ ਗੁਨਹਾਗਾਰੁ ਤਾ ਓਮੀ ਸਾਧੁ ਨਾ ਮਾਰੀਐ॥'[13] ਜਿਹੜਾ ਬ੍ਰਾਹਮਣ ਪੜ੍ਹਿਆ ਲਿਖਿਆ ਨਾ ਹੋਵੇ, ਉਸਨੂੰ ਕਹਿੰਦੇ ਹਨ ਓਮੀ।ਇਹ ਬਸ ਓਮ,ਓਮ ਜਪ ਸਕਦਾ ਹੈ, ਬਾਕੀ ਕੁਝ ਨਹੀਂ।ਸੁਰਤ ਸ਼ਬਦ ਵਿੱਚ ਜੁੜ ਗਈ ਤਾਂ ਸਮਝੋ ਹਜ਼ੂਰੀ ਵਿੱਚ ਚਲੇ ਗਏ। ਗੁਰਦੁਆਰੇ ਹਾਜ਼ਰੀ ਤਾਂ ਲੱਖਾਂ ਭਰ ਲੈਂਦੇ ਹਨ ਪਰ ਹਜ਼ੂਰੀ ਵਿੱਚ ਲੱਖਾਂ ਵਿੱਚੋਂ ਕੋਈ ਇੱਕ ਅੱਧ ਹੀ ਜਾਂਦਾ ਹੈ।[14]

ਇਉਂ ਇਹ ਦੇਖਿਆ ਗਿਆ ਹੈ ਕਿ ਅਜਿਹੀ ਜੀਵਨਮਈ, ਅਨੁਭਵਮਈ, ਪ੍ਰੇਰਣਾਮਈ ਤੇ ਸਾਰਥਕ ਵਿਆਖਿਆ ਦੇ ਰੂਪ ਮਸਕੀਨ ਜੀ ਰਾਹੀਂ ਹੀ ਗੁਰਬਾਣੀ ਵਿਆਖਿਆ ਦੇ ਖੇਤਰ ਵਿੱਚ ਪ੍ਰਵੇਸ਼ ਕੀਤੇ ਹਨ।

### 6.1.3.2 ਗੁਰੂ ਦਾ ਸਥਾਨ:

ਗਿਆਨੀ ਸੰਤ ਸਿੰਘ ਮਸਕੀਨ ਜੀ ਅਨੁਸਾਰ ਗੁਰੂ ਨੂੰ ਮਿਲਣਾ ਹੀ ਪ੍ਰਮਾਤਮਾ ਨੂੰ ਮਿਲਣਾ ਹੈ:

> ਧਾਰਮਕ ਜਗਤ ਦੇ ਵਿੱਚ ਪ੍ਰਥਮ ਗੁਰੂ ਨੂੰ ਸਮਝਣਾ ਹੈ, ਫਿਰ ਗੁਰੂ ਦੁਆਰਾ ਹੀ ਪ੍ਰਭੂ ਦੀ ਸਮਝ ਆ ਜਾਂਦੀ ਹੈ।...ਜਿਵੇਂ

> ਮਨੁੱਖ ਨਾ ਸਮਝ ਹੈ ਪ੍ਰਮਾਤਮਾ ਦੇ ਪ੍ਰਤੀ, ਉਵੇਂ ਹੀ ਨਾ ਸਮਝ ਹੈ ਗੁਰੂ ਦੇ ਪ੍ਰਤੀ।ਗੁਰੂ ਤੇ ਪ੍ਰਮਾਤਮਾ ਵਿੱਚ ਭੇਦ ਨਹੀਂ ਹੈ।ਜੋ ਪ੍ਰਕਾਸ਼ ਰੂਪ ਵਿੱਚ ਪ੍ਰਮਾਤਮਾ ਹੈ, ਉਹੀ ਸ਼ਬਦ ਰੂਪ ਵਿੱਚ ਗੁਰੂ ਹੈ।ਦੇਖਣ ਵਿੱਚ ਦੋ ਪ੍ਰਤੀਤ ਹੁੰਦੇ ਹਨ – ਇੱਕ ਚਾਨਣਾ ਹੈ, ਇੱਕ ਧੁਨੀ ਹੈ।ਗੁਰੂ ਨੂੰ ਮਿਲਣਾ ਕੀ ਹੈ? ਗੁਰੂ ਨੂੰ ਸਮਝਣਾ।ਗੁਰੂ ਦੀ ਸਮਝ ਆ ਗਈ ਤਾਂ ਪ੍ਰਮਾਤਮਾ ਦੀ ਸਮਝ ਆ ਗਈ।[15]

### 6.1.3.3 ਅਰਦਾਸ ਜਾਂ ਪ੍ਰਾਰਥਨਾ:

ਭਗਤੀ ਦੇ ਰਸਤੇ ਵਿੱਚ ਵਿਘਨ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਹਨ ਜਿਨ੍ਹਾਂ ਤੋਂ ਸਾਡੀ ਅਰਦਾਸ ਤੇ ਪ੍ਰਮਾਤਮਾ ਦੀ ਕਿਰਪਾ ਦ੍ਰਿਸ਼ਟੀ ਹੀ ਬਚਾ ਸਕਦੀ ਹੈ।ਅਰਦਾਸ ਜਾਂ ਪ੍ਰਾਰਥਨਾ ਦਾ ਅਸਲ ਭਾਵ ਦੱਸਦੇ ਹੋਏ ਸੰਤ ਸਿੰਘ ਮਸਕੀਨ ਜੀ ਵਿਆਖਿਆ ਕਰਦੇ ਹਨ:

> ਗਿਆਨ ਦੀਆਂ ਤਿੰਨ ਧਾਰਨਾਵਾਂ ਹਨ – ਸਿਖਸ਼ਾ, ਸਾਧਨਾ, ਪ੍ਰਾਰਥਨਾ।ਮਨੁੱਖ ਜੀਵਨ ਵਿੱਚ ਜੋ ਕੁਝ ਵੀ ਬਣਿਆ ਹੈ, ਇਨ੍ਹਾਂ ਤਿੰਨਾਂ ਤੋਂ ਬਣਿਆ ਹੈ।ਸਿਖਸ਼ਾ ਤੋਂ ਪਦਾਰਥ ਦਾ ਗਿਆਨ ਮਿਲਿਆ।ਸਿਖਸ਼ਾ ਕਿੰਨੀ ਵੀ ਬਾਹਰੋਂ ਇਕੱਠੀ ਕਰ ਲਈਏ ਮਨ ਦੇ ਤਲ ਤੇ ਹਨ੍ਹੇਰਾ ਹੀ ਹੋਵੇਗਾ, ਭਟਕਣਾ ਹੋਵੇਗੀ।ਬੈਰੂਨੀ ਜਾਣਕਾਰੀ ਦੇ ਹੁੰਦਿਆਂ ਵੀ ਜਦੋਂ ਇਹ ਖਿਆਲ ਆ ਜਾਏ ਕਿ ਮੈਂ ਆਪਣੇ ਆਪ ਨੂੰ ਬਦਲਣਾ ਹੈ, ਤਾਂ ਸਾਧਨਾ ਸ਼ੁਰੂ ਹੋ ਜਾਂਦੀ ਹੈ।ਬਦਲਣ ਲਈ ਸ਼ਿਖਸ਼ਾ ਨਹੀਂ ਸਾਧਨਾ ਚਾਹੀਦੀ ਹੈ।ਸਾਧਨਾ ਕਰ ਕਰ ਕੇ ਵੀ ਜਦੋਂ ਮੈਂ ਆਪਣੇ ਆਪ ਨੂੰ ਬਦਲ ਨਹੀਂ ਸਕਿਆ ਤਾਂ ਅੰਦਰੋਂ ਪ੍ਰਾਰਥਨਾ ਨਿਕਲਦੀ ਹੈ।ਪ੍ਰਾਰਥਨਾ ਉਸ ਦਿਨ ਨਿਕਲਦੀ ਹੈ ਜਿਸ ਦਿਨ ਬੰਦਾ ਸਮਝ ਲਵੇ ਕਿ ਸਾਰੀ ਕੀਤੀ ਹੋਈ ਸਾਧਨਾ ਵਿਅਰਥ ਹੈ।ਹੇ ਪ੍ਰਭੂ! ਤੂੰ ਰਹਿਮਤ ਕਰ।ਪ੍ਰਾਰਥਨਾ ਵਿੱਚ ਸ਼ਬਦ ਨਹੀਂ ਹੁੰਦੇ।ਜਜ਼ਬਿਆਂ ਨਾਲ ਭਰਿਆ ਹੋਇਆ

> ਹਿਰਦਾ ਹੁੰਦਾ ਹੈ, ਕੰਠ ਤੋਂ ਬੋਲ ਨਹੀਂ ਨਿਕਲਣਗੇ।ਜਜ਼ਬਾ ਅੰਦਰੋਂ ਨਿਕਲਦਾ ਹੈ।ਤੂੰ ਤਾਂ ਅਣਬੋਲਿਆਂ ਹੀ ਜਾਣਦਾ ਹੈਂ।ਅਸੀਂ ਜਿਹੜਾ ਜਣੇ ਖਣੇ ਨੂੰ ਕਹਿੰਦੇ ਹਾਂ ਸਾਡੇ ਵਾਸਤੇ ਅਰਦਾਸ ਕਰੋ।ਅਰਦਾਸ ਕੀਤੀ ਨਹੀਂ ਜਾਂਦੀ, ਅਰਦਾਸ ਹੁੰਦੀ ਹੈ।ਸ਼ਿਖਸ਼ਾ ਵਿਅਰਥ ਜਾ ਸਕਦੀ ਹੈ, ਸਾਧਨਾ ਵਿਅਰਥ ਜਾ ਸਕਦੀ ਹੈ, ਪਰ ਪ੍ਰਾਰਥਨਾ ਕਦੇ ਵਿਅਰਥ ਨਹੀਂ ਜਾਂਦੀ ਪਰ ਜੋ ਸਾਧਨਾ ਨਹੀਂ ਕਰਦਾ ਇਸ ਜਜ਼ਬੇ ਤੱਕ ਨਹੀਂ ਪਹੁੰਚ ਸਕਦਾ।ਇਸ ਪ੍ਰਾਰਥਨਾ ਤੱਕ ਨਹੀਂ ਪਹੁੰਚ ਸਕਦਾ।[16]

### 6.1.3.4 ਸਾਧਨਾ ਕਰਨ ਦਾ ਉਦੇਸ਼:

ਸਾਧਨਾ ਕਰਨ ਦਾ ਉਦੇਸ਼ ਕੀ ਹੈ? ਕੀ ਪੜ੍ਹਾਈ ਲਿਖਾਈ ਪ੍ਰਮਾਤਮਾ ਨੂੰ ਮਿਲਣ ਦਾ ਜ਼ਰੀਆ ਬਣ ਸਕਦੀ ਹੈ? ਤਾਂ ਸੰਤ ਸਿੰਘ ਮਸਕੀਨ ਜੀ ਆਖਦੇ ਹਨ:

> ਸਾਇੰਸ ਖੜੀ ਹੈ ਪਦਾਰਥ ਨੂੰ ਜਾਨਣ ਤੇ, ਧਰਮ ਖੜਾ ਹੈ ਆਪਣੇ ਆਪ ਨੂੰ ਬਦਲਣ ਤੇ।ਸਾਇੰਸ ਨੂੰ ਸਮਝਣ ਵਾਸਤੇ ਤਾਂ ਪੜ੍ਹਾਈ ਲਿਖਾਈ ਚਾਹੀਦੀ ਹੈ, ਪਰ ਨਿਰੰਕਾਰ ਨੂੰ ਪ੍ਰਾਪਤ ਕਰਨ ਵਾਸਤੇ ਆਪਣੇ ਆਪ ਨੂੰ ਬਦਲਣਾ ਪਏਗਾ।ਪ੍ਰਮਾਤਮਾ ਤਾਂ ਉਸ ਦਿਨ ਮਿਲਦਾ ਹੈ ਜਿਸ ਦਿਨ ਮਨੁੱਖ ਪ੍ਰਮਾਤਮਾ ਵਰਗਾ ਹੋਵੇ, ਉਸ ਤੋਂ ਪਹਿਲੇ ਨਹੀਂ।[17]

ਉਪਰੋਕਤ ਰੂਪ ਵਿੱਚ ਇੱਥੇ ਗਿਆਨੀ ਸੰਤ ਸਿੰਘ ਮਸਕੀਨ ਜੀ ਦੀ ਗੁਰਬਾਣੀ ਵਿਆਖਿਆ ਦੇ ਅਹਿਮ ਨੁਕਤਿਆਂ ਤੇ ਪੱਖਾਂ ਨੂੰ ਉਨ੍ਹਾਂ ਦੁਆਰਾ ਕੀਤੀ ਗਈ ਵਿਆਖਿਆ ਦੇ ਕੁਝ ਕੁ ਪ੍ਰਮਾਣਾਂ ਰਾਹੀਂ ਸਪਸ਼ਟ ਕਰਨ ਦਾ ਯਤਨ ਕੀਤਾ ਗਿਆ ਹੈ ਜੋ ਉਨ੍ਹਾਂ ਦੀ ਵਿਆਖਿਆ ਦੇ ਬੌਧਿਕ ਪੱਧਰ, ਅਨੁਭਵੀ ਪੱਧਰ, ਉਨ੍ਹਾਂ ਦੀ ਵਿਆਖਿਆ ਸ਼ੈਲੀ ਦੇ ਵੱਖਰੇ-ਵੱਖਰੇ ਰੂਪਾਂ ਨੂੰ ਤੇ ਗੱਲ ਸਪਸ਼ਟ ਕਰਨ ਦੇ ਨਵੇਂ ਅਮਦਾਜ਼ ਨੂੰ ਪੇਸ਼ ਕਰਦੇ ਹਨ।ਇਸ ਸਾਰੀ ਵਿਚਾਰ-ਚਰਚਾ ਤੋਂ ਅਸੀਂ ਇਸ ਨਤੀਜੇ ਤੇ ਪੁੱਜਦੇ ਹਾਂ ਕਿ ਭਾਵੇਂ ਸੰਤ ਸਿੰਘ ਮਸਕੀਨ ਜੀ ਦੀ ਗੁਰਬਾਣੀ-ਵਿਆਖਿਆ ਦੇ ਵਿਭਿੰਨ ਪਾਸਾਰਾਂ ਦਾ ਨਿਰੂਪਣ ਕਰਨਾ ਇੱਕ ਜਟਿਲ ਕਾਰਜ ਹੈ ਪ੍ਰੰਤੂ ਫਿਰ

ਵੀ ਇਸ ਨੂੰ ਅਧਿਆਤਮਕ, ਸਮਾਜ-ਸੱਭਿਆਚਾਰਕ ਅਤੇ ਸਾਧਨਾਤਮਕ ਪਰਿਪੇਖਾਂ ਤੋਂ ਵਿਸਲੇਸ਼ਿਤ ਕਰਕੇ ਜਿੱਥੇ ਗੁਰਬਾਣੀ ਦੇ ਵਿਚਾਰ ਜਗਤ ਨੂੰ ਸਮਝਿਆ ਜਾ ਸਕਦਾ ਹੈ, ਉੱਥੇ ਮਸਕੀਨ ਜੀ ਦੇ ਆਪਣੇ ਵਿਚਾਰ-ਜਗਤ ਨੂੰ ਵੀ ਸਮਝਿਆ ਜਾ ਸਕਦਾ ਹੈ।ਇਸ ਦੁਆਰਾ ਨਿਸ਼ਚਿਤ ਤੌਰ ਤੇ ਸਪਸ਼ਟ ਹੋਇਆ ਹੈ ਕਿ ਸੰਤ ਸਿੰਘ ਮਸਕੀਨ ਜੀ ਨੇ ਗੁਰਬਾਣੀ-ਵਿਆਖਿਆ ਨੂੰ ਜ਼ਿੰਦਗੀ ਨਾਲ ਜੁੜੇ ਹਰ ਵਰਤਾਰੇ ਦੇ ਮੱਦੇਨਜ਼ਰ ਸਪਸ਼ਟ ਕੀਤਾ ਹੈ ਤੇ ਗੁਰਬਾਣੀ ਨੂੰ ਪੁਰਾਤਨ ਪਰੰਪਰਾਗਤ ਖੜੋਤ ਭਰੀ ਸੀਮਤ ਦ੍ਰਿਸ਼ਟੀ ਤੋਂ ਮੁਕਤ ਕਰਕੇ ਇੱਕ ਵਿਲੱਖਣ, ਬਹੁਪੱਖੀ ਤੇ ਵਿਸਤ੍ਰਿਤ ਅਧਿਐਨ ਨੂੰ ਸਥਾਪਤ ਕੀਤਾ ਹੈ।

## 6.2 ਸੰਤ ਸਿੰਘ ਮਸਕੀਨ ਜੀ ਦੀ ਵਿਆਖਿਆਕਾਰੀ: ਸੰਕਲਪੀ ਅਧਿਐਨ

ਵਿਭਿੰਨ ਭਾਸ਼ਾਈ ਯੋਗਤਾ ਵਜੋਂ ਨਿਰਮਲੇ ਵਿਦਵਾਨ ਗੁਰਬਾਣੀ ਦੇ ਬੜੇ ਪ੍ਰਵੀਨ ਵਿਆਖਿਆਕਾਰ ਮੰਨੇ ਜਾਂਦੇ ਸਨ।ਗਿਆਨੀ ਸੰਤ ਸਿੰਘ ਮਸਕੀਨ ਜੀ ਵੀ ਉਨ੍ਹਾਂ ਵਿੱਚੋਂ ਹੀ ਇੱਕ ਸਨ ਭਾਵੇਂ ਉਨ੍ਹਾਂ ਨੇ ਗੁਰਬਾਣੀ ਵਿਆਖਿਆਕਾਰੀ ਦਾ ਆਪਣਾ ਹੀ ਇੱਕ ਨਿਵੇਕਲਾ ਤੇ ਮੌਲਿਕ ਰਾਹ ਅਪਣਾਇਆ, ਪ੍ਰੰਤੂ ਇਹ ਵੀ ਸੱਚ ਹੈ ਕਿ ਗੁਰਬਾਣੀ ਦੀ ਵਿਆਖਿਆਕਾਰੀ ਸਿੱਖਣ ਲਈ ਜ਼ਰੂਰੀ ਭਾਸ਼ਾਵਾਂ ਜਿਵੇਂ ਕਿ ਉਰਦੂ, ਅਰਬੀ ਅਤੇ ਫਾਰਸੀ ਦੇ ਨਾਲ ਨਾਲ ਸੰਸਕ੍ਰਿਤ, ਹਿੰਦੀ, ਸਿੰਧੀ, ਬ੍ਰਜ ਅਤੇ ਗੁਰਮੁਖੀ ਆਦਿ ਭਾਸ਼ਾਵਾਂ ਵਿੱਚ ਮਹਾਰਤ ਉਨ੍ਹਾਂ ਨੇ ਨਿਰਮਲਿਆਂ ਦੀ ਟਕਸਾਲ ਵਿੱਚੋਂ ਹੀ ਹਾਸਲ ਕੀਤੀ ਸੀ ਅਤੇ ਸੰਸਕ੍ਰਿਤ ਵਿੱਚ ਲਿਖੇ ਵੈਦਿਕ ਸਾਹਿਤ ਜਿਨ੍ਹਾਂ ਵਿੱਚ ਚਾਰੇ ਵੇਦ, 18 ਪੁਰਾਣ, 6 ਸ਼ਾਸਤਰ ਅਤੇ 27 ਸਿੰਮ੍ਰਿਤੀਆਂ ਤੋਂ ਇਲਾਵਾ ਭਰਤ੍ਰ ਹਰੀ, ਚਾਣਕਯ ਅਤੇ ਬਿਦਰ ਦੇ ਨੀਤੀ ਸ਼ਾਸਤਰ, ਪਿੰਗਲ, ਗੁਰਬਾਣੀ-ਵਿਆਕਰਣ ਅਤੇ ਵਿਸ਼ਾਲ ਨਿਰਮਲ ਸਾਹਿਤ ਆਦਿ ਦਾ ਅਧਿਐਨ ਵੀ ਉਨ੍ਹਾਂ ਨੇ ਉੱਥੇ ਹੀ ਕੀਤਾ।ਉਨ੍ਹਾਂ ਆਪਣੀ ਇੱਕ ਕਥਾ ਦੇ ਦੌਰਾਨ ਆਪਣੇ ਇਸ ਤਜ਼ਰਬੇ ਬਾਰੇ ਇੰਝ ਪ੍ਰਗਟਾਇਆ ਹੈ:

> ਸ਼ਾਇਦ ਆਪ ਨੂੰ ਪਤਾ ਹੋਵੇ ਪੰਡਿਤ ਗੁਲਾਬ ਸਿੰਘ ਜੀ ਮਹਾਰਾਜ ਨੇ ਇੱਕ ਬਹੁਤ ਵੱਡਾ ਗ੍ਰੰਥ ਲਿਖਿਆ ਹੈ।ਉਸਨੂੰ ਕਹਿੰਦੇ ਹਨ 'ਪ੍ਰਬੋਧ ਚੰਦਰ ਨਾਟਕ'।ਪੁਰਾਣੀਆਂ ਟਕਸਾਲਾਂ ਵਿਖੇ ਪੜ੍ਹਾਇਆ ਜਾਂਦਾ ਸੀ।ਹੁਣ ਅੱਜਕੱਲ ਦੇ ਲੋਕਾਂ ਨੇ ਚਾਰ ਕਿਤਾਬਾਂ ਪੜ੍ਹ ਲਈਆਂ, ਚਾਰ ਕੈਸੇਟਾਂ ਸੁਣ

> ਲਈਆਂ।ਲੋਕੀਂ ਕਥਾ ਕਰਨ ਲੱਗ ਪੈਂਦੇ ਹਨ।ਇਹ ਸਾਰੇ ਗ੍ਰੰਥ ਪੜ੍ਹਨੋਂ ਪੁਰਾਣੇ ਹੁਣ ਰਹਿ ਗਏ ਹਨ।ਬਿਰਤੀ ਪ੍ਰਭਾਵਿਕ ਸਾਰ ਕੁਤਾਵਲੀ, ਵਿਚਾਰ ਮਾਲਾ, ਪ੍ਰਬੋਧ ਚੰਦਰ ਨਾਟਕ, ਵੈਰਾਗ ਸ਼ਤਕ ਉਨ੍ਹਾਂ ਨੂੰ ਪੜ੍ਹਾਏ ਜਾਂਦੇ ਸਨ, ਬਾਕਾਇਦਾ।ਹੁਣ ਸਿਲਸਿਲਾ ਰਹਿ ਗਿਆ ਹੈ।[18]

ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ, ਜਨਮਸਾਖੀਆਂ ਤੇ ਹੋਰ ਸਿੱਖ ਸਾਹਿਤ ਦੇ ਨਾਲ ਨਾਲ ਕੁਰਾਨ, ਤੌਰੇਤ, ਅੰਜੀਲ, ਬਾਈਬਲ, ਬੁੱਧ ਧਰਮ ਦੇ ਤ੍ਰਿਪਿਟਿਕ, ਧਮਪਦ ਅਤੇ ਜੈਨ ਧਰਮ ਗ੍ਰੰਥਾਂ ਆਦਿ ਦਾ ਵੀ ਅਧਿਐਨ ਕੀਤਾ।ਧਰਮ-ਪ੍ਰਚਾਰ ਦੀ ਕਿਰਤ ਅਪਣਾ ਲੈਣ ਤੋਂ ਬਾਅਦ ਵੀ ਕਾਫੀ ਸਾਲ ਧਾਰਮਕ ਗ੍ਰੰਥਾਂ ਦਾ ਅਧਿਐਨ ਕਰਕੇ ਆਪਣੀ ਜਾਣਕਾਰੀ ਦਾ ਦਾਇਰਾ ਵਸੀਹ ਕਰਦੇ ਰਹੇ।[19]

ਗੁਰਬਾਣੀ ਦੀ ਸਹੀ ਵਿਆਖਿਆ ਕਰਨ ਵਾਲੇ ਇੱਕ ਕੁਸ਼ਲ ਵਿਆਖਿਆਕਾਰ ਲਈ ਇਨ੍ਹਾਂ ਭਾਸ਼ਾਵਾਂ ਅਤੇ ਗ੍ਰੰਥਾਂ ਦਾ ਅਧਿਐਨ ਜ਼ਰੂਰੀ ਹੈ ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵੱਖ-ਵੱਖ ਖਿੱਤਿਆਂ, ਜਾਤਾਂ, ਨਸਲਾਂ, ਧਰਮਾਂ ਅਤੇ ਭਾਸ਼ਾਵਾਂ ਨਾਲ ਸੰਬੰਧਤ ਮਹਾਂਪੁਰਖਾਂ ਦੀ ਬਾਣੀ ਗੁਰਮੁਖੀ ਲਿਪੀ ਅਧੀਨ ਆਪਣੇ ਸਮੇਂ ਦੇ ਵੱਖ-ਵੱਖ ਲੋਕ ਰੂਪਾਕਾਰ, ਮੁਹਾਵਰਿਆਂ, ਅਲੰਕਾਰਾਂ, ਛੰਦਾਂ ਤੇ ਲੋਕ ਧੁਨੀਆਂ ਆਦਿ ਵਿੱਚ ਦਰਜ ਹੈ।ਗੁਰਬਾਣੀ ਵਿਆਖਿਆ ਲਈ ਇੱਕ ਵਿਚਾਰਯੋਗ ਤੱਥ ਇਹ ਵੀ ਹੈ ਕਿ ਸ਼ੇਖ਼ ਫਰੀਦ ਤੋਂ ਲੈ ਕੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਇੱਕ ਦੈਵੀ ਅਨੁਭਵ ਹੈ ਜਿਸ ਦੇ ਸਹੀ ਮੁਲਾਂਕਣ ਵਾਸਤੇ ਵਿਆਖਿਆਕਾਰ ਦਾ ਅਨੁਭਵੀ ਹੋਣਾ ਵੀ ਜ਼ਰੂਰੀ ਹੈ।ਆਪਣੇ ਅਨੁਭਵ ਅਤੇ ਅਧਿਐਨ ਦੇ ਆਧਾਰ ਤੇ ਸੰਤ ਸਿੰਘ ਮਸਕੀਨ ਜੀ ਮੰਨਦੇ ਸਨ ਕਿ ਸੁਰਤਿ ਦੇ ਵਿਕਾਸ ਨਾਲ ਬਾਣੀ ਦੇ ਅਰਥਾਂ ਦੀ ਸੋਝੀ ਵੀ ਬਦਲਦੀ ਹੈ।ਗੁਰਬਾਣੀ ਦੇ ਅਰਥ ਹਰ ਸਮੇਂ ਦੇ ਅਨੁਸਾਰ ਢੁਕਵੇਂ ਪ੍ਰਤੀਤ ਹੁੰਦੇ ਹਨ ਤੇ ਹਰ ਸਮੇਂ ਦੇ ਅਨੁਸਾਰ ਢਲ ਜਾਣ ਦੀ ਸਮਰੱਥਾ ਵੀ ਰੱਖਦੇ ਹਨ।ਇਸੇ ਲਈ ਗੁਰਬਾਣੀ ਸਮੇਂ ਦੇ ਹਰ ਪਰਿਪੇਖ ਵਿੱਚ ਪੂਰਨ ਹੁੰਦੇ ਹੋਏ ਵੀ ਪੂਰਨਤਾ ਵੱਲ ਵੱਧਦੀ ਰਹਿੰਦੀ ਹੈ।ਇਸੇ ਪ੍ਰਸੰਗ ਵਿੱਚ ਉਨ੍ਹਾਂ ਦਾ ਇਹ ਕਥਨ ਵਿਚਾਰਨਾ ਇੱਥੇ ਜ਼ਰੂਰੀ ਪ੍ਰਤੀਤ ਹੁੰਦਾ ਹੈ:

> ਬਾਣੀ ਦੇ ਕਤਈ ਇੱਕ ਅਰਥ ਨਹੀਂ ਹੋ ਸਕਦੇ।ਜਿਤਨੀ ਗਹਿਰਾਈ ਨਾਲ ਸੁਣਦੇ ਜਾਉਗੇ, ਨਵੇਂ ਤੋਂ ਨਵੇਂ ਅਰਥ ਪੈਦਾ

> ਹੁੰਦੇ ਜਾਣਗੇ।ਜਪੁਜੀ ਸਾਹਿਬ ਜੀ ਦੇ ਪੰਜਾਹ ਟੀਕੇ ਨੇ, ਨਿਰਮਲਿਆਂ ਦੇ ਦੋ-ਚਾਰ ਟੀਕੇ ਨੇ, ਉਦਾਸੀਆਂ ਦੇ ਦੋ ਚਾਰ ਟੀਕੇ ਨੇ, ਫਰੀਦਕੋਟੀਆਂ ਦਾ ਟੀਕਾ ਹੈ, ਭਾਈ ਵੀਰ ਸਿੰਘ ਜੀ ਨੇ, ਪ੍ਰਿੰਸੀਪਲ ਸਾਹਿਬ ਸਿੰਘ ਜੀ ਨੇ, ਗਿਆਨੀ ਹਰਬੰਸ ਸਿੰਘ ਨੇ।ਫਿਰ ਅਨਮਤੀਆਂ ਨੇ ਕੀਤੇ ਨੇ, ਸੰਤ ਵਿਨੋਬਾਭਾਵੇ ਦਾ ਜਪੁਜੀ ਦਾ ਟੀਕਾ ਹੈ, ਅਚਾਰੀਆ ਰਜਨੀਸ਼ ਦਾ ਟੀਕਾ ਹੈ ਔਰ ਇਸ ਤੋਂ ਇਲਾਵਾ ਸੁਆਮੀ ਕਰਿਸ਼ਨਾ ਨੰਦ ਦਾ ਟੀਕਾ ਹੈ।ਇੱਕ ਟੀਕਾ ਦੂਜੇ ਨਾਲ ਮੇਲ ਨਹੀਂ ਖਾਂਦਾ.......ਕਾਰਣ ਕੀ ਹੈ? ਇੱਕ ਅਰਥ ਨਹੀਂ ਹਨ।'ਆਪੁ ਆਪਨੀ ਬੁਧਿ ਹੈ ਜੇਤੀ॥ਬਰਨਤ ਭਿੰਨ ਭਿੰਨ ਤੁਹਿ ਤੇਤੀ॥'[20] ਸ਼ਬਦ ਇੱਕ ਸਾਗਰ ਦੀ ਤਰਹ ਹੈ।ਜਿਤਨਾ ਕੋਈ ਗਹਿਰਾ ਜਾਂਦਾ ਹੈ, ਹੋਰ ਹੋਰ ਮੋਤੀ ਉਸ ਨੂੰ ਮਿਲਦੇ ਜਾਂਦੇ ਹਨ।ਇਸ ਗਿਆਨ ਦੀ ਕੋਈ ਸੀਮਾ ਨਹੀਂ, ਇਸ ਅਰਥ ਦੀ ਕੋਈ ਸੀਮਾ ਨਹੀਂ।[21]

ਇਸੇ ਲਈ ਗਿਆਨੀ ਸੰਤ ਸਿੰਘ ਮਸਕੀਨ ਜੀ ਨੇ ਸਿੱਖ-ਮਤ ਦੀਆਂ ਤਾਤਵਿਕ ਸੱਚਾਈਆਂ ਨੂੰ ਉਜਾਗਰ ਕਰਨ ਲਈ ਸੰਪੂਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਆਖਿਆ ਕਰਨ ਦੀ ਬਜਾਏ ਗੁਰਬਾਣੀ ਦੇ ਸਿਧਾਂਤ ਨਿਸ਼ਚਿਤ ਕਰਨ ਦਾ ਮਾਰਗ਼ ਪ੍ਰਮੁੱਖ ਰੂਪ ਵਿੱਚ ਚੁਣਿਆ ਕਿਉਂਕਿ ਬਾਣੀਕਾਰਾਂ ਨੇ ਜਿਨ੍ਹਾਂ ਸਿਧਾਂਤਾਂ ਦਾ ਲਗਭਗ ਹਰੇਕ ਬਾਣੀ ਵਿੱਚ ਪ੍ਰਤੀਪਾਦਨ ਕੀਤਾ ਹੈ, ਉਨ੍ਹਾਂ ਸਿਧਾਂਤਾਂ ਨੂੰ ਸਮਝਣਾ ਹੀ ਬਾਣੀ ਰਚਣ ਦਾ ਉਦੇਸ਼ ਹੈ।ਗੁਰਮਤਿ ਦੇ ਸਿਧਾਂਤ ਨਿਸ਼ਚਿਤ ਕਰਨ ਤੋਂ ਇਲਾਵਾ ਉਨ੍ਹਾਂ ਨੇ ਜਿਨ੍ਹਾਂ ਪ੍ਰਮੁੱਖ ਬਾਣੀਆਂ ਦੀ ਵਿਆਖਿਆ ਕੀਤੀ ਹੈ, ਉਨ੍ਹਾਂ ਬਾਰੇ ਓਹ ਆਪਣੀ ਇੱਕ ਕਥਾ ਦੌਰਾਨ ਦੱਸਦੇ ਹਨ:

> ...ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਾਰੀਆਂ ਵੱਡੀਆਂ ਬਾਣੀਆਂ ਦੀਆਂ ਕਥਾਵਾਂ ਮੈਂ ਤਕਰੀਬਨ ਤਕਰੀਬਨ ਵੱਡੇ ਸ਼ਹਿਰਾਂ ਵਿੱਚ ਕਰ ਚੁੱਕਿਆ, ਜਪੁ ਜੀ ਸਾਹਿਬ, ਸਿੱਧ ਗੋਸਟਿ, ਬਾਰਾਮਾਹ, ਸਹਸਕ੍ਰਿਤੀ ਸਲੋਕ, ਪੁਨਹੇ ਛੰਦ, ਭੱਟਾਂ

> ਦੇ ਸਵੱਈਏ, ਗਾਥਾ, ਆਸਾ ਦੀ ਵਾਰ, ਇਹ ਲੰਬੀਆਂ ਕਥਾਵਾਂ ਸਾਰੀਆਂ ਕੀਤੀਆਂ ਨੇ।[22]

ਉਪਰੋਕਤ ਤੋਂ ਇਲਾਵਾ ਉਨ੍ਹਾਂ ਨੇ ਜਾਪੁ ਸਾਹਿਬ, ਸੋਰਠਿ ਕੀ ਵਾਰ, ਚਾਰ ਪਹਿਰੇ, ਸੂਹੀ ਮਹਲਾ ੪ (ਲਾਵਾਂ), ਸਲੋਕ ਭਗਤ ਕਬੀਰ ਅਤੇ ਸਲੋਕ ਭਗਤ ਫਰੀਦ ਆਦਿ ਬਾਣੀਆਂ ਦੀ ਕਥਾ ਵੀ ਕੀਤੀ ਹੈ।ਹਾਲਾਂਕਿ ਗੁਰਦੁਆਰਿਆਂ ਵਿੱਚ ਉਹ ਗੁਰਬਾਣੀ ਦੀ ਲੜੀਵਾਰ ਕਥਾ ਰਾਹੀਂ ਸੰਪੂਰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਆਖਿਆ ਵੀ ਕਰਦੇ ਸਨ।ਜਿਸ ਬਾਰੇ ਪ੍ਰਾਪਤ ਉਨ੍ਹਾਂ ਦੇ ਕਥਨ ਅਨੁਸਾਰ:

> ਦਿੱਲੀ ਵਿੱਚ ਗੁਰਦੁਆਰਾ ਬੰਗਲਾ ਸਾਹਿਬ, ਸੀਸ ਗੰਜ ਸਾਹਿਬ ਵਿਖੇ ਲੜੀਵਾਰ ਕਥਾ ਚੱਲਦੀ ਹੈ - ਜਪੁਜੀ ਸਾਹਿਬ ਤੋਂ ਲੈ ਕੇ ਰਾਗਮਾਲਾ ਤੱਕ।ਪੰਝੀ ਸਾਲਾਂ ਤੋਂ ਬਾਅਦ ਉੱਥੇ ਸਮਾਪਤੀ ਹੋਈ ਏ।ਦਾਸ ਨੇ ਗੁਰੂ ਕਿਰਪਾ ਨਾਲ ਪੰਝੀ ਕੁ ਸਾਲ ਪਹਿਲਾਂ ਆਰੰਭ ਕੀਤੀ ਸੀ।ਤਿੰਨ ਚਾਰ ਮਹੀਨੇ ਪਹਿਲੇ ਸੀਸ ਗੰਜ ਸਾਹਿਬ ਵਿਖੇ ਰਾਗਮਾਲਾ ਤੇ ਸਮਾਪਤ ਹੋਈ।ਬੰਗਲਾ ਸਾਹਿਬ ਵਿਖੇ ਵੀ ਇੱਕ ਮਹੀਨਾ ਪਹਿਲੇ ਸਮਾਪਤ ਹੋਈ ਏ।ਉੱਥੇ ਵੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਸਾਰੀ ਕਥਾ ਨੂੰ ਸੰਪੂਰਨ ਕਰਨ ਲੱਗਿਆਂ ਗਾਲਬਨ ਪੰਝੀ ਛੱਬੀ ਸਾਲ ਲੱਗੇ ਨੇ।ਅਨੇਕਾਂ ਗਿਆਨੀ ਆਉਂਦੇ ਰਹੇ, ਵਾਰੀ ਵਾਰੀ ਪੰਦਰਾਂ ਵੀਹ ਦਿਨ, ਮਹੀਨਾ, ਇਸ ਤਰ੍ਹਾਂ ਰੋਜ਼ ਲੜੀਵਾਰ ਕਥਾ ਚੱਲਦੀ ਰਹੀ।ਪੰਝੀ ਸਾਲਾਂ ਤੋਂ ਬਾਅਦ ਸਮਾਪਤ ਹੋਈ।[23]

ਸੋ ਗਿਆਨੀ ਸੰਤ ਸਿੰਘ ਮਸਕੀਨ ਜੀ ਨੇ ਜਿੱਥੇ ਪ੍ਰਮੁੱਖ ਤੌਰ ਤੇ ਗੁਰ-ਸਿਧਾਂਤ ਦ੍ਰਿੜ ਕਰਵਾ ਕੇ ਗੁਰਮਤਿ ਦੀ ਵਿਆਖਿਆ ਕੀਤੀ ਉੱਥੇ ਸੰਪੂਰਨ ਗੁਰਬਾਣੀ ਅਤੇ ਵਿਸ਼ੇਸ਼ ਤੌਰ ਤੇ ਪ੍ਰਮੁੱਖ ਲੰਮੀਆਂ ਬਾਣੀਆਂ ਦੀ ਵਿਸਤ੍ਰਿਤ ਵਿਆਖਿਆ ਵੀ ਕੀਤੀ।ਇੱਥੇ ਉਨ੍ਹਾਂ ਦੀ ਵਿਆਖਿਆਕਾਰੀ ਦੇ ਪ੍ਰਮਾਣ ਵਜੋਂ 'ਜਪੁ ਜੀ', 'ਆਸਾ ਦੀ ਵਾਰ' ਅਤੇ 'ਬਾਰਹਮਾਹਾ' ਬਾਣੀਆਂ ਵਿੱਚੋਂ ਕੁਝ ਪ੍ਰਮੁੱਖ ਸੰਕਲਪਾਂ ਦਾ ਅਧਿਐਨ ਕਰਦੇ ਹਾਂ:

## ‘ਜਪੁ ਜੀ’ ਦੀ ਵਿਆਖਿਆ ਦਾ ਸੰਕਲਪੀ ਅਧਿਐਨ:

ਗੁਰੂ ਨਾਨਕ ਦੇਵ ਜੀ ਦੀ ਰਚਨਾ ‘ਜਪੁ ਜੀ’ ਸਮੁੱਚੀ ਸਿੱਖ ਅਧਿਆਤਮਕਤਾ ਅਤੇ ਦੈਵੀ ਅਨੁਭਵ ਦਾ ਸੰਪੂਰਨ ਸਾਰ ਜਾਂ ਸਿਖ਼ਰ ਹੈ ਜਿਸ ਨੂੰ ਕਿਸੇ ਵੀ ਇਕਹਿਰੇ ਅਧਿਐਨ ਰਾਹੀਂ ਸਮਝਣਾ ਅਤਿ ਕਠਿਨ ਹੈ।ਇਹੀ ਕਾਰਨ ਹੈ ਕਿ ਸਿੱਖੀ ਦੀ ਵਿਆਖਿਆ ਦੇ ਮਨੋਰਥ ਨਾਲ ਲਗਭਗ ਹਰੇਕ ਸਿੱਖ ਵਿਆਖਿਆਕਾਰ ਨੇ ਜਪੁ ਜੀ ਦੀ ਵਿਆਖਿਆ ਕੀਤੀ ਹੈ।ਜਪੁ ਜੀ ਵਿਆਖਿਆ ਦੇ ਹੁਣ ਤੱਕ ਹੋਏ 400 ਤੋਂ ਉੱਤੇ ਅਜਿਹੇ ਯਤਨ ਇਸ ਤੱਥ ਦੀ ਪੁਸ਼ਟੀ ਕਰਦੇ ਹਨ।[24] ਇਹ ਵੀ ਸੱਚ ਹੈ ਕਿ ਕਿਸੇ ਵੀ ਵਿਆਖਿਆਕਾਰ ਦੁਆਰਾ ਆਪਣੀ ਛਾਪ ਛੱਡੇ ਬਿਨਾਂ ਵਿਆਖਿਆ ਨਹੀਂ ਕੀਤੀ ਗਈ।ਇਸੇ ਲਈ ਹੀ ਹੁਣ ਤੱਕ ਮਨੁੱਖੀ ਬੁੱਧੀ ਗੁਰਬਾਣੀ ਦੇ ਅੰਤਿਮ ਅਰਥ ਕਰਨ ਦੇ ਸਮਰੱਥ ਨਹੀਂ ਹੋ ਸਕੀ ਪ੍ਰੰਤੂ ਫਿਰ ਵੀ ਹਰ ਵਿਆਖਿਆ ਆਪੋ-ਆਪਣੇ ਸਮੇਂ ਮੁਤਾਬਕ ਵੱਧ ਤੋਂ ਵੱਧ ਸਾਰਥਕਤਾ ਦਰਸਾਉਂਦੀ ਹੈ।ਅਜਿਹੇ ਹੀ ਮੰਤਵ ਨਾਲ ਇੱਥੇ ਅਸੀਂ ਸੋਢੀ ਹਰਿ ਜੀ ਦੇ ‘ਜਪ ਪਰਮਾਰਥ’, ਭਾਈ ਗੁਰਦਾਸ ਦੀਆਂ ਵਾਰਾਂ, ਵਿਨੋਬਾ ਭਾਵੇ ਦੇ ‘ਜਪੁ ਜੀ ਗੁਰੂ ਨਾਨਕ’. ਅਚਾਰੀਆ ਰਜਨੀਸ਼ ਓਸ਼ੋ ਦੇ ‘੧ੳ ਸਤਿਨਾਮ’ ਅਤੇ ਪ੍ਰਮੁੱਖ ਨਿਰਮਲੇ ਵਿਦਵਾਨਾਂ ਦੀ ਜਪੁ ਜੀ ਵਿਆਖਿਆ ਦੇ ਸੰਦਰਭ ਵਿੱਚ ਸੰਤ ਸਿੰਘ ਮਸਕੀਨ ਜੀ ਦੀ ਜਪੁ ਜੀ ਵਿਆਖਿਆ ਦਾ ਸੰਕਲਪੀ ਅਧਿਐਨ ਕਰਾਂਗੇ।

ਡਾ. ਹਰਪਾਲ ਸਿੰਘ ਦੁਆਰਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਅਧੀਨ ਕੀਤੇ ਖੋਜ ਕਾਰਜ ਜਪੁ ਜੀ ਦੇ ਟੀਕੇ ਅਤੇ ਵਿਆਖਿਆਵਾਂ ਵਿੱਚ ਜਪੁ ਜੀ ਦਾ ਸਭ ਤੋਂ ਪਹਿਲਾ ਟੀਕਾ ਸੋਢੀ ਹਰਿ ਜੀ ਦੇ ‘ਜਪੁ-ਪਰਮਾਰਥ’ ਨੂੰ ਕਿਹਾ ਹੈ।[25] ਗੋਸ਼ਟ ਅਤੇ ਪ੍ਰਸ਼ਨੋਤਰੀ ਸ਼ੈਲੀ ਵਿੱਚ ਰਚੇ ਇਸ ਪਰਮਾਰਥ ਵਿੱਚ ਹਰੇਕ ਪਦ ਦੇ ਅਰਥ ਕਰਨ ਦੀ ਬਜਾਏ ਲੋੜ ਅਨੁਸਾਰ ਗੁਰਬਾਣੀ ਵਿੱਚ ਆਏ ਪ੍ਰਤੀਕਾਂ ਨੂੰ ਖੋਲ੍ਹ ਕੇ ਅਤੇ ਪੌਰਾਣਿਕ ਹਵਾਲੇ ਦੇ ਕੇ ਸਰਲ, ਸੰਖੇਪ ਤੇ ਸਪਸ਼ਟ ਅਰਥ ਕੀਤੇ ਗਏ ਹਨ।‘ਪੋਥੀ ਹਰਿ ਜੀ’, ‘ਆਦਿ ਸਾਖੀਆਂ’ ਅਤੇ ‘ਜਪੁ ਪਰਮਾਰਥ’ ਆਦਿ ਪੁਰਾਤਨ ਗ੍ਰੰਥ ਇਸ ਤੱਥ ਪ੍ਰਤੀ ਪੂਰਨ ਰੂਪ ਵਿੱਚ ਚੇਤੰਨ ਸਨ ਕਿ ਜਪੁ ਜੀ ਦੀ ਸੰਰਚਨਾ ਕਿੱਥੇ, ਕਦੋਂ ਅਤੇ ਕਿਨ੍ਹਾਂ ਹਾਲਤਾਂ ਨੂੰ ਮੁੱਖ ਰੱਖ ਕੇ ਕੀਤੀ ਗਈ? ਇਸ ਸੰਬੰਧੀ ਇਨ੍ਹਾਂ ਵਿੱਚੋਂ ਮਿਲੇ ਹਵਾਲਿਆਂ ਤੋਂ ਇਹ ਤੱਥ ਸਾਹਮਣੇ ਆਉਂਦੇ ਹਨ ਕਿ ਸਮੁੱਚਾ ਜਪੁ ਜੀ ਇੱਕ ਸਮੇਂ ਅਤੇ ਸਥਾਨ ਤੇ ਉਚਾਰਣ ਨਹੀਂ ਕੀਤਾ ਗਿਆ, ਸਗੋਂ ਵੱਖਰੇ-ਵੱਖਰੇ ਸਮਿਆਂ

ਤੇ ਵੱਖਰੇ-ਵੱਖਰੇ ਪ੍ਰਸੰਗਾਂ ਵਿੱਚ ਉਚਾਰਨ ਕੀਤੇ ਸ਼ਬਦਾਂ ਤੇ ਸਲੋਕਾਂ ਨੂੰ ਕਰਤਾਰਪੁਰ ਵਿੱਚ ਗੁਰੂ ਨਾਨਕ ਦੇਵ ਜੀ ਦੀ ਆਗਿਆ ਨਾਲ ਗੁਰੂ ਅੰਗਦ ਦੇਵ ਜੀ ਨੇ ਸੰਕਲਿਤ ਕੀਤਾ।[26] ਇਹ ਰਚਨਾ ਗੁਰੂ ਨਾਨਕ ਦੇਵ ਜੀ ਦੀ ਪ੍ਰੋੜ ਅਵਸਥਾ ਦੀ ਰਚਨਾ ਹੈ।[27] ਪੁਰਾਤਨ ਜਨਮਸਾਖੀ ਅਨੁਸਾਰ ਵੇਈਂ ਪ੍ਰਵੇਸ਼ ਸਮੇਂ 'ਮੂਲ-ਮੰਤਰ', 'ਆਦਿ ਸਚੁ.........ਭੀ ਸਚੁ' ਅਤੇ 22ਵੀਂ ਤੋਂ 27ਵੀਂ ਤੱਕ ਪਉੜੀਆਂ ਉਚਾਰੀਆਂ ਗਈਆਂ[28] ਪੋਥੀ ਹਰਿ ਜੀ ਅਨੁਸਾਰ ਜਪੁ ਜੀ ਦੀਆਂ ਪਉੜੀਆਂ 28 ਤੋਂ 38 ਤੱਕ 1521 ਈ. ਵਿੱਚ ਉਦਾਸੀਆਂ ਉਪਰੰਤ ਅਚਲ ਬਟਾਲੇ ਸਿੱਧਾਂ ਨਾਲ ਗੋਸਟਿ ਸਮੇਂ ਉਚਾਰੀਆਂ ਗਈਆਂ[29]।ਪਰਚੀਆਂ ਸੇਵਾ ਦਾਸ ਅਨੁਸਾਰ 'ਜਪੁ' ਸੁਮੇਰ ਪਰਬਤ ਤੇ ਸਿਧਾਂ ਨਾਲ ਗੋਸਟਿ ਸਮੇਂ ਉਚਾਰਿਆ ਗਿਆ[30] ਭਾਈ ਗੁਰਦਾਸ ਪਹਿਲੀ ਵਾਰ ਦੀ 38ਵੀਂ ਪਉੜੀ, ਛੇਵੀਂ ਵਾਰ ਦੀ ਤੀਜੀ ਪਉੜੀ ਅਤੇ ਛੱਬੀਵੀਂ ਵਾਰ ਦੀ ਚੌਥੀ ਪਉੜੀ ਵਿੱਚ ਕਰਤਾਰਪੁਰ ਦੀ ਨਿੱਤ ਮਰਯਾਦਾ ਦਾ ਬਿਆਨ ਕਰਦੇ ਹੋਏ ਆਖਦੇ ਹਨ ਕਿ ਜਦੋਂ ਗੁਰੂ ਜੀ ਆਪਣੀਆਂ ਉਦਾਸੀਆਂ ਪੂਰੀਆਂ ਕਰਕੇ ਲਗਾਤਾਰ 18 ਸਾਲ ਕਰਤਾਰਪੁਰ ਵਿੱਚ ਟਿਕਾਣਾ ਬਣਾ ਕੇ ਰਹੇ ਸਨ ਤਾਂ ਜਪੁ ਜੀ ਨਾ ਸਿਰਫ ਉਚਾਰਨ ਕੀਤਾ ਜਾ ਚੁੱਕਾ ਸੀ ਬਲਕਿ ਇਤਨਾ ਹਰਮਨ ਪਿਆਰਾ ਹੋ ਚੁੱਕਾ ਸੀ ਕਿ ਸਿੱਖ-ਸੰਗਤਾਂ ਵਿੱਚ ਇਸ ਦੇ ਨਿੱਤ ਪਾਠ ਕਰਨ ਦੀ ਮਰਯਾਦਾ ਵੀ ਤੁਰ ਪਈ ਸੀ[31]

ਫਿਰਿ ਬਾਬਾ ਆਇਆ ਕਰਤਾਰਪੁਰਿ

ਭੇਖੁ ਉਦਾਸੀ ਸਗਲ ਉਤਾਰਾ।

ਸੋਦਰੁ ਆਰਤੀ ਗਾਵੀਐ

ਅੰਮ੍ਰਿਤ ਵੇਲੇ ਜਪੁ ਉਚਾਰਾ।[32]

ਸੰਤ ਵਿਨੋਬਾ ਭਾਵੇ ਦੇ ਟੀਕੇ 'ਜਪੁ ਜੀ ਗੁਰੂ ਨਾਨਕ' ਦੀ ਭੂਮਿਕਾ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਆਪਣੀ ਅੰਤਲੀ ਅਵਸਥਾ ਵਿੱਚ ਰਚੀ ਸੂਤ੍ਰਾਤਮਕ ਬਾਣੀ 'ਜਪੁ ਜੀ' ਦੇ ਦੋ ਸਲੋਕਾਂ ਅਤੇ 38 ਪਉੜੀਆਂ ਵਿੱਚ ਕਾਫੀ ਵਿਆਪਕ ਦ੍ਰਿਸ਼ਟੀ ਤੋਂ ਧਰਮ ਦਾ ਸਾਰਾ ਸਾਰ ਰੱਖ ਦਿੱਤਾ ਹੈ।ਉਹ ਕਹਿੰਦੇ ਹਨ :

> ਚਿੰਤਨ ਨਾਲ ਗੁਰੂ ਨਾਨਕ ਦੇ ਬਚਨਾਂ ਦਾ ਅੰਤ੍ਰੀਵ ਭਾਵ ਪਤਾ ਲੱਗਦਾ ਹੈ।ਇਸ ਦਾ ਜਿੰਨਾ ਚਿੰਤਨ ਕਰੋ ਉਨਾ ਹੀ ਭਾਵ ਵਧੇਰੇ ਸਪਸ਼ਟ ਹੁੰਦਾ ਜਾਂਦਾ ਹੈ।[33]

ਦਾਰਸ਼ਨਿਕ ਦ੍ਰਿਸ਼ਟੀ ਤੋਂ ਉਪਨਿਸ਼ਦਾਂ ਅਤੇ ਗੀਤਾ ਨਾਲ ਇਸ ਦਾ ਤੁਲਨਾਤਮਕ ਅਧਿਐਨ ਕਰਦੇ ਹੋਏ ਵਿਨੋਬਾ ਭਾਵੇ ਆਖਦੇ ਹਨ ਕਿ ਇਸ ਦੀਆਂ 38 ਪਉੜੀਆਂ ਗੀਤਾ ਦੇ ਲਗਭਗ 160 ਅਨੁਸ਼ਟੁਪ ਛੰਦਾਂ ਦੇ ਬਰਾਬਰ ਹਨ।[34] ਉਨ੍ਹਾਂ ਨੇ ਆਪਣੇ ਚਿੰਤਨ ਲਈ ਜਪੁ ਜੀ ਨੂੰ ਚਾਰ ਹਿੱਸਿਆਂ/ਅਧਿਆਇਆਂ ਵਿੱਚ ਵੰਡ ਲਿਆ ਹੈ।ਪਹਿਲੇ ਅਧਿਆਇ ਵਿੱਚ ਮੂਲ ਮੰਤਰ ਅਤੇ ਪਹਿਲੀਆਂ ਸੱਤ ਪਉੜੀਆਂ ਹਨ ਜਿਸ ਦਾ ਮੁੱਖ ਵਿਸ਼ਾ ਚੌਥੀ ਪਉੜੀ ਵਿੱਚ ਸੱਚ ਸਰੂਪ ਦੇ ਸੱਚੇ ਨਾਮ ਦਾ ਗੁਣਗਾਨ ਕਰਨਾ ਹੈ।ਦੂਜਾ ਅਧਿਆਇ ਉਨ੍ਹਾਂ ਨੇ 8ਵੀਂ ਪਉੜੀ ਤੋਂ 19ਵੀਂ ਪਉੜੀ ਤੱਕ ਮੰਨਿਆ ਹੈ।ਪ੍ਰਮੇਸ਼ਵਰ ਦੇ 'ਅਕਾਲ' ਨਾਮ ਨੂੰ ਸ਼ਬਦ ਸ਼ਕਤੀ ਦੁਆਰਾ ਸੁਣਨਾ ਅਤੇ ਭਾਓ ਕਰਕੇ ਮੰਨਣਾ ਹੀ ਉਪਨਿਸ਼ਦਾਂ ਵਿੱਚ ਲਿਖਿਆ ਨਿਧਿਆਸਨ ਹੈ ਜਿਸ ਦਾ ਅਰਥ ਹੈ ਪਰਮੇਸ਼ਵਰ ਦਾ ਸਾਖਿਆਤ ਅਨੁਭਵ ਕਰਨਾ।ਤੀਜੇ ਅਧਿਆਇ ਭਾਵ 19ਵੀਂ ਤੋਂ 27ਵੀਂ ਪਉੜੀ ਤੱਕ ਭਗਵਾਨ ਦੀ ਵੱਡੀ ਮਹਿਮਾ ਦਾ ਗੁਣਗਾਨ ਕਰਕੇ ਉਸ ਵਿੱਚ ਲੀਨ ਹੋ ਜਾਣ ਨੂੰ ਆਖਿਆ ਗਿਆ ਹੈ ਕਿਉਂਕਿ ਉਸ ਦੇ ਸਰੂਪ ਅਤੇ ਸ਼ਕਤੀਆਂ ਦਾ ਮੁਲਾਂਕਣ ਕਰਨਾ ਮਨੁੱਖੀ ਬੁੱਧੀ ਤੋਂ ਪਰ੍ਹੇ ਹੈ।ਚੌਥੇ ਅਧਿਆਇ ਵਿਚਲੀਆਂ ਅੰਤਿਮ 11 ਪਉੜੀਆਂ ਵਿੱਚ ਸਾਧਨਾ ਪੱਖ ਦੇ ਪੜਾਵਾਂ ਦਾ ਜ਼ਿਕਰ ਕਰਦੇ ਹਨ ਜਿਨ੍ਹਾਂ ਵਿੱਚੋਂ ਲੰਘ ਕੇ ਪ੍ਰਮੇਸ਼ਵਰ ਦੀ ਕਿਰਪਾ ਦ੍ਰਿਸ਼ਟੀ ਪ੍ਰਾਪਤ ਹੋ ਜਾਵੇਗੀ।ਅੰਤਿਮ ਸਲੋਕ ਦੇ ਸਾਰ ਰੂਪ ਵਿੱਚ ਉਹ ਆਪਣੇ ਵਿਚਾਰ ਇੰਝ ਰੱਖਦੇ ਹਨ ਕਿ ਮਨੁੱਖ ਨੇ ਜਿਸ ਪ੍ਰਕਾਰ ਦਾ ਬੀਜ ਬੋਇਆ ਹੈ ਉਸੇ ਪ੍ਰਕਾਰ ਦਾ ਫਲ ਪ੍ਰਾਪਤ ਕਰੇਗਾ।[35] ਇਸ ਤਰ੍ਹਾਂ ਜਪੁਜੀ ਵਿਆਖਿਆ ਕਰਦੇ ਹੋਏ ਉਹ ਆਪਣੇ ਸਰਵ-ਧਰਮ ਅਧਿਐਨ ਦੇ ਗਿਆਨ ਵਜੋਂ ਗੁਰਮਤਿ ਅਧਿਆਤਮਕ ਵਿਚਾਰਧਾਰਾ ਦੀ ਤੁਲਨਾਤਮਕ ਵਿਆਖਿਆ ਕਰਦੇ ਨਜ਼ਰ ਆਉਂਦੇ ਹਨ।

ਅਚਾਰੀਆ ਰਜਨੀਸ਼ ਓਸ਼ੋ ਨੇ ਆਪਣੇ 20 ਮੌਖਿਕ ਪ੍ਰਵਚਨਾਂ ਵਿੱਚ ਜਪੁਜੀ ਦਾ ਟੀਕਾ ਕੀਤਾ ਹੈ ਜੋ '੧ਓ ਸਤਿਨਾਮ' ਨਾਂ ਹੇਠ ਛਪਿਆ ਹੈ।ਉਨ੍ਹਾਂ ਅਨੁਸਾਰ:

> ੧ਓ ਸਤਿਨਾਮ' ਸਿੱਖ ਧਰਮ ਦਾ ਫਲਸਫਾ ਹੈ। ਸੱਚ ਤਾਂ ਇਹ ਹੈ ਕਿ ਪੂਰਾ ਸਿੱਖ ਧਰਮ ਇਨ੍ਹਾਂ ਤਿੰਨਾਂ ਸ਼ਬਦਾਂ 'ਚ ਹੀ

> ਸਮਾਪਤ ਹੋ ਜਾਂਦਾ ਹੈ।...ਅੱਗੇ ਫਿਰ ਇਨ੍ਹਾਂ ਤਿੰਨਾਂ ਸ਼ਬਦਾਂ ਦਾ ਫੈਲਾਓ ਹੀ ਹੈ, ਵਰਨਾ ਮੰਤ੍ਰ ਤਾਂ ਪੂਰਾ ਹੋ ਗਿਆ।[36]

ਦਰਸ਼ਨ ਵੇਤਾ ਓਸ਼ੋ ਵਿਆਖਿਆ ਦੌਰਾਨ ਗੁਰੂ ਨਾਨਕ ਦੇਵ ਸੰਬੰਧੀ ਸਾਖੀਆਂ ਤੋਂ ਇਲਾਵਾ ਹਿੰਦੂ, ਬੋਧ, ਜੈਨ, ਕਬੀਰ ਅਤੇ ਕ੍ਰਿਸ਼ਨ ਆਦਿ ਦੇ ਸੰਦਰਭ ਦੇਣ ਵਿੱਚ ਇਸ ਤਰ੍ਹਾਂ ਖਚਿਤ ਹੋ ਜਾਂਦੇ ਹਨ ਕਿ ਪਉੜੀਆਂ ਦੀ ਨਿਰੰਤਰਤਾ ਅਤੇ ਕ੍ਰਮਬੱਧਤਾ ਨੂੰ ਖਿੰਡਾ ਦਿੰਦੇ ਹਨ ਪ੍ਰਮਾਣ ਵਜੋਂ ਸੱਤਵੀਂ ਪਉੜੀ ਦੀ ਵਿਆਖਿਆ ਕਰਦਿਆਂ ਹੋਇਆਂ ਵਿੱਚ ਹੀ ਛੇਵੀਂ ਪਉੜੀ ਦੀਆਂ ਤੁਕਾਂ ਦੀ ਵਿਆਖਿਆ ਕਰਦੇ ਜਾਂਦੇ ਹਨ।[37] ਜਿਸ ਨਾਲ ਗੁਰਬਾਣੀ ਦੀ ਵਿਚਾਰ ਲੜੀ ਦੀ ਉਸਾਰੀ ਨਹੀਂ ਹੁੰਦੀ।ਉਨ੍ਹਾਂ ਦੇ ਜਪੁਜੀ ਦੀਆਂ ਕਈ ਤੁਕਾਂ ਦੇ ਅਰਥ ਪਰੰਪਰਾਗਤ ਅਰਥਾਂ ਤੋਂ ਭਿੰਨ ਹਨ ਜਿਵੇਂ ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ਵਾਲੀ ਤੁੱਕ ਦੇ ਅਰਥ ਉਹ ਇੰਝ ਕਰਦੇ ਹਨ ਕਿ ਆਕਾਸ਼ ਹੀ ਆਕਾਸ਼ ਹੈ ਇੱਕ ਹੀ ਆਕਾਸ਼ ਅਨੰਤ ਹੋ ਜਾਂਦਾ ਹੈ।[38] ਪ੍ਰੋ. ਸਾਹਿਬ ਸਿੰਘ ਇਸੇ ਤੁਕ ਦੇ ਅਰਥ ਇੰਝ ਕਰਦੇ ਹਨ ਕਿ ਪਾਤਾਲਾਂ ਦੇ ਹੇਠ ਹੋਰ ਪਾਤਾਲ ਹਨ ਤੇ ਆਕਾਸਾਂ ਦੇ ਉੱਤੇ ਹੋਰ ਆਕਾਸ ਹਨ।[39] ਇਸੇ ਤੁੱਕ ਦੇ ਅਰਥ ਕਰਦਿਆਂ ਰਤਨ ਸਿੰਘ ਜੱਗੀ ਆਖਦੇ ਹਨ ਕਿ ਪਾਤਾਲਾਂ ਤੋਂ ਅੱਗੇ ਲੱਖ ਹੋਰ ਪਾਤਾਲ ਹਨ ਅਤੇ ਆਕਾਸ਼ ਤੋਂ ਅੱਗੇ ਲੱਖਾਂ ਹੋਰ ਆਕਾਸ਼ ਹਨ।[40] ਇਸੇ ਤਰ੍ਹਾਂ ਅੱਗੇ 'ਪੰਚਾ' ਦਾ ਅਰਥ ਉਹ 'ਗਿਆਨ ਇੰਦਰੀਆਂ' ਅਤੇ 'ਭਾਣੇ' ਦਾ ਅਰਥ 'ਹੁਕਮ' ਕਰਦੇ ਹਨ।ਇੰਝ ਲਗਦਾ ਹੈ '੧ਓ ਸਤਿਨਾਮ' ਵਿੱਚ ਔਸ਼ੋ ਕਿਤੇ ਕਿਤੇ ਜਪੁ ਜੀ ਦੇ ਸੰਕਲਪਾਂ ਵਿੱਚ ਆਪਣੀ ਛਾਪ ਵਧੇਰੇ ਛੱਡ ਰਹੇ ਹਨ ਪ੍ਰੰਤੂ ਫਿਰ ਵੀ ਉਹ ਜਪੁਜੀ ਵਿਚਲੇ ਸਿੱਖ ਅਧਿਆਤਮਕ ਅਤੇ ਵਿਚਾਰਧਾਰਕ ਸੰਕਲਪਾਂ ਨੂੰ ਆਪਣੇ ਬਹੁਪੱਖੀ ਗਿਆਨ ਨਾਲ ਬਾਖੂਬੀ ਪੇਸ਼ ਕਰਦੇ ਹਨ।

ਨਿਰਮਲਾ ਸੰਪ੍ਰਦਾਇ ਨਾਲ ਸੰਬੰਧਤ ਕਵੀ ਸੰਤੋਖ ਸਿੰਘ ਦਾ ਸਾਧ ਭਾਸ਼ਾ ਵਾਰਤਕ ਵਿੱਚ ਲਿਖਿਆ ਅਲੰਕਾਰ ਯੁਕਤ ਜਪੁਜੀ ਟੀਕਾ 'ਗਰਬ ਗੰਜਨੀ' ਗੁਰਮਤਿ ਦੇ ਸਿਧਾਂਤਾਂ ਨੂੰ ਉਸ ਸਮੇਂ ਦੇ ਪ੍ਰਚਲਿਤ ਸ਼ਾਸਤ੍ਰੀ ਤਰੀਕੇ ਅਨੁਸਾਰ ਦਰਸਾਉਂਦਾ ਹੈ ਜਦੋਂ ਕਿ ਨਿਰਮਲੇ ਵਿਦਵਾਨ ਤਾਰਾ ਸਿੰਘ ਨਰੋਤਮ ਨੇ ਜਪੁਜੀ ਦੀ ਵਿਆਖਿਆ ਸ਼ਬਦਾਰਥ ਅਤੇ ਭਾਵਾਰਥ ਦੋਹਾਂ ਮਾਧਿਅਮਾਂ ਰਾਹੀਂ 'ਗੁਰੂਭਾਵ ਦੀਪਿਕਾ' ਵਿੱਚ ਅਦ੍ਵੈਤਪਰਕ ਦ੍ਰਿਸ਼ਟੀਕੋਣ ਤੋਂ ਕੀਤੀ ਹੈ।ਪੁਰਾਤਨ ਭਾਰਤੀ ਸ਼ਾਸਤਰਾਂ ਦੇ ਪ੍ਰਭਾਵ ਅਧੀਨ ਹੀ ਇਨ੍ਹਾਂ ਨਿਰਮਲੇ ਵਿਦਵਾਨਾਂ ਨੇ 'ਜਪੁਜੀ' ਨੂੰ 'ਪੰਜਵਾਂ ਵੇਦ' ਆਖਿਆ ਹੈ ਕਿਉਂਕਿ ਵੇਦਾਂ ਵਿਚਲੇ ਸੂਤਰਬੱਧ ਗਿਆਨ ਦੀ

ਤਰ੍ਹਾਂ ਹੀ ਜਪੁਜੀ ਦੀ ਵੀ ਹਰੇਕ ਪਾਉੜੀ ਅਜਿਹੇ ਸੂਤਰਾਤਮਕ ਗਿਆਨ ਨੂੰ ਪੇਸ਼ ਕਰਦੀ ਹੋਈ ਦੈਵੀ ਰਚਨਾ ਹੈ ਜੋ ਦੁਨਿਆਵੀ ਤੇ ਕਿਤਾਬੀ ਗਿਆਨ ਨਹੀਂ, ਸਗੋਂ ਅਗੰਮੀ ਬ੍ਰਹਮ ਗਿਆਨ ਹੈ।ਇਸ ਪਰਿਪੇਖ ਵਿੱਚ ਸੰਤ ਸਿੰਘ ਮਸਕੀਨ ਜੀ ਕਹਿੰਦੇ ਹਨ:

> ਇੱਕ ਗੱਲ ਆਪ ਚੇਤੇ ਰੱਖਣਾ ਕਿ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਸਾਰੇ ਸ਼ਬਦ ਅਗੰਮੀ ਅਵਸਥਾ ਵਿੱਚ ਉਚਾਰਣ ਕੀਤੇ ਹੋਏ ਹਨ।ਇਹ ਅਗੰਮੀ ਵਿਚਾਰਾਂ ਹਨ।ਜਿਸ ਢੰਗ ਨਾਲ ਸੌਖਾ ਤੇ ਸਰਲ ਅਸੀਂ ਸਮਝ ਲੈਂਦੇ ਹਾਂ, ਇਤਨਾ ਨਹੀਂ ਹੈ। ਸੌਖਾ ਸ਼ਬਦ ਹੋ ਸਕਦਾ ਹੈ।ਸ਼ੈਲੀ ਨੂੰ ਸਮਝ ਲੈਣਾ, ਸ਼ਬਦਾਵਲੀ ਵਿਆਕਰਣ ਨੂੰ ਸਮਝ ਲੈਣਾ ਸੌਖਾ ਹੈ, ਪਰ ਭਾਵ ਨੂੰ ਸਮਝਣਾ ਔਖਾ ਹੈ।[41]

ਅਸਲ ਵਿੱਚ 'ਜਪੁ ਜੀ' ਸਾਮੂਹਿਕ ਅਪੀਲ ਵਾਲੀ ਸੂਤ੍ਰਿਕ ਸ਼ੈਲੀ ਵਿੱਚ ਲਿਖੀ ਹੋਈ ਉਹ ਸ਼ਾਹਕਾਰ ਰਚਨਾ ਹੈ ਜਿਸ ਵਿੱਚ ਗੁਰੂ ਨਾਨਕ ਦੇ ਦਾਰਸ਼ਨਿਕ ਅਤੇ ਅਧਿਆਤਮਕ ਵਿਚਾਰ ਬੀਜ ਰੂਪ ਵਿੱਚ ਮੌਜੂਦ ਹਨ।ਸੂਤ੍ਰਿਕ ਸ਼ੈਲੀ ਦਾ ਅਰਥ ਹੈ ਵੱਧ ਤੋਂ ਵੱਧ ਵਿਚਾਰਾਂ ਨੂੰ ਸਮੇਟ ਕੇ ਸੂਤ੍ਰ ਰੂਪ ਵਿੱਚ ਥੋੜ੍ਹੇ ਤੋਂ ਥੋੜ੍ਹੇ ਸ਼ਬਦਾਂ ਵਿੱਚ ਕਹਿਣਾ।ਅਗੰਮੀ ਰਹੱਸਵਾਦੀ ਅਨੁਭਵ ਤੇ ਆਧਾਰਿਤ ਇਸ ਰਚਨਾ ਦੀ ਸ਼ਬਦਾਵਲੀ ਗੁਰਮਤਿ, ਵੈਦਿਕ ਮਤਿ, ਜੋਗਮਤਿ, ਜੈਨਮਤਿ ਅਤੇ ਇਸਲਾਮ ਆਦਿ ਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਹੈ ਜਿਸ ਵਿੱਚ ਅਰਬੀ, ਫਾਰਸੀ, ਸੰਸਕ੍ਰਿਤ, ਹਿੰਦੀ ਅਤੇ ਪੰਜਾਬੀ ਆਦਿ ਦੇ ਗੁੱਝੇ ਅਰਥਾਂ ਵਾਲੇ ਸ਼ਬਦ ਹਨ ਜਿਵੇਂ ਹੁਕਮ, ਰਜਾਈ, ਵਖਤੁ, ਕਾਦੀਆ, ਹਦੂਰਿ, ਸਾਬੂਣ, ਕਾਗਦਿ, ਸਿਰਠਿ, ਸਹਸ, ਸਮੁੰਦ ਆਦਿ।ਸੰਤ ਸਿੰਘ ਮਸਕੀਨ ਜੀ ਨੇ ਆਪਣੀ ਬਹੁ-ਦਿਸ਼ਾਵੀ ਅਤੇ ਬਹੁ-ਭਾਸ਼ਾਈ ਵਿਦਿਆ ਨਾਲ ਜਪੁ ਜੀ ਦੇ ਹਰੇਕ ਸ਼ਬਦ ਅਤੇ ਸੰਕਲਪ ਦੇ ਗੁੱਝੇ ਭੇਦ ਨੂੰ ਖੋਲ੍ਹਣ ਦਾ ਯਤਨ ਕੀਤਾ ਹੈ ਤਾਂ ਵੀ ਇੱਥੇ ਇਹ ਨਹੀਂ ਕਿਹਾ ਜਾ ਸਕਦਾ ਕਿ ਇਹ ਗੁਰੂ ਨਾਨਕ ਦੇ ਅਨੁਸਾਰੀ ਅੰਤਿਮ ਅਰਥ ਹਨ, ਪਰ ਹਰ ਜਗਿਆਸੂ ਦੇ ਹਿਰਦੇ ਨੂੰ ਗੁਰੂ-ਆਸ਼ੇ ਨਾਲ ਜੋੜਨ ਵੱਲ ਇਹ ਵੀ ਇੱਕ ਸਾਰਥਕ ਯਤਨ ਪ੍ਰਤੀਤ ਹੁੰਦਾ ਹੈ।

ਗਿਆਨੀ ਸੰਤ ਸਿੰਘ ਮਸਕੀਨ ਜੀ ਦੁਆਰਾ ਮੌਖਿਕ ਰੂਪ ਵਿੱਚ ਭਿੰਨ ਭਿੰਨ ਸਮੇਂ ਤੇ ਕੀਤੀ ਗਈ 'ਜਪੁਜੀ' ਬਾਣੀ ਦੀ ਵਿਆਖਿਆ ਉਨ੍ਹਾਂ ਦੇ ਜੀਵਨ-ਉਪਰੰਤ 'ਜਪੁ-ਧਾਰਾ'

ਅਤੇ 'ਜਪੁ ਨੀਸਾਣੁ' ਸਿਰਲੇਖ ਹੇਠ ਦੋ ਵੱਖੋ-ਵੱਖਰੀਆਂ ਪੁਸਤਕਾਂ ਦੇ ਰੂਪ ਵਿੱਚ ਛਪੀ ਹੈ।'ਜਪ ਧਾਰਾ' ਦੇ ਅੰਦਰਲੀ ਗਵਾਹੀ ਤੋਂ ਪਤਾ ਲਗਦਾ ਹੈ ਕਿ ਮੌਖਿਕ ਵਿਆਖਿਆ-ਪ੍ਰਵਚਨਾਂ ਦਾ ਇਹ ਸੰਗ੍ਰਹਿ ਉਨ੍ਹਾਂ ਦੀ ਕਥਾ ਦੇ ਆਰੰਭਿਕ ਦਿਨਾਂ ਵਿੱਚ ਕੀਤੀ ਜਪੁ ਜੀ ਦੀ ਵਿਆਖਿਆ ਹੈ ਜੋ ਕਿ 'ਜਪੁ' ਬਾਣੀ ਦੇ ਸੰਕਲਪਾਂ ਦੀ ਵਿਆਖਿਆ ਦੇ ਰੂਪ ਵਿੱਚ ਗਿਆਨ ਦਾ ਅਨੂਠਾ ਭੰਡਾਰ ਹੈ ਜਦੋਂ ਕਿ 'ਜਪੁ ਨੀਸਾਣੁ' ਪ੍ਰੌਢ ਅਵਸਥਾ ਵਿੱਚ ਕੀਤੀ ਜਪੁ ਜੀ ਦੀ ਇੱਕ ਵਿਸਤ੍ਰਿਤ ਵਿਆਖਿਆ ਹੈ।[42] 'ਜਪੁ ਨੀਸਾਣੁ' ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤਤਕਰੇ ਵਿੱਚ 'ਜਪੁ' ਬਾਣੀ ਦਾ ਦਿੱਤਾ ਹੋਇਆ ਸਿਰਲੇਖ ਹੈ।ਇੱਥੇ 'ਨੀਸਾਣੁ' ਪਦ ਦਾ ਅਰਥ 'ਨਿਸ਼ਾਨ', 'ਝੰਡਾ' ਜਾਂ 'ਪਰਵਾਨਾ' ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ 'ਨੀਸਾਣੁ' ਸ਼ਬਦ ਦੇ ਅਰਥ ਅੱਖਰ, ਲੇਖ, ਸਹੀ, ਦਸਤਖ਼ਤ, ਨਗਾਰਾ, ਧੌਂਸਾ, ਝੰਡਾ, ਚਿੰਨ੍ਹ ਆਦਿ ਕੀਤੇ ਹਨ।[43]

'ਜਪੁ ਨੀਸਾਣੁ' ਅਨੁਸਾਰ ਅਕਾਲ ਪੁਰਖ ਦਾ ਜਪੁ ਕਰਨ ਦੇ ਉਦੇਸ਼ ਦੁਆਲੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਾਰੀ ਵਿਚਾਰਧਾਰਾ ਪ੍ਰਕਰਮਾ ਕਰਦੀ ਹੈ।ਈਸ਼ਵਰ ਪ੍ਰਾਪਤੀ ਦਾ ਮੁੱਖ ਸਾਧਨ 'ਜਪੁ' ਹੀ ਹੈ।ਵੈਦਿਕ ਗ੍ਰੰਥਾਂ ਵਾਂਗ ਜਪੁਜੀ ਦਾ ਆਰੰਭ ਵੀ ਮੰਗਲਾਚਰਨ ਨਾਲ ਹੋਇਆ ਹੈ।ਗਿਆਨੀ ਸੰਤ ਸਿੰਘ ਮਸਕੀਨ ਜੀ ਦੇ ਸ਼ਬਦਾਂ ਵਿੱਚ:

> ਅਕਸਰ ਮੰਗਲ ਸੁਰਸਤੀ ਗਨੇਸ਼ ਦਾ ਹੀ ਕੀਤਾ ਜਾਂਦਾ ਸੀ।ਅਜਿਹਾ ਖਿਆਲ ਸੀ ਕਿ ਸਿੱਧੀ ਦਾਤਾ ਗਨੇਸ਼ ਹੈ ਅਤੇ ਬੁੱਧੀ ਦਾਤਾ ਸੁਰਸਤੀ ਹੈ।ਮਨੁੱਖ ਦੀਆਂ ਮੂਲ ਮੰਗਾਂ ਵੀ ਇਹ ਦੋਨੋਂ ਸਿੱਧੀ ਤੇ ਬੁੱਧੀ ਹਨ।ਸਿੱਧੀ ਵਿੱਚ ਜਗਤ ਦੇ ਸਾਰੇ ਪਦਾਰਥ ਆ ਜਾਂਦੇ ਹਨ ਅਤੇ ਬੁੱਧੀ ਦੇ ਵਿੱਚ ਬ੍ਰਹਿਮੰਡਲ ਦਾ ਸਾਰਾ ਗਿਆਨ ਆ ਜਾਂਦਾ ਹੈ।...ਮਨੁੱਖ ਸਭ ਕੁਝ ਪ੍ਰਾਪਤ ਹੀ ਨਹੀਂ ਕਰਨਾ ਚਾਹੁੰਦਾ, ਸਗੋਂ ਸਭ ਕੁਝ ਜਾਣਨਾ ਵੀ ਚਾਹੁੰਦਾ ਹੈ।...ਸਿਲਸਿਲੇਵਾਰ ਧਾਰਮਿਕ ਰੱਬੀ ਪੁਰਸ਼ਾਂ ਦੀ ਸੰਖਿਆ ਵਿੱਚ ਸਾਹਿਬ ਸ਼੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਆਗਮਨ ਹੋਇਆ।ਆਪ ਨੇ ਉਸ ਪਰੰਪਰਾ ਤੋਂ ਵੱਖ ਹੋ ਕੇ ਮੰਗਲ ਗਾਇਨ ਕੀਤਾ ਕਰਤੇ ਦਾ, ਕ੍ਰਿਤ ਦਾ ਨਹੀਂ।ਸਿੱਧ

> ਔਰ ਬੁੱਧ ਪ੍ਰਮਾਤਮਾ ਤੋਂ ਬਿਨਾਂ ਹੋਰ ਕਿਸੇ ਤੋਂ ਪ੍ਰਾਪਤ ਨਹੀਂ ਹੁੰਦਾ, ਇਹ ਗੁਰਮਤਿ ਦਾ ਮੂਲ ਮੰਤਰ ਮੰਨਿਆ ਜਾਂਦਾ ਹੈ।[44]

ਗਿਆਨੀ ਸੰਤ ਸਿੰਘ ਮਸਕੀਨ ਜੀ ਜਪੁ ਜੀ ਦੀ ਬਣਤਰ ਸੰਬੰਧੀ ਸਮੁੱਚੀ ਜਾਣਕਾਰੀ ਦੇਣ ਤੋਂ ਬਾਅਦ ਗੁਰਮਤਿ ਦੇ ਮੰਗਲਾ ਚਰਨ ਦੀ ਸੰਕਲਪੀ ਵਿਚਾਰਧਾਰਾ ਨੂੰ ਇਸ ਸੰਬੰਧੀ ਚੱਲੀ ਆ ਰਹੀ ਧਾਰਮਕ ਪਰੰਪਰਾ ਨਾਲੋਂ ਨਿਖੇੜ ਕੇ ਇਹ ਆਖ ਕੇ ਸ੍ਰੇਸ਼ਠ ਸਾਬਿਤ ਕਰਦੇ ਹਨ ਕਿ ਮੰਗਲਾਚਰਨ ਕਰਤੇ ਦਾ ਹੋਣਾ ਚਾਹੀਦਾ ਹੈ, ਕ੍ਰਿਤ ਦਾ ਨਹੀਂ।ਫਿਰ ਮੰਗਲਾਚਰਨ ਦੇ ਇੱਕ ਇੱਕ ਸ਼ਬਦ ਦੀ ਵਿਆਖਿਆ ਕਰਕੇ ਕਰਤੇ ਦਾ ਗਿਆਨ ਕਰਾਉਂਦੇ ਹਨ।ਇਸ ਪ੍ਰਕਾਰ ਉਹ ਜਪੁਜੀ ਦੇ ਆਰੰਭ ਦੀ ਵਿਆਖਿਆ ਇੱਕ ਨਿਵੇਕਲੇ ਦ੍ਰਿਸ਼ਟੀਕੋਣ ਤੋਂ ਕਰਦੇ ਹਨ।

'ਜਪੁ ਜੀ' ਇੱਕ ਅਜਿਹੀ ਬਾਣੀ ਹੈ ਜਿਸ ਵਿੱਚ ਕਿਤੇ ਵੀ ਰਹਾਉ ਦਾ ਲਿਖਤੀ ਸੰਕੇਤ ਤਾਂ ਮੌਜੂਦ ਨਹੀਂ, ਪਰ ਇਸ ਸਾਰੀ ਹੀ ਸੂਤ੍ਰਾਤਮਕ ਰਚਨਾ ਦੀ ਪ੍ਰਕਿਰਤੀ ਰਹਾਉ ਵਾਲੀ ਹੈ ਕਿਉਂਕਿ ਇਸ ਵਿੱਚ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਸਮੁੱਚੀ ਬਾਣੀ ਦਾ ਕੇਂਦਰੀ ਭਾਵ ਛੁਪਿਆ ਹੋਇਆ ਹੈ।ਜਪੁ ਜੀ ਬਾਣੀ ਦਾ ਕੇਂਦਰੀ ਭਾਵ ਹੇਠ ਲਿਖੀਆਂ ਦੋ ਤੁਕਾਂ ਵਿੱਚ ਸਮਾਇਆ ਹੋਇਆ ਹੈ:

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥

ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥[45]

ਸਚਿਆਰ ਬਣਨ ਲਈ ਉਸ ਪ੍ਰਮਾਤਮਾ ਦੇ ਹੁਕਮ ਭਾਵ ਨਿਯਮ ਮੁਤਾਬਕ ਚੱਲਣਾ ਜ਼ਰੂਰੀ ਹੈ ਸਾਰੇ ਖੰਡ, ਬ੍ਰਹਿਮੰਡ, ਗ੍ਰਹਿ, ਨਛੱਤਰ, ਪਹਾੜ, ਨਦੀਆਂ, ਬਨਸਪਤੀ, ਮਨੁੱਖ ਅਤੇ ਹੋਰ ਜੀਵਾਂ ਆਦਿ ਦਾ ਆਕਾਰ ਉਸ ਦੇ ਹੁਕਮ ਵਿੱਚ ਕਿਵੇਂ ਹੈ ਅਤੇ ਉਸ ਦੇ ਹੁਕਮ ਬਾਰੇ ਕਿਉਂ ਨਹੀਂ ਕੁਝ ਕਹਿਆ ਜਾ ਸਕਦਾ।ਇਸ ਬਾਰੇ ਪ੍ਰਮਾਣ ਵਜੋਂ ਉਹ ਇੱਕ ਤਰਕ ਸਾਹਮਣੇ ਰੱਖਦੇ ਹਨ:

> ਭਾਵੇਂ ਅਜੋਕੇ ਸਮੇਂ ਵਿੱਚ ਵਿਗਿਆਨ ਆਪਣੀ ਚਰਮ ਸੀਮਾ ਤੇ ਪਹੁੰਚਿਆ ਹੈ ਪਰ ਵਿਗਿਆਨ ਨੂੰ ਖ਼ੂਨ ਬਣਾਉਣ ਦੀ ਜਾਚ ਅਜੇ ਨਹੀਂ ਆਈ।...ਜੋ ਅੰਨ ਅਸੀਂ ਖਾਂਦੇ ਹਾਂ ਇਹ ਹੀ ਖ਼ੂਨ ਬਣਦਾ ਹੈ।ਸਾਰਾ ਅੰਨ ਪਾਣੀ ਵਿਗਿਆਨ ਦੇ ਅੱਗੇ

> ਰੱਖ ਦਿਉ ਤੇ ਆਖੋ ਕਿ ਇਸ ਦਾ ਖ਼ੂਨ ਬਣਾ ਦਿਉ, ਪਰ ਅਜੇ ਵਿਗਿਆਨ ਦੀ ਪਕੜ ਤੋਂ ਇਹ ਗੱਲ ਪਰ੍ਹੇ ਹੈ ਤਾਂ ਮੰਨਣਾ ਪਵੇਗਾ ਕਿ ਸਭ ਕੁਝ ਉਸ ਦੇ ਹੁਕਮ ਵਿੱਚ ਹੈ।ਜੋ ਕੁਝ ਬਣ ਰਿਹਾ ਹੈ, ਜੋ ਕੁਝ ਟਿਕਿਆ ਹੋਇਆ ਹੈ, ਜੋ ਕੁਝ ਚੱਲ ਰਿਹਾ ਹੈ, ਸਭ ਉਸ ਹੁਕਮੀ ਦੇ ਹੁਕਮ ਵਿੱਚ ਹੈ।[46]

ਉਸ ਦੇ ਹੁਕਮ ਨਾਲ ਹੀ ਜੀਵ ਪੈਦਾ ਹੁੰਦੇ ਹਨ ਤੇ ਸਭ ਕੁਝ ਉਸ ਦੇ ਹੁਕਮ ਦੇ ਮੁਤਾਬਕ ਹੀ ਹੋ ਰਿਹਾ ਹੈ ਜੇਕਰ ਉਸ ਦੇ ਇਸ ਹੁਕਮ ਜਾਂ ਨਿਯਮ ਨੂੰ ਸਮਝ ਲਿਆ ਜਾਵੇ ਤਾਂ ਮਨੁੱਖ ਦੀ ਹਉਮੈ ਖਤਮ ਹੋ ਜਾਵੇਗੀ ਭਾਵ ਜਿਸ ਦਿਨ ਇਹ ਪੂਰਨ ਬੋਧ ਹੋ ਜਾਏ ਕਿ ਸਭ ਕੁਝ ਉਸ ਪਰੀਪੂਰਨ ਪਰਮਾਤਮਾ ਦੁਆਰਾ ਹੋ ਰਿਹਾ ਹੈ, ਸਾਡੀ ਮਰਜ਼ੀ ਨਾਲ ਕੁਝ ਨਹੀਂ ਹੋ ਸਕਦਾ ਉਸ ਦਿਨ ਮਨੁੱਖ ਪਰਮ ਬਿਸਰਾਮ ਵਿੱਚ ਚਲਾ ਜਾਏਗਾ ਤੇ ਉਹ ਸਚਿਆਰ ਬਣ ਜਾਵੇਗਾ।ਇਸ ਸੰਬੰਧੀ ਇੱਕ ਦਲੀਲ ਦਿੰਦੇ ਹਨ:

> ਜਿਵੇਂ ਅਸੀਂ ਮਕਾਨ ਬਣਾਉਣਾ ਹੋਵੇ ਤਾਂ ਮਕਾਨ ਨੂੰ ਪੁੱਛਦੇ ਨਹੀਂ ਕਿ ਤੂੰ ਬਣਨਾ ਵੀ ਚਾਹੁੰਦਾ ਹੈਂ ਕਿ ਨਹੀਂ।ਇਸੇ ਤਰ੍ਹਾਂ ਅਸੀਂ ਮਕਾਨ ਢਾਹੁਣਾ ਹੈ ਤਾਂ ਮਕਾਨ ਕੋਲੋਂ ਪੁੱਛਦੇ ਨਹੀਂ ਕਿ ਤੂੰ ਢਹਿਣਾ ਵੀ ਚਾਹੁੰਦਾ ਹੈਂ ਕਿ ਨਹੀਂ।ਰੱਬ ਸਾਥੋਂ ਨਹੀਂ ਪੁੱਛਦਾ ਤੂੰ ਮਰਨਾ ਚਾਹੁੰਦਾ ਵੀ ਹੈ ਕਿ ਨਹੀਂ।ਇਹ ਜਨਮ ਮਰਨ ਸਾਡੇ ਵੱਸ ਨਹੀਂ।[47]

ਇਸ ਪ੍ਰਕਾਰ ਪ੍ਰਮਾਤਮਾ ਦੇ ਅਟੱਲ ਨਿਯਮਾਂ ਨੂੰ ਸਮਝਦੇ ਹੋਏ ਮਨੁੱਖ ਦੇ ਅੰਦਰ ਹਉਮੈ ਦਾ ਰਹਿਣਾ ਸੰਭਵ ਨਹੀਂ।ਸੰਤ ਸਿੰਘ ਮਸਕੀਨ ਜੀ ਅਨੁਸਾਰ ਜਪੁ ਜੀ ਦੇ ਰਹੱਸਵਾਦੀ ਅਗੰਮੀ ਅਨੁਭਵ ਨੂੰ ਜਾਣਨ ਦੀ ਆਰੰਭਤਾ ਸੁਣਨ ਅਤੇ ਭਾਉ ਕਰਕੇ ਮੰਨਣ ਦੇ ਸੰਕਲਪ ਤੋਂ ਹੁੰਦੀ ਹੈ।ਸੰਤ ਸਿੰਘ ਮਸਕੀਨ ਜੀ ਅਨੁਸਾਰ:

> ਸ਼ਬਦ ਦਾ ਰਸ ਜਦ ਕੰਨਾਂ ਰਾਹੀਂ ਅੰਦਰ ਪ੍ਰਵੇਸ਼ ਹੋ ਜਾਂਦਾ ਹੈ ਤਾਂ ਅੰਤਰ ਆਤਮੇ ਵਿੱਚ ਜਾਗ੍ਰਿਤੀ ਪੈਦਾ ਹੋ ਜਾਂਦੀ ਹੈ।ਪ੍ਰਮਾਤਮਾ ਦਾ ਨਾਮ ਸੁਣਨ ਵਾਲਾ ਹੀ ਸਹੀ ਅਰਥਾਂ ਵਿੱਚ ਗਿਆਨੀ ਹੁੰਦਾ ਹੈ ਕਿਉਂਕਿ ਗਿਆਨ ਉਸ ਦੇ ਅੰਦਰੋਂ ਪੈਦਾ

> ਹੁੰਦਾ ਹੈ। ਇਹ ਅੱਖਰੀ ਗਿਆਨ ਨਹੀਂ ਹੁੰਦਾ, ਇਹ ਗਿਆਨ ਤੋਤਾ ਰਟਨ ਨਹੀਂ ਹੁੰਦਾ। ਇਹ ਗਿਆਨ ਅਨੁਭਵ ਪ੍ਰਕਾਸ਼ ਹੁੰਦਾ ਹੈ ਜੋ ਜੀਵਨ ਦੇ ਗਹਿਰੇ ਤਲ ਵਿੱਚੋਂ ਪੈਦਾ ਹੁੰਦਾ ਹੈ। ਪ੍ਰਮਾਤਮਾ ਦਾ ਨਾਮ ਜਦ ਕੰਨਾਂ ਦੇ ਰਾਹੀਂ ਅੰਦਰ ਜਾਂਦਾ ਹੈ ਤਾਂ ਉਹ ਜਿਸ ਤੋਹਫੇ ਨਾਲ ਬਾਹਰ ਪ੍ਰਗਟ ਹੁੰਦਾ ਹੈ, ਉਹ ਸਤਿ ਹੈ, ਸੰਤੋਖ ਹੈ, ਗਿਆਨ ਹੈ।[48]

ਪਰ ਲੱਖਾਂ ਦੇ ਇਕੱਠ ਵਿੱਚ ਕੋਈ ਇੱਕ-ਅੱਧ ਹੀ ਸੁਣਨ ਵਾਲਾ ਹੁੰਦਾ ਹੈ ਤੇ ਸਾਰੀ ਸੁਣਨ ਦੀ ਸਾਧਨਾ ਮੰਨ ਲੈਣ ਵਾਸਤੇ ਹੈ, ਜੋ ਸੁਣ ਕੇ ਮੰਨ ਲੈਂਦਾ ਹੈ ਉਸ ਦੀ ਅਵਸਥਾ ਬਿਆਨ ਨਹੀਂ ਕੀਤੀ ਜਾ ਸਕਦੀ। ਸ੍ਰਿਸ਼ਟੀ ਦੇ ਸਤਿ ਸਰੂਪ ਰਚਨਹਾਰ ਨੇ ਆਪਣੇ ਇੱਕ ਬਚਨ ਜਾਂ ਹੁਕਮ ਨਾਲ ਸਮੂਹ ਖੰਡਾਂ-ਬ੍ਰਹਿਮੰਡਾਂ ਦਾ ਪਸਾਰਾ ਕਰ ਦਿੱਤਾ। ਕੀਤਾ ਪਸਾਉ ਏਕੋ ਕਵਾਉ॥[49] ਇੱਥੇ 'ਕਵਾਉ' ਸ਼ਬਦ ਦਾ ਵਿਸ਼ਲੇਸ਼ਣ ਕਰਦੇ ਹੋਏ ਉਹ ਆਖਦੇ ਹਨ:

> ਇਸਲਾਮ ਦੇ ਬਾਨੀ ਹਜ਼ਰਤ ਮੁਹੰਮਦ ਸਾਹਿਬ ਕਹਿੰਦੇ ਹਨ ਕਿ ਪ੍ਰਿਥਵੀ ਦੀ ਉਤਪੱਤੀ 'ਕੁੰਨ' ਸ਼ਬਦ ਉਚਾਰਣ ਨਾਲ ਹੋਈ। ਲੋਗੋ! ਇਸ ਨਾਮ ਦੀ ਧੁਨ ਵਿੱਚ ਸੰਸਾਰ ਦਾ ਪਸਾਰਾ ਹੋਇਆ, ਐਸਾ ਈਸਾਈ ਕਹਿੰਦੇ ਹਨ। ਉਸ ਦੀ ਧੁਨ ਹੋਈ ਜਗਤ ਬਣ ਗਿਆ, ਐਸਾ ਵੈਦਿਕ ਰਿਸ਼ੀ ਕਹਿੰਦੇ ਆਏ ਹਨ। ਉਸ ਆਕਾਰ ਦੀ ਦ੍ਰਿਸ਼ਟੀ ਤੋਂ ਸਾਰੀ ਸ੍ਰਿਸ਼ਟੀ ਬਣ ਗਈ, ਐਸਾ ਜੈਨੀਆਂ ਦਾ ਮਤ ਹੈ।...ਏਕੋ ਕਵਾਉ - ਇੱਕ ਬਚਨ ਤੋਂ, ਇੱਕ ਹੁਕਮ ਤੋਂ। ਕੀਤਾ ਪਸਾਉ - ਅਨੰਤ ਪਸਾਰਾ ਉਸ ਪ੍ਰਮਾਤਮਾ ਨੇ ਕੀਤਾ। ਇੱਕ ਕਵਾਉ ਹੋਇਆ, ਪਸਾਰਾ ਹੋ ਗਿਆ।[50]

ਸੋ ਇਸ ਪ੍ਰਕਾਰ ਸ੍ਰਿਸ਼ਟੀ ਦੀ ਰਚਨਾ ਦੇ ਸੰਕਲਪ ਨੂੰ ਮਸਕੀਨ ਜੀ ਇਸਲਾਮ, ਇਸਾਈ, ਵੈਦਿਕ ਅਤੇ ਜੈਨ ਆਦਿ ਮਤਾਂ ਦੁਆਰਾ ਸਮਝਾਉਂਦੇ ਹਨ। ਫਿਰ ਬ੍ਰਹਿਮੰਡ ਦੇ ਪਸਾਰੇ ਦੇ

ਸੰਕਲਪ ਨਾਲ ਕਰਤਾ ਪੁਰਖ ਦੀ ਹੋਂਦ ਸੰਬੰਧੀ ਰਹੱਸ ਉਜਾਗਰ ਕਰਦੇ ਹਨ ਕਿ ਸਿਰਜਨਹਾਰ ਕਿੱਡਾ ਵੱਡਾ ਹੈ? ਜਾਂ ਕਿਹੋ ਜਿਹਾ ਹੈ? ਇਹ ਤਾਂ ਮਨੁੱਖ ਨਹੀਂ ਲੱਭ ਸਕਿਆ ਕਿਉਂਕਿ 'ਏਤੀ ਸੁਰਤਿ ਨ ਪਾਈਆ॥ '[51] ਮਨੁੱਖ ਨੂੰ ਏਨੀ ਸੁਰਤਿ ਜਾਂ ਬੁੱਧੀ ਨਹੀਂ ਮਿਲੀ ਕਿ ਉਹ ਪਤਾ ਕਰ ਸਕੇ ਕਿ ਪ੍ਰਮਾਤਮਾ ਕਿੱਡਾ ਵੱਡਾ ਹੈ ਕਿਉਂਕਿ ਜੇ ਪ੍ਰਮਾਤਮਾ ਉਸ ਦੀ ਸਮਝ ਵਿੱਚ ਆ ਗਿਆ ਤਦ ਤਾਂ ਫਿਰ ਉਸ ਦੀ ਸਮਝ ਪ੍ਰਮਾਤਮਾ ਨਾਲੋਂ ਵੀ ਵੱਡੀ ਹੋ ਗਈ, ਨਾ ਕਿ ਪ੍ਰਮਾਤਮਾ ਉਸ ਦੀ ਸਮਝ ਨਾਲੋਂ ਵੱਡਾ ਹੈ।ਦਲੀਲ ਦਿੰਦੇ ਹੋਏ ਉਹ ਆਖਦੇ ਹਨ ਕਿ ਮੱਛੀ ਕਿਵੇਂ ਦੱਸ ਸਕਦੀ ਹੈ ਸਾਗਰ ਕਿਹੋ ਜਿਹਾ ਹੈ? ਤੇ ਕਿੱਡਾ ਵੱਡਾ ਹੈ?, 'ਤੂੰ ਦਰੀਆਉ ਦਾਨਾ ਬੀਨਾ ਮੈ ਮਛੁਲੀ ਕੈਸੇ ਅੰਤ ਲਹਾ॥ '[52], ਘੜਾ ਕਿਵੇਂ ਦੱਸ ਸਕਦਾ ਹੈ ਕਿ ਘੁਮਿਆਰ ਕਿਹੋ ਜਿਹਾ ਹੈ? ਵੈਦਿਕ ਮਿੱਥ ਦਾ ਹਵਾਲਾ ਦਿੰਦੇ ਹੋਏ ਉਹ ਹੋਰ ਸਮਝਾਉਂਦੇ ਹਨ ਕਿ ਸ਼ਾਸਤਰਾਂ ਅਨੁਸਾਰ ਪੰਡਿਤਾਂ ਦੇ ਸਿਰਮੌਰ ਪੰਡਿਤ, ਬ੍ਰਾਹਮਣਾਂ ਦੇ ਸਿਰਮੌਰ ਬ੍ਰਾਹਮਣ ਬ੍ਰਹਮਾ ਜੀ ਨੇ ਆਪਣੀ ਜ਼ਿੰਦਗੀ ਦੇ ਕੋਈ ਤਿੰਨ ਭਾਗ ਜਗਤ ਦਾ ਮੂਲ ਲੱਭਣ ਵਿੱਚ ਖ਼ਰਚ ਕਰ ਦਿੱਤੇ।ਗੁਰੂ ਨਾਨਕ ਜੀ ਜ਼ਿਕਰ ਕਰਦੇ ਹਨ :

ਨਾਲਿ ਕੁਟੰਬੁ ਸਾਥਿ ਵਰਦਾਤਾ ਬ੍ਰਹਮਾ ਭਾਲਣ ਸ੍ਰਿਸਟਿ ਗਇਆ॥

ਆਗੈ ਅੰਤੁ ਨ ਪਾਇਓ ਤਾ ਕਾ ਕੰਸੁ ਛੇਦਿ ਕਿਆ ਵਡਾ ਭਇਆ॥ [53]

ਬ੍ਰਹਮਾ ਸ੍ਰਿਸ਼ਟੀ ਦੀ ਭਾਲ ਵਿੱਚ ਗਿਆ।ਖੋਜਦਿਆਂ-ਖੋਜਦਿਆਂ ਬਿਰਧ ਹੋ ਗਿਆ। ਆਖ਼ਿਰ ਥੱਕ-ਹਾਰ ਕੇ ਕਹਿ ਦਿੱਤਾ ਨੇਤੀ, ਨੇਤੀ, ਨੇਤੀ ਭਾਵ ਬੇਅੰਤ, ਬੇਅੰਤ, ਬੇਅੰਤ।'ਕਿਆ ਹਉ ਕਥੀ ਕਥੀ ਕਥ ਦੇਖਾ ਅਕਥ ਨ ਕਥਨਾ ਜਾਈ॥[54]

ਸੋ ਇਸ ਪ੍ਰਕਾਰ ਜਪੁ ਜੀ ਵਿੱਚ ਆਏ ਸਾਰੇ ਸੰਕਲਪਾਂ ਦੀ ਵਿਆਖਿਆ ਗਿਆਨੀ ਸੰਤ ਸਿੰਘ ਮਸਕੀਨ ਜੀ ਗੁਰਮਤਿ ਅਨੁਸਾਰ, ਦਾਰਸ਼ਨਿਕ ਹਵਾਲਿਆਂ, ਦਲੀਲਾਂ, ਤਰਕਾਂ, ਗਾਥਾਵਾਂ ਅਤੇ ਪਾਰੰਪਰਿਕ ਮਿੱਥਾਂ ਆਦਿ ਦੁਆਰਾ ਬਹੁ-ਪ੍ਰਕਾਰੀ ਦ੍ਰਿਸ਼ਟੀਕੋਣ ਤੋਂ ਕਰਦੇ ਹਨ।ਗੁਰਬਾਣੀ ਦੇ ਅਬੋਧ ਗਿਆਨ ਨੂੰ ਜਗਿਆਸੂ ਦੀ ਸਮਝ ਵਿੱਚ ਪਾਉਣ ਲਈ ਉਹ ਹਰ ਪੱਖ ਤੇ ਦ੍ਰਿਸ਼ਟੀ ਤੋਂ ਵਿਆਖਿਆ ਕਰਦੇ ਹਨ।

ਅੰਤ ਵਿੱਚ ਉਹ ਅੱਠਤੀਵੀਂ ਪਉੜੀ ਨੂੰ ਜਪੁ ਜੀ ਦੀਆਂ ਸਾਰੀਆਂ ਪਉੜੀਆਂ ਦਾ ਉਪਸੰਹਾਰ ਮੰਨਦੇ ਹਨ।ਵਿਦਵਾਨਾਂ ਦਾ ਤਾਂ ਇਹ ਕਹਿਣਾ ਹੈ ਕਿ ਇਹ ਸਾਰੇ ਜਪੁ ਜੀ ਦਾ ਹੀ

ਨਹੀਂ ਸਗੋਂ ਦੁਨੀਆਂ ਦੇ ਸਾਰੇ ਹੀ ਧਰਮ-ਗ੍ਰੰਥਾਂ ਦਾ ਤੇ ਸਾਰੇ ਅਧਿਆਤਮ ਦਾ ਤੱਤ ਸਾਰ ਹੈ[55] ਕਿਉਂਕਿ ਸਾਰੇ ਅਧਿਆਤਮ ਦਾ ਤੱਤ ਸਾਰ ਮਨ ਦੀ ਘਾੜਤ ਘੜਨ ਵਿੱਚ ਹੀ ਹੈ।ਮਨ ਵਿੱਚੋਂ ਵਿਕਾਰਾਂ ਤੇ ਵਾਸ਼ਨਾਵਾਂ ਨੂੰ ਕੱਢ ਕੇ ਮਨ ਨੂੰ ਇਕਾਗਰ ਕਰਨਾ ਹੀ ਮਨ ਨੂੰ ਘੜਨਾ ਹੈ ਤਾਂ ਜੋ ਨਿਰੰਕਾਰ ਨਾਲ ਰਿਸ਼ਤੇ ਦੀ ਡੋਰੀ ਜੁੜ ਜਾਵੇ।ਉਹ ਆਖਦੇ ਹਨ :

> ਤਨ ਦੀ ਘਾੜਤ ਤਾਂ ਪ੍ਰਕਿਰਤੀ ਘੜਦੀ ਹੈ ਪਰ ਮਨ ਦੀ ਨਹੀਂ।ਮਨ ਨੂੰ, ਬੁੱਧੀ ਨੂੰ ਜਾਂ ਅੰਤਹਕਰਣ ਨੂੰ ਪ੍ਰਕਿਰਤੀ ਨਹੀਂ ਘੜਦੀ, ਇਸ ਦੀ ਘਾੜਤ ਗੁਰੂ ਦੇ ਮਾਰਗ਼ ਦਰਸ਼ਨ ਦੀ ਸਹਾਇਤਾ ਨਾਲ ਸ਼ਬਦ ਦੀ ਸੱਚੀ ਟਕਸਾਲ ਵਿੱਚ ਘੜੀ ਜਾਂਦੀ ਹੈ ਤੇ ਸ਼ਬਦ ਦੀ ਇਹ ਟਕਸਾਲ ਸਤਸੰਗ ਵਿੱਚ ਹੈ।[56]

ਇਸ ਪ੍ਰਕਾਰ ਲੰਮੀਆਂ ਬਾਣੀਆਂ ਦੀ ਲੜੀਵਾਰ ਵਿਆਖਿਆ ਕਰਦੇ ਹੋਏ ਸੰਤ ਸਿੰਘ ਮਸਕੀਨ ਜੀ ਜਿੱਥੇ ਅਗੰਮੀ ਬਾਣੀ ਦੇ ਅਧਿਆਤਮਕ ਸੰਕਲਪਾਂ ਨੂੰ ਬੌਧਿਕ ਪਕੜ ਅਨੁਸਾਰ ਸਮਝਾਉਣ ਦਾ ਯਤਨ ਕਰਦੇ ਹਨ, ਉੱਥੇ ਪ੍ਰਭੂ ਮਿਲਾਪ ਲਈ ਮਨ ਦੀ ਘਾੜਤ ਨੂੰ ਬਹੁਤ ਮਹੱਤਵਪੂਰਨ ਮੰਨਦੇ ਹਨ। ਅੰਤ ਵਿੱਚ ਸਮੁੱਚੇ ਤੌਰ ਤੇ ਇਹ ਕਿਹਾ ਜਾ ਸਕਦਾ ਹੈ ਕਿ ਸੰਤ ਸਿੰਘ ਮਸਕੀਨ ਜੀ ਨੇ ਆਪਣੇ ਅਧਿਐਨ ਅਤੇ ਅਨੁਭਵ ਦੇ ਆਧਾਰ ਤੇ ਨਾਨਕ ਬਾਣੀ ਦੀ ਵਿਚਾਰਧਾਰਾ ਨੂੰ ਸਮਝ ਕੇ ਉਨ੍ਹਾਂ ਦੀ ਸ਼ਖਸੀਅਤ ਅਤੇ ਡੂੰਘੇ ਖਿਆਲਾਂ ਮੁਤਾਬਕ 'ਜਪੁ ਜੀ' ਵਿੱਚ ਆਏ ਸਿਧਾਂਤਾਂ ਅਤੇ ਸੰਕਲਪਾਂ ਦੀ ਵਿਆਖਿਆ ਮੌਲਿਕ, ਗੰਭੀਰ, ਉੱਚੀ, ਸੁਤੰਤਰ ਅਤੇ ਅਨੂਠੀ ਸ਼ੈਲੀ ਵਿੱਚ ਕੀਤੀ ਹੈ।ਸਪਸ਼ਟ ਹੈ ਕਿ 'ਜਪੁ ਜੀ' ਦਾ ਟੀਕਾ ਜਾਂ ਵਿਆਖਿਆ ਕਰਨ ਦੇ ਯਤਨ ਭਾਵੇਂ ਅਨੇਕ ਹੋਏ ਹਨ ਪ੍ਰੰਤੂ ਇਸ ਵਿੱਚ ਛੁਪੇ ਰਹੱਸਾਂ, ਸੂਤ੍ਰਾਂ ਅਤੇ ਸੰਕਲਪਾਂ ਨੂੰ ਖੋਲ੍ਹ ਕੇ ਪ੍ਰਗਟ ਕਰਨ ਦੀ ਵਿੱਦਿਆ, ਜੁਗਤ ਜਾਂ ਸੋਝੀ ਜੋ ਸੰਤ ਸਿੰਘ ਮਸਕੀਨ ਜੀ ਦੀ ਇਸ ਵਿਸਤ੍ਰਿਤ ਕ੍ਰਿਤ ਵਿੱਚੋਂ ਝਲਕਦੀ ਹੈ, ਉਹ ਹੋਰ ਕਿਤੇ ਨਹੀਂ।

### 6.2.2 'ਆਸਾ ਦੀ ਵਾਰ' ਦੀ ਵਿਆਖਿਆ ਦਾ ਸੰਕਲਪੀ ਅਧਿਐਨ:

'ਜਪੁ ਜੀ' ਵਾਂਗ ਹੀ 'ਆਸਾ ਦੀ ਵਾਰ' ਵੀ ਸ਼੍ਰੀ ਗੁਰੂ ਨਾਨਕ ਦੇਵ ਜੀ ਦੀਆਂ ਅਦੁੱਤੀ ਰਚਨਾਵਾਂ ਵਿੱਚੋਂ ਇੱਕ ਹੈ।ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕੁਲ 22 ਵਾਰਾਂ ਦਰਜ ਹਨ ਜਿਨ੍ਹਾਂ ਵਿੱਚੋਂ ਤਿੰਨ ਵਾਰਾਂ 'ਮਲਾਰ ਦੀ ਵਾਰ', 'ਮਾਝ ਦੀ ਵਾਰ' ਤੇ 'ਆਸਾ ਦੀ ਵਾਰ' ਦੀ

ਰਚਨਾ ਗੁਰੂ ਨਾਨਕ ਦੇਵ ਜੀ ਨੇ ਕੀਤੀ।ਆਸਾ ਰਾਗ ਵਿੱਚ ਰਚੀ ਗਈ ਇਸ ਬਾਣੀ ਦਾ ਗਾਇਨ ਸਮਾਂ ਦਿਨ ਦਾ ਪਹਿਲਾ ਪਹਿਰ ਹੈ ਇਸੇ ਲਈ ਸਿੱਖ ਜਗਤ ਵਿੱਚ ਇਸ ਨੂੰ ਵੀ ਨਿੱਤ ਨੇਮ ਨਾਲ ਅੰਮ੍ਰਿਤ ਵੇਲੇ ਗਾਉਣ ਦੀ ਪਰੰਪਰਾ ਹੈ।

ਪੰਜਾਬੀ ਸਾਹਿਤ ਦੀ ਪਰੰਪਰਾ ਵਿੱਚ 'ਵਾਰ' ਤੋਂ ਭਾਵ ਉਸ ਲੰਮੇਰੀ ਕਵਿਤਾ ਤੋਂ ਲਿਆ ਜਾਂਦਾ ਹੈ, ਜਿਸ ਵਿੱਚ ਯੋਧਿਆਂ ਤੇ ਸੂਰਬੀਰਾਂ ਦੇ ਗੁਣ ਗਾਏ ਜਾਂਦੇ ਹਨ।ਸ੍ਰੀ ਗੁਰੂ ਨਾਨਕ ਦੇਵ ਜੀ ਕਵਿਤਾ ਨੂੰ ਮਾਧਿਅਮ ਬਣਾ ਕੇ ਆਪਣੇ ਡੂੰਘੇ ਅਧਿਆਤਮਕ ਸੰਕਲਪਾਂ ਅਤੇ ਰੂਹਾਨੀ ਅਨੁਭਵਾਂ ਨੂੰ ਲੋਕ ਸ਼ੈਲੀਆਂ ਅਤੇ ਲੋਕ ਧਾਰਨਾਵਾਂ ਵਿੱਚ ਪ੍ਰਗਟ ਕਰਦੇ ਰਹੇ ਹਨ।ਇਸ ਬਾਣੀ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਰੰਪਰਾਗਤ ਕਾਵਿ ਰੂਪਾਂ ਵਿੱਚੋਂ 'ਵਾਰ' ਕਾਵਿ ਰੂਪ ਨੂੰ ਆਪਣੇ ਅਧਿਆਤਮਕ ਸੰਦੇਸ਼ ਆਮ ਲੋਕਾਂ ਤੱਕ ਪਹੁੰਚਾਉਣ ਲਈ ਚੁਣਿਆ।ਪ੍ਰੋ. ਪ੍ਰੇਮ ਪ੍ਰਕਾਸ਼ ਸਿੰਘ ਦਾ ਇਸ ਸੰਬੰਧੀ ਵਿਚਾਰ ਹੈ:

> ਜਾਪਦਾ ਹੈ ਕਿ ਗੁਰੂਦੇਵ ਇਸ ਤੱਥ ਤੋਂ ਭਲੀ ਭਾਂਤ ਸੁਚੇਤ ਸਨ ਕਿ ਲਾ ਬਿਆਨ ਨੂੰ ਬਿਆਨ ਵਿੱਚ ਲਿਆਉਣ ਵੱਲ ਲੋਕ ਪ੍ਰਚਲਿਤ ਸ਼ੈਲੀਆਂ, ਬਿੰਬਾਂ ਤੇ ਪ੍ਰਤੀਕਾਂ ਨੂੰ ਵਰਤਣਾ ਕਾਫੀ ਸਹਾਇਕ ਸਾਬਿਤ ਹੁੰਦਾ ਹੈ।[57]

ਗਿਆਨੀ ਸੰਤ ਸਿੰਘ ਮਸਕੀਨ ਜੀ ਨੇ 24 ਪਉੜੀਆਂ ਅਤੇ 59 ਸਲੋਕਾਂ ਵਾਲੀ ਇਸ ਬਾਣੀ ਦੀ ਵਿਆਖਿਆ ਲੜੀਵਾਰ ਕਥਾ ਦੇ ਰੂਪ ਵਿੱਚ ਕੀਤੀ ਜਿਸ ਨੂੰ ਬਾਅਦ ਵਿੱਚ ਪੁਸਤਕ 'ਵਿਆਖਿਆ ਆਸਾ ਦੀ ਵਾਰ' ਦੇ ਰੂਪ ਵਿੱਚ ਛਾਪਿਆ ਗਿਆ।ਇਸ ਵਿਆਖਿਆ ਦੇ ਆਰੰਭ ਵਿੱਚ ਵਿਸ਼ੇਸ਼ ਤੌਰ ਤੇ ਸੰਤ ਸਿੰਘ ਮਸਕੀਨ ਜੀ ਬਾਣੀ ਦੇ ਰਚਨਾਕਾਰ, ਬਣਤਰ, ਧੁਨੀ, ਸਲੋਕਾਂ ਅਤੇ ਪਉੜੀਆਂ ਸੰਬੰਧੀ ਸਮੁੱਚੀ ਜਾਣਕਾਰੀ ਦਿੰਦੇ ਹੋਏ ਇਹ ਵੀ ਦੱਸਦੇ ਹਨ ਕਿ ਆਸਾ ਰਾਗ ਤੇ ਮਾਝ ਰਾਗ ਗੁਰੂ ਨਾਨਕ ਦੇਵ ਜੀ ਦੀ ਦੇਣ ਹਨ ਕਿਉਂਕਿ ਇਨ੍ਹਾਂ ਰਾਗਾਂ ਵਿੱਚ ਸਭ ਤੋਂ ਪਹਿਲਾਂ ਬਾਣੀ ਦੀ ਰਚਨਾ ਉਨ੍ਹਾਂ ਨੇ ਹੀ ਕੀਤੀ।ਇਹ ਬਾਣੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 462 ਤੋਂ 474 ਤੱਕ ਦਰਜ ਹੈ।ਵਾਰ ਦੀ ਉਚਾਰਨ ਵਿਧੀ ਦੱਸਦੇ ਹੋਏ ਉਹ ਆਖਦੇ ਹਨ ਕਿ ਵਾਰ, ਉਹ ਕਲਾਮ ਹੈ ਜੋ ਜੰਗੀ ਤਰਜ ਨਾਲ ਉਚਾਰਨ ਕੀਤੀ ਜਾਂਦੀ ਹੈ ਔਰ ਇਹ ਕੁਝ ਸੁਭਾਵਕ ਹੀ ਐਸਾ ਹੋ ਗਿਆ ਕਿ ਵਾਰ ਸ਼ਬਦ ਦੇ ਅਰਥ ਇੱਥੇ ਵੀ ਜੰਗ ਹੀ ਨੇ।[58] ਭਾਵੇਂ ਇੱਥੇ ਇਸ ਅਧਿਆਤਮਕ ਕਿਸਮ ਦੀ ਵਾਰ ਵਿੱਚ ਇਤਿਹਾਸਕ ਯੋਧਿਆਂ ਦੀ ਥਾਂ

ਸੰਸਾਰ ਰੂਪੀ ਅਖਾੜੇ ਵਿੱਚ ਮਨੁੱਖ ਦੀ ਪੰਜ ਵਿਕਾਰਾਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਨਾਲ ਬੌਧਿਕ ਜੰਗ ਨੂੰ ਚਿਤ੍ਰਿਆ ਗਿਆ ਹੈ।

ਪੁਰਾਤਨ ਸਮਿਆਂ ਵਿੱਚ ਮਹਾਂਬਲੀ ਅਤੇ ਸਿਆਣੇ ਪਰ ਟੁੰਡੇ ਰਾਜੇ, ਜਿਸ ਦਾ ਨਾਂ ਅਸਰਾਜ ਸੀ ਦਾ ਪ੍ਰਸੰਗ ਸੁਣਾ ਕੇ ਸੰਤ ਸਿੰਘ ਮਸਕੀਨ ਜੀ ਇਸ ਬਾਣੀ ਨੂੰ ਗਾਵਣ ਦੀ ਧੁਨੀ ਬਾਰੇ ਦੱਸਦੇ ਹਨ ਕਿ ਟੁੰਡੇ ਅਸਰਾਜੇ ਦੀ ਉਪਮਾ ਵਿੱਚ ਜੋ ਬੀਰ ਰਸੀ ਵਾਰ ਗਾਈ ਜਾਂਦੀ ਸੀ, ਦਿੱਤੇ ਸਿਰਲੇਖ ਅਨੁਸਾਰ ਇਸ ਵਾਰ ਨੂੰ ਵੀ ਉਸੇ ਧੁਨ ਵਿੱਚ ਗਾਵਣਾ ਹੈ।ਇਸ ਦੇ ਨਾਲ ਹੀ ਇਹ ਵੀ ਸੰਕੇਤ ਦਿੱਤਾ ਗਿਆ ਹੈ ਕਿ ਇਸ ਵਾਰ ਦੀ ਹਰ ਪਉੜੀ ਨਾਲ ਸਲੋਕ ਵੀ ਗੁਰੂ ਨਾਨਕ ਦੇਵ ਜੀ ਦੇ ਰਚੇ ਹੋਏ ਹਨ ਭਾਵੇਂ ਉਨ੍ਹਾਂ ਦੇ 44 ਸਲੋਕਾਂ ਦੇ ਨਾਲ 15 ਸਲੋਕ ਗੁਰੂ ਅੰਗਦ ਦੇਵ ਜੀ ਦੇ ਵੀ ਸ਼ਾਮਲ ਕਰ ਦਿੱਤੇ ਗਏ ਹਨ।ਵਾਰ ਸ਼ੁੱਧ ਰੂਪ ਵਿੱਚ ਸਿਰਫ ਪਉੜੀ ਰੂਪ ਵਿੱਚ ਹੀ ਸੀ।ਹਰ ਪਉੜੀ ਦੇ ਭਾਵਾਂ ਦੀ ਵਿਆਖਿਆ ਕਰਨ ਦੇ ਮੰਤਵ ਨਾਲ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਵੇਲੇ ਗੁਰੂ ਅਰਜਨ ਦੇਵ ਜੀ ਨੇ ਹਰ ਪਉੜੀ ਤੋਂ ਪਹਿਲਾਂ ਸਮਾਨ ਭਾਵ ਵਾਲੇ ਸਲੋਕ ਜੋੜ ਦਿੱਤੇ।ਸੰਤ ਸਿੰਘ ਮਸਕੀਨ ਜੀ ਅਨੁਸਾਰ ਆਸਾ ਦੀ ਵਾਰ ਵਿੱਚ ਦਰਸ਼ਨ, ਅਧਿਆਤਮਿਕਤਾ ਅਤੇ ਧਰਮ ਦੇ ਸਾਰੇ ਚਿੰਨ੍ਹਾਂ ਨੂੰ ਗੁਰੂ ਨਾਨਕ ਦੇਵ ਜੀ ਨੇ ਬੜੇ ਸੋਹਣੇ ਢੰਗ ਨਾਲ ਉਜਾਗਰ ਕੀਤਾ ਹੈ।ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੋਰ ਬਾਣੀਆਂ ਦੀ ਤਰ੍ਹਾਂ ਇਸ ਬਾਣੀ ਦੇ ਉੱਪਰ ਵੀ ਮੰਗਲਾਚਰਨ ਹੈ, ਮੂਲ ਮੰਤਰ ਹੈ ਜਿਸ ਦੇ ਅੱਖਰੀ ਅਰਥਾਂ ਵਿੱਚ ਉਹ ਪ੍ਰਮਾਤਮਾ ਦੇ ਸਰੂਪ ਦਾ ਸੰਕਲਪ ਇਸ ਪ੍ਰਕਾਰ ਵਿਚਾਰਦੇ ਹਨ:

> ੧ਓ॥ਉਹ ਇੱਕ ਹੈ, ਉਸ ਤੋਂ ਉਤਪੱਤੀ, ਪਾਲਣਾ ਤੇ ਨਾਸ ਹੋ ਰਿਹਾ ਹੈ, ਉਹ ਸਤਿ ਸਰੂਪ ਹੈ, ਉਸ ਦਾ ਨਾਮ ਸਤਿ ਹੈ, ਉਹ ਕ੍ਰਿਤ ਨਹੀਂ ਕਰਤਾ ਹੈ ਔਰ ਐਸਾ ਕਰਤਾ ਹੈ ਕਿ ਆਪਣੀ ਕ੍ਰਿਤ ਵਿੱਚ ਪੂਰਿਆ ਹੋਇਆ ਹੈ।ਉਹ ਵਿਆਪਕ ਹੈ, ਭੈ ਤੋਂ ਰਹਿਤ ਹੈ, ਵੈਰ ਤੋਂ ਰਹਿਤ ਹੈ, ਕਾਲ ਤੋਂ ਰਹਿਤ ਹੈ, ਲੇਕਿਨ ਕਲਪਨਾ ਮਾਤਰ ਨਹੀਂ ਹੈ, ਮੂਰਤੀਮਾਨ ਹੈ। ਉਹ ਜਨਮ ਵਿੱਚ ਨਹੀਂ ਹੈ ਔਰ ਸੁਤੇਸਿੱਧ ਆਪਣੇ ਆਪ ਤੋਂ

> ਆਪ ਹੀ ਪ੍ਰਕਾਸ਼ਮਾਨ ਹੈ।ਉਹ ਗੁਰੂ ਹੈ ਤੇ ਪ੍ਰਸ਼ਾਦ ਹੈ, ਉਹ ਦਇਆ ਦੀ ਮੂਰਤੀ ਹੈ, ਉਹ ਰਹਿਮਤ ਦਾ ਖਜ਼ਾਨਾ ਹੈ।[59]

ਆਮ ਮਨੁੱਖ ਜੋ ਕਿ ਇਸ ਵਾਰ ਦਾ ਨਾਇਕ ਹੈ, ਨੂੰ ਇੱਕ ਆਦਰਸ਼ ਵਿਅਕਤੀ ਬਣਾਉਣ ਵਿੱਚ ਗੁਰੂ ਦੀ ਭੂਮਿਕਾ ਸਰਵੋਪਰੀ ਹੁੰਦੀ ਹੈ।ਸੋ ਪਹਿਲੇ ਸਲੋਕ ਦੀ ਵਿਆਖਿਆ ਕਰਦੇ ਹੋਏ ਸੰਤ ਸਿੰਘ ਮਸਕੀਨ ਜੀ ਆਖਦੇ ਹਨ ਜਿਵੇਂ ਮਨੁੱਖ ਦੇ ਭੌਤਿਕ ਸਰੀਰ ਨੂੰ ਜਨਮ ਮਾਂ ਬਾਪ ਦਿੰਦੇ ਹਨ, ਉਸੇ ਤਰ੍ਹਾਂ ਸੰਤ ਨੂੰ ਜਨਮ ਗੁਰੂ ਦਿੰਦਾ ਹੈ ਤੇ ਅਜਿਹੇ ਗੁਰੂ ਤੋਂ ਗੁਰੂ ਮਹਾਰਾਜ ਆਪ ਆਖਦੇ ਹਨ ਕਿ ਮੈਂ ਦਿਨ ਵਿੱਚ ਸੈਂਕੜੇ ਦਫਾ ਕੁਰਬਾਨ ਜਾਂਦਾ ਹਾਂ, ਬਲਿਹਾਰ ਜਾਂਦਾ ਹਾਂ, ਸਦਕੇ ਜਾਂਦਾ ਹਾਂ।ਇਹ ਗੁਰੂ ਹੀ ਹੈ ਜੋ ਆਪਣੇ ਮਨੋਹਰ ਬੋਲ ਅਤੇ ਅੰਮ੍ਰਿਤਮਈ ਦ੍ਰਿਸ਼ਟ ਨਾਲ ਮਨੁੱਖ ਦੀ ਘਾੜਤ ਕਰਕੇ ਦੇਵਤਾ ਬਣਾ ਦਿੰਦਾ ਹੈ।ਇਸ ਸੰਕਲਪ ਦੀ ਗਹਿਰਾਈ ਵਿੱਚ ਜਾਂਦੇ ਹੋਏ ਅਨੁਭਵੀ ਤੌਰ ’ਤੇ ਸੰਤ ਸਿੰਘ ਮਸਕੀਨ ਜੀ ਇੰਝ ਆਖਦੇ ਹਨ:

> ਆਮ ਜਗਤ ਤੇ ਇਤਨਾ ਹੀ ਜਾਣਦਾ ਹੈ ਕਿ ਜ਼ਬਾਨ ਨਾਲ ਕੁਝ ਬੋਲ ਬੋਲੇ ਜਾਂਦੇ ਨੇ, ਪਰ ਨਹੀਂ।ਅਧਿਆਤਮਕ ਦੁਨੀਆ ਵਿੱਚ ਐਸਾ ਵੀ ਆਖਿਆ ਜਾਂਦਾ ਹੈ ਕਿ ਅੱਖਾਂ ਵੀ ਬੋਲਦੀਆਂ ਨੇ ਔਰ ਅੱਖਾਂ ਦੀ ਭਾਸ਼ਾ ਕੁਝ ਹੋਰ ਹੈ।ਅੱਖਾਂ ਨਫਰਤ ਵੀ ਪ੍ਰਗਟ ਕਰਦੀਆਂ ਨੇ, ਅੱਖਾਂ ਪਿਆਰ ਵੀ ਪ੍ਰਗਟ ਕਰਦੀਆਂ ਨੇ, ਅੱਖਾਂ ਆਪਣੇ ਵਿੱਚੋਂ ਅੰਮ੍ਰਿਤ ਦੀਆਂ ਲਹਿਰਾਂ ਵੀ ਛੱਡਦੀਆਂ ਨੇ, ਅੱਖਾਂ ਵਿੱਚੋਂ ਜ਼ਹਿਰ ਵੀ ਉਬਲ ਉਬਲ ਕੇ ਪੈਂਦਾ ਹੈ।ਜੈਸੇ ਜੈਸੇ ਮਨੁੱਖ ਦਾ ਮਾਨਸਿਕ ਮੰਡਲ ਅਤਿ ਸੂਖਮ ਹੁੰਦਾ ਹੈ, ਮਨੁੱਖ ਨੂੰ ਅੱਖਾਂ ਦੀ ਭਾਸ਼ਾ ਪੜ੍ਹਨ ਦੀ ਜਾਚ ਆ ਜਾਂਦੀ ਹੈ।ਇਹ ਆਪਣੇ ਆਪ ਵਿੱਚ ਇੱਕ ਵਿਸ਼ੇਸ਼ ਕਲਾ ਹੈ।ਜਦ ਗੁਰੂ ਕਿਸੇ ਨੂੰ ਘੜਦਾ ਹੈ ਤਾਂ ਬਚਨ ਰਾਹੀਂ ਘੜਦਾ ਹੈ, ਦ੍ਰਿਸ਼ਟ ਰਾਹੀਂ ਘੜਦਾ ਹੈ।ਬਚਨ ਰਾਹੀਂ ਵਿਚਾਰ ਸ਼ੁੱਧ ਕਰ ਦਿੱਤੇ ਤੇ ਦ੍ਰਿਸ਼ਟ ਰਾਹੀਂ ਆਚਾਰ ਸ਼ੁੱਧ ਕਰ ਦਿੱਤਾ।ਬਚਨਾਂ ਰਾਹੀਂ ਮਨ ਬਦਲ ਦਿੱਤਾ ਔਰ ਦ੍ਰਿਸ਼ਟ ਰਾਹੀਂ

> ਦੇਵਤਾ ਬਣਾ ਦਿੱਤਾ, ਚਾਨਣਾ ਦੇ ਦਿੱਤਾ, ਪ੍ਰਕਾਸ਼ ਦੇ ਦਿੱਤਾ, ਨੂਰ ਦੇ ਦਿੱਤਾ।[60]

ਇਸ ਪ੍ਰਕਾਰ ਸਪਸ਼ਟ ਰੂਪ ਵਿੱਚ ਇਹ ਵੇਖਿਆ ਗਿਆ ਹੈ ਕਿ ਗੁਰੂ ਸਾਹਿਬ ਦੁਆਰਾ ਦਿੱਤੇ ਗਏ ਇਸ ਅਧਿਆਤਮਕ ਸੰਕਲਪ ਨੂੰ ਸੰਤ ਸਿੰਘ ਮਸਕੀਨ ਜੀ ਕਿਵੇਂ ਤਰਕਮਈ ਬਣਾ ਕੇ ਪੇਸ਼ ਕਰਦੇ ਹਨ ਅਤੇ ਮਾਣਸ ਤੋਂ ਦੇਵਤੇ ਬਣਨ ਦੀ ਜੁਗਤ ਨੂੰ ਨਿਵੇਕਲੇ ਵਿਧੀਬੱਧ ਅਤੇ ਦਾਰਸ਼ਨਿਕ ਰੂਪ ਵਿੱਚ ਦਰਸਾਉਂਦੇ ਹਨ।ਅਗਲੇ ਸਲੋਕ ਵਿੱਚ ਵੀ ਗੁਰੂ ਦੀ ਹੋਂਦ ਦੀ ਪ੍ਰੋੜ੍ਹਤਾ ਕਰਦੇ ਹੋਏ ਆਖਦੇ ਹਨ ਕਿ ਗੁਰੂ ਇੱਕ ਐਸਾ ਮਹਾਨ ਚਾਨਣਾ ਹੈ ਜਿਸ ਤੋਂ ਹਜ਼ਾਰਾਂ ਸੂਰਜ ਕੁਰਬਾਨ ਕੀਤੇ ਜਾ ਸਕਦੇ ਹਨ, ਜਿਹਦੇ ਸਾਹਮਣੇ ਹਜ਼ਾਰਾਂ ਸੂਰਜ, ਚੰਦਰਮਾ ਤੁੱਛ ਹਨ।ਸੰਸਾਰ ਭਾਵੇਂ ਸਾਨੂੰ ਸੂਰਜ ਦੇ ਚਾਨਣ ਨਾਲ ਵਿਖਾਈ ਦਿੰਦਾ ਹੈ ਪਰ ਨਿਰੰਕਾਰ ਗੁਰੂ ਦੇ ਦਿਖਾਇਆਂ ਹੀ ਦਿਖਦਾ ਹੈ।ਗੁਰੂ ਸੰਬੰਧੀ ਵਿਚਾਰ ਜਾਰੀ ਰੱਖਦੇ ਹੋਏ ਉਹ ਆਖਦੇ ਹਨ:

> ਗੁਰੂ ਜੋਤੀ ਕਰਕੇ, ਗੁਰੂ ਬਖਸ਼ਿਸ਼ ਕਰਕੇ ਗੁਰੂ ਨਾਨਕ ਦੇ ਘਰ ਨੂੰ ਹੀ ‘ਗੁਰੂ ਘਰ’ ਕਿਹਾ ਜਾਂਦਾ ਹੈ।ਜਗਤ ਵਿੱਚ ਜਿਹੜੀਆਂ ਵੱਖ ਵੱਖ ਸੰਪ੍ਰਦਾਵਾਂ ਪ੍ਰਗਟ ਹੋਈਆਂ, ਉਨ੍ਹਾਂ ਵਿੱਚ ਗੁਰੂ ਨਾਨਕ ਨੇ ਜਿਸ ਸੰਪ੍ਰਦਾ ਨੂੰ ਜਨਮ ਦਿੱਤਾ, ਉਸ ਨੂੰ ਹੀ ਆਖਿਆ ਜਾਂਦਾ ਹੈ, ਗੁਰੂ ਘਰ ਤੇ ਗੁਰੂ ਘਰ ਦੇ ਵਿੱਚ ਜੋ ਆ ਗਿਆ ਉਹ ਸ਼ਿਸ਼ ਹੋ ਜਾਂਦਾ ਹੈ, ਉਹ ਸਿੱਖ ਹੋ ਜਾਂਦਾ ਹੈ ਤੇ ਜਿਹੜਾ ਗੁਰੂ ਦੀ ਵਿਚਾਰ ਨੂੰ ਆਪਣੀ ਝੋਲੀ ਵਿੱਚ ਪਾ ਲੈਂਦਾ ਹੈ, ਉਹ ਫਿਰ ਇਸ ਢੰਗ ਨਾਲ ਫਲੀਭੂਤ ਹੁੰਦਾ ਹੈ ਕਿ ਫਲ ਵੀ ਮਿੱਠੇ।[61]

ਧਾਰਮਿਕ ਦੁਨੀਆ ਵਿੱਚ ਤੇ ਆਮ ਸੰਸਾਰਕ ਦੁਨੀਆ ਵਿੱਚ ਇਹ ਪ੍ਰਸ਼ਨ ਆਮ ਚਲਦਾ ਆ ਰਿਹਾ ਹੈ ਕਿ ਪ੍ਰਮਾਤਮਾ ਨੂੰ ਕਿਸ ਨੇ ਬਣਾਇਆ ਹੈ?ਇਸ ਗੱਲ ਦਾ ਜਵਾਬ ਦੇਣਾ ਏਨਾ ਸਹਿਜ ਨਹੀਂ ਕਿਉਂਕਿ ਸਦੀਆਂ ਤੋਂ ਤਸੱਲੀਬਖਸ਼ ਜਵਾਬ ਦੀ ਤਲਾਸ਼ ਕੀਤੀ ਜਾ ਰਹੀ ਹੈ।ਇੱਥੇ ਉਹ ਆਪਣੇ ਨਿਵੇਕਲੇ ਅੰਦਾਜ਼ ਵਿੱਚ ਉਰਦੂ ਦੇ ਇੱਕ ਸ਼ਾਇਰ ਦਾ ਸ਼ੇਅਰ ਵੀ ਕਹਿੰਦੇ ਹਨ:

ਹਜ਼ਾਰੋਂ ਸਾਲ ਫਿਲਾਸਫੀ ਕੀ ਤਨਾ ਤਨੀ ਰਹੀ,

ਪਰ ਖੁਦਾ ਕੀ ਬਾਤ ਜਹਾਂ ਪੇ ਥੀ ਵਹੀਂ ਪੇ ਰਹੀ।[62]

ਗਿਆਨੀ ਸੰਤ ਸਿੰਘ ਮਸਕੀਨ ਜੀ ਈਰਾਨ ਦੇ ਪੀਰ ਦਸਤਗੀਰ ਦੀ ਇੱਕ ਇਤਿਹਾਸਕ ਗਾਥਾ ਦੁਆਰਾ ਖ਼ੁਦਾ ਜਾਂ ਨਿਰੰਕਾਰ ਦੀ ਹੋਂਦ ਸੰਬੰਧੀ ਪੁੱਛੇ ਗਏ ਤਿੰਨ ਪ੍ਰਸ਼ਨਾਂ ਦਾ ਉੱਤਰ ਦੇ ਕੇ ਵਾਰ ਦੀ ਪਹਿਲੀ ਪਉੜੀ ਦੀ ਵੀ ਵਿਆਖਿਆ ਕਰਦੇ ਹਨ।ਪੀਰ ਦਸਤਗੀਰ ਪੁੱਛਦਾ ਹੈ, ਕੀ ਖੁਦਾ ਤੋਂ ਪਹਿਲਾਂ ਵੀ ਕੁਝ ਸੀ?, ਖੁਦਾ ਕਿੱਥੇ ਰਹਿੰਦਾ ਹੈ? ਤੇ ਖੁਦਾ ਕਰਦਾ ਕੀ ਹੈ? ਪੀਰ ਦਸਤਗੀਰ ਦੀ ਇਹ ਕੋਈ ਕਾਲਪਨਿਕ ਗਾਥਾ ਨਹੀਂ ਸਗੋਂ ਗੁਰੂ ਨਾਨਕ ਜੀ ਦੇ ਈਰਾਨ ਜਾਣ ਅਤੇ ਉੱਥੇ ਲਿਖੀ ਹੋਈ ਤਖਤੀ ਦਾ ਵੇਰਵਾ ਦੇ ਕੇ ਪੁਖਤਾ ਸੱਚਾਈ ਇਸ ਨੂੰ ਪ੍ਰਮਾਣਿਤ ਕਰਦੀ ਹੈ।[63] ਸੋ ਸ਼ਾਬਦਿਕ ਅਰਥਾਂ ਦੇ ਨਾਲ ਨਾਲ ਭਾਵ ਨੂੰ ਹੋਰ ਪੁਖਤਾ ਕਰਨ ਲਈ ਸੰਤ ਸਿੰਘ ਮਸਕੀਨ ਜੀ ਪੀਰ ਦਸਤਗੀਰ ਦੀ ਗਾਥਾ ਨਾਲ ਸੁਣਾਉਂਦੇ ਹਨ।ਪ੍ਰਮਾਤਮਾ ਸੰਬੰਧੀ ਅਧਿਆਤਮਕ ਸੰਕਲਪ ਦੇ ਗੁੱਝੇ ਭਾਵ ਨੂੰ ਸ੍ਰੋਤੇ ਦੀ ਸਮਝ ਗੋਚਰੇ ਕਰਨ ਲਈ ਉਹ ਇਨ੍ਹਾਂ ਅਣਗੌਲੇ ਇਤਿਹਾਸਕ ਪ੍ਰਸੰਗਾਂ ਦੀ ਜਾਣਕਾਰੀ ਦਿੰਦੇ ਹੋਏ ਤੇ ਰੌਚਕ ਢੰਗ ਨਾਲ ਵਿਆਖਿਆ ਕਰਦੇ ਹੋਏ ਉਹ ਦੱਸਦੇ ਹਨ ਕਿ ਉਸ ਖ਼ੁਦਾ ਨੇ ਆਪਣੀ ਸਾਜਨਾ ਆਪ ਹੀ ਕੀਤੀ ਹੈ ਤੇ ਉਹ ਆਪ ਹੀ ਇਸ ਵਿੱਚ ਆਸਣ ਲਾ ਕੇ ਬੈਠਾ ਹੈ।ਸਭ ਪਾਸਾਰਾ ਉਸ ਸੱਚ ਸਰੂਪ ਨਿਰੰਕਾਰ ਦਾ ਹੈ।

ਅਗਲੀਆਂ ਪਉੜੀਆਂ ਵਿੱਚ ਉਸ ਸੱਚੇ ਪ੍ਰਮਾਤਮਾ ਦੀ ਵਡਿਆਈ ਨੂੰ ਸੰਤ ਸਿੰਘ ਮਸਕੀਨ ਜੀ ਆਪਣੇ ਢੰਗ ਨਾਲ ਬਿਆਨ ਕਰਦੇ ਹੋਏ ਹਰ ਸ਼ਬਦ, ਤੁਕ ਅਤੇ ਸੰਕਲਪ ਦੀ ਤਰਕਮਈ ਅਤੇ ਵਿਗਿਆਨਕ ਵਿਆਖਿਆ ਕਰਦੇ ਹਨ ਕਿ ਪ੍ਰਮਾਤਮਾ ਦਾ ਗੁਣਗਾਨ ਜੀਵ ਦੇ ਅੰਦਰ ਦੀ ਹਉਮੈ ਮਿਟਾ ਕੇ ਉਸ ਨੂੰ ਆਤਮਕ ਗਿਆਨ ਦਿੰਦਾ ਹੈ।ਫਿਰ ਗੁਣਗਾਨ ਕਰਨ ਦੀ ਜਾਚ ਵੀ ਸਿਖਾਉਂਦੇ ਹਨ:

> ਕੰਡੇ ਨੂੰ ਫੁੱਲ ਕਹੀ ਜਾਣਾ ਝੂਠੀ ਸਿਫਤ ਹੈ।ਬਦਮਾਸ਼ ਨੂੰ ਸ਼ਰੀਫ ਕਹੀ ਜਾਣਾ ਝੂਠੀ ਸਿਫਤ ਹੈ ਤੇ ਝੂਠੀ ਸਿਫਤ ਨੂੰ ਖੁਸ਼ਾਮਦ ਕਹਿੰਦੇ ਨੇ।ਅਕਸਰ ਮਨੁੱਖੀ ਦੁਨੀਆ ਵਿੱਚ ਖੁਸ਼ਾਮਦ ਹੀ ਚਲਦੀ ਹੈ।...ਪਰ ਹੇ ਪ੍ਰਭੂ! ਰੂਏ ਜ਼ਮੀਨ ਵਿੱਚ ਤੇਰੀ ਜਿਤਨੀ ਵੀ ਵੱਡੀ ਗੱਲ ਆਖੀ ਜਾਏਗੀ, ਉਹ ਛੋਟੀ ਹੋਵੇਗੀ।ਵਧਾ ਕੇ ਤੇਰੀ ਗੱਲ ਕੀਤੀ ਹੀ ਨਹੀਂ ਜਾ ਸਕਦੀ।[64]

ਪ੍ਰਮਾਤਮਾ ਦੇ ਗੁਣਾਂ ਦੀ ਵਡਿਆਈ ਕਰਨ ਦੇ ਸੰਕਲਪ ਨੂੰ ਲੈ ਕੇ ਉਹ ਬੁੱਧ ਧਰਮ ਗ੍ਰੰਥਾਂ ਵਿੱਚ ਮਿਲਦੀ ਸਿਧਾਰਥ ਦੀ ਗਾਥਾ ਸੁਣਾ ਕੇ ਪ੍ਰਮਾਤਮਾ ਨੂੰ ਪਾਉਣ ਦੀ ਸਾਧਨਾ ਦਾ ਜ਼ਿਕਰ ਕਰਦੇ ਹਨ।ਸਪਸ਼ਟ ਕਰਦੇ ਹਨ ਕਿ ਭਾਰੀ ਸਾਧਨਾ ਕਰਕੇ ਮਨੁੱਖ ਨੂੰ ਬੋਧ ਹੁੰਦਾ ਹੈ ਕਿ ਈਸ਼ਵਰ ਪ੍ਰਯਾਸ ਨਾਲ ਨਹੀਂ ਕਿਰਪਾ ਦੀ ਨਦਰਿ ਨਾਲ ਮਿਲਦਾ ਹੈ।ਇਸ ਪਦਾਰਥਕ ਦੁਨੀਆ ਵਿੱਚ ਪ੍ਰਯਾਸ ਅਤੇ ਧਾਰਮਕ ਦੁਨੀਆ ਵਿੱਚ ਪ੍ਰਸਾਦ ਨਾਲ ਫਲ ਮਿਲਦਾ ਹੈ।ਗੁਰੂ ਹੀ ਇਹ ਪ੍ਰਸਾਦ ਬਖ਼ਸ਼ਦਾ ਹੈ।ਧਰਮ ਨੂੰ ਸਾਧਨ ਮੰਨਦੇ ਹੋਏ ਸੰਤ ਸਿੰਘ ਮਸਕੀਨ ਜੀ ਆਖਦੇ ਹਨ:

> ਸ਼ਰ੍ਹਾ ਇੱਕ ਸਾਧਨ ਹੈ ਲਕਸ਼ ਦੀ ਪੂਰਤੀ ਲਈ।ਵੱਖ-ਵੱਖ ਧਰਮ ਵੱਖ ਵੱਖ ਸਾਧਨ ਹਨ।ਸਾਰੀ ਜ਼ਿੰਦਗੀ ਸਾਧਨ ਨੂੰ ਸਮਝਣ ਵਿੱਚ ਹੀ ਲੰਘ ਗਈ, ਈਸ਼ਵਰ ਦੇ ਮਾਰਗ਼ ਤੇ ਤਾਂ ਚੱਲਿਆ ਹੀ ਨਹੀਂ।...ਧਰਮ ਦੀ ਦੁਨੀਆ ਵਿੱਚ ਇੱਕੋ ਗੱਲ ਪ੍ਰਮਾਣਿਕ ਹੈ ‘ਇੱਕ ਦਾ ਚਿੰਤਨ, ਇੱਕ ਨਾਲ ਜੁੜਨਾ’ ਜਿਹੜੀ ਸਾਧਨਾ, ਜਿਹੜਾ ਕਰਮ ਉਸ ਇੱਕ ਨਾਲ ਨਾ ਜੋੜੇ ਤਾਂ ਉਹ ਧਾਰਮਿਕ ਸਾਧਨਾ ਹੀ ਨਹੀਂ।ਜਿਹੜਾ ਪੂਜਾ, ਪਾਠ, ਵਰਤ, ਨੇਮ ਇੱਕ ਤੋਂ ਤੋੜੇ ਉਹ ਧਾਰਮਿਕ ਸਾਧਨਾ ਹੀ ਨਹੀਂ।[65]

ਉਹ ਇਹ ਵੀ ਸਪਸ਼ਟ ਕਰਦੇ ਹਨ ਕਿ ਨੇਕੀਆਂ, ਤਪ, ਪੁੰਨ ਜਾਂ ਤੀਰਥਾਂ ਦਾ ਰਟਨ ਪਰਮਾਤਮਾ ਦਾ ਮੁੱਲ ਨਹੀਂ।ਧਰਮ ਦੀ ਹੋਂਦ ਤਾਂ ਦੈਵੀ ਗੁਣਾਂ ਤੇ ਖੜੀ ਹੈ।ਵਹਿਮਾਂ ਭਰਮਾਂ ਤੇ ਪ੍ਰਚਲਿਤ ਪਾਖੰਡਾਂ ਵਿੱਚ ਪਈ ਗਿਆਨ ਵਿਹੂਣੀ ਦੁਨੀਆ ਦੇ ਸੂਤਕ-ਪਾਤਕ, ਜਾਤ-ਪਾਤ, ਸ਼ਰਾਧ, ਸੁੱਚ-ਭਿੱਟ ਅਤੇ ਨਾਰੀ ਜਾਤੀ ਨਾਲ ਭੇਦ ਭਾਵ ਕਰਨ ਵਾਲੇ ਵਿਚਾਰਾਂ ਦੀ ਨਿਖੇਧੀ ਕਰਦਿਆਂ ਸੰਤ ਸਿੰਘ ਮਸਕੀਨ ਜੀ ਮਨੁੱਖ ਨੂੰ ਉਸ ਦੇ ਕਰਮਾਂ ਪ੍ਰਤੀ ਇੰਝ ਸਚੇਤ ਕਰਦੇ ਹਨ:

> ਤੂੰ ਆਪਣਾ ਕੀਤਾ ਆਪ ਭੋਗੇਗਾਂ, ਦੂਜਾ ਤੀਜਾ ਚੌਥਾ ਪੰਜਵਾਂ ਨਹੀ ਭੋਗੇਗਾ।ਇਿਸ ਵਾਸਤੇ ਬੁਰੀ ਘਾਲਣਾ ਪ੍ਰਤੀ ਸਚੇਤ ਰਹੀਂ।ਜੋ ਤੂੰ ਬੀਜ ਰਿਹਾ ਹੈਂ, ਇਹ ਤੂੰ ਵੱਢੇਂਗਾ।...ਪ੍ਰਭੂ ਦਾ ਇੱਕ ਨਿਯਮ।ਇਹ ਤੇ ਕਰਮ ਭੂਮੀ ਹੈ।...ਬੜੀ ਦੂਰ

> ਦ੍ਰਿਸ਼ਟੀ ਰੱਖਣੀ ਚਾਹੀਦੀ ਹੈ।ਦੂਰ ਦ੍ਰਿਸ਼ਟ ਮਨੁੱਖ ਉਹ ਹੈ ਕਿ ਇੱਕ ਕਦਮ ਉਹ ਚੱਲਿਆ ਹੈ, ਨਿਰਾ ਉਸ ਕਦਮ ਨੂੰ ਉਹ ਨਹੀਂ ਵੇਖਦਾ, ਉਹ ਵੇਖਦਾ ਹੈ ਕਿ ਮੇਰਾ ਆਖਰੀ ਕਦਮ ਕਿੱਥੇ ਹੋਵੇਗਾ?ਇਸ ਵਾਸਤੇ ਸਾਹਿਬ ਕਹਿੰਦੇ ਹਨ ਬੜੀ ਲੰਬੀ ਦ੍ਰਿਸ਼ਟ ਰੱਖ, ਕੁਝ ਨਾ ਕੁਝ ਐਸੇ ਕਰਮ ਕਰ ਜਿਸ ਦੇ ਨਾਲ ਤੈਨੂੰ ਸਕੂਨ, ਸਬਰ, ਸ਼ਾਂਤੀ ਅਤੇ ਆਨੰਦ ਦਾ ਲਾਹਾ ਪ੍ਰਾਪਤ ਹੋਵੇ।[66]

ਉਹ ਵਿਚਾਰ ਜੋ ਇੱਕ ਪਰਮਾਤਮਾ ਨਾਲ ਜੋੜਨ ਉਹ ਹੀ ਦੈਵੀ ਗੁਣਾਂ ਦੀ ਗੱਲ ਹੈ ਬਾਕੀ ਤਾਂ ਸਭ ਹਉਮੈ ਵਿੱਚ ਝੱਖਣਾ ਹੀ ਹੈ।ਅਪਣੱਤ ਗਵਾ ਕੇ ਗੁਰੂ ਨਾਨਕ ਦੀ ਗੱਦੀ ਤੱਕ ਪ੍ਰਾਪਤ ਕਰ ਲੈਣ ਵਾਲੀਆਂ ਸ਼੍ਰੀ ਗੁਰੂ ਅੰਗਦ ਦੇਵ ਜੀ ਦੀਆਂ ਸਾਖੀਆਂ ਉਹ ਸ੍ਰੋਤਿਆਂ ਨਾਲ ਸਾਂਝੀਆਂ ਕਰਦੇ ਹਨ ਤਾਂ ਜੋ ਵਾਸਤਵਿਕ ਪ੍ਰਮਾਣ ਪ੍ਰਾਪਤ ਕਰ ਕੇ ਹਉਮੈ ਤੋਂ ਉਹ ਦੂਰ ਰਹਿ ਸਕਣ।ਪਰਮਾਤਮਾ ਨਾਲ ਮਿਲਾਪ ਹੀ ਮਨੁੱਖੀ ਜੀਵਨ ਦੀਆਂ ਸਾਰੀਆਂ ਕ੍ਰਿਆਵਾਂ ਦਾ ਸਾਰ ਹੈ।ਇਹ ਹੀ ਸਦੀਵੀ ਸੁੱਖ ਹੈ।[67]

ਇਸ ਪ੍ਰਕਾਰ ਆਪਣੀ ਦਾਰਸ਼ਨਿਕ, ਤਰਕਮਈ, ਦਲੀਲਮਈ ਅਤੇ ਇਤਿਹਾਸਕ-ਮਿਥਿਹਾਸਕ ਗਾਥਾਵਾਂ ਦੁਆਰਾ ਗੁੱਝੀ ਬਿਰਤਾਂਤਕ ਵਿਧੀ ਨਾਲ ਇਸ ਬਾਣੀ ਦੀ ਵਿਆਖਿਆ ਬੜੇ ਰੋਚਕ ਅਤੇ ਦਿਲ ਖਿੱਚਵੇਂ ਢੰਗ ਨਾਲ ਕਰਦੇ ਹੋਏ ਸੰਤ ਸਿੰਘ ਮਸਕੀਨ ਜੀ ਇਹ ਪ੍ਰਮਾਣਿਤ ਕਰਦੇ ਹਨ ਕਿ ਕਿਵੇਂ ਇਹ ਬਾਣੀ ਤਤਕਾਲੀਨ ਨਿਰਾਸ਼ ਜਗਤ ਨੂੰ ਆਸ਼ਾ ਦਾ ਸੰਦੇਸ਼ ਦਿੰਦੀ ਹੈ।'ਆਸਾ' ਦੀ ਇਸ ਬਾਣੀ ਦੁਆਰਾ ਪ੍ਰਭੂ ਦੀ ਪ੍ਰਾਪਤੀ ਕਰ ਲੈਣ ਤੋਂ ਬਾਅਦ ਮਨੁੱਖ ਦੇ ਅੰਦਰ ਕੋਈ ਇੱਛਾ ਬਾਕੀ ਨਹੀਂ ਰਹਿ ਜਾਂਦੀ।ਉਹ ਮਨੁੱਖ ਨੂੰ ਇਹ ਸਮਝਾਉਣ ਵੱਲ ਵਧੇਰੇ ਮੁਖਾਤਿਬ ਹਨ ਕਿ ਕਰਮ ਕਾਂਡ ਮੁਖੀ ਸਿਧਾਂਤ ਮਾਇਆ ਤੋਂ ਮੁਕਤੀ ਨਹੀਂ ਦਿਵਾ ਸਕਦੇ ਜੋ ਕਿ ਪ੍ਰਮਾਤਮਾ ਦੀ ਸੱਚੀ ਸਿਫਤ ਸਾਲਾਹ ਅਤੇ ਮਿਲਾਪ ਤੋਂ ਦੂਰ ਰੱਖਦੇ ਹਨ।ਉਹ ਅਧਿਆਤਮਕ, ਰਾਜਨੀਤਕ, ਸਮਾਜਕ, ਆਰਥਿਕ ਅਤੇ ਸਾਧਾਰਣ ਪਰਿਵਾਰਕ ਜੀਵਨ ਦੀ ਪ੍ਰਭਾਵਸ਼ਾਲੀ ਪ੍ਰਮਾਣ ਦੇ ਕੇ ਅਦੁੱਤੀ ਆਲੋਚਨਾ ਕਰਦੇ ਹਨ ਅਤੇ ਮਾਨਵਵਾਦੀ ਸੋਚ ਅਪਣਾ ਕੇ ਬੁਲੰਦ ਆਵਾਜ਼ ਵਿੱਚ ਮਨੁੱਖ ਨੂੰ ਇਖਲਾਕੀ ਕਦਰਾਂ ਕੀਮਤਾਂ ਧਾਰਨ ਕਰਨ ਅਤੇ ਇੱਕ ਆਦਰਸ਼ ਸਮਾਜ ਸਿਰਜਣ ਵੱਲ ਪ੍ਰੇਰਦੇ ਹਨ।

**‘ਬਾਰਹਮਾਹ’ ਦੀ ਵਿਆਖਿਆ ਦਾ ਸੰਕਲਪੀ ਅਧਿਐਨ:**

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸਮੇਂ ਦੀ ਵੰਡ ਉੱਤੇ ਆਧਾਰਿਤ ਕਾਵਿ ਰੂਪ ‘ਪਹਰੇ’, ‘ਦਿਨ ਰੈਣਿ’, ‘ਥਿੱਤੀ’, ‘ਸਤਵਾਰੇ’, ‘ਰੁੱਤਾਂ’ ਅਤੇ ‘ਬਾਰਹਮਾਹ’ ਆਦਿ ਬਾਣੀਆਂ ਦਰਜ ਹਨ ਜਿਨ੍ਹਾਂ ਦਾ ਉਦੇਸ਼ ਇਸ ਦੁਰਲਭ ਮਨੁੱਖੀ ਜੀਵਨ ਦੇ ਅਣਮੁੱਲੇ ਸਮੇਂ ਦੀ ਹਰ ਛੋਟੀ ਇਕਾਈ ਦੇ ਮੁੱਲ ਨੂੰ ਜਾਣ ਕੇ ਉੱਚਤਮ ਆਦਰਸ਼ ਦੇ ਲੇਖੇ ਲਾਉਣ ਦਾ ਉਪਦੇਸ਼ ਦੇਣਾ ਹੈ।ਜਿਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ‘ਪਹਰੇ’ ਗੁਰੂ ਨਾਨਕ ਦੇਵ ਜੀ ਤੋਂ ਇਲਾਵਾ ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਦੇ ਵੀ ਲਿਖੇ ਹੋਏ ਮਿਲਦੇ ਹਨ, ‘ਥਿਤੀ’ ਗੁਰੂ ਨਾਨਕ ਦੇਵ ਜੀ, ਗੁਰੂ ਅਰਜਨ ਦੇਵ ਜੀ ਅਤੇ ਕਬੀਰ ਜੀ ਦੀ ਲਿਖੀ ਹੋਈ ਮਿਲਦੀ ਹੈ, ਉਸੇ ਤਰ੍ਹਾਂ ‘ਬਾਰਹਮਾਹ’ ਵੀ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਲਿਖੇ ਹੋਏ ਹਨ ਇੰਝ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ‘ਬਾਰਹਮਾਹ’ ਦੀ ਗਿਣਤੀ ਦੋ ਹੈ ਜਿਨ੍ਹਾਂ ਵਿੱਚੋਂ ਸਿੱਖ ਜਗਤ ਵਿੱਚ ਹਰ ਮਹੀਨੇ ਦੇ ਆਰੰਭ ਵਿੱਚ ਗੁਰੂ ਅਰਜਨ ਦੇਵ ਜੀ ਦਆਰਾ ਮਾਝ ਰਾਗ ਵਿੱਚ ਰਚਿਤ ਬਾਰਹਮਾਹ ਪੜ੍ਹਨ ਦੀ ਰਵਾਇਤ ਹੈ।

ਪੁਰਾਤਨ ਲੋਕ-ਕਾਵਿ ਪਰੰਪਰਾ ਨਾਲ ਸੰਬੰਧਤ ‘ਬਾਰਹਮਾਹ’ ਇੱਕ ਬਹੁਤ ਪ੍ਰਸਿੱਧ ਕਾਵਿ ਰੂਪ ਹੈ ਜਿਸ ਦਾ ਪਿਛੋਕੜ ਕਵੀ ਕਾਲੀਦਾਸ ਦੇ ਸੰਸਕ੍ਰਿਤ ਵਿੱਚ ਲਿਖੇ ‘ਖੱਟ ਰਿਤੂ’ ਨਾਲ ਜਾ ਰਲਦਾ ਹੈ।ਮਗਰੋਂ ਅਬਦੁਰ ਰਹਿਮਾਨ ਮੁਲਤਾਨੀ, ਮਲਿਕ ਮੁਹੰਮਦ ਜਾਇਸੀ ਤੇ ਕੇਸ਼ਵ ਦਾਸ ਨੇ ਵੀ ‘ਖੱਟ ਰਿਤੂ’ ਲਿਖੇ ਹਨ।[68] ਕੁਲਵੰਤ ਸਿੰਘ ਅਨੁਸਾਰ ਅਕਬਰ ਦੇ ਦਰਬਾਰੀ ਕਵੀ ਗੰਗ ਭੱਟ ਨੇ ਸਭ ਤੋਂ ਪਹਿਲਾ ‘ਬਾਰਹਮਾਹ’ ਲਿਖਿਆ।[69] ਸਹਿਜੇ ਸਹਿਜੇ ਬੰਗਾਲੀ, ਮਰਾਠੀ, ਗੁਜਰਾਤੀ, ਰਾਜਸਥਾਨੀ, ਹਿੰਦੀ ਅਤੇ ਪੰਜਾਬੀ ਆਦਿ ਭਾਸ਼ਾਵਾਂ ਵਿੱਚ ਵੀ ਇਹ ਲੋਕਪ੍ਰਿਯ ਸ਼ਿੰਗਾਰ ਰਸੀ ਲੋਕ ਕਾਵਿ ਸੰਜੋਗ-ਵਿਜੋਗ ਦੀਆਂ ਮਨੋ ਬ੍ਰਿਤੀਆਂ ਨੂੰ ਉਭਾਰਨ ਲਈ ਵਰਤਿਆ ਜਾਣ ਲੱਗਾ।

ਪੰਜਾਬੀ ਸਾਹਿਤ ਵਿੱਚ ਸਭ ਤੋਂ ਪਹਿਲਾ ਬਾਰਹਮਾਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲਿਖਿਆ।ਉਨ੍ਹਾਂ ਨੇ ਜਿੱਥੇ ਹੋਰ ਸਾਰੇ ਕਾਵਿ ਰੂਪਾਂ ਦੀ ਵਰਤੋਂ ਅਧਿਆਤਮਕ ਵਿਚਾਰਾਂ ਨੂੰ ਦ੍ਰਿੜਾਉਣ ਲਈ ਸ਼ੁਰੂ ਕਰ ਦਿੱਤੀ ਉੱਥੇ ਬਾਰਹਮਾਹ ਦੀ ਢੁਕਵੀਂ ਕਾਵਿ-ਸ਼ੈਲੀ ਨੂੰ ਵੀ ਅਧਿਆਤਮਕ ਸਾਹਿਤ ਵਿੱਚ ਵਰਤ ਕੇ ਸਰਗੁਣ ਸਰੂਪ ਬ੍ਰਹਮ ਦੀ ਉਸਤਤ ਕੀਤੀ।ਗੁਰੂ ਨਾਨਕ ਦੇਵ ਜੀ ਦਾ ਤੁਖਾਰੀ ਰਾਗ ਵਿੱਚ 17 ਪਉੜੀਆਂ ਵਿੱਚ ਰਚਿਆ ਬਾਰਹਮਾਹ ਸ੍ਰੀ ਗੁਰ

ਗ੍ਰੰਥ ਸਾਹਿਬ ਦੇ ਅੰਗ 1107 ਤੇ ਦਰਜ ਹੈ ਜਦੋਂ ਕਿ ਗੁਰੂ ਅਰਜਨ ਦੇਵ ਜੀ ਦਾ ਮਾਝ ਰਾਗ ਵਿੱਚ 14 ਪਉੜੀਆਂ ਵਿੱਚ ਰਚਿਆ ਬਾਰਹਮਾਹ ਅੰਗ 133 ਤੇ ਦਰਜ ਹੈ।ਡਾ. ਤਾਰਨ ਸਿੰਘ 'ਬਾਰਹਮਾਹ ਦਰਪਣ' ਵਿੱਚ ਲਿਖਦੇ ਹਨ:

> ਦੋਹਾਂ ਬਾਰਹਮਾਹ ਵਿੱਚ 'ਥਿਰ ਸੁਹਾਗੁ' ਦੀ ਪ੍ਰਾਪਤੀ ਹੀ ਜੀਵਨ ਮੰਤਵ ਦੱਸਿਆ ਹੈ।ਵਿਛੋੜੇ ਦੇ ਕਾਰਨਾਂ ਦਾ ਵਿਸ਼ਲੇਸ਼ਣ ਕੀਤਾ ਹੈ।ਮਿਲਾਪ ਦੇ ਸਾਧਨ ਦੱਸੇ ਹਨ ਅਤੇ ਮਿਲਾਪ ਦੇ ਅਕਹਿ ਆਨੰਦ ਦਾ ਝਲਕਾਰਾ ਦਿੱਤਾ ਹੈ।ਭਗਤੀ ਹੀ ਮਿਲਾਪ ਦਾ ਸਾਧਨ ਹੈ।ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦੋਵੇਂ ਬਾਰਹਮਾਹ ਮਿਲ ਕੇ ਇੱਕ ਸੰਪੂਰਨਤਾ ਦਾ ਦ੍ਰਿਸ਼ ਪੈਦਾ ਕਰਦੇ ਹਨ।ਗੁਰੂ ਨਾਨਕ ਸਾਹਿਬ ਨੇ ਕੁਦਰਤ ਦਾ ਵਾਯੂਮੰਡਲ ਚਿਤ੍ਰਨ ਤੇ ਬਲ ਦਿੱਤਾ ਹੈ ਤੇ ਗੁਰੂ ਅਰਜਨ ਦੇਵ ਜੀ ਨੇ ਮਿਲਾਪ ਦੇ ਸਾਧਨ ਦ੍ਰਿੜ ਕਰਾਉਣ ਤੇ ਜ਼ੋਰ ਦਿੱਤਾ ਹੈ।[70]

ਬਾਰਹਮਾਹ ਬਾਣੀ ਦੀ ਵਿਆਖਿਆ ਆਰੰਭ ਕਰਨ ਤੋਂ ਪਹਿਲਾਂ ਗਿਆਨੀ ਸੰਤ ਸਿੰਘ ਮਸਕੀਨ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਦੋਵੇਂ ਬਾਰਹਮਾਹ ਦੀਆਂ ਬਾਣੀਆਂ ਦਾ ਵੇਰਵਾ ਦਿੰਦੇ ਹਨ।ਇਨ੍ਹਾਂ ਬਾਣੀਆਂ ਦੀ ਵਿਆਖਿਆ ਕਰਨ ਵਿੱਚ ਉਨ੍ਹਾਂ ਦੀ ਵਿਲੱਖਣਤਾ ਇਹ ਹੈ ਕਿ ਉਹ ਦੋਵੇਂ ਹੀ ਬਾਰਹਮਾਹ ਦੀਆਂ ਪਾਉੜੀਆਂ ਦੀ ਵਿਆਖਿਆ ਨਾਲੋ ਨਾਲ ਕਰਦੇ ਹਨ ਤਾਂ ਜੋ ਦੋਵੇਂ ਰਚਨਾਵਾਂ ਨੂੰ ਇਕੱਠਿਆਂ ਵਿਚਾਰ ਕੇ ਗੁਰੂ ਸਾਹਿਬਾਨ ਦੇ ਆਸ਼ੇ ਨੂੰ ਸਮਝਿਆ ਜਾ ਸਕੇ।ਬਾਰਹਮਾਹ ਦੀ ਕਥਾ ਕਰਦਿਆਂ ਹੋਇਆਂ ਗਿਆਨੀ ਸੰਤ ਸਿੰਘ ਮਸਕੀਨ ਜੀ ਹਰ ਸ਼ਬਦ ਅਤੇ ਸੰਕਲਪ ਦੀ ਬਹੁਪੱਖੀ ਵਿਆਖਿਆ ਕਰਦੇ ਅਤੇ ਦਾਰਸ਼ਨਿਕ ਸਿਧਾਂਤ ਨਿਵੇਕਲੇ ਰੂਪ ਵਿੱਚ ਨਿਖੇੜਦੇ ਨਜ਼ਰ ਆਉਂਦੇ ਹਨ।

ਬਾਰਹਮਾਹ ਤੁਖਾਰੀ ਵਿੱਚ ਗੁਰੂ ਨਾਨਕ ਦੇਵ ਜੀ ਜਪੁਜੀ ਵਾਂਗ ਗੰਭੀਰ ਦਾਰਸ਼ਨਿਕ ਵਿਚਾਰਾਂ ਨਹੀਂ ਕਰਦੇ ਸਗੋਂ ਸਿੱਧੀ, ਸਧਾਰਨ, ਸਥਾਨਕ ਸ਼ਬਦਾਵਲੀ ਵਿੱਚ ਸੂਤ੍ਰਿਕ ਸ਼ੈਲੀ ਵਰਤਦੇ ਹੋਏ ਲੋਕ ਮੁਹਾਵਰੇ ਦੇ ਸਰੋਦੀ ਅੰਸ਼ ਨਾਲ ਅਧਿਆਤਮਕ ਵਾਤਾਵਰਨ ਨੂੰ ਸਿਰਜਦੇ ਹਨ ਤਾਂ ਜੋ ਇੱਕ ਦ੍ਰਿਸ਼ਟੇਤਾ ਕਵੀ ਦੀ ਹੈਸੀਅਤ ਵਿੱਚ ਕੁਦਰਤੀ ਰਹੱਸਾਂ ਦੇ ਸਮਾਨਾਂਤਰ ਅਧਿਆਤਮਕ ਰਹੱਸਾਂ ਨੂੰ ਰੂਪਮਾਨ ਕਰ ਸਕਣ।ਗੁਰੂ ਅਰਜਨ ਦੇਵ ਜੀ ਦੀ ਫਿਲਾਸਫੀ ਵੀ

ਗੁਰੂ ਨਾਨਕ ਵਾਲੀ ਹੀ ਹੈ। ਸੰਤ ਸਿੰਘ ਮਸਕੀਨ ਜੀ ਬਾਰਹਮਾਹ ਮਾਝ ਦੀ ਭੂਮਿਕਾ ਸਰੂਪ ਦਿੱਤੀ ਪਹਿਲੀ ਪਉੜੀ ਦੀ ਵਿਆਖਿਆ ਕਰਦੇ ਹੋਏ ਮਨੁੱਖੀ ਮਨ ਦੇ ਅੰਤ੍ਰੀਵ ਵਿਗਿਆਨ ਅਤੇ ਜੋਤਿਸ਼ ਵਿਗਿਆਨ ਦੇ ਭੇਦ ਨੂੰ ਆਦਿ ਕਾਲ ਤੋਂ ਆਰੰਭਦੇ ਹੋਏ ਸਮਝਾਉਂਦੇ ਹਨ:

> ਆਦਿ ਕਾਲ ਤੋਂ ਕੁਝ ਫਕੀਰ, ਸੰਤ ਜਨਾਂ ਨੇ ਬਾਰਾਂ ਮਹੀਨਿਆਂ ਦਾ ਕੁਝ ਆਪਣਾ ਪ੍ਰਭਾਉ ਔਰ ਗਿਆਨ, ਵਿਗਿਆਨ, ਸੂਝ-ਸਮਝ ਜਗਤ ਦੇ ਸਾਹਮਣੇ ਰੱਖੀ ਹੈ। 'ਸੂਰਜੁ ਏਕੋ ਰੁਤਿ ਅਨੇਕ' ਸੂਰਜ ਇੱਕ ਹੈ ਪਰ ਰੁੱਤ ਇੱਕ ਨਹੀਂ। ਬਾਰਾਂ ਰਾਸਾਂ ਨੇ। ਸੂਰਜ ਜਦ ਇੱਕ ਰਾਸ ਨੂੰ ਛੱਡ ਕੇ ਦੂਸਰੀ ਰਾਸ ਵਿੱਚ ਪ੍ਰਵੇਸ਼ ਕਰਦਾ ਹੈ ਤਾਂ ਵਾਤਾਵਰਣ ਵਿੱਚ ਪਲਟਾ ਆਉਂਦਾ ਹੈ, ਤਬਦੀਲੀ ਆਉਂਦੀ ਹੈ, ਕ੍ਰਾਂਤੀ ਆਉਂਦੀ ਹੈ। ਇਸੇ ਕਰਕੇ ਉਸ ਦਿਨ ਦਾ ਨਾਂ 'ਸਾਕ੍ਰਾਂਤ' ਹੈ, ਜਿਹਦਾ ਪੰਜਾਬੀ ਉਚਾਰਨ ਹੈ 'ਸੰਗ੍ਰਾਂਦ', ਜਿਹਦੇ ਰਾਹੀਂ ਕ੍ਰਾਂਤੀ ਘਟਤ ਹੁੰਦੀ ਹੈ।[71]

ਆਮ ਜਗਤ ਵਿੱਚ ਇਹ ਵਿਚਾਰਧਾਰਾ ਪ੍ਰਚਲਤ ਹੈ ਕਿ ਮਨੁੱਖ ਦੇ ਉੱਪਰ ਸੂਰਜ, ਚੰਦ, ਤਾਰੇ, ਗ੍ਰਹਿ, ਨਛੱਤਰਾਂ ਦਾ ਸ਼ੁਭ-ਅਸ਼ੁਭ ਪ੍ਰਭਾਵ ਅਵੱਸ਼ ਪੈਂਦਾ ਹੈ। ਇੱਥੇ ਉਹ ਵਿਗਿਆਨਕ ਤਰਕ ਦੇ ਕੇ ਆਖਦੇ ਹਨ:

> ਜੇ ਪੂਰਨਮਾਸ਼ੀ ਵਾਲੇ ਦਿਨ, ਜਦੋਂ ਚੰਦਰਮਾ ਸੰਪੂਰਨ ਹੁੰਦਾ ਹੈ, ਸਮੁੰਦਰ ਉਛਲ ਪੈਂਦਾ ਹੈ ਤਾਂ ਮਨੁੱਖ ਦੇ ਮਨ, ਮਨੁੱਖ ਦੀ ਚੇਤਨਾ ਵਿੱਚ ਵੀ ਉਛਾਲ ਆ ਸਕਦਾ ਹੈ ਪਰ ਮਨੁੱਖ ਦੇ ਜੀਵਨ ਵਿੱਚ ਦੁੱਖ-ਸੁੱਖ ਗ੍ਰਹਿ ਚਾਲ ਕਾਰਨ ਨਹੀਂ ਸਗੋਂ ਉਸ ਦੇ ਕੀਤੇ ਕਰਮਾਂ ਕਾਰਨ ਆਉਂਦੇ ਹਨ। ਪਰਮਾਤਮਾ ਤੋਂ ਮਨੁੱਖ ਦਾ ਵਿਛੋੜਾ ਕੀਤੇ ਕਰਮਾਂ ਕਾਰਨ ਹੈ, ਸੂਰਜ, ਚੰਦ, ਤਾਰਿਆਂ ਕਰਕੇ ਨਹੀਂ।[72]

ਸੋ ਇਸ ਪ੍ਰਕਾਰ ਗਿਆਨੀ ਸੰਤ ਸਿੰਘ ਮਸਕੀਨ ਜੀ ਬਾਰਹਮਾਹ ਮਾਝ ਦੀ ਭੂਮਿਕਾ ਰੂਪੀ ਪਉੜੀ ਦੁਆਰਾ ਮਨੁੱਖੀ ਮਨ ਤੇ ਪਏ ਅੰਧ ਵਿਸ਼ਵਾਸ਼ ਦੇ ਪਰਦੇ ਨੂੰ ਲਾਹ ਕੇ ਆਪਣੇ ਕੰਮਾਂ

ਪ੍ਰਤੀ ਸੁਚੇਤ ਹੋਣ ਦਾ ਸੰਕਲਪ ਪਾਠਕਾਂ/ਸਰੋਤਿਆਂ ਸਾਹਮਣੇ ਰੱਖਦੇ ਹਨ।ਦੂਜੇ ਪਾਸੇ ਬਾਰਹਮਾਹ ਤੁਖਾਰੀ ਦੀ ਭੂਮਿਕਾ, ਜੋ ਕਿ ਚਾਰ ਪਉੜੀਆਂ ਵਿੱਚ ਵਿਆਪਕ ਤੌਰ ਤੇ ਲਿਖੀ ਹੋਈ ਹੈ, ਵਿੱਚ ਵੀ ਇਸੇ ਵਿਚਾਰ ਦੀ ਗੁੰਝਲ ਖੋਲ੍ਹਦਿਆਂ ਸੰਤ ਸਿੰਘ ਮਸਕੀਨ ਜੀ ਆਖਦੇ ਹਨ:

> ਇਸ ਵਿੱਚ ਵੀ ਸਾਹਿਬ ਗੁਰੂ ਨਾਨਕ ਦੇਵ ਜੀ ਮਹਾਰਾਜ ਖੇਡ ਕਰਮਾਂ ਦੀ ਹੀ ਦੱਸਦੇ ਹਨ, ਗ੍ਰਹਿ ਨਛੱਤਰਾਂ ਦੀ ਨਹੀਂ।...ਕਰਮ ਬੀਜ ਹੈ ਤੇ ਦੁੱਖ-ਸੁੱਖ ਫਲ ਨੇ।...ਖੇਡ ਉਸ ਨਿਰੰਕਾਰ ਦੀ ਰਚਨਾ ਵਿੱਚ ਕੇਵਲ ਕਰਮਾਂ ਦੀ ਹੈ।ਐ ਮਨੁੱਖ! ਤੂੰ ਕਿਤੇ ਇਸ ਭੁਲੇਖੇ ਵਿੱਚ ਨਾਂ ਰਹੀਂ ਕਿ ਗ੍ਰਹਿਆਂ ਅਤੇ ਨਛੱਤਰਾਂ ਕਾਰਨ ਜਿਵੇਂ ਮੌਸਮ ਵਿੱਚ ਬਦਲਾਵ ਆਉਂਦਾ ਹੈ, ਉਸੇ ਤਰ੍ਹਾਂ ਤੇਰੇ ਜੀਵਨ ਵਿੱਚ ਦੁੱਖ-ਸੁੱਖ ਆਉਂਦੇ ਹਨ, ਸਗੋਂ ਤੇਰੇ ਕਰਮਾਂ ਦਾ ਬੀਜਿਆ ਹੋਇਆ ਬੀਜ ਹੀ ਤੇਰੇ ਸਾਹਮਣੇ ਆਉਂਦਾ ਹੈ।ਸੋ ਤੂੰ ਆਪਣੇ ਕਰਮਾਂ ਰੂਪੀ ਖੇਤੀ ਨੂੰ ਸਚੇਤ ਹੋ ਕੇ ਤਿਆਰ ਕਰ।ਹਰ ਮਹੀਨਾ ਅਤੇ ਹਰ ਤਿਥੀ ਨੂੰ ਪ੍ਰਭੂ ਮਿਲਾਪ ਦੇ ਉੱਦਮ ਕਰ।[73]

ਇਸ ਪ੍ਰਕਾਰ ਭੂਮਿਕਾ ਦੀਆਂ ਪਉੜੀਆਂ ਦੀ ਵਿਆਖਿਆ ਕਰਦੇ ਹੋਏ ਹੀ ਗਿਆਨੀ ਸੰਤ ਸਿੰਘ ਮਸਕੀਨ ਜੀ ਅਧਿਆਤਮਕ ਅਨੁਭਵ ਨੂੰ ਸਮਾਜਕਤਾ ਨਾਲ ਜੋੜ ਕੇ ਸਹਿਜ ਮਾਰਗ ਤੇ ਚੱਲਣ ਲਈ ਪ੍ਰੇਰਦੇ ਹਨ ਅਤੇ ਮਨੁੱਖੀ ਮਨ ਤੋਂ ਵਹਿਮ-ਭਰਮ ਦਾ ਜੂਲਾ ਲਾਹ ਕੇ ਗੁਰਮਤਿ ਵਿੱਚ ਵਿਖਾਏ ਅਜਿਹੇ ਸੰਜਮ ਸ਼ੀਲ ਪ੍ਰਬੰਧ ਨੂੰ ਬਿਆਨ ਕਰਦੇ ਹਨ ਜੋ ਕਾਲ ਉੱਤੇ ਆਸ਼੍ਰਿਤ ਨਹੀਂ ਹੁੰਦਾ ਸਗੋਂ ਕਾਲ ਨੂੰ ਪ੍ਰਭਾਵਿਤ ਅਤੇ ਪ੍ਰੇਰਿਤ ਕਰਦਾ ਹੈ।ਇਸ ਪ੍ਰਸੰਗ ਵਿੱਚ ਡਾ. ਗੁਰਨਾਮ ਕੌਰ ਦੇ ਨਿਮਨ ਵਿਚਾਰ ਵੀ ਸੰਤ ਸਿੰਘ ਮਸੀਨ ਜੀ ਦੇ ਵਿਚਾਰਾਂ ਦੀ ਪੁਸ਼ਟੀ ਕਰਦੇ ਹਨ:

> ਸਿੱਖ ਧਰਮ ਦੀ ਇਹ ਵਿਲੱਖਣਤਾ ਹੈ ਕਿ ਇਹ ਕਾਲ ਅਤੇ ਸਥਾਨ ਰਾਹੀਂ ਪ੍ਰੇਰਿਤ ਅਤੇ ਆਸਰਿਤ ਨਾ ਹੋ ਕੇ ਇਨ੍ਹਾਂ ਨੂੰ ਪ੍ਰਭਾਵਿਤ ਕਰਦਾ ਹੈ।...ਇਸ ਨੇ ਹਿੰਦੁਸਤਾਨੀ ਧਾਰਮਿਕ

> ਪਰੰਪਰਾ ਦੇ ਇਤਿਹਾਸ ਵਿੱਚ ਇੱਕ ਨਵਾਂ ਇਤਿਹਾਸ ਸਿਰਜਿਆ ਜਿਸ ਨੇ ਇੱਕ ਵੱਡੀ ਸਮਾਜਿਕ ਤਬਦੀਲੀ ਲਿਆਂਦੀ।[74]

ਬਾਰਾਂ ਮਹੀਨਿਆਂ (ਚੇਤ, ਵਿਸਾਖ, ਜੇਠ, ਹਾੜ, ਸਾਉਣ, ਭਾਦੋਂ, ਅੱਸੂ, ਕੱਤਕ, ਮੱਘਰ, ਪੋਹਿ, ਮਾਘ, ਫੱਗਣ) ਵਿੱਚ ਛੇ ਰੁੱਤਾਂ ਦਾ ਬਦਲਾਵ ਆਉਂਦਾ ਹੈ।ਇਨ੍ਹਾਂ ਅਨੁਸਾਰ ਹੀ ਮੌਸਮ ਦੇ ਬਦਲਾਵ ਨਾਲ ਮਨੁੱਖੀ ਮਨ ਵੀ ਪ੍ਰਭਾਵਿਤ ਹੁੰਦਾ ਹੈ।ਪ੍ਰਭੂ ਨਾਲੋਂ ਵਿਛੜੀ ਆਤਮਾ ਲਈ ਕੋਈ ਵੀ ਘੜੀ, ਮਹੂਰਤ, ਦਿਨ, ਮਹੀਨਾ, ਸਾਲ ਜਾਂ ਰੁੱਤ ਆਦਿ ਕਿਵੇਂ ਮਾੜੀ ਹੋ ਸਕਦੀ ਹੈ, ਸਗੋਂ ਬਦਲਾਵ ਦਾ ਹਰ ਸਮਾਂ ਹੀ ਉਸ ਵਿੱਚ ਅਧਿਆਤਮਕ ਗੁਣ ਭਰਨ ਦੇ ਸਮਰੱਥ ਹੈ।ਇਸੇ ਬਦਲਾਵ ਨੂੰ ਆਧਾਰ ਬਣਾ ਕੇ ਉਸ ਨੂੰ ਸਮਝਾਉਣ ਦਾ ਯਤਨ ਕੀਤਾ ਜਾਂਦਾ ਹੈ ਕਿ ਮਨੁੱਖੀ ਜੀਵਨ ਵਿੱਚ ਸ਼ੁੱਭ ਬਦਲਾਵ ਕੇਵਲ ਪ੍ਰਭੂ ਦੇ ਨਾਮ ਨਾਲ ਹੀ ਆਵੇਗਾ।ਪ੍ਰਭੂ ਦਾ ਨਾਮ ਇਨਸਾਨ ਨੂੰ ਭਗਵਾਨ ਨਾਲ ਮਿਲਾ ਕੇ ਉਸੇ ਦਾ ਰੂਪ ਬਣਾ ਦਿੰਦਾ ਹੈ ਤੇ ਇਸ ਮਿਲਾਪ ਤੋਂ ਬਿਨਾਂ ਮਨੁੱਖੀ ਜੀਵਨ ਵਿਅਰਥ ਹੈ।ਮਨੁੱਖੀ ਸਰੀਰ ਹੀ ਪ੍ਰਮਾਤਮਾ ਨੂੰ ਪਾਉਣ ਦਾ ਇੱਕ ਅਵਸਰ ਹੈ ਜੋ ਪ੍ਰਮਾਤਮਾ ਵੱਲੋਂ ਪ੍ਰਦਾਨ ਕੀਤਾ ਹੋਇਆ ਹੈ।ਉਸ ਦੀ ਮਿਹਰ ਦਾ ਪਾਤਰ ਬਣਨ ਲਈ ਮਨੁੱਖ ਨੂੰ ਹਰ ਸਮੇਂ ਜਤਨ ਕਰਨੇ ਪੈਂਦੇ ਹਨ ਫਿਰ ਭਾਵੇਂ 'ਉਨਵਿ ਘਨ ਛਾਏ' ਭਾਵ ਬਰਸਾਤ ਦਾ ਮੌਸਮ ਹੋਵੇ ਜਾਂ 'ਸੂਰਜੁ ਗਗਨਿ ਤਪੈ' ਭਾਵ ਗਰਮੀ ਦਾ ਮੌਸਮ ਹੋਵੇ ਮਸਕੀਨ ਜੀ ਇੰਝ ਕਹਿੰਦੇ ਹਨ ਕਿ 'ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿਨਾਂ ਪਾਸਿ' ਕਿ ਹਾੜ ਦਾ ਮਹੀਨਾ ਤਾਂ ਤਪਦਾ ਹੋਇਆ ਉਨ੍ਹਾਂ ਨੂੰ ਹੀ ਲਗਦਾ ਹੈ ਜਿਨਾਂ ਕੋਲ ਹਰੀ ਦਾ ਨਾਮ ਨਹੀਂ, ਬੰਦਗੀ ਨਹੀਂ।ਫਿਰ ਇੰਝ ਭਾਵਮਈ ਹੋ ਕੇ ਪ੍ਰੇਰਦੇ ਹਨ:

> ਨਵਾਂ ਸਾਲ ਸ਼ੁਰੂ ਹੋਇਆ ਹੈ ਚੇਤ ਤੋਂ, ਐ ਬੰਦੇ ਤੂ ਵੀ ਬੰਦਗੀ ਸ਼ੁਰੂ ਕਰ।ਤੂੰ ਵੀ ਆਪਣੇ ਜੀਵਨ ਵਿੱਚ ਪ੍ਰਭੂ ਦੀ ਇਬਾਦਤ ਸ਼ੁਰੂ ਕਰ।ਅਗਰ ਐਸਾ ਕਰੇਂਗਾ ਤਾਂ "ਹੋਵੈ ਅਨੰਦੁ ਘਣਾ", ਬਹੁਤ ਵੱਡਾ ਅਨੰਦ ਜੀਵਨ 'ਚ ਪ੍ਰਗਟ ਹੋ ਜਾਏਗਾ ਪਰ ਕਿਵੇਂ ਬੰਦਗੀ ਕਰੀਏ? ਕਿਸ ਤਰ੍ਹਾਂ ਕਰੀਏ? ਸੰਤਾਂ ਦੀ ਸੰਗਤ ਕਰ, ਸਾਧੂ ਦੀ ਸੰਗਤ ਕਰ, ਗੁਰੂ ਦੀ ਰੋਜ਼

> ਸੰਗਤ ਕਰ ਔਰ ਜ਼ਬਾਨ ਨਾਲ ਉਹਦੇ ਨਾਮ ਦਾ ਉਚਾਰਨ ਕਰ।[75]

ਕਈ ਵਾਰ ਬਿਰਹੋਂ ਦੀ ਮਾਰੀ ਹੋਈ ਜੀਵ ਇਸਤਰੀ ਦੀ ਤੜਪ ਨੂੰ ਬਿਆਨ ਕਰਦੇ ਹੋਏ ਇੰਝ ਬਿਹਬਲ ਹੋ ਜਾਂਦੇ ਹਨ ਮਾਨੋ ਪ੍ਰਭੂ-ਪਤੀ ਨੂੰ ਪਾਉਣ ਲਈ ਆਪ ਤੜਪ ਰਹੇ ਹੋਣ।ਪ੍ਰਮਾਣ ਵਜੋਂ:

> ਐ ਪਿਆਰੇ ਤੂੰ ਘਰ ਦੇ ਵਿੱਚ ਆ ਤਾਂ ਕਿ ਇਸ ਨਾ ਤਰੇ ਜਾਣ ਵਾਲੇ ਸੰਸਾਰ ਤੋਂ ਪਾਰ ਹੋ ਸਕਾਂ।ਸੰਸਾਰ ਵਿੱਚ ਅਥਾਹ ਲਹਿਰਾਂ ਨੇ, ਤੂਫਾਨ ਹੈ।ਬੇੜੀ ਦਾ ਪਾਰ ਹੋਣਾ ਮਲਾਹ ਕਰਕੇ ਹੈ।ਜੜ੍ਹੀ ਬੂਟੀਆਂ ਦੇ ਰਾਜ ਵੈਦ ਲੋਕ ਪ੍ਰਗਟ ਕਰਦੇ ਹਨ।ਕਿਸੇ ਸਾਜ਼ ਦੀ ਮਹਾਨਤਾ ਸਾਜ਼ਿੰਦੇ ਕਰਕੇ ਹੈ ਕਿਸੇ ਬੀਜ ਦਾ ਫਲੀ-ਭੂਤ ਹੋਣਾ, ਗੁਣਸ਼ਾਲੀ ਹੋਣਾ ਧਰਤੀ ਕਰਕੇ ਹੈ।ਮਨੁੱਖ ਦੀ ਵੀ ਸਾਰੀ ਨਵਿਰਤੀ ਪ੍ਰਮਾਤਮਾ ਕਰਕੇ ਹੈ।ਇੱਕ ਪਰਮਾਤਮਾ ਨੂੰ ਆਪਣੇ ਜੀਵਨ ਤੋਂ ਅਲਗ ਕਰ ਦਈਏ ਤਾਂ ਇੰਝ ਸਮਝ ਲਉ ਮਲਾਹ ਬੇੜੀ ਤੋਂ ਅਲਗ ਹੋ ਗਿਆ।ਜੈਸੇ ਜ਼ਮੀਨ ਤੋਂ ਬੀਜ ਅੱਡਰਾ ਹੋ ਗਿਆ।ਜੈਸੇ ਸਾਜ਼ ਤੋਂ ਸਾਜ਼ਿੰਦਾ ਅਲੱਗ ਹੋ ਗਿਆ।ਜੀਵਨ ਦੇ ਵਿੱਚ ਜੋ ਗੀਤ, ਸੰਗੀਤ, ਖੇੜਾ ਹੈ, ਉਹ ਤਾਂ ਪ੍ਰਮਾਤਮਾ ਕਰਕੇ ਹੈ।ਇਸ ਵਾਸਤੇ ਆਖਿਆ ਗਿਆ ਹੈ ਤੂੰ ਤਾਂ ਪ੍ਰਮਾਤਮਾ ਦੀ ਬੰਸਰੀ ਬਣ ਜਾ, ਪ੍ਰਮਾਤਮਾ ਦਾ ਸਾਜ਼ ਬਣ ਜਾ।ਉਹਦੇ ਹੋਠਾਂ ਨਾਲ ਲੱਗ ਜਾ ਤਾਂ ਕਿ ਉਹਦੀ ਹਵਾ ਤੈਨੂੰ ਐਸੀ ਛੂਹੇ ਤੇਰੀ ਜ਼ਿੰਦਗੀ ਸੰਗੀਤਮਈ ਹੋ ਜਾਵੇ।[76]

ਬਾਰਹਮਾਹ ਬਾਣੀ ਰਚਣ ਦਾ ਜਿੱਥੇ ਗੁਰੂ ਸਾਹਿਬਾਨ ਦਾ ਮੁੱਖ ਉਦੇਸ਼ ਵਿਅਕਤੀ ਨੂੰ ਪ੍ਰਮਾਤਮਾ ਨਾਲ ਜੋੜਨਾ ਹੈ ਉੱਥੇ ਗਿਆਨੀ ਸੰਤ ਸਿੰਘ ਮਸਕੀਨ ਜੀ ਵੀ ਇਸ ਬਾਣੀ ਵਿਚਲੇ ਸੰਕਲਪਾਂ ਨੂੰ ਇਸ ਤਰ੍ਹਾਂ ਪ੍ਰਸਤੁਤ ਕਰਦੇ ਹਨ ਕਿ ਮਨੁੱਖ ਦੇ ਮਨ ਦੀ ਅੰਤ੍ਰੀਵ ਅਵਸਥਾ ਨੂੰ ਪ੍ਰਭੂ ਰੰਗ ਵਿੱਚ ਰੰਗੀਜ ਦੇਣ।ਜਿੱਥੇ ਉਹ ਸ਼ਾਬਦਿਕ ਵਿਸ਼ਲੇਸ਼ਣ ਕਰਦੇ ਨਜ਼ਰ ਆਉਂਦੇ ਹਨ, ਉੱਥੇ

ਦਾਰਸ਼ਨਿਕ ਵਿਆਖਿਆ ਕਰਦੇ ਹੋਏ ਸ਼ਬਦਾਂ ਅਤੇ ਸੰਕਲਪਾਂ ਨੂੰ ਪੂਰਨ ਰੂਪ ਵਿੱਚ ਸਪਸ਼ਟ ਕਰਦੇ ਹਨ। ਪ੍ਰਮਾਣ ਵਜੋਂ:

> ਦੇਖਣ ਵਿੱਚ ਆਇਆ ਹੈ ਕਿ ਮਨੁੱਖ ਬਹੁਤ ਥਾਵਾਂ ਤੇ ਸੁਚੇਤ ਰਹਿੰਦਾ ਹੈ, ਲੇਕਿਨ ਕਰਮ ਪ੍ਰਤੀ ਸੁਚੇਤ ਨਹੀਂ ਰਹਿੰਦਾ। ਕਰਮ ਤਿੰਨ ਤਰ੍ਹਾਂ ਦੇ ਨੇ, ਸਰੀਰਕ, ਵਾਚਕ ਤੇ ਮਾਨਸਿਕ। ਕੁਝ ਸਰੀਰ ਨਾਲ ਐਸਾ ਕਰਨਾ ਕਿ ਦੂਜੇ ਨੂੰ ਚੋਟ ਪਹੁੰਚੇ। ਮੂੰਹ ਨਾਲ ਐਸਾ ਬੋਲਣਾ ਕਿ ਦੂਸਰੇ ਦਾ ਅਹਿੱਤ ਹੋਵੇ ਤੇ ਕੁਝ ਐਸਾ ਸੋਚਣਾ ਕਿ ਦੂਜੇ ਲਈ ਬੁਰਾ ਹੋਵੇ। ਬੱਸ, ਉਸ ਕਰਮ ਨੂੰ ਹੀ ਅਸ਼ੁੱਭ ਕਰਮ ਕਹਿੰਦੇ ਹਨ। ...ਦੁਨੀਆਂ ਦੇ ਵਿੱਚ ਸਾਰੀ ਖੇਡ ਕਰਮਾਂ ਦੀ ਹੈ। ਕੀਤੇ ਹੋਏ ਕਰਮਾਂ ਤੋਂ ਸੰਸਕਾਰ ਬਣ ਜਾਂਦੇ ਨੇ। ਸੰਸਕਾਰਾਂ ਤੋਂ ਸੁਭਾਉ ਬਣ ਜਾਂਦਾ, ਸੁਭਾਉ ਤੋਂ ਪ੍ਰਾਲਬਧ (ਤਕਦੀਰ) ਬਣ ਜਾਂਦੀ ਹੈ ਔਰ ਪ੍ਰਾਲਬਧ ਹੀ ਸੁੱਖ ਦੁੱਖ ਨੂੰ ਜਨਮ ਦਿੰਦੀ ਹੈ।[77]

ਅੰਤ ਵਿੱਚ ਮਨੁੱਖ ਨੂੰ ਸਮਝਾਉਂਦੇ ਹੋਏ ਉਹ ਨਿਰਣਾ ਦੱਸਦੇ ਹਨ:

> ਮਨੁੱਖ ਦੇ ਜਦ ਕਰਮ ਅਸ਼ੁੱਭ ਹੋ ਜਾਂਦੇ ਹਨ ਤਾਂ ਇਸਦਾ ਇਲਜ਼ਾਮ ਕਈ ਦਫਾ ਕੁਝ ਮਨੁੱਖਾਂ ਤੇ ਥੋਪਿਆ ਜਾਂਦਾ ਹੈ, ਕਈ ਦਫਾ ਗ੍ਰਹਿ, ਨਛੱਤਰ ਤੇ, ਮਹੀਨਿਆਂ ਤੇ ਜਾਂ ਦਿਨਾਂ ਤੇ ਥੋਪਿਆ ਜਾਂਦਾ ਹੈ। ਇਹ ਠੀਕ ਨਹੀਂ। ਸਾਹਿਬ ਕਹਿੰਦੇ ਨੇ ਜਿਨ੍ਹਾਂ ਉੱਤੇ ਪ੍ਰਮਾਤਮਾ ਦੀ ਨਜ਼ਰ ਹੋ ਗਈ ਜੋ ਪ੍ਰਮਾਤਮਾ ਦਾ ਨਾਮ ਜਪਣ ਲੱਗ ਪਏ ਸਾਰੇ ਮਹੀਨੇ ਉਨ੍ਹਾਂ ਲਈ ਸ਼ੋਭਨੀਕ ਨੇ ਸਾਰੇ ਦਿਨ ਉਨ੍ਹਾਂ ਲਈ ਮਹਾਨ ਨੇ।[78]

ਸੋ ਉਪਰੋਕਤ ਸੰਕਲਪੀ ਅਧਿਐਨ ਦੇ ਨਤੀਜੇ ਵਜੋਂ ਸੰਖੇਪ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਸਧਾਰਨ ਬੁੱਧੀ ਦੇ ਜਗਿਆਸੂ ਦੇ ਧਿਆਨ ਨੂੰ ਇਕਾਗਰ ਕਰਦੇ ਹੋਏ ਉਸ ਦੇ ਹਿਰਦੇ ਵਿੱਚ ਬਾਣੀ ਦੇ ਭਾਵ ਨੂੰ ਵਸਾਉਣ ਸੰਬੰਧੀ ਗਿਆਨੀ ਸੰਤ ਸਿੰਘ ਮਸਕੀਨ ਜੀ ਦਾ ਸਿਧਾਂਤਕ ਤੇ ਸੰਕਲਪੀ ਭਾਵ ਸਪਸ਼ਟ ਕਰਨ ਦਾ ਹੁਨਰ ਅਥਾਹ ਸਮੁੰਦਰ ਵਾਂਗ ਠਾਠਾਂ ਮਾਰਦਾ ਹੈ ਅਤੇ

ਇਹ ਸ੍ਰੋਤੇ ਨੂੰ ਗੁਰਬਾਣੀ ਦੇ ਰਸ ਨਾਲ ਭਾਵ-ਵਿਭੋਰ ਕਰਨ ਦੇ ਯੋਗ ਬਣਦਾ ਹੈ।ਬਾਰਹਮਾਹ ਜਿਹੀ ਰਾਗਾਤਮਕ ਅਤੇ ਸੂਤ੍ਰਾਤਮਕ ਕ੍ਰਿਤ ਵਿਚਲੇ ਸੰਜੋਗ ਅਤੇ ਵਿਜੋਗ ਦੇ ਸ਼ਿੰਗਾਰ ਰਸ, ਭਗਤੀ ਰਸ, ਬਿੰਬ, ਪ੍ਰਤੀਕ ਅਤੇ ਅਲੰਕਾਰਾਂ ਨੂੰ ਉਨ੍ਹਾਂ ਨੇ ਆਪਣੇ ਭਾਵਾਂ, ਜੁਗਤਾਂ ਅਤੇ ਦਾਰਸ਼ਨਿਕ ਵਿਚਾਰਾਂ ਨਾਲ ਦਰਸਾ ਕੇ ਜਿਸ ਉੱਚਤਾ ਨੂੰ ਛੋਹਿਆ ਹੈ, ਸਾਡੀ ਜਾਚੇ ਉਹ ਸਿੱਖ ਚਿੰਤਨ ਵਿੱਚ ਪਹਿਲੀ ਵਾਰ ਹੋਇਆ ਹੈ।

## 6.3 ਸੰਤ ਸਿੰਘ ਮਸਕੀਨ ਜੀ ਦਾ ਵਿਆਖਿਆ-ਸਿਧਾਂਤ:

ਗਿਆਨੀ ਸੰਤ ਸਿੰਘ ਮਸਕੀਨ ਜੀ ਦਾ ਮੰਨਣਾ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਉਹ ਨਿਰੋਲ ਧਾਰਮਿਕ ਗ੍ਰੰਥ ਹੈ ਜੋ ਕੇਵਲ ਆਤਮਾ ਅਤੇ ਪ੍ਰਮਾਤਮਾ ਦੀ ਗੱਲ ਕਰਦਾ ਹੈ ਤੇ ਜਿਸ ਨੂੰ ਕੀਰਤਨ ਅਥਵਾ ਕਥਾ ਦੁਆਰਾ ਸਮਝਿਆ ਜਾ ਸਕਦਾ ਹੈ।ਇਸ ਸੰਬੰਧੀ ਉਹ ਆਪਣੇ ਸ਼ਬਦਾਂ ਵਿੱਚ ਇੰਝ ਆਖਦੇ ਹਨ:

> ਧਾਰਮਿਕ ਮੰਦਰ ਇੱਕ ਨਿਰਮਲ ਸਰੋਵਰ ਹੁੰਦਾ ਹੈ ਗੁਰੂ ਦਾ ਸ਼ਬਦ ਇੱਕ ਖਿੜਿਆ ਹੋਇਆ ਕੰਵਲ ਦਾ ਫੁੱਲ ਹੈ।....ਗੁਰਮਤਿ ਵਿੱਚ ਈਸ਼ਵਰ ਪ੍ਰਾਪਤੀ ਦੇ ਦੋ ਸਾਧਨ ਹੀ ਮੰਨੇ ਗਏ ਹਨ : ਕੀਰਤਨ ਤੇ ਕਥਾ।ਪ੍ਰਧਾਨ ਸਾਧਨ ਹੈ ਕੀਰਤਨ।'ਕਲਜੁਗ ਮਹਿ ਕੀਰਤਨੁ ਪਰਧਾਨਾ॥'[79] ਤੇ ਕਥਾ ਵਿੱਚ ਇਸ ਗੱਲ ਦੀ ਵਿਚਾਰ ਕਰਨੀ ਹੈ ਕਿ ਕੀਰਤਨ ਕਿਸ ਦਾ ਕਰਨਾ ਹੈ, ਕਿਉਂ ਕਰਨਾ ਹੈ ਤੇ ਕਿਸਨੇ ਕਰਨਾ ਹੈ?[80]

ਗਿਆਨੀ ਸੰਤ ਸਿੰਘ ਮਸਕੀਨ ਜੀ ਦਾ ਗੁਰਬਾਣੀ ਵਿਆਖਿਆ ਦਾ ਅਧਿਐਨ ਅਤੇ ਵਿਸ਼ਲੇਸ਼ਣ ਕਰਕੇ ਉਨ੍ਹਾਂ ਦੀ ਵਿਆਖਿਆ ਦੇ ਸਿਧਾਂਤ ਅਤੇ ਸ਼ੈਲੀ ਸੰਬੰਧੀ ਜੋ ਸੰਕੇਤ ਅਤੇ ਪ੍ਰਮੁੱਖ ਲੱਛਣ ਦ੍ਰਿਸ਼ਟੀਗੋਚਰ ਹੁੰਦੇ ਹਨ, ਉਹ ਬਾਣੀ-ਰਚਨਾ ਤੋਂ ਲੈ ਕੇ ਆਧੁਨਿਕ ਕਾਲ ਤੱਕ ਹੋਈਆਂ ਵਿਆਖਿਆ ਪ੍ਰਣਾਲੀਆਂ ਵਿੱਚੋਂ ਇੰਨ-ਬਿੰਨ ਕਿਸੇ ਵਿੱਚੋਂ ਵੀ ਨਿਸ਼ਕਾਸਿਤ ਹੁੰਦੇ ਪ੍ਰਤੀਤ ਨਹੀਂ ਹੁੰਦੇ ਕਿਉਂਕਿ ਜੋ ਵਿਚਾਰਾਤਮਕਤਾ, ਮੌਲਿਕਤਾ, ਨਵੀਨਤਾ, ਸੰਵੇਦਨਸ਼ੀਲਤਾ ਅਤੇ ਦ੍ਰਿੜਤਾ ਉਨ੍ਹਾਂ ਦੇ ਵਿਆਖਿਆ-ਸਿਧਾਂਤ ਵਿੱਚ ਹੈ ਉਹ ਹੋਰ ਕਿਤੇ ਨਹੀਂ।ਪਹਿਲਾਂ ਸ਼ਬਦਾਂ ਦੇ ਅੰਗ ਨਿਖੇੜ ਵਿਧੀ ਨਾਲ ਅਰਥ ਨਿਰਧਾਰਤ ਕਰ ਕੇ ਗੁਰਬਾਣੀ ਨੂੰ ਕੇਵਲ ਸਰਲ

ਕਰਕੇ ਸਮਝਾਉਣਾ ਹੀ ਵਿਆਖਿਆ ਦਾ ਮੰਤਵ ਸੀ ਨਾ ਕਿ ਅਨੁਭੂਤੀ ਅਤੇ ਅਧਿਆਤਮਕ ਗਿਆਨ ਦੇ ਆਧਾਰ ਉੱਤੇ ਅੰਦਰੂਨੀ ਚੇਤਨਾ ਦੁਆਰਾ ਅਰਥ ਉਜਾਗਰ ਕਰਨਾ।ਸੰਤ ਸਿੰਘ ਮਸਕੀਨ ਜੀ ਨੇ ਬਚਪਨ ਤੋਂ ਹੀ ਅੰਦਰੂਨੀ ਅਗੰਮੀ ਤਰਕਵਾਦੀ ਚੇਤਨਾ ਸ਼ਕਤੀ ਤੋਂ ਪ੍ਰੇਰਿਤ ਹੋ ਕੇ ਗੁਰਬਾਣੀ ਅਧਿਐਨ ਅਤੇ ਸਾਧਨਾ ਦਾ ਮਾਰਗ ਚੁਣਿਆ ਜਿਸ ਪਿੱਛੇ ਹੱਥ ਸਮਕਾਲੀਨ ਹਾਲਾਤ ਵਿੱਚੋਂ ਨਿਕਲੀ ਮਾਨਸਿਕ ਅਸੰਤੁਸ਼ਟਤਾ ਅਤੇ ਵਿਰੋਧਤਾ ਦਾ ਵੀ ਸੀ।ਇੱਕ ਤਾਂ ਭਾਰਤ ਵੰਡ ਕਾਰਨ ਰਾਜਨੀਤਕ, ਸਮਾਜਕ, ਪਰਿਵਾਰਕ ਅਤੇ ਆਰਥਿਕ ਉਥਲ ਪੁਥਲ ਹੋ ਰਹੀ ਸੀ ਦੂਜਾ ਸੰਸਾਰ ਪੱਧਰ ਉੱਤੇ ਵਿਗਿਆਨਕ ਖੋਜਾਂ ਅਤੇ ਸਹੂਲਤਾਂ ਦੇ ਸਿੱਟੇ ਵਜੋਂ ਸ਼ਾਂਤੀ ਅਤੇ ਟਿਕਾਓ ਦੀ ਥਾਂ ਸੰਸਾਰ ਯੁੱਧਾਂ ਅਤੇ ਐਟਮ ਬੰਬਾਂ ਆਦਿ ਦੇ ਚੱਲਣ ਕਾਰਣ ਹਾਲਾਤ ਵਿਸਫੋਟਕ ਅਤੇ ਵਿਸ਼ੈਲੇ ਹੋ ਚੁੱਕੇ ਸਨ ਜੋ ਆਮ ਜੀਵਨ ਵਿੱਚ ਵੀ ਯੁੱਗ ਦੀ ਤਾਕਤ ਦਿਖਾਉਣ ਵਾਲੀ ਵਿਗਿਆਨਕ ਸੋਚ ਪ੍ਰਤੀ ਨਾਰਾਜ਼ਗੀ, ਵਿਰੋਧ ਅਤੇ ਅਸੰਤੁਸ਼ਟਤਾ ਭਰ ਰਹੇ ਸਨ।ਅਜਿਹੇ ਹਾਲਾਤ ਯੁੱਗ ਦੀ ਤਬਦੀਲੀ ਦੇ ਸੰਕੇਤ ਦੇ ਰਹੇ ਸਨ ਜਿਨ੍ਹਾਂ ਦੇ ਸਿੱਟੇ ਵਜੋਂ ਤਰਕ ਦੇ ਨਾਲ ਨਾਲ ਇੰਦ੍ਰਿਆਵੀ ਯਥਾਰਥ ਨਾਲ ਸੁਮੇਲ ਸਥਾਪਿਤ ਕਰਕੇ ਇੱਕ ਨਵੀਂ ਸੋਚ ਦਾ ਜਨਮ ਹੋਇਆ।ਇਸ ਨਵੀਂ ਸੋਚ ਅਨੁਸਾਰ ਤਰਕ ਦੁਆਰਾ ਆਤਮਸਿਧੀ ਕਰਕੇ ਤੇ ਆਪਣੇ ਅਨੁਭਵੀ ਯਥਾਰਥ ਤੋਂ ਪਰਖ ਕੇ ਨਿਰਣਾ ਕਰਨਾ ਨਵੇਂ ਯੁੱਗ ਦਾ ਸਿਧਾਂਤ ਸੀ।ਇਹ ਨਵਾਂ ਯੁੱਗ ਜਿਸ ਨੇ ਲਗਭਗ 1950 ਈ. ਤੋਂ ਬਾਅਦ ਪੱਛਮੀ ਸੱਭਿਆਚਾਰ ਵਿੱਚੋਂ ਆਪਣੇ ਪੈਰ ਪਸਾਰਨੇ ਆਰੰਭ ਕੀਤੇ, ਛੇਤੀ ਹੀ ਵਿਸ਼ਵ ਵਿੱਚ ਹਰ ਛੋਟੇ ਵੱਡੇ ਸੱਭਿਆਚਾਰ ਵੱਲੋਂ ਕਬੂਲ ਹੋਣ ਲੱਗਾ ਕਿਉਂਕਿ ਇਹ ਪਿਛਲੇ ਯੁੱਗ ਦੀ ਤਰ੍ਹਾਂ ਆਪਣੀ ਕੇਂਦ੍ਰੀਅਤਾ ਸਥਾਪਿਤ ਕਰਨ ਦੀ ਬਜਾਏ ਛੋਟੇ ਸੱਭਿਆਚਾਰਾਂ ਨੂੰ ਵੀ ਆਪਣੀ ਮੌਲਿਕ ਹੋਂਦ ਜ਼ਾਹਿਰ ਕਰਨ ਦੇ ਅਵਸਰ ਦੇਣ ਦੇ ਹੱਕ ਵਿੱਚ ਸੀ।ਪੰਜਾਬ ਵਿੱਚ ਬਰਤਾਨਵੀ ਸਾਮਰਾਜ ਅਤੇ ਆਧੁਨਿਕਤਾ ਇਕੱਠੇ ਹੀ ਆਏ ਤੇ ਭਾਰਤ ਵੰਡ ਉਪਰੰਤ ਇਕੱਠੇ ਹੀ ਪੰਜਾਬ ਨੂੰ ਤਿਆਗ ਗਏ।ਮਗਰੋਂ ਹੌਲੀ ਹੌਲੀ ਉੱਤਰ ਆਧੁਨਿਕ ਯੁੱਗ ਦਾ ਆਰੰਭ ਹੋਇਆ ਜਿਸ ਵਿੱਚ ਇੱਕ ਸੁਚੱਜੇ ਸੁਮੇਲ ਦੀ ਸਥਿਤੀ ਦਾ ਵਿਕਾਸ ਹੋ ਰਿਹਾ ਸੀ।ਡਾ. ਰਜਿੰਦਰ ਪਾਲ ਸਿੰਘ ਅਨੁਸਾਰ

> ਉੱਤਰ ਆਧੁਨਿਕਤਾ ਦੇ ਮੂਲ ਸੰਕਲਪ ਵਿੱਚ ਨਿਸ਼ਚਿਤਤਾ/ਅਨਿਸ਼ਚਿਤਤਾ, ਵਿਸ਼ਵੀਕਰਨ/ਸਥਾਨੀਕਰਨ, ਮਹਾਂ ਬਿਰਤਾਂਤ/ਲਘੂ ਬਿਰਤਾਂਤ, ਵਿਚਾਰ/ਦੇਹ, ਕੇਂਦਰ/ਹਾਸ਼ੀਆਗਤ, ਡਿਕਟੇਟਰਸ਼ਿਪ/ ਪ੍ਰਤੀਨਿਧ

> ਜਮਹੂਰੀਅਤ, ਵਿਗਿਆਨ/ਕੁਦਰਤ, ਅਸਲ/ਨਕਲ ਅਤੇ ਇਤਿਹਾਸ ਬਾਰੇ ਚਰਚਾ ਕਰਦਿਆਂ ਆਧੁਨਿਕ ਅਤੇ ਉੱਤਰ ਆਧੁਨਿਕ ਦੇ ਨਿਖੇੜ ਨੂੰ ਹੀ ਨਹੀਂ ਸਮਝਿਆ ਗਿਆ ਸਗੋਂ ਬੁਨਿਆਦੀ ਰੂਪ ਵਿੱਚ ਇਨ੍ਹਾਂ ਵਿਰੋਧੀ ਜੁੱਟਾਂ ਵਿੱਚੋਂ ਮੱਧ-ਮਾਰਗ ਤਲਾਸ਼ਣ ਦੀ ਲੋੜ ਨੂੰ ਪਛਾਣਿਆ ਗਿਆ ਹੈ।ਭਾਰਤੀ ਪਰੰਪਰਾ ਵਿੱਚੋਂ ਮਹਾਤਮਾ ਬੁੱਧ ਅਤੇ ਪੰਜਾਬੀ ਪਰੰਪਰਾ ਵਿੱਚੋਂ ਗੁਰੂ ਨਾਨਕ ਨੇ ਇਹੀ ਰਸਤਾ ਸੁਝਾਇਆ ਸੀ।[81]

ਸੋ ਇਸ ਉੱਤਰ ਆਧੁਨਿਕ ਸਮੇਂ ਵਿੱਚ ਵਿਆਖਿਆਕਾਰੀ ਦੇ ਖੇਤਰ ਵਿੱਚ ਨਿਤਰਨ ਵਾਲੇ ਗਿਆਨੀ ਸੰਤ ਸਿੰਘ ਮਸਕੀਨ ਜੀ ਦੇ ਗੁਰਬਾਣੀ-ਵਿਆਖਿਆ ਸਿਧਾਂਤ ਵਿੱਚ ਅਜਿਹੀ ਉੱਤਰ ਆਧੁਨਿਕ ਸੋਚ ਅਤੇ ਗੁਰੂ ਨਾਨਕ ਦੇ ਮੱਧ-ਮਾਰਗੀ ਸਿਧਾਂਤਾਂ ਵਾਲੇ ਨਵੇਂਪਨ ਨੂੰ ਦੇਖਿਆ ਗਿਆ ਹੈ।ਮਨੁੱਖ ਦੇ ਆਤਮਕ ਵਿਕਾਸ ਲਈ ਅਜਿਹਾ ਸੰਤੁਲਿਤ, ਸੁਚੱਜਾ ਅਤੇ ਬਿਨਾਂ ਕਿਸੇ ਉਲਾਰ ਵਾਲਾ ਮੱਧ-ਮਾਰਗੀ ਸਿਧਾਂਤ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿੱਚ ਹੀ ਪ੍ਰਾਪਤ ਹੁੰਦਾ ਹੈ ਜਿਸ ਤੋਂ ਉਨ੍ਹਾਂ ਨੇ ਆਪ ਸੇਧ ਲੈ ਕੇ ਹੋਰਨਾਂ ਦਾ ਮਾਰਗ ਦਰਸ਼ਨ ਕਰਨਾ ਆਪਣਾ ਲਕਸ਼ ਬਣਾਇਆ।ਉਨ੍ਹਾਂ ਗੁਰਬਾਣੀ ਵਿਚਲੇ ਹਰੇਕ ਸ਼ਬਦ, ਸੰਕਲਪ ਅਤੇ ਸਿਧਾਂਤ ਨੂੰ ਵਿਸ਼ਲੇਸ਼ਿਤ ਕਰਕੇ ਉਸ ਨੂੰ ਸਰਲ, ਸਪਸ਼ਟ ਤੇ ਸਹਿਜ ਰੂਪ ਵਿੱਚ ਗ੍ਰਹਿਣ ਕਰਨ ਯੋਗ ਬਣਾ ਦਿੱਤਾ ਜਿਸ ਨਾਲ ਗੁਰਬਾਣੀ ਦਾ ਹਰ ਵਿਚਾਰ ਇੱਕ ਸਿਧਾਂਤ ਪ੍ਰਤੀਤ ਹੁੰਦਾ ਹੈ।ਮਸਕੀਨ ਜੀ ਸੱਚ ਦੀ ਟੋਹ ਪਾਉਣ ਲਈ ਅਧਿਐਨ ਅਤੇ ਅਨੁਭਵ ਵਿੱਚੋਂ ਮਾਰਗ ਤਲਾਸ਼ਦੇ ਰਹੇ ਤੇ ਗੁਰਬਾਣੀ ਵਿਚਲੇ ਹਰ ਸ਼ਬਦ ਦਾ ਅਰਥ ਅਨੁਭਵ ਅਤੇ ਅੰਦਰੂਨੀ ਚੇਤਨਾ ਤੋਂ ਪਰਖ ਕੇ ਕਰਦੇ ਰਹੇ।ਹਰੇਕ ਸ਼ਬਦ, ਸੰਕਲਪ, ਤੁਕ ਜਾਂ ਵਿਚਾਰ ਦੀਆਂ ਅੰਦਰੂਨੀ ਤਹਿਆਂ ਖੋਲ੍ਹਣ ਲਈ ਹਰ ਧਰਮ ਦੇ ਸਿਧਾਂਤ ਅਨੁਸਾਰ ਬਿਆਨਣ ਤੋਂ ਬਾਅਦ ਗੁਰਬਾਣੀ ਵਿਚਲੇ ਹਵਾਲੇ, ਵਿਆਕਰਣਕ ਆਧਾਰਾਂ, ਵਿਗਿਆਨਕ ਤੱਥਾਂ, ਤਰਕਮਈ ਦਲੀਲਾਂ, ਅਨੁਭਵੀ ਉਦਾਹਰਣਾਂ, ਇਤਿਹਾਸਕ ਪ੍ਰਮਾਣਾਂ, ਮਿਥਿਹਾਸਕ ਗਾਥਾਵਾਂ, ਪੌਰਾਣਿਕ ਪ੍ਰਸੰਗ ਅਤੇ ਦਾਰਸ਼ਨਿਕਾਂ ਦੀਆਂ ਬੌਧਿਕ ਜੁਗਤਾਂ ਅਨੁਸਾਰ ਗੁਰਬਾਣੀ ਵਿਚਲੀ ਭਾਵ-ਭਾਵਨਾ ਨਾਲ ਸ੍ਰੋਤੇ ਨੂੰ ਜੋੜਨਾ ਉਨ੍ਹਾਂ ਦੇ ਸਿਧਾਂਤ ਵਿੱਚ ਸ਼ਾਮਿਲ ਸੀ।ਇਸੇ ਕਰਕੇ ਸ਼ਬਦ ਦੀ ਹਰ ਪਰਤ ਨੂੰ ਖੋਲ੍ਹਦਿਆਂ ਉਨ੍ਹਾਂ ਕੋਲੋਂ ਉਸ ਦੀ ਵਿਆਖਿਆ ਅਕਸਰ ਵਿਸਤ੍ਰਿਤ ਰੂਪ ਧਾਰਨ ਕਰ ਜਾਂਦੀ ਸੀ।ਜ਼ਿਕਰਯੋਗ ਹੈ ਕਿ ਉਨ੍ਹਾਂ ਦੀ ਗੁਰਬਾਣੀ-ਵਿਆਖਿਆ ਵਿਚਲੇ ਪੌਰਾਣਿਕ ਜਾਂ ਵੇਦਾਂਤਿਕ

ਹਵਾਲਿਆਂ ਕਰਕੇ ਉਨ੍ਹਾਂ ਦੇ ਸਿਧਾਂਤ ਨੂੰ ਉਦਾਸੀ ਜਾਂ ਨਿਰਮਲਾ ਪ੍ਰਣਾਲੀ ਨਾਲ ਜੋੜਨਾ ਨਿਰਾਰਥਕ ਹੈ ਕਿਉਂਕਿ ਇਨ੍ਹਾਂ ਪ੍ਰਣਾਲੀਆਂ ਦਾ ਗਿਆਨ ਵੀ ਉਨ੍ਹਾਂ ਦੇ ਅਧਿਐਨ-ਘੇਰੇ ਵਿੱਚ ਉਨਾ ਹੀ ਸੀ ਜਿੰਨਾ ਕਿ ਹੋਰਨਾਂ ਪ੍ਰਣਾਲੀਆਂ, ਧਰਮਾਂ, ਦਰਸ਼ਨਾਂ ਅਤੇ ਦਾਰਸ਼ਨਿਕਾਂ ਆਦਿ ਦਾ।ਸੋ ਸੰਸਾਰ ਦੇ ਸਾਰੇ ਧਰਮਾਂ ਦੇ ਗਿਆਨ ਵਿੱਚੋਂ ਜੋ ਨਿਵੇਕਲਾ ਨਜ਼ਰੀਆ ਉਪਜਦਾ ਹੈ, ਉਹ ਸੰਤ ਸਿੰਘ ਮਸਕੀਨ ਜੀ ਦਾ ਗੁਰਬਾਣੀ-ਸਿਧਾਂਤ ਬਣ ਕੇ ਉੱਭਰਿਆ ਜਿਸ ਦਾ ਆਧਾਰ ਉਹ ਕੇਵਲ ਤੇ ਕੇਵਲ ਸ਼ਬਦ-ਗੁਰੂ ਨੂੰ ਬਣਾਉਂਦੇ ਸਨ।

ਗੁਰਬਾਣੀ ਦੀ ਵਿਆਖਿਆ ਕਰਨ ਦੇ ਵੱਖ-ਵੱਖ ਸੰਪ੍ਰਦਾਵਾਂ ਦੇ ਵਿਚਾਰਵਾਨਾਂ ਵੱਲੋਂ ਅਨੇਕ ਯਤਨ ਹੋਏ ਹਨ।ਆਪੋ-ਆਪਣੇ ਸਿਧਾਂਤ ਅਤੇ ਦ੍ਰਿਸ਼ਟੀਕੋਣ ਅਨੁਸਾਰ ਹਰੇਕ ਵਿਦਵਾਨ ਨੇ ਆਪੋ-ਆਪਣੀ ਪ੍ਰਣਾਲੀ ਅਪਣਾਈ ਜਿਵੇਂ ਕਈਆਂ ਨੇ ਕਾਵਿਮਈ ਅਤੇ ਕਈਆਂ ਨੇ ਵਾਰਤਕ ਸ਼ੈਲੀ ਵਿੱਚ ਆਪਣੇ ਗਿਆਨ ਦੇ ਅਨੁਭਵੀ ਧਾਰਮਿਕ ਤੇ ਦਾਰਸ਼ਨਿਕ ਪੱਖਾਂ ਨੂੰ ਆਪਣੀ ਵਿਆਖਿਆ ਦਾ ਆਧਾਰ ਬਣਾਇਆ।ਕਈਆਂ ਨੇ ਵੇਦਾਂਤ ਅਨੁਸਾਰੀ ਹੋ ਕੇ ਗੁਰਬਾਣੀ ਨੂੰ ਸਾਹਿਤਕ ਜਗਤ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਤੇ ਕਈਆਂ ਨੇ ਵੇਦਾਂਤ ਨਾਲੋਂ ਨਿਖੇੜਨ ਦੀ।ਕੁਝ ਹੋਰ ਨੇ ਤਾਂ ਗੁਰਬਾਣੀ ਵਿੱਚੋਂ ਧਾਰਮਿਕ, ਅਧਿਆਤਮਿਕ ਨਿਰਣਿਆਂ ਤੋਂ ਇਲਾਵਾ ਵਿਗਿਆਨਕ ਤੱਥਾਂ ਦੇ ਆਧਾਰ ਉੱਤੇ ਸਮਕਾਲੀਨ ਸਮਾਜਕ, ਰਾਜਨੀਤਕ, ਆਰਥਿਕ ਅਤੇ ਸੱਭਿਆਚਾਰਕ ਸਮੱਸਿਆਵਾਂ ਦੇ ਹੱਲ ਵੀ ਸਮਝਣ ਦੇ ਯਤਨ ਕੀਤੇ ਹਨ।ਇਨ੍ਹਾਂ ਤੋਂ ਇਲਾਵਾ ਭਾਸ਼ਾ-ਵਿਗਿਆਨਕ ਅਤੇ ਮਨੋਵਿਗਿਆਨਕ ਪੱਖਾਂ ਨਾਲ ਅਧਿਐਨ ਕਰਨ ਵਾਲਿਆਂ ਦੀ ਵੀ ਘਾਟ ਨਹੀਂ ਪੰਤੂ ਵੀਹਵੀਂ ਸਦੀ ਦੇ ਦੂਜੇ ਅੱਧ ਦੇ ਇਸ ਵਿਖਿਆਤ ਦਾਰਸ਼ਨਿਕ ਵਿਆਖਿਆਕਾਰ ਨੇ ਪਰੰਪਰਾ ਤੋਂ ਹਟ ਕੇ ਆਪਣਾ ਇੱਕ ਵਿਲੱਖਣ, ਮੌਲਿਕ ਤੇ ਨਿਵੇਕਲਾ ਸਿਧਾਂਤ ਅਪਣਾਇਆ ਜਿਸ ਵਿੱਚ ਹਰ ਕਿਸਮ ਦਾ ਸੰਤੁਲਿਤ ਗਿਆਨ ਸਮਾਇਆ ਹੋਇਆ ਸੀ।ਉਨ੍ਹਾਂ ਨੇ ਗੁਰਬਾਣੀ-ਵਿਆਖਿਆ ਲਈ ਸੰਕੋਚਵੇਂ ਸ਼ਬਦ ਵਰਤਣ ਦੀ ਬਜਾਏ ਗੁਰਬਾਣੀ ਦੀ ਸਹੀ ਤਸਵੀਰ ਪੇਸ਼ ਕਰਨ ਲਈ ਨਾ ਸ਼ਬਦ ਲੁਕੋਏ, ਨਾ ਭਾਵ ਲੁਕੋਏ ਤੇ ਨਾ ਹੀ ਆਪਣਾ ਵਿਸਤ੍ਰਿਤ ਗਿਆਨ ਲੁਕੋਇਆ।ਉਨ੍ਹਾਂ ਨੇ ਗੁਰਬਾਣੀ-ਵਿਆਖਿਆ ਕਰਨ ਲਈ ਜੋ ਸਿਧਾਂਤ ਅਪਣਾਇਆ, ਉਸ ਦਾ ਸਿੱਖ ਸਮਾਜ ਨੇ ਖੁੱਲੇ ਦਿਲ ਨਾਲ ਸਵਾਗਤ ਕੀਤਾ ਤੇ ਇਸ ਨੂੰ ਸਿਰ ਮੱਥੇ ਪ੍ਰਵਾਨ ਕੀਤਾ।ਸੰਤ ਸਿੰਘ ਮਸਕੀਨ ਜੀ ਦੇ ਇਸ ਵਿਆਖਿਆ ਸਿਧਾਂਤ ਤੇ ਪ੍ਰਮੁੱਖ ਪ੍ਰਵਿਰਤੀਆਂ ਬਾਰੇ ਹੋਰ ਜਾਣਕਾਰੀ ਲਈ ਇਸ ਦੇ ਕੁਝ ਪ੍ਰਮੁੱਖ ਨੁਕਤਿਆਂ ਨੂੰ ਵੀ ਸਮਝਣਾ ਜ਼ਰੂਰੀ ਹੈ ਜੋ ਕਿ ਇਸ ਪ੍ਰਕਾਰ ਹਨ:

### 6.3.1 ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਵਿੱਚ ਅਟੱਲ ਵਿਸ਼ਵਾਸ:

ਗਿਆਨੀ ਸੰਤ ਸਿੰਘ ਮਸਕੀਨ ਜੀ ਦੀ ਵਿਚਾਰਧਾਰਾ ਵਸਤੂ ਰੂਪ ਵਿੱਚ ਗੁਰਮਤਿ ਦੇ ਸਿਧਾਂਤ 'ਇੱਕ ਕਰਤਾ ਪੁਰਖ' ਦੁਆਲੇ ਹੀ ਘੁੰਮਦੀ ਹੈ।'ਸ਼ਬਦ ਗੁਰੂ' ਦੇ ਰੂਪ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਉਸ ਕਰਤਾ ਪੁਰਖ ਦਾ ਰਾਹ ਦਸੇਰਾ ਹੋਣ ਦੇ ਨਾਤੇ ਸ੍ਰੇਸ਼ਠ ਮਹੱਤਵ ਦਾ ਧਾਰਨੀ ਹੈ, ਇਸੇ ਕਰਕੇ ਉਹ ਕਰਤਾ ਪੁਰਖ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅਟੱਲ ਵਿਸ਼ਵਾਸ ਰੱਖਦੇ ਸਨ ਉਹ ਹਰ ਦੇਵੀ-ਦੇਵਤਾ, ਅਵਤਾਰ, ਬ੍ਰਹਮ ਗਿਆਨੀ, ਪੀਰ-ਫਕੀਰ, ਵੇਦ-ਸ਼ਾਸਤ੍ਰ, ਗਿਆਨ-ਵਿਗਿਆਨ, ਯੋਗ ਸ਼ਾਸਤ੍ਰ, ਜੋਤਿਸ਼ ਸ਼ਾਸਤ੍ਰ ਜਾਂ ਵੇਦਾਂਤ ਆਦਿ ਨੂੰ ਉਸ ਇੱਕ ਅਕਾਲ, ਨਿਰਾਕਾਰ, ਸ਼ਕਤੀ ਰੂਪੀ ਕਰਤੇ ਦੀ ਕ੍ਰਿਤ ਤੋਂ ਵੱਧ ਨਹੀਂ ਮੰਨਦੇ ਸਨ।ਇਸ ਸੰਬੰਧ ਵਿੱਚ ਉਹ ਕਹਿੰਦੇ ਹਨ:

> ਪੰਜਾਹ ਜਲਦੇ ਚਿਰਾਗ਼ ਵੀ ਅੰਨੇ ਦੇ ਸਾਹਮਣੇ ਵਿਅਰਥ ਨੇ।'ਅੰਧਾ ਚਾਨਣਿ ਰਖੀਐ ਦੀਵੇ ਬਲਹਿ ਪਚਾਸ॥[82] ਔਰ ਪਤਾ ਨਹੀਂ ਗਿਆਨ ਵਿਹੂਣੀ ਅੰਧੀ ਮਨੁਖਤਾ ਦੇ ਸਾਹਮਣੇ ਕਿਤਨੇ ਕੁ ਅਵਤਾਰ ਵਿਅਰਥ ਗਏ ਨੇ।ਇੱਕੋ ਹੀ ਸ਼ਰੇਣੀ ਸਨਾਤਨ ਮਤ ਵਿੱਚ ਚੌਬੀਸ ਅਵਤਾਰ ਆਏ, ਗੁਰੂ ਨਾਨਕ ਨੇ ਦਸ ਰੂਪ ਧਾਰਨ ਕੀਤੇ।ਭਾਰਤ ਅੱਜ ਵੀ ਅੰਧੇਰੇ ਵਿੱਚ ਹੈ।ਜਰਤੁਸ਼ਤ ਆਏ, ਈਸਾ ਜੀ ਆਏ, ਮੁਹੰਮਦ ਜੀ ਆਏ, ਮੂਸਾ ਆਏ, ਮੱਧ ਪੂਰਬ ਅੱਜ ਵੀ ਸਾਰਾ ਅੰਧੇਰੇ ਵਿੱਚ ਹੈ।ਸੂਫੀ ਫਕੀਰਾਂ ਨੂੰ ਜਨਮ ਦੇਣ ਵਾਲੀ ਈਰਾਨ ਦੀ ਧਰਤੀ ਉੱਤੇ ਅਲੀ ਹਾਫਿਜ਼, ਮੌਲਾਨਾ ਰੂਮ, ਸ਼ਮਸ ਤਬਰੇਜ਼, ਹਾਫਿਜ਼, ਉਮਰ ਖਿਆਮ, ਇੱਕ ਤੋਂ ਇੱਕ ਮਹਾਨ ਦੀਵਾ ਜਲਿਆ, ਈਰਾਨ ਅੱਜ ਵੀ ਅੰਧੇਰੇ ਵਿੱਚ ਹੈ।ਜਦੋਂ ਮਨੁੱਖ ਹੀ ਅੰਧਾ ਹੈ ਤਾਂ ਦੀਵਾ ਬਲ ਕੇ ਵੀ ਉਸ ਨੂੰ ਚਾਨਣ ਨਹੀਂ ਦੇ ਸਕਦਾ।ਮਨੁੱਖ ਦੀ ਜਿੰਦਗੀ ਵਿੱਚ ਸਭ ਤੋਂ ਵੱਡਾ ਇੱਕ ਹੀ ਦੁੱਖ ਹੈ - ਅਗਿਆਨ ਔਰ ਇੱਕੋ ਹੀ ਆਨੰਦ ਹੈ - ਗਿਆਨ।ਗਿਆਨ ਗੁਰੂ ਹੈ।ਜੀਵਨ ਵਿੱਚ ਜੇ ਪਰਮ ਸੁੱਖ ਦੀ

> ਤਲਾਸ਼ ਹੈ ਤਾਂ ਸ਼ਬਦ-ਗੁਰੂ ਰੂਪੀ ਦੀਵਾ ਬਲ ਰਿਹਾ ਹੈ।ਇੱਕ ਵਰਤਮਾਨ ਜੀਵਨ ਜੋ ਕੋਲ ਹੈ, ਧਰਮ ਦੀ ਸਾਧਨਾ ਨਾਲ ਮਨੁੱਖ ਉੱਚਾ ਉੱਠ ਜਾਏਗਾ ਔਰ ਭਗਵਾਨ ਪ੍ਰਗਟ ਹੋ ਜਾਏਗਾ।[83]

ਸੋ ਉਨ੍ਹਾਂ ਅਨੁਸਾਰ ਧੁਰ ਦਰਗਾਹੋਂ ਉਤਰੀ ਸੱਚੀ ਬਾਣੀ ਉਸ ਅੰਤਿਮ ਸੱਚ ਦਾ ਮਾਰਗ ਦਿਖਾ ਰਹੀ ਹੈ ਜੋ ਸੰਸਾਰ ਦੀ ਹਰ ਦਿਸਦੀ ਅਣਦਿਸਦੀ ਕ੍ਰਿਤ ਦਾ ਕਰਤਾ ਹੈ।

### 6.3.2 ਵਿਆਖਿਆ ਦਾ ਵਿਵੇਕੀ ਰੂਪ:

ਗਿਆਨੀ ਸੰਤ ਸਿੰਘ ਮਸਕੀਨ ਜੀ ਦੀ ਗੁਰਬਾਣੀ ਦੀ ਵਿਆਖਿਆ ਦਾ ਰੂਪ ਵਿਵੇਕ ਪੂਰਣ ਹੈ।ਉਹ ਬੜੇ ਸਚੇਤ ਰਹਿ ਕੇ ਤਰਕਮਈ, ਪੂਰਨ ਵਿਵੇਕ ਅਤੇ ਸਹਿਜ ਨਾਲ ਵਿਆਖਿਆ ਕਰਦੇ ਸਨ।ਗੁਰਬਾਣੀ ਸੰਬੰਧੀ ਸਮਾਜ ਵਿੱਚ ਪਏ ਭਰਮ ਭੁਲੇਖੇ ਦੂਰ ਕਰਨ ਲਈ ਉਹ ਹਮੇਸ਼ਾ ਬੜੇ ਸੰਜਮ ਨਾਲ ਤਰਕ ਦੇ ਆਧਾਰ ਤੇ ਗੱਲ ਕਰਦੇ ਸਨ।ਪ੍ਰਮਾਣ ਵਜੋਂ ਉਨ੍ਹਾਂ ਦੇ ਆਪਣੇ ਸ਼ਬਦਾਂ ਵਿੱਚ:

> ਅੱਜ ਤੋਂ ਕੋਈ ਤੀਹ ਪੈਂਤੀ ਸਾਲ ਪਹਿਲੇ ਦਿੱਲੀ ਵਿੱਚ ਮੈਨੂੰ ਇੱਕ ਸੱਜਣ ਨੇ ਕਿਹਾ ਸਦੀਆਂ ਤੱਕ ਕਰੀਬਨ ਨੱਬੇ ਕੁ ਫੀਸਦੀ ਮਨੁੱਖਤਾ ਪੱਥਰ ਨੂੰ ਪੂਜਦੀ ਰਹੀ ਹੈ।ਹਜ਼ਰਤ ਈਸਾ ਦੀਆਂ ਮੂਰਤੀਆਂ ਨੇ, ਚਰਚ ਦੇ ਵਿੱਚ ਮੋਮਬੱਤੀਆਂ ਜਗਾਈ ਜਾਂਦੇ ਨੇ, ਜੈਨ ਮੱਤ, ਬੋਧ ਮੱਤ, ਸਨਾਤਨ ਮੱਤ ਦੀਆਂ ਮੂਰਤੀਆਂ ਨੇ, ਪੱਥਰ ਦੀ ਪੂਜਾ ਹੁੰਦੀ ਹੈ ਸਾਰੀ ਦੁਨੀਆਂ ਵਿੱਚ।ਸਿੱਖਾਂ ਤੋਂ ਬੜੀ ਉਮੀਦ ਸੀ।'ਜਾਗਤ ਜੋਤ ਜਪੈ ਨਿਸ ਬਾਸੁਰ ਏਕ ਬਿਨਾ ਮਨ ਨੈਕ ਨ ਆਨੈ॥' ਪਰ ਸਿੱਖ ਵੀ ਕਾਗਜ਼ ਨੂੰ ਪੂਜਣ ਲੱਗ ਪਏ ਨੇ, ਕਾਗਜ਼ ਜੜ੍ਹ ਹੈ।ਕਹਿਣ ਲੱਗਾ ਫਿਰ ਸਾਰਾ ਅਹਿਲੇ ਸਿੱਖ ਵੀ ਜੜ੍ਹ ਦਾ ਹੀ ਪੁਜਾਰੀ ਹੈ।...ਮੈਂ ਉਸ ਮਿੱਤਰ ਨੂੰ ਆਖਿਆ ਤੈਨੂੰ ਭੁਲੇਖਾ ਹੈ, ਅਸੀਂ ਕਾਗਜ਼ ਦੇ ਪੁਜਾਰੀ ਨਹੀਂ ਭਾਗਵਤ ਦੇ ਨਾਮ ਦੇ ਪੁਜਾਰੀ ਹਾਂ, ਪ੍ਰਮਾਤਮਾ ਦੇ ਗਿਆਨ ਦੇ ਪੁਜਾਰੀ ਹਾਂ।1430 ਪੰਨੇ ਦੀ ਬੀੜ

> ਹੋਵੇ, ਪੰਨੇ ਸਾਰੇ ਹੀ ਖਾਲੀ ਹੋਣ ਤੇ ਸੋਨੇ ਦੀ ਪਾਲਕੀ ਦੇ ਵਿੱਚ ਪ੍ਰਕਾਸ਼ ਹੋਵੇ ਮੈਂ ਕਿਹਾ ਮੈਂ ਮੱਥਾ ਨਹੀਂ ਟੇਕਾਂਗਾ।ਅਸੀਂ ਕੋਈ ਕਾਗਜ਼ ਦੇ ਪੁਜਾਰੀ ਨਹੀਂ, ਅਸੀਂ ਤਾਂ ਸ਼ਬਦ ਦੇ ਪੁਜਾਰੀ ਹਾਂ, ਗਿਆਨ ਦੇ ਪੁਜਾਰੀ ਹਾਂ।[84]

ਇੰਝ ਸ਼ਬਦ-ਗੁਰੂ ਸੰਬੰਧੀ ਪਏ ਭਰਮ ਭੁਲੇਖਿਆਂ ਨੂੰ ਸਮਾਜ ਵਿੱਚੋਂ ਦੂਰ ਕਰਨ ਲਈ ਮਸਕੀਨ ਜੀ ਦੀ ਵਿਆਖਿਆ ਨੇ ਬੜੀ ਵਧੀਆ ਭੂਮਿਕਾ ਨਿਭਾਈ ਹੈ।ਸ਼ਬਦ ਗੁਰੂ ਦੇ ਗਿਆਨ ਉੱਤੇ ਦ੍ਰਿੜ ਵਿਸ਼ਵਾਸ ਰੱਖਦੇ ਹੋਏ ਵਿਵੇਕ ਸਹਿਤ ਕੀਤੀ ਗਈ ਇਸ ਵਿਆਖਿਆ ਦਾ ਰੂਪ ਗਿਆਨਮਈ ਆਖਿਆ ਜਾ ਸਕਦਾ ਹੈ।

### 6.3.3 ਸਥੂਲ ਤੋਂ ਸੂਖਮ ਅਰਥਾਂ ਵੱਲ ਲਿਜਾਣ ਦੀ ਜੁਗਤ:

ਸਾਧਾਰਣ ਜਗਿਆਸੂ ਦੀ ਸਮਝ ਵਿੱਚ ਸੂਖਮ ਜਾਂ ਰਹੱਸਾਤਮਕ ਗਿਆਨ ਦੀ ਸੋਝੀ ਪਾਉਣ ਲਈ ਸੰਤ ਸਿੰਘ ਮਸਕੀਨ ਜੀ ਦੀ ਵਿਆਖਿਆਕਾਰੀ ਇੱਕ ਹੋਰ ਵਿਲੱਖਣ ਜੁਗਤ ਨਾਲ ਜੁੜੀ ਹੋਈ ਹੈ।ਪ੍ਰਮਾਣ ਵਜੋਂ ਉਹ ਪਹਿਲਾਂ ਪਦਾਰਥਕ ਗਿਆਨ ਜਾਂ ਦਿਖਣ ਵਾਲੀਆਂ ਚੀਜਾਂ ਦੇ ਅਰਥਾਂ ਤੋਂ ਆਪਣੀ ਵਿਆਖਿਆ ਦਾ ਆਰੰਭ ਕਰਦੇ ਸਨ ਤੇ ਨਾਲ ਦੇ ਨਾਲ ਹੀ ਉਸ ਸ਼ਬਦ ਨੂੰ ਪ੍ਰਾਯਇਵਾਚੀ ਅਰਥਾਂ ਨਾਲ ਜੋੜਦੇ ਹੋਏ ਮਨੁੱਖ ਨੂੰ ਸੂਖਮ ਅਰਥਾਂ ਵੱਲ ਲੈ ਜਾਂਦੇ ਸਨ।ਕਈ ਵਾਰ ਤਾਂ ਇਹ ਇੱਕ ਸੰਮੋਹਨ ਦੀ ਪ੍ਰਕ੍ਰਿਆ ਵਾਂਗ ਹੀ ਜਾਪਦਾ ਹੈ।ਪ੍ਰਮਾਣ ਵਜੋਂ:

> ਸਾਡੀ ਅਰਦਾਸ ਇੱਥੋਂ ਆਰੰਭ ਹੁੰਦੀ ਹੈ 'ਪ੍ਰਿਥਮ ਭਗੌਤੀ ਸਿਮਰ ਕੈ ਗੁਰੂ ਨਾਨਕ ਲਈਂ ਧਿਆਇ॥' ਭਗਾਉਤੀ ਦਾ ਅਰਥ ਹੈ ਸ਼ਕਤੀ, ਸ਼ਕਤੀ ਦੇ ਤਿੰਨ ਰੂਪ ਹਨ ਪ੍ਰਕਾਸ਼ ਸ਼ਕਤੀ, ਸ਼ਬਦ ਸ਼ਕਤੀ, ਪਦਾਰਥ ਸ਼ਕਤੀ।ਇਸ ਨੂੰ ਇੰਝ ਵੀ ਕਹਿੰਦੇ ਨੇ ਪਰਮਾਤਮ ਸ਼ਕਤੀ, ਗੁਰੂ ਸ਼ਕਤੀ, ਸੰਸਾਰ ਸ਼ਕਤੀ, ਆਕਾਰ ਸ਼ਕਤੀ।ਪ੍ਰਕਾਸ਼ ਇੱਕ ਸ਼ਕਤੀ ਹੈ, ਸ਼ਬਦ ਇੱਕ ਸ਼ਕਤੀ ਹੈ, ਪਦਾਰਥ ਇੱਕ ਸ਼ਕਤੀ ਹੈ, ਪਾਣੀ ਸ਼ਕਤੀ ਹੈ, ਅਗਨੀ ਸ਼ਕਤੀ ਹੈ, ਹਵਾ ਸ਼ਕਤੀ ਹੈ, ਧਰਤੀ ਸ਼ਕਤੀ ਹੈ, ਅਕਾਸ਼ ਸ਼ਕਤੀ ਹੈ। ਈਸ਼ਵਰ ਇੱਕ ਸ਼ਕਤੀ ਹੈ, ਉਹ

> ਸ਼ਕਤੀ ਪ੍ਰਕਾਸ਼ ਰੂਪ ਹੈ, ਸ਼ਬਦ ਰੂਪ ਹੈ, ਪਦਾਰਥ ਰੂਪ ਹੈ।ਪਦਾਰਥ ਕਰਕੇ ਉਹ ਸੰਸਾਰ ਹੈ, ਸ਼ਬਦ ਕਰਕੇ ਉਹ ਗੁਰੂ ਹੈ, ਪ੍ਰਕਾਸ਼ ਕਰਕੇ ਉਹ ਪ੍ਰਮਾਤਮਾ ਹੈ।ਸ਼ਬਦ ਤਿੰਨ ਲੋਕਾਂ ਵਿੱਚ ਵਿਆਪਕ ਹੈ ਜੈਸੇ ਪ੍ਰਕਾਸ਼ ਵਿਆਪਕ ਹੈ, ਵੈਸੇ ਸ਼ਬਦ ਵਿਆਪਕ ਹੈ।ਪ੍ਰਕਾਸ਼ ਦੇ ਰੂਪ ਵਿੱਚ ਪ੍ਰਮਾਤਮਾ ਵਿਆਪਕ ਹੈ, ਸ਼ਬਦ ਦੇ ਰੂਪ ਵਿੱਚ ਗੁਰੂ ਵਿਆਪਕ ਹੈ।ਸ਼ਬਦ ਹੋਇਆ ਹੈ ਉਸ ਪ੍ਰਕਾਸ਼ ਤੋਂ।ਮੂਲ ਪ੍ਰਕਾਸ਼ ਹੈ। ਉਸੇ ਪ੍ਰਕਾਸ਼ ਨੂੰ ਕਹਿੰਦੇ ਨੇ ਪ੍ਰਮਾਤਮਾ।ਆਤਮਾ ਦੇ ਅੱਖਰੀ ਅਰਥ ਨੇ ਪ੍ਰਕਾਸ਼, ਚਾਨਣਾ।ਪ੍ਰਮਾਤਮਾ- ਪਰਮ ਚਾਨਣਾ।ਉਸ ਤੋਂ ਹੀ ਧਮਾਕਾ ਹੋਇਆ, ਉਸ ਤੋਂ ਹੀ ਸ਼ਬਦ ਹੋਇਆ।ਉਸੇ ਨੂੰ ਪ੍ਰਾਚੀਨ ਹਿੰਦੂ ਰਿਸ਼ੀਆਂ ਨੇ ਕਹਿ ਦਿੱਤਾ ਤੇ ਜਿਨ੍ਹਾਂ ਬਾਰੇ ਮੈਂ ਵੀ ਕਹਿ ਦਿਆਂ, ਉਹ ਜੋ ਪੁਰਾਣੇ ਰਿਸ਼ੀ ਜਿਨ੍ਹਾਂ ਦੀਆਂ ਲਿਖਤਾਂ ਪੰਜ ਹਜ਼ਾਰ ਸਾਲ ਪੁਰਾਣੀਆਂ ਨੇ, ਉਨ੍ਹਾਂ ਨੂੰ ਵੈਦਿਕ ਰਿਸ਼ੀ ਕਹਿੰਦੇ ਨੇ, ਉਹ ਕਹਿੰਦੇ ਨੇ, ਬ੍ਰਹਿਮੰਡ ਦੇ ਵਿੱਚ ਇੱਕ ਧੁਨੀ ਹੋਈ, ਉਸ ਤੋਂ ਇਹ ਜਗਤ ਬਣਿਆ।ਉਸੇ ਹੀ ਸ਼ਬਦ ਤੋਂ, ਉਸੇ ਹੀ ਧਮਾਕੇ ਤੋਂ।ਇਹ ਸ਼ਬਦ ਮੁਹੰਮਦ ਸਾਹਿਬ ਜੀ ਦੀ ਪਕੜ ਵਿੱਚ ਆਇਆ ਕੁੰਨ ਦੇ ਰੂਪ ਵਿੱਚ, ਇਹ ਸ਼ਬਦ ਮਹਾਂਵੀਰ ਜੀ ਦੀ ਪਕੜ ਵਿੱਚ ਆਇਆ ਓਅੰਕਾਰ ਦੇ ਰੂਪ ਵਿੱਚ, ਇਹ ਸ਼ਬਦ ਕੁਝ ਰਿਸ਼ੀਆਂ ਦੀ ਪਕੜ ਵਿੱਚ ਆਇਆ ਓਮ ਦੇ ਰੂਪ ਵਿੱਚ, ਇਹ ਸ਼ਬਦ ਗੁਰੂ ਨਾਨਕ ਦੀ ਪਕੜ ਵਿੱਚ ਆਇਆ ਵਾਹਿਗੁਰੂ ਦੇ ਰੂਪ ਵਿੱਚ।[85]

ਸੋ ਸ਼ਕਤੀ ਦੇ ਸਥੂਲ ਅਰਥਾਂ ਤੋਂ ਪ੍ਰਮਾਤਮਾ ਦੇ ਸੂਖਮ ਅਰਥਾਂ ਤੱਕ ਪਹੁੰਚਾਉਣ ਦੀ ਜੁਗਤ ਸੰਤ ਸਿੰਘ ਮਸਕੀਨ ਜੀ ਦੀ ਵਿਆਖਿਆਕਾਰੀ ਦੀ ਵਿਲੱਖਣਤਾ ਹੈ।ਇਸੇ ਤਰ੍ਹਾਂ ਕਈ ਵਾਰ ਸੂਖਮ ਭਾਵਾਂ ਨੂੰ ਸਮਝਾਉਣ ਲਈ ਇਸੇ ਜੁਗਤ ਨਾਲ ਉਹ ਸ੍ਰੋਤੇ ਦੀ ਬਿਰਤੀ ਨੂੰ ਸੂਖਮ ਤੋਂ ਸਥੂਲ ਅਰਥਾਂ ਵੱਲ ਲਿਆ ਕੇ ਵੀ ਸਥੂਲ ਰੂਪ ਵਿੱਚ ਉਸ ਸੂਖਮ ਭਾਵ ਦੇ ਅਰਥ ਸਮਝਾ ਦਿੰਦੇ ਸਨ।

### 6.3.4 ਵਿਆਖਿਆ ਦਾ ਕੋਸ਼ਮਈ, ਪ੍ਰਯਾਇਵਾਚੀ ਅਤੇ ਵਿਆਕਰਣਕ ਪਰਿਪੇਖ:

ਵਿਭਿੰਨ ਭਾਸ਼ਾਵਾਂ ਦਾ ਵਿਸ਼ਾਲ ਗਿਆਨ ਹੋਣ ਦੇ ਨਾਤੇ ਗਿਆਨੀ ਸੰਤ ਸਿੰਘ ਮਸਕੀਨ ਜੀ ਹਮੇਸ਼ਾ ਗੁਰਬਾਣੀ ਵਿੱਚ ਵੱਖ ਵੱਖ ਭਾਸ਼ਾਵਾਂ ਤੋਂ ਆਏ ਸ਼ਬਦਾਂ ਬਾਰੇ ਜ਼ਰੂਰ ਦੱਸਦੇ ਹਨ ਜਿਵੇਂ ਮਹਲਾ ਅਰਬੀ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਮਕਾਨ। ਖਾਲਸਾ ਫਾਰਸੀ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਖਾਲਸ, ਸ਼ੁੱਧ, ਪਵਿੱਤਰ। ਸ਼ਿਸ਼ ਸੰਸਕ੍ਰਿਤ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਸਿਖਿਆਰਥੀ, ਵਿਦਿਆਰਥੀ, ਸ਼ਾਗਿਰਦ ਆਦਿ। ਇਸ ਤੋਂ ਇਲਾਵਾ ਅਜਿਹੇ ਸ਼ਬਦਾਂ ਦੇ ਵੱਖੋ-ਵੱਖਰੇ ਅਰਥ ਅਤੇ ਗੁਰਬਾਣੀ ਵਿੱਚ ਉਨ੍ਹਾਂ ਦੇ ਪ੍ਰਯੋਗ ਬਾਰੇ ਵੀ ਦੱਸਦੇ ਹਨ ਜਿਵੇਂ ਸੰਸਕ੍ਰਿਤ ਦਾ ਸ਼ਬਦ ਹੈ ਸਤ, ਪੰਜਾਬੀ ਵਿੱਚ ਉਸੇ ਨੂੰ ਸੱਚ ਕਹਿੰਦੇ ਹਨ, ਹਿੰਦੀ ਵਿੱਚ ਓਹੀ ਸੱਤਯ ਹੈ, ਗੁਰਮਤਿ ਵਿੱਚ ਇਸ ਨੂੰ ਸਤਿ, ਸਤ, ਸਤੁ ਆਦਿ ਰੂਪ ਵਿੱਚ ਵਰਤਿਆ ਗਿਆ ਹੈ। ਫਿਰ ਉਹ ਕਈ ਦਾਰਸ਼ਨਿਕ ਅਰਥ ਵੀ ਪੇਸ਼ ਕਰਦੇ ਹਨ ਜਿਵੇਂ ਮਨੁੱਖ ਕੀ ਹੈ? ਖਿਆਲਾਂ ਦਾ ਇਕੱਠ, ਵਿਚਾਰਾਂ ਦੀ ਮੂਰਤੀ। ਮਨੁੱਖ ਦੀ ਸੋਚਣੀ, ਚਿੰਤਨ, ਫੁਰਨੇ ਹੀ ਮਨੁੱਖ ਦੀ ਅਸਲੀ ਤਸਵੀਰ ਪੇਸ਼ ਕਰਦੇ ਹਨ।[86] ਕਈ ਸ਼ਬਦਾਂ ਦੇ ਉਹ ਪ੍ਰਯਾਇਵਾਚੀ ਅਰਥ ਦਿੰਦੇ ਹਨ ਜਿਵੇਂ ਸੰਸਕ੍ਰਿਤ ਵਿੱਚ ਦੀਨ ਕਹਿੰਦੇ ਨੇ ਗ਼ਰੀਬ ਨੂੰ, ਨਿਮਾਣੇ ਨੂੰ, ਨਿਤਾਣੇ ਨੂੰ, ਕਮਜ਼ੋਰ ਨੂੰ, ਲਾਗਤ ਮਫਲਿਸ ਨੂੰ। ਅਜਿਹੇ ਹੀ ਅਨੇਕ ਸ਼ਬਦਾਂ ਜਿਵੇਂ ਕਿ ਅਕਾਲ, ਸ਼ਬਦ, ਮਨ, ਪਾਪ, ਪੁੰਨ, ਧਰਮੀ, ਅਰਦਾਸ, ਪੰਕਜ, ਦੁੱਖ, ਸੁੱਖ, ਅੰਤਰਜਾਮੀ, ਕ੍ਰੋਧ, ਦਇਆ, ਪਿਆਰ, ਰਿਸ਼ਤੇ, ਪ੍ਰਾਲਬਧ, ਉਸਤਤ, ਨਿੰਦਾ, ਖੁਸ਼ਾਮਦ, ਸਿਫਤ, ਅੰਮ੍ਰਿਤ, ਜ਼ਹਿਰ, ਲੇਖ, ਕਰਮ, ਜੀਵਨ, ਮੌਤ, ਭਗਤੀ, ਪੂਜਾ, ਕਰਮ-ਕਾਂਡ, ਬ੍ਰਹਮ ਗਿਆਨ, ਕ੍ਰਿਤ, ਕਰਤਾ, ਕਲਾ, ਗਿਆਨ, ਰਿੱਧੀ, ਸਿੱਧੀ, ਯਾਦ ਆਦਿ ਦੇ ਸ਼ਾਬਦਿਕ ਅਤੇ ਪ੍ਰਯਾਇਵਾਚੀ ਅਰਥਾਂ ਦੇ ਨਾਲ ਨਾਲ ਗੁਰਮਤਿ ਅਨੁਸਾਰ ਇਨ੍ਹਾਂ ਸ਼ਬਦਾਂ ਦੇ ਕੀ ਅਰਥ ਹਨ, ਇਹ ਵੀ ਗਿਆਨੀ ਸੰਤ ਸਿੰਘ ਮਸਕੀਨ ਜੀ ਕਥਾ ਦੌਰਾਨ ਜਿੱਥੇ ਵੀ ਅਜਿਹੇ ਸ਼ਬਦਾਂ ਦਾ ਜ਼ਿਕਰ ਪਹਿਲੀ ਦਫਾ ਆਉਂਦਾ ਹੈ ਉੱਥੇ ਹੀ ਸ੍ਰੋਤੇ ਨੂੰ ਸਭ ਤੋਂ ਪਹਿਲਾਂ ਉਸ ਸ਼ਬਦ ਦੀ ਅਜਿਹੀ ਚੌਤਰਫਾ ਵਾਕਫੀਅਤ ਦਿੰਦੇ ਹਨ।

### 6.3.5 ਵਿਆਖਿਆ ਨੂੰ ਬੌਧਿਕ ਪਕੜ ਵਿੱਚ ਲਿਆਉਣ ਦੀ ਜੁਗਤ:

ਗਿਆਨੀ ਸੰਤ ਸਿੰਘ ਮਸਕੀਨ ਜੀ ਚੰਗੇ ਪੜ੍ਹੇ ਤੇ ਗੁੜ੍ਹੇ ਹੋਏ ਵਿਆਖਿਆਕਾਰ ਸਨ ਜੋ ਬ੍ਰਹਮ, ਸ੍ਰਿਸ਼ਟੀ, ਆਤਮਾ, ਮਾਨਵ ਜੀਵਨ ਦਾ ਮਨੋਰਥ, ਨਾਮ ਸਿਮਰਨ ਅਤੇ ਪਰਮ ਪਦ

ਆਦਿ ਵਿਸ਼ਿਆਂ ਦੇ ਰਹੱਸਾਤਮਕ ਭਾਵਾਂ ਨੂੰ ਦਾਰਸ਼ਨਿਕ ਉੱਚਤਾ ਵਿੱਚ ਬਿਆਨ ਕਰਨ ਦੀ ਸੋਝੀ ਰੱਖਦੇ ਸਨ ਜਿਵੇਂ ਕਿ ਗੁਰਬਾਣੀ ਦੀ ਤੁਕ 'ਏਵਡੁ ਊਚਾ ਹੋਵੈ ਕੋਇ॥ ਤਿਸੁ ਊਚੇ ਕਉ ਜਾਣੈ ਸੋਇ॥ '[87] ਵਿਚਲੇ ਵਿਚਾਰ ਨੂੰ ਬੌਧਿਕ ਰੰਗ ਵਿੱਚ ਗਿਆਨੀ ਸੰਤ ਸਿੰਘ ਮਸਕੀਨ ਜੀ ਇੰਝ ਸਪਸ਼ਟ ਕਰਦੇ ਹਨ:

> ਬੱਚੇ ਨੂੰ ਕੀ ਪਤਾ ਜਵਾਨੀ ਕੀ ਹੁੰਦੀ ਹੈ? ਭਾਵੇਂ ਇੱਕ ਬੱਚੇ ਦੇ ਸਾਹਮਣੇ ਨੌਜਵਾਨ ਹੈ ਪਰ ਬੱਚੇ ਨੂੰ ਇਸ ਤੋਂ ਵੀ ਜਵਾਨੀ ਦਾ ਬੋਧ ਨਹੀਂ ਹੋ ਸਕਦਾ। ਇੱਕ ਜਵਾਨ ਨੂੰ ਕੋਈ ਇਲਮ ਨਹੀਂ ਹੁੰਦਾ ਕਿ ਬੁਢਾਪਾ ਕੀ ਹੈ?ਭਾਵੇਂ ਕਿ ਉਸਦੇ ਸਾਹਮਣੇ ਹੈ। ਬੁਢੇਪੇ ਦੀ ਮਹਾਨਤਾ ਕੀ ਹੈ?, ਬੁਢੇਪੇ ਦੀਆਂ ਮਜਬੂਰੀਆਂ ਕੀ ਨੇ? ਔਰ ਬੁਢੇਪੇ ਦੀ ਖਾਸੀਅਤ ਕੀ ਹੈ?, ਇੱਕ ਨੌਜਵਾਨ ਨੂੰ ਇਸਦਾ ਕੋਈ ਇਲਮ ਨਹੀਂ ਹੈ। ਇੱਕ ਬੱਚੇ ਨੂੰ ਜਵਾਨ ਹੋ ਕੇ ਹੀ ਜਵਾਨੀ ਦਾ ਪਤਾ ਚਲਦਾ ਹੈ, ਇੱਕ ਜਵਾਨ ਨੂੰ ਬੁੱਢਾ ਹੋ ਕੇ ਹੀ ਬੁਢੇਪੇ ਦਾ ਪਤਾ ਚਲਦਾ ਹੈ, ਉਸ ਤੋਂ ਪਹਿਲੇ ਨਹੀਂ। ਇੱਕ ਬੁੱਢੇ ਨੂੰ ਕੁਝ ਪਤਾ ਨਹੀਂ ਕਿ ਮੌਤ ਕੀ ਹੁੰਦੀ ਹੈ, ਭਾਵੇਂ ਮੁਰਦੇ ਉਸ ਦੇ ਸਾਹਮਣੇ ਹੋਵਣ। ਮਰ ਕੇ ਹੀ ਪਤਾ ਚਲਦਾ ਹੈ ਕਿ ਮੌਤ ਕੀ ਹੁੰਦੀ ਹੈ ਤੇ ਅਕਲ ਤੋਂ ਅੱਗੇ ਲੰਘ ਕੇ ਜਦ ਕੋਈ ਸੰਤਪੁਣਾ ਪ੍ਰਾਪਤ ਕਰ ਲੈਂਦਾ ਹੈ ਤਾਂ ਉਸੇ ਦਿਨ ਹੀ ਪਤਾ ਚਲਦਾ ਹੈ ਕਿ ਭਗਤ ਕਿਸ ਨੂੰ ਕਹਿੰਦੇ ਹਨ, ਔਰ ਉਸ ਅਵਸਥਾ ਨੂੰ ਬਿਆਨ ਕਰਨਾ ਕਠਿਨ ਹੈ।[88]

ਅਜਿਹੇ ਹੋਰ ਵੀ ਅਨੇਕ ਅਧਿਆਤਮਕ ਰਹੱਸ ਜਿਵੇਂ ਨਿਰਗੁਣ ਪ੍ਰਮਾਤਮਾ, ਆਤਮਕ ਗਿਆਨ, ਪੁਨਰ ਜਨਮ, ਮਨ ਦੀਆਂ ਅਵਸਥਾਵਾਂ, ਅੰਤਸ਼ਕਰਣ ਦੀ ਕ੍ਰਿਆ, ਕਰਮ-ਸਿਧਾਂਤ, ਸਹਿਜ, ਨਦਰਿ, ਹੁਕਮ, ਮਾਇਆ, ਸੁਫਨਿਆਂ ਦਾ ਮਨੋਵਿਗਿਆਨ, ਸਵਰਗ, ਨਰਕ, ਹੋਣੀ-ਅਣਹੋਣੀ ਆਦਿ ਉਹ ਆਪਣੇ ਤੁਲਨਾਤਮਕ ਅਨੁਭਵਾਂ ਦੀ ਜੁਗਤ ਨਾਲ ਸਮਝਾ ਦਿੰਦੇ ਸਨ।

### 6.3.6 ਵਿਆਖਿਆ ਦਾ ਅਨੁਭਵੀ ਸਰੂਪ ਪ੍ਰਮਾਣਾਂ ਸਹਿਤ:

ਗਿਆਨੀ ਸੰਤ ਸਿੰਘ ਮਸਕੀਨ ਜੀ ਕੋਲ ਆਪਣੇ ਨਿਜੀ ਜੀਵਨ ਦੀਆਂ ਪ੍ਰਤੱਖ ਉਦਾਹਰਣਾਂ ਬਾਕਾਇਦਾ ਸਮੇਂ ਅਤੇ ਸਥਾਨ ਦੇ ਹਵਾਲੇ ਦੇ ਕੇ ਗੁਰਬਾਣੀ ਦੇ ਅਨੁਭਵ ਨੂੰ ਵੰਡਣ ਦੀ ਅਨੋਖੀ ਮਹਾਰਤ ਸੀ।ਪ੍ਰਮਾਣ ਵਜੋਂ:

> ਤਰਨਤਾਰਨ ਸਾਹਿਬ ਦੀ ਗੱਲ ਹੈ ਇੱਕ ਸੱਜਣ ਮੈਨੂੰ ਕਹਿਣ ਲੱਗਾ, ਬੜੇ ਸੁਣੇ ਨੇ ਕੀਰਤਨ, ਕਥਾਵਾਂ ਤੇ ਬਾਣੀ ਪਰ ਸਾਡੇ ਦੁੱਖ ਤੇ ਨਹੀਂ ਮਿਟੇ।ਬਾਰ ਬਾਰ ਇੱਕੋ ਗੱਲ ਕਹੀ ਜਾਏ, ਬਈ ਮੇਰੇ ਤੇ ਦੁੱਖ ਵੱਧ ਗਏ ਨੇ।ਤੁਸੀਂ ਕਹਿੰਦੇ ਹੋ ਸੁਣਨ ਨਾਲ ਦੁੱਖ ਮਿਟ ਜਾਂਦੇ ਨੇ।ਮੈਂ ਤਾਂ ਬਿਨਾਂ ਨਾਗ੍ਹਾ ਦਰਬਾਰ ਸਾਹਿਬ ਆ ਕੇ ਕੀਰਤਨ, ਕਥਾ, ਪਾਠ ਸੁਣਦਾ ਹਾਂ।ਕਿਉਂਕਿ ਉਹ ਜਿਸ ਢੰਗ ਨਾਲ ਕਹਿ ਰਿਹਾ ਸੀ, ਔਖੇ ਹੋ ਕੇ ਕਹਿ ਰਿਹਾ ਸੀ।ਦੁੱਖਾਂ ਨੇ ਉਸਦਾ ਤਵਾਜ਼ਨ ਲੱਗਦਾ ਡਾਵਾਂਡੋਲ ਕੀਤਾ ਹੋਇਆ ਸੀ।ਮੈਂ ਉਸ ਨੂੰ ਕਿਹਾ ਕਿ ਤੂੰ ਨਹੀਂ ਸੁਣਿਆ ਹੋਵੇਗਾ। ਅਗਰ ਸੁਣਿਆ ਵੀ ਹੋਵੇਗਾ ਤਾਂ ਉਸ ਤਰ੍ਹਾਂ ਜਿਵੇਂ ਪਾਣੀ ਤਾਂ ਸੌ ਫੁੱਟ ਗਹਿਰਾਈ ਤੇ ਹੈ, ਤੂੰ ਖ਼ੁਦਾਈ ਕੀਤੀ ਹੈ ਚਾਰ ਫੁੱਟ।ਇਹ ਚਾਰ ਫੁੱਟ ਦੀ ਖ਼ੁਦਾਈ ਚਾਰ ਸੌ ਜਗ੍ਹਾ ਵੀ ਕਰ ਲਏਂ ਤਾਂ ਵੀ ਪਾਣੀ ਨਹੀਂ ਮਿਲਣਾ।....ਲੋਕ ਮੈਨੂੰ ਵੀ ਪੁੱਛਦੇ ਨੇ, ਗਿਆਨੀ ਜੀ ਤੁਹਾਡੇ ਦੁੱਖ ਮਿਟ ਗਏ ਨੇ?ਮੈਂ ਕਿਹਾ ਕਿ ਮੈਨੂੰ ਸਮਝ ਆ ਗਈ ਹੈ ਕਿ ਇਤਨੀ ਖ਼ੁਦਾਈ ਤੇ ਪਾਣੀ ਨਿਕਲ ਸਕਦਾ ਹੈ ਪਰ ਮੈਂ ਇਤਨੀ ਖ਼ੁਦਾਈ ਅਜੇ ਕੀਤੀ ਨਹੀ।ਮੈਂ ਕਬੂਲ ਕਰਦਾ ਹਾਂ।ਅੱਜਕੱਲ ਤੇ ਮੀਟਰ ਵੀ ਦੱਸ ਦਿੰਦੇ ਨੇ, ਇਤਨੀ ਗਹਿਰਾਈ ਤੇ ਪਾਣੀ ਨਿਕਲੇਗਾ।ਇਸ ਤਰ੍ਹਾਂ ਸਾਇੰਸ ਦੀ ਦੁਨੀਆਂ ਤਰੱਕੀ ਕਰ ਗਈ ਹੈ।[89]

ਉਪਰੋਕਤ ਸੰਵਾਦ ਆਦਿ ਦੇ ਪ੍ਰਮਾਣਾਂ ਨੂੰ ਵਾਚ ਕੇ ਇਹ ਕਿਹਾ ਜਾ ਸਕਦਾ ਹੈ ਕਿ ਮਸਕੀਨ ਜੀ ਇੱਕ ਤਾਂ ਪ੍ਰਤੱਖ ਆਪਣੇ ਜੀਵਨ ਦੀ ਅਸਲੀ ਗੱਲ ਦੇ ਮਾਧਿਅਮ ਨਾਲ ਲੋਕਾਂ ਦੇ ਮਨਾਂ ਵਿਚਲੇ ਸ਼ੰਕੇ ਨੂੰ ਕੱਢਦੇ ਸਨ, ਦੂਸਰਾ ਆਪਣੀ ਗੱਲ ਨੂੰ ਉਦਾਹਰਣਾਂ ਦੇ ਕੇ ਸਮਝਾਉਂਦੇ ਸਨ ਕਿ ਦੁੱਖ ਤਾਂ ਤਦ ਹੀ ਦੂਰ ਹੋਣਗੇ ਜੇ ਇਤਨੀ ਸਾਧਨਾ ਹੋਵੇਗੀ ਜਿਤਨੀ ਜ਼ਮੀਨ ਹੇਠੋਂ ਪਾਣੀ ਕੱਢਣ ਲਈ ਕਰਨੀ ਪੈਂਦੀ ਹੈ, ਜਿਵੇਂ ਉੱਪਰਲੀ ਜ਼ਮੀਨ ਖੋਦ ਕੇ ਪਾਣੀ ਨਹੀਂ ਨਿਕਲਦਾ ਉਸੇ ਤਰ੍ਹਾਂ ਉੱਪਰਲੇ ਮਨ ਨਾਲ ਕੀਰਤਨ, ਕਥਾ, ਪਾਠ ਕਰ ਕੇ ਜਾਂ ਸੁਣ ਕੇ ਅਸਰ ਵੀ ਨਹੀਂ ਹੁੰਦਾ।ਇਸ ਦੇ ਨਾਲ ਹੀ ਉਹ ਸੰਬੰਧਤ ਵਿਗਿਆਨਕ ਖੋਜਾਂ ਤੇ ਆਧਾਰਿਤ ਗੱਲ ਵੀ ਕਰ ਦਿੰਦੇ ਹਨ ਕਿ ਕਿਤੇ ਇਹ ਗੱਲ ਅਸੰਭਵ ਹੀ ਨਾਂ ਜਾਪੀ ਜਾਵੇ।

### 6.3.7 ਵਿਗਿਆਨਕ ਅਤੇ ਮਨੋਵਿਗਿਆਨਕ ਤੱਥਾਂ ਨੂੰ ਪ੍ਰਕਾਸ਼ਮਾਨ ਕਰਨ ਦੀ ਜੁਗਤ:

ਗਿਆਨੀ ਸੰਤ ਸਿੰਘ ਮਸਕੀਨ ਜੀ ਆਮ ਤੌਰ ਤੇ ਹਰ ਗੱਲ ਨੂੰ ਵਿਗਿਆਨਕ ਅਤੇ ਮਨੋਵਿਗਿਆਨਕ ਸੱਚਾਈਆਂ ਦੇ ਆਧਾਰ ਤੇ ਕਰਦੇ ਸਨ ਜਿਵੇਂ ਕਿ 'ਜੋਤਿਸ਼' ਸਿਰਲੇਖ ਹੇਠ ਲਿਖੇ ਆਪਣੇ ਲੇਖ ਵਿੱਚ ਸੰਤ ਸਿੰਘ ਮਸਕੀਨ ਜੀ ਜੋਤਿਸ਼ ਸੰਬੰਧੀ ਵਿਗਿਆਨਕ ਖੋਜਾਂ, ਇਨ੍ਹਾਂ ਖੋਜਾਂ ਦੇ ਮਨੁੱਖੀ ਮਨ ਉੱਤੇ ਪੈਂਦੇ ਪ੍ਰਭਾਵ ਅਤੇ ਇਨ੍ਹਾਂ ਖੋਜਾਂ ਦੇ ਪਰਿਣਾਮ ਸਰੂਪ ਪੇਸ਼ ਹੋਈਆਂ ਪ੍ਰਤੱਖ ਸੱਚਾਈਆਂ ਦੀ ਗੱਲ ਵੀ ਕਰਦੇ ਹਨ।ਪ੍ਰਮਾਣ ਵਜੋਂ:

> ਹਰ ਵਸਤੂ, ਹਸਤੀ ਦਾ ਆਦਿ ਕੀ ਹੈ, ਅੰਤ ਕੀ ਹੈ, ਇਹ ਖੋਜ ਸਦੀਆਂ ਤੋਂ ਜਾਰੀ ਹੈ।ਵਿਗਿਆਨ ਨੇ ਵੀ ਇਸ ਖੋਜ ਵਿੱਚ ਆਪਣਾ ਯੋਗਦਾਨ ਪਾਇਆ ਹੈ।ਸ੍ਰਿਸ਼ਟੀ ਕਦੋਂ ਬਣੀ, ਕਿਵੇਂ ਬਣੀ - ਧਰਮ ਤੇ ਵਿਗਿਆਨ ਦੇ ਆਪਣੇ ਆਪਣੇ ਕਥਨ ਹਨ।ਮਨੁੱਖੀ ਮਨ ਦੀ ਬਣਤਰ ਕੁਝ ਐਸੀ ਹੈ - ਹਰ ਵਸਤੂ ਦਾ ਪ੍ਰਭਾਵ ਸੂਖਮ ਜਾਂ ਅਸਥੂਲ ਰੂਪ ਕਬੂਲਦਾ ਹੈ।ਸਰਦੀ ਵਿੱਚ ਮਨ ਦੀ ਹਾਲਤ ਕੁਝ ਹੋਰ ਹੁੰਦੀ ਹੈ, ਗਰਮੀ ਵਿੱਚ ਕੁਝ ਹੋਰ, ਬਹਾਰ ਹੋਵੇ ਤਾਂ ਮਨ ਬਹੁਤ ਖੁਸ਼ ਹੁੰਦਾ ਹੈ।ਖਿਜ਼ਾ ਵਿੱਚ ਉਦਾਸੀ ਛਾ ਜਾਂਦੀ ਹੈ।ਛਿਨ ਛਿਨ ਪ੍ਰਕ੍ਰਿਤੀ ਮੁਤਾਸਰ ਕਰਦੀ ਹੈ ਔਰ ਅਨੇਕਾਂ ਪ੍ਰਕਾਰ ਦੇ ਪ੍ਰਭਾਵ ਹੇਠ ਜੀਵਨ ਚੱਲ ਰਿਹਾ ਹੈ।ਫਿਰ ਮਨੁੱਖ ਨੇ ਇਹ ਵੀ

> ਖੋਜਣਾ ਆਰੰਭ ਕਰ ਦਿੱਤਾ ਕਿ ਇਹ ਪ੍ਰਭਾਵ ਕਿੱਥੋਂ ਪੈ ਰਿਹਾ ਹੈ? ਕਿਉਂ ਪੈ ਰਿਹਾ ਹੈ? ਪੂਰਨਮਾਸ਼ੀ ਦੀ ਰਾਤ ਨੂੰ ਸਮੁੰਦਰ ਵਿੱਚ ਉਛਾਲ ਆ ਜਾਂਦਾ ਹੈ ਸਮੁੰਦਰ ਦੇ ਤਟ ਤੇ ਰਹਿਣ ਵਾਲੇ ਪੂਰਨਮਾਸ਼ੀ ਨੂੰ ਇੱਕ ਮੀਲ ਦੂਰ ਹਟ ਜਾਂਦੇ ਹਨ। ਖੋਜੀਆਂ ਦੀ ਪਕੜ ਵਿੱਚ ਆ ਗਿਆ ਕਿ ਚੰਦਰਮਾ ਦੀ ਖਿੱਚ ਨਾਲ ਸਮੁੰਦਰ ਵਿੱਚ ਉਛਾਲ ਆਂਵਦਾ ਹੈ। ਫਿਰ ਸਹਿਜੇ ਸਹਿਜੇ ਇਹ ਵੀ ਬੋਧ ਹੋਇਆ ਕਿ ਗ੍ਰਹਿਆਂ ਦੀ ਕਸ਼ਿਸ਼ ਨਾਲ ਹੀ ਸਮੁੰਦਰ ਵਿੱਚ ਰੋਜ਼ ਉਤਾਰ ਚੜ੍ਹਾਓ ਆਂਵਦਾ ਹੈ। ਮਨੁੱਖ ਦੇ ਸਰੀਰ ਵਿੱਚ ਸੱਠ ਪ੍ਰਤੀਸ਼ਤ ਪਾਣੀ ਹੈ। ਜੋ ਸਮੁੰਦਰ ਦੇ ਪਾਣੀ ਦਾ ਅਨੁਪਾਤ ਹੈ, ਉਹੀ ਮਨੁੱਖੀ ਸਰੀਰ ਦੇ ਪਾਣੀ ਦਾ ਅਨੁਪਾਤ ਹੈ। ਜਿਤਨਾ ਨਮਕ ਸਮੁੰਦਰ ਦੇ ਪਾਣੀ ਵਿੱਚ ਹੈ, ਉਤਨਾ ਮਨੁੱਖੀ ਸਰੀਰ ਦੇ ਪਾਣੀ ਵਿੱਚ ਹੈ। ਫਿਰ ਇਹ ਨਿਸ਼ਚਿਤ ਕਰ ਲਿਆ ਗਿਆ ਹੈ ਕਿ ਮਨੁੱਖ ਵੀ ਸਾਗਰ ਦੀ ਤਰ੍ਹਾਂ ਚੰਦਰਮਾ ਤੋਂ ਅੰਦੋਲਿਤ ਹੁੰਦਾ ਹੈ। ...[90]

ਉਪਰੋਕਤ ਪ੍ਰਮਾਣ ਜਿੱਥੇ ਇਹ ਪ੍ਰਮਾਣਿਤ ਕਰਦਾ ਹੈ ਕਿ ਮਨੁੱਖ ਅਤੇ ਸ੍ਰਿਸ਼ਟੀ ਸੰਬੰਧੀ ਹੋਈਆਂ ਧਰਮ ਅਤੇ ਵਿਗਿਆਨ ਦੀਆਂ ਖੋਜਾਂ ਦਾ ਉਨ੍ਹਾਂ ਨੂੰ ਗਿਆਨ ਸੀ ਉੱਥੇ ਮਨੋਵਿਗਿਆਨਕ ਪ੍ਰਭਾਵਾਂ ਨੂੰ ਖੋਜਾਂ ਨਾਲ ਜੋੜ ਕੇ ਸਿੱਟੇ ਪੇਸ਼ ਕਰਨੇ ਅਤੇ ਪ੍ਰਮਾਣਿਤ ਵਿਗਿਆਨਕ ਸੱਚਾਈਆਂ ਬਿਆਨ ਕਰਨੀਆਂ ਵੀ ਉਨ੍ਹਾਂ ਦੇ ਗਿਆਨ ਦੀਆਂ ਕਈ ਤਹਿਆਂ ਨੂੰ ਉਜਾਗਰ ਕਰਦੀਆਂ ਸਨ। ਤੀਸਰਾ ਉਹ ਵਿਗਿਆਨਕ ਅਤੇ ਮਨੋਵਿਗਿਆਨਕ ਸੱਚਾਈਆਂ ਨਾਲ ਬ੍ਰਿਤਾਂਤ ਸਿਰਜ ਕੇ ਸ੍ਰੋਤਿਆਂ ਦੇ ਹਿਰਦਿਆਂ ਵਿੱਚ ਸਦੀਵੀਂ ਟਿਕੇ ਰਹਿਣ ਵਾਲੇ ਗਿਆਨ ਦੀਆਂ ਉਦਾਹਰਣਾਂ ਨਾਲ ਸ੍ਰੋਤਿਆਂ ਨੂੰ ਪ੍ਰਭਾਵਿਤ ਕਰਦੇ ਸਨ ਜੋ ਸੰਤ ਸਿੰਘ ਮਸਕੀਨ ਜੀ ਦੀ ਵਿਆਖਿਆਕਾਰੀ ਦੀਆਂ ਅਹਿਮ ਜੁਗਤਾਂ ਨੂੰ ਸਾਹਿਤਕ ਖੋਜੀਆਂ ਦੇ ਸਾਹਮਣੇ ਲਿਆਉਂਦੀਆਂ ਹਨ।

### 6.3.8 ਵਿਆਖਿਆ ਵਿੱਚ ਦੁਹਰਾਓ ਦੀ ਜੁਗਤ:

ਗਿਆਨੀ ਸੰਤ ਸਿੰਘ ਮਸਕੀਨ ਜੀ ਦੀ ਕਥਾ ਆਮ ਸੰਸਾਰਕ ਲੋਕਾਂ ਦੀ ਸਮਝ ਦੇ ਪੱਧਰ ਤੋਂ ਉੱਚੀ ਹੁੰਦੀ ਸੀ ਇਸੇ ਕਰਕੇ ਬਹੁਤੇ ਲੋਕ ਤਾਂ ਕਥਾ ਸੁਣ ਕੇ ਇਹ ਹੀ ਕਹਿ ਦਿੰਦੇ ਸਨ ਕਿ ਸਾਡੀ ਤਾਂ ਕੁਝ ਵੀ ਸਮਝ ਵਿੱਚ ਨਹੀਂ ਆਇਆ, ਜਦੋਂ ਕਿ ਸਹਿਜ ਅਵਸਥਾ ਵਿੱਚ ਵਿਚਰਨ ਵਾਲੇ ਛੇਤੀ ਹੀ ਉਨ੍ਹਾਂ ਦੇ ਬੋਲਾਂ ਦੇ ਭਾਵਾਂ ਨੂੰ ਪਕੜ ਲੈਂਦੇ ਸਨ।ਇਹੀ ਵਜ੍ਹਾ ਸੀ ਕਿ ਉਹ ਆਪਣੀ ਗੱਲ ਨੂੰ ਬਾਰ-ਬਾਰ ਦੁਹਰਾ ਕੇ ਰਜੋ, ਤਮੋ ਅਤੇ ਸਤੋ ਪੱਧਰ 'ਤੇ ਵਿਚਰਨ ਵਾਲੇ ਜਗਿਆਸੂਆਂ ਦੀ ਸਮਝ ਨੂੰ ਜਾਂ ਤਾਂ ਆਪਣੇ ਗਹਿਰ ਗੰਭੀਰ ਦਾਰਸ਼ਨਿਕ ਵਿਚਾਰ ਦੀ ਪੱਧਰ ਤੱਕ ਲੈ ਕੇ ਆਉਂਦੇ ਸਨ ਜਾਂ ਫਿਰ ਸ਼ਬਦਾਂ ਦੀ ਸਹਾਇਤਾ ਨਾਲ ਆਪਣੇ ਵਿਚਾਰ ਨੂੰ ਉਨ੍ਹਾਂ ਦੇ ਪੱਧਰ ਤੱਕ ਲਿਆ ਕੇ ਬੋਲਦੇ ਸਨ।ਅਸਲ ਵਿੱਚ ਉਹ ਕਦੇ ਵੀ ਇਕੋ ਵਾਕ ਨੂੰ ਨਹੀਂ ਸਨ ਦੁਹਰਾਉਂਦੇ ਸਗੋਂ ਇੱਕੋ ਜਿਹੇ ਵਾਕਾਂ ਨੂੰ ਦੁਹਰਾਉਂਦੇ ਹੋਏ ਗੁਰੂ ਆਸ਼ੇ ਵੱਲ ਵੱਧਦੇ ਸਨ।ਕਾਹਲ਼ੇ ਤੇ ਅਧੀਰ ਲੋਕ ਕਦੇ ਉਨ੍ਹਾਂ ਦੀ ਇਸ ਜੁਗਤ ਨੂੰ ਸਮਝ ਹੀ ਨਹੀਂ ਸਕੇ ਕਈ ਤਾਂ ਉਨ੍ਹਾਂ ਨੂੰ ਪੁੱਛ ਵੀ ਲੈਂਦੇ ਸਨ ਕਿ ਆਪ ਆਪਣੀ ਕਥਾ ਦੌਰਾਨ ਏਨੀ ਪੁਨਰੁਕਤੀ ਕਿਉਂ ਕਰਦੇ ਹੋ? ਤਾਂ ਉਹ ਬੜੀ ਦਲੀਲ ਪੂਰਵਕ ਸਹਿਜੇ ਹੀ ਜਵਾਬ ਦਿੰਦੇ ਕਿ ਸਿਮਰਨ ਬਿਨਾਂ ਪ੍ਰਭੂ ਦੇ ਗੁਣ ਜੀਵਨ ਅੰਦਰ ਪ੍ਰਵੇਸ਼ ਨਹੀਂ ਕਰਦੇ।ਸਿਮਰਨ ਬੰਦਗੀ ਹੈ।ਵਾਹਿਗੁਰੂ, ਵਾਹਿਗੁਰੂ ਜਪਣ ਦੀ ਪੁਨਰੁਕਤੀ ਦਾ ਸੂਰਜ, ਚੰਦ, ਦਿਨ ਰਾਤ ਰੋਜ਼-ਰੋਜ਼ ਦੁਹਰਾਉ ਪਏ ਕਰਦੇ ਨੇ।ਸਾਹ ਲੈਣ, ਪਾਣੀ ਪੀਣ, ਭੋਜਨ ਖਾਣ ਦਾ ਦੁਹਰਾਉ ਕਰ ਕੇ ਹੀ ਜੀਵਨ ਚੱਲ ਰਿਹਾ ਹੈ।ਆਤਮਿਕ ਜੀਵਨ ਦੀ ਪ੍ਰਾਪਤੀ ਲਈ ਹਿਰਦੇ ਅੰਦਰ ਪ੍ਰਭੂ ਦੇ ਵਿਚਾਰ ਪ੍ਰਵੇਸ਼ ਕਰਾਉਣੇ ਹਨ ਤਾਂ ਦੁਹਰਾਉ ਤਾਂ ਹੋਵੇਗਾ ਹੀ।'ਬਾਰ ਬਾਰ ਹਰਿ ਕੇ ਗੁਨ ਗਾਵਉ॥ਗੁਰ ਗਮਿ ਭੇਦੁ ਸੁ ਹਰਿ ਕਾ ਪਾਵਉ॥'[91] ਦੁਹਰਾਉਣਾ ਇਸ ਕਰਕੇ ਜ਼ਰੂਰੀ ਹੈ ਕਿ ਵਿਚਾਰ ਸੰਸਕਾਰਾਂ ਵਿੱਚ ਸਮਾ ਜਾਣ।

ਇੱਕ ਹੋਰ ਵਿਸ਼ੇਸ਼ ਗੱਲ ਜੋ ਉਨ੍ਹਾਂ ਦੀ ਵਿਆਖਿਆ ਵਿੱਚ ਦੁਹਰਾਉ ਤੱਤ ਸੰਬੰਧੀ ਹੈ, ਉਹ ਇਹ ਕਿ ਉਹ ਰਮਜ਼ ਅਤੇ ਜਗਿਆਸੂ ਦੇ ਪੱਧਰ ਨੂੰ ਦੇਖ ਕੇ ਹੀ ਦੁਹਰਾਉ ਕਰਦੇ ਸਨ।ਜੇ ਇਕੱਠ ਗਿਆਨਵਾਨ ਅਤੇ ਅਧਿਆਤਮਕ ਸੂਝ ਵਾਲੇ ਸ੍ਰੋਤਿਆਂ ਦਾ ਹੁੰਦਾ ਤਾਂ ਉਹ ਆਪਣੀ ਗੱਲ ਨੂੰ ਸਮੇਟਣ ਵਿੱਚ ਪੰਜ ਮਿੰਟ ਵੀ ਨਹੀਂ ਸਨ ਲਾਉਂਦੇ ਪਰ ਜੇ ਸ੍ਰੋਤਿਆਂ ਦੀ ਅਵਸਥਾ ਆਮ ਜਾਂ ਸੰਸਾਰਕ ਪੱਧਰ ਦੀ ਹੁੰਦੀ ਤਾਂ ਉਹ ਬਹੁਤ ਪ੍ਰਯਾਇਵਾਚੀ ਵਾਕਾਂ ਦੀ

ਵਰਤੋਂ ਕਰਦੇ।ਵੈਸੇ ਤਾਂ ਇਹ ਦੁਹਰਾਉ ਉਨ੍ਹਾਂ ਦੀ ਹਰ ਰਮਜ਼ ਭਰੀ ਕਥਾ ਵਿੱਚ ਹੁੰਦਾ ਸੀ।ਪ੍ਰਮਾਣ ਵਜੋਂ:

> ਪ੍ਰਭੂ ਨੇ ਮਨੁੱਖ ਦਾ ਮਨ ਕੁਝ ਅਜਿਹਾ ਬਣਾ ਦਿੱਤਾ ਹੈ ਕਿ ਇਹ ਮਨ ਜਿਸ ਤੋਂ ਪ੍ਰਭਾਵਿਤ ਹੋ ਜਾਂਦਾ ਹੈ ਫਿਰ ਉਸ ਦੀ ਹੀ ਮੰਗ ਕਰਦਾ ਹੈ।ਜਿਸ ਦੀ ਮੰਗ ਕਰਦਾ ਹੈ ਫਿਰ ਉਸ ਨੂੰ ਬਾਰ-ਬਾਰ ਯਾਦ ਵੀ ਕਰਦਾ ਹੈ।ਜਿਸ ਨੂੰ ਬਾਰ-ਬਾਰ ਯਾਦ ਕਰਦਾ ਹੈ ਉਸ ਦੀ ਪ੍ਰਾਪਤੀ ਲਈ ਯਤਨ ਕਰਦਾ ਹੈ, ਮਿਹਨਤ ਕਰਦਾ ਹੈ।ਮਨੁੱਖੀ ਮਨ ਪ੍ਰਮਾਤਮਾ ਨੇ ਕੁਝ ਅਜਿਹਾ ਬਣਾਇਆ ਹੈ ਕਿ ਜਿਸ ਵਸਤੂ ਤੋਂ ਪ੍ਰਭਾਵਿਤ ਹੋ ਗਿਆ ਹੈ ਉਸ ਦੀ ਮੰਗ ਕਰਨ ਲੱਗ ਪੈਂਦਾ ਹੈ।ਮਨ ਜਿਸ ਦੀ ਬਾਰ-ਬਾਰ ਮੰਗ ਕਰਦਾ ਹੈ ਫਿਰ ਮਨ ਬਾਰ-ਬਾਰ ਉਸ ਨੂੰ ਯਾਦ ਕਰਦਾ ਹੈ।...ਮਨ ਜਿਸ ਤੋਂ ਪ੍ਰਭਾਵਿਤ ਨਹੀਂ ਮਨ ਉਸ ਦੀ ਮੰਗ ਵੀ ਨਹੀਂ ਕਰਦਾ ਮਨ ਉਸ ਨੂੰ ਯਾਦ ਨਹੀਂ ਕਰਦਾ ਤੇ ਜਿਸ ਨੂੰ ਯਾਦ ਨਹੀਂ ਕਰਦਾ, ਜਿਸ ਦੀ ਮੰਗ ਨਹੀਂ ਕਰਦਾ ਉਸ ਲਈ ਸਮਾਂ ਕੱਢਣ ਦੀ ਲੋੜ ਹੀ ਨਹੀਂ।[92]

ਇਸ ਪ੍ਰਕਾਰ ਉਪਰੋਕਤ ਪ੍ਰਮਾਣ ਵਿੱਚ ਦੇਖਿਆ ਗਿਆ ਹੈ ਕਿ ਮਨ ਦੇ ਪ੍ਰਭਾਵ, ਮੰਗ, ਯਾਦ, ਪ੍ਰਾਪਤੀ, ਮਿਹਨਤ ਆਦਿ ਸ਼ਬਦਾਂ ਦੇ ਫਰਕ ਨਾਲ ਦੁਹਰਾਉ ਹੋਇਆ ਹੈ, ਫਿਰ ਦੁਬਾਰਾ ਇਨ੍ਹਾਂ ਹੀ ਗੱਲਾਂ ਦਾ ਦੁਹਰਾਉ ਹੋਇਆ ਹੈ ਤਾਂ ਜੋ ਨਿਰੀ ਅਗਿਆਨੀ ਜਾਂ ਸੁੱਤੀ ਹੋਈ ਆਤਮਾ ਦੀ ਪਕੜ ਵਿੱਚ ਗੱਲ ਆ ਜਾਏ।ਫਿਰ ਨਾਂਹ ਵਾਚਕ ਰੂਪ ਵਿੱਚ ਉਨ੍ਹਾਂ ਹੀ ਸ਼ਬਦਾਂ ਦਾ ਮੁੜ ਦੁਹਰਾਉ ਹੋ ਗਿਆ ਤਾਂ ਜੋ ਅਜੇ ਵੀ ਜੇ ਕੋਈ ਸ੍ਰੋਤਾ ਸ਼ਬਦਾਂ ਦਾ ਪੱਲਾ ਫੜ ਕੇ ਨਹੀਂ ਤੁਰਿਆ ਤਾਂ ਜਾਗ ਜਾਏ।ਫਿਰ ਆਖਦੇ ਹਨ ਕਿ ਉਹ ਦੁਰਲਭ ਵਸਤੂਆਂ ਤੋਂ ਹੀ ਪ੍ਰਭਾਵਿਤ ਹੁੰਦਾ ਹੈ।ਫਿਰ ਗੁਰੂ ਆਸ਼ਾ ਪੂਰਨ ਵੇਰਵੇ ਸਹਿਤ ਦੱਸਦੇ ਹਨ ਕਿ ਧਨ, ਰੂਪ, ਰਾਜਨੀਤੀ, ਭੋਜਨ, ਪੁੱਤਰ, ਮਿੱਤਰ, ਭਰਾ, ਪਤਨੀ ਆਦਿ ਕੁਝ ਵੀ ਦੁਰਲਭ ਨਹੀਂ, ਦੁਰਲਭ ਹੈ - ਪ੍ਰਮਾਤਮਾ ਦਾ ਨਾਮ।ਸੋ ਪ੍ਰਮਾਤਮਾ ਦੇ ਨਾਮ ਤੱਕ ਬ੍ਰਿਤੀ, ਸੁਰਤਿ ਜਾਂ ਸੋਝੀ ਦੇ ਪੱਧਰ ਨੂੰ

ਲਿਜਾਣ ਲਈ ਉਹ ਮਨ ਦੇ ਪ੍ਰਭਾਵ, ਮੰਗ, ਯਾਦ, ਪ੍ਰਾਪਤੀ, ਮਿਹਨਤ ਆਦਿ ਸ਼ਬਦਾਂ ਦੇ ਦੁਹਰਾਉ ਨਾਲ ਸੋਚ ਦੇ ਪ੍ਰਵਾਹ ਨੂੰ ਤੋਰਦੇ ਹਨ।

### 6.3.10 **ਕਵੀਆਂ ਅਤੇ ਸ਼ਾਇਰਾਂ ਦੇ ਵਿਚਾਰਾਂ ਦੀ ਸ਼ਮੂਲੀਅਤ:**

ਸੰਤ ਸਿੰਘ ਮਸਕੀਨ ਜੀ ਵਿੱਚ ਇੱਕ ਕਵੀ ਤੇ ਸ਼ਾਇਰ ਦਾ ਹਿਰਦਾ ਹੋਣ ਕਰਕੇ ਓਹ ਗੁਰੂ ਗ੍ਰੰਥ ਸਾਹਿਬ ਵਿਚਲੀਆਂ, ਦਸਮ ਗ੍ਰੰਥ ਵਿਚਲੀਆਂ, ਭਾਈ ਗੁਰਦਾਸ ਅਤੇ ਭਾਈ ਨੰਦ ਲਾਲ ਦੀਆਂ ਕਾਵਿ ਉਡਾਰੀਆਂ ਤੋਂ ਬਹੁਤ ਹੀ ਪ੍ਰਭਾਵਿਤ ਸਨ ਅਤੇ ਖ਼ੁਦ ਵੀ ਵਿਸਮਾਦ ਵਿੱਚ ਆ ਕੇ ਬੜੀਆਂ ਗਹਿਰੀਆਂ ਤੇ ਰਮਜ਼ ਭਰੀਆਂ ਨਜ਼ਮਾਂ ਲਿਖਦੇ ਸਨ।ਉਹ ਆਪਣੇ ਲੇਖ 'ਕਵੀ ਤੇ ਕਵਿਤਾ' ਵਿੱਚ ਵੀ ਲਿਖਦੇ ਹਨ:

> ਜੀਵਨ ਦਾ ਹਰ ਕਰਮ ਜਦ ਬਾ-ਤਰਤੀਬ ਹੋ ਜਾਂਦਾ ਹੈ ਤਾਂ ਜ਼ੁਬਾਨ ਵਿੱਚੋਂ ਨਿਕਲੇ ਅੱਖਰਾਂ ਨੂੰ ਐਸੀ ਤਰਤੀਬ ਮਿਲਦੀ ਹੈ ਕਿ ਉਹ ਕਵਿਤਾ ਹੋ ਕੇ ਪ੍ਰਗਟ ਹੁੰਦੇ ਹਨ।ਗੁਰੂ ਗੋਬਿੰਦ ਸਿੰਘ ਜੀ ਆਪਣੇ ਆਪ ਨੂੰ ਕਵੀ (ਕਬਿਓ ਬਾਚ) ਆਖਦੇ ਰਹੇ ਹਨ।ਸ਼ਾਇਰ ਹੋਣਾ ਗੁਰੂ ਨਾਨਕ ਜੀ ਵੀ ਕਬੂਲਦੇ ਰਹੇ ਹਨ।[93]

ਗੁਰਬਾਣੀ-ਵਿਆਖਿਆ ਕਰਦੇ ਸਮੇਂ ਅਕਸਰ ਉਹ ਉਰਦੂ, ਫਾਰਸੀ, ਅਰਬੀ, ਹਿੰਦੀ ਅਤੇ ਪੰਜਾਬੀ ਭਾਸ਼ਾ ਵਿੱਚ ਭਾਈ ਨੰਦ ਲਾਲ, ਡਾ. ਮੁਹੰਮਦ ਇਕਬਾਲ, ਸ਼ੇਖ਼ ਸਾਅਦੀ, ਉਸਤਾਦ ਜ਼ੌਕ, ਮਿਰਜ਼ਾ ਗ਼ਾਲਿਬ, ਸ਼ਮਸ ਤਬਰੇਜ਼, ਮੌਲਾਨਾ ਰੂਮੀ, ਸੰਤ ਹਾਫਿਜ਼, ਮੀਰ ਤਕੀ ਮੀਰ ਅਤੇ ਹੋਰ ਅਨੇਕ ਸੂਫੀ ਸੰਤ ਸ਼ਾਇਰਾਂ ਦੇ ਸ਼ੇਅਰਾਂ ਦੀ ਸ਼ਮੂਲੀਅਤ ਕਰਦੇ ਸਨ ਜਿਨ੍ਹਾਂ ਦੇ ਹਵਾਲੇ ਨਿਰਸੰਦੇਹ ਗੁਰਬਾਣੀ ਵਿਚਲੇ ਭਾਵ ਨੂੰ ਹੋਰ ਪੁਖਤਾ ਕਰਨ ਦੀ ਸਮਰੱਥਾ ਰੱਖਦੇ ਸਨ।ਇਹ ਗੱਲ ਵੀ ਬੜੀ ਸਪਸ਼ਟ ਹੈ ਕਿ ਜਦੋਂ ਉਹ ਵਿਆਖਿਆ ਸਮੇਂ ਉਰਦੂ, ਫਾਰਸੀ ਵਿੱਚ ਭਾਈ ਨੰਦ ਲਾਲ ਦੇ ਦੀਵਾਨੇ ਗੋਯਾ ਜਾਂ ਗੁਰੂ ਗੋਬਿੰਦ ਸਿੰਘ ਜੀ ਦੇ ਜਫ਼ਰਨਾਮੇ ਵਿੱਚੋਂ ਸ਼ੇਅਰ ਬੋਲਦੇ ਤਾਂ ਜਿੱਥੇ ਕਾਵਿ ਰਸੀਏ ਸ੍ਰੋਤੇ ਭਾਵ ਵਿਭੋਰ ਹੋ ਜਾਂਦੇ ਉੱਥੇ ਉਹ ਆਪ ਵੀ ਕਾਵਿ-ਉਡਾਰੀ ਲਾ ਕੇ ਕਰਤਾ ਪੁਰਖ ਦੇ ਦੇਸ਼ ਵਿਚਰ ਆਉਂਦੇ ਸਨ।ਪ੍ਰਮਾਣ ਵਜੋਂ ਅਜਿਹੇ ਕੁਝ ਸ਼ੇਅਰ ਦੇਖੇ ਜਾ ਸਕਦੇ ਹਨ:

ਜਲਾਲੇ ਪਾਤਸ਼ਾਹੀ ਹੋ ਯਾ ਜਮਹੂਰੀ ਤਮਾਸ਼ਾ ਹੋ,

ਜੁਦਾ ਹੋ ਦੀਂ ਸਿਆਸਤ ਸੇ ਤੋ ਰਹਿ ਜਾਤੀ ਹੈ ਚੰਗੇਜ਼ੀ

ਇਸ ਸ਼ੇਅਰ ਵਿੱਚ ਮੁਹੰਮਦ ਇਕਬਾਲ ਆਖਦੇ ਹਨ ਕਿ ਸੱਤਾ ਵਿੱਚੋਂ ਧਰਮ ਕੱਢ ਦੇਈਏ ਤਾਂ ਸੱਤਾਧਾਰੀ ਦਾ ਰੂਪ ਚੰਗੇਜ਼ ਹਲਾਕੂ ਦੀ ਸ਼ਕਲ ਅਖ਼ਤਿਆਰ ਕਰ ਜਾਂਦਾ ਹੈ।

ਗ਼ਮ ਚੇ ਬਾਸ਼ਦ ਗ਼ਫ਼ਲਤ ਅਜ਼ ਯਾਦੇ ਖ਼ੁਦਾ॥

ਚੀਸਤ ਸ਼ਾਦੀ-ਯਾਦ ਆਂ ਬ ਮੁੰਤਹਾ॥

ਦੀਵਾਨੇ ਗੋਯਾ ਵਿਚਲੇ ਇਸ ਸ਼ੇਅਰ ਵਿੱਚ ਭਾਈ ਨੰਦ ਲਾਲ ਇਹ ਕਹਿੰਦੇ ਹਨ ਕਿ ਜਦ ਬੰਦਾ ਰੱਬ ਨੂੰ ਭੁੱਲਦਾ ਹੈ, ਬਸ ਉਸੇ ਵਕਤ ਉਸ ਨੂੰ ਗ਼ਮ ਆਣ ਘੇਰਦੇ ਹਨ।ਰੱਬੀ ਯਾਦ ਨਾਲ ਸਾਰੀਆਂ ਖੁਸ਼ੀਆਂ ਮਿਲ ਜਾਂਦੀਆਂ ਹਨ।

ਚੂੰ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ॥

ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ॥

ਜਫ਼ਰਨਾਮੇ ਦੇ ਇਸ ਸ਼ੇਅਰ ਰਾਹੀਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਹ ਸੰਦੇਸ਼ ਪਹੁੰਚਾਉਂਦੇ ਹਨ ਕਿ ਜੰਗ ਦੇ ਮੈਦਾਨ ਵਿੱਚ ਜਦੋਂ ਸਾਰੇ ਹੀਲੇ ਵਸੀਲੇ ਮੁੱਕ ਜਾਂਦੇ ਹਨ ਤਾਂ ਮਜਬੂਰ ਹੋ ਕੇ ਤਲਵਾਰ ਚੁੱਕਣਾ ਵੀ ਜਾਇਜ਼ ਹੈ।

ਇਸ ਪ੍ਰਕਾਰ ਹੋਰ ਵੀ ਸੰਬੰਧਤ ਸ਼ੇਅਰਾਂ ਦਾ ਪ੍ਰਯੋਗ ਕਰਕੇ ਸੰਤ ਸਿੰਘ ਮਸਕੀਨ ਜੀ ਨਾ ਕੇਵਲ ਸਿੱਖ ਫਿਲਾਸਫੀ ਅਤੇ ਗੁਰ ਇਤਿਹਾਸ ਦੀ ਪ੍ਰੋੜ੍ਹਤਾ ਹੀ ਕਰਦੇ ਹਨ ਸਗੋਂ ਕਾਵਿ ਦੇ ਸਹੀ ਮਾਡਲ ਦੇ ਵੀ ਦਰਸ਼ਨ ਕਰਵਾਉਂਦੇ ਹਨ।

ਉਪਰੋਕਤ ਅਧਿਐਨ ਅਨੁਸਾਰ ਗਿਆਨੀ ਸੰਤ ਸਿੰਘ ਮਸਕੀਨ ਜੀ ਦੇ ਸਿਧਾਂਤ ਦੇ ਪ੍ਰਮੁੱਖ ਨੁਕਤਿਆਂ ਦੇ ਆਧਾਰ ਉੱਤੇ ਕਿਹਾ ਜਾ ਸਕਦਾ ਹੈ ਕਿ ਸੰਤ ਸਿੰਘ ਮਸਕੀਨ ਜੀ ਨੇ ਆਪਣੀ ਵਿਲੱਖਣ ਅਤੇ ਵਿਸ਼ਿਸ਼ਟ ਸਿਧਾਂਤਕ ਚੇਤਨਾ ਅਨੁਸਾਰ ਬਾਣੀ ਵਿਚਲੇ ਸਮੁੱਚੇ ਤੱਤਾਂ ਦੇ ਪ੍ਰਬੰਧ ਵਿੱਚੋਂ ਅਰਥ ਗ੍ਰਹਿਣ ਕਰਕੇ ਵਿਆਖਿਆਕਾਰੀ ਕੀਤੀ ਕਿਉਂਕਿ ਕੋਈ ਵੀ ਤੱਤ ਸੁਤੰਤਰ ਹੁੰਦੇ ਹੋਏ ਵੀ ਸਮੁੱਚਤਾ ਵਿੱਚੋਂ ਹੀ ਅਰਥ ਗ੍ਰਹਿਣ ਕਰਦਾ ਹੈ, ਇਸ ਲਈ ਬਾਣੀ ਨਾਲ ਸੰਬੰਧਤ ਅਜਿਹੇ ਸਾਰੇ ਜ਼ਰੂਰੀ ਤੱਤਾਂ ਨੂੰ ਚੁਣ ਕੇ ਤੱਤ ਚੇਤਨਾ ਦੁਆਰਾ ਸਮੁੱਚੀ ਬਾਣੀ

ਦੀ ਸਾਰਥਕਤਾ ਸਪਸ਼ਟ ਕਰਨਾ ਉਨ੍ਹਾਂ ਦਾ ਨਿਵੇਕਲਾ ਵਿਆਖਿਆ ਸਿਧਾਂਤ ਹੈ ਜਿਸ ਦੀ ਗਹਿਰਾਈ ਨਾਲ ਪ੍ਰਾਪਤ ਕੀਤੀ ਸਮਝ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਇਹ ਸਿਧਾਂਤ ਬਹੁ ਪਾਸਾਰੀ, ਬਹੁ ਦਿਸ਼ਾਵੀ, ਬਹੁ ਭਾਸ਼ੀ, ਬਹੁ ਆਧਾਰੀ ਅਤੇ ਬਹੁ-ਸੰਕਲਪਿਕ ਹੈ ਜਿਸ ਦਾ ਕੋਈ ਕੇਂਦਰ ਨਹੀਂ ਸਗੋਂ ਹਰ ਵਿਚਾਰ ਇੱਕ ਨਵਾਂ ਸੰਕਲਪੀ ਸੰਸਾਰ ਸਿਰਜਦਾ ਹੈ।ਸੋ ਉਪਰੋਕਤ ਵਿਚਾਰ-ਵਿਖਿਆਨ ਦੇ ਆਧਾਰ ਉੱਤੇ ਕਿਹਾ ਜਾ ਸਕਦਾ ਹੈ ਕਿ ਸੰਤ ਸਿੰਘ ਮਸਕੀਨ ਜੀ ਉੱਤਰ ਆਧੁਨਿਕ ਯੁੱਗ ਦੇ ਮੋਢੀ ਵਿਆਖਿਆਕਾਰ ਹਨ ਜਿਨ੍ਹਾਂ ਨੂੰ ਨਿਰਸੰਦੇਹ ਨਵੇਂ ਯੁੱਗ ਦੇ ਵਿਆਖਿਆਕਾਰ ਕਿਹਾ ਜਾ ਸਕਦਾ ਹੈ।ਉਨ੍ਹਾਂ ਦੇ ਵਿਆਖਿਆ-ਸਿਧਾਂਤ ਤੇ ਚੱਲ ਕੇ ਉਨ੍ਹਾਂ ਦੇ ਅਨੇਕ ਵਿਦਿਆਰਥੀ ਗੁਰਬਾਣੀ-ਵਿਆਖਿਆ ਕਰ ਰਹੇ ਹਨ ਜਿਨ੍ਹਾਂ ਵਿੱਚੋਂ ਤਖਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ-ਏ-ਮਸਕੀਨ, ਗਿਆਨੀ ਖੇਮ ਸਿੰਘ, ਗਿਆਨੀ ਗੁਰਵਿੰਦਰ ਸਿੰਘ ਕੋਮਲ ਆਦਿ ਦੇ ਨਾਮ ਪ੍ਰਮੁੱਖ ਤੌਰ ਤੇ ਲਏ ਜਾ ਸਕਦੇ ਹਨ।

## 6.4 ਸੰਤ ਸਿੰਘ ਮਸਕੀਨ ਜੀ ਦੀ ਵਿਆਖਿਆ ਸ਼ੈਲੀ ਅਤੇ ਇਸ ਦੇ ਕੁਝ ਵਿਲੱਖਣ ਪੱਖ:

ਗਿਆਨੀ ਸੰਤ ਸਿੰਘ ਮਸਕੀਨ ਜੀ ਅਜਿਹੇ ਵਿਸ਼ਵ-ਪ੍ਰਸਿੱਧ ਉੱਘੇ ਬੁਲਾਰੇ ਅਤੇ ਉੱਚ ਕੋਟੀ ਦੇ ਲਿਖਾਰੀ ਵੀ ਸਨ, ਜਿਨ੍ਹਾਂ ਬਾਰੇ ਇਹ ਕਿਹਾ ਜਾ ਸਕਦਾ ਹੈ ਕਿ ਉਹ ਆਪਣੀ ਕਿਸਮ ਦੇ ਪਹਿਲੇ ਤੇ ਹੁਣ ਤੱਕ ਦੇ ਆਖਰੀ ਵਿਦਵਾਨ ਸਨ।ਬਹੁਤ ਹੀ ਸਰਲ ਅਤੇ ਸਾਦੇ ਸ਼ਬਦਾਂ ਵਿੱਚ ਗੁਰਮਤਿ ਦਾ ਤੱਤ ਸਾਰ ਸਮਝਾਉਣ ਲਈ ਉਨ੍ਹਾਂ ਨੇ ਜੋ ਸ਼ੈਲੀ ਅਪਣਾਈ ਉਸ ਦਾ ਆਧਾਰ ਇਹ ਸੀ ਕਿ ਉਨ੍ਹਾਂ ਨੇ ਬਹੁਤ ਹੀ ਗੰਭੀਰਤਾ ਨਾਲ ਪ੍ਰਾਚੀਨ ਅਤੇ ਨਵੀਨ, ਭਾਰਤੀ ਅਤੇ ਵਿਦੇਸ਼ੀ, ਪੂਰਬੀ ਅਤੇ ਪੱਛਮੀ, ਅਧਿਆਤਮਕ ਅਤੇ ਦਾਰਸ਼ਨਿਕ, ਮੂਲ ਅਤੇ ਵਿਆਖਿਆ ਸਾਹਿਤ ਦਾ ਅਧਿਐਨ ਕੀਤਾ ਅਤੇ ਆਲੇ-ਦੁਆਲੇ ਤੋਂ ਨਵੇਂ ਪ੍ਰਾਪਤ ਹੁੰਦੇ ਗ੍ਰੰਥ ਵੀ ਪੜ੍ਹੇ।ਇਸ ਵਿਸ਼ਾਲ ਅਧਿਐਨ ਦੇ ਪ੍ਰਭਾਵ ਹੇਠ ਉਨ੍ਹਾਂ ਦੀ ਆਪਣੀ ਨਿਜੀ ਸ਼ੈਲੀ ਉੱਘੜੀ।ਡਾ. ਸ਼ਮਸ਼ੇਰ ਸਿੰਘ ਅਸ਼ੋਕ ਦਾ ਇਸ ਸੰਬੰਧੀ ਕਹਿਣਾ ਹੈ ਕਿ:

> ਟੀਕਾਕਾਰ ਜਾਂ ਅਨੁਵਾਦਕ ਦਾ ਕੰਮ ਕਈ ਗੱਲਾਂ ਵਿੱਚ ਬੜਾ ਕਠਿਨ ਹੁੰਦਾ ਹੈ ਤੇ ਇਹ ਕੰਮ ਉਹੋ ਵਿਦਵਾਨ ਕਰ ਸਕਦਾ ਹੈ ਜੋ ਮੂਲ ਰਚਨਾ ਦਾ ਚੰਗਾ ਗੂੜ੍ਹਾ ਤੇ ਸੱਜਰਾ, ਗਿਆਨ

> ਰੱਖਦਾ ਹੋਵੇ, ਭਾਸ਼ਾ ਦੇ ਸ਼ਬਦਾਂ ਉੱਤੇ ਜਿਸ ਦਾ ਪੂਰੀ ਤਰ੍ਹਾਂ ਕਾਬੂ ਹੋਵੇ ਅਤੇ ਜੋ ਇੱਕ ਅਤਿ ਚੰਗੇ ਪੜਚੋਲੀਏ ਵਾਲੀ ਸਮਝ-ਬੂਝ ਰੱਖਦਾ ਹੋਇਆ ਅਜਿਹਾ ਅਨੁਭਵੀ ਹੋਵੇ ਕਿ ਮੂਲ ਲੇਖਕ ਦੀ ਆਤਮਕ ਜਾਣ-ਪਛਾਣ ਛੂਹ ਸਕੇ।[94]

ਸੰਤ ਸਿੰਘ ਮਸਕੀਨ ਜੀ ਦੇ ਅਕਾਲ ਚਲਾਣਾ ਕਰ ਜਾਣ ਦੇ ਲਗਭਗ ਪੰਦਰਾਂ ਸਾਲਾਂ ਮਗਰੋਂ ਵੀ ਅੱਜ ਜੇਕਰ ਸਿੱਖ ਅਤੇ ਗ਼ੈਰ-ਸਿੱਖ ਜਗਤ ਉਨ੍ਹਾਂ ਤੋਂ ਪ੍ਰਭਾਵਿਤ ਹੈ ਤਾਂ ਉਨ੍ਹਾਂ ਦੀ ਗੁਰਬਾਣੀ-ਵਿਆਖਿਆ ਦੀ ਸ਼ੈਲੀ ਤੋਂ ਪ੍ਰਭਾਵਿਤ ਹੈ ਅਰਥਾਤ ਉਨ੍ਹਾਂ ਦੀ ਸ਼ੈਲੀ ਨਾਲ ਕੀਤੇ ਗਏ ਗੁਰਬਾਣੀ ਦੇ ਅਰਥਾਂ ਦਾ ਪ੍ਰਭਾਵ ਲੋਕਾਂ ਦੇ ਹਿਰਦੇ ਤੱਕ ਪਹੁੰਚਦਾ ਸੀ ਤੇ ਇਸੇ ਕਾਰਨ ਜਗਿਆਸੂ ਉਨ੍ਹਾਂ ਦੀ ਗੁਰਬਾਣੀ-ਵਿਆਖਿਆ ਨੂੰ ਸੁਣਨ ਲਈ ਦੂਰੋਂ-ਦੂਰੋਂ ਪਹੁੰਚ ਜਾਂਦੇ ਸਨ ਤਾਂ ਜੋ ਧੁਰ ਕੀ ਬਾਣੀ ਦੇ ਧੁਰ ਅੰਦਰੋਂ ਨਿਕਲੇ ਅਰਥਾਂ ਨੂੰ ਸੁਣ ਕੇ ਗੁਰਮਤਿ ਅਨੁਸਾਰ ਜੀਵਿਆ ਜਾਵੇ।

ਗਿਆਨੀ ਸੰਤ ਸਿੰਘ ਮਸਕੀਨ ਜੀ ਆਪਣੀ ਵਿਚਾਰਧਾਰਕ ਪੇਸ਼ਕਾਰੀ ਵਿੱਚ ਗੱਲ ਗੁਰਬਾਣੀ ਦੀ ਹੀ ਸਰਵੋਪਰੀ ਰੱਖਦੇ ਸਨ। ਸਰਬਪੱਖੀ ਮਹੱਤਤਾ ਵਾਲਾ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਉਨ੍ਹਾਂ ਦਾ ਇਸ਼ਟ, ਗੁਰੂ ਅਤੇ ਰਾਹ ਦਸੇਰਾ ਸੀ ਜਿਸ ਦੀ ਵਿਚਾਰਧਾਰਾ ਨਾਲ ਜੁੜਨਾ ਤੇ ਹੋਰਨਾਂ ਨੂੰ ਜੋੜਨਾ ਉਨ੍ਹਾਂ ਦੇ ਜੀਵਨ ਦਾ ਮੁੱਖ ਪ੍ਰਯੋਜਨ ਹੈ।ਆਪਣੀ ਗੱਲ ਨੂੰ ਸਮਝਾਉਣ ਲਈ ਢੁਕਵੇਂ ਮੌਕੇ ਉੱਤੇ ਢੁਕਵੇਂ ਉਦਾਹਰਣ ਦੇਣਾ ਉਨ੍ਹਾਂ ਦੀ ਵਿਆਖਿਆ ਸ਼ੈਲੀ ਦਾ ਇੱਕ ਵਿਸ਼ੇਸ਼ ਅੰਗ ਹੈ।ਗੁਰਬਾਣੀ ਵਿੱਚ ਵਰਣਿਤ ਕਿਸੇ ਇੱਕ ਤੱਥ ਨੂੰ ਸਾਹਮਣੇ ਰੱਖ ਕੇ ਉਸ ਦੀ ਵਿਆਖਿਆ ਤੇ ਪ੍ਰੌੜ੍ਹਤਾ ਕਰਨ ਲਈ ਗੁਰਬਾਣੀ, ਗੁਰ-ਇਤਿਹਾਸ, ਭਾਈ ਗੁਰਦਾਸ, ਕਵੀ ਸੰਤੋਖ ਸਿੰਘ, ਭਾਈ ਨੰਦ ਲਾਲ ਤੇ ਅਨੇਕ ਧਾਰਮਿਕ ਸ਼ਾਇਰਾਂ ਦੇ ਵਿਚਾਰ ਤੇ ਆਪਣਾ ਅਨੁਭਵ ਮਿਲਾ ਕੇ ਜਦੋਂ ਉਹ ਆਪਣੇ ਸ਼ਬਦਾਂ ਵਿੱਚ ਸੰਸਾਰਕ ਤੇ ਅਧਿਆਤਮਕ ਗੁੰਝਲਾਂ ਖੋਲਦੇ ਸਨ ਤਾਂ ਕੋਈ ਵੀ ਪੜ੍ਹਿਆ-ਅਣਪੜ੍ਹਿਆ ਜਗਿਆਸੂ ਉਨ੍ਹਾਂ ਦੇ ਪ੍ਰਭਾਵ ਨੂੰ ਗ੍ਰਹਿਣ ਕਰੇ ਬਿਨਾਂ ਨਹੀਂ ਰਹਿੰਦਾ।ਸ਼ਬਦੀ ਅਰਥਾਂ ਨੂੰ ਸਮਝਾਉਣ ਤੋਂ ਬਾਅਦ ਗੂਹਜ ਅਰਥਾਂ ਨੂੰ ਸ੍ਰੋਤਿਆਂ ਦੇ ਜ਼ਿਹਨ ਵਿੱਚ ਪਾਉਣ ਲਈ ਉਹ ਉਦਾਹਰਣਾਂ, ਦਲੀਲਾਂ, ਪ੍ਰਮਾਣਾਂ, ਹਵਾਲਿਆਂ, ਸੰਦਰਭਾਂ, ਪ੍ਰਸੰਗਾਂ ਜਾਂ ਗਾਥਾਵਾਂ ਦਾ ਪ੍ਰਯੋਗ ਕਰਦੇ ਸਨ ਜੋ ਕਿ ਉਹ ਹਮੇਸ਼ਾ ਵਾਸਤਵਿਕ ਸੱਚਾਈਆਂ ਤੇ ਆਧਾਰਿਤ ਇਤਿਹਾਸ, ਮਿਥਿਹਾਸ ਜਾਂ ਆਪਣੇ ਨਿਜੀ ਅਨੁਭਵਾਂ ਆਦਿ ਵਿੱਚੋਂ ਹੀ ਲੈਂਦੇ

ਸਨ।ਕਈ ਵਾਰ ਤਾਂ ਉਹ ਆਪਣੀਆਂ ਉਦਾਹਰਣਾਂ ਨੂੰ ਵੀ ਪ੍ਰਮਾਣਾਂ ਜਾਂ ਦਲੀਲਾਂ ਨਾਲ ਸਮਝਾਉਂਦੇ ਨਜ਼ਰ ਆਉਂਦੇ ਸਨ।ਇਸ ਦੌਰਾਨ ਸ੍ਰੋਤੇ ਤਾਂ ਮੂਲ ਸੰਕਲਪ ਨੂੰ ਭੁੱਲ ਕੇ ਵਿਆਖਿਆ ਜਾਂ ਵਿਆਖਿਆ ਦੀ ਵਿਆਖਿਆ ਵਿੱਚ ਹੀ ਉਲਝ ਕੇ ਰਹਿ ਜਾਂਦੇ ਸਨ ਪਰ ਉਹ ਆਪਣੀ ਵਿਸ਼ਿਸ਼ਟ ਸਮਰਣ ਸ਼ਕਤੀ ਨਾਲ ਉਦਾਹਰਣਾਂ, ਪ੍ਰਮਾਣਾਂ, ਦਲੀਲਾਂ ਅਤੇ ਪ੍ਰਸੰਗਾਂ ਆਦਿ ਦੇ ਇਸ ਫੈਲਾਅ ਵਿੱਚੋਂ ਨਿਕਲ ਕੇ ਸ੍ਰੋਤੇ ਨੂੰ ਵੀ ਮੂਲ ਸੰਕਲਪ ਦੀ ਵਿਚਾਰ ਤੱਕ ਖਿੱਚ ਲਿਆਉਂਦੇ ਸਨ ਜੋ ਕਿ ਨਿਸ਼ਚਿਤ ਤੌਰ ਤੇ ਸ੍ਰੋਤੇ ਨੂੰ ਵਿਸਮਿਤ, ਆਚੰਭਿਤ ਤੇ ਪ੍ਰਭਾਵਿਤ ਕਰ ਜਾਂਦਾ ਸੀ।ਉਨ੍ਹਾਂ ਦੀ ਇਸ ਨਿਵੇਕਲੀ ਸ਼ੈਲੀ ਸੰਬੰਧੀ ਅਕਸਰ ਉਨ੍ਹਾਂ ਦੇ ਸ੍ਰੋਤੇ ਇੰਝ ਆਖਦੇ ਹਨ:

> ਮਸਕੀਨ ਜੀ ਗੁਰਬਾਣੀ ਦੇ ਇੱਕ-ਇੱਕ ਅੱਖਰ, ਇੱਕ-ਇੱਕ ਪਦ ਨੂੰ ਬੜੀ ਬਾਰੀਕੀ ਨਾਲ ਸਮਝਾਉਂਦੇ ਸਨ ਤੇ ਉਸ ਦੀ ਤਹਿ ਤੱਕ ਜਾ ਕੇ ਵਿਆਖਿਆ ਕਰਦੇ ਸਨ।ਆਪਣੇ ਵਿਚਾਰਾਂ ਦੀ ਪੁਸ਼ਟੀ ਲਈ ਉਂਝ ਸਿੱਖ-ਧਰਮ ਜਾਂ ਗੁਰਬਾਣੀ ਦੇ ਨਾਲ-ਨਾਲ ਮਿਰਜ਼ਾ ਗ਼ਾਲਿਬ, ਜ਼ੌਕ, ਮੀਰ ਜਿਹੇ ਕਵੀਆਂ ਦੀਆਂ ਗ਼ਜ਼ਲਾਂ ਦੇ ਸ਼ਿਅਰਾਂ, ਵੇਦਾਂ, ਉਪਨਿਸ਼ਦਾਂ, ਬੌਧੀਆਂ, ਜੈਨੀਆਂ, ਪਾਰਸੀਆਂ, ਯਹੂਦੀਆਂ ਦੇ ਧਰਮ-ਗ੍ਰੰਥਾਂ, ਸ਼ੇਖ਼ ਸਾਅਦੀ ਦੀਆਂ 'ਗ਼ੁਲਸ਼ਤਾਂ ਤੇ ਬੋਸਤਾਂ', ਭਾਈ ਨੰਦ ਲਾਲ ਗੋਯਾ ਦੇ ਦੀਵਾਨ, ਸੂਫੀ ਸੰਤ ਸਮਸ਼ ਤਬਰੇਜ਼ ਅਤੇ ਸਰਮਦ ਦੀਆਂ ਰੁਬਾਈਆਂ, ਜੋਗੀ ਭਰਥਰੀ ਆਦਿ ਅਣਗਿਣਤ ਭਾਰਤੀ ਤੇ ਵਿਦੇਸ਼ੀ ਲੇਖਕਾਂ, ਕਵੀਆਂ, ਚਿੰਤਕਾਂ, ਦਾਰਸ਼ਨਿਕਾਂ ਨੂੰ ਆਪਣੀ ਕਥਾ ਦਾ ਆਧਾਰ ਬਣਾਉਂਦੇ। ਇਹੋ ਜਿਹੇ ਵੇਰਵੇ ਉਨ੍ਹਾਂ ਨੂੰ ਜ਼ਬਾਨੀ ਕੰਠ ਸਨ।ਇੰਨੀ ਵੱਡੀ ਉਮਰ ਵਿੱਚ ਉਨ੍ਹਾਂ ਦੀ ਯਾਦ-ਸ਼ਕਤੀ ਵੇਖ ਕੇ ਸਰੋਤੇ ਮੂੰਹ ਵਿੱਚ ਉਂਗਲਾਂ ਪਾ ਲੈਂਦੇ ਸਨ।ਆਧੁਨਿਕ ਸਮੇਂ ਦੀਆਂ ਨਵੀਆਂ ਖੋਜਾਂ, ਡਾਕਟਰੀ, ਇੰਜੀਨੀਅਰਿੰਗ, ਕੰਪਿਊਟਰ ਆਦਿ ਦੀਆਂ ਬਾਰੀਕੀਆਂ ਅਤੇ ਇਨ੍ਹਾਂ ਵਿਸ਼ਿਆਂ ਦੇ

> ਮਾਹਿਰਾਂ ਨਾਲ ਗੱਲਬਾਤ ਸਮੇਂ ਉਹ ਆਪਣੀ ਗੱਲ ਮੰਨਵਾਉਣ ਦਾ ਦਬਦਬਾ ਰੱਖਦੇ ਸਨ।[95]

ਗਿਆਨੀ ਸੰਤ ਸਿੰਘ ਮਸਕੀਨ ਜੀ ਗੁਰੂ ਗ੍ਰੰਥ ਸਾਹਿਬ ਵਿਚਲੀਆਂ ਬਹੁਤੀਆਂ ਭਾਸ਼ਾਵਾਂ ਤੋਂ ਜਾਣੂੰ ਹੋਣ ਕਰਕੇ ਗੁਰਬਾਣੀ ਦੀਆਂ ਟੀਕਾਵਾਂ ਬਹੁਤ ਹੀ ਸ਼ੁੱਧ ਅਤੇ ਸਪਸ਼ਟ ਕਰਦੇ ਸਨ, ਸ਼ਾਬਦਿਕ ਅਰਥਾਂ ਦੇ ਨਾਲ-ਨਾਲ ਸ਼ਬਦ ਦੇ ਕੇਂਦਰੀ ਭਾਵ ਤੇ ਸਿੱਖ-ਸਿਧਾਂਤਕ ਭਾਵ ਨੂੰ ਸਪਸ਼ਟ ਕਰਨ ਲਈ ਉਹ ਸ਼ਬਦ ਦੀ ਹਰ ਧਰਮ ਦੇ ਪਰਿਪੇਖ ਤੋਂ ਵਿਆਖਿਆ ਕਰਦੇ।ਉਹ ਆਪਣੀ ਤਰਕ ਬੁੱਧੀ ਅਤੇ ਵਿਸਲੇਸ਼ਣਾਤਮਕ ਹੁਨਰ ਨਾਲ ਸ਼ਬਦ ਦੇ ਅਰਥ ਪਰਤ-ਦਰ-ਪਰਤ ਖੋਲ੍ਹਦੇ ਜਾਂਦੇ।

ਉਨ੍ਹਾਂ ਦੇ ਸ੍ਰੋਤਿਆਂ ਅਤੇ ਪਾਠਕਾਂ ਦਾ ਘੇਰਾ ਪੇਂਡੂ, ਸਹਿਰੀ, ਗਰੀਬ, ਮੱਧਵਰਗੀ, ਅਮੀਰ, ਪੜ੍ਹੇ-ਲਿਖੇ, ਅੱਧਪੜ੍ਹੇ, ਅਨਪੜ੍ਹ, ਕਿਰਸਾਣੀ, ਵਪਾਰੀ ਤੇ ਮਹਾਜਨੀ ਜਮਾਤ ਦਾ ਸੀ।ਇਸੇ ਕਰਕੇ ਉਹ ਜਿੱਥੇ ਆਪਣੇ ਹੀ ਹਰ ਸ਼ਬਦ ਦਾ ਵਿਸ਼ਲੇਸ਼ਣ ਅਤੇ ਪ੍ਰਾਇਵਾਚੀ ਅਰਥਾਂ ਨਾਲ ਦੁਹਰਾਓ ਕਰਦੇ ਸਨ ਉੱਥੇ ਔਖੇ ਜਾਂ ਰਹੱਸਮਈ ਪਦਾਂ ਦੀ ਘੋਖ ਕਰਕੇ ਉਨ੍ਹਾਂ ਦੇ ਸਧਾਰਨ, ਸਰਲ ਅਤੇ ਸਪਸ਼ਟ ਅਰਥਾਂ ਦੇ ਨਾਲ ਨਾਲ ਉਨ੍ਹਾਂ ਦੀ ਨਿਰੁਕਤੀ ਵੀ ਦਰਸਾਂਦੇ ਸਨ।ਹਰ ਤਰ੍ਹਾਂ ਦੇ ਸ੍ਰੋਤਿਆਂ ਦੀ ਸਮਝਗੋਚਰੇ ਕਰਨ ਲਈ ਉਹ ਗੱਲ ਨੂੰ ਬਾਰ-ਬਾਰ ਦੁਹਰਾ ਦਿੰਦੇ ਸਨ ਕਿ ਕਿਧਰੇ ਕਿਸੇ ਸ੍ਰੋਤੇ ਦੀ ਸੋਝੀ ਇਸ ਨੁਕਤੇ ਨੂੰ ਪਕੜਨ ਤੋਂ ਰਹਿ ਨਾ ਗਈ ਹੋਵੇ।ਕਈ ਕਾਹਲੇ ਸੁਭਾਅ ਵਾਲੇ ਸ੍ਰੋਤੇ ਉਨ੍ਹਾਂ ਦੀ ਇਸ ਸ਼ੈਲੀ ਤੋਂ ਤੰਗ ਵੀ ਆ ਜਾਂਦੇ ਸਨ ਠੀਕ ਉਸੇ ਤਰ੍ਹਾਂ ਜਿਵੇਂ ਸਕੂਲ ਵਿੱਚ ਪੜ੍ਹਦਿਆਂ ਹੋਇਆਂ ਚਾਲੀ ਵਿਦਿਆਰਥੀਆਂ ਦੀ ਜਮਾਤ ਵਿੱਚ ਕੁਝ ਦਿਮਾਗੀ ਪੱਖੋਂ ਹੁਸ਼ਿਆਰ ਵੀ ਹੁੰਦੇ ਹਨ, ਕੁਝ ਔਸਤ ਤੇ ਕੁਝ ਕਮਜ਼ੋਰ ਵੀ ਹੁੰਦੇ ਹਨ।ਅਧਿਆਪਕ ਨੇ ਤਾਂ ਪਾਠ ਹਰੇਕ ਦੀ ਸੋਝੀ ਵਿੱਚ ਪਾਉਣਾ ਹੁੰਦਾ ਹੈ ਤਾਂ ਬਾਰ-ਬਾਰ ਦੁਹਰਾਉਣਾ ਹੀ ਪੈਂਦਾ ਹੈ ਤਾਂ ਜੋ ਕਮਜੋਰ ਕਿਧਰੇ ਫੇਲ੍ਹ ਨਾ ਹੋ ਜਾਣ ਪ੍ਰੰਤੂ ਕਈਆਂ ਨੂੰ ਦੂਜੀ ਵਾਰ ਇੱਕੋ ਗੱਲ ਨੂੰ ਸੁਣਨਾ ਪਸੰਦ ਨਹੀਂ ਹੁੰਦਾ ਤੇ ਉਹ ਅਧਿਆਪਕ ਦੀ ਪੜ੍ਹਾਉਣ ਵਿਧੀ ਜਾਂ ਸ਼ੈਲੀ ਤੋਂ ਤੰਗ ਆ ਜਾਂਦੇ ਹਨ।ਸੰਤ ਸਿੰਘ ਮਸਕੀਨ ਜੀ ਅਜਿਹੇ ਗੁਣੀ ਅਧਿਆਪਕ ਸਨ ਜਿਨ੍ਹਾਂ ਤੋਂ ਗੁਰਮਤਿ ਦਾ ਗਿਆਨ ਲੈਣ ਲਈ ਜਮਾਤ ਚਾਲੀ ਵਿਦਿਆਰਥੀਆਂ ਦੀ ਨਹੀਂ ਸਗੋਂ ਹਜ਼ਾਰਾਂ ਤੇ ਲੱਖਾਂ ਵਿਦਿਆਰਥੀਆਂ ਦੀ ਹੁੰਦੀ ਸੀ ਤੇ ਹਰੇਕ ਵਿਦਿਆਰਥੀ ਦੀ ਅੰਤਰ ਆਤਮਾ ਨੂੰ ਗਿਆਨ ਅੰਮ੍ਰਿਤ ਨਾਲ ਭਰ ਦੇਣ ਦੀ ਚੇਸ਼ਟਾ ਵਿੱਚ ਉਨ੍ਹਾਂ ਦੀ ਵਿਆਖਿਆ-ਸ਼ੈਲੀ

ਵਿੱਚ ਦੁਹਰਾਉ, ਠਰ੍ਹਮਾ ਅਤੇ ਸੰਜਮ ਭਰਦਾ ਗਿਆ।ਇਸ ਦਾ ਪਤਾ ਇਸ ਗੱਲ ਤੋਂ ਵੀ ਲੱਗਦਾ ਹੈ ਕਿ ਜਦੋਂ ਸੈਮੀਨਾਰ ਜਾਂ ਸਮਾਗਮ ਵਿਦਵਾਨਾਂ ਦਾ ਹੁੰਦਾ ਸੀ ਤਾਂ ਉਹ ਬਹੁਤ ਹੀ ਸੰਕੋਚਵੇਂ ਸ਼ਬਦਾਂ ਵਿੱਚ ਗੁਰਬਾਣੀ ਦਾ ਤੱਤਸਾਰ ਸਮਝਾ ਦਿੰਦੇ ਸਨ।ਉਨ੍ਹਾਂ ਦੀ ਸ਼ੈਲੀ ਦੇ ਇਸ ਪੱਖ ਦੀ ਸੱਚਾਈ ਨੂੰ ਵੀ ਵੇਖਿਆ ਜਾ ਸਕਦਾ ਹੈ।ਪ੍ਰਮਾਣ ਵਜੋਂ:

> ਆਮ ਸੰਗਤਾਂ ਵਿੱਚ ਬੋਲਦਿਆਂ ਉਨ੍ਹਾਂ ਦੇ ਬੋਲ ਵਿੱਚ ਦੁਹਰਾਓ ਕਾਫੀ ਹੁੰਦਾ ਸੀ, ਪਰ ਬੁੱਧੀਜੀਵੀਆਂ ਦੇ ਇਕੱਠ ਵਿੱਚ ਉਹੀ ਗੱਲ ਉਹ ਚਾਰ-ਪੰਜ ਮਿੰਟ ਵਿੱਚ ਹੀ ਸਮੇਟਣ ਦੇ ਮਾਹਿਰ ਸਨ, ਜਿਹੜੀ ਕਦੇ ਚਾਲ੍ਹੀ-ਪੰਜਾਹ ਮਿੰਟ ਵਿੱਚ ਫੈਲੀ ਹੁੰਦੀ।ਥੋੜ੍ਹੇ ਸਮੇਂ ਵਿੱਚ ਗੱਲ ਸਮੇਟਣੀ ਕਈ ਬੁਲਾਰਿਆਂ ਲਈ ਬਹੁਤ ਔਖੀ ਹੋ ਜਾਂਦੀ ਹੈ ਪਰ ਉਨ੍ਹਾਂ ਲਈ ਅਜਿਹੀ ਕੋਈ ਮਜ਼ਬੂਰੀ ਨਹੀਂ ਸੀ।...ਉਹ ਵਿਚਾਰਧਾਰਾ ਦੇ ਮਾਮਲੇ ਵਿੱਚ ਬੜੇ ਸਪਸ਼ਟ ਤੇ ਪ੍ਰਪੱਕ ਸਨ, ਕਿਉਂਕਿ ਗੁਰੂ ਨਾਨਕ ਜੀ ਉਨ੍ਹਾਂ ਦੇ ਪੱਥ ਪ੍ਰਦਰਸ਼ਕ ਸਨ।ਕਿਸੇ ਵੱਡੇ ਤੋਂ ਵੱਡੇ ਮੰਚ ਤੋਂ ਬੋਲਣ ਲਈ ਉਨ੍ਹਾਂ ਨੂੰ ਮੌਕਾ ਬਣਾਉਣਾ ਨਹੀਂ ਪੈਂਦਾ ਸੀ, ਸਗੋਂ ਮੌਕੇ ਉਨ੍ਹਾਂ ਦੀ ਤਲਾਸ਼ ਵਿੱਚ ਰਹਿੰਦੇ ਸਨ।[96]

ਗਿਆਨੀ ਸੰਤ ਸਿੰਘ ਮਸਕੀਨ ਜੀ ਦੀ ਵਿਆਖਿਆਕਾਰੀ ਦਾ ਮੂਲ ਵਿਸ਼ਾ ਮਨੁੱਖੀ ਜੀਵਨ ਦੇ ਲਕਸ਼ ਅਤੇ ਪ੍ਰਮਾਤਮਾ ਦੀ ਖੋਜ ਦੁਆਲੇ ਹੀ ਘੁੰਮਦਾ ਹੈ ਜੋ ਕਿ ਪਰਾਭੌਤਿਕ ਵਿਸ਼ੇ ਨਾਲ ਸੰਬੰਧਤ ਹੋਣ ਕਰਕੇ ਆਮ ਬੌਧਿਕ ਪਕੜ ਤੋਂ ਪਰ੍ਹੇ ਦਾ ਵਿਸ਼ਾ ਹੈ ਪ੍ਰੰਤੂ ਇਸ ਵਿਸ਼ੇ ਨੂੰ ਜਿੱਥੇ ਉਨ੍ਹਾਂ ਨੇ ਵੱਖ ਵੱਖ ਧਰਮ ਗ੍ਰੰਥਾਂ ਅਤੇ ਦਾਰਸ਼ਨਿਕਾਂ ਦੀਆਂ ਲਿਖਤਾਂ ਵਿੱਚੋਂ ਤਲਾਸ਼ਿਆ, ਉੱਥੇ ਆਪਣੀ ਤਾਰਕਿਕ ਬੁੱਧੀ ਅਤੇ ਅਨੁਭਵ ਨਾਲ ਸਮਝਾਉਣ ਦਾ ਵੀ ਸਫਲ ਯਤਨ ਕੀਤਾ।ਵਿਗਿਆਨਕ ਦ੍ਰਿਸ਼ਟੀਕੋਣ ਅਨੁਸਾਰ ਧਰਮ ਦੀ ਵਿਆਖਿਆ ਕਰਨ ਵਾਲੇ ਸੰਤ ਸਿੰਘ ਮਸਕੀਨ ਜੀ ਅਜੋਕੇ ਪੜ੍ਹੇ ਲਿਖੇ ਸਰੋਤੇ ਨੂੰ ਸੰਸਾਰ ਦੀ ਰਚਨਾ ਕਰਨ ਤੇ ਇਸ ਦਾ ਪ੍ਰਬੰਧ ਚਲਾਉਣ ਵਾਲੀ ਗ਼ੈਬੀ-ਸ਼ਕਤੀ ਪਰਮਾਤਮਾ ਦੇ ਬਾਰੇ ਸਮਝਾਉਣ ਲਈ ਤਰਕ, ਦਲੀਲ, ਅਨੁਭਵੀ ਗਾਥਾਵਾਂ ਅਤੇ ਬਿੰਬਾਂ ਪ੍ਰਤੀਕਾਂ ਦੇ ਆਧਾਰ ਉੱਤੇ ਧਰਮ ਅਤੇ ਵਿਗਿਆਨ ਦੇ ਸੁਮੇਲ ਦੁਆਰਾ ਗੱਲ ਸਮਝਾਉਣ ਦਾ ਯਤਨ ਕਰਦੇ ਸਨ।ਪ੍ਰਮਾਣ ਵਜੋਂ :

ਸੰਸਾਰੀ ਤਾਂ ਬਹੁ-ਗਿਣਤੀ ਵਿੱਚ ਨੇ ਪਰ ਜਿਨ੍ਹਾਂ ਨੇ ਪ੍ਰਮਾਤਮਾ ਨੂੰ ਦੇਖਿਐ ਉਹ ਆਤਮਾਵਾਂ ਬਹੁਤ ਥੋੜ੍ਹੀਆਂ ਨੇ। ਵੇਦ ਕਹਿ ਰਹੇ ਨੇ ਨੇਤ ਨੇਤ ਕਿ ਉਸ ਦੀ ਕੋਈ ਸੀਮਾ ਨਹੀਂ, ਕੋਈ ਸੀਮਾ ਨਹੀਂ। ਅਕੱਥ ਹੈ, ਸਮਝ ਵਿੱਚ ਨਹੀਂ ਆ ਸਕਦਾ, ਕਹਿਣ ਵਿੱਚ ਨਹੀਂ ਆ ਸਕਦਾ। ਵਿਗਿਆਨ ਐਸਾ ਕਹਿੰਦਾ ਹੈ ਕਿ ਦੁਨੀਆ ਵਿੱਚ ਕੋਈ ਅਜੂਬਾ ਐਸਾ ਨਹੀਂ ਜੋ ਸਮਝ ਵਿੱਚ ਨਹੀਂ ਆ ਸਕਦਾ, ਜੇ ਪ੍ਰਮਾਤਮਾ ਹੈ ਤਾਂ ਪ੍ਰਮਾਣ ਦਿਉ। ਜੇ ਸਾਬਿਤ ਨਹੀਂ ਕਰ ਸਕਦੇ ਤਾਂ ਉਹ ਨਹੀਂ ਹੈ, ਐਵੇਂ ਰੌਲਾ ਨਾਂ ਪਾਉ। ਆਤਮ ਪ੍ਰਕਾਸ਼ ਤਾਂ ਕਈ ਸਾਧਿਕ ਪੁਰਸ਼ਾਂ ਨੂੰ ਮਿਲ ਜਾਂਦਾ ਹੈ ਪਰ ਉਹ ਉਸ ਪ੍ਰਕਾਸ਼ ਨੂੰ ਦੱਸਣ ਵਿੱਚ ਅਸਮਰੱਥ ਹੁੰਦੇ ਹਨ ਜਿਵੇਂ ਭੋਜਨ ਬਣਾਉਣ ਤੇ ਵੰਡਣ ਵਾਸਤੇ ਭਾਂਡਿਆਂ ਦਾ ਹੋਣਾ ਲਾਜ਼ਮੀ ਹੈ, ਤਿਵੇਂ ਸਮਝਣ-ਸਮਝਾਉਣ ਲਈ ਅੱਖਰ ਚਾਹੀਦੇ ਹਨ ਪਰ ਜਿਵੇਂ ਖਾਲੀ ਭਾਂਡਿਆਂ ਨਾਲ ਭੁੱਖ ਨਹੀਂ ਮਿਟਦੀ, ਖਾਲੀ ਅੱਖਰਾਂ ਜਾਂ ਗਲਤ ਪਦਾਰਥਾਂ ਨਾਲ ਵੀ ਆਤਮ-ਤ੍ਰਿਪਤੀ ਮਿਲਣੀ ਔਖੀ ਹੈ। ਸ਼ਬਦ ਵਿੱਚ ਧਿਆਨ ਜੋੜ ਕੇ ਪ੍ਰਮਾਤਮਾ ਨੂੰ ਜਾਣਨ ਲਈ ਸ਼ਬਦ-ਗੁਰੂ ਹੈ। ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ ਗੁਰਮੁਖਿ ਅਕਥ ਕਹਾਨੀ॥ [97]

ਇੰਝ ਉਹ ਗੁਰਬਾਣੀ ਵਿੱਚੋਂ ਪ੍ਰਮਾਣ ਦਿੰਦੇ ਹੋਏ ਆਪਣੀ ਅਧਿਆਤਮਕ ਗੱਲ ਨੂੰ ਪੁਖ਼ਤਾ ਦਾਰਸ਼ਨਿਕ ਆਧਾਰ ਦਿੰਦੇ ਸਨ। ਉਨ੍ਹਾਂ ਅਨੁਸਾਰ ਪ੍ਰਮਾਤਮਾ ਪ੍ਰਕਾਸ਼ ਹੈ ਜੋ ਆਦਿ ਵਿੱਚ ਵੀ ਸੀ ਤੇ ਭਵਿੱਖ ਵਿੱਚ ਵੀ ਅੰਤ ਤੱਕ ਰਹੇਗਾ। ਅਜਿਹੀ ਸੋਝੀ ਮਨ ਨੂੰ ਉਦੋਂ ਹੁੰਦੀ ਹੈ ਜਦੋਂ ਉਹ ਮਨ ਗੁਰੂ-ਸ਼ਬਦ ਨਾਲ ਜੋੜਦਾ ਹੈ। ਹੋਰ ਪ੍ਰਮਾਣ ਵੇਖੋ:

ਘੜਾ ਘੁਮਿਆਰ ਨੂੰ ਨਹੀਂ ਵੇਖ ਸਕਦਾ ਉਸੇ ਤਰ੍ਹਾਂ ਮਨੁੱਖ ਆਪਣੇ ਕਰਤਾ ਨੂੰ ਵੇਖ ਨਹੀਂ ਸਕਦਾ ਉਸ ਦੀ ਕ੍ਰਿਤ ਤੋਂ ਹੀ ਕਰਤੇ ਦਾ ਬੋਧ ਮਿਲ ਸਕਦਾ ਹੈ ਜਿਵੇਂ ਚਿੱਤ੍ਰ ਵਿੱਚੋਂ ਅਸੀਂ

> ਚਿਤ੍ਰਕਾਰ ਨੂੰ ਵੇਖਣ ਦਾ ਯਤਨ ਕਰਦੇ ਹਾਂ, ਕਹਾਣੀ ਵਿੱਚੋਂ ਕਹਾਣੀਕਾਰ ਨੂੰ। ਇਸ ਲਈ ਪ੍ਰਮਾਤਮਾ ਦੀ ਸਰਵੋਤਮ ਕ੍ਰਿਤ ਮਨੁੱਖ ਵਿੱਚੋਂ ਹੀ ਉਸ ਨੂੰ ਤਲਾਸ਼ਣ ਦਾ ਯਤਨ ਕੀਤਾ ਜਾ ਸਕਦਾ ਹੈ। ਸਾਰੇ ਮਨੁੱਖਾਂ ਵਿੱਚੋਂ ਦੇਖਣ ਦੀ ਲੋੜ ਨਹੀਂ ਕੇਵਲ ਆਤਮ ਬੋਧ ਹੀ ਕਰਤੇ ਦੀ ਪਛਾਣ ਕਰਵਾ ਸਕਦਾ ਹੈ। ਮਨੁੱਖ ਪ੍ਰਮਾਤਮਾ ਹੋ ਕੇ ਜੀਅ ਤਾਂ ਸਕਦਾ ਹੈ ਪਰ ਪ੍ਰਮਾਤਮਾ ਨੂੰ ਸਮਝ ਨਹੀਂ ਸਕਦਾ। ਜਿਵੇਂ ਪਾਣੀ ਦੀ ਬੂੰਦ ਸਾਗਰ ਵਿੱਚ ਲੀਨ ਹੋ ਸਕਦੀ ਹੈ ਪਰ ਸਾਗਰ ਦਾ ਥਾਹ ਨਹੀਂ ਪਾ ਸਕਦੀ। ਮਛਲੀ ਸਾਗਰ ਵਿੱਚ ਜੀਅ ਤਾਂ ਸਕਦੀ ਹੈ ਪਰ ਸਾਗਰ ਦਾ ਥਾਹ ਨਹੀਂ ਪਾ ਸਕਦੀ।[98]

ਆਤਮ ਬੋਧ ਦਾ ਅਨੁਭਵ ਸਾਂਝਾ ਕਰਦੇ ਹੋਏ ਸੰਤ ਸਿੰਘ ਮਸਕੀਨ ਜੀ ਜਿੱਥੇ ਬ੍ਰਹਮਾ ਦੀ ਸਮੁੱਚੇ ਬ੍ਰਹਿਮੰਡ ਵਿੱਚ ਘੁੰਮ ਕੇ ਪ੍ਰਮਾਤਮਾ ਨੂੰ ਤਲਾਸ਼ ਕਰਨ ਦੀ ਗੱਲ ਕਰਦੇ ਸਨ ਉੱਥੇ ਪੰਚਕੋਸ਼ੀ ਸ਼ਰੀਰ ਅਰਥਾਤ ਅੰਨਮਈ ਕੋਸ਼, ਪ੍ਰਾਣਮਈ ਕੋਸ਼, ਮਨਮਈ ਕੋਸ਼, ਵਿਗਿਆਨਮਈ ਕੋਸ਼ ਅਤੇ ਅਨੰਦਮਈ ਕੋਸ਼ ਦੀ ਵੀ ਗੱਲ ਕਰਦੇ ਸਨ[99] ਤੇ ਭੱਟਾਂ ਦੀ ਬਾਣੀ ਦੇ ਆਧਾਰ ਤੇ ਪ੍ਰਮਾਤਮਾ ਦਾ ਪਰਮ ਰਸ ਪ੍ਰਾਪਤ ਕਰਨ ਲਈ ਕੁੰਡਲਨੀ ਸ਼ਕਤੀ ਦੁਆਰਾ ਸ਼ਰੀਰ ਵਿਚਲੇ ਛੇ ਚੱਕਰਾਂ ਅਰਥਾਤ ਮੂਲਾਧਾਰ, ਸ੍ਵਾਧਿਸ਼ਠਾਨ, ਮਣਿਪੁਰ, ਅਨਾਹਤ, ਵਿਸ਼ੁੱਧ ਅਤੇ ਆਗਿਆ ਨੂੰ ਵੇਧਣ ਦੀ ਗੱਲ ਨੂੰ ਵੀ ਵਿਸਤਾਰ ਨਾਲ ਸਮਝਾਉਂਦੇ ਸਨ, ਇਸ ਤੋਂ ਇਲਾਵਾ ਦਸਮ ਦੁਆਰ, ਸਹਿਜ ਯੋਗ ਆਦਿ ਦੇ ਅਨੁਭਵੀ ਗੁਹਜ ਨੂੰ ਭਲੀ ਭਾਂਤ ਹੀ ਜਗਿਆਸੂ ਦੇ ਹਵਾਲੇ ਕਰ ਦਿੰਦੇ ਸਨ।[100] ਭਾਵੇਂ ਅਜਿਹੇ ਅਨੁਭਵ ਯੋਗਸ਼ਾਸਤ੍ਰੀ ਵੀ ਕਰਦੇ ਹਨ ਪ੍ਰੰਤੂ ਸੰਤ ਸਿੰਘ ਮਸਕੀਨ ਜੀ ਦੀ ਇਸ ਸੰਬੰਧੀ ਵਿਲੱਖਣਤਾ ਇਹ ਸੀ ਕਿ ਉਹ ਗੁਰਬਾਣੀ ਦੀਆਂ ਤਹਿਆਂ ਵਿੱਚ ਲੁਕੇ ਭਾਵ ਨੂੰ ਆਪਣੇ ਅਨੁਭਵ ਦੁਆਰਾ ਖੋਲ੍ਹ ਕੇ ਅਤੇ ਗੁਰਬਾਣੀ ਵਿੱਚੋਂ ਸ਼ਬਦ-ਪ੍ਰਮਾਣ ਦੇ ਕੇ ਮਨੁੱਖ ਨੂੰ ਆਤਮਾ-ਪ੍ਰਮਾਤਮਾ ਦੇ ਮਿਲਾਪ ਦੀ ਅਵਸਥਾ ਦਾ ਗਿਆਨ ਕਰਵਾਉਂਦੇ ਸਨ।

ਗਿਆਨੀ ਸੰਤ ਸਿੰਘ ਮਸਕੀਨ ਜੀ ਦੇ ਗਿਆਨ ਦੀ ਸੀਮਾ ਆਤਮਾ ਦੇ ਤਲ ਤੇ ਜਿੰਨੀ ਗਹਿਰੀ ਸੀ, ਪ੍ਰਮਾਤਮਾ ਦੇ ਤਲ ਤੇ ਉਨੀ ਹੀ ਉੱਚੀ ਵੀ ਸੀ। ਉਹ ਪ੍ਰਮਾਤਮਾ ਨੂੰ

ਮੰਦਿਰ, ਮਸਜਿਦ ਜਾਂ ਗੁਰਦੁਆਰੇ ਵਿੱਚੋਂ ਤਲਾਸ਼ ਕਰਨ ਦੀ ਬਜਾਏ ਹਿਰਦੇ ਦੇ ਭਾਵ ਨਾਲ ਪ੍ਰਾਪਤ ਕਰਨ ਦੀ ਗੱਲ ਕਰਦੇ ਸਨ।ਉਹ ਆਖਦੇ ਹਨ ਵਿਚਾਰਾਂ ਦੁਆਰਾ ਪਰਮਾਤਮਾ ਨਾਲ ਜੁੜਨਾ ਸੰਭਵ ਨਹੀਂ ਸਗੋਂ ਜਜ਼ਬਿਆਂ, ਵਲਵਲਿਆਂ ਜਾਂ ਭਾਵਨਾ ਨਾਲ ਹੀ ਪ੍ਰਮਾਤਮਾ ਨਾਲ ਜੁੜਿਆ ਜਾ ਸਕਦਾ ਹੈ।ਅਕਲ ਤਾਂ ਰਾਹ ਦਿਖਾਉਣ ਵਾਲਾ ਇੱਕ ਦੀਵਾ ਹੈ।ਜਦੋਂ ਵਿਚਾਰ ਵਿਚਾਰ ਕੇ ਵੀ ਪ੍ਰਮਾਤਮਾ ਬੌਧਿਕ ਪਕੜ ਵਿੱਚ ਨਾ ਆਵੇ ਤਾਂ ਮਨੁੱਖ ਦੇ ਅੰਦਰ ਜਜ਼ਬਿਆਂ ਦਾ ਜਨਮ ਹੁੰਦਾ ਹੈ ਜਿਸ ਨਾਲ ਪ੍ਰਮਾਤਮਾ ਦੇ ਪ੍ਰਤੀ ਭਾਵਨਾ ਰੂਪੀ ਰਸ ਪੈਦਾ ਹੁੰਦਾ ਹੈ ਤੇ ਇਸ ਭਾਵਨਾਤਮਕ ਸੰਬੰਧ ਨਾਲ ਹੀ ਬੌਧਿਕ ਤਲ ’ਤੇ ਜੀ ਰਿਹਾ ਮਨੁੱਖ ਵਿਚਾਰ ਕਰਕੇ ਪਰਮਾਤਮਾ ਨੂੰ ਸਮਝ ਸਕਦਾ ਹੈ।ਹਿਰਦੇ ਦੇ ਤਲ ਉੱਤੇ ਜੀ ਰਿਹਾ ਮਨੁੱਖ ਪਰਮਾਤਮਾ ਨਾਲ ਜੁੜ ਜਾਂਦਾ ਹੈ ਤੇ ਭਗਤ ਹੋ ਜਾਂਦਾ ਹੈ।ਉਨ੍ਹਾਂ ਦੀ ਕਥਾ ਵਿਚਾਰ ਪ੍ਰਧਾਨ ਨਹੀਂ ਸਗੋਂ ਭਾਵ ਪ੍ਰਧਾਨ, ਰਸ ਪ੍ਰਧਾਨ ਤੇ ਪ੍ਰੇਮ ਪ੍ਰਧਾਨ ਸੀ।ਸ਼ਰਧਾ ਅਤੇ ਪ੍ਰੇਮ ਦੀ ਭਾਵਨਾ ਕਥਾ ਕੀਰਤਨ ਵਿੱਚ ਰਸ ਭਰ ਦਿੰਦੀ ਹੈ।ਉਨ੍ਹਾਂ ਦੇ ਅੰਦਰ ਸਿਰਫ ਭਾਵਨਾ ਹੀ ਪ੍ਰਧਾਨ ਨਹੀਂ ਸਗੋਂ ਉਨ੍ਹਾਂ ਦੇ ਵਰਤਣ ਵਲੇਵੇਂ ਵਿੱਚ ਵਿਚਾਰ ਸਨ।ਗੁਰੂਆਂ, ਭਗਤਾਂ ਤੇ ਧਾਰਮਿਕ ਫਕੀਰਾਂ ਦੇ ਇਤਿਹਾਸਕ ਦਿਨਾਂ ਉੱਤੇ ਉਨ੍ਹਾਂ ਦੇ ਜੀਵਨ ਇਤਿਹਾਸ ਅਤੇ ਉਨ੍ਹਾਂ ਦੇ ਦਾਰਸ਼ਨਿਕ ਤੇ ਅਧਿਆਤਮਕ ਵਿਚਾਰਾਂ ਤੋਂ ਸਿੱਖ ਜਗਤ ਨੂੰ ਜਾਣੂੰ ਕਰਵਾਉਣਾ ਉਹ ਅਤਿ ਜ਼ਰੂਰੀ ਸਮਝਦੇ ਸਨ ਤਾਂ ਜੋ ਸਿੱਖੀ ਲੋਕਾਂ ਦੇ ਵਿਵਹਾਰਕ ਜੀਵਨ ਵਿੱਚ ਆਵੇ।

ਉਪਰੋਕਤ ਵਿਚਾਰਾਂ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਭਾਵੇਂ ਗਿਆਨੀ ਸੰਤ ਸਿੰਘ ਮਸਕੀਨ ਜੀ ਆਪਣੀ ਵਿਆਖਿਆਕਾਰੀ ਦੇ ਆਧਾਰ ਵਿੱਚ ਗੁਰਬਾਣੀ ਨੂੰ ਹੀ ਵਿਚਾਰਦੇ ਹਨ ਪ੍ਰੰਤੂ ਸੂਤ੍ਰਾਂ ਅਤੇ ਸੰਕਲਪਾਂ ਨੂੰ ਖੋਲ੍ਹਦੇ ਹੋਏ ਉਹ ਨਾ ਕੇਵਲ ਸਿੱਖ ਇਤਿਹਾਸ ਜਾਂ ਸਿੱਖ ਪਰੰਪਰਾਵਾਂ ਨੂੰ ਹੀ ਬਿਆਨਦੇ ਸਨ ਸਗੋਂ ਬੜੇ ਵਿਸਤਾਰ, ਸੰਜਮ ਅਤੇ ਸਾਦਗੀ ਨਾਲ ਦੂਸਰੇ ਧਰਮਾਂ ਦੇ ਇਤਿਹਾਸ ਅਤੇ ਪਰੰਪਰਾਵਾਂ ਦਾ ਵੀ ਤੁਲਨਾਤਮਕ ਵਰਣਨ ਕਰਕੇ ਅੰਤਿਮ ਨਿਰਣੇ ਪੇਸ਼ ਕਰਦੇ ਸਨ।

ਗਿਆਨੀ ਸੰਤ ਸਿੰਘ ਮਸਕੀਨ ਜੀ ਦੀ ਗੁਰਬਾਣੀ-ਵਿਆਖਿਆ ਦੀ ਸ਼ੈਲੀ ਸੰਬੰਧੀ ਆਮ ਚਰਚਾ ਕਰਨ ਉਪਰੰਤ ਇੱਥੇ ਉਨ੍ਹਾਂ ਦੀ ਸ਼ੈਲੀ ਦੇ ਕੁਝ ਵਿਲੱਖਣ-ਪੱਖਾਂ ਉੱਤੇ ਵਿਚਾਰ ਕਰਨੀ ਬਣਦੀ ਹੈ:

## ਭਾਸ਼ਾ ਅਤੇ ਸ਼ਬਦ ਚੋਣ:

ਸ਼ੈਲੀ ਦਾ ਆਧਾਰ ਵਕਤਾ ਦੀ ਬੋਲੀ/ਭਾਸ਼ਾ ਹੁੰਦੀ ਹੈ ਜਿਸ ਵਿੱਚ ਵਕਤਾ ਆਪਣੇ ਮਨੋਭਾਵਾਂ ਦਾ ਪ੍ਰਗਟਾ ਕਰਦਾ ਹੈ ਗੁਰੂ ਸਾਹਿਬਾਨ ਨੇ ਬਾਣੀ ਰਾਹੀਂ ਜਿੱਥੇ ਪੰਜਾਬੀ ਬੋਲੀ ਨੂੰ ਭਾਗ ਲਾਏ ਹਨ ਉੱਥੇ ਪੰਜਾਬੀ ਬੋਲੀ ਦੇ ਰੂਹਾਨੀ ਖੇਤਰ ਨੂੰ ਬਹੁਤ ਵਿਸ਼ਾਲ ਤੇ ਅਮੀਰ ਬਣਾਇਆ ਹੈ ਪਰ ਅਜੋਕੇ ਵਿਗਿਆਨਕ ਸਮੇਂ ਦੀਆਂ ਸਮੱਸਿਆਵਾਂ ਅਤੇ ਲੋੜਾਂ ਨੂੰ ਚੰਗੀ ਤਰ੍ਹਾਂ ਸਮਝਦੇ ਹੋਏ ਲੋਕ ਰੁਚੀਆਂ ਦੇ ਅਨੁਕੂਲ ਹਿੰਮਤ ਤੇ ਦਲੇਰੀ ਨਾਲ, ਮਿਹਨਤ ਤੇ ਮੁਸ਼ੱਕਤ ਨਾਲ ਪੰਜਾਬੀ ਮਾਂ-ਬੋਲੀ ਵਿੱਚ ਦੁਨਿਆਵੀ ਲਫਜ਼ਾਂ ਦੀ ਘਾਟ ਨੂੰ ਸੰਤ ਸਿੰਘ ਮਸਕੀਨ ਜੀ ਨੇ ਇੱਕ ਯੋਗ ਕਲਾਕਾਰ ਹੋਣ ਦੇ ਨਾਤੇ ਬਹੁਤ ਹੀ ਸਿਆਣਪ ਅਤੇ ਗੰਭੀਰਤਾ ਨਾਲ ਇੱਕ ਢੁਕਵੀਂ ਤੇ ਫੱਬਵੀਂ ਸ਼ੈਲੀ ਰਾਹੀਂ ਪੂਰਿਆ ਹੈ।ਪੰਜਾਬੀ ਦੇ ਸੌੜੇ ਵਾਰਤਕ ਸਾਹਿਤ ਨੂੰ ਉਨ੍ਹਾਂ ਨੇ ਆਪਣੀ ਨਿਜੀ ਬੇਮਿਸਾਲ ਸ਼ੈਲੀ ਰਾਹੀਂ ਸੀਮਤ ਘੇਰੇ ਤੋਂ ਵਿਸ਼ਾਲਤਾ ਦੇ ਘੇਰੇ ਵਿੱਚ ਲੈ ਆਉਂਦਾ ਹੈ।ਉਨ੍ਹਾਂ ਨੂੰ ਠੇਠ ਪੰਜਾਬੀ ਟਕਸਾਲੀ ਬੋਲੀ ਦੇ ਸ਼ਬਦਾਂ ਦਾ ਬਾਦਸ਼ਾਹ ਕਿਹਾ ਜਾ ਸਕਦਾ ਹੈ ਕਿਉਂਕਿ ਉਨ੍ਹਾਂ ਦੇ ਸ਼ਬਦਾਂ ਦੀ ਠੇਠਤਾ ਅਤੇ ਢੁਕਵੇਂਪਨ ਨੇ ਉਨ੍ਹਾਂ ਦੀ ਜਿਸ ਅਨੂਠੀ ਸ਼ੈਲੀ ਨੂੰ ਜਨਮ ਦਿੱਤਾ, ਉਹ ਰੋਚਕ, ਸਰਲ, ਸੰਪੂਰਨ ਤੇ ਸੁਹਜ-ਸਵਾਦ ਭਰਪੂਰ ਬਣ ਕੇ ਉੱਭਰੀ।ਪ੍ਰਮਾਣ ਵਜੋਂ:

> ਸੁਲਝੇ ਵਿਦਵਾਨਾਂ ਵਾਲੀ ਠੁੱਕਦਾਰ ਭਾਸ਼ਾ, ਢੁਕਵਾਂ ਉਚਾਰਣ ਤੇ ਕਾਵਿਕ ਸ਼ਬਦਾਵਲੀ ਵਿੱਚ ਅਣੀਆਲੇ ਤੀਰਾਂ ਵਰਗੀ ਤੀਖਣਤਾ ਹੁੰਦੀ।ਪੇਸ਼ਕਾਰੀ ਵਿੱਚ ਅੰਤਾਂ ਦਾ ਵੇਗ, ਮਿਠਾਸ ਤੇ ਵਹਾਅ ਹੁੰਦਾ।ਵਿਚਾਰਾਂ ਦੀ ਕੁਠਾਲੀ ਵਿੱਚ ਢਲੇ ਹੋਏ ਹਰ ਅੱਖਰ, ਹਰ ਸ਼ਬਦ ਤੇ ਹਰ ਵਾਕ ਦੀ ਤੋਰ ਬਦਲ ਜਾਂਦੀ ਤੇ ਪ੍ਰਭਾਵ ਤੀਬਰ ਹੋ ਜਾਂਦਾ।ਸੋਧੇ, ਸ਼ਿੰਗਾਰੇ ਤੇ ਤਰਾਸ਼ੇ ਹੋਏ ਹੀਰੇ ਵਾਂਗ ਸ਼ਬਦ ਤੇ ਵਾਕ, ਚਾਂਦੀ ਦੀ ਤਸ਼ਤਰੀ ਵਿੱਚ ਸੋਨੇ ਦੇ ਜ਼ੇਵਰਾਂ ਵਾਂਗ ਪਰੋਸ ਕੇ ਸਰੋਤਿਆਂ ਅੱਗੇ ਪੇਸ਼ ਕਰਨ ਦੇ ਉਸਤਾਦ ਸਨ।ਇਹੋ ਪੇਸ਼ਕਾਰੀ ਮਸਕੀਨ ਜੀ ਨੂੰ ਹੋਰ ਵਿਦਵਾਨਾਂ ਤੋਂ ਵਖਰਿਆਉਂਦੀ ਤੇ ਮਹਾਨ ਬਣਾਉਂਦੀ ਸੀ।[101]

ਭਾਸ਼ਾ ਦੇ ਦੋ ਪੱਖ ਹੁੰਦੇ ਹਨ : ਰੂਪ ਅਤੇ ਸਾਰ (Form and Content )। ਰੂਪ ਦਾ ਸੰਬੰਧ ਭਾਸ਼ਾ ਦੇ ਬਾਹਰੀ ਕਲੇਵਰ ਨਾਲ ਹੁੰਦਾ ਹੈ ਤੇ ਸਾਰ ਭਾਸ਼ਾ ਦੀ ਆਤਮਾ ਹੁੰਦੀ ਹੈ।ਗੁਰੂ ਗ੍ਰੰਥ ਸਾਹਿਬ ਦੀ ਭਾਸ਼ਾ ਦੇ ਬਾਹਰੀ ਸਰੂਪ ਦੀ ਜੇ ਗੱਲ ਕਰੀਏ ਤਾਂ ਇਹ ਬਹੁ ਭਾਸ਼ੀ ਅਤੇ ਬਹੁ ਰੰਗੀ ਹੈ ਤੇ ਜਿਵੇਂ ਗੁਰੂ ਗ੍ਰੰਥ ਸਾਹਿਬ ਵਿੱਚ ਭਾਸ਼ਾ ਦੀ ਵਿਭਿੰਨਤਾ ਦੇਖਣ ਵਿੱਚ ਆਉਂਦੀ ਹੈ ਉਸੇ ਤਰ੍ਹਾਂ ਇਸ ਦਾ ਵਿਆਖਿਆਕਾਰ ਵੀ ਬਹੁ ਭਾਸ਼ੀ ਜਾਂ ਇਨ੍ਹਾਂ ਭਾਸ਼ਾਵਾਂ ਦਾ ਗਿਆਤਾ ਹੋਣਾ ਲੋੜੀਂਦਾ ਹੈ ਅਤੇ ਉਸ ਦਾ ਗੁਰਬਾਣੀ ਦੀ ਵਿਆਕਰਣ ਤੋਂ ਪੂਰੀ ਤਰ੍ਹਾਂ ਜਾਣੂੰ ਹੋਣਾ ਵੀ ਜ਼ਰੂਰੀ ਹੈ।ਨਾਲ ਹੀ ਉਹ ਗੁਰਬਾਣੀ ਵਿਚਲੇ ਕਾਵਿ ਰੂਪਾਂ, ਕਾਵਿ ਵੰਨਗੀਆਂ ਅਤੇ ਕਾਵਿ ਛੰਦਾਂ ਦਾ ਪੂਰਨ ਗਿਆਤਾ ਹੋਣਾ ਚਾਹੀਦਾ ਹੈ।ਸੰਤ ਸਿੰਘ ਮਸਕੀਨ ਜੀ ਜਿੱਥੇ ਗੁਰਬਾਣੀ ਦੇ ਬਾਹਰੀ ਰੂਪ ਅਰਥਾਤ ਬਹੁ ਭਾਸ਼ਾਵਾਂ, ਗੁਰਬਾਣੀ ਵਿਆਕਰਣ, ਕਾਵਿ ਰੂਪਾਂ ਅਤੇ ਕਾਵਿ ਛੰਦਾਂ ਬਾਰੇ ਪੂਰਨ ਗਿਆਨਵਾਨ ਸਨ, ਉੱਥੇ ਗੁਰਬਾਣੀ ਦੇ ਨਾਲ ਭਾਵਾਤਮਕ ਰੂਪ ਨਾਲ ਵੀ ਜੁੜੇ ਹੋਏ ਸਨ ਤੇ ਬਾਣੀ ਦੇ ਅੰਦਰੂਨੀ ਭਾਵਾਂ ਨੂੰ ਵੀ ਅਨੁਭਵੀ ਅਤੇ ਅਕਾਦਮਿਕ ਧਰਾਤਲ ’ਤੇ ਪੇਸ਼ ਕਰਨ ਵਿੱਚ ਪੂਰੀ ਤਰ੍ਹਾਂ ਨਿਪੁੰਨ ਸਨ।ਇਸ ਦਾ ਸਭ ਤੋਂ ਠੋਸ ਅਤੇ ਪਹਿਲਾ ਕਾਰਨ ਤਾਂ ਇਹ ਸੀ ਕਿ ਉਨ੍ਹਾਂ ਕੋਲ ਸ਼ਬਦ-ਕੋਸ਼ ਦਾ ਇੱਕ ਵੱਡਾ ਭੰਡਾਰ ਸੀ ਕਿਉਂਕਿ ਉਹ ਉਰਦੂ, ਫਾਰਸੀ, ਅਰਬੀ, ਪੰਜਾਬੀ, ਸਿੰਧੀ, ਬ੍ਰਜ ਅਤੇ ਹਿੰਦੀ ਆਦਿ ਭਾਸ਼ਾਵਾਂ ਦੇ ਉੱਚ ਪਾਏ ਦੇ ਸਕਾਲਰ ਸਨ।ਫਾਰਸੀ, ਉਰਦੂ ਅਤੇ ਅਰਬੀ ਦੇ ਉੱਚਕੋਟੀ ਦੇ ਸ਼ਾਇਰਾਂ ਦੀਆਂ ਰਚਨਾਵਾਂ ਤੇ ਸ਼ੇਅਰ ਉਨ੍ਹਾਂ ਨੂੰ ਜ਼ੁਬਾਨੀ ਯਾਦ ਸਨ।ਜਦੋਂ ਉਹ ਫਾਰਸੀ ਵਿੱਚ ਜ਼ਫਰਨਾਮਾ ਤੇ ਹੋਰ ਸ਼ੇਅਰ ਬੋਲਦੇ ਸਨ ਤਾਂ ਇੰਝ ਲਗਦਾ ਸੀ ਜਿਵੇਂ ਉਹ ਫਾਰਸ ਦੇਸ਼ ਦੇ ਹੀ ਰਹਿਣ ਵਾਲੇ ਹੋਣ।ਉਹ ਏਨੀਆ ਭਾਸ਼ਾਵਾਂ ਅਤੇ ਗੁਰਬਾਣੀ ਦੇ ਵਿਦਵਾਨ ਹੋਣ ਦੇ ਬਾਵਜੂਦ ਵੀ ਏਨੇ ਨਿਮਰ ਸੁਭਾਉ ਵਾਲੇ ਸਨ ਕਿ ਮਾਣ ਜਾਂ ਹੰਕਾਰ ਉਨ੍ਹਾਂ ਦੇ ਨੇੜੇ ਨਹੀਂ ਸਨ ਢੁਕਦੇ।ਉਹ ਅਕਸਰ ਆਖਦੇ ਸਨ:

> ਗੁਰੂ ਘਰ ਦਾ ਮੈਂ ਇੱਕ ਢੰਢੋਰਚੀ ਹਾਂ ਤੇ ਢੰਢੋਰਾ ਦੇਣਾ ਮੇਰਾ ਕੰਮ ਹੈ।ਬਾਕੀ ਲੰਮੀ ਚੌੜੀ ਨਾ ਕੋਈ ਆਪਣੀ ਹਸਤੀ ਹੈ, ਨਾ ਹੋਰ ਕੁਛ।ਇਤਨਾ ਫ਼ਖ਼ਰ ਜ਼ਰੂਰ ਹੈ ਕਿ ਗੁਰੂ ਨਾਨਕ ਜੀ ਨੇ ਆਪਣਾ ਢੰਢੋਰਚੀ ਬਣਾਇਆ ਹੈ।ਉਹਦੇ ਦਰ ਦੇ ਢੰਢੋਰਚੀ ਹਾਂ।ਇਨ੍ਹਾ ਮਾਣ ਬਣਿਆ ਰਹਿੰਦਾ ਹਹੈ।ਅਰਦਾਸ ਹੈ ਕਿ ਸਤਿਗੁਰੂ! ਆਪਣਾ ਢੰਢੋਰਚੀ ਬਣਾਈ ਰੱਖੀਂ।[102]

ਕਥਾ ਦੌਰਾਨ ਉਨ੍ਹਾਂ ਦੇ ਵੀਚਾਰ ਬੜੇ ਅਲੌਕਿਕ ਤੇ ਤਸ਼ਬੀਹਾਂ ਬੜੀਆਂ ਹੀ ਢੁਕਵੀਆਂ ਹੁੰਦੀਆਂ ਸਨ ਜੋ ਕਿ ਗੁਰਮਤਿ ਦੀਆਂ ਗੋਝ ਗੱਲਾਂ ਸਮਝਣ ਵਿੱਚ ਬੜੀਆਂ ਸਹਾਈ ਹੁੰਦੀਆਂ ਸਨ।ਅਰਬੀ, ਫਾਰਸੀ, ਉਰਦੂ ਦੇ ਜੋ ਸ਼ੇਅਰ ਆਪਣੀ ਕਥਾ ਵਿੱਚ ਸ਼ਾਮਿਲ ਕਰਦੇ, ਉਹ ਮਾਹੌਲ ਨੂੰ ਹੋਰ ਆਨੰਦਮਈ ਅਤੇ ਸਾਰਥਕ ਬਣਾ ਦਿੰਦੇ।ਉਹ ਆਪਣੀ ਜ਼ੁਬਾਨੀਂ ਦੱਸਦੇ ਹਨ:

> ਪਠਾਨਿਸਤਾਨ ਦੀ ਧਰਤੀ ਪਸ਼ਤੋ 'ਤੇ ਫਾਰਸੀ ਭਾਸ਼ਾ ਦੇ ਬੋਲਣ ਦਾ ਵਾਤਾਵਰਨ ਤੇ ਉਰਦੂ ਦੀ ਸ਼ਾਇਰੀ ਦਾ ਮਾਹੌਲ ਸੀ, ਉਸ ਵਿੱਚ ਮੇਰਾ ਜਨਮ ਤੇ ਬਚਪਨ ਢਲਿਆ।ਜਿਸ ਕਾਰਨ ਅੰਦਰੋਂ ਜਦ ਵੀ ਕਵਿਤਾ ਬੋਲੀ, ਉਹ ਉਰਦੂ ਵਿੱਚ ਬੋਲਦੀ ਰਹੀ ਭਾਵੇਂ ਮੈਂ ਪੰਜਾਬੀ ਤੇ ਕਿਧਰੇ ਹਿੰਦੀ, ਬ੍ਰਿਜ ਵਿੱਚ ਵੀ ਬੁਲਾਇਆ ਗਿਆ, ਪਰ ਛਾਪ ਉਰਦੂ ਦੀ ਹੀ ਰਹੀ।ਭਾਵੇਂ ਅੱਜ ਦੇਸ਼ ਵਿੱਚ ਉਰਦੂ ਦਾ ਭਵਿਸ਼ ਤਾਰੀਕ (ਹਨ੍ਹੇਰਾ) ਹੈ ਇਹ ਇੱਕ ਮਿੱਠੀ ਤੇ ਸ਼ਾਇਸਤਾ ਜ਼ੁਬਾਨ ਹੈ।[103]

ਗਿਆਨੀ ਸੰਤ ਸਿੰਘ ਮਸਕੀਨ ਜੀ ਦੀ ਮਾਤ ਭਾਸ਼ਾ ਤਾਂ ਪੋਠੋਹਾਰੀ ਸੀ ਪਰ ਉਨ੍ਹਾਂ ਦੀ ਭਾਸ਼ਾ ਦਾ ਆਮ ਮੁਹਾਵਰਾ ਕੇਂਦਰੀ ਪੰਜਾਬੀ ਵਾਲਾ ਹੀ ਸੀ ਤੇ ਸ਼ੈਲੀ ਸਾਹਿਤਕਾਰਾਂ ਵਾਲੀ।ਭਾਵੇਂ ਉਨ੍ਹਾਂ ਦੀ ਬੋਲੀ ਵਿੱਚ ਹੋਰ ਭਾਸ਼ਾਵਾਂ ਦੇ ਵੀ ਕੁਝ ਅੱਖਰਾਂ ਦਾ ਪ੍ਰਯੋਗ ਮਿਲਦਾ ਹੈ ਪਰ ਉਰਦੂ, ਹਿੰਦੀ, ਫਾਰਸੀ, ਅੰਗਰੇਜ਼ੀ ਦੇ ਇਹ ਅੱਖਰ ਉਨ੍ਹਾਂ ਦੀ ਪੰਜਾਬੀ 'ਤੇ ਹਾਵੀ ਨਹੀਂ ਹੁੰਦੇ।ਅਸਲ ਵਿੱਚ ਨਿਰੋਲ ਤੇ ਠੇਠ ਮਾਂ-ਬੋਲੀ ਪੰਜਾਬੀ ਨੂੰ ਉਨ੍ਹਾਂ ਨੇ ਇੱਕ ਨਵੀਂ, ਨਿੱਖਰਵੀਂ ਤੇ ਮਿਆਰੀ ਨੁਹਾਰ ਦਿੱਤੀ।

ਸ਼ਬਦਾਵਲੀ ਦੇ ਪੱਖੋਂ ਗੁਰਬਾਣੀ ਸੰਸਕ੍ਰਿਤ, ਅਰਬੀ ਤੇ ਫਾਰਸੀ ਦੇ ਤਤਸਮ ਅਤੇ ਤਦਭਵ ਸ਼ਬਦਾਂ ਨਾਲ ਸ਼ਿੰਗਾਰੀ ਹੋਈ ਹੈ ਤੇ ਮਸਕੀਨ ਜੀ ਦੀ ਬੋਲੀ ਵਿੱਚ ਵੀ ਸੰਸਕ੍ਰਿਤ, ਫਾਰਸੀ, ਉਰਦੂ ਅਤੇ ਅਰਬੀ ਦੇ ਤਤਸਮ ਸ਼ਬਦਾਂ ਦਾ ਮਿੱਸਾਪਨ ਦਿਖਾਈ ਦਿੰਦਾ ਹੈ ਜਿਵੇਂ ਦ੍ਰਿਸ਼, ਜਾਗ੍ਰਤੀ, ਅੰਤ੍ਰੀਵ, ਪ੍ਰਤਿਸ਼ਠਿਤ, ਨਿਰੂਪਨ, ਗ਼ਾਲਬਨ, ਜ਼ਰਖੇਜ਼, ਅਜੀਜ਼, ਰੌਸ਼ਨ-ਦਿਮਾਗ਼, ਗ਼ੁਲਾਮ, ਦਾਸਤਾਨ, ਇਤਫਾਕੀਆ, ਮਜ਼ਲਸ, ਮਰਕਜ਼, ਮੁਮਕਿਨ, ਖ਼ਿਤਾਬ,

ਤਮਾਮ, ਖ਼ੂਬਸੂਰਤ, ਦਰਅਸਲ, ਦਸਤਕਾਰੀ, ਤਵਾਜ਼ਨ, ਮਿਜਾਜ਼, ਤਮੀਜ਼, ਸ਼ਾਬਾਸ਼, ਸਲਾਮਤ, ਮੁਬਾਰਕ, ਸਿਰਮੌਰ, ਫਿਲੌਸਫਰ, ਪੋਜ਼ੀਸ਼ਨ, ਸਟਾਇਲ, ਸਾਈਲੈਂਟ ਆਦਿ। ਕਿਤੇ ਕਿਤੇ ਉਹ ਅੰਗਰੇਜ਼ੀ ਦੇ ਸ਼ਬਦਾਂ ਦਾ ਵੀ ਇਸਤੇਮਾਲ ਕਰ ਜਾਂਦੇ ਸਨ। ਇਸੇ ਪ੍ਰਕਾਰ ਉਨ੍ਹਾਂ ਦੀ ਸ਼ਬਦਾਵਲੀ ਦਾ ਘੇਰਾ ਕਾਫੀ ਖੁੱਲ੍ਹਾ ਹੈ।

ਸੰਤ ਸਿੰਘ ਮਸਕੀਨ ਜੀ ਦੀ ਉਚਾਰਣ ਵਿੱਚ ਸ਼ੁੱਧਤਾ, ਸਪਸ਼ਟਤਾ, ਠਹਿਰਾਉ ਤੇ ਦਿਲ ਨੂੰ ਟੁੰਬਣ ਵਾਲਾ ਆਕਰਸ਼ਣ ਸੀ। ਖ਼ਿਆਲ ਦੀ ਰਵਾਨਗੀ ਵਿੱਚ ਠਰ੍ਹਮਾ, ਪ੍ਰੌੜ੍ਹਤਾ ਤੇ ਕਲਾਤਮਕਤਾ ਭਾਸ਼ਾ ਵਿੱਚ ਕਿਤੇ ਹੌਲਾਪਨ, ਖੋਚਲਾਪਨ ਜਾਂ ਸ਼ਿਥਿਲਤਾ ਨਹੀਂ ਆਉਣ ਦਿੰਦਾ ਭਾਵੇਂ ਉਰਦੂ, ਫਾਰਸੀ ਦੇ ਸ਼ੇਅਰਾਂ ਨਾਲ ਉਹ ਆਪਣੀ ਭਾਸ਼ਾ ਵਿੱਚ ਰੰਗੀਨ ਤੇ ਸੁਆਦਲੇ ਆਨੰਦ ਦਾ ਮਾਹੌਲ ਸਿਰਜ ਦਿੰਦੇ ਸਨ ਪਰ ਸਾਹਿਤਕ ਭਾਸ਼ਾ ਦੇ ਗੌਰਵ ਨੂੰ ਘਟਾਉਣ ਵਾਲਾ ਕੋਈ ਸ਼ਬਦ ਉਹ ਇਸਤੇਮਾਲ ਨਹੀਂ ਕਰਦੇ।

ਭਾਸ਼ਾ ਸੰਬੰਧੀ ਉਪਰੋਕਤ ਚਰਚਾ ਦੇ ਆਧਾਰ ਉੱਤੇ ਸਾਰ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਸੰਤ ਸਿੰਘ ਮਸਕੀਨ ਜੀ ਦੀ ਸਫਲ ਕਥਾਕਾਰੀ, ਵਿਆਖਿਆਕਾਰੀ ਅਤੇ ਸਾਹਿਤਕਾਰੀ ਦਾ ਵਿਸ਼ੇਸ਼ ਅਤੇ ਦ੍ਰਿੜ ਪੱਖ ਇਹ ਹੀ ਹੈ ਕਿ ਉਨ੍ਹਾਂ ਦਾ ਭਾਸ਼ਾ ਦੀ ਸੁੱਚਤਾ, ਉੱਚਤਾ ਅਤੇ ਸੰਜਮਤਾ ਉੱਤੇ ਪੂਰਾ ਅਧਿਕਾਰ ਕਾਇਮ ਰਿਹਾ। ਉਨ੍ਹਾਂ ਦਾ ਇੱਕ-ਇੱਕ ਸ਼ਬਦ ਸੁੰਦਰਤਾ, ਸੁਹਿਰਦਤਾ ਅਤੇ ਨਿਮਰਤਾ ਦਾ ਭੰਡਾਰ ਸੀ। ਹਾਲਾਤ ਭਾਵੇਂ ਕਿਹੋ-ਜਿਹੇ ਵੀ ਹੋਣ ਉਨ੍ਹਾਂ ਨੇ ਕਦੇ ਕੋਈ ਖਰ੍ਹਵਾ ਸ਼ਬਦ ਨਹੀਂ ਬੋਲਿਆ ਅਤੇ ਕਿਤੇ ਭਾਸ਼ਾਈ ਸੰਜੀਦਗੀ ਤੇ ਸੰਜਮ ਨੂੰ ਨਸ਼ਟ ਹੋਣ ਨਹੀਂ ਦਿੱਤਾ। ਹਮੇਸ਼ਾ ਮਿੱਠੇ, ਦਿਲ ਟੁੰਬਵੇਂ ਤੇ ਪਿਆਰ ਭਰੇ ਸ਼ਬਦਾਂ ਦਾ ਹੀ ਪ੍ਰਯੋਗ ਕੀਤਾ।

### 6.4.2 ਇਤਿਹਾਸਕ ਤੇ ਮਿਥਿਹਾਸਕ ਹਵਾਲੇ:

ਇੱਕ ਸੁਚੇਤ ਅਤੇ ਚੇਤੰਨ ਕਲਾਕਾਰ ਵਾਂਗ ਸੰਤ ਸਿੰਘ ਮਸਕੀਨ ਜੀ ਨੇ ਭਾਰਤੀ, ਯੂਨਾਨੀ ਅਤੇ ਇਸਲਾਮੀ ਇਤਿਹਾਸਕ ਅਤੇ ਮਿਥਿਹਾਸਕ ਘਟਨਾਵਾਂ ਨੂੰ ਦ੍ਰਿਸ਼ਟਾਂਤਕ ਅਤੇ ਪ੍ਰਤੀਕਾਤਮਕ ਸਮੱਗਰੀ ਵਜੋਂ ਆਪਣੀ ਕਥਾ ਅਤੇ ਸਾਹਿਤ ਵਿੱਚ ਵਰਤਿਆ ਹੈ। ਇਤਿਹਾਸ ਬੀਤੇ ਸਮੇਂ ਦਾ ਸੱਚ ਹੋਣ ਦੇ ਨਾਤੇ ਜਿਵੇਂ ਵਰਤਮਾਨ ਵਿੱਚੋਂ ਕਦੇ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ ਠੀਕ ਉਸੇ ਤਰ੍ਹਾਂ ਮਿਥਿਹਾਸ ਨੂੰ ਵੀ ਅਧਿਆਤਮਿਕਤਾ ਨਾਲੋਂ ਨਿਖੇੜਿਆ ਨਹੀਂ

ਜਾ ਸਕਦਾ।ਮਿਥਕ ਕਥਾਵਾਂ ਜਨ ਜੀਵਨ ਵਿੱਚ ਸਦਾਚਾਰਕ ਅਤੇ ਨੈਤਿਕ ਸਿੱਖਿਆ ਪ੍ਰਦਾਨ ਕਰਦੀਆਂ ਹਨ।

ਮਿਥਿਹਾਸ ਕਿਸੇ ਦੇਸ਼, ਜਾਤੀ ਜਾਂ ਕੌਮ ਦਾ ਸਾਂਸਕ੍ਰਿਤਿਕ ਵਿਰਸਾ ਹੁੰਦਾ ਹੈ ਜੋ ਸਾਹਿਤ ਦੇ ਰੂਪ ਵਿੱਚ ਸਾਂਭੀ ਹੋਈ ਸੁਹਜ ਭਰਪੂਰ ਮਾਨਵ ਕਲਪਨਾ ਹੁੰਦੀ ਹੈ।ਜਗਤ ਪ੍ਰਸਿੱਧ ਯੂਨਾਨੀ ਮਹਾਕਾਵਿ ਯੂਨਾਨੀ ਮਿਥਿਹਾਸ 'ਤੇ ਆਧਾਰਿਤ ਹਨ ਅਤੇ ਭਾਰਤੀ ਮਿਥਿਹਾਸ ਦਾ ਸਵਿਸਤਾਰ ਵਰਣਨ ਸੰਮ੍ਰਿਤੀਆਂ, ਪੁਰਾਣਾਂ, ਰਮਾਇਣ ਅਤੇ ਮਹਾਭਾਰਤ ਆਦਿ ਵਿੱਚ ਮਿਲਦਾ ਹੈ।ਸੰਮ੍ਰਿਤੀਆਂ ਅਤੇ ਪੁਰਾਣਾਂ ਵਿੱਚ ਦੇਵੀ ਦੇਵਤਿਆਂ ਅਤੇ ਦੈਂਤਾਂ ਦੇ ਰੂਪ ਵਿੱਚ ਅਨੇਕਾਂ ਮਿਥਿਹਾਸਕ ਪਾਤਰਾਂ ਦੀਆਂ ਗਾਥਾਵਾਂ ਹਨ ਜਿਨ੍ਹਾਂ ਵਿੱਚ ਵਿਸ਼ਾਲ ਭਾਰਤੀ ਸੱਭਿਆਚਾਰਕ ਵਿਰਸਾ ਲੁਕਿਆ ਹੋਇਆ ਹੈ।ਗੁਰੂ ਨਾਨਕ ਦੇਵ ਜੀ ਨੇ ਵੀ ਸੱਭਿਆਚਾਰਕ ਵਿਰਸੇ ਤੋਂ ਜਾਣੂੰ ਹੋਣ ਲਈ ਮਿਥਿਹਾਸ ਦੇ ਅਧਿਐਨ ਵਿਸ਼ਲੇਸ਼ਣ ਨੂੰ ਜ਼ਰੂਰੀ ਮੰਨਿਆ ਹੈ:

ਪੋਥੀ ਪੁਰਾਣ ਕਮਾਈਐ

ਭਉ ਵਟੀ ਇਤੁ ਤਨਿ ਪਾਈਐ।[104]

ਮਿਥਿਹਾਸ ਦੀ ਹਕੀਕਤ ਨੂੰ ਤਰਕ ਜਾਂ ਇਤਿਹਾਸਕ ਗਵਾਹੀ ਨਾਲ ਸਿੱਧ ਨਹੀਂ ਕੀਤਾ ਜਾ ਸਕਦਾ।ਮਿਥ ਜੋ ਕਿ ਸਮੂਹਿਕ ਚੇਤਨਾ ਦੀ ਉਪਜ ਹੁੰਦੀ ਹੈ, ਨੂੰ ਬਣਨ ਲਈ ਮਹੀਨੇ ਜਾਂ ਸਾਲ ਨਹੀਂ, ਬਲਕਿ ਸਦੀਆਂ ਲਗ ਜਾਂਦੀਆਂ ਹਨ ਇਸੇ ਲਈ ਇਸ ਨੂੰ ਵੀ 'ਇਤਿਹਾਸ' ਸ਼ਬਦ ਦੀ ਤਰਜ਼ ਤੇ 'ਮਿਥਿਹਾਸ' ਕਿਹਾ ਜਾਂਦਾ ਹੈ।ਇਹ ਉਹ ਲੋਕ ਪਰੰਪਰਾ ਹੁੰਦੀ ਹੈ ਜੋ ਸੀਨਾ ਬਸੀਨਾ ਤੇ ਪੀੜ੍ਹੀ ਦਰ ਪੀੜ੍ਹੀ ਚਲਦੀ ਰਹਿੰਦੀ ਹੈ।[105] ਇਸੇ ਕਰਕੇ ਕਿਸੇ ਅਜਿਹੇ ਪਰੰਪਰਾਗਤ ਵਿਸ਼ਵਾਸ਼ ਨੂੰ ਮਿਥ ਕਹਿ ਕੇ ਝੁਠਲਾਇਆ ਨਹੀਂ ਜਾ ਸਕਦਾ।ਵਾਸਤਵ ਵਿੱਚ, ਮਿਥ ਸਮੂਹਿਕ ਲੋਕ-ਮਾਨਸ ਵਿੱਚ ਉਪਜੀ ਉਹ ਕਹਾਣੀ ਹੈ ਜਿਸ ਦਾ ਧਰਾਤਲ ਧਰਤੀ ਅਤੇ ਨਾਇਕ ਆਦਰਸ਼ ਮਨੁੱਖ ਹੁੰਦਾ ਹੈ।ਇਤਿਹਾਸ ਦੇ ਪ੍ਰਵਾਹ ਵਾਂਗ ਮਿਥਿਹਾਸ ਦਾ ਪ੍ਰਵਾਹ ਵੀ ਨਿਰੰਤਰ ਜਾਰੀ ਰਹਿੰਦਾ ਹੈ।

ਗੁਰੂ ਨਾਨਕ ਦੇਵ ਜੀ ਨੇ ਗੁਰਬਾਣੀ ਵਿੱਚ ਮਿਥਿਹਾਸ ਦਾ ਕੋਈ ਸਿੱਧਾ ਚਿਤ੍ਰਣ ਨਹੀਂ ਕੀਤਾ ਸਗੋਂ ਮਿਥਿਹਾਸ ਨਾਲ ਸੰਬੰਧਤ ਭਾਵਾਂ ਨੂੰ ਨਵਾਂ ਰੂਪ ਅਤੇ ਅਰਥ ਪ੍ਰਦਾਨ ਕਰਕੇ ਭਾਵ-ਸਿਰਜਨ ਕੀਤਾ ਹੈ ਅਤੇ ਪੁਰਾਤਨ ਭਾਰਤੀ ਕਥਾਵਾਂ ਨੂੰ ਨਵੇਂ ਸੰਦਰਭਾਂ ਅਤੇ ਨਵੇਂ ਪਾਸਾਰਾਂ

ਵਿੱਚ ਪੇਸ਼ ਕੀਤਾ ਹੈ, ਜਿਸ ਨੂੰ ਸੰਤ ਸਿੰਘ ਮਸਕੀਨ ਜੀ ਨੇ ਆਪਣੀ ਕਲਾਤਮਕ ਯੋਗਤਾ ਨਾਲ ਬਾਖ਼ੂਬੀ ਉਘਾੜਿਆ ਹੈ।ਉਨ੍ਹਾਂ ਨੇ ਬਾਣੀ ਵਿੱਚ ਆਏ ਵੇਦਾਂ, ਕਤੇਬਾਂ, ਉਪਨਿਸ਼ਦਾਂ, ਬ੍ਰਾਹਮਣ ਸ਼ਾਸਤਰਾਂ, ਸੰਮ੍ਰਿਤੀਆਂ, ਪੁਰਾਣਾਂ, ਬੋਧਾਂ, ਸਿੱਧਾਂ, ਨਾਥਾਂ, ਜੋਗੀਆਂ ਆਦਿ ਦੇ ਹਵਾਲਿਆਂ ਅਤੇ ਸੰਕੇਤਾਂ ਦਾ ਗਹਿਨ ਅਧਿਐਨ ਕਰਕੇ ਆਪਣੀਆਂ ਕਥਾਵਾਂ ਵਿੱਚ ਸ਼ਾਮਿਲ ਕੀਤਾ ਹੈ ਤੇ ਪੁਰਾਤਨ ਪਾਰੰਪਰਿਕ ਮਿਥਿਹਾਸਕ ਚੇਤਨਾ ਨੂੰ ਤੋੜ ਕੇ ਨਵੀਂ ਦਿੱਖ ਪ੍ਰਦਾਨ ਕੀਤੀ ਹੈ।ਉਹ ਜਿੱਥੇ ਬੜੇ ਵਜ਼ਦ ਵਿੱਚ ਆ ਕੇ ਦਸ ਗੁਰੂ ਸਾਹਿਬਾਨ ਦਾ ਇਤਿਹਾਸ ਨਸ਼ਰ ਕਰਦੇ ਹਨ ਉੱਥੇ ਆਪਣੀਆਂ ਦਾਰਸ਼ਨਿਕਤਾ ਨਾਲ ਭਰਪੂਰ ਕਥਾਵਾਂ ਦੇ ਦੌਰਾਨ ਨਿੱਕੇ-ਨਿੱਕੇ ਇਤਿਹਾਸਕ ਵੇਰਵੇ ਵੀ ਦਿੰਦੇ ਰਹਿੰਦੇ ਹਨ ਅਤੇ ਮਿਥਿਹਾਸਕ ਵੀ।

ਸੰਤ ਸਿੰਘ ਮਸਕੀਨ ਜੀ ਦੀ ਵਿਆਖਿਆਕਾਰੀ ਪਿੱਛੇ ਉਨ੍ਹਾਂ ਦਾ ਬੜਾ ਵਿਸ਼ਾਲ ਅਨੁਭਵ ਅਤੇ ਅਧਿਐਨ ਕਾਰਜਸ਼ੀਲ ਰਿਹਾ ਹੈ।ਗੁਰਬਾਣੀ ਵਿੱਚ ਆਏ ਗੁੱਝੇ ਸ਼ਬਦਾਂ, ਸੰਕੇਤਾਂ, ਪ੍ਰਤੀਕਾਂ ਅਤੇ ਚਿੰਨ੍ਹਾਂ ਦੇ ਆਸ਼ਿਆਂ ਤੇ ਭਾਵਾਂ ਦੀ ਸਪਸ਼ਟਤਾ ਵਧਾਉਣ ਲਈ ਉਹ ਜਿਨ੍ਹਾਂ ਇਤਿਹਾਸਕ ਅਤੇ ਮਿਥਿਹਾਸਕ ਹਵਾਲਿਆਂ ਦੀ ਚਰਚਾ ਕਰਦੇ ਹਨ, ਉਹ ਕਦੇ ਵੀ ਮਹਿਜ਼ ਕਥਾ ਦਾ ਸੁਆਦ ਵਧਾਉਣ ਲਈ ਕਾਲਪਨਿਕ ਕਹਾਣੀਆਂ ਨਹੀਂ ਹੁੰਦੇ ਸਗੋਂ ਮਹਾਨ ਵਿਅਕਤੀਆਂ ਦੇ ਜੀਵਨ ਦੇ ਉਹ ਅਣਗੌਲੇ ਅਨੁਭਵੀ ਪਲ ਹੁੰਦੇ ਹਨ ਜਿਨ੍ਹਾਂ ਨੂੰ ਸੰਤ ਸਿੰਘ ਮਸਕੀਨ ਜੀ ਹਮੇਸ਼ਾ ਬਾਕਾਇਦਾ ਪ੍ਰਮਾਣਿਤ ਸੱਚਾਈਆਂ ਦੇ ਆਧਾਰ ਤੇ ਪੇਸ਼ ਕਰਦੇ ਹਨ।ਪ੍ਰਮਾਣ ਵਜੋਂ 'ਪੰਕਜੁ ਮੋਹ ਪਗੁ ਨਹੀ ਚਾਲੈ ਹਮ ਦੇਖਾ ਤਹ ਡੂਬੀਅਲੇ॥ '[106] ਤੁਕ ਦੀ ਵਿਆਖਿਆ ਕਰਦੇ ਹੋਏ ਉਹ ਕਹਿੰਦੇ ਹਨ:

> ਕਹਿੰਦੇ ਨੇ ਨਿਜ਼ਾਮ ਹੈਦਰਾਬਾਦ ਕੁਝ ਮੁਸ਼ਕਿਲ ਵਿੱਚ ਪਿਆ ਤੇ ਉਸ ਨੇ ਮਹਾਰਾਜਾ ਰਣਜੀਤ ਸਿੰਘ ਤੋਂ ਮਦਦ ਮੰਗੀ ਫੌਜ ਦੀ।ਆਖਿਆ ਘੱਟ ਤੋਂ ਘੱਟ ਇੱਕ ਹਜ਼ਾਰ ਖਾਲਸਾ ਮੈਨੂੰ ਚਾਹੀਦਾ ਹੈ, ਮੇਰੀ ਰਿਆਸਤ ਵਿੱਚ ਬਗਾਵਤ ਹੈ, ਮੈਥੋਂ ਕਾਬੂ ਨਹੀਂ ਹੋ ਰਹੀ।ਮਹਾਰਾਜਾ ਸਾਹਿਬ ਨੇ ਉਸ ਜ਼ਮਾਨੇ 'ਚ ਇੱਕ ਹਜ਼ਾਰ ਖਾਲਸੇ ਲਾਹੌਰ ਤੋਂ ਭੇਜੇ।ਅੱਜ ਜੋ ਸਿੱਖ ਮਹਾਰਾਸ਼ਟਰ ਵਿੱਚ, ਤਾਮਿਲਨਾਡੂ ਤੇ ਆਂਧਰਾ ਵਿੱਚ ਰਹਿ ਰਹੇ ਹਨ ਨੇ, ਇਹ ਉਨ੍ਹਾਂ ਵਿੱਚੋਂ ਹੀ ਨੇ, ਜਿਨ੍ਹਾਂ ਨੂੰ ਦੱਖਣੀ ਸਿੱਖ ਕਰਕੇ ਜਾਣਿਆ ਜਾਂਦਾ ਹੈ।ਜਦ ਨਿਜ਼ਾਮ ਹੈਦਰਾਬਾਦ ਨੇ

ਦੇਖਿਆ ਇਨ੍ਹਾਂ ਇੱਕ ਹਜ਼ਾਰ ਖਾਲਸਿਆਂ ਨੇ ਅਮਨ ਬਹਾਲ ਕਰ ਦਿੱਤਾ ਹੈ ਔਰ ਖੁਸ਼ੀ ਵਜੋਂ ਮਹਾਰਾਜਾ ਰਣਜੀਤ ਸਿੰਘ ਦੇ ਜਨਮ ਦਿਨ ਤੇ ਇੱਕ ਬੜੀ ਖੁਬਸੂਰਤ ਚਾਨਣੀ ਭੇਜੀ, ਚੰਦੋਆ ਭੇਜਿਆ।ਜਿਸ ਦਿਨ ਲਾਹੌਰ ਵਿੱਚ ਸਮਾਗਮ ਮਨਾਇਆ ਜਾ ਰਿਹਾ ਸੀ ਮਹਾਰਾਜਾ ਸਾਹਿਬ ਦੀ ਇਹ ਚਾਨਣੀ ਬੰਨ੍ਹ ਦਿੱਤੀ ਗਈ ਸਿੰਘਾਸਣ ਤੇ।ਮਹਾਰਾਜਾ ਸਾਹਿਬ ਸਭਾ ਦੇ ਵਿੱਚ ਆਏ।ਨਿਗਾਹ ਚਲੀ ਗਈ ਚਾਨਣੀ ਤੇ।ਬੜੀ ਖੁਬਸੂਰਤ ਹੀਰੇ ਜੜ੍ਹਤ, ਮੋਤੀ ਜੜ੍ਹਤ, ਨੀਲਮ ਦੇ ਛੋਟੇ ਛੋਟੇ ਟੁਕੜੇ ਜੜ੍ਹੇ ਹੋਏ ਜ਼ਰੀ ਦਾ ਕੰਮ।ਦਾਸ ਨੇ ਕਈ ਦਫਾ ਇਸ ਚਾਨਣੀ ਦੇ ਦਰਸ਼ਨ ਕੀਤੇ ਨੇ।ਸ਼ੌਂਕ ਨਾਲ ਮੈਂ ਉਸ ਚਾਨਣੀ ਦੇ ਬਾਕੀ ਸਾਜ਼ੋ ਸਮਾਨ ਦੇ ਨਾਲ ਸਾਲ ਦੇ ਸਾਲ ਦਰਸ਼ਨ ਕਰਦਾ ਸੀ ਉਚੇਚਾ ਤੋਸ਼ਾ ਖਾਨਾ ਖੁਲ੍ਹਵਾ ਕੇ।ਬਦਕਿਸਮਤੀ ਏ ਸੰਨ 84 ਦੇ ਵਿੱਚ ਉਹ ਜਲ ਕੇ ਖਾਕ ਹੋ ਗਈ, ਨਹੀਂ ਰਹੀ।ਇਹ ਚਾਨਣੀ ਜਿਸ ਵਕਤ ਸਿੰਘਾਸਣ ਦੇ ਉੱਪਰ ਬੰਨੀ ਗਈ ਮਹਾਰਾਜਾ ਸਾਹਿਬ ਦੇਖਦੇ ਹੀ ਰਹਿ ਗਏ।ਪੁੱਛਦੇ ਨੇ ਅਹਿਲਕਾਰਾਂ ਤੋਂ ਇਹ ਚਾਨਣੀ ਇਹ ਚੰਦੋਆ ਕਦੋਂ ਬਣਾਇਆ ਏ।ਅਹਿਲਕਾਰ ਕਹਿੰਦੇ ਨੇ ਬਣਾਇਆ ਨਹੀਂ ਏ ਇਹ ਤੇ ਨਿਜ਼ਾਮ ਹੈਦਰਾਬਾਦ ਨੇ ਭੇਂਟ ਭੇਜੀ ਹੈ ਆਪ ਨੂੰ।ਦੂਰੋਂ ਹੀ ਦੇਖ ਕੇ ਉਸ ਦੇ ਥੱਲੇ ਨਹੀਂ ਆਏ ਤੇ ਕਹਿੰਦੇ ਹਨ ਕਿ ਉਤਾਰੋ, ਹੁਣੇ ਹੀ ਉਤਾਰੋ।ਭੱਜ ਦੌੜ ਮਚ ਗਈ।ਜਿਨ੍ਹਾਂ ਅਹਿਲਕਾਰਾਂ ਨੇ ਚਾਨਣੀ ਬਨ੍ਹੀ ਸੀ ਉਨ੍ਹਾਂ ਨੂੰ ਅੰਦਰੋਂ ਕੰਬਣੀ ਛਿੜ ਗਈ ਕਿ ਇਹ ਕੋਈ ਗਲਤੀ ਹੋ ਗਈ ਹੈ।ਇੱਕ ਨੇ ਹਿੰਮਤ ਕਰਕੇ ਹੱਥ ਜੋੜ ਕੇ ਪੁੱਛ ਲਿਆ।ਮਹਾਰਾਜਾ ਸਾਹਿਬ! ਇਹ ਚਾਨਣੀ ਤਾਂ ਅਸੀਂ ਕੀਮਤੀ ਤੇ ਖ਼ੂਬਸੂਰਤ ਜਾਣ ਕੇ ਬੰਨ੍ਹੀ ਸੀ।ਕੀ ਇਹ ਆਪ ਦੀ ਸ਼ਾਨ ਦੇ ਕਾਬਲ ਨਹੀਂ ਹੈ? ਮਹਾਰਾਜਾ ਰਣਜੀਤ ਸਿੰਘ ਕਹਿਣ ਲੱਗੇ, ਨਹੀਂ ਇਹ ਇਤਨੀ ਖ਼ੂਬਸੂਰਤ ਹੈ, ਇਤਨੀ ਕੀਮਤੀ ਹੈ ਕਿ ਇਹ ਗੁਰੂ ਰਾਮਦਾਸ ਜੀ ਦੇ ਸੀਸ ’ਤੇ ਚੰਗੀ ਲੱਗੇਗੀ।ਮੇਰੇ ਸੀਸ ’ਤੇ ਨਹੀਂ।ਭੇਜ ਦਿੱਤੀ ਹਰਿਮੰਦਰ ਸਾਹਿਬ।ਚੇਤੇ ਆ ਜਾਂਦਾ ਏ ਗੁਰੂ, ਉਹ ਤਾਂ ਪਦਾਰਥਾਂ ਦੇ

ਹੜ੍ਹ ਵਿੱਚ ਨਹੀਂ ਡੁੱਬਿਆ, ਉਹ ਤਾਂ ਪ੍ਰਭੁਤਾ ਦੇ ਹੜ੍ਹ ਵਿੱਚ ਵੀ ਨਹੀਂ ਡੁੱਬਿਆ।[107]

ਉਪਰੋਕਤ ਰੂਪ ਵਿੱਚ ਜਦੋਂ ਅਜਿਹੇ ਇਤਿਹਾਸਕ ਪ੍ਰਸੰਗ ਜੁੜਦੇ ਹਨ ਤਾਂ ਇੱਕ ਤਾਂ ਗੁਰਬਾਣੀ ਦਾ ਸਤਿਕਾਰ ਹਿਰਦੇ ਵਿੱਚ ਦ੍ਰਿੜ ਹੁੰਦਾ ਹੈ, ਦੂਜਾ ਕਈ ਚੇਤੇ ਰੱਖਣ ਯੋਗ ਮਹੱਤਵਪੂਰਣ ਇਤਿਹਾਸਕ ਤੱਥ ਸਾਹਮਣੇ ਆ ਜਾਂਦੇ ਹਨ।ਗੁਰਬਾਣੀ ਵਿੱਚ ਵੈਦਿਕ, ਬੁੱਧ, ਜੈਨ ਆਦਿ ਧਰਮਾਂ ਦੇ ਅਨੇਕ ਅਜਿਹੇ ਬਿਓਰੇ ਹਨ ਜਿਨ੍ਹਾਂ ਨਾਲ ਸੰਬੰਧਤ ਪ੍ਰਸੰਗ ਦੇਣਾ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ।ਅਜਿਹੇ ਹੋਰ ਵੀ ਇਤਿਹਾਸਕ ਤੇ ਮਿਥਿਹਾਸਕ ਪਾਤਰਾਂ ਦੇ ਪ੍ਰਸੰਗ ਅਕਸਰ ਸੰਤ ਸਿੰਘ ਮਸਕੀਨ ਜੀ ਗੁਰਬਾਣੀ ਦੀ ਵਿਆਖਿਆ ਲਈ ਵਰਤਦੇ ਹਨ ਜਿਵੇਂ ਦਸਾਂ ਗੁਰੂਆਂ ਦੇ ਜੀਵਨ ਵਿੱਚੋਂ ਪ੍ਰਸੰਗ, ਰਾਮ, ਕ੍ਰਿਸ਼ਨ, ਹਜ਼ਰਤ ਮੁਹੰਮਦ, ਯਸੂ ਮਸੀਹ, ਮਹਾਤਮਾ ਬੁੱਧ, ਮਹਾਵੀਰ ਜੈਨ, ਬ੍ਰਹਮਾ, ਵਿਸ਼ਣੂੰ, ਸ਼ਿਵ, ਨਾਰਦ, ਜਨਕ, ਵੇਦ ਵਿਆਸ, ਭਰਤ੍ਰਹਰਿ, ਸੁਕਰਾਤ, ਅਰਸਤੂ, ਕਬੀਰ, ਫਰੀਦ, ਰਹੀਮ, ਰਵੀਦਾਸ, ਨਾਮਦੇਵ, ਸੁਖਦੇਵ ਮੁਨੀ, ਰਾਜਾ ਪ੍ਰੀਕਸ਼ਿਤ, ਭਾਈ ਗੁਰਦਾਸ, ਭਾਈ ਨੰਦ ਲਾਲ, ਪੀਰ ਬੁੱਧੂ ਸ਼ਾਹ, ਭਾਈ ਤਾਰੂ ਸਿੰਘ, ਭਾਈ ਮਨੀ ਸਿੰਘ, ਬਾਬਾ ਬੁੱਢਾ ਜੀ, ਭਾਈ ਸੰਤੋਖ ਸਿੰਘ, ਭਾਈ ਵੀਰ ਸਿੰਘ, ਪ੍ਰਿੰਸੀਪਲ ਗੰਗਾ ਸਿੰਘ, ਰਾਮਧਾਰੀ ਸਿੰਘ ਦਿਨਕਰ, ਮਹਾਰਾਜਾ ਰਣਜੀਤ ਸਿੰਘ, ਨਿਜ਼ਾਮ ਹੈਦਰਾਬਾਦ, ਅਕਬਰ, ਜਹਾਂਗੀਰ, ਔਰੰਗਜ਼ੇਬ, ਬਹਾਦਰ ਸ਼ਾਹ ਜਫਰ, ਉਸਤਾਦ ਜ਼ੌਕ, ਸ਼ੇਖ਼ ਸਾਅਦੀ, ਸਰਮਦ ਫਕੀਰ ਆਦਿ।ਇਹ ਜੁਗਤ ਉਨ੍ਹਾਂ ਦੀ ਵਿਆਖਿਆਕਾਰੀ ਨੂੰ ਹੋਰ ਵੀ ਪ੍ਰਭਾਵਸ਼ਾਲੀ ਬਣਾਉਂਦੀ ਹੈ।

ਇੰਝ ਉਪਰੋਕਤ ਚਰਚਾ ਦੇ ਸਾਰ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਇਤਿਹਾਸਕ-ਮਿਥਿਹਾਸਕ ਘਟਨਾਵਾਂ ਦੀ ਵਰਤੋਂ ਨੇ ਨਾ ਕੇਵਲ ਉਨ੍ਹਾਂ ਦੀ ਕਥਾ ਨੂੰ ਰੋਚਕ ਬਣਾਇਆ ਸਗੋਂ ਉਨ੍ਹਾਂ ਦੇ ਵਿਚਾਰ ਪ੍ਰਬੰਧ ਨੂੰ ਵਧੇਰੇ ਢੁਕਵਾਂ ਤੇ ਪ੍ਰਭਾਵਸ਼ਾਲੀ ਬਣਾ ਕੇ ਉਨ੍ਹਾਂ ਦੀ ਕਥਾ ਨੂੰ ਹੋਰ ਵੀ ਜ਼ਿਆਦਾ ਸਾਹਿ ਤਕ ਉੱਚਤਾ ਪ੍ਰਦਾਨ ਕੀਤੀ ਅਤੇ ਉਨ੍ਹਾਂ ਦੇ ਵਿਚਾਰਾਂ ਨੂੰ ਵਧੇਰੇ ਪ੍ਰੋੜ੍ਹਤਾ, ਸਾਰਥਕਤਾ ਅਤੇ ਪੁਖ਼ਤਗੀ ਦੇ ਕੇ ਭਾਵਾਂ ਦੀ ਪੇਸ਼ਕਾਰੀ ਨੂੰ ਸਮੂਰਤ ਕੀਤਾ।ਇਨ੍ਹਾਂ ਦੇ ਪ੍ਰਯੋਗ ਨਾਲ ਉਨ੍ਹਾਂ ਨੇ ਜਿੱਥੇ ਇਹ ਦਰਸਾਇਆ ਕਿ ਧਰਮ ਦਾ ਇਤਿਹਾਸ ਅਤੇ ਮਿਥਿਹਾਸ ਨਾਲ ਡੂੰਘਾ ਸੰਬੰਧ ਹੈ ਉੱਥੇ ਵਿਰਸੇ ਦੀਆਂ ਇਨ੍ਹਾਂ ਮਹਾਨ ਸਾਹਿ ਤਕ ਕ੍ਰਿਤਾਂ ਨਾਲ ਸਮਾਜ ਨੂੰ ਸੇਧ ਦੇਣ ਵਾਲੇ ਤੱਤਾਂ ਦਾ ਨਿਰੂਪਣ ਵੀ ਕੀਤਾ ਹੈ।

### 6.4.3 ਬਿਰਤਾਂਤ ਸਿਰਜਨ:

ਗਿਆਨੀ ਸੰਤ ਸਿੰਘ ਮਸਕੀਨ ਜੀ ਦੀ ਬਿਰਤਾਂਤ ਸਿਰਜਨ ਪ੍ਰਤਿਭਾ ਸਰੋਤੇ ਨੂੰ ਵਿਧੀਬਧ ਅਤੇ ਸੂਤ੍ਰਾਤਮਕ ਗਿਆਨ ਪ੍ਰਦਾਨ ਕਰਨ ਦੇ ਨਾਲ-ਨਾਲ ਜਾਦੂਮਈ ਪ੍ਰਭਾਵ ਨਾਲ ਚਕਾਚੌਂਧ ਵੀ ਕਰਦੀ ਹੈ। ਵਿਸ਼ੇ ਨੂੰ ਜਟਿਲਤਾ ਤੋਂ ਸਰਲਤਾ ਵੱਲ, ਸੂਖਮਤਾ ਤੋਂ ਸਥੂਲਤਾ ਵੱਲ ਅਤੇ ਅਗਿਆਤਨਤਾ ਦੇ ਹਨ੍ਹੇਰੇ ਤੋਂ ਗਿਆਨ ਦੇ ਪ੍ਰਕਾਸ਼ ਵੱਲ ਲੈ ਜਾਣ ਦੀ ਪ੍ਰਵਿਰਤੀ ਜਿੱਥੇ ਉਨ੍ਹਾਂ ਦੀ ਕਲਾਤਮਕ ਅਭਿਵਿਅਕਤੀ ਨੂੰ ਪੇਸ਼ ਕਰਦੀ ਹੈ ਉੱਥੇ ਕਲਾਤਮਕ-ਜੁਗਤਾਂ ਦੁਆਰਾ ਬਿਰਤਾਂਤਕ ਚੇਤਨਾ ਨੂੰ ਵੀ ਦਰਸਾਉਂਦੀ ਹੈ।

'ਬਿਰਤਾਂਤ' ਮਨੁੱਖ ਸਿਰਜਿਤ ਪ੍ਰਗਟਾਅ ਵਿਧੀ ਦਾ ਉਹ ਸੁਸਿਖਿਅਤ ਨਿਯਮਬੱਧ ਵਰਤਾਰਾ ਹੈ ਜੋ ਵਕਤਾ ਦੇ ਸੰਦੇਸ਼ ਦਾ ਭਾਸ਼ਾ ਦੇ ਮਾਧਿਅਮ ਦੁਆਰਾ ਸਰੋਤੇ ਤੱਕ ਸੰਚਾਰ ਕਰਦਾ ਹੈ। ਇਹ ਕਥਾ-ਸਾਹਿਤ ਦੇ ਤਕਨੀਕੀ ਪੱਖ ਵੱਲ ਸੰਕੇਤ ਕਰਨ ਵਾਲਾ ਉਹ ਸ਼ਬਦ ਹੈ ਜੋ ਨਿਰੋਲ 'ਕਥਾ' ਦਾ ਸਮਾਨਾਰਥਕ ਨਹੀਂ, ਸਗੋਂ ਇਸ ਦਾ ਸੰਬੰਧ ਉਨ੍ਹਾਂ ਸਮੂਹ ਉਪਕਰਣਾਂ ਨਾਲ ਹੈ ਜਿਨ੍ਹਾਂ ਦੇ ਮਾਧਿਅਮ ਦੁਆਰਾ ਕੋਈ ਕਥਾ ਹੋਂਦ ਵਿੱਚ ਆਉਂਦੀ ਹੈ। ਅਸਲ ਵਿੱਚ ਇਹ ਤਕਨੀਕ ਅਤੇ ਵਿਚਾਰਧਾਰਾ ਦਾ ਉਹ ਸੁਮੇਲ ਹੈ ਜੋ ਕਥਾ ਵਿੱਚ ਪੇਸ਼ ਹੋਈਆਂ ਘਟਨਾਵਾਂ ਦੀ ਕਾਲਕ੍ਰਮ ਅਨੁਸਾਰ ਤਰਤੀਬ ਪੇਸ਼ ਕਰਦਾ ਹੈ। ਇਹ ਜਿੱਥੇ ਜੀਵਨ ਦੀ ਵਾਸਤਵਿਕਤਾ ਨਾਲ ਜੁੜਨ ਦਾ ਰੁਝਾਨ ਰੱਖਦਾ ਹੈ ਉੱਥੇ ਜੀਵਨ ਦੇ ਆਦਰਸ਼ ਪੱਖ ਨੂੰ ਚਿਤਰਨ ਦੀ ਰੁਚੀ ਵੀ ਰੱਖਦਾ ਹੈ। ਸੋ ਵੀਹਵੀਂ ਸਦੀ ਵਿੱਚ ਕਥਾ ਸਾਹਿਤ ਦਾ ਕੇਵਲ ਸੰਕਲਪ ਅਤੇ ਸਰੂਪ ਹੀ ਤਬਦੀਲ ਨਹੀਂ ਹੋਇਆ ਸਗੋਂ ਸਰੋਕਾਰ ਅਤੇ ਸੰਦਰਭ ਵੀ ਬਦਲੇ ਹਨ।

ਸੰਤ ਸਿੰਘ ਮਸਕੀਨ ਜੀ ਦੇ ਬਿਰਤਾਂਤ ਸਿਰਜਨ ਦੇ ਪਿਛੋਕੜ ਵਿੱਚ ਨਿਸ਼ਚਿਤ ਵਿਉਂਤ ਅਤੇ ਤਰਤੀਬ ਹੀ ਮੂਰਤੀਮਾਨ ਨਹੀਂ ਹੁੰਦੇ ਸਗੋਂ ਡੂੰਘੀ ਸਿਧਾਂਤਕ ਚੇਤਨਾ ਅਤੇ ਵਿਚਾਰਧਾਰਾਈ ਪ੍ਰਤਿਬੱਧਤਾ ਵੀ ਦ੍ਰਿਸ਼ਟੀਗੋਚਰ ਹੁੰਦੀ ਹੈ। ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨਾਲ ਕੀਤੀ ਗੱਲਬਾਤ ਤੋਂ ਪਤਾ ਲੱਗਿਆ ਕਿ ਉਨ੍ਹਾਂ ਨੇ ਕਦੇ ਮਸਕੀਨ ਜੀ ਨੂੰ ਕਿਸੇ ਕਥਾ ਦੀ ਤਿਆਰੀ ਜਾਂ ਚਿੰਤਨ ਮਨਨ ਕਰਦੇ ਨਹੀਂ ਦੇਖਿਆ। ਇਸ ਤੋਂ ਪਤਾ ਲੱਗਦਾ ਹੈ ਕਿ ਬਿਰਤਾਂਤ ਸਿਰਜਨ ਦੀ ਕਲਾ ਵਿੱਚ ਉਹ ਅੰਦਰੂਨੀ ਤੌਰ ਉੱਤੇ ਪੂਰਨ ਸਨ, ਉਨ੍ਹਾਂ ਨੂੰ ਕਿਸੇ ਬਾਹਰੀ ਅਭਿਆਸ ਦੀ ਲੋੜ ਨਹੀਂ ਸੀ ਹੁੰਦੀ।

ਉਹ ਗੁਰਬਾਣੀ ਵਿੱਚੋਂ ਆਏ ਹੁਕਮਨਾਮੇ ਜਾਂ ਗੁਰਬਾਣੀ ਦੀ ਕਿਸੇ ਤੁਕ ਦੇ ਸੰਕਲਪ ਨੂੰ ਸਮਝਾਉਣ ਲਈ ਆਪਣੀ ਵਿਆਖਿਆ ਹਮੇਸ਼ਾ ਆਦਿ ਕਾਲ ਤੋਂ, ਯੁੱਗਾਂ ਦੇ ਆਰੰਭ ਤੋਂ, ਮਾਨਵ ਸੱਭਿਆਚਾਰ ਦੇ ਮੁੱਢ ਤੋਂ, ਭਾਰਤ ਦੀ ਸੰਸਕ੍ਰਿਤੀ ਤੋਂ ਜਾਂ ਭਾਰਤੀ ਧਰਮ ਪਰੰਪਰਾ ਤੋਂ ਆਰੰ ਕਰਕੇ ਆਪਣੀ ਗੱਲ ਦਾ ਮੁੱਢ ਬੰਨ੍ਹਦੇ ਸਨ ਤੇ ਫਿਰ ਇੱਕ ਚੌੜੇਰਾ ਵਿਚਾਰ-ਮੰਡਲ ਅਪਣਾਉਂਦੇ ਹੋਏ ਉਹ ਹਰ ਮਾਨਵੀ ਰਿਸ਼ਤੇ, ਪਸ਼ੂ-ਪੰਛੀਆਂ ਦੀ ਦੁਨੀਆਂ, ਬਨਸਪਤੀ-ਜਗਤ ਅਤੇ ਬ੍ਰਹਿਮੰਡ ਦੀ ਹਰ ਸ਼ੈਅ ਜਿਵੇਂ ਕਿ ਸੂਰਜ, ਚੰਦ, ਤਾਰੇ, ਜ਼ਮੀਨ, ਆਸਮਾਨ, ਸਮੇਂ, ਸਥਾਨ, ਵਿੱਦਿਆ, ਚਾਰੇ ਯੁੱਗਾਂ, ਪੰਜੇ ਤੱਤਾਂ, ਆਤਮ ਗਿਆਨ, ਪਰਾਭੌਤਿਕ ਸੱਚ, ਵੈਦਿਕ, ਬੌਧਿਕ, ਪੱਛਮੀ ਅਤੇ ਯੂਨਾਨੀ ਗਿਆਨ ਆਦਿ ਦਾ ਜ਼ਿਕਰ ਆਪਣੇ ਵਖਿਆਨਾਂ ਵਿੱਚ ਕਰਦੇ ਸਨ।ਇੱਥੇ ਹੀ ਬਸ ਨਹੀਂ ਉਨ੍ਹਾਂ ਦੇ ਤਰਕ-ਮੰਡਲ ਵਿੱਚ ਵੈਦਿਕ ਸਾਖੀਆਂ, ਸਿੱਧਾਂ-ਜੋਗੀਆਂ ਦੀਆਂ ਕਰਾਮਾਤਾਂ, ਬੋਧੀਆਂ-ਜੈਨੀਆਂ ਦੇ ਭੇਖਾਂ ਅਤੇ ਪੱਛਮੀ ਵਿਗਿਆਨਕ ਤੱਥਾਂ ਨੂੰ ਗੁਰੂ ਨਾਨਕ ਵਿਚਾਰਧਾਰਾ ਅਨੁਸਾਰ ਦਲੀਲਮਈ ਆਧਾਰਾਂ ਤੇ ਵਿਆਖਿਆ ਕਰਨਾ ਵੀ ਸ਼ਾਮਿਲ ਹੁੰਦਾ ਸੀ।ਮੁਕਤੀ, ਪੁਨਰਜਨਮ, ਸੁਰਗ-ਨਰਕ ਜਾਂ ਦੇਵੀ-ਦੇਵਤਿਆਂ ਆਦਿ ਦੇ ਪਰਾਭੌਤਿਕ ਸੰਕਲਪਾਂ ਨੂੰ ਗੁਰਮਤਿ ਅਨੁਸਾਰ ਵਿਚਾਰਨ ਵਿੱਚ ਉਨ੍ਹਾਂ ਦਾ ਆਪਣਾ ਵਿਸ਼ਾਲ ਅਧਿਆਤਮਕ ਅਤੇ ਰਹੱਸਾਤਮਕ ਅਨੁਭਵ ਵੀ ਸਾਂਝ ਪਾਉਂਦਾ ਸੀ।

ਸਮੁੱਚੇ ਮਨੁੱਖੀ-ਭਾਈਚਾਰੇ ਦੀ ਰੂਹਾਨੀ ਅਤੇ ਨੈਤਿਕ ਅਗਵਾਈ ਲਈ ਉਨ੍ਹਾਂ ਨੇ ਗੁਰਬਾਣੀ ਦੇ ਨਾਲ-ਨਾਲ ਉਨ੍ਹਾਂ ਸਮਕਾਲੀ ਅਤੇ ਪੂਰਬਕਾਲੀ ਧਰਮ-ਚਿੰਤਕਾਂ ਦੇ ਬਚਨਾਂ ਨੂੰ ਵੀ ਆਧਾਰ ਬਣਾਇਆ ਹੈ ਜਿਨ੍ਹਾਂ ਦੀ ਵਿਸ਼ਵ-ਦ੍ਰਿਸ਼ਟੀ ਅਤੇ ਵਿਚਾਰਧਾਰਾ ਇਸ ਦੇ ਨਾਲ ਮਿਲ ਕੇ ਚਲਦੀ ਹੈ ਜਿਵੇਂ ਸੂਫੀ ਇਰਾਨੀ ਕਵੀ ਸਰਮਦ, ਹਾਫਿਜ਼, ਉਸਤਾਦ ਜ਼ੌਕ, ਤਬਰੇਜ਼, ਸ਼ੇਖ਼ ਸਾਅਦੀ, ਮੀਰ ਤਕੀ ਮੀਰ ਆਦਿ।ਉਨ੍ਹਾਂ ਨੇ ਬਿਰਤਾਂਤ ਸਿਰਜ ਕੇ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਇਤਿਹਾਸਕ ਅਤੇ ਸਮਾਜ-ਸੱਭਿਆਚਾਰਕ ਸੰਦਰਭ ਦੀ ਨਿਸ਼ਾਨਦੇਹੀ ਕੀਤੀ ਉੱਥੇ ਸਾਹਿਤਕ ਅਤੇ ਸੱਭਿਆਚਾਰਕ ਵਿਰਸੇ ਨਾਲ ਸੰਵਾਦ ਰਚਾ ਕੇ ਵੀ ਆਪਣੀ ਮੌਲਿਕਤਾ ਅਤੇ ਵਿਲੱਖਣਤਾ ਸਥਾਪਿਤ ਕੀਤੀ।ਉਨ੍ਹਾਂ ਨੇ ਅਜਿਹੇ ਵਿਵੇਕਪੂਰਣ ਅਤੇ ਅੰਤਰ-ਸੰਬੰਧਤ ਬਿਰਤਾਂਤ ਉਸਾਰ ਕੇ ਉੱਚੀਆਂ ਮਾਨਵੀ ਕਦਰਾਂ-ਕੀਮਤਾਂ ਨੂੰ ਉਤਸ਼ਾਹਿਤ ਕੀਤਾ ਜੋ ਮਨੁੱਖੀ ਰਿਸ਼ਤਿਆਂ ਵਿੱਚ ਇਕਸੁਰਤਾ ਸਥਾਪਿਤ ਕਰਕੇ ਪਰਸਪਰ ਸੁਹਿਰਦਤਾ ਦੇ ਮਾਰਗ ਨੂੰ ਪ੍ਰਦਰਸ਼ਿਤ ਕਰਦੇ ਹਨ।ਆਪਣੀ ਪੁਸਤਕ ਪਰਮ ਪ੍ਰਕਾਸ਼ ਵਿੱਚ 'ਈਸ਼ਵਰ ਦੀ ਹੋਂਦ' ਨਾਮਕ ਲੇਖ ਵਿੱਚ ਉਹ ਸ੍ਰਿਸ਼ਟੀ-ਰਚਨਾ ਸੰਬੰਧੀ ਇਤਿਹਾਸਕ ਹਵਾਲੇ ਇਸ ਪ੍ਰਕਾਰ ਦਿੰਦੇ ਹਨ:

> ਸੰਸਾਰ ਬਣ ਗਿਆ। ਜੈਸੇ-ਜੈਸੇ ਜੀਵ ਸਿਆਣਾ ਹੋਇਆ, ਮਨੁੱਖ ਸਿਆਣਾ ਹੋਇਆ, ਅੰਦਾਜ਼ੇ ਲਾ ਕੇ ਦੱਸਣ ਲੱਗ ਪਿਆ ਕਿ ਗ਼ਾਲਬਨ ਇਤਨੇ ਲੱਖ ਸਾਲ ਹੋ ਗਏ ਨੇ ਸੰਸਾਰ ਨੂੰ ਬਣਿਆਂ।ਬਾਈਬਲ ਤਾਂ ਚਾਰ ਹਜ਼ਾਰ ਸਾਲ ਦੱਸਦੀ ਹੈ।ਦੋ ਹਜ਼ਾਰ ਸਾਲ ਹੋ ਗਏ ਨੇ ਹਜ਼ਰਤ ਈਸਾ ਨੂੰ।ਇਹ ਵੀ ਅਗਰ ਨਾਲ ਐਡ (Add ) ਕਰ ਲਈਏ ਤਾਂ ਉਹ ਕਹਿੰਦੇ ਨੇ 6000 ਸਾਲ ਹੋ ਗਏ ਨੇ ਸਰਿਸ਼ਟੀ ਬਣੀ ਨੂੰ।[108]

ਇਸ ਪ੍ਰਕਾਰ ਆਪਣੇ ਹਵਾਲਿਆਂ ਨੂੰ ਇੱਕ ਵੱਡੇ ਬਿਰਤਾਂਤ ਨਾਲ ਜੋੜ ਕੇ ਉਹ ਇਹ ਦੱਸਣਾ ਚਾਹੁੰਦੇ ਹਨ ਕਿ ਜਦੋਂ ਹੁਣ ਤੱਕ ਦਾ ਕੋਈ ਵਿਦਵਾਨ ਮਨੁੱਖ ਸ੍ਰਿਸ਼ਟੀ ਦਾ ਆਦਿ ਅਤੇ ਅੰਤ ਨਹੀਂ ਲੱਭ ਸਕਿਆ ਤਾਂ ਆਮ ਮਨੁੱਖ ਨੂੰ ਅਜਿਹੀ ਉਲਝਣ ਵਿੱਚ ਪੈ ਕੇ ਸਮਾਂ ਵਿਅਰਥ ਨਹੀਂ ਕਰਨਾ ਚਾਹੀਦਾ।

ਗਿਆਨੀ ਸੰਤ ਸਿੰਘ ਮਸਕੀਨ ਜੀ ਕਥਾ ਕਰਦਿਆਂ ਇੱਕ ਅਜਿਹਾ ਮਾਹੌਲ ਸਿਰਜ ਲੈਂਦੇ ਸਨ ਕਿ ਸਰੋਤਾ ਮੰਤਰ ਮੁਗਧ ਹੋ ਜਾਂਦਾ ਸੀ।ਵਿਆਕਰਣਕ ਜਾਣਕਾਰੀ ਦੇ ਬਲਬੂਤੇ ਤੇ ਜਦੋਂ ਉਹ ਦ੍ਰਿਸ਼ਟਾਂਤ ਦਿੰਦੇ ਸਨ ਤਾਂ ਕਥਾ-ਰਸ ਚਰਮ ਸੀਮਾ ਤੇ ਪਹੁੰਚ ਜਾਂਦਾ।ਉਨ੍ਹਾਂ ਨੇ ਗੁਰਬਾਣੀ ਦੀ ਵਿਸ਼ਵ ਦ੍ਰਿਸ਼ਟੀ ਅਤੇ ਇਸ ਦੇ ਵਿਸ਼ੇਗਤ ਸਰੋਕਾਰਾਂ ਨੂੰ ਆਧਾਰ ਬਣਾ ਕੇ ਮਨੁੱਖ ਦੀ ਵਿਅਕਤੀਗਤ ਅਤੇ ਸਮਾਜਕ ਪਰਿਪੇਖ ਵਿੱਚ ਸਮੱਸਿਆ-ਗ੍ਰਸਤ ਹਸਤੀ ਅਤੇ ਹੋਂਦ ਵੱਲ ਸੰਕੇਤ ਕੀਤਾ ਜਿਸ ਅਨੁਸਾਰ ਮਨੁੱਖ ਆਪਣੀ ਨਿਰਪੱਖ ਅਤੇ ਨਿਰੰਕੁਸ਼ ਸੁਤੰਤਰਤਾ 'ਨਿਜ' ਅਤੇ 'ਪਰ' ਨਾਲ ਇੱਕਸੁਰ ਹੋ ਕੇ ਜਿਉਣ ਦੀ ਸਥਿਤੀ ਰਾਹੀਂ ਹੀ ਪ੍ਰਾਪਤ ਕਰ ਸਕਦਾ ਹੈ।

ਉਨ੍ਹਾਂ ਦੀ ਕਲਾਤਮਕ ਅਭਿਵਿਅਕਤੀ ਅਤੇ ਪ੍ਰਭਾਵਸ਼ਾਲੀ ਜੁਗਤਾਂ ਦਾ ਘੇਰਾ ਬਹੁਤ ਵਿਸ਼ਾਲ ਹੈ ਜੋ ਉੱਚ ਬਿਰਤਾਂਤਕ-ਚੇਤਨਾ ਅਧੀਨ ਢੁਕਵਾਂ ਮਾਹੌਲ ਉਸਾਰ ਕੇ ਭਾਰਤੀ ਚਿੰਤਨ ਦਾ ਇੱਕ ਨਵਾਂ ਰੂਪ ਸਾਕਾਰ ਕਰਦਾ ਹੈ।ਨਿਰਸੰਦੇਹ ਉਨ੍ਹਾਂ ਦਾ ਬਿਰਤਾਂਤ-ਸਿਰਜਨ ਉਨ੍ਹਾਂ ਰਹੱਸਾਂ ਨੂੰ ਸਾਕਾਰ ਕਰਦਾ ਹੈ ਜੋ ਅਧਿਆਤਮਕ ਦ੍ਰਿਸ਼ਟੀ ਦੁਆਰਾ ਮਨੁੱਖੀ ਹੋਂਦ ਦੀ ਵਿਗਿਆਨਕ ਵਿਆਖਿਆ ਕਰਦੇ ਹਨ ਅਤੇ ਨਾਲ ਹੀ ਇਹ ਪੁਰਾਤਨ ਕਰਮ-ਕਾਂਡ ਅਤੇ ਰਹੁ-ਰੀਤਾਂ ਨੂੰ ਤਰਕ ਨਾਲ ਤੋੜ ਕੇ ਆਧੁਨਿਕ ਸਮੇਂ ਵਿੱਚ ਸਿੱਖ ਧਰਮ ਨਾਲ ਜੁੜੇ

ਧਾਰਮਿਕ, ਰਾਜਨੀਤਕ, ਸਮਾਜਕ ਅਤੇ ਸੱਭਿਆਚਾਰਕ ਮਸਲਿਆਂ ਦਾ ਹੱਲ ਖੋਜਦਾ ਹੈ।ਬਿਰਤਾਂਤ-ਸਿਰਜਨ ਦਾ ਅਮਲ ਵਿਆਖਿਆਕਾਰ ਦੀ ਵਿਚਾਰਧਾਰਾ ਅਤੇ ਦ੍ਰਿਸ਼ਟੀਕੋਣ ਤੋਂ ਪ੍ਰੇਰਿਤ ਹੁੰਦਾ ਹੈ।ਇਸ ਦੌਰਾਨ ਰਚਨਾਕਾਰ ਭਾਵਾਂ ਤੇ ਵਿਚਾਰਾਂ ਨੂੰ ਨਿਜੀ ਅਨੁਭਵ ਅਤੇ ਅਧਿਐਨ ਦੇ ਦ੍ਰਿਸ਼ਟੀਕੋਣ ਤੋਂ ਪ੍ਰਸਤੁਤ ਕਰਦਾ ਹੈ।

ਇਸ ਪ੍ਰਕਾਰ ਬਿਰਤਾਂਤ-ਸਿਰਜਨ ਸੰਬੰਧੀ ਉਪਰੋਕਤ ਦ੍ਰਿਸ਼ਟੀਕੋਣ ਦੇ ਆਧਾਰ ਉੱਤੇ ਸੰਤ ਸਿੰਘ ਮਸਕੀਨ ਜੀ ਦੀ ਵਿਆਖਿਆਕਾਰੀ ਦਾ ਅਧਿਐਨ ਕੀਤਿਆਂ ਸਹਿਜੇ ਹੀ ਇਸ ਸਿੱਟੇ ਤੇ ਪੁੱਜਿਆ ਜਾ ਸਕਦਾ ਹੈ ਕਿ ਉਹ ਆਪਣੀ ਨਿਰਮਲ ਸ਼ਖ਼ਸੀਅਤ, ਸਵੱਛ ਤੇ ਉੱਚ ਖਿਆਲਾਂ, ਵਿਸ਼ਵਾਸੀ ਜੀਵਨ, ਪਾਕ ਕਿਰਦਾਰ ਅਤੇ ਗੁਰਮੁਖ ਸੁਭਾਅ ਨਾਲ ਜਾਦੂਮਈ ਪ੍ਰਭਾਵ ਵਾਲਾ ਬਿਰਤਾਂਤ ਸਿਰਜ ਕੇ ਸਿੱਖ ਪੰਥ ਸਮੇਤ ਦੂਜੇ ਧਰਮਾਂ ਵਿੱਚ ਵੀ ਬਰਾਬਰ ਸਨਮਾਨ ਪ੍ਰਾਪਤ ਕਰਦੇ ਰਹੇ ਤੇ ਸਿੱਖੀ ਦਾ ਉਪਦੇਸ਼ ਹਰ ਹਿਰਦੇ ਤੱਕ ਪਹੁੰਚਾਉਂਦੇ ਰਹੇ।ਆਪਣੀ ਪ੍ਰਭਾਵਸ਼ਾਲੀ ਸ਼ਖ਼ਸੀਅਤ ਕਾਰਨ ਹੀ ਉਹ ਪੰਥ ਦੇ ਹਰਮਨ ਪਿਆਰੇ, ਸਾਂਝੇ ਤੇ ਪ੍ਰਸਿੱਧ ਕਥਾਕਾਰ ਬਣੇ ਰਹੇ ਸਨ।

## 6.5 ਸੰਤ ਸਿੰਘ ਮਸਕੀਨ ਜੀ ਦਾ ਗੁਰਬਾਣੀ ਵਿਆਖਿਆ ਦੇ ਸੰਦਰਭ ਵਿੱਚ ਯੋਗਦਾਨ:

ਧਰਮਾਂ ਦੇ ਇਤਿਹਾਸ ਵਿੱਚ ਜਿਵੇਂ ਸਿੱਖ ਧਰਮ ਨਿਵੇਕਲੀ ਦਿੱਖ, ਭਾਵ ਤੇ ਭਾਵਨਾ ਕਾਰਨ ਵਿਸ਼ੇਸ਼ ਸਥਾਨ ਰੱਖਦਾ ਹੈ ਉਸੇ ਤਰ੍ਹਾਂ ਸਿੱਖ ਪੰਥ ਦੇ ਪ੍ਰਭਾਵਸ਼ਾਲੀ ਵਿਆਖਿਆਕਾਰਾਂ ਦੀ ਲੜੀ ਵਿੱਚ 'ਪੰਥ ਰਤਨ' ਵਜੋਂ ਜਾਣੇ ਜਾਣ ਵਾਲੇ ਨਿਵੇਕਲੇ ਵਿਆਖਿਆਕਾਰ ਗਿਆਨੀ ਸੰਤ ਸਿੰਘ ਮਸਕੀਨ ਜੀ ਵੀ ਵਿਸ਼ੇਸ਼ ਸਥਾਨ ਦੇ ਧਾਰਨੀ ਹਨ।ਸਿੱਖ ਜਗਤ ਵਿੱਚ ਭਾਈ ਗੁਰਦਾਸ, ਭਾਈ ਨੰਦ ਲਾਲ, ਭਾਈ ਮਨੀ ਸਿੰਘ ਆਦਿ ਸਿਰਮੌਰ ਵਿਆਖਿਆਕਾਰਾਂ ਤੋਂ ਲੈ ਕੇ ਆਧੁਨਿਕ ਸਮਿਆਂ ਦੇ ਭਾਈ ਵੀਰ ਸਿੰਘ, ਪ੍ਰਿੰ. ਤੇਜਾ ਸਿੰਘ, ਪ੍ਰੋ. ਸਾਹਿਬ ਸਿੰਘ ਆਦਿ ਜਿਹੇ ਸਿਰਕੱਢ ਵਿਆਖਿਆਕਾਰਾਂ ਤੋਂ ਬਾਅਦ ਵੀਹਵੀਂ ਸਦੀ ਦੇ ਤੀਜੇ ਦਹਾਕੇ ਵਿੱਚ ਪੰਜਾਬ (ਪਾਕਿਸਤਾਨ) ਦੇ ਬਨੂੰ ਜਿਲ੍ਹੇ ਵਿੱਚ ਜਨਮੇ ਗੁਰਮਤਿ ਦੇ ਅਗੰਮੀ ਸੋਝੀ ਵਾਲੇ ਅਨੁਭਵੀ ਵਿਆਖਿਆਕਾਰ ਗਿਆਨੀ ਸੰਤ ਸਿੰਘ ਮਸਕੀਨ ਜੀ ਸਨ ਜਿਨ੍ਹਾਂ ਨੇ ਗੁਰਬਾਣੀ ਵਿਆਖਿਆਕਾਰੀ ਦੇ ਖੇਤਰ ਵਿੱਚ ਵਿਸ਼ੇਸ਼ ਨਿਸ਼ਾਨ ਕਾਇਮ ਕੀਤੇ।

ਗੁਰਸ਼ਬਦ ਦੀ 'ਨਿਰਮਲਾ ਟਕਸਾਲ' ਅੰਦਰ ਪੂਰਨ ਤੌਰ ਉੱਤੇ ਘੜੇ ਹੋਏ ਇਸ ਅਨੁਭਵੀ ਟਕਸਾਲੀ ਵਿਆਖਿਆਕਾਰ ਅਤੇ ਪ੍ਰਚਾਰਕ ਨੇ ਦੇਸ਼ ਦੀ ਵੰਡ ਤੋਂ ਬਾਅਦ ਅਲਵਰ, ਰਾਜਸਥਾਨ ਵਿਖੇ ਆਪਣਾ ਪੱਕਾ ਨਿਵਾਸ ਰੱਖਿਆ ਅਤੇ ਵੱਖ ਵੱਖ ਦੇਸ਼ਾਂ ਵਿੱਚ ਵਿਚਰ ਕੇ ਗੁਰਮਤਿ ਪ੍ਰਚਾਰ ਕਰਦੇ ਹੋਏ ਸਮੁੱਚੇ ਵਿਸ਼ਵ ਨੂੰ ਆਪਣੀ ਕਰਮ-ਭੂਮੀ ਬਣਾਇਆ। ਗੁਰ-ਸ਼ਬਦ ਵੀਚਾਰ ਨੂੰ ਸਮਰਪਿਤ ਹੋ ਕੇ ਉਨ੍ਹਾਂ ਨੇ ਆਪਣੀ ਉਮਰ ਦੇ ਲਗਭਗ 15ਵੇਂ ਸਾਲ ਵਿੱਚ ਹੀ ਸ਼ੌਕ ਨਾਲ ਜਾਂ ਅੰਦਰੋਂ ਉੱਠ ਰਹੇ ਵਲਵਲਿਆਂ ਕਾਰਨ ਕਥਾ-ਸੰਸਾਰ ਵਿੱਚ ਕਦਮ ਰੱਖ ਲਿਆ ਸੀ ਤੇ ਕਵਿਤਾਵਾਂ-ਰੁਬਾਈਆਂ ਆਦਿ ਰਚਣ ਤੋਂ ਇਲਾਵਾ ਹਰਮੋਨੀਅਮ, ਤਬਲਾ, ਤਾਨਪੁਰਾ ਆਦਿ ਸਾਜਾਂ ਨੂੰ ਵਜਾਉਣ ਵਿੱਚ ਮਾਹਰ ਹੋ ਕੇ ਪ੍ਰਮਾਤਮਾ ਵੱਲੋਂ ਮਿਲੇ ਸੁਰੀਲੇ ਕੰਠ ਨਾਲ ਰਾਗਮਈ ਕੀਰਤਨ ਦੁਆਰਾ ਗੁਰਮਤਿ ਦੀ ਸੇਵਾ ਕਰਦੇ ਸਨ ਤੇ ਕੀਰਤਨ ਵੀ ਰਾਗਾਂ ਵਿੱਚ ਕਰਦੇ ਸਨ। ਮਾਲਕੌਂਸ ਤੇ ਦਰਬਾਰੀ ਉਨ੍ਹਾਂ ਦੇ ਮਨਭਾਉਂਦੇ ਰਾਗ ਸਨ।[109] ਅਦੁੱਤੀ ਪ੍ਰਤਿਭਾ ਦੇ ਮਾਲਕ ਇਸ ਵਿਆਖਿਆਕਾਰ ਦੇ ਕਥਾ ਅਤੇ ਵਿਦਵਤਾ ਦੇ ਖੇਤਰ ਵਿੱਚ ਆਗਮਨ ਨਾਲ ਇੱਕ ਵਿਸ਼ੇਸ਼ ਯੁੱਗ ਦਾ ਆਰੰਭ ਹੁੰਦਾ ਦਿਖਾਈ ਦੇਣ ਲੱਗਾ।

ਗਿਆਨੀ ਸੰਤ ਸਿੰਘ ਮਸਕੀਨ ਜੀ ਅਨੁਸਾਰ ਗੁਰੂ ਪਰਮ ਧਾਮ ਦਾ ਰਾਹ ਦਸੇਰਾ ਹੈ ਅਤੇ ਕੀਰਤਨ ਉਹ ਰਾਹ ਹੈ ਜਿਸ ਤੇ ਚੱਲਣ ਨਾਲ ਉਸ ਪਰਮ ਧਾਮ ਤੇ ਪਹੁੰਚ ਕੇ ਪਰਮ ਰਸ ਦੀ ਪ੍ਰਾਪਤੀ ਹੁੰਦੀ ਹੈ। ਕਥਾ ਉਸ ਰਾਹ ਦੀ ਜਾਣਕਾਰੀ ਜਾਂ ਵਿਆਖਿਆ ਹੈ ਭਾਵ ਰੱਬੀ ਸਿਫਤ-ਸਾਲਾਹ ਦੇ ਕੀਰਤਨ ਦੀ ਵਿਆਖਿਆ ਹੀ ਕਥਾ ਹੁੰਦੀ ਹੈ। ਉਹ ਕਿਹਾ ਕਰਦੇ ਸਨ ਕਿ ਕੀਰਤਨ ਵਿੱਚੋਂ ਹੀ ਉਨ੍ਹਾਂ ਨੂੰ ਵੀ ਕਥਾ ਕਰਨ ਦੀ ਬਖਸ਼ਿਸ਼ ਮਿਲਦੀ ਹੈ। ਪ੍ਰਮਾਣ ਵਜੋਂ ਉਨ੍ਹਾਂ ਦੇ ਸ਼ਬਦਾਂ ਵਿੱਚ:

> ਗੁਰਮਤਿ ਵਿੱਚ ਈਸ਼ਵਰ ਪ੍ਰਾਪਤੀ ਦੇ ਦੋ ਸਾਧਨ ਹੀ ਮੰਨੇ ਗਏ ਹਨ : ਕੀਰਤਨ ਤੇ ਕਥਾ। ਪ੍ਰਧਾਨ ਸਾਧਨ ਹੈ ਕੀਰਤਨ। 'ਕਲਜੁਗ ਮਹਿ ਕੀਰਤਨੁ ਪਰਧਾਨਾ॥'[110] ਤੇ ਕਥਾ ਵਿੱਚ ਇਸ ਗੱਲ ਦੀ ਵਿਚਾਰ ਕਰਨੀ ਹੈ ਕਿ ਕੀਰਤਨ ਕਿਸ ਦਾ ਕਰਨਾ ਹੈ, ਕਿਉਂ ਕਰਨਾ ਹੈ ਤੇ ਕਿਸ ਨੇ ਕਰਨਾ ਹੈ?[111]

ਵਿਭਿੰਨ ਭਾਸ਼ਾਵਾਂ ਦੀ ਲਿਖਣ, ਸਮਝਣ ਅਤੇ ਬੋਲਣ ਯੋਗਤਾ ਹੋਣ ਕਾਰਣ ਗਿਆਨੀ ਸੰਤ ਸਿੰਘ ਮਸਕੀਨ ਜੀ ਨੇ ਜਿੱਥੇ ਮੌਖਿਕ ਕਥਾਕਾਰੀ ਨੂੰ ਨਿਰੰਤਰ ਜਾਰੀ ਰੱਖਿਆ ਉੱਥੇ ਵਿਸ਼ਾਲ ਲਿਖਤੀ ਸਾਹਿਤ ਰਚਣ ਵਿੱਚ ਵੀ ਆਪਣਾ ਨਿਵੇਕਲਾ ਯੋਗਦਾਨ ਪਾਇਆ ਕਿਉਂਕਿ ਲਿਖਤੀ ਜਾਂ ਅਕਾਦਮਿਕ ਵਿਆਖਿਆਕਾਰੀ ਨੂੰ ਜਿੱਥੇ ਭਾਵੀ ਪਾਠਕਾਂ ਲਈ ਲੰਬੇ ਸਮੇਂ ਤੱਕ ਸਾਂਭ ਕੇ ਰੱਖ ਸਕਣ ਦੀ ਸਹੂਲਤ ਹੁੰਦੀ ਹੈ ਉੱਥੇ ਮੌਖਿਕ ਕਥਾਕਾਰੀ ਦੁਆਰਾ ਇੱਕੋ ਸਮੇਂ ਉੱਤੇ ਭਾਰੀ ਪੱਧਰ ਦੇ ਵਿਸ਼ਾਲ ਜਨ-ਸਮੂਹ ਨੂੰ ਸੰਬੋਧਤ ਕਰਨ ਦਾ ਵਾਧਾ ਹੁੰਦਾ ਹੈ।ਉਹ ਬਾਣੀ ਦੀ ਲਗਨ ਆਮ ਲੋਕਾਂ ਨੂੰ ਲਗਾਉਣ ਲਈ ਬੋਲ ਕੇ ਕਥਾ ਕਰਨ ਨੂੰ ਤਰਜੀਹ ਦਿੰਦੇ ਸਨ ਤੇ ਨਾਲ ਹੀ ਬਾਣੀਆਂ ਜਾਂ ਸ਼ਬਦਾਂ ਦੀ ਉਥਾਨਕਾ[112] ਵੀ ਦਿੰਦੇ ਸਨ।ਸੋ ਗਿਆਨੀ ਸੰਤ ਸਿੰਘ ਮਸਕੀਨ ਜੀ ਨੇ ਆਪਣੇ ਮਨ ਦੀ ਵਿਆਕੁਲਤਾ ਵਿੱਚੋਂ ਉਪਜੀ ਰੂਹਾਨੀਅਤ ਦੇ ਅਨੁਭਵੀ ਗਿਆਨ ਦੀ ਆਪਣੀ ਖੋਜ ਨੂੰ ਕਥਾ ਰੂਪ ਵਿੱਚ ਜਗਿਆਸੂਆਂ ਨਾਲ ਸਾਂਝਾ ਕੀਤਾ ਤਾਂ ਜੋ ਉਨ੍ਹਾਂ ਜਿਹੀਆਂ ਪਿਆਸੀਆਂ ਰੂਹਾਂ ਨੂੰ ਆਤਮਕ ਖੁਰਾਕ ਮਿਲੇ।

ਪਰਮ ਰਸ ਦੇ ਅਨੁਭਵ ਦੀ ਤਲਾਸ਼ ਵਿੱਚ ਹੀ ਉਨ੍ਹਾਂ ਨੇ ਪੜ੍ਹੇ ਤੇ ਗੁੜ੍ਹੇ ਹੋਏ ਨਿਰਮਲਿਆਂ ਤੋਂ ਗੁਰਬਾਣੀ ਦਾ ਅਰਥ-ਬੋਧ ਗ੍ਰਹਿਣ ਕੀਤਾ ਭਾਵੇਂ ਉਦੋਂ ਕੁਝ ਹੱਦ ਤੱਕ ਨਿਰਮਲੇ ਵੇਦਾਂਤੀ ਰੰਗਣ ਵਿੱਚ ਗੁਰਬਾਣੀ ਵਿਆਖਿਆ ਕਰਨ ਦੇ ਦੂਸ਼ਣ ਨਾਲ ਸਿੱਖ ਜਗਤ ਵਿੱਚੋਂ ਆਪਣਾ ਪਹਿਲਾਂ ਵਾਲਾ ਰੁਤਬਾ ਖੋ ਚੁੱਕੇ ਸਨ ਪ੍ਰੰਤੂ ਸੰਤ ਸਿੰਘ ਮਸਕੀਨ ਜੀ ਇਸ ਗੱਲ ਤੋਂ ਵੀ ਵਾਕਿਫ ਸਨ ਕਿ ਕੁਝ ਕੁ ਅਭਿਮਾਨੀ ਅਤੇ ਭ੍ਰਿਸ਼ਟ ਆਚਰਣ ਵਾਲੇ ਭੇਖੀ ਨਿਰਮਲ ਪੰਥੀਆਂ ਤੋਂ ਇਲਾਵਾ ਸਮੁੱਚੇ ਨਿਰਮਲੇ ਵਿਦਵਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੜੀ ਡੂੰਘੀ ਅਤੇ ਅਨੁਭਵੀ ਦਾਰਸ਼ਨਿਕ ਵਿਆਖਿਆ ਕਰਦੇ ਹਨ[113] ਅਤੇ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਬਿਰਾਜਮਾਨ ਵਿਭਿੰਨ ਭਾਸ਼ਾਵਾਂ ਦਾ ਗਿਆਨ ਹੋਣ ਕਾਰਨ ਉਹ ਬਾਣੀ ਦਾ ਕੇਵਲ ਸ਼ਾਬਦਿਕ ਅਰਥ ਹੀ ਨਹੀਂ ਕਰਦੇ ਸਗੋਂ ਗੁਰ-ਸ਼ਬਦ ਦੇ ਗੁੱਝੇ ਭੇਦਾਂ ਦੀ ਆਪਣੇ ਤਜ਼ਰਬੇ ਨਾਲ ਅਧਿਆਤਮਕ ਅਤੇ ਰਹੱਸਾਤਮਕ ਵਿਆਖਿਆ ਕਰਨ ਦੇ ਮਾਹਰ ਹਨ।

ਗਿਆਨੀ ਸੰਤ ਸਿੰਘ ਮਸਕੀਨ ਜੀ ਦੀ ਇਸ ਗਿਆਨਮਈ ਸਾਧਨਾ ਪਿੱਛੇ ਨਿਰਮਲੇ ਸੰਤ ਬਾਬਾ ਬਲਵੰਤ ਸਿੰਘ ਜੀ ਦਾ ਗੂੜ੍ਹ ਅਧਿਆਤਮਕ ਅਨੁਭਵੀ ਗਿਆਨ ਸੀ ਜੋ ਉਨ੍ਹਾਂ ਨੇ ਤਕਰੀਬਨ ਦਸ ਸਾਲ 'ਨਿਰਮਲ ਪੰਚਾਇਤੀ ਅਖਾੜਾ' ਕਨਖਲ, ਹਰਿਦਵਾਰ ਵਿਖੇ ਰਹਿ ਕੇ ਪ੍ਰਾਪਤ ਕੀਤਾ।[114] ਉੱਥੇ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ, ਗੁਰ ਪ੍ਰਤਾਪ ਸੂਰਜ

ਗ੍ਰੰਥ, ਜਨਮਸਾਖੀਆਂ, ਪ੍ਰੇਮ ਸੁਮਾਰਗ, ਸਾਰਕੁਤਾਵਲੀ, ਭਾਵਰਸਾਮ੍ਰਿਤ, ਪ੍ਰਬੋਧ ਚੰਦਰ ਨਾਟਕ, ਵੇਦਾਂਤਕ ਸਾਹਿਤ, ਤ੍ਰੈ-ਸ਼ਤਕ, ਚਾਣਕਯ ਨੀਤੀ, ਬਿਦਰ ਦੇ ਨੀਤੀ ਗ੍ਰੰਥ ਆਦਿ ਦਾ ਨਿੱਠ ਕੇ ਗਿਆਨ ਪ੍ਰਾਪਤ ਕੀਤਾ।ਇਸ ਦੇ ਨਾਲ ਹੀ ਉਨ੍ਹਾਂ ਨੇ ਹਿੰਦੂ ਅਤੇ ਸਿੱਖ ਧਰਮ-ਗ੍ਰੰਥਾਂ ਤੋਂ ਇਲਾਵਾ ਬੁੱਧ, ਜੈਨ, ਈਸਾਈ, ਇਸਲਾਮ, ਪਾਰਸੀ ਆਦਿ ਦੇ ਧਰਮ ਗ੍ਰੰਥਾਂ ਦਾ ਵੀ ਅਧਿਐਨ ਕੀਤਾ।ਉੱਥੇ ਰਹਿ ਕੇ ਹੀ ਉਨ੍ਹਾਂ ਨੂੰ ਜਿੱਥੇ ਉਦਾਸੀ, ਨਿਰਮਲਾ, ਗਿਆਨੀ, ਸੇਵਾਪੰਥੀ ਆਦਿ ਸਿੱਖ ਧਰਮ ਦੇ ਪੰਥਾਂ ਦਾ ਚੰਗਾ ਗਿਆਨ ਪ੍ਰਾਪਤ ਹੋਇਆ ਉੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀਆਂ ਅਨੇਕ ਭਾਸ਼ਾਵਾਂ ਲਿਖਣ, ਬੋਲਣ ਅਤੇ ਸਮਝਣ ਦਾ ਪੂਰਨ ਗਿਆਨ ਵੀ ਮਿਲਿਆ।ਉਨ੍ਹਾਂ ਨੇ ਗੁਰਬਾਣੀ ਅੰਦਰਲੇ ਕਾਵਿ ਰੂਪਾਂ ਅਤੇ ਕਾਵਿ ਸ਼ੈਲੀਆਂ ਦਾ ਚੰਗਾ ਗਿਆਨ ਪ੍ਰਾਪਤ ਕੀਤਾ।ਉਹ ਕਵਿਤਾ ਦੇ ਰਸੀਏ ਅਤੇ ਪਾਠਕ ਹੋਣ ਦੇ ਨਾਤੇ ਖੁਦ ਵੀ ਕਵਿਤਾਵਾਂ, ਰੁਬਾਈਆਂ ਅਤੇ ਸ਼ੇਅਰ ਆਦਿ ਲਿਖਦੇ ਰਹੇ ਤੇ ਭਾਈ ਗੁਰਦਾਸ, ਭਾਈ ਨੰਦ ਲਾਲ, ਤੁਲਸੀਦਾਸ ਆਦਿ ਤੋਂ ਇਲਾਵਾ ਈਰਾਨੀ ਸੂਫੀ ਸੰਤ ਕਵੀਆਂ ਹਾਫਿਜ਼, ਤਬਰੇਜ਼, ਫਿਰਦੌਸੀ, ਮੌਲਾਨਾ ਰੂਮੀ, ਇਕਬਾਲ, ਜ਼ੌਕ, ਮਿਰਜ਼ਾ ਗਾਲਿਬ, ਮਨਸੂਰ, ਸਰਮਦ, ਅੱਤਾਰ, ਅਮੀਰ ਖੁਸਰੋ ਆਦਿ ਦੇ ਸਾਹਿਤ ਦਾ ਵੀ ਅਧਿਐਨ ਕਰਦੇ ਰਹੇ।ਪੱਛਮੀ ਫਿਲਾਸਫਰਾਂ ਅਰਸਤੂ, ਸੁਕਰਾਤ, ਪਲੈਟੋ ਦੇ ਨਾਲ-ਨਾਲ ਕਾਰਲ ਮਾਰਕਸ, ਨੀਤਸ਼ੇ ਅਤੇ ਮਨੋਵਿਗਿਆਨਕ ਫਰਾਈਡ ਆਦਿ ਵਿਦਵਾਨਾਂ ਦੇ ਗ੍ਰੰਥਾਂ ਦਾ ਵੀ ਉਨ੍ਹਾਂ ਨੇ ਅਧਿਐਨ ਕੀਤਾ।ਇਸ ਤੋਂ ਬਾਅਦ ਵੀ ਉਹ ਆਪਣੇ ਆਲੇ-ਦੁਆਲੇ ਵਿੱਚੋਂ ਪ੍ਰਾਪਤ ਹੁੰਦੇ ਗ੍ਰੰਥਾਂ ਨੂੰ ਖਰੀਦ ਕੇ ਆਪਣੀ ਜਾਣਕਾਰੀ ਦਾ ਦਾਇਰਾ ਵਧਾਉਂਦੇ ਰਹਿੰਦੇ ਸਨ।[115] ਵਿਸ਼ਵ-ਧਰਮਾਂ ਅਤੇ ਵਿਗਿਆਨ ਦਾ ਇਤਨਾ ਵਿਸ਼ਾਲ ਅਧਿਐਨ ਤੇ ਅਨੁਭਵ ਕਰਨਾ ਉਨ੍ਹਾਂ ਦੀ ਪ੍ਰਮਾਤਮਾ ਦੀ ਖੋਜ ਸੰਬੰਧੀ ਕੀਤੀ ਸਾਧਨਾ ਨੂੰ ਦਰਸਾਉਂਦਾ ਹੈ ਜਿਸ ਨੂੰ ਉਨ੍ਹਾਂ ਨੇ ਬੜੀ ਲਗਨ ਅਤੇ ਅਣਥੱਕ ਮਿਹਨਤ ਨਾਲ ਆਪਣੇ ਬੋਲਾਂ ਦੇ ਰਾਹੀਂ ਸੰਸਾਰ ਭਰ ਵਿੱਚ ਅਧਿਆਤਮ ਦੇ ਜਗਿਆਸੂਆਂ ਤੱਕ ਪਹੁੰਚਾਇਆ।ਭਾਰਤ ਵਿੱਚ ਜਿੱਥੇ ਉਹ ਮੁੰਬਈ, ਪਟਨਾ, ਝਾਂਸੀ, ਇੰਦੌਰ, ਅੰਮ੍ਰਿਤਸਰ, ਦਿੱਲੀ, ਕੋਲਕਾਤਾ, ਕਾਨਪੁਰ, ਫਰੀਦਾਬਾਦ, ਇਲਾਹਾਬਾਦ, ਜੈਪੁਰ, ਚੈਨੰਈ, ਬੰਗਲੌਰ ਆਦਿ ਥਾਵਾਂ ਤੇ ਹਰ ਸਾਲ ਗੁਰਮਤਿ ਅਤੇ ਕਥਾ-ਸਮਾਗਮਾਂ 'ਤੇ ਜਾਂਦੇ ਸਨ ਉੱਥੇ ਉਨ੍ਹਾਂ ਦੇ ਕਥਾ ਰਸ ਨੂੰ ਮਾਨਣ ਲਈ ਕੁਵੈਤ, ਦੁਬਈ, ਥਾਈਲੈਂਡ, ਨਿਊਜ਼ੀਲੈਂਡ, ਕਾਬਲ, ਸਿੰਘਾਪੁਰ, ਕੈਨੇਡਾ, ਅਮਰੀਕਾ, ਜਪਾਨ, ਇੰਗਲੈਂਡ, ਬੈਲਜ਼ੀਅਮ, ਡੈਨਮਾਰਕ, ਸਵੀਡਨ, ਹਾਲੈਂਡ, ਨੈਰੋਬੀ, ਮਲੇਸ਼ੀਆ, ਆਸਟ੍ਰੇਲੀਆ, ਈਰਾਨ, ਪਾਕਿਸਤਾਨ, ਕਤਰ, ਕੀਨੀਆ, ਬਹਿਰੀਨ ਆਦਿ ਦੇਸ਼ਾਂ ਵਿੱਚ ਉਹ

ਸੰਗਤਾਂ ਦੇ ਸੱਦੇ ਤੇ ਜਾ ਕੇ ਹਮੇਸ਼ਾ ਕਥਾ ਵਿਚਾਰਾਂ ਕਰਦੇ ਸਨ।ਇਸ ਪ੍ਰਕਾਰ ਗੁਰਮਤਿ ਦੇ ਇਸ ਸ਼੍ਰੋਮਣੀ ਪ੍ਰਚਾਰਕ ਨੇ ਵਿਸ਼ਾਲ ਅਤੇ ਵਿਸਤ੍ਰਿਤ ਅਧਿਐਨ ਅਤੇ ਅਨੁਭਵ ਦੇ ਮਾਧਿਅਮ ਨਾਲ ਪ੍ਰਮਾਤਮਾ ਦੀ ਸ੍ਰੇਸ਼ਠ ਕਥਾ ਕਰਨ ਦਾ ਅਦਭੁਤ ਗੁਣ ਸੰਸਾਰ ਭਰ ਨੂੰ ਅਤੇ ਅਜੋਕੀ ਪ੍ਰਚਾਰਕ ਸ਼ਰੇਣੀ ਨੂੰ ਸਿਖਾਇਆ।

ਜਦੋਂ ਉਹ ਗੁਰਮਤਿ ਦੇ ਕਿਸੇ ਸਿਧਾਂਤ ਦੀ ਤੁਲਨਾਤਮਕ ਧਰਮਾਂ ਦੇ ਹਵਾਲਿਆਂ ਨੂੰ ਪਿਛੋਕੜ ਵਿੱਚ ਰੱਖ ਕੇ ਤੇ ਹੋਰ ਅਨੇਕਾਂ ਆਧੁਨਿਕ ਅਤੇ ਪੁਰਾਤਨ ਗ੍ਰੰਥਾਂ ਵਿੱਚੋਂ ਸੰਬੰਧਤ ਪ੍ਰਸੰਗ ਛੇੜ ਕੇ ਵਿਆਖਿਆ ਕਰਦੇ ਤਾਂ ਉਸ ਦਾ ਸ੍ਰੋਤਿਆਂ ਉੱਤੇ ਬੜਾ ਪੁਖਤਾ ਤੇ ਨਿਵੇਕਲਾ ਪ੍ਰਭਾਵ ਪੈਂਦਾ।ਉਨ੍ਹਾਂ ਦੇ ਅਧਿਐਨ ਦਾ ਪ੍ਰਭਾਵ ਉਨ੍ਹਾਂ ਦੀ ਨਿਰਮਲ, ਸਵੱਛ ਤੇ ਗੁਰਮਤਿ ਅਨੁਸਾਰੀ ਰਹਿਣੀ-ਬਹਿਣੀ ਵਿੱਚੋਂ ਵੀ ਝਲਕਦਾ ਜਿਸ ਕਰਕੇ ਵੀ ਸ੍ਰੋਤੇ ਉਨ੍ਹਾਂ ਦੀਆਂ ਦਲੀਲਾਂ, ਤਰਕਾਂ, ਉਦਾਹਰਣਾਂ ਅਤੇ ਆਤਮਕ ਅਨੁਭਵਾਂ ਦਾ ਪ੍ਰਭਾਵ ਗ੍ਰਹਿਣ ਕਰਦੇ ਸਨ।

ਗੁਰਮਤਿ ਦੇ ਸਾਂਝੀਵਾਲਤਾ ਦੇ ਸੰਕਲਪ ਨੂੰ ਦ੍ਰਿੜ ਕਰਵਾਉਣਾ ਸੰਤ ਸਿੰਘ ਮਸਕੀਨ ਜੀ ਆਪਣਾ ਪਰਮ ਧਰਮ ਸਮਝਦੇ ਸਨ।ਇਸ ਲਈ ਉਹ ਹਰ ਵੇਲੇ ਤੇ ਹਰ ਮੌਕੇ ਨੂੰ ਸੰਭਾਲਦੇ।ਕਿਸੇ ਵੱਡੇ ਤੋਂ ਵੱਡੇ ਮੰਚ ਤੋਂ ਬੋਲਣ ਲਈ ਉਨ੍ਹਾਂ ਨੂੰ ਮੌਕਾ ਬਣਾਉਣਾ ਨਹੀਂ ਸੀ ਪੈਂਦਾ ਸਗੋਂ ਮੌਕੇ ਉਨ੍ਹਾਂ ਨੂੰ ਤਲਾਸ਼ਦੇ ਸਨ।ਗੈਰ-ਧਰਮਾਂ ਦੇ ਸਮਾਗਮਾਂ ਅਤੇ ਸਰਬ-ਧਰਮ ਸੰਮੇਲਨਾਂ ਵਿੱਚ ਹੋਰਨਾਂ ਧਰਮਾਂ ਦੇ ਵਿਦਵਾਨਾਂ ਨਾਲ ਸੰਵਾਦ ਰਚਾ ਕੇ ਸਿੱਖ-ਵਿਚਾਰਧਾਰਾ ਦੀ ਉਹ ਸਪਸ਼ਟ ਅਤੇ ਪ੍ਰਪੱਕ ਪੁਸ਼ਟੀ ਕਰਦੇ।ਸੋ ਸੰਤ ਸਿੰਘ ਮਸਕੀਨ ਜੀ ਦੇ ਗਿਆਨ, ਹਾਜ਼ਰ ਜਵਾਬੀ ਅਤੇ ਅਦਭੁਤ ਸਮਰਣ ਸ਼ਕਤੀ ਵਿਸ਼ਵ ਪੱਧਰ ਉੱਤੇ ਸਿੱਖੀ ਦੀ ਇੱਕ ਅਨੂਠੀ ਅਤੇ ਨਿਰਾਲੀ ਤਸਵੀਰ ਉਕੇਰਦੀ ਰਹੀ ਜਿਸ ਨੂੰ ਵੱਡੇ-ਵੱਡੇ ਵਿਦਵਾਨ ਤੇ ਵਿਆਖਿਆਕਾਰ ਵੀ ਕਬੂਲਦੇ ਸਨ ਤੇ ਉਨ੍ਹਾਂ ਦੇ ਸਮਾਗਮਾਂ ਵਿੱਚ ਸ਼ਾਮਿਲ ਹੋ ਕੇ ਉਨ੍ਹਾਂ ਦਾ ਪ੍ਰਭਾਵ ਅਤੇ ਆਨੰਦ ਗ੍ਰਹਿਣ ਕਰਨ ਵਿੱਚ ਫ਼ਖ਼ਰ ਮਹਿਸੂਸ ਕਰਦੇ ਸਨ।

ਅਜੋਕੇ ਸਮੇਂ ਜਦੋਂ ਧਰਮ ਵਪਾਰ ਬਣਿਆ ਹੋਇਆ ਹੈ ਤੇ ਪ੍ਰਚਾਰਕ-ਸ਼੍ਰੇਣੀ ਦੀ ਮਾਇਆ ਪਿੱਛੇ ਦੌੜ ਲੱਗੀ ਹੋਈ ਹੈ ਅਜਿਹੇ ਸਮੇਂ ਵਿੱਚ ਗਿਆਨੀ ਸੰਤ ਸਿੰਘ ਮਸਕੀਨ ਜੀ ਨੇ ਆਪ ਉਦਾਹਰਣ ਬਣ ਕੇ ਗੁਰਮਤਿ ਦਾ ਅਨੁਸਰਣ ਕਰਦੇ ਹੋਏ ਮਾਇਆ ਤੋਂ ਨਿਰਲੇਪ ਰਹਿ ਕੇ ਵਿਖਾਇਆ ਭਾਵੇਂ ਫਿਰ ਵੀ ਮਾਇਆ ਉਨ੍ਹਾਂ ਦੇ ਪਿੱਛੇ-ਪਿੱਛੇ ਰਹਿੰਦੀ ਸੀ।ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਖੇ ਉਹ ਗੁਰੂ ਰਾਮਦਾਸ ਜੀ ਦੇ ਗੁਰਪੁਰਬ ਤੋਂ ਲੈ ਕੇ

ਦੀਵਾਲੀ ਤੱਕ ਲਗਾਤਾਰ ਕਥਾ ਕਰਦੇ ਸਨ ਜਿਸ ਦੇ ਬਦਲੇ ਕਦੇ ਮਾਇਆ ਨਹੀਂ ਸਨ ਲੈਂਦੇ ਤੇ ਕੇਵਲ ਇੱਕ 'ਸਿਰੋਪਾ' ਹੀ ਸਵੀਕਾਰ ਕਰਦੇ ਸਨ। ਅਜਿਹੇ ਹੋਰ ਵੀ ਅਨੇਕਾਂ ਸਲਾਨਾ ਸਮਾਗਮ ਹੁੰਦੇ ਸਨ ਜੋ ਕਥਾ ਭੇਟਾ ਲਏ ਬਿਨਾਂ ਹੀ ਉਹ ਕਰਿਆ ਕਰਦੇ ਸਨ। ਉਨ੍ਹਾਂ ਨਾਲ ਜ਼ਿੰਦਗੀ ਭਰ ਵਿਚਰੇ ਕਵੀਰਾਜ ਜੈ ਸਿੰਘ ਦੇ ਸ਼ਬਦਾਂ ਨੂੰ ਪ੍ਰਮਾਣ ਵਜੋਂ ਵੇਖਦੇ ਹਾਂ:

> ਇੱਕ ਇਹ ਮਹਾਨ ਕਥਾਕਾਰ ਜਿਨ੍ਹਾਂ ਨੂੰ ਜਿਤਨੀ ਭੇਟਾ ਦਿੱਤੀ ਗਈ ਮਾਇਆ ਸਟੇਜ ਤੇ ਰੱਖ ਕੇ ਚਲੇ ਗਏ, ਉਠਾਈ ਨਹੀਂ। ਸੇਵਾਦਾਰਾਂ ਨੇ ਮਾਇਆ ਉਠਾਈ, ਜਾ ਕੇ ਕਮਰੇ ਵਿੱਚ ਮਸਕੀਨ ਜੀ ਨੂੰ ਦਿੱਤੀ। ਜਦੋਂ ਇਸੇ ਤਰ੍ਹਾਂ ਤਿੰਨ ਦਿਨ ਗੁਜ਼ਰ ਗਏ ਤਾਂ ਬਾਬਾ ਜੀ ਨੇ ਕਿਹਾ ਗਿਆਨੀ ਜੀ ਤੁਸੀਂ ਕਥਾ ਭੇਟ ਦੀ ਅਰਦਾਸ ਕਰਿਆ ਕਰੋ। ਮਸਕੀਨ ਜੀ ਨੇ ਬਾਬਾ ਜੀ ਨੂੰ ਕਿਹਾ ਮਹਾਪੁਰਸ਼ੋ ਜਿਹੜਾ ਪਰਮਾਤਮਾ ਸਾਨੂੰ ਇਤਨੇ ਕੀਮਤੀ ਸੁਆਸ ਦੇ ਰਿਹਾ ਹੈ, ਇਹ ਵਡਮੁੱਲੀ ਜ਼ਿੰਦਗੀ ਦੇ ਰਿਹਾ ਹੈ ਕਦੇ ਉਸ ਦਾ ਧੰਨਵਾਦ ਕਰਨਾ ਵੀ ਤਾਂ ਸਾਨੂੰ ਬਣ ਆਉਂਦਾ ਹੈ। ਇਸ ਲਈ ਮੈਂ ਕਦੀ ਕਥਾ ਭੇਟ ਦੀ ਅਰਦਾਸ ਨਹੀਂ ਕਰਦਾ। ਬਾਬਾ ਜੀ ਨੇ ਕਿਹਾ ਕਿ ਤੂੰ ਕਿਹੋ ਜਿਹਾ ਕਥਾਕਾਰ ਹੈਂ ਸਾਡੇ ਕੋਲੋਂ ਤਾਂ ਕਥਾਕਾਰ ਆ ਕੇ ਪੈਸੇ ਮੰਗਦੇ ਹਨ।[116]

ਨਿਸ਼ਚੈ ਹੀ ਸੰਤ ਸਿੰਘ ਮਸਕੀਨ ਜੀ ਐਸੀ ਸ਼ਖ਼ਸੀਅਤ ਦੇ ਮਾਲਕ ਸਨ ਜੋ ਸੰਸਾਰ ਵਿੱਚ ਰਹਿ ਕੇ ਵੀ ਮਾਇਆ ਦੇ ਪ੍ਰਭਾਵ ਹੇਠ ਨਹੀਂ ਸਨ। ਉਨ੍ਹਾਂ ਨੂੰ ਪ੍ਰਬੰਧਕ ਜਿੰਨੀ ਵੀ ਮਾਇਆ ਕਥਾ ਭੇਟਾ ਦੇ ਰੂਪ ਵਿੱਚ ਦੇ ਦਿੰਦੇ ਸਨ, ਉਹ ਸਵੀਕਾਰ ਕਰ ਲੈਂਦੇ ਸਨ ਉਹ ਕਦੇ ਕਥਾ ਦਾ ਸੌਦਾ ਤੈਅ ਕਰ ਕੇ ਬਾਣੀ ਦਾ ਨਿਰਾਦਰ ਨਹੀਂ ਸਨ ਕਰਨਾ ਚਾਹੁੰਦੇ ਸਗੋਂ ਰਾਗੀਆਂ ਤੇ ਪ੍ਰਚਾਰਕਾਂ ਦੀ ਅਜਿਹੀ ਸੋਚਣੀ ਅਤੇ ਮਨੋਬਿਰਤੀ ਨੂੰ ਵੇਖ ਕੇ ਬਹੁਤ ਚਿੰਤਿਤ ਸਨ। ਗੁਰਮਤਿ ਮਿਸ਼ਨਰੀ ਹੋਣ ਦੇ ਨਾਤੇ ਉਨ੍ਹਾਂ ਨੇ ਅਜਿਹੀ ਬਿਰਤੀ ਵਾਲੀ ਪ੍ਰਚਾਰਕ-ਸ਼੍ਰੇਣੀ - ਰਾਗੀ, ਢਾਡੀ, ਪਾਠੀ, ਗ੍ਰੰਥੀ ਅਤੇ ਪ੍ਰਚਾਰਕ ਅੰਦਰ ਆਏ ਐਸੇ ਰੁਝਾਨ ਨੂੰ ਠੱਲ੍ਹ ਪਾਉਣ ਲਈ ਆਪਣੇ ਜੀਵਨ ਭਰ ਦੇ ਅਨੁਭਵ ਨਾਲ ਇੱਕ ਪੁਸਤਕ 'ਦੇਸ਼-ਵਿਦੇਸ਼ ਦੇ ਗੁਰਦੁਆਰਿਆਂ ਦਾ ਪ੍ਰਬੰਧਕੀ ਢਾਂਚਾ ਅਤੇ ਪ੍ਰਚਾਰਕ ਸ਼ਰੇਣੀ' ਲਿਖੀ ਤੇ ਆਪਣੀ ਅਨੋਖੀ ਸ਼ੈਲੀ ਨਾਲ ਪ੍ਰਬੰਧਕਾਂ,

ਰਾਜਨੀਤਕਾਂ ਅਤੇ ਪ੍ਰਚਾਰਕਾਂ ਨੂੰ ਚੱਲ ਰਹੇ ਨਿਜ਼ਾਮ ਬਦਲਣ ਦੇ ਦਿਸ਼ਾ-ਨਿਰਦੇਸ਼ ਦਿੱਤੇ।ਇਸ ਪੁਸਤਕ ਦੀਆਂ 50000 ਕਾਪੀਆਂ ਉਨ੍ਹਾਂ ਨੇ ਆਪਣੇ ਕੋਲੋਂ ਛਪਵਾ ਕੇ ਸੰਸਾਰ ਭਰ ਵਿੱਚ ਫਰੀ ਵੰਡੀਆਂ।ਇਸ ਸੇਧ ਦੀ ਸਮਾਜ ਨੂੰ ਬੜੀ ਲੋੜ ਸੀ ਕਿਉਂਕਿ ਪ੍ਰਚਾਰਕਾਂ ਦੇ ਵੱਡੇ ਬਜਟ ਕਾਰਨ ਅਕਸਰ ਛੋਟੇ ਪਿੰਡਾਂ ਦੇ ਲੋਕ ਉਨ੍ਹਾਂ ਦੀ ਰਸਨਾ ਤੋਂ ਬਾਣੀ ਦੀ ਕਥਾ, ਕੀਰਤਨ ਸੁਣਨੋਂ ਵਾਂਝੇ ਰਹਿ ਜਾਂਦੇ ਹਨ।ਉਨ੍ਹਾਂ ਨੇ ਅਜੋਕੀ ਪੀੜ੍ਹੀ ਨੂੰ ਆਪ ਉਦਾਹਰਣ ਬਣ ਕੇ ਸਿਖਾਇਆ ਕਿ ਮਾਇਆ ਵਿੱਚ ਉਦਾਸ ਕਿਵੇਂ ਰਹੀਦਾ ਹੈ।

ਕਥਾ ਭੇਟਾ ਦੇ ਰੂਪ ਵਿੱਚ ਇਕੱਠੀ ਹੋਈ ਮਾਇਆ ਦਾ ਬਹੁਤਾ ਹਿੱਸਾ ਉਹ ਗਰੀਬ ਬੱਚਿਆਂ, ਯਤੀਮਾਂ ਅਤੇ ਵਿਧਵਾਵਾਂ ਨੂੰ ਰਾਸ਼ਨ, ਕੱਪੜੇ ਆਦਿ ਲੈ ਕੇ ਦੇਣ ਤੇ ਖਰਚ ਦਿੰਦੇ ਸਨ।ਰਾਜਸਥਾਨ ਵਿੱਚ ਉਹ ਬੱਚਿਆਂ ਨੂੰ ਆਪ ਪੰਜਾਬੀ ਪੜ੍ਹਾਉਂਦੇ ਸਨ।ਗੁਰਬਾਣੀ ਦੇ ਨਾਲ-ਨਾਲ ਉਨ੍ਹਾਂ ਨੂੰ ਪੰਜਾਬੀ ਦਾ ਪ੍ਰਚਾਰ ਕਰਨ ਦਾ ਵੀ ਬੜਾ ਚਾਅ ਸੀ।ਬੱਚਿਆਂ ਦੀ ਗਿਣਤੀ ਜ਼ਿਆਦਾ ਹੋ ਜਾਣ ਤੇ ਉਨ੍ਹਾਂ ਨੇ ਗੁਰਦੁਆਰੇ ਦੇ ਇੱਕ ਕਮਰੇ ਵਿੱਚ ਉਨ੍ਹਾਂ ਦੀ ਪੜ੍ਹਾਈ ਦਾ ਪ੍ਰਬੰਧ ਕਰ ਦਿੱਤਾ ਤੇ ਇਹ ਗਿਣਤੀ ਹੋਰ ਵੱਧ ਜਾਣ ਤੇ ਉਨ੍ਹਾਂ ਨੇ ਗੁਰੂ ਨਾਨਕ ਪਬਲਿਕ ਸਕੂਲ ਖੋਲ੍ਹ ਦਿਤਾ ਜਿੱਥੇ ਸੈਂਕੜੇ ਗ਼ਰੀਬ ਬੱਚਿਆਂ ਨੂੰ ਨਾ ਕੇਵਲ ਬਗੈਰ ਫੀਸ ਲਏ ਪੜ੍ਹਾਈ ਕਰਵਾਈ ਜਾਂਦੀ ਸਗੋਂ ਬੱਚਿਆਂ ਨੂੰ ਕਿਤਾਬਾਂ, ਕੱਪੜੇ, ਸਵੈਟਰ ਆਦਿ ਵੀ ਮੁਫਤ ਵਿੱਚ ਦਿੱਤੇ ਜਾਂਦੇ ਸਨ।ਫਿਰ ਬੱਚਿਆਂ ਦੀ ਹੋਰ ਵਧੀ ਹੋਈ ਗਿਣਤੀ ਨੂੰ ਦੇਖਦੇ ਹੋਏ ਇੱਕ ਹੋਰ ਸਕੂਲ ਸ੍ਰੀ ਹਰਿਕ੍ਰਿਸ਼ਨ ਪਬਲਿਕ ਸਕੂਲ ਖੋਲ੍ਹ ਦਿੱਤਾ ਜਿੱਥੇ ਕਿ ਹੋਰ ਵਿਸ਼ਿਆਂ ਦੇ ਨਾਲ-ਨਾਲ ਪੰਜਾਬੀ ਤੇ ਗੁਰਮਤਿ ਦੀ ਪੜ੍ਹਾਈ ਕਰਵਾਈ ਜਾਂਦੀ ਹੈ ਤੇ ਕਥਾ-ਕੀਰਤਨ ਦੀ ਸਿਖਲਾਈ ਵੀ ਦਿੱਤੀ ਜਾਂਦੀ ਹੈ।ਲੋਕ ਆਪਣੇ ਬੱਚਿਆਂ ਨੂੰ ਇਸ ਸਕੂਲ ਵਿੱਚ ਪੜ੍ਹਵਾ ਕੇ ਬਹੁਤ ਮਾਣ ਮਹਿਸੂਸ ਕਰਦੇ ਹਨ।ਇਹ ਆਲੇ-ਦੁਆਲੇ ਦੇ ਇਲਾਕਾ ਨਿਵਾਸੀਆਂ ਨੂੰ ਉਨ੍ਹਾਂ ਦੀ ਬੜੀ ਵੱਡੀ ਦੇਣ ਹੈ।ਸੰਤ ਸਿੰਘ ਮਸਕੀਨ ਜੀ ਆਪਣੇ ਮਾਤਾ-ਪਿਤਾ ਦੀ ਯਾਦ ਵਿੱਚ ਅਲਵਰ ਵਿਖੇ ਸਲਾਨਾ ਗੁਰਮਤਿ ਸਮਾਗਮ ਕਰਵਾਉਂਦੇ ਸਨ ਜਿਸ ਵਿੱਚ ਇੱਕ ਵੱਡੇ ਪੱਧਰ ਉੱਤੇ ਗੁਰਮਤਿ ਪ੍ਰਚਾਰ ਕੀਤਾ ਜਾਂਦਾ ਸੀ ਜੋ ਅਜੇ ਵੀ ਜਾਰੀ ਹੈ।ਉਨ੍ਹਾਂ ਨੇ ਓਅੰਕਾਰੇਸ਼ਵਰ ਵਿਖੇ ਇੱਕ ਗੁਰਦੁਆਰਾ ਵੀ ਤਨ, ਮਨ ਤੇ ਧਨ ਦੀ ਸੇਵਾ ਕਰਕੇ ਬਣਵਾਇਆ।ਇਸ ਤੋਂ ਇਲਾਵਾ ਵੀ ਉਹ ਹਰ ਵੇਲੇ ਗਰੀਬਾਂ ਨੂੰ ਪੈਸੇ, ਕੱਪੜੇ, ਬਿਸਤਰੇ ਅਤੇ ਚੱਪਲਾਂ ਆਦਿ ਦੇ ਕੇ ਖੁਸ਼ ਹੁੰਦੇ ਸਨ।

ਗਿਆਨੀ ਸੰਤ ਸਿੰਘ ਮਸਕੀਨ ਜੀ ਸਮਦ੍ਰਿਸ਼ਟ ਹੋਣ ਦੇ ਨਾਤੇ ਕੱਟੜਪੰਥੀ ਨਹੀਂ ਸਨ ਤੇ ਉਹ ਆਖਦੇ ਸਨ:

> ਮੰਦਰ ਵਿੱਚ ਘੜਿਆਲ ਵੱਜੇ ਜਾਂ ਮਸਜਿਦ ਵਿੱਚ ਅਜ਼ਾਨ ਹੋਵੇ ਮੇਰਾ ਹਿਰਦਾ ਝੁਕ ਜਾਂਦਾ ਹੈ।ਮੈਨੂੰ ਅਜ਼ਾਨ ਵਿੱਚ ਤੇ ਘੜਿਆਲ ਵਿੱਚ ਕੋਈ ਭੇਦ ਪ੍ਰਤੀਤ ਨਹੀਂ ਹੁੰਦਾ।ਇਸ ਸੰਬੰਧੀ ਇੱਕ ਮਹਾਨ ਸ਼ਾਇਰ ਦਾ ਸ਼ੇਅਰ ਸੁਣਾਉਂਦੇ ਸਨ:
>
> ਤਾਮੀਜ਼ ਮਿਟ ਚੁਕੀ ਹੈ ਕੁਫਰੋਂ ਇਮਾ
>
> ਸਦਾ ਠਾਕੂਸ ਕੀ ਆਤੀ ਹੈ ਅਜ਼ਾਨ ਬਨ ਕੇ।[117]

ਉਨ੍ਹਾਂ ਦੀ ਕਥਾ ਸੁਣਨ ਲਈ ਅਕਸਰ ਸਿੱਖਾਂ ਦੇ ਨਾਲ-ਨਾਲ ਹਿੰਦੂ ਅਤੇ ਮੁਸਲਮਾਨ ਵੀ ਵੱਡੀ ਗਿਣਤੀ ਵਿੱਚ ਆਉਂਦੇ ਸਨ ਤੇ ਉਨ੍ਹਾਂ ਨੂੰ ਆਪਣੇ ਘਰ ਖਾਣੇ ਤੇ ਵੀ ਬੁਲਾਉਂਦੇ ਸਨ ਜਿਸ ਲਈ ਉਨ੍ਹਾਂ ਨੇ ਕਦੇ ਇਨਕਾਰ ਨਹੀਂ ਕੀਤਾ ਸਗੋਂ ਬਿਨਾਂ ਕਿਸੇ ਭੇਦ-ਭਾਵ ਦੇ ਹਮੇਸ਼ਾ ਜਾਤ-ਪਾਤ, ਨਿੰਦਿਆ-ਚੁਗਲੀ, ਵੈਰ-ਵਿਰੋਧ ਆਦਿ ਤੋਂ ਆਪ ਉੱਚੇ ਉੱਠ ਕੇ ਹੋਰਨਾਂ ਨੂੰ ਸਮਦ੍ਰਿਸ਼ਟਤਾ ਦਾ ਉਪਦੇਸ਼ ਦਿੰਦੇ ਰਹੇ।ਉਹ ਕਿਤੇ ਵੀ ਦੇਸ਼-ਵਿਦੇਸ਼ ਵਿੱਚ ਕਥਾ ਕਰਨ ਜਾਂਦੇ ਤਾਂ ਰਿਹਾਇਸ਼ ਗੁਰਦੁਆਰੇ ਵਿੱਚ ਹੀ ਕਮਰਾ ਲੈ ਕੇ ਰੱਖਦੇ ਸਨ, ਕਦੇ ਕਿਸੇ ਦੇ ਘਰ ਜਾਂ ਹੋਟਲ ਆਦਿ ਵਿੱਚ ਨਹੀਂ ਸਨ ਰਹਿੰਦੇ ਤਾਂ ਜੋ ਉਨ੍ਹਾਂ ਦੀ ਵਜ੍ਹਾ ਨਾਲ ਕੋਈ ਪਰੇਸ਼ਾਨ ਨਾ ਹੋਵੇ।ਉਹ ਆਪ ਆਖਦੇ ਹਨ:

> ਦੇਸ਼-ਵਿਦੇਸ਼ ਚਾਹੇ ਮੈਂ ਕਿਧਰੇ ਵੀ ਭਰਮਣ ਕਰਦਾ ਹੋਵਾਂ, ਠਹਿਰਦਾ ਗੁਰਦੁਆਰੇ ਵਿੱਚ ਹਾਂ।ਇਸ ਦਾ ਸਦਕਾ ਭਾਰਤ ਵਿੱਚ ਤਾਂ ਐਸਾ ਹੋਇਆ ਹੈ, ਜਿਨ੍ਹਾਂ ਗੁਰਦੁਆਰਿਆਂ ਵਿੱਚ ਰਿਹਾਇਸ਼ ਨਹੀਂ ਸੀ, ਉਨ੍ਹਾਂ ਨੇ ਵੀ ਦੋ-ਦੋ ਤਿੰਨ-ਤਿੰਨ ਕਮਰੇ ਬਣਾ ਦਿੱਤੇ ਨੇ ਔਰ ਆਏ ਗਏ ਲਈ ਸੁੱਖ ਹੋ ਗਿਆ ਹੈ।[118]

ਉਹ ਸਿਦਕੀ, ਸਿਰੜੀ ਅਤੇ ਸਾਦਾ ਜੀਵਨ ਬਿਤਾਉਂਦੇ ਸਨ।ਸਾਦਾ ਖਾਣਾ ਖਾਂਦੇ ਤੇ ਸਾਦੇ ਕੱਪੜੇ ਪਹਿਨਦੇ ਸਨ।ਉਨ੍ਹਾਂ ਨੇ ਕਦੇ ਸੰਤਾਂ ਜਾਂ ਭੇਖੀਆਂ ਵਾਲਾ ਬਾਣਾ ਨਹੀਂ ਸੀ ਪਹਿਨਿਆ।ਸਫੇਦ ਕੁੜਤਾ-ਪਜਾਮਾ, ਸਿਰ ਤੇ ਕਾਲੀ ਦਸਤਾਰ ਤੇ ਮੋਢੇ ਤੇ ਇੱਕ ਲੋਈ ਜਾਂ ਚਾਦਰ ਰੱਖਦੇ ਸਨ ਜਿਸ ਨੂੰ ਬਹੁਤੇ ਕਥਾਕਾਰਾਂ ਨੇ ਅਪਣਾਇਆ ਵੀ।ਪ੍ਰਮਾਣ ਵਜੋਂ:

> ਕਲਾਸੀਕਲ ਸੰਗੀਤ ਦੀ ਦੁਨੀਆਂ ਵਿੱਚ ਜਿਵੇਂ ਕਿਸੇ ਇੱਕ ਮਹਾਨ ਸੰਗੀਤਕਾਰ ਦੀ ਨਵੇਕਲੇ ਰੰਗ ਦੀ ਗਾਇਕੀ ਕਾਰਨ,

> ਉਸ ਦੇ ਨਾਂ ਤੇ ਜਾਂ ਉਸ ਦੀ ਰਿਹਾਇਸ਼ ਵਾਲੇ ਕਿਸੇ ਸ਼ਹਿਰ ਦੇ ਨਾਂ ਤੇ ਵੱਖ-ਵੱਖ ਘਰਾਣੇ ਪ੍ਰਸਿੱਧ ਹਨ ਜਿਵੇਂ ਪੰਜਾਬ ਦੇ ਸ਼ਾਮ ਚੁਰਾਸੀ ਤੇ ਪਟਿਆਲਾ ਘਰਾਣੇ ਪ੍ਰਸਿੱਧ ਹਨ।ਇਸੇ ਤਰ੍ਹਾਂ ਕਥਾ-ਵਾਚਕਾਂ ਵਿੱਚ ਮਸਕੀਨ ਸਾਹਿਬ ਦੇ ਸਟਾਈਲ ਦੀ ਕਥਾ ਦੇ ਘਰਾਣੇ ਦਾ ਨਾਂ ਵੀ 'ਮਸਕੀਨ ਘਰਾਣਾ' ਸਥਾਪਤ ਹੋ ਚੁੱਕਾ ਹੈ।ਹੁਣ ਦੇ ਬਹੁਤੇ ਕਥਾਕਾਰਾਂ ਦੀ ਪੇਸ਼ਕਾਰੀ ਵਿੱਚ ਤੇ ਪਹਿਰਾਵੇ ਵਿੱਚ ਮਸਕੀਨ ਜੀ ਵਾਲੀ ਝਲਕ ਮਿਲਦੀ ਹੈ।[119]

ਪ੍ਰਚਾਰਕ ਦੌਰਿਆਂ ਦੌਰਾਨ ਉਨ੍ਹਾਂ ਦੇ ਨਾਲ ਕੁਝ ਕਥਾ ਸਿੱਖਣ ਵਾਲੇ ਵਿਦਿਆਰਥੀ, ਦੋ-ਤਿੰਨ ਕਥਾਵਾਚਕ, ਰਾਗੀ ਜਥੇ, ਤਿੰਨ-ਚਾਰ ਕਵੀ ਇੱਕ 'ਗੁਰਮਤਿ ਕਾਫਲੇ' ਦੇ ਰੂਪ ਵਿੱਚ ਉਨ੍ਹਾਂ ਦੇ ਨਾਲ ਤੁਰਦੇ ਸਨ।ਜਿਸ ਨੂੰ ਉਹ 'ਪ੍ਰਚਾਰ ਵਹੀਰ' ਕਿਹਾ ਕਰਦੇ ਸਨ।ਉਹ ਆਪਣੀ ਆਤਮ-ਕਥਾ ਵਿੱਚ ਦੱਸਦੇ ਹਨ ਕਿ ਇੱਕ ਅੰਦਾਜ਼ੇ ਦੇ ਮੁਤਾਬਿਕ ਉਨ੍ਹਾਂ ਦੇ ਕੋਈ 15 ਦੇ ਕਰੀਬ ਵਿਦਿਆਰਥੀ ਅੱਜ ਕਥਾਵਾਚਕ ਬਣ ਕੇ ਦੇਸ਼ ਵਿਦੇਸ਼ ਵਿੱਚ ਬੜੇ ਸੋਹਣੇ ਢੰਗ ਨਾਲ ਕਥਾ ਕਰ ਰਹੇ ਹਨ।[120] ਇਹ ਉਨ੍ਹਾਂ ਦੀ ਲਾਸਾਨੀ ਸ਼ਖਸੀਅਤ ਦਾ ਹੀ ਅਸਰ ਹੈ ਕਿ ਉਨ੍ਹਾਂ ਦੇ ਸਦੀਵੀ ਵਿਛੋੜੇ ਉਪਰੰਤ ਵੀ ਉਨ੍ਹਾਂ ਦੇ ਵਿਦਿਆਰਥੀਆਂ ਅਤੇ ਨਿਕਟਵਰਤੀਆਂ ਨੇ ਉਨ੍ਹਾਂ ਦੁਆਰਾ ਤੋਰੇ ਕਥਾ ਦੇ ਪ੍ਰਵਾਹ ਨੂੰ ਜਾਰੀ ਰੱਖਿਆ ਹੋਇਆ ਹੈ।ਇਸ ਵਿੱਚ ਕੋਈ ਦੋ ਰਾਵਾਂ ਨਹੀਂ ਹਨ ਕਿ 'ਕਿੰਨੇ ਕੁ ਕੀਰਤਨੀਏ ਅਤੇ ਕਥਾਕਾਰ ਹਨ ਜੋ ਅੱਜ ਆਪਣੇ ਵੱਡੇ ਪਰਾਂ (ਖੰਭਾਂ) ਦੀ ਬੁੱਕਲ ਵਿੱਚ ਹੋਰ ਕਥਾਕਾਰ-ਕੀਰਤਨੀਆਂ ਨੂੰ ਵੀ ਉਡਾ ਲਿਜਾਂਦੇ ਰਹੇ ਹੋਣ?ਸਿਵਾਏ ਮਸਕੀਨ ਜੀ ਦੇ ਹੋਰ ਕਿਸੇ ਉੱਪਰ ਨਜ਼ਰ ਨਹੀਂ ਪੈਂਦੀ।'[121]

ਗੁਰਬਾਣੀ ਦੇ ਸਿਧਾਂਤ ਮੁਤਾਬਿਕ ਉਹ ਭੇਖ ਦੇ ਬਹੁਤ ਵਿਰੁੱਧ ਸਨ ਅਤੇ ਉਨ੍ਹਾਂ ਸੰਤਾਂ-ਸਾਧਾਂ ਤੇ ਡੇਰੇਦਾਰਾਂ ਦੇ ਪਾਜ ਉਘੇੜਦੇ ਸਨ ਜੋ ਆਪ ਗੁਰੂ ਡੰਮ੍ਹ ਬਣ ਕੇ ਪੂਜਾ ਕਰਵਾਉਂਦੇ, ਮਾਇਆ ਇਕੱਤਰ ਕਰਨ ਲਈ ਡੇਰੇ ਚਲਾਉਂਦੇ ਤੇ ਸੀਮਤ ਸਰੋਤ ਧਾਰਨੀ ਸੰਗਤਾਂ ਨੂੰ ਕਾਮਨਾਵਾਂ ਦੀ ਪੂਰਤੀ ਦੀ ਆਸ ਬਨ੍ਹਾਂ ਕੇ ਉਸ ਕਰਮ ਕਾਂਡ ਦੇ ਜਾਲ ਵਿੱਚ ਫਸਾਉਂਦੇ ਸਨ ਜਿਸ ਬਿਪ੍ਰ-ਰੀਤ ਵਿੱਚੋਂ ਗੁਰੂ ਗੋਬਿੰਦ ਸਿੰਘ ਜੀ ਨੇ ਦੇਸ਼ ਦੀ ਭੋਲੀ ਭਾਲੀ ਜਨਤਾ ਨੂੰ ਬਾਹਰ ਕੱਢਿਆ ਸੀ।ਇਸ ਪ੍ਰਕਾਰ ਪ੍ਰਚਾਰ ਦੌਰਾਨ ਹਮੇਸ਼ਾ ਉਨ੍ਹਾਂ ਦੀ ਇਹ ਕੋਸ਼ਿਸ਼ ਰਹੀ ਕਿ ਧਾਰਮਿਕ ਲੋਕਾਂ ਨੂੰ ਘੱਟੋ ਘੱਟ ਇਸ ਬਿਪ੍ਰ ਰੀਤ ਤੋਂ ਮੁਕਤ ਹੋਣ ਦਾ ਰਾਹ ਦਿਖਾਇਆ ਜਾਏ

ਕਿਉਂਕਿ ਧਰਮ ਦੇ ਨਾਮ ਉੱਤੇ ਕਰਮਕਾਂਡ, ਆਡੰਬਰ, ਵਹਿਮ-ਭਰਮ, ਝੂਠ-ਫਰੇਬ ਵਿੱਚ ਫਸੇ ਲੋਕ ਕਦੇ ਪਰਮਾਤਮਾ ਨੂੰ ਪ੍ਰਾਪਤ ਨਹੀਂ ਕਰ ਸਕਣਗੇ। ਉਹ ਨਾਮ ਅਭਿਆਸੀ ਤੇ ਰੱਬੀ ਰਸਿਕ ਜਨਾਂ ਨੂੰ ਹੀ ਸੰਤ ਆਖਦੇ ਸਨ।

ਖੁਦ ਅਨੁਭਵੀ ਪ੍ਰਚਾਰਕ ਅਤੇ ਆਤਮਕ ਅਭਿਆਸੀ ਹੋਣ ਦੇ ਨਾਤੇ ਹਮੇਸ਼ਾ ਉਨ੍ਹਾਂ ਨੂੰ ਨਾਮ ਅਭਿਆਸ ਨਾਲ ਜੁੜੀਆਂ ਅਤੇ ਪੁੱਜੀਆਂ ਹੋਈਆਂ ਰੂਹਾਂ ਦੀ ਹੀ ਤਲਾਸ਼ ਰਹੀ। ਉਹ ਆਪ ਆਖਦੇ ਹਨ ਕਿ ਉਨ੍ਹਾਂ ਦਾ ਕਥਾ ਕਰਨ ਦਾ ਸ਼ੌਕ ਕਦੋਂ ਉਨ੍ਹਾਂ ਦੀ ਕਿਰਤ ਅਤੇ ਉਪਜੀਵਿਕਾ ਬਣਿਆ ਉਨ੍ਹਾਂ ਨੂੰ ਵੀ ਨਹੀਂ ਪਤਾ ਲੱਗਾ। ਉਨ੍ਹਾਂ ਅਨੁਸਾਰ ਕੇਵਲ ਕਥਾ ਕਰਨ ਨੂੰ ਪਰਮ-ਧਾਮ ਦੀ ਪ੍ਰਾਪਤੀ ਨਹੀਂ ਕਿਹਾ ਜਾ ਸਕਦਾ ਸਗੋਂ ਉਹ ਤਾਂ ਆਪ ਉਸ ਅਕੱਥ ਦੀ ਤਲਾਸ਼ ਵਿੱਚ ਕਥਾ ਕਰਦੇ ਜਾ ਰਹੇ ਹਨ:

> ਜਿੰਨੇ ਚਿਰ ਤੱਕ ਸਮਝ ਨਹੀਂ ਪਈ, ਕਥਾ ਕਰਨੀ ਪਵੇਗੀ, ਕਥਾ ਸੁਣਨੀ ਵੀ ਪਵੇਗੀ। ਸਮਝ ਪੈ ਗਈ, ਕਥਾ ਕਰਨੀ ਸਮਾਪਤ, ਕਥਾ ਸੁਣਨੀ ਸਮਾਪਤ। ਕਥਾ ਕਰ ਕਰ ਕੇ ਮੈਨੂੰ ਇੰਨਾ ਪਤਾ ਚੱਲਿਆ ਹੈ ਕਿ ਰੱਬ ਕਥਾ ਕਰਨ ਨਾਲ ਨਹੀਂ ਮਿਲਦਾ। ਨਹੀਂ ਤਾਂ ਹੁਣ ਤੱਕ ਮੈਨੂੰ ਮਿਲ ਗਿਆ ਹੁੰਦਾ।[122]

ਉਨ੍ਹਾਂ ਨੂੰ ਰੱਬੀ ਮਿਹਰ ਸਦਕਾ ਜ਼ਿੰਦਗੀ ਵਿੱਚ ਤਿੰਨ ਵਾਰ ਰੱਬੀ ਨੂਰ ਦੀਆਂ ਅਨੁਭਵੀ ਝਲਕਾਂ ਜ਼ਰੂਰ ਮਿਲੀਆਂ ਸਨ ਪਰ ਉਨ੍ਹਾਂ ਦੇ ਮਨ ਅੰਦਰ ਰੱਬੀ ਪਿਆਰ, ਪਿਆਸ, ਉਮੰਗ ਤੇ ਤੜਪ ਬਣੀ ਹੀ ਰਹਿੰਦੀ ਸੀ ਤੇ ਉਨ੍ਹਾਂ ਦਾ ਦਿਲ ਪੁਕਾਰਦਾ ਹੀ ਰਹਿੰਦਾ ਸੀ 'ਪ੍ਰਭ ਮੋਹਿ ਕਬ ਗਲ ਲਾਵਹਿਗੇ।'[123] ਉਹ ਆਪ ਆਖਦੇ ਸਨ ਕਿ ਅਜੇ ਉਨ੍ਹਾਂ ਦੀ ਪ੍ਰਾਲਬਧ ਨਹੀਂ ਬਣੀ।[124]

ਬਾਬਾ ਬਲਵੰਤ ਸਿੰਘ ਜੀ ਅਕਸਰ ਇਹ ਕਹਿ ਕੇ ਉਨ੍ਹਾਂ ਦੇ ਤੜਪਦੇ ਦਿਲ ਨੂੰ ਢਾਰਸ ਬਨ੍ਹਾਉਂਦੇ ਸਨ

> ਰੋਂਦੇ ਹੋਏ ਬੱਚੇ ਦੇ ਮੂੰਹ ਵਿੱਚ ਜਦ ਮਾਂ ਦਾ ਅਸਥਨ ਪੈ ਜਾਂਦਾ ਹੈ ਉਹ ਖੁਦ ਚੁੱਪ ਕਰ ਜਾਂਦਾ ਹੈ, ਤੈਨੂੰ ਅਗਰ ਉਸ ਤਰ੍ਹਾਂ ਦਾ ਰਸ ਮਿਲ ਜਾਏ ਤੂੰ ਕਥਾ ਨਹੀਂ ਕਰੇਂਗਾ। ਚੁੱਪ ਕਰ ਜਾਏਂਗਾ। ਗੁਰੂ ਤੇਰੇ ਕੋਲੋਂ ਕਥਾ ਕਰਾਉਣੀ ਚਾਹੁੰਦਾ ਹੈ ਤੂੰ ਇਸੇ ਵਿੱਚ ਹੀ ਖੁਸ਼ ਰਹਿ, ਇਸੇ ਵਿੱਚ ਪ੍ਰਸੰਨ ਰਹਿ। ਇਸ

> ਤਰ੍ਹਾਂ ਮੈਂ ਆਪਣੇ ਆਪ ਨੂੰ ਸਮਝਾ ਕੇ ਥਾਂ-ਥਾਂ ਜਾ ਕੇ ਸੰਗਤਾਂ ਨੂੰ ਗੁਰਬਾਣੀ ਪ੍ਰਚਾਰ ਤੇ ਵਿਚਾਰ ਸੁਣਾ ਰਿਹਾ ਹਾਂ।[125]

ਕਿਸੇ ਅਗੰਮੀ ਪ੍ਰੇਰਨਾ ਸਦਕਾ ਉਹ ਲੱਖਾਂ ਦੇ ਇਕੱਠ ਨੂੰ ਲਗਾਤਾਰ ਕਈ ਕਈ ਘੰਟੇ ਸੰਬੋਧਤ ਹੋ ਕੇ ਕਥਾਵਾਂ ਦੁਆਰਾ ਆਤਮਕ ਅਨੁਭਵੀ ਗਿਆਨ ਵੰਡਦੇ ਸਨ ਜੋ ਬਿਨਾਂ ਕਿਸੇ ਅਗੇਤੀ ਤਿਆਰੀ ਦੇ ਆਪ ਮੁਹਾਰੇ ਚਸ਼ਮੇ ਦੀ ਤਰ੍ਹਾਂ ਉਨ੍ਹਾਂ ਦੇ ਅੰਦਰੋਂ ਫੁੱਟਦਾ ਸੀ। ਉਹ ਰੱਬੀ ਰੰਗ ਵਿੱਚ ਰੰਗੀਆਂ ਰੂਹਾਂ ਦੀ ਤਲਾਸ਼ ਵਿੱਚ ਹਮੇਸ਼ਾ ਹੀ ਰਹਿੰਦੇ ਸਨ ਤੇ ਆਖਦੇ ਸਨ:

> ਐਸੇ ਜੀਵੜਿਆਂ ਨੂੰ ਦੇਖ ਕੇ ਢਾਰਸ ਤਾਂ ਬੱਝਦੀ ਹੈ ਪਰ ਮੈਂ ਕਈ ਦਫਾ ਈਰਖਾ ਨਾਲ ਭਰਿਆ ਹੋਇਆ ਸੋਚਦਾ ਹਾਂ ਕਿ ਜੋ ਕਥਾ ਸੁਣਿਆ ਕਰਦੇ ਸਨ, ਪਹੁੰਚ ਗਏ ਔਰ ਮੈਂ ਸੁਣਾਉਂਦਾ-ਸੁਣਾਉਂਦਾ ਅਜੇ ਰਸਤੇ ਵਿੱਚ ਹਾਂ।[126]

ਇਸ ਪ੍ਰਕਾਰ ਉਹ ਆਪਣੇ ਬਾਰੇ ਆਖਦੇ ਸਨ ਕਿ ਉਹ ਅਜੇ ਵੀ ਅਧਿਆਤਮਕ ਮਾਰਗ ਦੇ ਰਾਹੀ ਹਨ, ਮੰਜ਼ਿਲ ਦੀ ਤਲਾਸ਼ ਵਿੱਚ ਹਨ ਭਾਵੇਂ ਉਨ੍ਹਾਂ ਦੀਆਂ ਅਧਿਆਤਮਕ ਪ੍ਰਾਪਤੀਆਂ ਉਨ੍ਹਾਂ ਦੀ ਕਲਾ ਨਾਲ ਜੱਗ ਜਾਹਿਰ ਸਨ। ਇੰਝ ਆਪਣੇ ਮਨ ਨੂੰ ਖੋਜਣ ਤੇ ਪ੍ਰਮਾਤਮਾ ਦੀ ਤਲਾਸ਼ ਕਰਨ ਵਾਲਾ ਇਹ ਇੱਕੋ-ਇੱਕ ਏਨੀ ਗਹਿਰੀ ਅਧਿਆਤਮਕ ਸੋਝੀ ਵਾਲਾ ਵਿਆਖਿਆਕਾਰ ਸਿੱਖ ਜਗਤ ਵਿੱਚ ਹੋਇਆ ਹੈ ਜਿਸ ਨੂੰ ਸ਼ਬਦਾਂ ਦੀ ਕਲਾ ਨਾਲ ਅਜਿਹੇ ਸੂਖਮ ਭਾਵ ਲੱਖਾਂ ਜਗਿਆਸੂਆਂ ਦੀ ਭੀੜ ਵਿੱਚ ਵੀ ਦਰਸਾਉਣੇ ਆਉਂਦੇ ਸਨ। ਇਸੇ ਲਈ ਉਨ੍ਹਾਂ ਨੂੰ ਸ਼੍ਰੋਮਣੀ ਦਾਰਸ਼ਨਿਕ ਵਿਆਖਿਆਕਾਰ ਕਹਿਣਾ ਅਤਿਕਥਨੀ ਨਹੀਂ ਹੋਵੇਗੀ।

ਉਹ ਮਾਨਵਤਾ ਦੇ ਸਾਂਝੇ ਤੇ ਸਿਰਮੌਰ ਕਥਾਕਾਰ ਸਨ ਤੇ ਪਟਨਾ ਸਾਹਿਬ ਦੀਆਂ ਸੰਗਤਾਂ ਵੱਲੋਂ 'ਪੰਥ ਰਤਨ' ਦੀ ਪਦਵੀ ਨਾਲ ਨਿਵਾਜੇ ਗਏ ਸਨ। ਸਨਮਾਨ ਵਜੋਂ ਉਹ ਕੇਵਲ 'ਸਿਰੋਪਾ' ਗ੍ਰਹਿਣ ਕਰਨਾ ਹੀ ਉਚਿਤ ਸਮਝਦੇ ਸਨ, ਰਾਸ਼ਟਰੀ/ਅੰਤਰ ਰਾਸ਼ਟਰੀ ਨਾਵਾਂ ਵਾਲੇ ਸਨਮਾਨ ਜਾਂ ਅਹੁਦੇ ਤਾਂ ਉਹ ਸਵੀਕਾਰਦੇ ਹੀ ਨਹੀਂ ਸਨ। ਸ਼੍ਰੋਮਣੀ ਕਮੇਟੀ, ਅੰਮ੍ਰਿਤਸਰ ਦੇ ਪ੍ਰਧਾਨ ਟੌਹੜਾ ਸਾਹਿਬ ਅਤੇ ਹੋਰ ਮੁਖੀ ਪ੍ਰਬੰਧਕਾਂ ਨੇ ਉਨ੍ਹਾਂ ਨੂੰ ਅਕਾਲ ਤਖਤ ਸਾਹਿਬ ਦੇ ਜਥੇਦਾਰ ਦਾ ਅਹੁਦਾ ਸੌਂਪਣਾ ਚਾਹਿਆ ਪਰ ਉਨ੍ਹਾਂ ਨੇ ਪੰਥ ਦਾ ਸੇਵਾਦਾਰ ਬਣੇ ਰਹਿਣਾ ਹੀ ਠੀਕ ਸਮਝਿਆ।[127] ਫਿਰ ਉਨ੍ਹਾਂ ਨੂੰ 'ਵਿਸ਼ਵ ਸਿੱਖ ਪ੍ਰਚਾਰ ਸਭਾ' ਦਾ ਪ੍ਰਧਾਨ ਥਾਪ ਦਿੱਤਾ ਗਿਆ ਜਿਸ ਦੀ ਸੇਵਾ ਉਨ੍ਹਾਂ ਨੇ ਉਮਰ ਭਰ ਪੂਰੀ ਤਨਦੇਹੀ ਨਾਲ ਨਿਭਾਈ। ਮਸਕੀਨ ਜੀ ਨੂੰ

ਪੰਜਾਬੀ ਯੂਨੀਵਰਸਿਟੀ ਦੇ ਗੁਰਦੁਆਰਾ ਸਾਹਿਬ ਵਿਖੇ ਸਨਮਾਨਿਤ ਹੀ ਨਹੀਂ ਕੀਤਾ ਗਿਆ ਸਗੋਂ ਉਨ੍ਹਾਂ ਦੀ ਗੁਰਬਾਣੀ ਵੀਚਾਰ-ਚਰਚਾ ਦੀ ਵਿਧੀ ਨੂੰ ਵੀ ਅਤਿਅੰਤ ਸਲਾਹਿਆ ਗਿਆ।[128] ਉਨ੍ਹਾਂ ਨੂੰ ਇਨਾਮਾਂ, ਸਨਮਾਨਾਂ ਜਾਂ ਅਹੁਦਿਆਂ ਦੀ ਕਦੇ ਲਾਲਸਾ ਨਹੀਂ ਸੀ, ਸਗੋਂ ਉਹ ਤਾਂ ਆਪਣੇ ਆਪ ਨੂੰ ਗੁਰੂ ਘਰ ਦਾ ਢੰਡੋਰਚੀ ਆਖਦੇ ਸਨ ਅਤੇ ਸਾਰੀ ਉਮਰ ਢੰਡੋਰਚੀ ਬਣ ਕੇ ਸੇਵਾ ਕਰਨਾ ਹੀ ਉਨ੍ਹਾਂ ਨੂੰ ਸਵੀਕਾਰ ਸੀ।[129]

ਉਨ੍ਹਾਂ ਦੀ ਜੀਵਨ ਭਰ ਦੀ ਘਾਲ-ਕਮਾਈ ਅਤੇ ਮਾਨਵਤਾ ਦਾ ਸੁਯੋਗ ਮਾਰਗ ਦਰਸ਼ਨ ਕਰਨ ਦੇ ਸਨਮਾਨ ਵਿੱਚ ਸਿੱਖ ਪੰਥ ਵੱਲੋਂ ਉਨ੍ਹਾਂ ਦੇ ਅਕਾਲ ਚਲਾਣੇ ਉਪਰੰਤ ਉਨ੍ਹਾਂ ਨੂੰ 'ਗੁਰਮਤਿ ਵਿੱਦਿਆ ਮਾਰਤੰਡ' ਅਤੇ 'ਭਾਈ ਗੁਰਦਾਸ ਐਵਾਰਡ' ਨਾਲ ਨਿਵਾਜਿਆ ਗਿਆ।ਇਨ੍ਹਾਂ ਤੋਂ ਵੀ ਵੱਡੇ ਉਹ ਸਨਮਾਨ ਚਿੰਨ੍ਹ ਸਨ ਜੋ ਚਿੱਠੀਆਂ ਦੇ ਰੂਪ ਵਿੱਚ ਦੇਸ਼-ਵਿਦੇਸ਼ ਦੀਆਂ ਸੰਗਤਾਂ ਨੇ ਭਰੀਆਂ ਅੱਖਾਂ ਅਤੇ ਭਰੇ ਦਿਲਾਂ ਨਾਲ ਲਿਖ ਕੇ ਭੇਜੀਆਂ ਤੇ ਹੋਰ ਬੇਅੰਤ ਪੰਥਕ ਜਥੇਬੰਦੀਆਂ, ਸਿੰਘ ਸਭਾਵਾਂ ਅਤੇ ਮਾਨਵਤਾ ਨੂੰ ਸਮਰਪਿਤ ਸੰਸਥਾਵਾਂ ਵੱਲੋਂ ਦਿੱਤੇ ਗਏ।ਡਾ. ਹਿੰਮਤ ਸਿੰਘ ਅਨੁਸਾਰ:

> ਗੁਰੂ-ਘਰ, ਗੁਰਬਾਣੀ, ਗੁਰ ਆਸ਼ੇ ਅਤੇ ਸ਼ਬਦ-ਸੁਰਤਿ-ਲਿਵ ਪ੍ਰਤਿ ਅੰੜ੍ਹੀਵੀ ਅਤੇ ਜਮਾਂਦਰੂ ਉਨਸ ਤੇ ਅਨੁਭਵੀ ਚਿਣਗ ਦੇ ਰੰਗ ਵਿੱਚ ਰੰਗੀਜੇ ਹੋਏ ਮਸਕੀਨ ਜੀ ਨੂੰ ਪੰਥਕ ਸਫਾਵਾਂ ਨੇ ਸਹਿਜੇ ਹੀ ਪ੍ਰਵਾਨ ਕਰ ਲਿਆ ਹੋਇਆ ਸੀ।ਆਪੋ-ਆਪਣੇ ਧਰਮ-ਚਿੰਤਨਾਂ ਨੂੰ ਮਾਣ ਰਹੇ ਹੋਰ ਜਗਿਆਸੂ ਵੀ ਮਸਕੀਨ ਜੀ ਦੀ ਸ਼ਖਸੀਅਤ ਦੀ ਘਾਲ ਕਮਾਈ ਨੂੰ ਬੜੀ ਨੀਝ ਨਾਲ ਝਾਕ-ਵਾਚ ਰਹੇ ਸਨ।ਸੋ ਗਿਆਨੀ ਸੰਤ ਸਿੰਘ ਜੀ ਮਸਕੀਨ ਪੰਥਕ ਹਲਕਿਆਂ ਵਿੱਚ ਤਾਂ ਜਾਣੇ-ਸਤਿਕਾਰੇ ਜਾਂਦੇ ਰਹਿਣਗੇ, ਆਪ ਜੀ ਦੀ ਸ਼ਖਸੀਅਤ ਸਿੱਖ-ਸਮਾਜ ਤੋਂ ਬਾਹਰਲੇ ਗ਼ੈਰ-ਸਿੱਖ ਹਲਕਿਆਂ ਵਿੱਚ ਵੀ ਸਨਮਾਨੀ ਜਾਂਦੀ ਰਹੇਗੀ।[130]

## 6.7 ਤੱਤ ਸਾਰ:

ਇਸ ਖੋਜ ਪ੍ਰਬੰਧ ਦੇ ਛੇਵੇਂ ਅਧਿਆਇ 'ਸੰਤ ਸਿੰਘ ਮਸਕੀਨ ਜੀ ਦੀ ਗੁਰਬਾਣੀ ਵਿਆਖਿਆਕਾਰੀ, ਵਿਆਖਿਆ-ਸਿਧਾਂਤ ਤੇ ਸ਼ੈਲੀ' ਵਿੱਚ ਗੁਰਬਾਣੀ-ਵਿਆਖਿਆਕਾਰੀ ਸੰਬੰਧੀ ਇਕੱਤਰ ਕੀਤੀ ਸਾਰੀ ਸਿਧਾਂਤਕ ਜਾਣਕਾਰੀ ਨੂੰ ਸੰਤ ਸਿੰਘ ਮਸਕੀਨ ਜੀ ਦੀ ਵਿਵਹਾਰਕ ਕ੍ਰਿਤ ਵਿੱਚੋਂ ਵਾਚਣ ਦਾ ਯਤਨ ਕੀਤਾ ਗਿਆ ਹੈ।ਉਨ੍ਹਾਂ ਦੀ ਬਾਣੀਆਂ ਦੀ ਵਿਆਖਿਆ ਨੂੰ ਵਿਚਾਰ ਕੇ ਸਹਿਜੇ ਹੀ ਇਸ ਨਤੀਜੇ ਤੇ ਪੁੱਜਿਆ ਜਾ ਸਕਦਾ ਹੈ ਕਿ ਸੰਤ ਸਿੰਘ ਮਸਕੀਨ ਜੀ ਦੀ ਗੁਰਬਾਣੀ-ਵਿਆਖਿਆਕਾਰੀ ਆਪਣੇ ਸਮਕਾਲੀ ਅਤੇ ਆਪਣੇ ਤੋਂ ਪਹਿਲਾਂ ਹੋ ਚੁੱਕੇ ਵਿਆਖਿਆਕਾਰਾਂ ਨਾਲੋਂ ਨਿਵੇਕਲੀ ਅਤੇ ਵਧੇਰੇ ਪ੍ਰਭਾਵਕਾਰੀ ਹੈ।ਇਸ ਪਿੱਛੇ ਜੋ ਪ੍ਰਮੁੱਖ ਤੱਥ ਦ੍ਰਿਸ਼ਟੀਗੋਚਰ ਹੁੰਦਾ ਹੈ ਉਹ ਇਹ ਕਿ ਗੁਰਬਾਣੀ ਦੇ ਅੰਦਰੂਨੀ ਭਾਵ ਨੂੰ ਉਨ੍ਹਾਂ ਨੇ ਨਾ ਕੇਵਲ ਅਧਿਐਨ ਕਰਕੇ ਸਪਸ਼ਟ ਕੀਤਾ ਹੈ ਸਗੋਂ ਆਪਣੇ ਅਧਿਆਤਮਕ, ਧਾਰਮਿਕ ਅਤੇ ਰਹੱਸਾਤਮਕ ਅਨੁਭਵ ਨਾਲ ਤਰਕਮਈ ਵਿਗਿਆਨਕ ਆਧਾਰਾਂ ਤੇ ਦਲੀਲਾਂ, ਪਰਮਾਰਥਕ ਸੰਦਰਭ, ਵਿਆਕਰਣਕ ਨੇਮਾਂ, ਪੌਰਾਣਿਕ ਗਾਥਾਵਾਂ, ਇਤਿਹਾਸਕ ਹਵਾਲੇ ਅਤੇ ਮਿਥਿਹਾਸਕ ਪ੍ਰਸੰਗ ਆਦਿ ਦੇ ਕੇ ਸ੍ਰੋਤੇ ਦੀ ਸੋਝੀ ਤੱਕ ਬਾਣੀ ਦੇ ਕੇਂਦਰੀ ਅਤੇ ਗੂਹਜ ਅਰਥਾਂ ਨੂੰ ਪਹੁੰਚਾਇਆ ਹੈ।ਸੰਕਲਪਾਂ ਨੂੰ ਵਧੇਰੇ ਸਪਸ਼ਟ ਕਰਨ ਦੇ ਉਦੇਸ਼ ਨਾਲ ਕਈ ਵਾਰ ਉਨ੍ਹਾਂ ਦੀ ਵਿਆਖਿਆ ਵਧੇਰੇ ਵਿਸਤ੍ਰਿਤ ਤੇ ਦੁਹਰਾਉ ਦਾ ਰੂਪ ਵੀ ਧਾਰਨ ਕਰ ਲੈਂਦੀ ਹੈ।

ਗੁਰਬਾਣੀ ਦੇ ਕਿਸੇ ਵੀ ਸਿਧਾਂਤ ਦੀ ਸੰਪੂਰਨ ਵਿਆਖਿਆ ਕਰਨ ਸਮੇਂ ਉਹ ਨਾ ਕੇਵਲ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿੱਚੋਂ ਸੰਬੰਧਤ ਟੂਕਾਂ ਦਿੰਦੇ ਸਨ, ਸਗੋਂ ਸਨਾਤਨੀ, ਬੁੱਧ, ਜੈਨ, ਯਹੂਦੀ, ਪਾਰਸੀ, ਇਸਾਈ ਅਤੇ ਇਸਲਾਮ ਆਦਿ ਧਰਮਾਂ, ਭਾਈ ਗੁਰਦਾਸ ਦੀਆਂ ਲਿਖਤਾਂ, ਭਾਈ ਨੰਦ ਲਾਲ ਦੀਆਂ ਲਿਖਤਾਂ, ਦਸਮ ਗ੍ਰੰਥ, ਗੀਤਾ, ਸੂਫੀ ਸੰਤਾਂ, ਈਰਾਨੀ ਧਾਰਮਿਕ ਆਗੂਆਂ ਜਿਵੇਂ ਸ਼ੇਖ਼ ਸਾਅਦੀ, ਸ਼ਮਸ ਤਬਰੇਜ਼, ਸੂਫੀ ਜ਼ੌਕ, ਸੂਫੀ ਸੰਤ ਹਾਫਿਜ਼, ਮੌਲਾਨਾ ਰੂਮੀ ਆਦਿ ਤੋਂ ਇਲਾਵਾ ਮੁਹੰਮਦ ਇਕਬਾਲ, ਭਗਤ ਕਬੀਰ, ਕਵੀ ਰਹੀਮ, ਸੁਕਰਾਤ, ਅਰਸਤੂ, ਪਲੈਟੋ, ਡਾਰਵਿਨ, ਫਰਾਈਡ, ਨੀਤਸ਼ੇ ਆਦਿ ਦੀਆਂ ਲਿਖਤਾਂ ਵਿੱਚੋਂ ਵੀ ਸੰਬੰਧਿਤ ਵਿਚਾਰ ਪੇਸ਼ ਕਰਦੇ ਸਨ।ਉਨ੍ਹਾਂ ਦਾ ਗੁਰਬਾਣੀ ਵਿਆਖਿਆ ਦਾ ਨਿਵੇਕਲਾ ਸਿਧਾਂਤ ਤੇ ਸ਼ੈਲੀ ਨਾ ਕੇਵਲ ਜਗਿਆਸੂਆਂ ਨੂੰ ਘੰਟਿਆਂ-ਬੱਧੀ ਕੀਲੀ ਰੱਖਦੇ ਸਨ ਸਗੋਂ ਹੋਰ ਪ੍ਰਚਾਰਕ-ਜਨਾਂ ਵਾਸਤੇ ਪ੍ਰੇਰਨਾ ਸ੍ਰੋਤ ਵੀ ਸਨ।ਸੋ ਸਮੇਂ ਦੇ ਅਜੋਕੇ ਅਕਾਦਮਿਕ ਅਤੇ

ਵਿਗਿਆਨਿਕ ਪਰਿਪੇਖ ਵਿੱਚ ਅਜਿਹੇ ਵਿਆਖਿਆਕਾਰ ਦੇ ਵਿਆਖਿਆ-ਸਿਧਾਂਤ ਅਤੇ ਸ਼ੈਲੀ ਨੂੰ ਵਿਚਾਰਨਾ ਨਾ ਕੇਵਲ ਗੁਰਮਤਿ ਦੀ ਵਿਆਖਿਆ ਦਾ ਸਹੀ ਰੂਪ ਪੇਸ਼ ਕਰਦਾ ਹੈ, ਸਗੋਂ ਵਿਆਖਿਆਕਾਰੀ ਦੇ ਸਹੀ ਵਿਵਹਾਰਕ ਪੱਖ ਨੂੰ ਦਰਸਾਉਣ ਦੇ ਨਾਲ ਨਾਲ ਗੁਰਮਤਿ ਪ੍ਰਚਾਰ ਨੂੰ ਵੀ ਸਹੀ ਦਿਸ਼ਾ ਪ੍ਰਦਾਨ ਕਰਦਾ ਹੈ ਅਤੇ ਉਨ੍ਹਾਂ ਦੀ ਪਾਈ ਹੋਈ ਵਿਆਖਿਆ ਪਿਰਤ ਤੇ ਚੱਲਣ ਲਈ ਹੋਰ ਵਿਆਖਿਆਕਾਰਾਂ ਨੂੰ ਵੀ ਪ੍ਰੇਰਿਤ ਕਰਦਾ ਹੈ।

ਉਨ੍ਹਾਂ ਦੀ ਵਿਆਖਿਆਕਾਰੀ ਦੇ ਸਾਰ ਤੱਤ ਵਜੋਂ ਇਹ ਕਹਿਣਾ ਵੀ ਸਹੀ ਬਣਦਾ ਹੈ ਕਿ ਉਨ੍ਹਾਂ ਉੱਪਰ ਨਾਂਹ ਕਿਸੇ ਪਰੰਪਰਾਵਾਦੀ ਵਿਚਾਰਧਾਰਾ ਦਾ ਤੇ ਨਾਂਹ ਹੀ ਨਿਰਮਲਿਆਂ ਦੀ ਵੇਦਾਂਤਮੁਖੀ ਵਿਚਾਰਧਾਰਾ ਦਾ ਇਕਹਿਰਾ ਪ੍ਰਭਾਵ ਦਿਖਾਈ ਦਿੰਦਾ ਹੈ ਸਗੋਂ ਬਾਣੀ ਦੇ ਵਿੱਚੋਂ ਹੀ ਗੁਰੂ ਦੇ ਆਸ਼ਿਆਂ ਨੂੰ ਤਲਾਸ਼ ਕੇ, ਆਪਣੀ ਅੰਦਰੂਨੀ ਚੇਤਨਾ ਨਾਲ ਅਨੁਭਵ ਕਰਕੇ ਅਤੇ ਫਿਰ ਉਨ੍ਹਾਂ ਦਾ ਵਿਸ਼ਵਵਿਆਪੀ ਵਿਚਾਰਧਾਰਾਵਾਂ ਨਾਲ ਤੁਲਨਾਤਮਕ ਅਧਿਐਨ ਕਰ ਕੇ ਉਨ੍ਹਾਂ ਨੇ ਗੁਰਬਾਣੀ ਦੀ ਇੱਕ ਨਿਵੇਕਲੀ ਸਿਧਾਂਤਕ ਵਿਆਖਿਆਕਾਰੀ ਨੂੰ ਜਨਮ ਦਿੱਤਾ ਜਿਸ ਦਾ ਆਧਾਰ ਤਾਂ ਨਿਸ਼ਚਿਤ ਤੌਰ ਤੇ ਗੁਰੂ ਨਾਨਕ ਦੇਵ ਜੀ ਦੀ ਸੰਤੁਲਿਤ ਵਿਚਾਰਧਾਰਾ ਹੀ ਸੀ।

ਗਿਆਨੀ ਸੰਤ ਸਿੰਘ ਮਸਕੀਨ ਜੀ ਦੀ ਵਿਆਖਿਆ ਸ਼ੈਲੀ ਨੂੰ ਵਿਚਾਰਣ ਉਪਰੰਤ ਇਹ ਵੀ ਸਾਰ ਤੱਤ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਉਹ ਬੋਲਣ ਕਲਾ ਅਤੇ ਲਿਖਣ ਕਲਾ ਦੀ ਵਿਗਿਆਨਕ ਚੇਤਨਾ ਵੱਲੋਂ ਬਹੁਤ ਸੁਚੇਤ ਸਨ।ਉਹ ਜਿੱਥੇ ਆਪ ਮੁਹਾਰੇ ਵਿਚਾਰਾਂ ਦੇ ਪ੍ਰਗਟਾਅ ਦੀ ਥਾਂ ਨਿਆਇ, ਬੁੱਧੀ, ਵਿਆਖਿਆ, ਵਿਸ਼ਲੇਸ਼ਣ, ਆਲੋਚਨਾ, ਪਰਖ ਤੇ ਖੋਜ-ਪੜਤਾਲ ਦਾ ਵਿਸ਼ੇਸ਼ ਧਿਆਨ ਰੱਖਦੇ ਸਨ ਉੱਥੇ ਸਮੱਸਿਆ ਦੇ ਆਦਿ ਤੋਂ ਆਰੰਭ ਕਰਕੇ ਪਰੰਪਰਾ ਨਾਲ ਸੰਵਾਦ ਰਚਾਉਂਦੇ ਹੋਏ ਮਨੁੱਖ ਜਾਤੀ ਦੀਆਂ ਉਲਝਣਾਂ ਨੂੰ ਵੀ ਹੱਲ ਕਰਦੇ ਦਿਖਾਈ ਦਿੰਦੇ ਸਨ।ਗਿਆਨੀ ਸੰਤ ਸਿੰਘ ਮਸਕੀਨ ਜੀ ਦੀ ਬੋਲਣ-ਸ਼ੈਲੀ ਵਿੱਚ ਇੱਕ ਅਨੂਠਾ ਪ੍ਰਭਾਵ ਮਹਿਸੂਸ ਹੁੰਦਾ ਹੈ ਜਿਨ੍ਹਾਂ ਨੇ ਅਜੋਕੇ ਉੱਤਰ ਵਿਗਿਆਨਕ ਯੁੱਗ ਵਿੱਚ ਗੁਰਮਤਿ ਸਿਧਾਂਤਾਂ ਦੀ ਵਿਆਖਿਆ ਨੂੰ ਬਹੁਤ ਹੀ ਨਿਵੇਕਲੇ, ਸ੍ਰੇਸ਼ਠ ਅਤੇ ਦਿਲ ਖਿੱਚਵੇਂ ਅੰਦਾਜ਼ ਵਿੱਚ ਵਿਅਕਤ ਕੀਤਾ।ਉਨ੍ਹਾਂ ਦੀ ਵਿਆਖਿਆਕਾਰੀ ਵਿੱਚ ਨਾ ਕੇਵਲ ਪੁਰਾਤਨ ਭਾਰਤੀ ਸ਼ਾਸਤਰਾਂ ਦੀ ਝਲਕ ਹੈ ਸਗੋਂ ਆਧੁਨਿਕ ਵਿਗਿਆਨਕ ਲੀਹਾਂ ਤੇ ਚੱਲਣ ਵਾਲੇ ਤਰਕ-ਸ਼ਾਸਤਰ ਦੀ ਵੀ ਮਜ਼ਬੂਤ ਪਕੜ ਹੈ।ਭਾਵੇਂ ਉਨ੍ਹਾਂ ਨੇ ਨਿਰਮਲ-ਪੱਧਤੀ ਦੀ ਵਿੱਦਿਆ ਗ੍ਰਹਿਣ ਕੀਤੀ ਪਰ ਸਮੇਂ ਅਤੇ ਹਾਲਾਤ ਅਨੁਸਾਰ ਗੁਰਬਾਣੀ-ਵਿਆਖਿਆਕਾਰੀ ਵਿੱਚ ਆਏ

ਪਰਿਵਰਤਨਾਂ ਨੂੰ ਵੀ ਘੋਖਿਆ ਅਤੇ ਆਪਣੀ ਤਰਕ-ਬੁੱਧੀ ਅਨੁਸਾਰ ਵਿਗਿਆਨਕ ਸ਼ੈਲੀ ਨੂੰ ਅਪਣਾਇਆ।

ਸੋ ਸਮੁੱਚੇ ਰੂਪ ਵਿੱਚ ਇਹ ਕਹਿਣਾ ਅਨਿਵਾਰੀ ਬਣਦਾ ਹੈ ਕਿ ਵੀਹਵੀਂ ਸਦੀ ਦੇ ਦੂਜੇ ਅੱਧ ਦੇ ਇਸ ਵਿਖਿਆਤ ਦਾਰਸ਼ਨਿਕ ਵਿਆਖਿਆਕਾਰ ਨੇ ਪਰੰਪਰਾ ਤੋਂ ਹਟ ਕੇ ਆਪਣਾ ਇੱਕ ਵਿਲੱਖਣ, ਮੌਲਿਕ ਤੇ ਨਿਵੇਕਲਾ ਸਿਧਾਂਤ ਅਪਣਾਇਆ ਜਿਸ ਵਿੱਚ ਹਰ ਕਿਸਮ ਦਾ ਸੰਤੁਲਿਤ ਗਿਆਨ ਸਮਾਇਆ ਹੋਇਆ ਸੀ।ਉਨ੍ਹਾਂ ਨੇ ਗੁਰਬਾਣੀ-ਵਿਆਖਿਆ ਲਈ ਸੰਕੋਚਵੇਂ ਸ਼ਬਦ ਵਰਤਣ ਦੀ ਬਜਾਏ ਗੁਰਬਾਣੀ ਦੀ ਸਹੀ ਤਸਵੀਰ ਪੇਸ਼ ਕਰਨ ਲਈ ਨਾ ਸ਼ਬਦ ਲੁਕੋਏ, ਨਾ ਭਾਵ ਲੁਕੋਏ ਤੇ ਨਾ ਹੀ ਆਪਣਾ ਵਿਸਤ੍ਰਿਤ ਗਿਆਨ ਲੁਕੋਇਆ।ਉਨ੍ਹਾਂ ਨੇ ਗੁਰਬਾਣੀ-ਵਿਆਖਿਆ ਕਰਨ ਲਈ ਜੋ ਸਿਧਾਂਤ ਅਪਣਾਇਆ ਉਸ ਦਾ ਹਰ ਸਿੱਖ ਅਤੇ ਗ਼ੈਰ ਸਿੱਖ ਨੇ ਖੁੱਲੇ ਦਿਲ ਨਾਲ ਸਵਾਗਤ ਕੀਤਾ।ਉਨ੍ਹਾਂ ਦੁਆਰਾ ਕੀਤੀ ਗੁਰਬਾਣੀ ਵਿਆਖਿਆ ਅਜੋਕੇ ਉੱਤਰ ਆਧੁਨਿਕ ਯੁੱਗ ਦੇ ਸਿਧਾਂਤ ਤੋਂ ਪ੍ਰਭਾਵਿਤ ਸੀ ਜਿਸ ਅਨੁਸਾਰ ਕਿਸੇ ਵੀ ਸਿਧਾਂਤ ਜਾਂ ਕੇਂਦਰਤਾ ਦੀ ਸਵੀਕਾਰ ਨਹੀਂ ਕੀਤਾ ਜਾ ਸਕਦਾ।ਭਾਵੇਂ ਉੱਤਰ ਆਧੁਨਿਕਤਾ ਦੇ  ਸਿਧਾਂਤ ਦੀ ਆਪਣੀ ਕੋਈ ਨਿਸ਼ਚਿਤ ਵਿਚਾਰਧਾਰਾ ਜਾਂ ਨਿਸ਼ਚਿਤ ਆਧਾਰ  ਨਹੀਂ ਹੈ ਕਿਉਂਕਿ ਇਹ ਨਿਸ਼ਚਿਤਤਾ ਦਾ ਹੀ ਵਿਰੋਧ ਕਰਦਾ ਹੈ ਤੇ ਕੇਵਲ ਸੰਕੇਤਾਂ ਜਾਂ ਪ੍ਰਵਿਰਤੀਆਂ ਤੋਂ ਪਛਾਣਿਆ ਜਾਂਦਾ ਹੈ।ਉੱਤਰ ਆਧੁਨਿਕ ਯੁੱਗ ਦੀਆਂ ਪ੍ਰਵਿਰਤੀਆਂ ਦੀ ਪਛਾਣ ਦੇ ਸੰਦਰਭ ਵਿੱਚ ਸੰਤ ਸਿੰਘ ਮਸਕੀਨ ਜੀ ਦੀ ਵਿਆਖਿਆਕਾਰੀ ਬਾਰੇ ਨਿਰਸੰਦੇਹ ਇਹ ਕਿਹਾ ਜਾ ਸਕਦਾ ਹੈ ਕਿ ਸੰਤ ਸਿੰਘ ਮਸਕੀਨ ਜੀ ਅਜੋਕੇ ਉੱਤਰ ਆਧੁਨਿਕ ਯੁੱਗ ਦੇ ਮੁਢਲੇ ਅਨੁਭਵੀ ਅਤੇ ਤਾਰਕਿਕ ਵਿਆਖਿਆਕਾਰ ਸਨ।

## ਹਵਾਲੇ ਅਤੇ ਪੈਰ੍ਹ-ਟਿੱਪਣੀਆਂ

1. ਡਾ. ਰਤਨ ਸਿੰਘ ਜੱਗੀ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦਾਰਸ਼ਨਿਕ ਅਤੇ ਧਾਰਮਿਕ ਅਧਿਐਨ ਦਾ ਆਲੋਚਨਾਤਮਕ ਸਰਵੇਖਣ, ਨਾਨਕ ਪ੍ਰਕਾਸ਼ ਪਤ੍ਰਿਕਾ ਜੂਨ 2008, ਅੰਕ ਪਹਿਲਾ, ਪੰਨਾ 152.
2. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 6.
3. ਗਿਆਨੀ ਸੰਤ ਸਿੰਘ ਮਸਕੀਨ, ਸਿੱਖ ਸਿੰਘ ਤੇ ਸ਼ਬਦ ਗੁਰੂ, ਪੰਨਾ 77.
4. ਉਹੀ, ਗਿਆਨ ਦਾ ਸਾਗਰ, ਪੰਨਾ 28-38.
5. ਉਹੀ, ਪੰਨਾ 85.
6. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 328.
7. ਗਿਆਨੀ ਸੰਤ ਸਿੰਘ ਮਸਕੀਨ, ਗਿਆਨ ਦਾ ਸਾਗਰ, ਪੰਨਾ 73.
8. ਉਹੀ, ਗੁਰੂ-ਜੋਤੀ, ਪੰਨਾ 109.
9. ਉਹੀ, ਪੰਚ ਪ੍ਰਵਾਨ, ਪੰਨਾ 36.
10. ਉਹੀ, ਸੰਪੂਰਨ ਸਿੱਖੀ ਸਰੂਪ, ਪੰਨਾ 40-50.
11. ਉਹੀ, ਮਨੁੱਖ ਦੀ ਕਥਾ, ਪੰਨਾ 47-49.
12. ਉਹੀ, ਗੁਰੂ-ਜੋਤੀ, ਪੰਨਾ 47-48.
13. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 469.
14. ਗਿਆਨੀ ਸੰਤ ਸਿੰਘ ਮਸਕੀਨ, ਗਿਆਨ ਦਾ ਸਾਗਰ, ਪੰਨਾ 23-24.
15. ਉਹੀ, ਜੀਵਨ ਕਥਾ ਭਾਈ ਘਨਈਆ ਜੀ, ਪੰਨਾ 99-100.
16. ਉਹੀ, ਗਿਆਨ ਦਾ ਸਾਗਰ, ਪੰਨਾ 53-63.
17. ਉਹੀ, ਗਿਆਨ ਦਾ ਸਾਗਰ, ਪੰਨਾ 19.
18. ਉਹੀ, ਪੰਜ ਤੱਤ, ਪੰਨਾ 15-16.
19. ਉਹੀ, ਦੇਸ਼-ਵਿਦੇਸ਼ ਦੇ ਗੁਰਦੁਆਰਿਆਂ ਦਾ ਪ੍ਰਬੰਧਕੀ ਢਾਂਚਾ ਅਤੇ ਪ੍ਰਚਾਰਕ ਸ਼ਰੇਣੀ, ਪੰਨਾ 93.
20. ਦਸਮ ਗ੍ਰੰਥ, ਕਬਿਓਬਾਚ ਬੇਨਤੀ ਚੌਪਈ।
21. ਗਿਆਨੀ ਸੰਤ ਸਿੰਘ ਮਸਕੀਨ, ਸਿੱਖ ਸਿੰਘ ਅਤੇ ਸ਼ਬਦ ਗੁਰੂ, ਪੰਨਾ 101.

22. ਉਹੀ, ਸਾਧੂ ਕੀ ਧੁਰਾ, ਪੰਨਾ 30.
23. ਗਿਆਨੀ ਗੁਰਵਿੰਦਰ ਸਿੰਘ ਕੋਮਲ, ਮਸਕੀਨ ਜੀ ਦੀਆਂ ਸੁਣਾਈਆਂ ਅਨੁਭਵੀ ਗਾਥਾਵਾਂ, ਭਾਗ ਪਹਿਲਾ, ਪੰਨਾ 139.
24. ਡਾ. ਦਰਸ਼ਨ ਸਿੰਘ, ਧਰਮ ਅਧਿਐਨ ਅਤੇ ਸਿੱਖ ਅਧਿਐਨ, ਪੰਨਾ 109.
25. ਡਾ. ਹਰਪਾਲ ਸਿੰਘ, ਜਪੁਜੀ ਦੇ ਟੀਕੇ ਅਤੇ ਵਿਆਖਿਆਵਾਂ : ਸਮੀਖਿਆਤਮਕ ਅਧਿਐਨ (1974 ਤੋਂ 2000 ਤੱਕ), ਪੰਨਾ 170-171.
26. ਪੋਥੀ ਹਰਿ ਜੀ, ਚਤੁਰਭੁਜ, ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ (ਸੈਂਚੀ ਦੂਜੀ), ਪੰਨਾ 248-260.
27. ਉਹੀ, ਪੰਨਾ 248-260.
28. ਭਾਈ ਵੀਰ ਸਿੰਘ (ਸੰਪਾ.), ਪੁਰਾਤਨ ਜਨਮਸਾਖੀ, ਪੰਨੇ 39-43.
29. ਪੋਥੀ ਹਰਿ ਜੀ, ਚਤੁਭੁਜ, ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ (ਸੈਂਚੀ ਦੂਜੀ), ਪੰਨਾ 125-134.
30. ਹਰੀ ਸਿੰਘ (ਸੰਪਾ.), ਪਰਚੀਆਂ ਸੇਵਾ ਦਾਸ, ਪਟਿਆਲਾ: ਭਾਸ਼ਾ ਵਿਭਾਗ, ਪੰਜਾਬ, 1978, ਪੰਨਾ 51.
31. ਅਮਰ ਸਿੰਘ ਚਾਕਰ (ਸੰਪਾ.), ਵਾਰਾਂ ਭਾਈ ਗੁਰਦਾਸ ਜੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1981, ਪੰਨਾ 19, 63, 278.
32. ਵਾਰ 1, ਪਾਉੜੀ 38ਵੀਂ.
33. ਵਿਨੋਬਾ ਭਾਵੇ, ਜਪੁਜੀ ਗੁਰੂ ਨਾਨਕ, (ਅਨੁ.) ਡਾ. ਸੀਤਾ ਰਾਮ ਬਾਹਰੀ, ਪੰਨਾ 3.
34. ਉਹੀ, ਪੰਨਾ 4.
35. ਉਹੀ, ਪੰਨਾ 72.
36. ਅਚਾਰੀਆ ਰਜਨੀਸ਼, ੧ਓ ਸਤਿਨਾਮ, ਪੰਨਾ 18.
37. ਉਹੀ, ਪੰਨਾ 132-137.
38. ਉਹੀ, ਪੰਨਾ 295.
39. ਪ੍ਰੋ. ਸਾਹਿਬ ਸਿੰਘ, ਜਪੁਜੀ ਸਾਹਿਬ ਸਟੀਕ, ਪੰਨਾ 101.
40. ਡਾ. ਰਤਨ ਸਿੰਘ ਜੱਗੀ, ਅਰਥ ਬੋਧ : ਗੁਰੂ ਗ੍ਰੰਥ ਸਾਹਿਬ, ਪੰਨਾ 8.
41. ਮਨਜਿੰਦਰ ਸਿੰਘ (ਸੰਪਾ.), ਬ੍ਰਹਮ ਗਿਆਨ, ਪੰਨਾ 20.

42. 'ਜਪੁ ਧਾਰਾ' ਦੀ 'ਜਾਣ-ਪਛਾਣ' ਵਿੱਚ ਪ੍ਰਕਾਸ਼ਕ ਲਿਖਦਾ ਹੈ ਕਿ ਮਸਕੀਨ ਜੀ ਕਿਹਾ ਕਰਦੇ ਸਨ ਕਿ ਸੁਰਤਿ ਦੇ ਵਿਕਾਸ ਨਾਲ ਬਾਣੀ ਦੇ ਅਰਥਾਂ ਦੀ ਸੋਝੀ ਵੀ ਬਦਲਦੀ ਹੈ।ਜੇਕਰ ਮਸਕੀਨ ਜੀ ਇਨ੍ਹਾਂ ਵਿਆਖਿਆ-ਪ੍ਰਵਚਨਾਂ ਨੂੰ ਆਪਣੀ ਪ੍ਰੋੜ ਅਵਸਥਾ ਵਿੱਚ ਸੋਧ ਦਿੰਦੇ ਤਾਂ ਨਿਸ਼ਚੇ ਹੀ ਸੋਨੇ ਤੇ ਸੁਹਾਗੇ ਵਾਲੀ ਗੱਲ ਹੋਣੀ ਸੀ।

43. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪਟਿਆਲਾ: ਭਾਸ਼ਾ ਵਿਭਾਗ, ਪੰਜਾਬ, 1974, ਪੰਨਾ 716.

44. ਗਿਆਨੀ ਸੰਤ ਸਿੰਘ ਮਸਕੀਨ, ਜਪੁ ਨੀਸਾਣੁ, ਪੰਨਾ 12.

45. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1.

46. ਗਿਆਨੀ ਸੰਤ ਸਿੰਘ ਮਸਕੀਨ, ਜਪੁ ਨੀਸਾਣੁ, ਪੰਨਾ 37.

47. ਉਹੀ, ਪੰਨਾ 45.

48. ਉਹੀ, ਪੰਨਾ 133.

49. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 3.

50. ਗਿਆਨੀ ਸੰਤ ਸਿੰਘ ਮਸਕੀਨ, ਜਪੁ ਨੀਸਾਣੁ, ਪੰਨਾ 175-176.

51. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 5.

52. ਉਹੀ, ਪੰਨਾ 25.

53. ਉਹੀ, ਪੰਨਾ 350.

54. ਉਹੀ, ਪੰਨਾ 795.

55. ਗਿਆਨੀ ਸੰਤ ਸਿੰਘ ਮਸਕੀਨ, ਜਪੁ ਨੀਸਾਣੁ, ਪੰਨਾ 401-402.

56. ਉਹੀ, ਜਪੁ ਨੀਸਾਣੁ, ਪੰਨਾ 409-10.

57. ਪ੍ਰੋ. ਪ੍ਰੇਮ ਪ੍ਰਕਾਸ਼ ਸਿੰਘ, ਬਾਰਹਮਾਹ ਤੁਖਾਰੀ : ਰੂਪ ਰਚਨਾ ਤੇ ਵਿਸ਼ੈ ਵਿਸ਼ਲੇਸ਼ਣ, ਖੋਜ ਪਤ੍ਰਿਕਾ ਸਤੰਬਰ 2003, (ਸੰਪਾ.) ਪ੍ਰੋ. ਅੰਮ੍ਰਿਤਪਾਲ ਕੌਰ, ਪੰਨਾ 134.

58. ਗਿਆਨੀ ਸੰਤ ਸਿੰਘ ਮਸਕੀਨ, ਵਿਆਖਿਆ ਆਸਾ ਦੀ ਵਾਰ, ਪੰਨਾ 8.

59. ਉਹੀ, ਪੰਨਾ 8.

60. ਉਹੀ, ਪੰਨਾ 10.

61. ਉਹੀ, ਪੰਨਾ 14.

62. ਉਹੀ, ਪੰਨਾ 16.

63. ਉਹੀ, ਪੰਨਾ 16-20.

64. ਉਹੀ, ਪੰਨਾ 26.

65. ਉਹੀ, ਪੰਨਾ 106-118.

66. ਉਹੀ, ਪੰਨਾ 279.

67. ਉਹੀ, ਪੰਨਾ 284.

68. ਸੰਸਕ੍ਰਿਤ ਵਿੱਚ ਕਵੀ ਕਾਲੀਦਾਸ ਦਾ 'ਖੱਟ ਰਿਤੂ' ਰਚਨਾ ਦਾ ਨਾਂ 'ਰਿਤੂ-ਸੰਹਾਰ' ਹੈ ਜਿਸ ਦਾ ਅਰਥ ਹੈ 'ਰੁੱਤਾਂ ਦਾ ਗੇੜ'।ਅਪਭ੍ਰੰਸ਼ ਵਿੱਚ ਅਬਦੁਰ ਰਹਿਮਾਨ ਮੁਲਤਾਨੀ ਦਾ 'ਸੰਦੇਸ਼ ਰਾਸਕ', ਹਿੰਦੀ ਵਿੱਚ ਮਲਿਕ ਮੁਹੰਮਦ ਜਾਇਸੀ ਦਾ 'ਪਦਮਾਵਤ' ਤੇ ਹਿੰਦੀ ਵਿੱਚ ਕੇਸ਼ਵ ਦਾਸ ਦਾ 'ਰਸਿਕ ਪ੍ਰਿਯਾ'।

69. ਪ੍ਰੋ. ਸਾਹਿਬ ਸਿੰਘ ਤੇ ਪ੍ਰੋ. ਕੁਲਵੰਤ ਸਿੰਘ, ਬਾਰਹਮਾਹ ਤੁਖਾਰੀ ਤੇ ਮਾਝ ਬਹੁਪੱਖੀ ਵਿਚਾਰ, ਪੰਨਾ 9.

70. ਡਾ. ਤਾਰਨ ਸਿੰਘ, ਬਾਰਹਮਾਹ ਦਰਪਣ, ਪੰਨਾ 4.

71. ਗਿਆਨੀ ਸੰਤ ਸਿੰਘ ਮਸਕੀਨ, ਬਾਰਹਮਾਹ, ਪੰਨਾ 6.

72. ਉਹੀ, ਪੰਨਾ 10.

73. ਉਹੀ, ਪੰਨਾ 12-13.

74. ਡਾ. ਗੁਰਨਾਮ ਕੌਰ, ਤੁਖਾਰੀ ਛੰਤ ਮਹਲਾ ੧ ਬਾਰਹਮਾਹ ਦਾ ਸੁਹਜਾਤਮਕ ਅਧਿਐਨ, ਨਾਨਕ ਪ੍ਰਕਾਸ਼ ਪਤ੍ਰਿਕਾ ਦਸੰਬਰ 2002, ਪੰਨਾ 52.

75. ਗਿਆਨੀ ਸੰਤ ਸਿੰਘ ਮਸਕੀਨ, ਬਾਰਹਮਾਹ, ਪੰਨਾ 9-10.

76. ਉਹੀ, ਪੰਨਾ 23.

77. ਉਹੀ, ਪੰਨਾ 70-71.

78. ਉਹੀ, ਪੰਨਾ 107.

79. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1075.

80. ਗਿਆਨੀ ਸੰਤ ਸਿੰਘ ਮਸਕੀਨ, ਮੇਰੇ ਚੋਣਵੇਂ ਲੈਕਚਰ ਭਾਗ ਪਹਿਲਾ, ਪੰਨਾ 46-93.

81. ਡਾ. ਰਾਜਿੰਦਰ ਪਾਲ ਸਿੰਘ, ਉਤਰ ਆਧੁਨਿਕਤਾ, ਪੰਨਾ viii, (ਪ੍ਰਸਤਾਵਨਾ).

82. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 143

83. ਗਿਆਨੀ ਸੰਤ ਸਿੰਘ ਮਸਕੀਨ, ਰਤਨਾਗਰ, ਪੰਨਾ 52-61.
84. ਉਹੀ, ਸਾਧੂ ਕੀ ਧੂਰਾ, ਪੰਨਾ 98-100.
85. ਉਹੀ, ਸਿੱਖ ਸਿੰਘ ਅਤੇ ਸ਼ਬਦ ਗੁਰੂ, ਪੰਨਾ 68-76.
86. ਉਹੀ, ਪੰਨਾ 11.
87. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 5.
88. ਗਿਆਨੀ ਸੰਤ ਸਿੰਘ ਮਸਕੀਨ, ਰਤਨਾਗਰ, ਪੰਨਾ 190.
89. ਉਹੀ, ਜੀਵਨ ਦੀ ਅਸਲੀਅਤ, ਪੰਨਾ 86-87.
90. ਉਹੀ, ਪੰਚ ਪ੍ਰਵਾਨ, ਪੰਨਾ 30-31.
91. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 344.
92. ਗਿਆਨੀ ਸੰਤ ਸਿੰਘ ਮਸਕੀਨ, ਜੀਵਨ ਕਥਾ ਭਾਈ ਘਨਈਆ ਜੀ, ਪੰਨਾ 29-30.
93. ਉਹੀ, ਗੁਰੂ-ਚਿੰਤਨ, ਪੰਨਾ 116-117.
94. ਪੰਡਤ ਕਰਤਾਰ ਸਿੰਘ ਦਾਖਾ, ਸ੍ਰੀ ਜਪੁ ਨਿਸਾਣੁ (ਕਾਮਧੇਨੁ ਵਿਆਖਿਆ ਸਾਹਿਤ), ਜਾਣ-ਪਛਾਣ, ਪੰਨਾ xv.
95. ਗਿਆਨੀ ਗੁਰਵਿੰਦਰ ਸਿੰਘ ਕੋਮਲ (ਸੰਪਾ.), ਨੇੜਿਓਂ ਦੇਖੇ ਗੁਰਮਤਿ ਵਿੱਦਿਆ ਮਾਰਤੰਡ ਗਿਆਨੀ ਸੰਤ ਸਿੰਘ ਮਸਕੀਨ (ਸਮਕਾਲੀ ਵਿਦਵਾਨਾਂ ਦੀ ਦੀਰਘ ਦ੍ਰਿਸ਼ਟੀ), ਪੰਨਾ 55.
96. ਉਹੀ, ਪੰਨਾ 50.
97. ਗਿਆਨੀ ਸੰਤ ਸਿੰਘ ਮਸਕੀਨ, ਗੁਰੂ ਚਿੰਤਨ, ਪੰਨਾ 195-196.
98. ਉਹੀ, ਗਿਆਨ ਦਾ ਸਾਗਰ, ਪੰਨਾ 85.
99. ਉਹੀ, ਪੰਜ ਤੱਤ, ਪੰਨਾ 11.
100. ਗਿਆਨੀ ਗੁਰਵਿੰਦਰ ਸਿੰਘ ਕੋਮਲ, ਨੇੜਿਓਂ ਦੇਖੇ ਗੁਰਮਤਿ ਵਿੱਦਿਆ ਮਾਰਤੰਡ ਗਿਆਨੀ ਸੰਤ ਸਿੰਘ ਮਸਕੀਨ (ਸਮਕਾਲੀ ਵਿਦਵਾਨਾਂ ਦੀ ਦੀਰਘ ਦ੍ਰਿਸ਼ਟੀ), ਪੰਨਾ 24.
101. ਉਹੀ, ਪੰਨਾ 45.
102. ਉਹੀ, ਪੰਨਾ 217.

103. ਗਿਆਨੀ ਬਲਵਿੰਦਰ ਸਿੰਘ ਝੌਰ (ਸੰਪਾ.), ਜੀਵਨ ਝਲਕੀਆਂ ਪੰਥ ਰਤਨ ਗਿਆਨੀ ਸੰਤ ਸਿੰਘ ਮਸਕੀਨ, ਪੰਨਾ 146.

104. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 25.

105. Myths are stories stamped large with social approval. --- Mythology (ed. P. Marranda), p. 127.

106. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 12.

107. ਗਿਆਨੀ ਸੰਤ ਸਿੰਘ ਮਸਕੀਨ, ਪੰਜ ਤੱਤ, ਪੰਨਾ 132-33.

108. ਉਹੀ, ਪਰਮ ਪ੍ਰਕਾਸ਼, ਪੰਨਾ 12.

109. ਗਿਆਨੀ ਬਲਵਿੰਦਰ ਸਿੰਘ ਝੌਰ (ਸੰਪਾ.), ਜੀਵਨ ਝਲਕੀਆਂ ਪੰਥ ਰਤਨ ਗਿਆਨੀ ਸੰਤ ਸਿੰਘ ਮਸਕੀਨ, ਪੰਨਾ 85.

110. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1075.

111. ਗਿਆਨੀ ਸੰਤ ਸਿੰਘ ਮਸਕੀਨ, ਮੇਰੇ ਚੋਣਵੇਂ ਲੈਕਚਰ ਭਾਗ ਪਹਿਲਾ, ਪੰਨਾ 46-93.

112. ਉਥਾਨਕਾ ਦਾ ਅਰਥ ਹੈ ਉਹ ਸਮਾਂ-ਸਥਾਨ-ਸਥਿਤੀ ਜਿਸ ਵਿੱਚ ਉਸ ਬਾਣੀ ਜਾਂ ਸ਼ਬਦ ਨੂੰ ਉਚਾਰਿਆ ਗਿਆ।

113. ਗਿਆਨੀ ਸੰਤ ਸਿੰਘ ਮਸਕੀਨ, ਦੇਸ਼-ਵਿਦੇਸ਼ ਦੇ ਗੁਰਦਵਾਰਿਆਂ ਦਾ ਪ੍ਰਬੰਧਕੀ ਢਾਂਚਾ ਅਤੇ ਪ੍ਰਚਾਰਕ ਸ਼ਰੇਣੀ, ਪੰਨਾ 64-65.

114. ਉਹੀ, ਪੰਨਾ 94.

115. ਉਹੀ, ਪੰਨਾ 93.

116. ਗਿਆਨੀ ਬਲਵਿੰਦਰ ਸਿੰਘ ਝੌਰ (ਸੰਪਾ.), ਜੀਵਨ ਝਲਕੀਆਂ ਪੰਥ ਰਤਨ ਗਿਆਨੀ ਸੰਤ ਸਿੰਘ ਮਸਕੀਨ, ਪੰਨਾ 84-85.

117. ਉਹੀ, ਪੰਨਾ 52.

118. ਉਹੀ, ਪੰਨਾ 54.

119. ਗਿਆਨੀ ਗੁਰਵਿੰਦਰ ਸਿੰਘ ਕੋਮਲ, ਨੇੜਿਓਂ ਦੇਖੇ ਗੁਰਮਤਿ ਵਿੱਦਿਆ ਮਾਰਤੰਡ ਗਿਆਨੀ ਸੰਤ ਸਿੰਘ ਮਸਕੀਨ (ਸਮਕਾਲੀ ਵਿਦਵਾਨਾਂ ਦੀ ਦੀਰਘ ਦ੍ਰਿਸ਼ਟੀ), ਪੰਨਾ 46-47.

120. ਗਿਆਨੀ ਬਲਵਿੰਦਰ ਸਿੰਘ ਝੌਰ (ਸੰਪਾ.), ਜੀਵਨ ਝਲਕੀਆਂ ਪੰਥ ਰਤਨ ਗਿਆਨੀ ਸੰਤ ਸਿੰਘ ਮਸਕੀਨ, ਪੰਨਾ 56.

121. ਗਿਆਨੀ ਗੁਰਵਿੰਦਰ ਸਿੰਘ ਕੋਮਲ, ਨੇੜਿਓਂ ਦੇਖੇ ਗੁਰਮਤਿ ਵਿੱਦਿਆ ਮਾਰਤੰਡ ਗਿਆਨੀ ਸੰਤ ਸਿੰਘ ਮਸਕੀਨ (ਸਮਕਾਲੀ ਵਿਦਵਾਨਾਂ ਦੀ ਦੀਰਘ ਦ੍ਰਿਸ਼ਟੀ), ਪੰਨਾ 13-18.

122. ਗਿਆਨੀ ਸੰਤ ਸਿੰਘ ਮਸਕੀਨ, ਗਿਆਨ ਦਾ ਸਾਗਰ, ਪੰਨਾ 93.

123. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1321.

124. ਗਿਆਨੀ ਬਲਵਿੰਦਰ ਸਿੰਘ ਝੌਰ (ਸੰਪਾ.), ਜੀਵਨ ਝਲਕੀਆਂ ਪੰਥ ਰਤਨ ਗਿਆਨੀ ਸੰਤ ਸਿੰਘ ਮਸਕੀਨ, ਪੰਨਾ 49.

125. ਉਹੀ, ਪੰਨਾ 49.

126. ਉਹੀ, ਪੰਨਾ 55.

127. ਉਹੀ, ਪੰਨਾ 75.

128. ਗਿਆਨੀ ਗੁਰਵਿੰਦਰ ਸਿੰਘ ਕੋਮਲ, ਨੇੜਿਓਂ ਦੇਖੇ ਗੁਰਮਤਿ ਵਿੱਦਿਆ ਮਾਰਤੰਡ ਗਿਆਨੀ ਸੰਤ ਸਿੰਘ ਮਸਕੀਨ (ਸਮਕਾਲੀ ਵਿਦਵਾਨਾਂ ਦੀ ਦੀਰਘ ਦ੍ਰਿਸ਼ਟੀ), ਪੰਨਾ 17-18.

129. ਉਹੀ, ਪੰਨਾ 217.

130. ਉਹੀ, ਪੰਨਾ 18.

.................

# ਸਾਰ ਅਤੇ ਸਥਾਪਨਾਵਾਂ

# ਸਾਰ ਅਤੇ ਸਥਾਪਨਾਵਾਂ

ਆਪਣੇ ਖੋਜ ਪ੍ਰਬੰਧ ਦੇ ਮੂਲ ਵਿਸ਼ੇ 'ਗੁਰਬਾਣੀ ਦੀਆਂ ਵਿਆਖਿਆ-ਪ੍ਰਣਾਲੀਆਂ ਤੇ ਪ੍ਰਮੁੱਖ ਸਿਧਾਂਤਾਂ ਦੇ ਪ੍ਰਸੰਗ ਵਿੱਚ ਸੰਤ ਸਿੰਘ ਮਸਕੀਨ ਜੀ ਦਾ ਗੁਰਬਾਣੀ ਵਿਆਖਿਆ-ਸਿਧਾਂਤ ਤੇ ਸ਼ੈਲੀ' ਦੇ ਅੰਤਰਗਤ ਪ੍ਰਸਤੁਤ ਕੀਤੇ ਗਏ ਖੋਜ ਕਾਰਜ ਨੂੰ ਕਈ ਧਰਾਤਲਾਂ ਉੱਤੇ ਪਰਤ ਦਰ ਪਰਤ ਡੂੰਘਾਈ ਨਾਲ ਸਮਝਿਆ ਅਤੇ ਵਿਚਾਰਿਆ ਗਿਆ ਹੈ।ਵਿਸ਼ੇ ਸੰਬੰਧੀ ਲੋੜੀਂਦੀ ਮੁਢਲੀ ਚਰਚਾ ਉਪਰੰਤ ਸਿਧਾਂਤਕ ਪੱਧਰ ਉੱਤੇ ਜਿੱਥੇ ਗੁਰਬਾਣੀ ਦੀਆਂ ਹੁਣ ਤੱਕ ਹੋ ਚੁੱਕੀਆਂ ਵਿਆਖਿਆ-ਪ੍ਰਣਾਲੀਆਂ ਨੂੰ ਵਿਚਾਰਿਆ ਗਿਆ ਹੈ ਉੱਥੇ ਅਜੋਕੇ ਉੱਤਰ ਆਧੁਨਿਕ ਕਾਲ ਵਿੱਚ ਹੋਏ ਸਿੱਖ-ਪੰਥ ਦੇ ਅਨੁਭਵੀ ਅਤੇ ਤਾਰਕਿਕ ਵਿਆਖਿਆਕਾਰ ਗਿਆਨੀ ਸੰਤ ਸਿੰਘ ਮਸਕੀਨ ਜੀ ਦੁਆਰਾ ਕੀਤੀ ਗਈ ਗੁਰਬਾਣੀ ਵਿਆਖਿਆਕਾਰੀ ਤੇ ਉਸ ਦੇ ਵਿਭਿੰਨ ਪੱਖਾਂ ਸੰਬੰਧੀ ਵਿਚਾਰ ਚਰਚਾ ਕੀਤੀ ਗਈ ਹੈ ਤਾਂ ਜੁ ਗੁਰਬਾਣੀ ਵਿਆਖਿਆ ਦੀ ਇਤਿਹਾਸਕ ਰੇਖਾਕਾਰੀ ਦਾ ਸਮੁੱਚੇ ਰੂਪ ਵਿੱਚ ਅਧਿਐਨ ਹੋ ਸਕੇ।ਵਿਆਖਿਆਕਾਰੀ ਦੇ ਵਿਸ਼ੇ ਉੱਤੇ ਗਿਆਨੀ ਸੰਤ ਸਿੰਘ ਮਸਕੀਨ ਜੀ ਦੀ ਵਿਆਖਿਆਕਾਰੀ ਨਾਲ ਜੁੜੇ ਬਹੁਤ ਸਾਰੇ ਵਿਭਿੰਨ ਪਹਿਲੂਆਂ ਉੱਤੇ ਗੰਭੀਰ ਚਰਚਾ ਕਰਨ ਉਪਰੰਤ ਅਸੀਂ ਇਸ ਸੰਬੰਧੀ ਕਈ ਅਹਿਮ ਸਥਾਪਨਾਵਾਂ ਤੇ ਸਿੱਟਿਆਂ ਨੂੰ ਉਜਾਗਰ ਕਰਨ ਦਾ ਵੀ ਇੱਥੇ ਯਤਨ ਕੀਤਾ ਹੈ, ਜਿਨ੍ਹਾਂ ਨੂੰ ਪੇਸ਼ ਕਰਦਿਆਂ ਸਾਡੀ ਜਾਚੇ ਇਸ ਵਿਸ਼ੇ ਦੇ ਖੋਜ ਖੇਤਰ ਸੰਬੰਧੀ ਇਹ ਸਪਸ਼ਟੀਕਰਨ ਦੇਣਾ ਜ਼ਰੂਰੀ ਬਣਦਾ ਹੈ ਕਿ ਅਜੋਕੇ ਉੱਤਰ ਆਧੁਨਿਕ ਯੁੱਗ ਵਿੱਚ ਵਿਸ਼ਵ ਪੱਧਰ ਉੱਤੇ ਗੁਰਬਾਣੀ ਨੂੰ ਸਮਝਣ-ਸਮਝਾਉਣ ਦੇ ਜਿਹੜੇ ਯਤਨ ਬੜੀ ਉਤਸੁਕਤਾ ਨਾਲ ਕੀਤੇ ਜਾ ਰਹੇ ਹਨ ਅਤੇ ਅਜੋਕੇ ਸੰਦਰਭ ਵਿੱਚ ਪੱਛਮੀ ਚਿੰਤਨ ਦੇ ਆਧਾਰ ਉੱਤੇ ਗੁਰਬਾਣੀ ਦਾ ਵਿਆਖਿਆ-ਸ਼ਾਸਤਰ ਸਿਰਜੇ ਜਾਣ ਦੀ ਲੋੜ ਨੂੰ ਮਹਿਸੂਸ ਕੀਤਾ ਜਾ ਰਿਹਾ ਹੈ, ਉਨ੍ਹਾਂ ਨੂੰ ਅਸੀਂ ਆਪਣੇ ਇਸ ਖੋਜ ਪ੍ਰਬੰਧ ਵਿੱਚ ਗੁਰਬਾਣੀ ਵਿਆਖਿਆ ਦੀ ਸਮਕਾਲੀਨ ਪ੍ਰਾਸੰਗਿਕਤਾ ਦੇ ਅਧੀਨ ਸੰਕਲਪੀ ਅਧਿਐਨ ਵਜੋਂ ਛੋਹਿਆ ਹੈ ਤੇ ਗੁਰਬਾਣੀ ਦੇ ਸਿਧਾਂਤੀਕਰਨ ਦੇ ਉਦੇਸ਼ ਮਾਤਰ ਵਿਚਾਰਿਆ ਵੀ ਹੈ।ਸਾਡਾ ਹੱਥਲਾ ਖੋਜ-ਪ੍ਰਬੰਧ ਗੁਰਬਾਣੀ-ਵਿਆਖਿਆ ਦੀਆਂ ਹੋ ਚੁੱਕੀਆਂ ਵਿਆਖਿਆ-ਪ੍ਰਣਾਲੀਆਂ ਤੇ ਪ੍ਰਮੁੱਖ ਸਿਧਾਂਤਾਂ ਦੇ ਖੇਤਰ ਨੂੰ ਵਿਚਾਰਦਾ ਹੈ ਸੋ ਵਿਆਖਿਆ-ਸ਼ਾਸਤਰ ਲਈ ਗੁਰਬਾਣੀ-ਵਿਆਖਿਆ ਦੇ ਹਰੇਕ ਪਰਤੀ ਅਤੇ ਹਰੇਕ ਪਾਸਾਰੀ ਯਤਨਾਂ ਦਾ ਅਧਿਐਨ ਕਰਨਾ ਸਾਡੇ ਲਈ ਜ਼ਰੂਰੀ ਸੀ ਕਿਉਂਕਿ

ਗੁਰਬਾਣੀ ਦੀ ਹਰ ਕਾਲ ਅਤੇ ਹਰ ਸਥਿਤੀ ਵਿੱਚ ਨਵੀਂ ਵਿਆਖਿਆ ਤੇ ਬਣਦੀ ਸਮਕਾਲੀ ਪ੍ਰਾਸੰਗਿਕਤਾ ਲੱਭੀ ਜਾ ਸਕਦੀ ਹੈ।ਇਸੇ ਕਰਕੇ ਅੱਜ ਦੇ ਖੋਜੀ ਤੇ ਸਮੀਖਿਆਕਾਰ ਅੱਗੇ ਸਭ ਤੋਂ ਵੱਡੀ ਚੁਣੌਤੀ ਗੁਰਬਾਣੀ ਦੇ ਬਹੁ ਭਾਂਤੀ ਤੇ ਬਹੁ ਅਨੁਸ਼ਾਸਨੀ ਅਧਿਐਨ ਨੂੰ ਨਿਸ਼ਚਿਤ ਕਰਨ ਦੀ ਬਣਦੀ ਹੈ।ਇਸ ਲਈ ਆਪਣੇ ਖੋਜ ਪ੍ਰਬੰਧ ਦੇ ਅੰਤਰਗਤ ਅਸੀਂ ਗੁਰਬਾਣੀ ਦੇ ਵਿਆਖਿਆ-ਸ਼ਾਸਤਰ ਨੂੰ ਇੱਕ ਸੰਕਲਪੀ ਅਧਿਐਨ ਵਜੋਂ ਸ਼ਾਮਿਲ ਕੀਤਾ ਹੈ ਤਾਂ ਜੋ ਸਮਕਾਲੀਨ ਪ੍ਰਸੰਗ ਵਿੱਚ ਗੁਰਬਾਣੀ ਵਿਆਖਿਆ ਦੇ ਮਹੱਤਵ ਨੂੰ ਸਮਝਿਆ ਜਾ ਸਕੇ।

ਵਿਸ਼ੇ ਨਾਲ ਸੰਬੰਧਤ ਪਰਿਚਾਤਮਕ, ਸਿਧਾਂਤਕ ਅਤੇ ਵਿਵਹਾਰਕ ਸੰਦਰਭਾਂ ਨੂੰ ਉਘਾੜਨ ਲਈ ਜੋ ਖੋਜ ਪ੍ਰਬੰਧ ਸਾਡੇ ਵੱਲੋਂ ਉਸਾਰਿਆ ਗਿਆ ਹੈ, ਉਸ ਵਿੱਚ ਆਪਣੇ ਵਿਸ਼ੇ ਦੀ ਨਿਰੰਤਰਤਾ ਅਤੇ ਵਿਕਾਸ ਨੂੰ ਵਿਧੀਵਤ ਰੂਪ ਵਿੱਚ ਪ੍ਰਸਤੁਤ ਕਰਨ ਲਈ ਇਸ ਦੇ ਸੱਤ ਅਧਿਆਇ ਤਰਤੀਬਵਾਰ ਬਣਾਏ ਗਏ ਹਨ ਜਿਨ੍ਹਾਂ ਵਿੱਚ ਬਹੁ ਅਨੁਸ਼ਾਸਨੀ ਵਿਧੀਆਂ ਦੁਆਰਾ ਇੱਕ ਪਾਸੇ ਗੁਰਬਾਣੀ-ਵਿਆਖਿਆ ਦੇ ਸੰਕਲਪ ਅਤੇ ਹੁਣ ਤੱਕ ਹੋ ਚੁੱਕੇ ਵਿਆਖਿਆ ਕਾਰਜ ਨੂੰ ਸਮਝਣ ਦਾ ਯਤਨ ਕੀਤਾ ਹੈ ਤੇ ਇਸ ਦੇ ਨਾਲ ਹੀ ਅਜੋਕੇ ਸਮਿਆਂ ਦੇ ਵਿਆਖਿਆਕਾਰ ਗਿਆਨੀ ਸੰਤ ਸਿੰਘ ਮਸਕੀਨ ਜੀ ਦੀ ਗੁਰਬਾਣੀ ਵਿਆਖਿਆ ਦੇ ਪ੍ਰਮੁੱਖ ਸਿਧਾਂਤ ਤੇ ਸ਼ੈਲੀ ਨੂੰ ਖੋਜ ਅਧਿਐਨ ਹੇਠ ਲਿਆਉਣ ਦਾ ਯਤਨ ਕੀਤਾ ਗਿਆ ਹੈ ਜਿਸ ਦਾ ਸਾਰ ਤੇ ਸਿੱਟੇ ਇਸ ਪ੍ਰਕਾਰ ਹਨ:

ਖੋਜ ਪ੍ਰਬੰਧ ਦਾ ਪਹਿਲਾ ਅਧਿਆਇ 'ਪੂਰਵ ਪ੍ਰਾਪਤ ਖੋਜ ਸਾਮੱਗਰੀ ਦਾ ਸਰਵੇਖਣ ਤੇ ਮੁਲਾਂਕਣ' ਸਾਡੇ ਚੁਣੇ ਹੋਏ ਵਿਸ਼ੇ ਦੇ ਨਿਕਟ ਅਧਿਐਨ ਸੰਬੰਧੀ ਹੋ ਚੁੱਕੀ ਪੂਰਵ ਖੋਜ ਦੇ ਪ੍ਰਸਤੁਤੀਕਰਨ ਦਾ ਪ੍ਰਗਟਾ ਕਰਦਾ ਹੈ।ਇਸ ਅਧਿਆਇ ਵਿੱਚ ਉਨ੍ਹਾਂ ਸਾਰੇ ਖੋਜ ਪ੍ਰਬੰਧਾਂ ਦਾ ਵੇਰਵਾ ਤੇ ਮੁਲਾਂਕਣ ਪੇਸ਼ ਕੀਤਾ ਗਿਆ ਹੈ ਜੋ ਸਾਡੇ ਤੋਂ ਪਹਿਲਾਂ ਇਸ ਵਿਸ਼ੇ ਨਾਲ ਸੰਬੰਧਤ ਵਿਭਿੰਨ ਯੂਨੀਵਰਸਿਟੀਆਂ ਅਤੇ ਅਕਾਦਮਿਕ ਅਦਾਰਿਆਂ ਤੋਂ ਪੀਐੱਚ. ਡੀ. ਪੱਧਰ ਉੱਤੇ ਕਿਸੇ ਤਰ੍ਹਾਂ ਦੀ ਖੋਜ ਕਰ ਚੁੱਕੇ ਸਨ ਅਤੇ ਇਸ ਤੋਂ ਬਾਅਦ ਇਸ ਖੇਤਰ ਵਿੱਚ ਕੁਝ ਵਿਸ਼ੇਸ਼ ਪੁਸਤਕਾਂ ਅਤੇ ਖੋਜ ਪਤ੍ਰਿਕਾਵਾਂ ਆਦਿ ਦੇ ਰੂਪ ਵਿੱਚ ਹੋਏ ਖੋਜ ਕਾਰਜ ਨੂੰ ਵੀ ਸਾਹਮਣੇ ਲਿਆਂਦਾ ਗਿਆ ਹੈ।ਇਸ ਖੋਜ ਸਾਮੱਗਰੀ ਨੂੰ ਘੋਖਣ ਦਾ ਨਤੀਜਾ ਇਹ ਨਿਕਲਿਆ ਕਿ ਵਿਸ਼ੇ ਨੂੰ ਪਹਿਲਾਂ ਤੋਂ ਪ੍ਰਾਪਤ ਹੋ ਚੁੱਕੇ ਪੱਧਰ ਤੋਂ ਬਾਅਦ ਪ੍ਰਦਾਨ ਕੀਤੀ ਜਾਣ ਵਾਲੀ ਤਰਤੀਬ, ਵਿਕਾਸ, ਡੂੰਘਾਈ ਅਤੇ ਵਿਆਪਕਤਾ ਬਾਰੇ ਸੋਝੀ ਪ੍ਰਾਪਤ ਹੋ ਗਈ ਤੇ ਦੂਜਾ ਇਹ ਗਿਆਤ

ਵੀ ਹੋਇਆ ਕਿ ਸਾਡਾ ਚੁਣਿਆ ਗਿਆ ਵਿਸ਼ਾ ਨਿਵੇਕਲਾ ਅਤੇ ਵਿਲੱਖਣ ਹੈ ਅਤੇ ਇਸ ਵਿਸ਼ੇ ਉੱਤੇ ਹੁਣ ਤੱਕ ਕੋਈ ਹੋਰ ਖੋਜ ਕਾਰਜ ਨਹੀਂ ਹੋਇਆ।ਅਜੋਕੇ ਖੋਜ-ਸੰਦਰਭ ਵਿੱਚ ਇਹ ਵਿਸ਼ਾ ਬਹੁਤ ਗੰਭੀਰ ਖੋਜ ਦੀ ਮੰਗ ਕਰਦਾ ਹੈ ਕਿਉਂਕਿ ਇਸ ਵਿਸ਼ੇ ਵਿੱਚ ਵਿਸ਼ਵੀ ਦ੍ਰਿਸ਼ਟੀਕੋਣ ਤੋਂ ਅਧਿਐਨ ਕਰਨ ਦੀਆਂ ਵਿਸ਼ੇਸ਼ ਸੰਭਾਵਨਾਵਾਂ ਸ਼ਾਮਲ ਹਨ ਜੋ ਗੁਰਬਾਣੀ-ਵਿਆਖਿਆ ਦੀ ਸਾਰਥਕਤਾ ਅਤੇ ਵਿਵਹਾਰਿਕਤਾ ਨੂੰ ਨਿਸ਼ਚਿਤ ਕਰਦੀਆਂ ਹਨ।

ਇਸ ਖੋਜ ਪ੍ਰਬੰਧ ਦੇ ਦੂਜੇ ਅਧਿਆਇ 'ਵਿਆਖਿਆ ਪਰੰਪਰਾ' ਦੇ ਸਿਰਲੇਖ ਅਧੀਨ ਵਿਆਖਿਆ ਦੇ ਮੁੱਢ, ਸਰੂਪ ਅਤੇ ਅਰਥ ਦੀ ਖੋਜ ਕਰਦਿਆਂ ਭਾਰਤੀ ਅਤੇ ਪੱਛਮੀ ਚਿੰਤਨ ਪਰੰਪਰਾਵਾਂ ਵਿੱਚ ਵਿਆਖਿਆਕਾਰੀ ਦੇ ਮੁਢਲੇ ਯਤਨਾਂ ਦਾ ਉਲੇਖ ਕੀਤਾ ਗਿਆ ਹੈ ਅਤੇ ਇਹ ਵੀ ਦਰਸਾਉਣ ਦਾ ਯਤਨ ਕੀਤਾ ਗਿਆ ਹੈ ਕਿ ਕਿਸੇ ਵੀ ਧਰਮ ਗ੍ਰੰਥ ਵਿੱਚ ਦਰਜ ਪੈਗੰਬਰਾਂ ਦੇ ਅਧਿਆਤਮਕ ਅਨੁਭਵ ਦੀ ਗਹਿਰੀ ਸਮਝ ਲਈ ਉਸ ਦੀ ਵਿਆਖਿਆ ਦਾ ਅਧਿਐਨ ਕਰਨਾ ਬਹੁਤ ਮਹੱਤਵਪੂਰਣ ਹੈ ਕਿਉਂਕਿ ਇਹ ਅਧਿਆਤਮ ਮਾਰਗ ਅਤੇ ਰਹੱਸਵਾਦ ਦੀਆਂ ਸੂਖਮ ਰਮਜ਼ਾਂ ਨੂੰ ਖੋਲ੍ਹਣ ਅਤੇ ਸਮਝਣ ਵਿੱਚ ਬਹੁਤ ਸਹਾਈ ਹੁੰਦਾ ਹੈ।ਪ੍ਰਮੁੱਖ ਤੌਰ ਉੱਤੇ ਵਿਆਖਿਆ ਦਾ ਕਾਰਜ ਧਰਮ-ਗ੍ਰੰਥਾਂ ਦੇ ਪ੍ਰਵਚਨਾਂ ਨੂੰ ਅਤੇ ਇਸਦੇ ਬੋਧ ਨੂੰ ਸਰਲ ਅਤੇ ਸਪਸ਼ਟ ਤੌਰ ਤੇ ਸਮਝਣ ਲਈ ਜ਼ਰੂਰੀ ਹੁੰਦਾ ਹੈ।ਸੰਸਾਰ ਦੇ ਲਗਭਗ ਸਾਰੇ ਹੀ ਧਰਮ-ਗ੍ਰੰਥਾਂ ਦੀ ਵਿਆਖਿਆਕਾਰੀ ਅਤੇ ਟੀਕਾਕਾਰੀ ਕਈ ਰੂਪਾਂ ਅਤੇ ਕਈ-ਕਈ ਭਾਸ਼ਾਵਾਂ ਵਿੱਚ ਮਿਲਦੀ ਹੈ ਜਿਸ ਨੂੰ ਵੱਖ-ਵੱਖ ਧਾਰਮਿਕ-ਪ੍ਰਣਾਲੀਆਂ ਜਾਂ ਪਰੰਪਰਾਵਾਂ ਦੇ ਅੰਤਰਗਤ ਵੱਖ-ਵੱਖ ਨਾਵਾਂ ਨਾਲ ਜਾਣਿਆ ਗਿਆ ਹੈ ਜਿਵੇਂ ਬਾਈਬਲ ਦੀ ਵਿਆਖਿਆ ਨੂੰ 'ਐਕਸਿਜੀਸਿਸ' ਕਿਹਾ ਗਿਆ ਹੈ, ਕੁਰਾਨ ਸ਼ਰੀਫ ਦੀ ਟੀਕਾਕਾਰੀ ਨੂੰ ਅਰਬੀ ਅਤੇ ਫਾਰਸੀ ਵਿੱਚ 'ਤਫ਼ਸੀਰ' ਕਿਹਾ ਗਿਆ ਹੈ, ਪੁਰਾਣਾਂ ਦੀ ਵਿਆਖਿਆ ਲਈ ਭਾਰਤੀ ਧਰਮ-ਪਰੰਪਰਾ ਵਿੱਚ 'ਭਾਸ਼ਯ' ਜਾਂ ਭਾਸ਼ ਸ਼ਬਦ ਵਰਤਿਆ ਗਿਆ ਹੈ।ਭਾਰਤੀ ਵਿਆਖਿਆ ਪਰੰਪਰਾ ਵਿੱਚ ਇਸ ਨੂੰ ਨਿਘੰਟੂ, ਨਿਰੁਕਤ, ਟੀਕਾ, ਟਿੱਪਣੀ, ਵ੍ਰਿਤੀ, ਪਰਮਾਰਥ ਅਤੇ ਭਾਸ਼ ਆਦਿ ਵੱਖ ਵੱਖ ਨਾਂ ਦਿੱਤੇ ਗਏ ਹਨ।ਇਹ ਵਿਆਖਿਆ ਦੇ ਵੱਖ ਵੱਖ ਪੱਧਰਾਂ ਦੇ ਨਾਲ ਨਾਲ ਭਾਰਤੀ ਅਰਥ ਪਰੰਪਰਾ ਦੇ ਮੁੱਢ, ਜੋ ਕਿ ਲਗਭਗ ਅੱਠਵੀ ਸਦੀ ਈਸਾ ਪੂਰਵ ਵਿੱਚ ਹੋ ਚੁੱਕਾ ਸੀ, ਨੂੰ ਵੀ ਸਪਸ਼ਟ ਕਰਦੇ ਹਨ।

ਇਸੇ ਅਧਿਆਇ ਵਿੱਚ ਜਿੱਥੇ ਵਿਆਖਿਆਕਾਰੀ ਦੇ ਮੂਲ ਆਧਾਰ 'ਸ਼ਬਦ' ਦਾ ਸ੍ਰੋਤ ਅਤੇ ਸਰੂਪ ਉਲੀਕਣ ਦਾ ਯਤਨ ਕੀਤਾ ਗਿਆ ਹੈ ਉੱਥੇ ਵਿਆਖਿਆਕਾਰੀ ਦੇ ਮੁੱਢ ਅਤੇ ਵਿਕਾਸ ਸੰਬੰਧੀ ਵਰਗੀਕਰਨ ਕਰਦਿਆਂ ਇਸ ਦੇ ਮੂਲ ਵਿਚਾਰਧਾਰਕ ਆਧਾਰਾਂ ਨੂੰ ਅਧਿਐਨ ਹੇਠ ਲਿਆਂਦਾ ਗਿਆ ਹੈ।ਵਿਆਖਿਆਕਾਰੀ ਦੇ ਪ੍ਰਮੁੱਖ ਆਧਾਰ ਦੇ ਰੂਪ ਵਿੱਚ ਭਾਰਤੀ ਚਿੰਤਨ ਪਰੰਪਰਾ ਨੇ ਜੇਕਰ 'ਸ਼ਬਦ ਦਾ ਸਿਧਾਂਤ' ਦਿੱਤਾ ਹੈ ਤਾਂ ਪੱਛਮੀ ਚਿੰਤਨ ਪਰੰਪਰਾ ਦਾ 'ਸੋਝੀ ਜਾਂ ਸਮਝਣ ਦਾ ਸਿਧਾਂਤ' ਵੀ ਵਿਸ਼ੇ ਨੂੰ ਹੋਰ ਗੰਭੀਰਤਾ ਪ੍ਰਦਾਨ ਕਰਦਿਆਂ ਹੋਇਆਂ ਦ੍ਰਿਸ਼ਟੀਗੋਚਰ ਕਰਦਾ ਹੈ ਕਿ ਮਨੁੱਖੀ ਬੁੱਧੀ ਦੀ ਪਕੜ ਦੀ ਆਪਣੀ ਆਪਣੀ ਸੀਮਾ ਹੁੰਦੀ ਹੈ।ਪੱਛਮੀ ਚਿੰਤਕ ਆਪਣੇ ਧਰਮ-ਗ੍ਰੰਥਾਂ 'ਅੰਜੀਲ' ਅਤੇ 'ਬਾਈਬਲ' ਦੀ ਵਿਆਖਿਆ ਕਰਕੇ 'ਐਕਸਿਜੀਸਿਸ' ਦੇ ਰੂਪ ਵਿੱਚ ਅਤੇ ਵਿਗਿਆਨਕ ਆਧਾਰਾਂ 'ਤੇ ਵਿਆਖਿਆਕਾਰੀ ਦੇ ਸਿਧਾਂਤਕ ਚੌਖਟੇ ਸਿਰਜ ਕੇ 'ਹਰਮੇਨਿਊਟਿਕਸ' ਦੇ ਰੂਪ ਵਿੱਚ ਪੇਸ਼ ਕਰਦੇ ਹਨ ਜੋ ਕਿ ਅਜੋਕੇ ਉੱਤਰ ਆਧੁਨਿਕ ਸਮੇਂ ਵਿੱਚ ਵਿਆਖਿਆਕਾਰੀ ਦਾ ਵਿਸ਼ਵ ਵਿਆਪੀ ਰੂਪ ਬਣ ਚੁੱਕੇ ਹਨ ਅਤੇ ਜਿਸ ਦਾ ਅਨੁਸਰਣ ਕਰਨ ਲਈ ਪੱਛਮ ਨੇ ਸੰਸਾਰ ਦੇ ਸਾਰੇ ਛੋਟੇ ਵੱਡੇ ਸੱਭਿਆਚਾਰਾਂ ਨੂੰ ਵੰਗਾਰ ਲਾਈ ਹੈ ਤਾਂ ਜੋ ਤਾਰਕਿਕ ਅਤੇ ਬੌਧਿਕ ਆਧਾਰਾਂ ਉੱਤੇ ਕੀਤੀ ਗਈ ਅਜਿਹੀ ਸਿਧਾਂਤਕ ਵਿਆਖਿਆ ਧਰਮ ਗ੍ਰੰਥਾਂ ਦੀ ਜਟਿਲਤਾ ਨੂੰ ਦੂਰ ਕਰ ਕੇ ਉਨ੍ਹਾਂ ਨੂੰ ਸਰਲ ਅਤੇ ਹੋਰ ਸਪਸ਼ਟ ਬਣਾਉਣ ਵਿੱਚ ਸਹਾਈ ਹੋਵੇ ਤਾਂ ਜੁ ਸਾਂਝੇ ਆਧਾਰਾਂ ਉੱਤੇ ਇੱਕ ਸੁਤੰਤਰ ਧਾਰਮਿਕ ਸਿਧਾਂਤਕਾਰੀ ਪ੍ਰਾਪਤ ਹੋ ਸਕੇ।

ਆਪਣੇ ਖੋਜ ਪ੍ਰਬੰਧ ਦੇ ਤੀਸਰੇ ਅਧਿਆਇ 'ਵਿਆਖਿਆਕਾਰੀ ਦਾ ਗੁਰਮਤਿ ਪਰਿਪੇਖ' ਵਿੱਚ ਸਾਡਾ ਉਦੇਸ਼ ਜਿੱਥੇ ਗੁਰਬਾਣੀ ਅਨੁਸਾਰ ਸਿੱਖ ਧਰਮ ਚਿੰਤਨ ਦੇ ਆਧਾਰ 'ਸ਼ਬਦ' ਦਾ ਅਧਿਐਨ ਕਰਨਾ ਹੈ, ਉੱਥੇ ਗੁਰਬਾਣੀ ਵਿਆਖਿਆ ਦਾ ਸਰੂਪ ਦਰਸਾਉਂਦੇ ਹੋਏ ਇਸ ਦੀ ਵਿਉਂਤ, ਉਦੇਸ਼, ਮਹੱਤਵ ਅਤੇ ਚੁਣੌਤੀਆਂ ਨੂੰ ਦਰਸਾਉਣਾ ਵੀ ਹੈ।ਇਸੇ ਅਧਿਆਇ ਵਿੱਚ 'ਗੁਰਬਾਣੀ ਵਿਆਖਿਆ ਦੇ ਵਿਵਿਧ ਪਰਿਪੇਖ' ਸਿਰਲੇਖ ਅਧੀਨ ਗੁਰਬਾਣੀ ਦੇ ਇਤਿਹਾਸਕ, ਦਾਰਸ਼ਨਿਕ, ਸੱਭਿਆਚਾਰਕ ਅਤੇ ਵਿਗਿਆਨਿਕ ਪੱਖਾਂ ਦੀ ਚਰਚਾ ਕਰਦੇ ਹੋਏ ਗੁਰਬਾਣੀ ਵਿਆਖਿਆ ਦੇ ਵੱਖ ਵੱਖ ਦ੍ਰਿਸ਼ਟੀਕੋਣਾਂ ਨੂੰ ਵੀ ਸਾਹਮਣੇ ਲਿਆਂਦਾ ਗਿਆ ਹੈ ਅਤੇ ਪੱਛਮੀ ਚਿੰਤਨ ਦੀ ਤਰਜ਼ ਉੱਤੇ ਗੁਰਬਾਣੀ ਦੇ ਵਿਆਖਿਆ-ਸ਼ਾਸਤਰ ਦੀ ਉਸਾਰੀ ਲਈ ਇੱਕ ਸੰਕਲਪੀ ਅਧਿਐਨ ਵੀ ਪੇਸ਼ ਕੀਤਾ ਗਿਆ ਹੈ ਜੋ ਇਸ ਖੋਜ ਕਾਰਜ ਨੂੰ ਵਿਸ਼ੇਸ਼ ਆਧਾਰ ਪ੍ਰਦਾਨ ਕਰਦਾ ਹੈ।

ਇਸ ਅਧਿਆਇ ਦੇ ਅੰਤਰਗਤ ਇਸ ਸਿੱਟੇ ਉੱਤੇ ਪੁੱਜਿਆ ਗਿਆ ਹੈ ਕਿ ਹੋਰ ਧਰਮ ਚਿੰਤਨ ਸ਼ਬਦ ਨੂੰ ਪ੍ਰਮਾਣ, ਬ੍ਰਹਮ, ਨਿਰਵਾਣ ਪ੍ਰਾਪਤੀ ਦਾ ਸਾਧਨ ਅਤੇ ਲੋਗੋਸ ਜਾਂ ਕੁੰਨ ਦੇ ਰੂਪ ਵਿੱਚ ਬ੍ਰਹਿਮੰਡ ਦਾ ਸਿਰਜਕ ਤਾਂ ਮੰਨਦੇ ਹਨ ਪਰ ਸਿੱਖ ਧਰਮ ਚਿੰਤਨ ਵਾਂਗ 'ਗੁਰੂ' ਪਦਵੀ ਦਾ ਸਨਮਾਨ ਨਹੀਂ ਦੇਂਦੇ ਜੋ ਕਿ 'ਸ਼ਬਦ ਗੁਰੂ' ਦੇ ਰੂਪ ਵਿੱਚ ਗਿਆਨ ਦਾ ਸਦੀਵੀ ਕਾਇਮ ਰਹਿਣ ਵਾਲਾ ਸ੍ਰੋਤ ਹੈ।ਸ਼ਬਦ ਦੇ ਆਹਤ ਅਤੇ ਅਨਾਹਤ ਰੂਪ ਤੋਂ ਲੌਕਿਕ ਅਤੇ ਪਾਰਲੌਕਿਕ ਗਿਆਨ ਦੀ ਪ੍ਰਾਪਤੀ ਹੁੰਦੀ ਹੈ।ਇਸੇ ਲਈ ਸ਼ਬਦ ਦਾ ਭੇਦ ਖੋਲ੍ਹਣਾ ਹੀ ਗੁਰਬਾਣੀ ਦੀ ਵਿਆਖਿਆ ਕਰਨ ਪਿੱਛੇ ਮੁੱਖ ਉਦੇਸ਼ ਹੈ।ਇਸ ਅਧਿਆਇ ਵਿੱਚ ਗੁਰਬਾਣੀ ਵਿਆਖਿਆ ਦਾ ਸੰਕਲਪ ਉਜਾਗਰ ਕਰਦੇ ਹੋਏ ਇਸ ਦਾ ਸਰੂਪ, ਵਿਉਂਤ, ਉਦੇਸ਼, ਮਹੱਤਵ ਅਤੇ ਚੁਣੌਤੀਆਂ ਨੂੰ ਦਰਸਾਉਣਾ ਇਸ ਲਈ ਜ਼ਰੂਰੀ ਹੈ ਕਿਉਂਕਿ ਇਸ ਸਾਰੀ ਵਿਚਾਰ ਚਰਚਾ ਵਿੱਚੋਂ ਇਹ ਤੱਥ ਨਿਕਲ ਕੇ ਸਾਹਮਣੇ ਆਉਂਦਾ ਹੈ ਕਿ ਗੁਰਬਾਣੀ ਅਗਾਧ ਬੋਧ ਹੈ ਭਾਵ ਇਸ ਦਾ ਬਹੁ ਪਾਸਾਰੀ ਅਤੇ ਬਹੁ ਦਿਸ਼ਾਵੀ ਬੋਧ ਮਨੁੱਖੀ ਗਿਆਨ ਇੰਦ੍ਰੀਆਂ ਦੀ ਪਹੁੰਚ ਤੋਂ ਬਾਹਰ ਹੈ ਅਤੇ ਇਸ ਦੇ ਇਲਹਾਮੀ ਸੰਦੇਸ਼ ਦੇ ਮੌਲਿਕ ਅਤੇ ਅਸਲ ਅਰਥਾਂ ਨੂੰ ਖੋਜਣਾ ਬਹੁਤ ਕਠਿਨ ਹੈ ਪ੍ਰੰਤੂ ਫਿਰ ਵੀ ਸਿੱਖ ਵਿਦਵਾਨਾਂ ਨੇ ਆਪੋ ਆਪਣੇ ਦ੍ਰਿਸ਼ਟੀਕੋਣ ਤੋਂ ਇਸ ਦੇ ਕਿਸੇ ਨਾ ਕਿਸੇ ਪਾਸਾਰ ਦਾ ਸਿਧਾਂਤੀਕਰਣ ਕਰਨ ਦਾ ਯਤਨ ਕੀਤਾ ਹੈ ਜਿਸ ਦੇ ਸਿੱਟੇ ਵਜੋਂ ਇਤਿਹਾਸਕ, ਦਾਰਸ਼ਨਿਕ, ਸਮਾਜ-ਸੱਭਿਆਚਾਰਕ ਅਤੇ ਵਿਗਿਆਨਕ ਆਦਿ ਦ੍ਰਿਸ਼ਟੀਕੋਣਾਂ ਤੋਂ ਇਸ ਦੇ ਸਿਧਾਂਤਾਂ ਨੂੰ ਬੌਧਿਕ ਪਕੜ ਦੇ ਘੇਰੇ ਵਿੱਚ ਲਿਆਉਣ ਦੇ ਯਤਨ ਕੀਤੇ ਗਏ ਹਨ।ਇਨ੍ਹਾਂ ਆਧਾਰਾਂ ਉੱਤੇ ਹੀ ਸਿੱਖ ਚਿੰਤਕਾਂ ਦੁਆਰਾ ਪੱਛਮੀ ਚਿੰਤਨ ਦੀ ਤਰਜ ਉੱਤੇ ਗੁਰਬਾਣੀ ਦਾ ਵਿਆਖਿਆ-ਸ਼ਾਸਤਰ ਉਸਾਰਨ ਦੇ ਯਤਨ ਕੀਤੇ ਜਾ ਰਹੇ ਹਨ ਜਿਸ ਦਾ ਇੱਕ ਸੰਕਲਪੀ ਅਧਿਐਨ ਪੇਸ਼ ਕਰਦੇ ਹੋਏ ਇੱਥੇ ਇਹ ਸਪਸ਼ਟ ਕੀਤਾ ਗਿਆ ਹੈ ਕਿ ਗੁਰਬਾਣੀ ਦਾ ਅਵਤਰਣ ਵਿਗਿਆਨਕ ਯੁੱਗ ਵਿੱਚ ਹੀ ਹੋਇਆ ਹੈ ਸੋ ਇਹ ਪਹਿਲਾਂ ਹੀ ਵਿਗਿਆਨਕ ਆਧਾਰਾਂ ਉੱਤੇ ਪੂਰਣ ਰੂਪ ਵਿੱਚ ਪ੍ਰਮਾਣਿਕ ਹੈ ਕਿਉਂਕਿ ਗੁਰੂਆਂ ਨੇ ਆਪ ਇਸ ਨੂੰ ਆਪਣੇ ਹੱਥੀਂ ਲਿਖਿਆ ਅਤੇ ਸਾਂਭਿਆ ਹੈ ਅਤੇ ਵਿਭਿੰਨ ਜਾਤਾਂ, ਨਸਲਾਂ, ਭਾਸ਼ਾਵਾਂ, ਸੱਭਿਆਚਾਰਾਂ ਅਤੇ ਲੋਕਧਾਰਾਵਾਂ ਨਾਲ ਜੋੜ ਕੇ ਇਸ ਨੂੰ ਬਹੁ ਵਚਨੀ ਅਤੇ ਮੁੱਲਵਾਨ ਬਣਾਇਆ ਹੈ।ਇਸ ਦਾ ਮਾਡਲ ਸੁਤੇ-ਸਿੱਧ ਸਰਬੱਤ ਦੇ ਭਲੇ ਵਾਲਾ ਹੈ।ਇਸ ਲਈ ਗੁਰਬਾਣੀ ਦਾ ਵਿਆਖਿਆ ਸ਼ਾਸਤਰ ਪੱਛਮੀ ਵਿਆਖਿਆ-ਸ਼ਾਸਤਰਾਂ ਦੇ ਸਿਧਾਂਤਕ ਚੌਖਟਿਆਂ ਵਿੱਚ ਫਿੱਟ ਹੋਣ ਵਾਲਾ ਨਹੀਂ, ਸਗੋਂ ਇੱਕ ਨਿਵੇਕਲੇ ਮੁਹਾਂਦਰੇ ਦਾ ਧਾਰਨੀ ਹੈ।

ਚੌਥਾ ਅਧਿਆਇ 'ਗੁਰਬਾਣੀ ਦੀਆਂ ਵਿਆਖਿਆ-ਪ੍ਰਣਾਲੀਆਂ, ਸਿਧਾਂਤ ਤੇ ਖੋਜ-ਸੰਦ' ਇਸ ਖੋਜ ਪ੍ਰਬੰਧ ਨੂੰ ਇੱਕ ਵਿਸ਼ੇਸ਼ ਸਿਧਾਂਤਕ ਆਧਾਰ ਪ੍ਰਦਾਨ ਕਰਦਾ ਹੈ ਜਿਸ ਵਿੱਚੋਂ ਗੁਰਬਾਣੀ-ਵਿਆਖਿਆ ਸੰਬੰਧੀ ਹੁਣ ਤੱਕ ਹੋ ਚੁੱਕੀਆਂ ਸਾਰੀਆਂ ਪਰੰਪਰਾਗਤ ਪ੍ਰਣਾਲੀਆਂ, ਵਿਆਖਿਆਕਾਰ, ਵਿਆਖਿਆਕਾਰੀ ਦੇ ਲੱਛਣ, ਸੀਮਾ ਤੇ ਸੰਭਾਵਨਾਵਾਂ ਦਾ ਵੇਰਵਾ ਮਿਲਦਾ ਹੈ।ਵੱਖ ਵੱਖ ਸਮਿਆਂ ਵਿੱਚ ਵਿਕਸਿਤ ਹੋਈਆਂ ਵਿਆਖਿਆ-ਪ੍ਰਣਾਲੀਆਂ ਵਿੱਚ ਪ੍ਰਮੁੱਖ ਸੂਝਵਾਨ ਅਤੇ ਅਨੁਭਵੀ ਵਿਆਖਿਆਕਾਰਾਂ ਦੇ ਵਿਆਖਿਆਕਾਰੀ ਸੰਬੰਧੀ ਯਤਨਾਂ ਦਾ ਸਮੁੱਚ ਵਿੱਚ ਅਤੇ ਤੁਲਨਾਤਮਕ ਅਧਿਐਨ ਕਰਕੇ ਅਜੋਕੇ ਸਮੇਂ ਵਿੱਚ ਅਪਣਾਏ ਗਏ ਵਿਗਿਆਨਕ ਦ੍ਰਿਸ਼ਟੀਕੋਣ ਨੂੰ ਸੌਖਿਆਂ ਗ੍ਰਹਿਣ ਕੀਤਾ ਜਾ ਸਕਦਾ ਹੈ ਜੋ ਕਿ ਇਸ ਖੋਜ ਕਾਰਜ ਦਾ ਮਹੱਤਵਪੂਰਨ ਅੰਗ ਹੈ।

ਇਸ ਅਧਿਆਇ ਵਿੱਚ ਇਹ ਸਪਸ਼ਟ ਕਰਨ ਦਾ ਯਤਨ ਕੀਤਾ ਗਿਆ ਹੈ ਕਿ ਗੁਰਬਾਣੀ ਵਿਆਖਿਆ ਦੀ ਸਹਿਜ ਪ੍ਰਣਾਲੀ ਬਾਣੀਕਾਰਾਂ ਵੱਲੋਂ ਸਿਧਾਂਤਾਂ ਨੂੰ ਸਹਿਜੇ ਹੀ ਸਪਸ਼ਟ ਕਰਨ ਅਤੇ ਦ੍ਰਿੜ ਕਰਵਾਉਣ ਦੇ ਮੰਤਵ ਨਾਲ ਬਾਣੀ ਵਿੱਚ ਹੀ ਕੀਤੀ ਗਈ ਵਿਆਖਿਆ ਹੈ ਜੋ ਬਾਣੀ ਦੀ ਰਚਨਾ ਦੇ ਦੌਰਾਨ ਹੀ ਆਰੰਭ ਹੋ ਗਈ ਸੀ।ਭਾਈ ਗੁਰਦਾਸ ਨੇ ਗੁਰਬਾਣੀ ਦੀ ਵਿਆਖਿਆ ਆਪਣੀਆਂ 40 ਵਾਰਾਂ, 675 ਕਬਿੱਤ ਸਵੱਈਆਂ ਅਤੇ 6 ਸੰਸਕ੍ਰਿਤ ਸਲੋਕਾਂ ਵਿੱਚ ਕੀਤੀ ਹੈ।ਸੋਢੀ ਮਿਹਰਬਾਨ ਅਤੇ ਉਨ੍ਹਾਂ ਦੇ ਪੁੱਤਰਾਂ ਹਰਿ ਜੀ ਅਤੇ ਚਤੁਰਭੁਜ ਨੇ ਲਗਭਗ ਸਾਰੀ ਗੁਰਬਾਣੀ ਦੀ ਪਰਮਾਰਥਾਂ ਦੇ ਰੂਪ ਵਿੱਚ ਗੱਦਮਈ ਵਿਆਖਿਆ ਕੀਤੀ।ਫਿਰ ਉਦਾਸੀਆਂ ਵਿੱਚੋਂ ਬਾਬਾ ਸ੍ਰੀਚੰਦ, ਬਾਬਾ ਗੁਰਦਿੱਤਾ ਅਤੇ ਬਾਲੂ ਹਸਨਾ ਜੀ ਦੇ ਲਗਭਗ 24 'ਮਾੜ੍ਹੇ' ਪ੍ਰਾਪਤ ਹੋਏ ਹਨ ਅਤੇ ਇਸੇ ਪ੍ਰਣਾਲੀ ਅਧੀਨ ਸਾਧੂ ਅਨੰਦਘਨ ਜੀ, ਸੁਆਮੀ ਸਦਾ ਨੰਦ ਜੀ ਅਤੇ ਬਿਸ਼ਨਦਾਸ ਉਦਾਸੀ ਨੇ ਗੁਰਬਾਣੀ ਵਿਆਖਿਆ ਵੇਦ, ਸ਼ਾਸਤ੍ਰਾਂ ਅਤੇ ਪੌਰਾਣਿਕ ਹਵਾਲੇ ਦੇ ਕੇ ਕੀਤੀ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਗੁਰਬਾਣੀ ਵਿਆਖਿਆ ਦੇ ਨਿਰਮਲਾ ਅਤੇ ਗਿਆਨੀ ਸੰਪ੍ਰਦਾਇ ਦਾ ਮੁੱਢ ਬੰਨ੍ਹਿਆ।ਨਿਰਮਲਿਆਂ ਨੇ ਜਿੱਥੇ ਸਿਧਾਂਤਕ ਵਿਆਖਿਆ ਦਾ ਵਿਸ਼ਾਲ ਸਿੱਖ ਸਾਹਿਤ ਵੇਦਾਂਤਕ ਪ੍ਰਭਾਵ ਅਧੀਨ ਰਚਿਆ ਉੱਥੇ ਭਾਈ ਮਨੀ ਸਿੰਘ ਅਤੇ ਬਾਬਾ ਦੀਪ ਸਿੰਘ ਨੇ ਟਕਸਾਲ ਲਾ ਕੇ ਗੁਰਬਾਣੀ ਦੀ ਬਹੁ ਅਰਥੀ ਕਥਾ ਵਿਆਖਿਆ ਕਰਨ ਦੇ ਨਾਲ ਨਾਲ ਵਿਦਿਆਰਥੀਆਂ ਨੂੰ ਸੰਥਯਾ ਦੇਣ ਦੇ ਕਾਰਜ ਵੀ ਕੀਤੇ ਜੋ ਅੱਜ ਤੱਕ ਵੀ ਜਾਰੀ

ਹਨ।ਅੰਗਰੇਜ਼ਾਂ ਦੇ ਇਸਾਈ ਪ੍ਰਚਾਰ ਤੋਂ ਹੋਣ ਵਾਲੇ ਸਿੱਖੀ ਦੇ ਘਾਣ ਤੋਂ ਚੇਤੰਨ ਹੋ ਕੇ ਭਾਈ ਵੀਰ ਸਿੰਘ, ਭਾਈ ਕਾਨ੍ਹ ਸਿੰਘ ਨਾਭਾ, ਪ੍ਰੋ. ਸਾਹਿਬ ਸਿੰਘ ਅਤੇ ਪ੍ਰਿੰ. ਤੇਜਾ ਸਿੰਘ ਆਦਿ ਨੇ ਪੁਰਾਤਨ ਸਿੱਖ ਸਾਹਿਤ ਨੂੰ ਪੜਚੋਲ ਕੇ ਮੁੜ ਸਮਕਾਲੀਨ ਪਰਿਪੇਖ ਵਿੱਚ ਗੁਰਬਾਣੀ ਦੀ ਵਿਆਖਿਆ ਕੀਤੀ ਹੈ ਜਿਸ ਨੂੰ ਸਿੰਘ ਸਭਾਈ ਪ੍ਰਣਾਲੀ ਦੇ ਨਾਂ ਨਾਲ ਜਾਣਿਆ ਗਿਆ।ਸਿੰਘ ਸਭਾਈ ਪ੍ਰਣਾਲੀ ਦੀ ਨਿਰੰਤਰਤਾ ਵਿੱਚ ਹੀ ਆਧੁਨਿਕ ਪ੍ਰਣਾਲੀ ਦਾ ਵਿਕਾਸ ਹੋਇਆ ਕਿਉਂਕਿ ਸਿੱਖ ਵਿਦਵਾਨਾਂ ਨੇ ਪੁਰਾਤਨ ਸਾਹਿਤ ਦੀ ਆਲੋਚਨਾ ਤੋਂ ਬਾਅਦ ਪੱਛਮੀ ਵਿੱਦਿਆ ਦੇ ਚਾਨਣ ਵਿੱਚ ਵਿਆਕਰਣਕ ਅਤੇ ਸਿਧਾਂਤਕ ਵਿਆਖਿਆ ਕੀਤੀ।ਵੱਖ-ਵੱਖ ਦ੍ਰਿਸ਼ਟੀਕੋਣਾਂ ਜਿਵੇਂ ਕਿ ਇਤਿਹਾਸਕ, ਦਾਰਸ਼ਨਿਕ, ਸੱਭਿਆਚਾਰਕ, ਵਿਗਿਆਨਕ ਅਤੇ ਮਨੋਵਿਗਿਆਨਕ ਆਦਿ ਤੋਂ ਗੁਰਬਾਣੀ ਦੀ ਸਿਧਾਂਤਕਾਰੀ ਕਰਨਾ ਆਧੁਨਿਕ ਵਿਗਿਆਨਕ ਪ੍ਰਣਾਲੀ ਦਾ ਰੁਝਾਨ ਸੀ ਜੋ ਕਿ ਵੀਹਵੀਂ ਸਦੀ ਦੇ ਪਹਿਲੇ ਅੱਧ ਤੱਕ ਸਿੱਖ ਜਗਤ ਵਿੱਚ ਪ੍ਰਭਾਵਸ਼ਾਲੀ ਰਿਹਾ।

ਵੀਹਵੀਂ ਸਦੀ ਦੇ ਦੂਜੇ ਅੱਧ ਵਿੱਚ ਉੱਤਰ ਆਧੁਨਿਕ ਯੁੱਗ ਦਾ ਆਰੰਭ ਆਧੁਨਿਕ ਵਿਗਿਆਨਕ ਯੁੱਗ ਦੀਆਂ ਸਥਾਪਨਾਵਾਂ ਦੇ ਪ੍ਰਤਿ ਉੱਤਰ ਵਜੋਂ ਹੋਇਆ ਜਿਸ ਅਧੀਨ ਧਰਮ ਨੂੰ ਅੰਧ ਵਿਸ਼ਵਾਸ ਕਹਿ ਕੇ ਪਛਾੜਨ ਦੀ ਬਜਾਏ ਧਰਮ ਦੀ ਸੱਚਾਈ ਨੂੰ ਜਾਣਨ ਲਈ ਸੰਸਾਰ ਪੱਧਰ ਉੱਤੇ ਯਤਨ ਕੀਤੇ ਜਾਣ ਲੱਗੇ ਅਤੇ ਧਰਮ ਦੀ ਵਿਆਖਿਆ ਨੂੰ ਸਿਧਾਂਤਕ ਵਿਧੀਬੱਧ ਵਿਗਿਆਨਕ ਢੰਗ ਨਾਲ 'ਵਿਆਖਿਆ-ਸ਼ਾਸਤਰ' ਰਚ ਕੇ ਕਰਨ ਲਈ ਉਤਸ਼ਾਹਿਤ ਕੀਤਾ ਜਾਣ ਲੱਗਾ ਤਾਂ ਜੋ ਵਿਸ਼ਵ ਵਿਆਪੀ ਧਰਮਾਂ ਦੇ ਝੂਠੇ ਅਤੇ ਕਰਮ ਕਾਂਡੀ ਦਾਅਵਿਆਂ ਤੋਂ ਦੂਰ ਧਰਮ ਦੀਆਂ ਅਸਲ ਸੱਚਾਈਆਂ ਨੂੰ ਮਾਨਵਤਾ ਦੇ ਭਲੇ ਲਈ ਸਥਾਪਿਤ ਕੀਤਾ ਜਾ ਸਕੇ।ਇਸ ਪ੍ਰਕਾਰ ਉੱਤਰ ਆਧੁਨਿਕ ਯੁੱਗ ਵਿੱਚ ਧਰਮ ਸ਼ਾਸਤਰੀਆਂ ਦਾ ਝੁਕਾਅ ਇੱਕ ਵਿਸ਼ੇਸ਼ ਕਿਸਮ ਦੇ ਸਿਧਾਂਤੀਕਰਨ ਵੱਲ ਹੋ ਗਿਆ ਜਿਸ ਦੇ ਸਰੋਕਾਰ ਵਿਸ਼ਵਵਿਆਪੀ ਬਣ ਕੇ ਉੱਭਰੇ।ਹੁਣ ਵੱਖ ਵੱਖ ਪੱਧਰਾਂ ਉੱਤੇ ਹੋਈ ਵਿਆਖਿਆਕਾਰੀ ਦੇ ਆਧਾਰ ਉੱਤੇ ਪ੍ਰਮੁੱਖ ਨੇਮਾਂ ਜਾਂ ਸਿਧਾਂਤਾਂ ਦੀ ਘਾੜਤ ਰਾਹੀਂ ਵਿਆਖਿਆਕਾਰੀ ਦਾ ਇੱਕ ਸੁਤੰਤਰ ਅਨੁਸ਼ਾਸਨ ਸਥਾਪਿਤ ਕਰਨ ਵੱਲ ਕਦਮ ਵਧਾਏ ਜਾ ਰਹੇ ਹਨ।ਸੋ ਇਸ ਅਧਿਆਇ ਵਿੱਚ ਗੁਰਬਾਣੀ ਵਿਆਖਿਆਕਾਰੀ ਦੇ ਪ੍ਰਮੁੱਖ ਸਿਧਾਂਤਾਂ ਦੀ ਨਿਸ਼ਾਨਦੇਹੀ ਕਰਕੇ ਗੁਰਬਾਣੀ ਵਿਆਖਿਆ ਲਈ ਯੋਗ ਸਿਧਾਂਤਾਂ ਦਾ ਪਰਿਪੇਖ ਉਲੀਕਿਆ ਗਿਆ ਹੈ।

ਇਸ ਅਧਿਆਇ ਅਧੀਨ ਗੁਰਬਾਣੀ ਵਿਆਖਿਆ ਦੀ ਸਹੀ ਸੇਧ, ਦਿਸ਼ਾ ਨਿਰਦੇਸ਼ ਅਤੇ ਪਹੁੰਚ ਵਿਧੀ ਨੂੰ ਸਥਾਪਿਤ ਕਰਨ ਲਈ ਅਤੇ ਇਸ ਖੇਤਰ ਦੀ ਉਪਲਬਧੀ, ਸਥਿਤੀ ਤੇ ਸੰਭਾਵਨਾਵਾਂ ਤੋਂ ਜਾਣੂੰ ਹੋਣ ਲਈ ਗੁਰਬਾਣੀ ਵਿਆਖਿਆ ਕਰਨ ਵਿੱਚ ਸਹਾਈ ਹੋਣ ਵਾਲੇ ਵਿਭਿੰਨ ਖੋਜ-ਸੰਦਾਂ ਜਿਵੇਂ ਕੋਸ਼, ਨਿਰੁਕਤ, ਹਵਾਲਾ ਗ੍ਰੰਥ, ਸਟੀਕ, ਪਰਿਆਇ-ਕੋਸ਼, ਬਾਣੀ-ਬਿਓਰੇ, ਤੁੱਕ-ਤਤਕਰੇ ਅਤੇ ਅਨੁਕ੍ਰਮਣਿਕਾਵਾਂ ਆਦਿ ਬਾਰੇ ਜਾਣਕਾਰੀ ਵੀ ਇੱਥੇ ਸਾਂਝੀ ਕੀਤੀ ਗਈ ਹੈ।

ਖੋਜ ਪ੍ਰਬੰਧ ਦੇ ਪੰਜਵੇਂ ਅਧਿਆਇ 'ਸੰਤ ਸਿੰਘ ਮਸਕੀਨ ਜੀ : ਜੀਵਨ, ਸ਼ਖ਼ਸੀਅਤ, ਸਮਕਾਲੀ ਪ੍ਰਸਥਿਤੀਆਂ ਅਤੇ ਰਚਨਾਵਾਂ' ਵਿੱਚ ਵਿਦਵਾਨ ਵਿਆਖਿਆਕਾਰ ਸੰਤ ਸਿੰਘ ਮਸਕੀਨ ਜੀ ਦੀ ਗੁਰਬਾਣੀ ਵਿਆਖਿਆਕਾਰੀ ਅਤੇ ਸਿਧਾਂਤਕਾਰੀ ਆਦਿ ਬਾਰੇ ਖੋਜ ਕਰਨ ਤੋਂ ਪਹਿਲਾਂ ਉਨ੍ਹਾਂ ਦੇ ਜੀਵਨ, ਸ਼ਖ਼ਸੀਅਤ, ਸੁਭਾਅ, ਸਮਕਾਲੀ ਪ੍ਰਸਥਿਤੀਆਂ ਤੇ ਉਨ੍ਹਾਂ ਪ੍ਰੇਰਕ ਸੋਮਿਆਂ ਬਾਰੇ ਜਾਣਕਾਰੀ ਦਿੱਤੀ ਗਈ ਹੈ ਜਿਨ੍ਹਾਂ ਕਾਰਣ ਉਨ੍ਹਾਂ ਦਾ ਝੁਕਾਅ ਜੀਵਨ ਦੇ ਮੁਢਲੇ ਦੌਰ ਵਿੱਚ ਹੀ ਇਸ ਖੇਤਰ ਵੱਲ ਹੋ ਗਿਆ ਸੀ।1934 ਈ. ਵਿੱਚ ਪੱਛਮੀ ਪੰਜਾਬ ਵਿੱਚ ਜਨਮੇ ਸੰਤ ਸਿੰਘ ਦਾ ਸੁਭਾਅ ਹਾਈ ਸਕੂਲ ਦੀ ਵਿੱਦਿਆ ਪ੍ਰਾਪਤ ਕਰਦਿਆਂ ਧਾਰਮਿਕ ਸੰਸਕਾਰਾਂ ਵਿੱਚ ਉਤ-ਪ੍ਰੋਤ ਹੋ ਕੇ ਪੱਲਰ ਰਿਹਾ ਸੀ ਕਿ ਭਾਰਤ ਵੰਡ ਨੇ ਉਨ੍ਹਾਂ ਦੇ ਵਿਅਕਤੀਗਤ, ਪਰਿਵਾਰਕ ਅਤੇ ਆਰਥਕ ਜੀਵਨ ਵਿੱਚ ਉਥਲ-ਪੁਥਲ ਮਚਾ ਦਿੱਤੀ ਸੀ।ਆਪਣੀ ਜਨਮ ਭੂਮੀ ਨੂੰ ਛੱਡ ਕੇ ਆਉਣਾ ਉਨ੍ਹਾਂ ਲਈ ਜਿੰਨਾ ਕਸ਼ਟਦਾਈ ਸੀ ਉਨਾ ਹੀ ਭਾਰਤ ਦੇ ਅਲਵਰ ਵਿਖੇ ਨਵੀਂ ਜਗ੍ਹਾ ਆ ਕੇ ਮੁੜ ਵਸਣਾ ਸੀ।ਪਾਕਿਸਤਾਨ ਵਿੱਚ ਉਰਦੂ-ਫ਼ਾਰਸੀ ਮਾਧਿਅਮ ਵਿੱਚ ਚੰਗੇ ਹੁਸ਼ਿਆਰ ਵਿਦਿਆਰਥੀਆਂ ਵਿੱਚ ਗਿਣੇ ਜਾਣ ਵਾਲੇ ਸੰਤ ਸਿੰਘ ਨੂੰ ਭਾਰਤ ਆ ਕੇ ਹਿੰਦੀ ਮਾਧਿਅਮ ਵਿੱਚ ਨਵੇਂ ਸਿਰਿਓਂ ਪੜ੍ਹਾਈ ਕਰਨ ਲਈ ਮੁੜ ਪਹਿਲੀ ਜਮਾਤ ਵਿੱਚ ਬਿਠਾਇਆ ਗਿਆ ਤਾਂ ਉਨ੍ਹਾਂ ਨੇ ਪੜ੍ਹਾਈ ਛੱਡ ਕੇ ਨੌਕਰੀ ਕਰਨ ਦਾ ਫੈਸਲਾ ਕਰ ਲਿਆ ਪਰ ਨੌਕਰੀ ਵੀ ਨਾ ਕਰ ਸਕਣ ਕਾਰਣ ਬੇਚੈਨੀ ਅਤੇ ਅਸੰਤੁਸ਼ਟਤਾ ਦੀ ਹਾਲਤ ਵਿੱਚ ਘਰ ਛੱਡ ਕੇ ਕਿਸੇ ਅਗੰਮੀ ਅਨੁਭਵ ਦੀ ਤਲਾਸ਼ ਵਿੱਚ ਨਿਕਲ ਪਏ ਤੇ ਕੀਰਤਨ, ਕਥਾ, ਰਾਗ ਵਿੱਦਿਆ ਅਤੇ ਤਬਲਾ, ਤਾਨਪੁਰਾ, ਹਰਮੋਨੀਅਮ ਆਦਿ ਸਾਜ਼ ਵਜਾਉਣੇ ਸਿੱਖਦਿਆਂ ਨਿਰਮਲੇ ਸੰਤ ਬਾਬਾ ਬਲਵੰਤ ਸਿੰਘ ਜੀ ਨਾਲ ਮੁਲਾਕਾਤ ਹੋ ਗਈ ਜਿਨ੍ਹਾਂ ਕੋਲ ਲਗਭਗ ਦਸ ਸਾਲ 'ਨਿਰਮਲ ਬਾਗ' ਡੇਰੇ ਕਨਖਲ, ਹਰਿਦਵਾਰ ਰਹਿ ਕੇ ਸਿੱਖ ਧਰਮ ਦੇ ਨਾਲ-ਨਾਲ ਹਰ ਧਰਮ , ਇਤਿਹਾਸ, ਵਿਗਿਆਨ ਅਤੇ ਦਰਸ਼ਨ ਸ਼ਾਸਤਰਾਂ ਆਦਿ

ਦੀ ਗਹਿਨ ਸਿੱਖਿਆ ਪ੍ਰਾਪਤ ਕੀਤੀ ਤੇ ਆਪਣੀ ਵਿਲੱਖਣ ਸੋਚ ਅਤੇ ਤੀਬਰ ਯਾਦ ਸ਼ਕਤੀ ਸਦਕਾ ਲਗਭਗ 1949 ਈ. ਵਿੱਚ ਝਾਂਸੀ ਦੇ ਇੱਕ ਗੁਰਦੁਆਰੇ ਵਿੱਚ ਪੰਦਰਾਂ ਦਿਨ ਲਗਾਤਾਰ ਕਥਾ ਕਰਕੇ ਗੁਰਮਤਿ ਦੀ ਨਿਵੇਕਲੀ ਵਿਆਖਿਆ ਕਰਨ ਦਾ ਆਰੰਭ ਕੀਤਾ।ਹਾਲਾਂਕਿ ਕਥਾ ਕਰਨਾ ਉਨ੍ਹਾਂ ਦੀ ਅੰਦਰੂਨੀ ਚੇਤਨਾ ਦੀ ਪੁਕਾਰ ਅਤੇ ਸ਼ੌਕ ਸੀ ਜਿਸਨੂੰ ਉਪਜੀਵਿਕਾ ਬਣਾਉਣਾ ਉਨ੍ਹਾਂ ਨੇ ਕਦੇ ਨਹੀਂ ਸੀ ਸੋਚਿਆ। ਅਜੋਕੇ ਸਮੇਂ ਵਿੱਚ, ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਰਮ ਗਿਆਨ ਸ਼ਕਤੀ ਅਤੇ ਸ੍ਵੈ-ਆਜ਼ਾਦ ਹਸਤੀ ਨੂੰ ਵਿਸ਼ਵ ਪੱਧਰ ਉੱਤੇ ਇੱਕ ਮਿੱਥੀ ਤੇ ਸੋਚੀ-ਸਮਝੀ ਚਾਲ ਨਾਲ ਸੰਦਿਗਧ ਬਣਾਇਆ ਜਾ ਰਿਹਾ ਸੀ ਤਾਂ ਉਸ ਸਮੇਂ ਵਿਗਿਆਨਕ ਅਤੇ ਤਰਕਸ਼ੀਲ ਦਲੀਲਾਂ ਨਾਲ ਸੰਤ ਸਿੰਘ ਮਸਕੀਨ ਜੀ ਨੇ ਗੁਰਮਤਿ ਦੀ ਅਜਿਹੀ ਅਨੁਭਵੀ ਤੇ ਸਿਧਾਂਤਕ ਵਿਆਖਿਆ ਕੀਤੀ ਜਿਸ ਦਾ ਪ੍ਰਭਾਵ ਵਿਸ਼ਵ ਭਰ ਵਿੱਚ ਹਰ ਸਿੱਖ ਅਤੇ ਗ਼ੈਰ ਸਿੱਖ ਨੇ ਕਬੂਲਿਆ।

ਸੰਤ ਸਿੰਘ ਮਸਕੀਨ ਜੀ ਨੇ ਨਾ ਕੇਵਲ ਦੇਸ਼ ਵਿਦੇਸ਼ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਆਖਿਆ, ਗੁਰ ਇਤਿਹਾਸ ਤੇ ਗੁਰਮਤਿ ਫਲਸਫਾ ਕਥਾ ਰਾਹੀਂ ਪ੍ਰਚਾਰਿਆ ਸਗੋਂ ਸਮਕਾਲੀ ਅਤੇ ਆਉਣ ਵਾਲੇ ਪ੍ਰਚਾਰਕਾਂ, ਲੇਖਕਾਂ ਅਤੇ ਜਗਿਆਸੂਆਂ ਲਈ ਗੁਰਮਤਿ ਵਿਚਾਰ ਦੀਆਂ ਅਨੇਕ ਪੁਸਤਕਾਂ ਲਿਖ ਕੇ ਇੱਕ ਵਡਮੁੱਲਾ ਖ਼ਜ਼ਾਨਾ ਸਿੱਖ-ਕੌਮ ਦੀ ਝੋਲੀ ਵਿੱਚ ਪਾਇਆ।ਪਰੰਪਰਾ ਤੋਂ ਹਟ ਕੇ ਵਿਲੱਖਣ ਤਰਕਵਾਦੀ, ਦਲੀਲਮਈ ਅਤੇ ਅਨੁਭਵੀ ਵਿਆਖਿਆ ਨੂੰ ਆਪਣੀ ਜਾਦੂਮਈ ਆਵਾਜ਼ ਅਤੇ ਅਦੁੱਤੀ ਪੇਸ਼ਕਾਰੀ ਨਾਲ ਵਿਸ਼ਵ ਭਰ ਦੇ ਦੇਸ਼ਾਂ ਵਿੱਚ ਲਗਭਗ 56 ਸਾਲ ਸਿੱਖੀ ਦਾ ਪ੍ਰਚਾਰ ਕਰਨ ਲਈ ਸਿੱਖ-ਪੰਥ ਵੱਲੋਂ ਉਨ੍ਹਾਂ ਨੂੰ 'ਪੰਥ ਰਤਨ', 'ਗੁਰਮਤਿ ਵਿੱਦਿਆ ਮਾਰਤੰਡ' ਅਤੇ 'ਭਾਈ ਗੁਰਦਾਸ ਐਵਾਰਡ' ਦੇ ਕੇ ਸਨਮਾਨਿਤ ਕੀਤਾ ਗਿਆ ਜਿਹਾ ਕਿ ਸਿੱਖੀ ਪ੍ਰਚਾਰ ਦੀ ਦੁਨੀਆਂ ਵਿੱਚ ਅੱਜ ਤੱਕ ਕਦੇ ਕਿਸੇ ਨੂੰ ਪ੍ਰਾਪਤ ਨਹੀਂ ਹੋਇਆ।ਉਨ੍ਹਾਂ ਨੇ ਭਾਵੇਂ ਆਪਣੀ ਪ੍ਰੌੜ ਉਮਰ ਵਿੱਚ ਆਪਣੇ ਦਾਰਸ਼ਨਿਕ ਗਿਆਨ ਉੱਤੇ ਆਧਾਰਿਤ ਪੁਸਤਕਾਂ ਪ੍ਰਕਾਸ਼ਿਤ ਕਰਵਾਈਆਂ ਪ੍ਰੰਤੂ ਉਨ੍ਹਾਂ ਦੀਆਂ ਵਧੇਰੇ ਰਚਨਾਵਾਂ ਉਨ੍ਹਾਂ ਦੇ ਅਕਾਲ ਚਲਾਣਾ ਕਰ ਜਾਣ ਉਪਰੰਤ ਉਨ੍ਹਾਂ ਦੇ ਰਿਕਾਰਡ ਕੀਤੇ ਗਏ ਲੈਕਚਰਜ਼ ਉੱਤੇ ਹੀ ਪ੍ਰਕਾਸ਼ਿਤ ਹੋਈਆਂ ਹਨ ਜਿਵੇਂ ਕਿ ਮਸਕੀਨ ਜੀ ਦੇ ਲੈਕਚਰ (ਦੋ ਭਾਗ), ਜੀਵਨ ਦੀ ਅਸਲੀਅਤ, ਮਨੁੱਖ ਦਾ ਜੀਵਨ,ਸਚ ਖਮਡਿ ਵਸੈ ਨਿਰੰਕਾਰੁ, ਸੰਪੂਰਨ ਸਿੱਖੀ ਸਰੂਪ ਆਦਿ।

ਖੋਜ-ਪ੍ਰਬੰਧ ਦੇ ਛੇਵੇਂ ਅਧਿਆਇ 'ਸੰਤ ਸਿੰਘ ਮਸਕੀਨ ਜੀ ਦੀ ਗੁਰਬਾਣੀ ਵਿਆਖਿਆਕਾਰੀ, ਵਿਆਖਿਆ-ਸਿਧਾਂਤ ਤੇ ਸ਼ੈਲੀ' ਵਿੱਚ ਗੁਰਬਾਣੀ ਵਿਆਖਿਆਕਾਰੀ ਸੰਬੰਧੀ ਉਨ੍ਹਾਂ ਦੀ ਸਿਧਾਂਤਕ ਸਮਝ ਨੂੰ ਵਾਚਣ ਦਾ ਯਤਨ ਕੀਤਾ ਗਿਆ ਹੈ ਤੇ ਇਸ ਸਿੱਟੇ ਤੇ ਪੁੱਜਿਆ ਗਿਆ ਹੈ ਕਿ ਗੁਰਬਾਣੀ ਦੇ ਕਿਸੇ ਵੀ ਸਿਧਾਂਤ ਦੀ ਸੰਪੂਰਨ ਵਿਆਖਿਆ ਕਰਨ ਸਮੇਂ ਮਸਕੀਨ ਜੀ ਨਾ ਕੇਵਲ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚਲੀਆਂ ਸੰਬੰਧਤ ਸਾਰੀਆਂ ਟੂਕਾਂ ਦੇ ਪ੍ਰਮਾਣ ਦਿੰਦੇ ਸਨ ਸਗੋਂ ਭਾਈ ਗੁਰਦਾਸ ਦੀਆਂ ਲਿਖਤਾਂ, ਭਾਈ ਨੰਦ ਲਾਲ ਦੀਆਂ ਲਿਖਤਾਂ, ਦਸਮ ਗ੍ਰੰਥ, ਗੀਤਾ, ਬਾਈਬਲ, ਕੁਰਾਨ ਅਤੇ ਹੋਰ ਵੀ ਧਰਮਾਂ ਦੇ ਧਾਰਮਿਕ ਆਗੂਆਂ ਜਿਵੇਂ ਸ਼ੇਖ਼ ਸਾਅਦੀ, ਮੁਹੰਮਦ ਇਕਬਾਲ, ਸੂਫੀ ਜ਼ੌਕ, ਭਗਤ ਕਬੀਰ, ਕਵੀ ਰਹੀਮ, ਸੂਫੀ ਸੰਤ ਹਾਫਿਜ਼ ਆਦਿ ਦੀਆਂ ਲਿਖਤਾਂ ਵਿੱਚੋਂ ਵੀ ਸੰਬੰਧਿਤ ਵਿਚਾਰ ਪੇਸ਼ ਕਰਦੇ ਸਨ।ਸੋ ਉਨ੍ਹਾਂ ਰਾਹੀਂ ਵਿਆਖਿਆ ਦੀ ਤੁਲਨਾਤਮਕ ਅਤੇ ਅੰਤਰ ਅਨੁਸ਼ਾਸਨੀ ਵਿਧੀ ਦੇ ਪ੍ਰਯੋਗ ਕਰਨ ਨਾਲ ਇਹ ਸਪਸ਼ਟ ਹੋਇਆ ਹੈ ਕਿ ਉਨ੍ਹਾਂ ਦਾ ਗੁਰਬਾਣੀ ਵਿਆਖਿਆ ਦਾ ਅਦੁੱਤੀ ਪ੍ਰਭਾਵ ਵਾਲਾ ਸਿਧਾਂਤ ਤੇ ਸ਼ੈਲੀ ਨਾ ਕੇਵਲ ਜਗਿਆਸੂਆਂ ਨੂੰ ਘੰਟਿਆਂ ਬੱਧੀ ਕੀਲੀ ਰੱਖਦੀ ਸੀ ਸਗੋਂ ਹੋਰ ਪ੍ਰਚਾਰਕ-ਜਨਾਂ ਵਾਸਤੇ ਪ੍ਰੇਰਨਾ ਸ੍ਰੋਤ ਵੀ ਬਣ ਚੁੱਕੀ ਸੀ।ਅਜੋਕੇ ਅਕਾਦਮਿਕ ਅਤੇ ਵਿਗਿਆਨਕ ਪਰਿਪੇਖ ਵਿੱਚ ਅਜਿਹੇ ਵਿਆਖਿਆਕਾਰ ਦੀ ਸਿਧਾਂਤਕਾਰੀ ਅਤੇ ਸ਼ੈਲੀ ਨੂੰ ਵਿਚਾਰਨਾ ਨਾ ਕੇਵਲ ਗੁਰਮਤਿ ਦੀ ਵਿਆਖਿਆ ਦਾ ਸਹੀ ਰੂਪ ਪੇਸ਼ ਕਰਦਾ ਹੈ ਸਗੋਂ ਵਿਆਖਿਆਕਾਰੀ ਦੇ ਸਹੀ ਵਿਵਹਾਰਕ ਪੱਖ ਨੂੰ ਦਰਸਾਉਣ ਦੇ ਨਾਲ-ਨਾਲ ਗੁਰਮਤਿ ਪ੍ਰਚਾਰ ਨੂੰ ਵੀ ਸਹੀ ਦਿਸ਼ਾ ਪ੍ਰਦਾਨ ਕਰਦਾ ਹੈ ਅਤੇ ਉਨ੍ਹਾਂ ਦੀ ਪਾਈ ਹੋਈ ਵਿਆਖਿਆ-ਪਿਰਤ ਉੱਤੇ ਚੱਲਣ ਲਈ ਹੋਰ ਵਿਆਖਿਆਕਾਰਾਂ ਨੂੰ ਵੀ ਪ੍ਰੇਰਿਤ ਕਰਦਾ ਹੈ ਭਾਵੇਂ ਉਨ੍ਹਾਂ ਦੇ ਬਹੁਤ ਸਾਰੇ ਵਿਦਿਆਰਥੀ ਅੱਜ ਵੀ ਉਨ੍ਹਾਂ ਦੀ ਸ਼ੈਲੀ ਦੇ ਪ੍ਰਭਾਵ ਵਿੱਚ ਹੀ ਗੁਰਬਾਣੀ ਵਿਆਖਿਆ ਕਰ ਰਹੇ ਹਨ ਪਰ ਉਨ੍ਹਾਂ ਦੇ ਵਿਸ਼ਾਲ ਅਧਿਐਨ, ਸਾਧਨਾ ਅਤੇ ਅਧਿਆਤਮਕ ਪ੍ਰਾਪਤੀ ਦੀ ਅਜੇ ਕੋਈ ਬਰਾਬਰੀ ਨਹੀਂ ਕਰ ਸਕਿਆ।

ਮਸਕੀਨ ਜੀ ਨੇ ਪਰੰਪਰਾ ਤੋਂ ਹਟ ਕੇ ਵਿਆਖਿਆ ਸੰਬੰਧੀ ਆਪਣਾ ਇੱਕ ਵਿਲੱਖਣ, ਮੌਲਿਕ ਤੇ ਨਿਵੇਕਲਾ ਵਿਆਖਿਆ-ਸਿਧਾਂਤ ਅਪਣਾਇਆ ਜਿਸ ਵਿੱਚ ਹਰ ਕਿਸਮ ਦਾ ਸੰਤੁਲਿਤ ਗਿਆਨ ਸਮਾਇਆ ਹੋਇਆ ਸੀ।ਉਨ੍ਹਾਂ ਨੇ ਗੁਰਬਾਣੀ ਵਿਆਖਿਆ ਲਈ ਸੰਕੋਚਵੇਂ ਸ਼ਬਦ ਵਰਤਣ ਦੀ ਬਜਾਏ ਗੁਰਬਾਣੀ ਦੀ ਸਹੀ ਤਸਵੀਰ ਪੇਸ਼ ਕਰਨ ਲਈ

ਨਾ ਸ਼ਬਦ ਲੁਕੋਏ, ਨਾ ਭਾਵ ਲੁਕੋਏ ਤੇ ਨਾ ਹੀ ਆਪਣਾ ਵਿਸਤ੍ਰਿਤ ਗਿਆਨ ਲੁਕੋਇਆ। ਉਨ੍ਹਾਂ ਨੇ ਗੁਰਬਾਣੀ ਵਿਆਖਿਆ ਕਰਨ ਲਈ ਜੋ ਸਿਧਾਂਤ ਅਪਣਾਏ, ਉਨ੍ਹਾਂ ਦਾ ਹਰ ਸਿੱਖ ਅਤੇ ਗ਼ੈਰ ਸਿੱਖ ਨੇ ਖੁੱਲ੍ਹੇ ਦਿਲ ਨਾਲ ਸਵਾਗਤ ਕੀਤਾ। ਸੰਤ ਸਿੰਘ ਮਸਕੀਨ ਦੇ ਵਿਆਖਿਆ ਸਿਧਾਂਤਾਂ ਵਿਚਲੀ ਖੋਜਮਈ ਤਰਕਸ਼ੀਲ ਦ੍ਰਿਸ਼ਟੀ ਤੇ ਅਨੁਭਵੀ ਗਿਆਨ ਨਾਲ ਸ੍ਰੋਤੇ ਦੀ ਸੁਰਤਿ ਨੂੰ ਸਥੂਲਤਾ ਤੋਂ ਸੂਖਮਤਾ ਜਾਂ ਅੰਤਿਮ ਸੱਚ ਦੀ ਸੋਝੀ ਵੱਲ ਲੈ ਜਾਣ ਅਤੇ ਹਰ ਸ਼ਬਦ ਦੀ ਭਾਸ਼ਾਈ ਵਿਆਕਰਣਿਕ ਆਧਾਰਾਂ ਉੱਤੇ ਵਿਆਖਿਆ ਕਰਨ ਜਿਹੀਆਂ ਹੋਰ ਅਨੇਕ ਪ੍ਰਵ੍ਰਿਤੀਆਂ ਉਨ੍ਹਾਂ ਦੀ ਵਿਆਖਿਆਕਾਰੀ ਨੂੰ ਉੱਤਰ ਆਧੁਨਿਕ ਪ੍ਰਣਾਲੀ ਦੇ ਘੇਰੇ ਵਿੱਚ ਲੈ ਆਉਂਦੀਆਂ ਹਨ ਜਿਨ੍ਹਾਂ ਸਦਕਾ ਉਨ੍ਹਾਂ ਦਾ ਸਿਧਾਂਤ ਬਹੁ-ਪਾਸਾਰੀ, ਬਹੁ-ਦਿਸ਼ਾਵੀ, ਬਹੁ-ਭਾਸ਼ੀ, ਬਹੁ-ਆਧਾਰੀ ਅਤੇ ਬਹੁ-ਸੰਕਲਪਿਕ ਸਿੱਧ ਹੁੰਦਾ ਹੈ ਜਿਸ ਦਾ ਕੋਈ ਕੇਂਦਰ ਨਹੀਂ, ਸਗੋਂ ਹਰ ਵਿਚਾਰ ਇੱਕ ਨਵਾਂ ਸੰਕਲਪਿਕ ਸੰਸਾਰ ਸਿਰਜਦਾ ਹੈ। ਸੋ ਇਨ੍ਹਾਂ ਪ੍ਰਵਿਰਤੀਆਂ ਦੇ ਆਧਾਰ ਉੱਤੇ ਇਸ ਸਿੱਟੇ ਤੇ ਪੁੱਜਿਆ ਗਿਆ ਹੈ ਕਿ ਗਿਆਨੀ ਸੰਤ ਸਿੰਘ ਮਸਕੀਨ ਜੀ ਉੱਤਰ ਆਧੁਨਿਕ ਯੁੱਗ ਦੇ ਮੋਢੀ ਵਿਆਖਿਆਕਾਰ ਸਨ ਜਿਨ੍ਹਾਂ ਨੂੰ ਨਿਰਸੰਦੇਹ 'ਨਵੇਂ ਯੁੱਗ ਦੇ ਵਿਆਖਿਆਕਾਰ' ਕਿਹਾ ਜਾ ਸਕਦਾ ਹੈ।

ਖੋਜ ਕਾਰਜ ਦੌਰਾਨ ਸਾਡੀ ਇਹ ਸਥਾਪਨਾ ਵੀ ਬਣੀ ਹੈ ਕਿ ਬਹੁ ਖੇਤਰੀ ਸ਼ਬਦਾਵਲੀ ਅਤੇ ਬਹੁ ਭਾਸ਼ਾਈ ਵਿਆਕਰਣਕ ਨੇਮਾਵਲੀ ਨਾਲ ਵਾਕਾਤਮਕ ਪ੍ਰਸੰਗ ਸਿਰਜਦੇ ਹੋਇਆਂ ਬਾਣੀਕਾਰਾਂ ਨੇ ਸਦੀਵੀ ਸੱਚ ਦੇ ਆਪਣੇ ਜਿਸ ਅਨੁਭਵ ਨੂੰ 'ਬਾਣੀ' ਰਾਹੀਂ ਸਿਰਜਿਆ, ਉਸ ਨੂੰ ਹਰ ਪਰਿਪੇਖ ਤੋਂ ਸਮਝਣ ਲਈ ਸ਼ਬਦ ਸਰੂਪ ਦੇ 'ਅਰਥ' ਦੀਆਂ ਅੰਤਿਮ ਪਰਤਾਂ ਤੱਕ ਪਹੁੰਚਣਾ ਪਹਿਲੀ ਅਤੇ ਮਹੱਤਵਪੂਰਣ ਲੋੜ ਹੈ ਜਿਸ ਲਈ ਵਿਆਖਿਆਕਾਰ ਦਾ ਅਨੁਭਵੀ, ਤਰਕਸ਼ੀਲ ਅਤੇ ਸੂਝਵਾਨ ਹੋਣ ਦੇ ਨਾਲ ਨਾਲ ਬਹੁ ਭਾਸ਼ਾਈ, ਬਹੁ ਸੱਭਿਆਚਾਰਕ ਅਤੇ ਗੂੜ੍ਹ ਅਧਿਐਨ ਕਰਤਾ ਵੀ ਹੋਣਾ ਜ਼ਰੂਰੀ ਹੈ। ਗੁਰਬਾਣੀ ਦੀਆਂ ਹੁਣ ਤੱਕ ਦ੍ਰਿਸ਼ਟੀਗੋਚਰ ਹੋ ਚੁੱਕੀਆਂ ਵਿਆਖਿਆ-ਪ੍ਰਣਾਲੀਆਂ ਦੇ ਪ੍ਰਸੰਗ ਵਿੱਚ ਗਿਆਨੀ ਸੰਤ ਸਿੰਘ ਮਸਕੀਨ ਜੀ ਦੀ ਵਿਆਖਿਆਕਾਰੀ ਨੂੰ ਵਿਚਾਰਨ ਤੇ ਜੋ ਨਵੀਨ, ਵਿਲੱਖਣ ਅਤੇ ਅਜੋਕੇ ਯੁੱਗ ਦੀ ਲੋੜ ਵਿੱਚੋਂ ਉਜਾਗਰ ਹੋਈਆਂ ਪ੍ਰਵਿਰਤੀਆਂ ਦ੍ਰਿਸ਼ਟੀਗੋਚਰ ਹੋਈਆਂ ਹਨ, ਉਨ੍ਹਾਂ ਤੋਂ ਇਹ ਸਿੱਟਾ ਨਿਕਲਿਆ ਹੈ ਕਿ ਗੁਰਬਾਣੀ ਵਿਆਖਿਆ ਦਾ ਬਹੁ ਕੇਂਦਰੀ, ਬਹੁ ਆਧਾਰੀ ਅਤੇ ਬਹੁ ਪਾਸਾਰੀ ਵਿਆਖਿਆ-ਸਿਧਾਂਤ ਅਪਨਾਉਣ ਵਾਲਾ ਇਹ ਵਿਆਖਿਆਕਾਰ ਅਜੋਕੇ ਉੱਤਰ ਆਧੁਨਿਕ ਯੁੱਗ ਵਿਚਲੀ ਗੁਰਬਾਣੀ ਵਿਆਖਿਆ ਦੀ

ਉੱਤਰ ਆਧੁਨਿਕ ਪ੍ਰਣਾਲੀ ਦਾ ਮੋਹਰੀ ਅਤੇ ਸਿਰਮੌਰ ਵਿਆਖਿਆਕਾਰ ਹੈ ਜਿਸ ਨੇ ਆਤਮਕ ਅਨੁਭਵ ਅਤੇ ਤਾਰਕਿਕ ਅਧਿਐਨ ਰਾਹੀਂ ਅਤੇ ਪਾਠਾਤਮਕ ਅਰਥਾਂ ਦੀ ਪਰਤੀਤੀ ਨਾਲ ਬਾਣੀਕਾਰਾਂ ਦੇ ਅਭਿਪਰਾਇ ਤੱਕ ਪਹੁੰਚਣ ਦਾ ਮਾਰਗ਼ ਪ੍ਰਦਰਸ਼ਿਤ ਕੀਤਾ ਹੈ।

ਅੰਤ ਵਿੱਚ ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ ਅਤੇ ਪ੍ਰਮੁੱਖ ਸਿਧਾਂਤਾਂ ਦੇ ਪ੍ਰਸੰਗ ਵਿੱਚ ਸੰਤ ਸਿੰਘ ਮਸਕੀਨ ਜੀ ਦੇ ਵਿਆਖਿਆ ਸਿਧਾਂਤ ਅਤੇ ਸ਼ੈਲੀ ਦਾ ਅਧਿਐਨ ਕਰਨ ਉਪਰੰਤ ਖੋਜ ਪ੍ਰਬੰਧ ਦੇ ਸਾਰ ਅਤੇ ਮੂਲ ਸਥਾਪਨਾਵਾਂ ਦੇ ਆਧਾਰ ਉੱਤੇ ਇਹ ਨਿਸਚੈ ਨਾਲ ਕਿਹਾ ਜਾ ਸਕਦਾ ਹੈ ਕਿ ਗੁਰਬਾਣੀ ਅਨੁਭਵ ਦਾ ਵਿਸ਼ਾ ਵੀ ਹੈ ਤੇ ਅਧਿਐਨ ਦਾ ਵਿਸ਼ਾ ਵੀ ਹੈ।ਅਧਿਐਨ ਦੀ ਦ੍ਰਿਸ਼ਟੀ ਤੋਂ ਧਾਰਮਿਕ ਅਨੁਭਵ ਚਿੰਤਨ ਦੀ ਸਾਮੱਗਰੀ ਹੈ ਜਿਸ ਦੇ ਆਧਾਰ ਉੱਤੇ ਸਿਧਾਂਤ ਸਿਰਜੇ ਜਾਂਦੇ ਹਨ ਅਤੇ ਧਰਮ ਦਰਸ਼ਨ ਦਾ ਨਿਰਮਾਣ ਵੀ ਕੀਤਾ ਜਾਂਦਾ ਹੈ ਜਦੋਂ ਕਿ ਧਾਰਮਿਕ ਅਨੁਭਵ ਮਨੁੱਖ ਦੇ ਅੰਤਰੀਵੀ ਮਨ ਨੂੰ ਅਧਿਆਤਮਕ ਅਤੇ ਨੈਤਿਕ ਜੀਵਨ ਦੀਆਂ ਪ੍ਰਾਪਤੀਆਂ ਹਿੱਤ ਸੇਧ ਤੇ ਪ੍ਰੇਰਨਾ ਵੀ ਦਿੰਦੇ ਹਨ।ਵਿਆਖਿਆ ਪਰਕ ਪ੍ਰਣਾਲੀਆਂ ਅਤੇ ਸਿਧਾਂਤ ਧਾਰਮਿਕ ਅਨੁਭਵ ਅਤੇ ਚਿੰਤਨ ਦੋਹਾਂ ਨੂੰ ਹੀ ਗੰਭੀਰਤਾ ਨਾਲ ਸਮਝਣ ਵਿੱਚ ਸਹਾਇਕ ਹੁੰਦੇ ਹਨ ਸੋ ਇਸ ਪਰਿਪੇਖ ਵਿੱਚ ਸੰਤ ਸਿੰਘ ਮਸਕੀਨ ਜੀ ਦੀ ਗੁਰਬਾਣੀ ਵਿਆਖਿਆ ਜਿਸ ਦੀ ਪ੍ਰਾਕਿਰਤੀ ਬਹੁ ਅਨੁਸ਼ਾਸ਼ਨੀ, ਬਹੁ ਪਾਸਾਰੀ, ਬਹੁ ਖੇਤਰੀ, ਬਹੁ ਸੰਕਲਪੀ, ਬਹੁ ਭਾਸ਼ਾਈ ਹੈ ਤੇ ਜੋ ਵਿਆਕਰਣਕ ਨੇਮਾਵਲੀ ਅਤੇ ਤੁਲਨਾਤਮਕ ਵਿਧੀ ਦੇ ਆਧਾਰ ਉੱਤੇ ਉਸਰੀ ਪਾਈ ਗਈ ਹੈ ਉਸ ਦੀ ਵਿਲੱਖਣਤਾ ਅਤੇ ਉਨ੍ਹਾਂ ਦੇ ਕੀਮਤੀ ਯੋਗਦਾਨ ਦੀ ਨਿਸ਼ਾਨਦੇਹੀ ਨੂੰ ਹਥਲੇ ਖੋਜ ਪ੍ਰਬੰਧ ਰਾਹੀਂ ਗੰਭੀਰ ਰੂਪ ਵਿੱਚ ਖੋਜਣ ਦੇ ਪ੍ਰਯਤਨ ਕੀਤੇ ਗਏ ਹਨ।

# ਸਹਾਇਕ ਪੁਸਤਕ ਸੂਚੀ

**ਧਰਮ ਗ੍ਰੰਥ/ਸੰਦਰਭ ਗ੍ਰੰਥ**


ਅਮਨਜੋਤ ਕੌਰ (ਡਾ.) **ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਾਚੀਨ ਅਤੇ ਆਧੁਨਿਕ ਪ੍ਰਾਸੰਗਿਕਤਾ**, ਅਮਰਜੀਤ ਸਾਹਿਤ ਪ੍ਰਕਾਸ਼ਨ, ਪਟਿਆਲਾ, 2005.

ਸਰਬਜਿੰਦਰ ਸਿੰਘ (ਸੰਪਾ.) **ਵਿਆਖਿਆ-ਸ਼ਾਸਤਰ ਅਤੇ ਸਿੱਖ ਵਿਆਖਿਆਕਾਰੀ,** ਪਬਲਿਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2017.

ਉਹੀ **ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਇੱਕੀਵੀਂ ਸਦੀ**, ਪਬਲਿਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 2006.

ਉਹੀ **ਸਿੱਖ ਧਰਮ ਸਿਧਾਂਤਕ ਤੇ ਇਤਿਹਾਸਕ ਪਰਿਪੇਖ,** ਪਬਲਿਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2010.

ਸਹਿਗਲ, ਮਨਮੋਹਨ (ਡਾ.) **ਗੁਰੂ ਗ੍ਰੰਥ ਸਾਹਿਬ ਇੱਕ ਸੱਭਿਆਚਾਰਕ ਸਰਵੇਖਣ**, ਭਾਸ਼ਾ ਵਿਭਾਗ, ਪੰਜਾਬ, 1987.

ਹਰਬੰਸ ਸਿੰਘ **ਗੁਰੂ ਨਾਨਕ ਦੇਵ ਦੀ ਕਾਵਿ ਕਲਾ,** ਪਬਲਿਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 2003.

ਸੰਧੂ, ਗੁਰਪਾਲ ਸਿੰਘ **ਸਮਕਾਲੀ ਸਿਧਾਂਤ ਅਤੇ ਮੱਧਕਾਲੀ ਪ੍ਰਵਚਨ,** ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2006.

ਸਿੱਧੂ, ਗੁਰਮੀਤ ਸਿੰਘ **ਧਰਮ ਆਧੁਨਿਕ ਅਤੇ ਉਤਰਆਧੁਨਿਕ ਸਿਧਾਂਤ**, ਗੁਰਗਿਆਨ ਬੁਕਸ, ਪਟਿਆਲਾ, 2014.

ਉਹੀ **ਸਿੱਖ-ਪੰਥ ਨਵੇਂ ਯੁੱਗ ਦੇ ਸਨਮੁਖ**, ਅਦਬ ਪ੍ਰਕਾਸ਼ਨ, ਪਟਿਆਲਾ, 2004.

ਹਰਪਾਲ ਸਿੰਘ (ਡਾ.) **ਜਪੁ ਜੀ ਦੇ ਟੀਕੇ ਅਤੇ ਵਿਆਖਿਆਵਾਂ : ਸਮੀਖਿਆਤਮਕ ਅਧਿਐਨ (1974 ਤੋਂ 2000 ਤੱਕ),** ਗੁਰੂ ਨਾਨਕ ਦੇਵ

ਯੂਨੀਵਰਸਿਟੀ, ਅੰਮ੍ਰਿਤਸਰ, 2015.

ਕਵੀਸ਼ਰ, ਸਰਦੂਲ ਸਿੰਘ — **ਸਿੱਖ ਧਰਮ ਦਰਸ਼ਨ**, ਪਬਲਿਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, ਤੀਜਾ ਐਡੀਸ਼ਨ 1993.

ਕੇਸਰ, ਕੇਸਰ ਸਿੰਘ — **ਸਾਹਿਤ-ਖੋਜ ਅਤੇ ਸਾਹਿਤ ਆਲੋਚਨਾ**, ਮਦਾਨ ਪਬਲਿਕੇਸ਼ਨਣ, ਪਟਿਆਲਾ, 2002.

ਕੋਮਲ, ਗੁਰਵਿੰਦਰ ਸਿੰਘ (ਗਿਆਨੀ) — **ਐਸੇ ਜਨ ਵਿਰਲੇ ਸੰਸਾਰੇ**, ਸਿੰਘ ਬ੍ਰਦਰਜ਼, ਅੰਮ੍ਰਿਤਸਰ।

ਉਹੀ — **ਨੇੜਿਓਂ ਦੇਖੇ ਗੁਰਮਤਿ ਵਿੱਦਿਆ ਮਾਰਤੰਡ ਗਿਆਨੀ ਸੰਤ ਸਿੰਘ ਜੀ ਮਸਕੀਨ (ਸਮਕਾਲੀ ਵਿਦਵਾਨਾਂ ਦੀ ਦੀਰਘ ਦ੍ਰਿਸ਼ਟੀ),** ਪ੍ਰਿੰਟਵੈੱਲ, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ, 2011.

ਉਹੀ — **ਮਸਕੀਨ ਜੀ ਦੀਆਂ ਸੁਣਾਈਆਂ ਅਨੁਭਵੀ ਗਾਥਾਵਾਂ,** ਸਿੰਘ ਬ੍ਰਦਰਜ਼, ਅੰਮ੍ਰਿਤਸਰ, 2009.

ਕੰਗ, ਗੁਲਜ਼ਾਰ ਸਿੰਘ (ਡਾ.) — **ਗੁਰਬਾਣੀ ਵਿਆਖਿਆ-ਵਿਖਿਆਨ**, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2016.

ਉਹੀ — **ਸ਼ਬਦ ਦਾ ਸੰਕਲਪ,** ਲਾਹੌਰ ਬੁਕ ਸ਼ਾਪ, ਲੁਧਿਆਣਾ, 2005.

ਕਾਂਗ, ਜਸਪਾਲ ਕੌਰ (ਸੰਪਾ.) ਤੇ ਵਰਮਾ, ਸਤੀਸ਼ (ਸਹਿ. ਸੰਪਾ.) — **ਡਾ. ਅਮਰਜੀਤ ਸਿੰਘ ਕਾਂਗ ਰਚਨਾਵਲੀ,** ਪਬਲਿਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 2019.

ਕਾਂਗ, ਜਸਪਾਲ ਕੌਰ (ਡਾ.), ਬਲਜੀਤ ਕੌਰ (ਡਾ) — **ਬਾਣੀ ਸੰਵੇਦਨਾ,** ਨਾਨਕ ਸਿੰਘ ਪੁਸਤਕ ਮਾਲਾ, ਅੰਮ੍ਰਿਤਸਰ, 2007.

ਕਾਂਗ, ਜਸਪਾਲ ਕੌਰ (ਡਾ.) — **ਬਾਣੀ ਰਹੱਸ,** ਨਾਨਕ ਸਿੰਘ ਪੁਸਤਕ ਮਾਲਾ, ਅੰਮ੍ਰਿਤਸਰ, 2010.

ਉਹੀ — **ਮੱਧਕਾਲੀ ਪੰਜਾਬੀ ਸਾਹਿਤ ਵਿਵੇਕ,** ਨਾਨਕ ਸਿੰਘ ਪੁਸਤਕ ਮਾਲਾ, ਅੰਮ੍ਰਿਤਸਰ, 2001.

ਕਰਤਾਰ ਚੰਦ ਭੱਟੀ, ਕੁਲਵੰਤ ਸਿੰਘ ਗਰੇਵਾਲ (ਸੰਪਾ.) **ਇਸਾਈ ਧਰਮ: ਇੱਕ ਜਾਣ-ਪਛਾਣ**, ਪਬਲਿਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012.

ਗਿਆਨੀ ਗਿਆਨ ਸਿੰਘ **ਤਵਾਰੀਖ ਗੁਰੂ ਖਾਲਸਾ**, ਪੰਜਾਬੀ ਸਾਹਿਤ ਅਕੈਡਮੀ, ਲੁਧਿਆਨਾ, 1945.

ਗੁਰਮੋਹਨ ਸਿੰਘ (ਆਹਲੂਵਾਲੀਆ) **ਸੋਢੀ ਮਿਹਰਵਾਨ ਦੀਆਂ ਗੱਦ ਰਚਨਾਵਾਂ (ਆਲੋਚਨਾਤਮਕ ਅਧਿਐਨ)**, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1980.

ਗੁਰਨੇਕ ਸਿੰਘ (ਡਾ.) **ਸ੍ਰੀ ਗੁਰੂ ਗ੍ਰੰਥ ਸਾਹਿਬ ਵਿਆਖਿਆ ਤੇ ਸੰਦੇਸ਼**, ਗੁਰਮਤਿ ਪ੍ਰਕਾਸ਼ਨ, ਪਟਿਆਲਾ, 2008.

ਗੁਰਭਗਤ ਸਿੰਘ **ਉਤਰਆਧੁਨਿਕਵਾਦ**, ਮਦਾਨ ਪਬਲਿਕੇਸ਼ਨ, ਪਟਿਆਲਾ, 2002.

ਜਗਬੀਰ ਸਿੰਘ (ਡਾ.) **ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮਕਾਲੀਨ ਪ੍ਰਾਸੰਗਿਕਤਾ**, ਪਬਲਿਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012.

ਢਿੱਲੋਂ, ਬਲਵੰਤ ਸਿੰਘ (ਸੰਪਾ) **ਗੁਰਬਾਣੀ : ਵਿਆਖਿਆ ਅਤੇ ਵਿਆਖਿਆ-ਸ਼ਾਸਤਰ**, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2014.

ਤਾਰਨ ਸਿੰਘ ( ਡਾ.) **ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ**, ਪਬਲਿਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997.

ਉਹੀ **ਸਿੱਖ, ਸਿੱਖੀ ਅਤੇ ਸਿਧਾਂਤ,** ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2010.

ਦਰਸ਼ਨ ਸਿੰਘ (ਡਾ.) **ਭਾਈ ਗੁਰਦਾਸ ਸਿੱਖੀ ਦੇ ਪਹਿਲੇ ਵਿਆਖਿਆਕਾਰ**, ਪਬਲਿਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997

ਉਹੀ **ਧਰਮ ਅਧਿਐਨ ਅਤੇ ਸਿੱਖ ਅਧਿਐਨ**, ਪਬਲਿਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000.

ਉਹੀ **ਗੁਰੂ ਗ੍ਰੰਥ ਬਾਣੀ ਵਿੱਚ ਗੁਰੂ ਦਾ ਸੰਕਲਪ,** ਪਬਲਿਕੇਸ਼ਨ

ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999.

ਦਿਨਕਰ, ਰਾਮਧਾਰੀ ਸਿੰਘ — **ਸੱਭਿਆਚਾਰ ਦੇ ਚਾਰ ਅਧਿਆਇ**, ਪਬਲਿਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1992.

ਪ੍ਰਦਯੁਮਨ ਸ਼ਾਹ ਸਿੰਘ — **ਜੈਨ ਧਰਮ ਇਤਿਹਾਸ**, ਸਾਹਿਤ, ਦਰਸ਼ਨ ਅਤੇ ਸੰਸਕ੍ਰਿਤੀ, ਗ੍ਰੇਸ਼ੀਅਸ ਬੁਕਸ ਪਬਲਿਕੇਸ਼ਨ, ਪਟਿਆਲਾ,2016.

ਪਰਮਵੀਰ ਸਿੰਘ (ਡਾ.) — **ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਦਾਰਸ਼ਨਿਕ ਚਿੰਤਨ**, ਗੁਰਮੀਤ ਪ੍ਰਕਾਸ਼ਨ, ਦਿੱਲੀ, 2004.

ਪਰਮਿੰਦਰ ਕੌਰ — **ਗੁਰੂ ਗ੍ਰੰਥ ਸਾਹਿਬ ਸਿਧਾਂਤ ਅਤੇ ਸੰਦੇਸ਼,** ਗ੍ਰੇਸ਼ਿਅਸ ਬੁਕਸ, ਪਟਿਆਲਾ, 2008.

ਪ੍ਰੀਤਮ ਸਿੰਘ (ਸੰਪਾ.) — **ਨਿਰਮਲ ਸੰਪ੍ਰਦਾਇ,** ਗੁਰੂ ਨਾਨਕ ਅਧਿਐਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ,1981.

ਬਲਕਾਰ ਸਿੰਘ (ਡਾ.) — **ਸ਼ਬਦ-ਗੁਰੂ ਦਾ ਸਿੱਖ-ਸਿਧਾਂਤ,** ਪਬਲਿਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012.

ਓਹੀ — **ਗੁਰੂ ਨਾਨਕ ਚਿੰਤਨ ਤੇ ਕਲਾ**, ਨਿਊ ਬੁੱਕ ਕੰਪਨੀ, ਜਲੰਧਰ, 1969.

ਮਸਕੀਨ, ਸੰਤ ਸਿੰਘ ਜੀ (ਗਿਆਨੀ) — **ਚੋਣਵੇਂ ਲੈਕਚਰ ਭਾਗ ਪਹਿਲਾ (ਮਸਕੀਨ ਜੀ),** ਸਿੰਘ ਬ੍ਰਦਰਜ਼, ਅੰਮ੍ਰਿਤਸਰ, 1976.

ਉਹੀ — **ਚੋਣਵੇਂ ਲੈਕਚਰ ਭਾਗ ਦੂਜਾ (ਮਸਕੀਨ ਜੀ),** ਸਿੰਘ ਬ੍ਰਦਰਜ਼, ਅੰਮ੍ਰਿਤਸਰ, 1979.

ਉਹੀ — **ਗੁਰੂ ਚਿੰਤਨ,** ਸਿੰਘ ਬ੍ਰਦਰਜ਼, ਅੰਮ੍ਰਿਤਸਰ, 1979.

ਉਹੀ — **ਗੁਰੂ ਜੋਤੀ,** ਸਿੰਘ ਬ੍ਰਦਰਜ਼, ਅੰਮ੍ਰਿਤਸਰ, 1982.

ਉਹੀ — **ਚੌਥਾ ਪਦ,** ਹਰਿਦਾਸ ਪ੍ਰਿੰਟਿੰਗ ਪ੍ਰੈੱਸ, ਅੰਮ੍ਰਿਤਸਰ, 1984.

ਉਹੀ — **ਪੰਚ ਪਰਵਾਨ,** ਸਿੰਘ ਬ੍ਰਦਰਜ਼, ਅੰਮ੍ਰਿਤਸਰ, 1886.

ਉਹੀ — **ਖਟਿ ਦਰਸ਼ਨ,** ਹਰਿਦਾਸ ਪ੍ਰਿੰਟਿੰਗ ਪ੍ਰੈੱਸ, ਅੰਮ੍ਰਿਤਸਰ, 1986.

ਉਹੀ **ਪ੍ਰਭੂ ਸਿਮਰਨ,** ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 1992.

ਉਹੀ **ਦੇਸ਼-ਵਿਦੇਸ਼ ਦੇ ਗੁਰਦੁਆਰਿਆਂ ਦਾ ਪ੍ਰਬੰਧਕੀ ਢਾਂਚਾ ਅਤੇ ਪ੍ਰਚਾਰਕ ਸ਼ਰੇਣੀ**, ਗੁਰ ਜੋਤੀ ਏਂਟਰਪ੍ਰਾਈਜਿਜ਼, ਅਲਵਰ, 1999.

ਉਹੀ **ਰਤਨਾਗਰ (ਅੰਮ੍ਰਿਤ ਮੰਥਨ),** ਸਿੰਘ ਬ੍ਰਦਰਜ਼, ਅੰਮ੍ਰਿਤਸਰ, 2001.

ਉਹੀ **ਪੰਜ ਵਿਕਾਰ ਤੇ ਚਾਰ ਯੁੱਗ,** ਸਿੰਘ ਬ੍ਰਦਰਜ਼, ਅੰਮ੍ਰਿਤਸਰ, 2001.

ਉਹੀ **ਸਿੱਖ ਧਰਮ ਦੇ ਰਹਿਸ ਤੇ ਰਮਜ਼**, ਨਿਊ ਬੁੱਕ ਕੰਪਨੀ, ਜਲੰਧਰ, 2004.

ਉਹੀ **ਬਾਰਹ ਮਾਹਾ**, ਗੁਰ ਜੋਤੀ ਏਂਟਰਪ੍ਰਾਈਜਿਜ਼, ਅਲਵਰ, 2006.

ਉਹੀ **ਸਿੱਖ ਸਿੰਘ ਅਤੇ ਸ਼ਬਦ-ਗੁਰੂ**, ਧਰਮ ਪ੍ਰਚਾਰ ਕਮੇਟੀ, ਅੰਮ੍ਰਿਤਸਰ, 2007.

ਉਹੀ **ਜੀਵਨ ਦੀ ਅਸਲੀਅਤ**, ਗੁਰ ਜੋਤੀ ਏਂਟਰਪ੍ਰਾਈਜਿਜ਼, ਅਲਵਰ, 2007.

ਉਹੀ **ਵਿਆਖਿਆ ਆਸਾ ਦੀ ਵਾਰ**, ਗੁਰ ਜੋਤੀ ਏਂਟਰਪ੍ਰਾਈਜਿਜ਼, ਅਲਵਰ, 2009.

ਉਹੀ **ਜਪੁ ਨੀਸਾਣ**, ਭਾਈ ਚਤਰ ਸਿੰਘ ਜੀਵਨ ਸਿੰਘ,ਅੰਮ੍ਰਿਤਸਰ, ਦੂਜੀ ਐਡੀਸ਼ਨ 2010.

ਭਾਈ ਗੁਰਦਾਸ **ਵਾਰਾਂ**, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੀ ਅੰਮ੍ਰਿਤਸਰ, ਅਪ੍ਰੈਲ 2005.

ਪਦਮ, ਪਿਆਰਾ ਸਿੰਘ (ਪ੍ਰੋ.) **ਸ੍ਰੀ ਗੁਰੂ ਗ੍ਰੰਥ ਪ੍ਰਕਾਸ਼**, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਤੀਜੀ ਐਡੀਸ਼ਨ, 2004.

ਭਾਈ ਜੋਧ ਸਿੰਘ — **ਗੁਰਮਤਿ ਨਿਰਣਯ**, ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, ਦੂਜੀ ਐਡੀਸ਼ਨ, ਜੂਨ 2003.

ਰਾਜਿੰਦਰ ਪਾਲ ਸਿੰਘ (ਡਾ.) — **ਉਤਰ ਆਧੁਨਿਕਤਾ,** ਪਬਲਿਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011.

ਵਜ਼ੀਰ ਸਿੰਘ (ਡਾ.) — **ਧਰਮ ਦਾ ਦਾਰਸ਼ਨਿਕ ਪੱਖ,** ਪਬਲਿਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਸ਼ੇਰ ਸਿੰਘ, (ਪ੍ਰੋ.) — **ਗੁਰਮਤਿ ਦਰਸ਼ਨ**, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਪੰਜਵੀਂ ਵਾਰ, 1986.

ਲਕਸ਼ਮੀ ਨਰਸੂ (ਪ੍ਰੋ.) ਤਰਸੇਮ ਸਿੰਘ ਚਾਹਲ (ਅਨੁ.) — **ਬੁੱਧ ਧਰਮ ਦਾ ਸਾਰ**, ਜਲੰਧਰ, ਨਹਿੱਤ ਪਬਲਿਕੇਸ਼ਨ, 2003.

## ਗ੍ਰੰਥ ਤੇ ਕੋਸ਼:

ਸਾਹਿਬ ਸਿੰਘ (ਪ੍ਰੋ.) — **ਗੁਰਬਾਣੀ ਵਿਆਕਰਣ,** ਸਿੰਘ ਬ੍ਰਦਰਜ਼, ਅੰਮ੍ਰਿਤਸਰ, 1939.

ਸਾਹਿਬ ਸਿੰਘ (ਪ੍ਰੋ.) — **ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ,** ਦਸ ਜਿਲਦਾਂ, ਰਾਜ ਪਬਲਿਸ਼ਰਜ਼, ਜਲੰਧਰ, 1970.

ਹਰਿਭਜਨ ਸਿੰਘ (ਡਾ.) — **ਸ੍ਰੀ ਗੁਰੂ ਗ੍ਰੰਥ ਕੋਸ਼**, ਡਾ. ਬਲਬੀਰ ਸਿੰਘ ਸਾਹਿਤ ਕੇਂਦਰ, ਦੇਹਰਾਦੂਨ, 2008.

ਜੋਧ ਸਿੰਘ, ਡਾ. (ਮੁੱਖ ਸੰਪਾ.) — **ਸਿੱਖ ਧਰਮ ਵਿਸ਼ਵਕੋਸ਼,** ਪੰਜਾਬੀ ਰੂਪਾਂਤਰਣ, ਪਬਲਿਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2013 (ਦੂਜੀ ਜਿਲਦ)

ਪਦਮ, ਪਿਆਰਾ ਸਿੰਘ — **ਗੁਰੂ ਗ੍ਰੰਥ ਸੰਕੇਤ ਕੋਸ਼,** ਪਬਲਿਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ,

ਬਲਬੀਰ ਸਿੰਘ (ਸੰਪਾ) — **ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ,** ਜਿਲਦ (ਪਹਿਲੀ, ਦੂਜੀ), ਪਬਲਿਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਮਨੀ ਸਿੰਘ, ਗਿਆਨੀ — **ਗੁਰਮਤਿ ਸਾਖੀ ਸਾਗਰ**, ਗੁਰਮਤਿ ਸਾਹਿਤ ਚੈਰੀਟੇਬਲ ਟਰੱਸਟ, ਸ੍ਰੀ ਅੰਮ੍ਰਿਤਸਰ ਸਾਹਿਬ, 2002.

ਨਾਭਾ, ਕਾਨ੍ਹ ਸਿੰਘ, (ਭਾਈ), — **ਗੁਰਸ਼ਬਦ ਰਤਨਾਕਰ ਮਹਾਨ ਕੋਸ਼**, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1981.

ਨਾਭਾ, ਭਗਵੰਤ ਸਿੰਘ , ਹਰੀ ਜੀ — **ਦਸਮ ਗ੍ਰੰਥ ਤੁਕ-ਤਤਕਰਾ,** ਜਿਲਦ (ਪਹਿਲੀ, ਦੂਜੀ), ਪਬਲਿਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਤੇਜਾ ਸਿੰਘ (ਪ੍ਰੋ.) — **ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,** ਚਾਰ ਜਿਲਦਾਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1954.

ਗੁਰਮੇਲ ਸਿੰਘ (ਸੰਪਾ) — **ਭਾਈ ਗੁਰਦਾਸ ਰਚਿਤ ਵਾਰਾਂ ਤੇ ਕਬਿਤ ਸਵਈਏ ਵਿਚਾਰ-ਕੋਸ਼**, ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਪਟਿਆਲਾ, 2008.

ਧਰਮ ਸਿੰਘ (ਡਾ.) — **ਪੰਜਾਬੀ ਖੋਜ ਸੰਦਰਭ**, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, ਦੂਜਾ ਸੰਸਕਰਣ, 20015.

ਜੱਗੀ, ਰਤਨ ਸਿੰਘ (ਡਾ.) — **ਪੰਜਾਬੀ ਸਾਹਿਤ ਸੰਦਰਭ ਕੋਸ਼,** ਪੰਜਾਬੀ ਯੂਨੀਵਰਸਿਟੀ, ਪਟਿਆਲਾ, 1984.

ਉਹੀ — **ਗੁਰੂ ਗ੍ਰੰਥ ਵਿਸ਼ਵ ਕੋਸ਼,** (ਪਹਿਲੀ, ਦੂਜੀ ਜਿਲਦ), ਪਬਲਿਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ,ਪਟਿਆਲਾ, 2002.

ਉਹੀ — **ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ,** ਜਿਲਦ (ਤੀਜੀ, ਪੰਜਵੀਂ), ਪਬਲਿਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਪੰਜਾਬੀ ਅੰਗਰੇਜ਼ੀ ਕੋਸ਼, ਭਾਸ਼ਾ ਵਿਭਾਗ ਪੰਜਾਬ, ਪਟਿਆਲਾ।

**ਹਿੰਦੀ:**

ਹਿੰਦੀ-ਪੰਜਾਬੀ ਕੋਸ਼ — ਭਾਸ਼ਾ ਵਿਭਾਗ ਪੰਜਾਬ, ਪਟਿਆਲਾ।

ਆਚਾਰਯ, ਬਲਬੀਰ (ਡਾ.) — **ਰਿਗਵੇਦੀਯ ਬ੍ਰਾਹਮਣੋ ਕਾ ਸੰਸਕ੍ਰਿਤਕ ਅਧਿਐਨ,**

ਵਿਦਿਆਨਿਧੀ  ਪ੍ਰਕਾਸ਼ਨ, ਦਿੱਲੀ, 1991.

ਅਵਸਥੀ, ਪੰਡਿਤ ਸ੍ਰੀ — **ਵਾਕਯਪਦੀਯਮ (ਬ੍ਰਹਮ ਕਾਂਡ),** ਚੌਖੰਭਾਂ ਸੰਸਕ੍ਰਿਤ ਸੰਸਥਾਨ, ਵਾਰਾਣਸੀ, 1980.

ਰੁਦ੍ਰਪ੍ਰਸ਼ਾਦ (ਸੰਪਾ.) ਕੇ. ਏ. ਸੁਬ੍ਰਹਮਣਯਮ ਅਯੱਰ — **ਭਰਤ੍ਰਹਰਿ (ਪ੍ਰਾਚੀਨ ਟੀਕਾਓਂ ਕੇ ਪ੍ਰਕਾਸ਼ ਮੇਂ ਵਾਕਯਪਦੀਯ ਕਾ ਏਕ ਅਧਿਐਨ),** ਰਾਜਸਥਾਨ ਹਿੰਦੀ ਗ੍ਰੰਥ ਅਕਾਦਮੀ, ਜਯਪੁਰ, 1981.

ਪਾਂਡੇ, ਗੋਵਿੰਦ ਚੰਦ੍ਰ — **ਵੈਦਿਕ ਸੰਸਕ੍ਰਿਤੀ,** ਲੋਕ ਭਾਰਤੀ ਪ੍ਰਕਾਸ਼ਨ, ਇਲਾਹਾਬਾਦ, 1974.

ਸ਼ਰਮਾ, ਚੰਦ੍ਰਧਰ — **ਭਾਰਤੀਯ ਦਰਸ਼ਨ ਆਲੋਚਨ ਔਰ ਅਨੁਸ਼ੀਲਨ,** ਮੋਤੀਲਾਲ ਬਨਾਰਸੀਦਾਸ, ਦਿੱਲੀ, 2013.

ਸ਼ਾਸਤਰੀ, ਗਜਾਨਨ (ਡਾ.) — **'ਮੁਸਲਗਾਂਵਕਰ', ਮੀਮਾਂਸਾ ਦਰਸ਼ਨ ਕਾ ਵਿਵੇਚਨਾਤਮਕ ਇਤਿਹਾਸ,** ਚੌਖੰਭਾ ਵਿੱਦਯਾਭਵਨ, ਵਾਰਾਣਸੀ, 1992.

ਰਾਮ ਚੰਦ੍ਰ ਵਰਮਾ (ਸੰਪਾ.) — **ਮਾਨਕ ਹਿੰਦੀ ਕੋਸ਼,** ਹਿੰਦੀ ਸਾਹਿਤਯ ਸੰਮੇਲਨ, ਪ੍ਰਯਾਗ, ਦੂਸਰਾ ਖੰਡ, ਪ੍ਰਥਮ ਸੰਸਕਰਣ, 1965.

ਧੀਰੇਂਦ੍ਰ ਵਰਮਾ (ਡਾ.) — **ਹਿੰਦੀ ਸਾਹਿਤਯ ਕੋਸ਼,** ਪ੍ਰਥਮ ਸੰਸਕਰਣ, ਗਿਆਨ ਮੰਡਲ ਲਿਮਿਟਿਡ, ਕਬੀਰ ਚੌਰਾ, ਵਾਰਾਣਸੀ-1, 1985.

ਤਾਰਾ ਨਾਥ ਭੱਟਾਚਾਰੀਆ — **ਸ਼ਬਦ ਸਤੋਮ ਮਹਾਨਿਧੀ (ਸੰਸਕ੍ਰਿਤ ਵਿਧਾਨਮ),** ਚੌਖੰਭਾ ਸੰਸਕ੍ਰਿਤ ਸੀਰੀਜ਼ ਆਫਿਸ, ਵਾਰਾਣਸੀ-1, 1967.

**ਅੰਗ੍ਰੇਜ਼ੀ:-**

Akshaya Kumar Banerjea — **Philosophy of Gorakhnath with Goraksha-Vacana-Sangraha,** Published by Mahant Dig Vijai Nath Trust, Gorakhnath Temple, Gorukhpur, 1962.

Bimal Krishan Matilal — **The Word And The World :** India's

contribution To The Study Of Language, Oxford University Press, 1990.

Coward, Harold G. — **Bharthrihari,** Twayne Publishers, April 11, 1977.

Donald A. Crosby — **Interpretative Theories Of Religion,** De Gruyter Mouton, February 1, 1981.

Dr. RadhaKrishanan — **An Idealist View Of Life,** Bombay, George Allen and Urvin, 1976.

Edwards, Tryon, D.D. — **The New Dictionary of Thoughts,** Standard Book Company New York, 1955.

Eliade, Mircea — **The Quest: History and Meaning in Religion,** University of Chicago Press, November 22, 2013.

English – Punjabi Dictionary — Publication Bureau, Punjabi University, Patiala, 2011.

Gamow, G. — **The creation Of The Universe,** Viking Books, 1952.

Gayle L. Ormistor and Schrift (Ed.), — **The Hermeneutics Tradition From Ast to Ricoeur,** Alan D. State University of New York Press, December 1, 1989.

Harbans Singh (ed.) — **The Encyclopedia of Sikhism** (Vol I,II,III,IV), Punjabi university, 1995.

Heinz Kimmerle (Ed.) — **Notes On Friedrich Schleiermacher's Hermeneutics:** The Handwritten Manuscripts, University Of Zaragoza, 2013.

Jeanrond, Werner G. — **Theological Hermeneutics Hymns Ancient and Modern Ltd;** Reprint edition, March 5,

| | |
|---|---|
| | 1994. |
| Kapur Singh | **Parasraprasna The Baisakhi Of Guru Gobind Singh,** Editors Piar Singh And Madanjit Kaur, Guru Nanak Dev University, Amritsar, 2001. |
| Nabha, Bhai Kahan Singh | **Encyclopedia of Sikh Literature** (Vol I, II, III, IV), English Translation Of Guru Shabad Ratnakar Mahan Kosh, Punjabi University, Patiala, 2006. |
| PaniKker, R. | **Myth, Faith and Hermeneutics,** Paulist Press, January 1, 1980. |
| Palmer, Richard E. | **Hermeneutics,** Northwestern University Press; 1 edition, Desember 1, 1969. |
| Panjab Journal of Sikh Studies (vol. III) | Department of Guru Nanak Sikh Studies, Panjab University, Chandigarh, 2013. |
| P. D. Chanratra | **Methodology Of The Major Bhashya On The Braham-Sutra**, Ist edition, S. B. GardaCollege, Navsri, 1958. |
| Schleirmacher, Friedrich | **Hermeneutics and Criticism:** And Other Writings, Cambridge University Press, 1998. |
| Sher Singh (Dr.) | **Philosophy Of Sikhism,** Shiromani Gurudwara Parbandhak Comittee, Amritsar, Second edition, August 1986. |
| Sir Monier Monier-Williams | **A Sanskrit-English Dictionary,** Moyilal Bnarsidass, Delhi, 1979,(first 1899). |
| Vaman Shiv Ram Apte | **The Practical Sanskrit-English Dictionary** 1958, Vol. II, Prasad Prakashan, Poona, 1958. |

Wach, Joachim, **Essays in the History of Religions**, Macmillan Publishers, USA, 1987.

**ਖੋਜ ਪਤ੍ਰਿਕਾਵਾਂ:-**

ਖੋਜ ਦਰਪਣ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਸੈਂਚੀ 29, 1998.

ਨਾਨਕ ਪ੍ਰਕਾਸ਼ ਪਤ੍ਰਿਕਾ ਦਸੰਬਰ 2002, ਅੰਕ ਦੂਜਾ, ਪਬਲਿਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਉਹੀ ਜੂਨ 2005, ਅੰਕ ਪਹਿਲਾ, ਪਬਲਿਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਉਹੀ ਜੂਨ 2007, ਅੰਕ ਪਹਿਲਾ, ਪਬਲਿਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਪੰਚਬਟੀ ਸੰਦੇਸ਼ ਜਨਵਰੀ-ਮਾਰਚ 2017, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਸਮਦਰਸ਼ੀ ਅਪ੍ਰੈਲ-ਮਈ 2009, ਪੰਜਾਬੀ ਅਕਾਦਮੀ, ਦਿੱਲੀ,

'ਯੂਨਾਨੀ ਰਹੱਸਵਾਦ': ਅੰਕ 6, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਅਕਤੂਬਰ 1972. ਵਿਦੇਸ਼ੀ ਤੇ ਭਾਰਤੀ ਸਾਹਿਤ

**ਗੁਰਬਾਣੀ ਟੀਕਾਕਾਰੀ ਨਾਲ ਸੰਬੰਧਤ ਲੇਖ:**

- ਜਸਵਿੰਦਰ ਕੌਰ, **ਗੁਰਬਾਣੀ ਕੋਸ਼ਾਂ ਦਾ ਵਰਗੀਕਰਨ ਤੇ ਵਿਆਖਿਆ,** ਐਮ. ਫਿਲ. ਖੋਜ-ਨਿਬੰਧ (ਅਪ੍ਰਕਾਸ਼ਿਤ), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2008.
- ਪਦਮ, ਪਿਆਰਾ ਸਿੰਘ (ਡਾ.), **ਟੀਕਾਕਾਰੀ, ਇਤਿਹਾਸਕਾਰੀ ਤੇ ਪੱਤਰਕਾਰੀ - ਕੁਝ ਦ੍ਰਿਸ਼ਟੀਕੋਣ,** ਪੰਜਾਬੀ ਯੂਨੀਵਰਸਿਟੀ, ਪਟਿਆਲਾ, 1989.

- ਤਾਰਨ ਸਿੰਘ (ਡਾ.), **ਸ੍ਰੀ ਹਰਿ ਜੀ ਤੇ ਸ੍ਰੀ ਚਤੁਰਭੁਜ ਦੇ ਰਚੇ ਪਰਮਾਰਥ (ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਸੈਂਚੀ ਦੂਜੀ)**, ਖਾਲਸਾ ਕਾਲਜ, ਅੰਮ੍ਰਿਤਸਰ।
- ਤਾਰਨ ਸਿੰਘ (ਡਾ.), **ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਟੀਕਾਕਾਰੀ,** ਨਾਨਕ ਪ੍ਰਕਾਸ਼ ਪੱਤ੍ਰਿਕਾ, ਦਸੰਬਰ, 1976.
- ਨੰਦਾ, ਬਲਬੀਰ ਸਿੰਘ (ਡਾ.), **ਭਾਰਤੀ ਟੀਕਾਕਾਰੀ ਦੇ ਵਿਭਿੰਨ ਸਰੂਪ-ਇੱਕ ਅਧਿਐਨ,** ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ, 1960.

# ਸਾਰ ਅਤੇ ਸਥਾਪਨਾਵਾਂ

# ਸਾਰ ਅਤੇ ਸਥਾਪਨਾਵਾਂ

ਆਪਣੇ ਖੋਜ ਪ੍ਰਬੰਧ ਦੇ ਮੂਲ ਵਿਸ਼ੇ 'ਗੁਰਬਾਣੀ ਦੀਆਂ ਵਿਆਖਿਆ-ਪ੍ਰਣਾਲੀਆਂ ਤੇ ਪ੍ਰਮੁੱਖ ਸਿਧਾਂਤਾਂ ਦੇ ਪ੍ਰਸੰਗ ਵਿੱਚ ਸੰਤ ਸਿੰਘ ਮਸਕੀਨ ਜੀ ਦਾ ਗੁਰਬਾਣੀ ਵਿਆਖਿਆ-ਸਿਧਾਂਤ ਤੇ ਸ਼ੈਲੀ' ਦੇ ਅੰਤਰਗਤ ਪ੍ਰਸਤੁਤ ਕੀਤੇ ਗਏ ਖੋਜ ਕਾਰਜ ਨੂੰ ਕਈ ਧਰਾਤਲਾਂ ਉੱਤੇ ਪਰਤ ਦਰ ਪਰਤ ਡੂੰਘਾਈ ਨਾਲ ਸਮਝਿਆ ਅਤੇ ਵਿਚਾਰਿਆ ਗਿਆ ਹੈ। ਵਿਸ਼ੇ ਸੰਬੰਧੀ ਲੋੜੀਂਦੀ ਮੁਢਲੀ ਚਰਚਾ ਉਪਰੰਤ ਸਿਧਾਂਤਕ ਪੱਧਰ ਉੱਤੇ ਜਿੱਥੇ ਗੁਰਬਾਣੀ ਦੀਆਂ ਹੁਣ ਤੱਕ ਹੋ ਚੁੱਕੀਆਂ ਵਿਆਖਿਆ-ਪ੍ਰਣਾਲੀਆਂ ਨੂੰ ਵਿਚਾਰਿਆ ਗਿਆ ਹੈ ਉੱਥੇ ਅਜੋਕੇ ਉੱਤਰ ਆਧੁਨਿਕ ਕਾਲ ਵਿੱਚ ਹੋਏ ਸਿੱਖ-ਪੰਥ ਦੇ ਅਨੁਭਵੀ ਅਤੇ ਤਾਰਕਿਕ ਵਿਆਖਿਆਕਾਰ ਗਿਆਨੀ ਸੰਤ ਸਿੰਘ ਮਸਕੀਨ ਜੀ ਦੁਆਰਾ ਕੀਤੀ ਗਈ ਗੁਰਬਾਣੀ ਵਿਆਖਿਆਕਾਰੀ ਤੇ ਉਸ ਦੇ ਵਿਭਿੰਨ ਪੱਖਾਂ ਸੰਬੰਧੀ ਵਿਚਾਰ ਚਰਚਾ ਕੀਤੀ ਗਈ ਹੈ ਤਾਂ ਜੁ ਗੁਰਬਾਣੀ ਵਿਆਖਿਆ ਦੀ ਇਤਿਹਾਸਕ ਰੇਖਾਕਾਰੀ ਦਾ ਸਮੁੱਚੇ ਰੂਪ ਵਿੱਚ ਅਧਿਐਨ ਹੋ ਸਕੇ। ਵਿਆਖਿਆਕਾਰੀ ਦੇ ਵਿਸ਼ੇ ਉੱਤੇ ਗਿਆਨੀ ਸੰਤ ਸਿੰਘ ਮਸਕੀਨ ਜੀ ਦੀ ਵਿਆਖਿਆਕਾਰੀ ਨਾਲ ਜੁੜੇ ਬਹੁਤ ਸਾਰੇ ਵਿਭਿੰਨ ਪਹਿਲੂਆਂ ਉੱਤੇ ਗੰਭੀਰ ਚਰਚਾ ਕਰਨ ਉਪਰੰਤ ਅਸੀਂ ਇਸ ਸੰਬੰਧੀ ਕਈ ਅਹਿਮ ਸਥਾਪਨਾਵਾਂ ਤੇ ਸਿੱਟਿਆਂ ਨੂੰ ਉਜਾਗਰ ਕਰਨ ਦਾ ਵੀ ਇੱਥੇ ਯਤਨ ਕੀਤਾ ਹੈ, ਜਿਨ੍ਹਾਂ ਨੂੰ ਪੇਸ਼ ਕਰਦਿਆਂ ਸਾਡੀ ਜਾਚੇ ਇਸ ਵਿਸ਼ੇ ਦੇ ਖੋਜ ਖੇਤਰ ਸੰਬੰਧੀ ਇਹ ਸਪਸ਼ਟੀਕਰਨ ਦੇਣਾ ਜ਼ਰੂਰੀ ਬਣਦਾ ਹੈ ਕਿ ਅਜੋਕੇ ਉੱਤਰ ਆਧੁਨਿਕ ਯੁੱਗ ਵਿੱਚ ਵਿਸ਼ਵ ਪੱਧਰ ਉੱਤੇ ਗੁਰਬਾਣੀ ਨੂੰ ਸਮਝਣ-ਸਮਝਾਉਣ ਦੇ ਜਿਹੜੇ ਯਤਨ ਬੜੀ ਉਤਸੁਕਤਾ ਨਾਲ ਕੀਤੇ ਜਾ ਰਹੇ ਹਨ ਅਤੇ ਅਜੋਕੇ ਸੰਦਰਭ ਵਿੱਚ ਪੱਛਮੀ ਚਿੰਤਨ ਦੇ ਆਧਾਰ ਉੱਤੇ ਗੁਰਬਾਣੀ ਦਾ ਵਿਆਖਿਆ-ਸ਼ਾਸਤਰ ਸਿਰਜੇ ਜਾਣ ਦੀ ਲੋੜ ਨੂੰ ਮਹਿਸੂਸ ਕੀਤਾ ਜਾ ਰਿਹਾ ਹੈ, ਉਨ੍ਹਾਂ ਨੂੰ ਅਸੀਂ ਆਪਣੇ ਇਸ ਖੋਜ ਪ੍ਰਬੰਧ ਵਿੱਚ ਗੁਰਬਾਣੀ ਵਿਆਖਿਆ ਦੀ ਸਮਕਾਲੀਨ ਪ੍ਰਾਸੰਗਿਕਤਾ ਦੇ ਅਧੀਨ ਸੰਕਲਪੀ ਅਧਿਐਨ ਵਜੋਂ ਛੋਹਿਆ ਹੈ ਤੇ ਗੁਰਬਾਣੀ ਦੇ ਸਿਧਾਂਤੀਕਰਨ ਦੇ ਉਦੇਸ਼ ਮਾਤਰ ਵਿਚਾਰਿਆ ਵੀ ਹੈ। ਸਾਡਾ ਹੱਥਲਾ ਖੋਜ-ਪ੍ਰਬੰਧ ਗੁਰਬਾਣੀ-ਵਿਆਖਿਆ ਦੀਆਂ ਹੋ ਚੁੱਕੀਆਂ ਵਿਆਖਿਆ-ਪ੍ਰਣਾਲੀਆਂ ਤੇ ਪ੍ਰਮੁੱਖ ਸਿਧਾਂਤਾਂ ਦੇ ਖੇਤਰ ਨੂੰ ਵਿਚਾਰਦਾ ਹੈ ਸੋ ਵਿਆਖਿਆ-ਸ਼ਾਸਤਰ ਲਈ ਗੁਰਬਾਣੀ-ਵਿਆਖਿਆ ਦੇ ਹਰੇਕ ਪਰਤੀ ਅਤੇ ਹਰੇਕ ਪਾਸਾਰੀ ਯਤਨਾਂ ਦਾ ਅਧਿਐਨ ਕਰਨਾ ਸਾਡੇ ਲਈ ਜ਼ਰੂਰੀ ਸੀ ਕਿਉਂਕਿ

ਗੁਰਬਾਣੀ ਦੀ ਹਰ ਕਾਲ ਅਤੇ ਹਰ ਸਥਿਤੀ ਵਿੱਚ ਨਵੀਂ ਵਿਆਖਿਆ ਤੇ ਬਣਦੀ ਸਮਕਾਲੀ ਪ੍ਰਾਸੰਗਿਕਤਾ ਲੱਭੀ ਜਾ ਸਕਦੀ ਹੈ। ਇਸੇ ਕਰਕੇ ਅੱਜ ਦੇ ਖੋਜੀ ਤੇ ਸਮੀਖਿਆਕਾਰ ਅੱਗੇ ਸਭ ਤੋਂ ਵੱਡੀ ਚੁਣੌਤੀ ਗੁਰਬਾਣੀ ਦੇ ਬਹੁ ਭਾਂਤੀ ਤੇ ਬਹੁ ਅਨੁਸ਼ਾਸਨੀ ਅਧਿਐਨ ਨੂੰ ਨਿਸ਼ਚਿਤ ਕਰਨ ਦੀ ਬਣਦੀ ਹੈ। ਇਸ ਲਈ ਆਪਣੇ ਖੋਜ ਪ੍ਰਬੰਧ ਦੇ ਅੰਤਰਗਤ ਅਸੀਂ ਗੁਰਬਾਣੀ ਦੇ ਵਿਆਖਿਆ-ਸ਼ਾਸਤਰ ਨੂੰ ਇੱਕ ਸੰਕਲਪੀ ਅਧਿਐਨ ਵਜੋਂ ਸ਼ਾਮਿਲ ਕੀਤਾ ਹੈ ਤਾਂ ਜੋ ਸਮਕਾਲੀਨ ਪ੍ਰਸੰਗ ਵਿੱਚ ਗੁਰਬਾਣੀ ਵਿਆਖਿਆ ਦੇ ਮਹੱਤਵ ਨੂੰ ਸਮਝਿਆ ਜਾ ਸਕੇ।

ਵਿਸ਼ੇ ਨਾਲ ਸੰਬੰਧਤ ਪਰਿਚਾਤਮਕ, ਸਿਧਾਂਤਕ ਅਤੇ ਵਿਵਹਾਰਕ ਸੰਦਰਭਾਂ ਨੂੰ ਉਘਾੜਨ ਲਈ ਜੋ ਖੋਜ ਪ੍ਰਬੰਧ ਸਾਡੇ ਵੱਲੋਂ ਉਸਾਰਿਆ ਗਿਆ ਹੈ, ਉਸ ਵਿੱਚ ਆਪਣੇ ਵਿਸ਼ੇ ਦੀ ਨਿਰੰਤਰਤਾ ਅਤੇ ਵਿਕਾਸ ਨੂੰ ਵਿਧੀਵਤ ਰੂਪ ਵਿੱਚ ਪ੍ਰਸਤੁਤ ਕਰਨ ਲਈ ਇਸ ਦੇ ਸੱਤ ਅਧਿਆਇ ਤਰਤੀਬਵਾਰ ਬਣਾਏ ਗਏ ਹਨ ਜਿਨ੍ਹਾਂ ਵਿੱਚ ਬਹੁ ਅਨੁਸ਼ਾਸਨੀ ਵਿਧੀਆਂ ਦੁਆਰਾ ਇੱਕ ਪਾਸੇ ਗੁਰਬਾਣੀ-ਵਿਆਖਿਆ ਦੇ ਸੰਕਲਪ ਅਤੇ ਹੁਣ ਤੱਕ ਹੋ ਚੁੱਕੇ ਵਿਆਖਿਆ ਕਾਰਜ ਨੂੰ ਸਮਝਣ ਦਾ ਯਤਨ ਕੀਤਾ ਹੈ ਤੇ ਇਸ ਦੇ ਨਾਲ ਹੀ ਅਜੋਕੇ ਸਮਿਆਂ ਦੇ ਵਿਆਖਿਆਕਾਰ ਗਿਆਨੀ ਸੰਤ ਸਿੰਘ ਮਸਕੀਨ ਜੀ ਦੀ ਗੁਰਬਾਣੀ ਵਿਆਖਿਆ ਦੇ ਪ੍ਰਮੁੱਖ ਸਿਧਾਂਤ ਤੇ ਸ਼ੈਲੀ ਨੂੰ ਖੋਜ ਅਧਿਐਨ ਹੇਠ ਲਿਆਉਣ ਦਾ ਯਤਨ ਕੀਤਾ ਗਿਆ ਹੈ ਜਿਸ ਦਾ ਸਾਰ ਤੇ ਸਿੱਟੇ ਇਸ ਪ੍ਰਕਾਰ ਹਨ:

ਖੋਜ ਪ੍ਰਬੰਧ ਦਾ ਪਹਿਲਾ ਅਧਿਆਇ 'ਪੂਰਵ ਪ੍ਰਾਪਤ ਖੋਜ ਸਾਮੱਗਰੀ ਦਾ ਸਰਵੇਖਣ ਤੇ ਮੁਲਾਂਕਣ' ਸਾਡੇ ਚੁਣੇ ਹੋਏ ਵਿਸ਼ੇ ਦੇ ਨਿਕਟ ਅਧਿਐਨ ਸੰਬੰਧੀ ਹੋ ਚੁੱਕੀ ਪੂਰਵ ਖੋਜ ਦੇ ਪ੍ਰਸਤੁਤੀਕਰਨ ਦਾ ਪ੍ਰਗਟਾ ਕਰਦਾ ਹੈ। ਇਸ ਅਧਿਆਇ ਵਿੱਚ ਉਨ੍ਹਾਂ ਸਾਰੇ ਖੋਜ ਪ੍ਰਬੰਧਾਂ ਦਾ ਵੇਰਵਾ ਤੇ ਮੁਲਾਂਕਣ ਪੇਸ਼ ਕੀਤਾ ਗਿਆ ਹੈ ਜੋ ਸਾਡੇ ਤੋਂ ਪਹਿਲਾਂ ਇਸ ਵਿਸ਼ੇ ਨਾਲ ਸੰਬੰਧਤ ਵਿਭਿੰਨ ਯੂਨੀਵਰਸਿਟੀਆਂ ਅਤੇ ਅਕਾਦਮਿਕ ਅਦਾਰਿਆਂ ਤੋਂ ਪੀਐੱਚ. ਡੀ. ਪੱਧਰ ਉੱਤੇ ਕਿਸੇ ਤਰ੍ਹਾਂ ਦੀ ਖੋਜ ਕਰ ਚੁੱਕੇ ਸਨ ਅਤੇ ਇਸ ਤੋਂ ਬਾਅਦ ਇਸ ਖੇਤਰ ਵਿੱਚ ਕੁਝ ਵਿਸ਼ੇਸ਼ ਪੁਸਤਕਾਂ ਅਤੇ ਖੋਜ ਪਤ੍ਰਿਕਾਵਾਂ ਆਦਿ ਦੇ ਰੂਪ ਵਿੱਚ ਹੋਏ ਖੋਜ ਕਾਰਜ ਨੂੰ ਵੀ ਸਾਹਮਣੇ ਲਿਆਂਦਾ ਗਿਆ ਹੈ। ਇਸ ਖੋਜ ਸਾਮੱਗਰੀ ਨੂੰ ਘੋਖਣ ਦਾ ਨਤੀਜਾ ਇਹ ਨਿਕਲਿਆ ਕਿ ਵਿਸ਼ੇ ਨੂੰ ਪਹਿਲਾਂ ਤੋਂ ਪ੍ਰਾਪਤ ਹੋ ਚੁੱਕੇ ਪੱਧਰ ਤੋਂ ਬਾਅਦ ਪ੍ਰਦਾਨ ਕੀਤੀ ਜਾਣ ਵਾਲੀ ਤਰਤੀਬ, ਵਿਕਾਸ, ਡੂੰਘਾਈ ਅਤੇ ਵਿਆਪਕਤਾ ਬਾਰੇ ਸੋਝੀ ਪ੍ਰਾਪਤ ਹੋ ਗਈ ਤੇ ਦੂਜਾ ਇਹ ਗਿਆਤ

ਵੀ ਹੋਇਆ ਕਿ ਸਾਡਾ ਚੁਣਿਆ ਗਿਆ ਵਿਸ਼ਾ ਨਿਵੇਕਲਾ ਅਤੇ ਵਿਲੱਖਣ ਹੈ ਅਤੇ ਇਸ ਵਿਸ਼ੇ ਉੱਤੇ ਹੁਣ ਤੱਕ ਕੋਈ ਹੋਰ ਖੋਜ ਕਾਰਜ ਨਹੀਂ ਹੋਇਆ।ਅਜੋਕੇ ਖੋਜ-ਸੰਦਰਭ ਵਿੱਚ ਇਹ ਵਿਸ਼ਾ ਬਹੁਤ ਗੰਭੀਰ ਖੋਜ ਦੀ ਮੰਗ ਕਰਦਾ ਹੈ ਕਿਉਂਕਿ ਇਸ ਵਿਸ਼ੇ ਵਿੱਚ ਵਿਸ਼ਵੀ ਦ੍ਰਿਸ਼ਟੀਕੋਣ ਤੋਂ ਅਧਿਐਨ ਕਰਨ ਦੀਆਂ ਵਿਸ਼ੇਸ਼ ਸੰਭਾਵਨਾਵਾਂ ਸ਼ਾਮਲ ਹਨ ਜੋ ਗੁਰਬਾਣੀ-ਵਿਆਖਿਆ ਦੀ ਸਾਰਥਕਤਾ ਅਤੇ ਵਿਵਹਾਰਿਕਤਾ ਨੂੰ ਨਿਸ਼ਚਿਤ ਕਰਦੀਆਂ ਹਨ।

ਇਸ ਖੋਜ ਪ੍ਰਬੰਧ ਦੇ ਦੂਜੇ ਅਧਿਆਇ 'ਵਿਆਖਿਆ ਪਰੰਪਰਾ' ਦੇ ਸਿਰਲੇਖ ਅਧੀਨ ਵਿਆਖਿਆ ਦੇ ਮੁੱਢ, ਸਰੂਪ ਅਤੇ ਅਰਥ ਦੀ ਖੋਜ ਕਰਦਿਆਂ ਭਾਰਤੀ ਅਤੇ ਪੱਛਮੀ ਚਿੰਤਨ ਪਰੰਪਰਾਵਾਂ ਵਿੱਚ ਵਿਆਖਿਆਕਾਰੀ ਦੇ ਮੁਢਲੇ ਯਤਨਾਂ ਦਾ ਉਲੇਖ ਕੀਤਾ ਗਿਆ ਹੈ ਅਤੇ ਇਹ ਵੀ ਦਰਸਾਉਣ ਦਾ ਯਤਨ ਕੀਤਾ ਗਿਆ ਹੈ ਕਿ ਕਿਸੇ ਵੀ ਧਰਮ ਗ੍ਰੰਥ ਵਿੱਚ ਦਰਜ ਪੈਗੰਬਰਾਂ ਦੇ ਅਧਿਆਤਮਕ ਅਨੁਭਵ ਦੀ ਗਹਿਰੀ ਸਮਝ ਲਈ ਉਸ ਦੀ ਵਿਆਖਿਆ ਦਾ ਅਧਿਐਨ ਕਰਨਾ ਬਹੁਤ ਮਹੱਤਵਪੂਰਣ ਹੈ ਕਿਉਂਕਿ ਇਹ ਅਧਿਆਤਮ ਮਾਰਗ ਅਤੇ ਰਹੱਸਵਾਦ ਦੀਆਂ ਸੂਖਮ ਰਮਜ਼ਾਂ ਨੂੰ ਖੋਲ੍ਹਣ ਅਤੇ ਸਮਝਣ ਵਿੱਚ ਬਹੁਤ ਸਹਾਈ ਹੁੰਦਾ ਹੈ।ਪ੍ਰਮੁੱਖ ਤੌਰ ਉੱਤੇ ਵਿਆਖਿਆ ਦਾ ਕਾਰਜ ਧਰਮ-ਗ੍ਰੰਥਾਂ ਦੇ ਪ੍ਰਵਚਨਾਂ ਨੂੰ ਅਤੇ ਇਸਦੇ ਬੋਧ ਨੂੰ ਸਰਲ ਅਤੇ ਸਪਸ਼ਟ ਤੌਰ ਤੇ ਸਮਝਣ ਲਈ ਜ਼ਰੂਰੀ ਹੁੰਦਾ ਹੈ।ਸੰਸਾਰ ਦੇ ਲਗਭਗ ਸਾਰੇ ਹੀ ਧਰਮ-ਗ੍ਰੰਥਾਂ ਦੀ ਵਿਆਖਿਆਕਾਰੀ ਅਤੇ ਟੀਕਾਕਾਰੀ ਕਈ ਰੂਪਾਂ ਅਤੇ ਕਈ-ਕਈ ਭਾਸ਼ਾਵਾਂ ਵਿੱਚ ਮਿਲਦੀ ਹੈ ਜਿਸ ਨੂੰ ਵੱਖ-ਵੱਖ ਧਾਰਮਿਕ-ਪ੍ਰਣਾਲੀਆਂ ਜਾਂ ਪਰੰਪਰਾਵਾਂ ਦੇ ਅੰਤਰਗਤ ਵੱਖ-ਵੱਖ ਨਾਵਾਂ ਨਾਲ ਜਾਣਿਆ ਗਿਆ ਹੈ ਜਿਵੇਂ ਬਾਈਬਲ ਦੀ ਵਿਆਖਿਆ ਨੂੰ 'ਐਕਸਿਜੀਸਿਸ' ਕਿਹਾ ਗਿਆ ਹੈ, ਕੁਰਾਨ ਸ਼ਰੀਫ ਦੀ ਟੀਕਾਕਾਰੀ ਨੂੰ ਅਰਬੀ ਅਤੇ ਫਾਰਸੀ ਵਿੱਚ 'ਤਫ਼ਸੀਰ' ਕਿਹਾ ਗਿਆ ਹੈ, ਪੁਰਾਣਾਂ ਦੀ ਵਿਆਖਿਆ ਲਈ ਭਾਰਤੀ ਧਰਮ-ਪਰੰਪਰਾ ਵਿੱਚ 'ਭਾਸ਼ਯ' ਜਾਂ ਭਾਸ਼ ਸ਼ਬਦ ਵਰਤਿਆ ਗਿਆ ਹੈ।ਭਾਰਤੀ ਵਿਆਖਿਆ ਪਰੰਪਰਾ ਵਿੱਚ ਇਸ ਨੂੰ ਨਿਘੰਟੂ, ਨਿਰੁਕਤ, ਟੀਕਾ, ਟਿੱਪਣੀ, ਵ੍ਰਿਤੀ, ਪਰਮਾਰਥ ਅਤੇ ਭਾਸ਼ ਆਦਿ ਵੱਖ ਵੱਖ ਨਾਂ ਦਿੱਤੇ ਗਏ ਹਨ।ਇਹ ਵਿਆਖਿਆ ਦੇ ਵੱਖ ਵੱਖ ਪੱਧਰਾਂ ਦੇ ਨਾਲ ਨਾਲ ਭਾਰਤੀ ਅਰਥ ਪਰੰਪਰਾ ਦੇ ਮੁੱਢ, ਜੋ ਕਿ ਲਗਭਗ ਅੱਠਵੀ ਸਦੀ ਈਸਾ ਪੂਰਵ ਵਿੱਚ ਹੋ ਚੁੱਕਾ ਸੀ, ਨੂੰ ਵੀ ਸਪਸ਼ਟ ਕਰਦੇ ਹਨ।

ਇਸੇ ਅਧਿਆਇ ਵਿੱਚ ਜਿੱਥੇ ਵਿਆਖਿਆਕਾਰੀ ਦੇ ਮੂਲ ਆਧਾਰ 'ਸ਼ਬਦ' ਦਾ ਸ੍ਰੋਤ ਅਤੇ ਸਰੂਪ ਉਲੀਕਣ ਦਾ ਯਤਨ ਕੀਤਾ ਗਿਆ ਹੈ ਉੱਥੇ ਵਿਆਖਿਆਕਾਰੀ ਦੇ ਮੁੱਢ ਅਤੇ ਵਿਕਾਸ ਸੰਬੰਧੀ ਵਰਗੀਕਰਨ ਕਰਦਿਆਂ ਇਸ ਦੇ ਮੂਲ ਵਿਚਾਰਧਾਰਕ ਆਧਾਰਾਂ ਨੂੰ ਅਧਿਐਨ ਹੇਠ ਲਿਆਂਦਾ ਗਿਆ ਹੈ।ਵਿਆਖਿਆਕਾਰੀ ਦੇ ਪ੍ਰਮੁੱਖ ਆਧਾਰ ਦੇ ਰੂਪ ਵਿੱਚ ਭਾਰਤੀ ਚਿੰਤਨ ਪਰੰਪਰਾ ਨੇ ਜੇਕਰ 'ਸ਼ਬਦ ਦਾ ਸਿਧਾਂਤ' ਦਿੱਤਾ ਹੈ ਤਾਂ ਪੱਛਮੀ ਚਿੰਤਨ ਪਰੰਪਰਾ ਦਾ 'ਸੋਝੀ ਜਾਂ ਸਮਝਣ ਦਾ ਸਿਧਾਂਤ' ਵੀ ਵਿਸ਼ੇ ਨੂੰ ਹੋਰ ਗੰਭੀਰਤਾ ਪ੍ਰਦਾਨ ਕਰਦਿਆਂ ਹੋਇਆਂ ਦ੍ਰਿਸ਼ਟੀਗੋਚਰ ਕਰਦਾ ਹੈ ਕਿ ਮਨੁੱਖੀ ਬੁੱਧੀ ਦੀ ਪਕੜ ਦੀ ਆਪਣੀ ਆਪਣੀ ਸੀਮਾ ਹੁੰਦੀ ਹੈ।ਪੱਛਮੀ ਚਿੰਤਕ ਆਪਣੇ ਧਰਮ-ਗ੍ਰੰਥਾਂ 'ਅੰਜੀਲ' ਅਤੇ 'ਬਾਈਬਲ' ਦੀ ਵਿਆਖਿਆ ਕਰਕੇ 'ਐਕਸਿਜੀਸਿਸ' ਦੇ ਰੂਪ ਵਿੱਚ ਅਤੇ ਵਿਗਿਆਨਕ ਆਧਾਰਾਂ 'ਤੇ ਵਿਆਖਿਆਕਾਰੀ ਦੇ ਸਿਧਾਂਤਕ ਚੌਖਟੇ ਸਿਰਜ ਕੇ 'ਹਰਮੇਨਿਊਟਿਕਸ' ਦੇ ਰੂਪ ਵਿੱਚ ਪੇਸ਼ ਕਰਦੇ ਹਨ ਜੋ ਕਿ ਅਜੋਕੇ ਉੱਤਰ ਆਧੁਨਿਕ ਸਮੇਂ ਵਿੱਚ ਵਿਆਖਿਆਕਾਰੀ ਦਾ ਵਿਸ਼ਵ ਵਿਆਪੀ ਰੂਪ ਬਣ ਚੁੱਕੇ ਹਨ ਅਤੇ ਜਿਸ ਦਾ ਅਨੁਸਰਣ ਕਰਨ ਲਈ ਪੱਛਮ ਨੇ ਸੰਸਾਰ ਦੇ ਸਾਰੇ ਛੋਟੇ ਵੱਡੇ ਸੱਭਿਆਚਾਰਾਂ ਨੂੰ ਵੰਗਾਰ ਲਾਈ ਹੈ ਤਾਂ ਜੋ ਤਾਰਕਿਕ ਅਤੇ ਬੌਧਿਕ ਆਧਾਰਾਂ ਉੱਤੇ ਕੀਤੀ ਗਈ ਅਜਿਹੀ ਸਿਧਾਂਤਕ ਵਿਆਖਿਆ ਧਰਮ ਗ੍ਰੰਥਾਂ ਦੀ ਜਟਿਲਤਾ ਨੂੰ ਦੂਰ ਕਰ ਕੇ ਉਨ੍ਹਾਂ ਨੂੰ ਸਰਲ ਅਤੇ ਹੋਰ ਸਪਸ਼ਟ ਬਣਾਉਣ ਵਿੱਚ ਸਹਾਈ ਹੋਵੇ ਤਾਂ ਜੁ ਸਾਂਝੇ ਆਧਾਰਾਂ ਉੱਤੇ ਇੱਕ ਸੁਤੰਤਰ ਧਾਰਮਿਕ ਸਿਧਾਂਤਕਾਰੀ ਪ੍ਰਾਪਤ ਹੋ ਸਕੇ।

ਆਪਣੇ ਖੋਜ ਪ੍ਰਬੰਧ ਦੇ ਤੀਸਰੇ ਅਧਿਆਇ 'ਵਿਆਖਿਆਕਾਰੀ ਦਾ ਗੁਰਮਤਿ ਪਰਿਪੇਖ' ਵਿੱਚ ਸਾਡਾ ਉਦੇਸ਼ ਜਿੱਥੇ ਗੁਰਬਾਣੀ ਅਨੁਸਾਰ ਸਿੱਖ ਧਰਮ ਚਿੰਤਨ ਦੇ ਆਧਾਰ 'ਸ਼ਬਦ' ਦਾ ਅਧਿਐਨ ਕਰਨਾ ਹੈ, ਉੱਥੇ ਗੁਰਬਾਣੀ ਵਿਆਖਿਆ ਦਾ ਸਰੂਪ ਦਰਸਾਉਂਦੇ ਹੋਏ ਇਸ ਦੀ ਵਿਉਂਤ, ਉਦੇਸ਼, ਮਹੱਤਵ ਅਤੇ ਚੁਣੌਤੀਆਂ ਨੂੰ ਦਰਸਾਉਣਾ ਵੀ ਹੈ।ਇਸੇ ਅਧਿਆਇ ਵਿੱਚ 'ਗੁਰਬਾਣੀ ਵਿਆਖਿਆ ਦੇ ਵਿਵਿਧ ਪਰਿਪੇਖ' ਸਿਰਲੇਖ ਅਧੀਨ ਗੁਰਬਾਣੀ ਦੇ ਇਤਿਹਾਸਕ, ਦਾਰਸ਼ਨਿਕ, ਸੱਭਿਆਚਾਰਕ ਅਤੇ ਵਿਗਿਆਨਿਕ ਪੱਖਾਂ ਦੀ ਚਰਚਾ ਕਰਦੇ ਹੋਏ ਗੁਰਬਾਣੀ ਵਿਆਖਿਆ ਦੇ ਵੱਖ ਵੱਖ ਦ੍ਰਿਸ਼ਟੀਕੋਣਾਂ ਨੂੰ ਵੀ ਸਾਹਮਣੇ ਲਿਆਂਦਾ ਗਿਆ ਹੈ ਅਤੇ ਪੱਛਮੀ ਚਿੰਤਨ ਦੀ ਤਰਜ਼ ਉੱਤੇ ਗੁਰਬਾਣੀ ਦੇ ਵਿਆਖਿਆ-ਸ਼ਾਸਤਰ ਦੀ ਉਸਾਰੀ ਲਈ ਇੱਕ ਸੰਕਲਪੀ ਅਧਿਐਨ ਵੀ ਪੇਸ਼ ਕੀਤਾ ਗਿਆ ਹੈ ਜੋ ਇਸ ਖੋਜ ਕਾਰਜ ਨੂੰ ਵਿਸ਼ੇਸ਼ ਆਧਾਰ ਪ੍ਰਦਾਨ ਕਰਦਾ ਹੈ।

ਇਸ ਅਧਿਆਇ ਦੇ ਅੰਤਰਗਤ ਇਸ ਸਿੱਟੇ ਉੱਤੇ ਪੁੱਜਿਆ ਗਿਆ ਹੈ ਕਿ ਹੋਰ ਧਰਮ ਚਿੰਤਨ ਸ਼ਬਦ ਨੂੰ ਪ੍ਰਮਾਣ, ਬ੍ਰਹਮ, ਨਿਰਵਾਣ ਪ੍ਰਾਪਤੀ ਦਾ ਸਾਧਨ ਅਤੇ ਲੋਗੋਸ ਜਾਂ ਕੁੰਨ ਦੇ ਰੂਪ ਵਿੱਚ ਬ੍ਰਹਿਮੰਡ ਦਾ ਸਿਰਜਕ ਤਾਂ ਮੰਨਦੇ ਹਨ ਪਰ ਸਿੱਖ ਧਰਮ ਚਿੰਤਨ ਵਾਂਗ 'ਗੁਰੂ' ਪਦਵੀ ਦਾ ਸਨਮਾਨ ਨਹੀਂ ਦੇਂਦੇ ਜੋ ਕਿ 'ਸ਼ਬਦ ਗੁਰੂ' ਦੇ ਰੂਪ ਵਿੱਚ ਗਿਆਨ ਦਾ ਸਦੀਵੀ ਕਾਇਮ ਰਹਿਣ ਵਾਲਾ ਸ੍ਰੋਤ ਹੈ।ਸ਼ਬਦ ਦੇ ਆਹਤ ਅਤੇ ਅਨਾਹਤ ਰੂਪ ਤੋਂ ਲੌਕਿਕ ਅਤੇ ਪਾਰਲੌਕਿਕ ਗਿਆਨ ਦੀ ਪ੍ਰਾਪਤੀ ਹੁੰਦੀ ਹੈ।ਇਸੇ ਲਈ ਸ਼ਬਦ ਦਾ ਭੇਦ ਖੋਲ੍ਹਣਾ ਹੀ ਗੁਰਬਾਣੀ ਦੀ ਵਿਆਖਿਆ ਕਰਨ ਪਿੱਛੇ ਮੁੱਖ ਉਦੇਸ਼ ਹੈ।ਇਸ ਅਧਿਆਇ ਵਿੱਚ ਗੁਰਬਾਣੀ ਵਿਆਖਿਆ ਦਾ ਸੰਕਲਪ ਉਜਾਗਰ ਕਰਦੇ ਹੋਏ ਇਸ ਦਾ ਸਰੂਪ, ਵਿਉਂਤ, ਉਦੇਸ਼, ਮਹੱਤਵ ਅਤੇ ਚੁਣੌਤੀਆਂ ਨੂੰ ਦਰਸਾਉਣਾ ਇਸ ਲਈ ਜ਼ਰੂਰੀ ਹੈ ਕਿਉਂਕਿ ਇਸ ਸਾਰੀ ਵਿਚਾਰ ਚਰਚਾ ਵਿੱਚੋਂ ਇਹ ਤੱਥ ਨਿਕਲ ਕੇ ਸਾਹਮਣੇ ਆਉਂਦਾ ਹੈ ਕਿ ਗੁਰਬਾਣੀ ਅਗਾਧ ਬੋਧ ਹੈ ਭਾਵ ਇਸ ਦਾ ਬਹੁ ਪਾਸਾਰੀ ਅਤੇ ਬਹੁ ਦਿਸ਼ਾਵੀ ਬੋਧ ਮਨੁੱਖੀ ਗਿਆਨ ਇੰਦ੍ਰੀਆਂ ਦੀ ਪਹੁੰਚ ਤੋਂ ਬਾਹਰ ਹੈ ਅਤੇ ਇਸ ਦੇ ਇਲਹਾਮੀ ਸੰਦੇਸ਼ ਦੇ ਮੌਲਿਕ ਅਤੇ ਅਸਲ ਅਰਥਾਂ ਨੂੰ ਖੋਜਣਾ ਬਹੁਤ ਕਠਿਨ ਹੈ ਪ੍ਰੰਤੂ ਫਿਰ ਵੀ ਸਿੱਖ ਵਿਦਵਾਨਾਂ ਨੇ ਆਪੋ ਆਪਣੇ ਦ੍ਰਿਸ਼ਟੀਕੋਣ ਤੋਂ ਇਸ ਦੇ ਕਿਸੇ ਨਾ ਕਿਸੇ ਪਾਸਾਰ ਦਾ ਸਿਧਾਂਤੀਕਰਣ ਕਰਨ ਦਾ ਯਤਨ ਕੀਤਾ ਹੈ ਜਿਸ ਦੇ ਸਿੱਟੇ ਵਜੋਂ ਇਤਿਹਾਸਕ, ਦਾਰਸ਼ਨਿਕ, ਸਮਾਜ-ਸੱਭਿਆਚਾਰਕ ਅਤੇ ਵਿਗਿਆਨਕ ਆਦਿ ਦ੍ਰਿਸ਼ਟੀਕੋਣਾਂ ਤੋਂ ਇਸ ਦੇ ਸਿਧਾਂਤਾਂ ਨੂੰ ਬੌਧਿਕ ਪਕੜ ਦੇ ਘੇਰੇ ਵਿੱਚ ਲਿਆਉਣ ਦੇ ਯਤਨ ਕੀਤੇ ਗਏ ਹਨ।ਇਨ੍ਹਾਂ ਆਧਾਰਾਂ ਉੱਤੇ ਹੀ ਸਿੱਖ ਚਿੰਤਕਾਂ ਦੁਆਰਾ ਪੱਛਮੀ ਚਿੰਤਨ ਦੀ ਤਰਜ ਉੱਤੇ ਗੁਰਬਾਣੀ ਦਾ ਵਿਆਖਿਆ-ਸ਼ਾਸਤਰ ਉਸਾਰਨ ਦੇ ਯਤਨ ਕੀਤੇ ਜਾ ਰਹੇ ਹਨ ਜਿਸ ਦਾ ਇੱਕ ਸੰਕਲਪੀ ਅਧਿਐਨ ਪੇਸ਼ ਕਰਦੇ ਹੋਏ ਇੱਥੇ ਇਹ ਸਪਸ਼ਟ ਕੀਤਾ ਗਿਆ ਹੈ ਕਿ ਗੁਰਬਾਣੀ ਦਾ ਅਵਤਰਣ ਵਿਗਿਆਨਕ ਯੁੱਗ ਵਿੱਚ ਹੀ ਹੋਇਆ ਹੈ ਸੋ ਇਹ ਪਹਿਲਾਂ ਹੀ ਵਿਗਿਆਨਕ ਆਧਾਰਾਂ ਉੱਤੇ ਪੂਰਣ ਰੂਪ ਵਿੱਚ ਪ੍ਰਮਾਣਿਕ ਹੈ ਕਿਉਂਕਿ ਗੁਰੂਆਂ ਨੇ ਆਪ ਇਸ ਨੂੰ ਆਪਣੇ ਹੱਥੀਂ ਲਿਖਿਆ ਅਤੇ ਸਾਂਭਿਆ ਹੈ ਅਤੇ ਵਿਭਿੰਨ ਜਾਤਾਂ, ਨਸਲਾਂ, ਭਾਸ਼ਾਵਾਂ, ਸੱਭਿਆਚਾਰਾਂ ਅਤੇ ਲੋਕਧਾਰਾਵਾਂ ਨਾਲ ਜੋੜ ਕੇ ਇਸ ਨੂੰ ਬਹੁ ਵਚਨੀ ਅਤੇ ਮੁੱਲਵਾਨ ਬਣਾਇਆ ਹੈ।ਇਸ ਦਾ ਮਾਡਲ ਸੁਤੇ-ਸਿੱਧ ਸਰਬੱਤ ਦੇ ਭਲੇ ਵਾਲਾ ਹੈ।ਇਸ ਲਈ ਗੁਰਬਾਣੀ ਦਾ ਵਿਆਖਿਆ ਸ਼ਾਸਤਰ ਪੱਛਮੀ ਵਿਆਖਿਆ-ਸ਼ਾਸਤਰਾਂ ਦੇ ਸਿਧਾਂਤਕ ਚੌਖਟਿਆਂ ਵਿੱਚ ਫਿੱਟ ਹੋਣ ਵਾਲਾ ਨਹੀਂ, ਸਗੋਂ ਇੱਕ ਨਿਵੇਕਲੇ ਮੁਹਾਂਦਰੇ ਦਾ ਧਾਰਨੀ ਹੈ।

ਚੌਥਾ ਅਧਿਆਇ 'ਗੁਰਬਾਣੀ ਦੀਆਂ ਵਿਆਖਿਆ-ਪ੍ਰਣਾਲੀਆਂ, ਸਿਧਾਂਤ ਤੇ ਖੋਜ-ਸੰਦ' ਇਸ ਖੋਜ ਪ੍ਰਬੰਧ ਨੂੰ ਇੱਕ ਵਿਸ਼ੇਸ਼ ਸਿਧਾਂਤਕ ਆਧਾਰ ਪ੍ਰਦਾਨ ਕਰਦਾ ਹੈ ਜਿਸ ਵਿੱਚੋਂ ਗੁਰਬਾਣੀ-ਵਿਆਖਿਆ ਸੰਬੰਧੀ ਹੁਣ ਤੱਕ ਹੋ ਚੁੱਕੀਆਂ ਸਾਰੀਆਂ ਪਰੰਪਰਾਗਤ ਪ੍ਰਣਾਲੀਆਂ, ਵਿਆਖਿਆਕਾਰ, ਵਿਆਖਿਆਕਾਰੀ ਦੇ ਲੱਛਣ, ਸੀਮਾ ਤੇ ਸੰਭਾਵਨਾਵਾਂ ਦਾ ਵੇਰਵਾ ਮਿਲਦਾ ਹੈ।ਵੱਖ ਵੱਖ ਸਮਿਆਂ ਵਿੱਚ ਵਿਕਸਿਤ ਹੋਈਆਂ ਵਿਆਖਿਆ-ਪ੍ਰਣਾਲੀਆਂ ਵਿੱਚ ਪ੍ਰਮੁੱਖ ਸੂਝਵਾਨ ਅਤੇ ਅਨੁਭਵੀ ਵਿਆਖਿਆਕਾਰਾਂ ਦੇ ਵਿਆਖਿਆਕਾਰੀ ਸੰਬੰਧੀ ਯਤਨਾਂ ਦਾ ਸਮੁੱਚ ਵਿੱਚ ਅਤੇ ਤੁਲਨਾਤਮਕ ਅਧਿਐਨ ਕਰਕੇ ਅਜੋਕੇ ਸਮੇਂ ਵਿੱਚ ਅਪਣਾਏ ਗਏ ਵਿਗਿਆਨਕ ਦ੍ਰਿਸ਼ਟੀਕੋਣ ਨੂੰ ਸੌਖਿਆਂ ਗ੍ਰਹਿਣ ਕੀਤਾ ਜਾ ਸਕਦਾ ਹੈ ਜੋ ਕਿ ਇਸ ਖੋਜ ਕਾਰਜ ਦਾ ਮਹੱਤਵਪੂਰਨ ਅੰਗ ਹੈ।

ਇਸ ਅਧਿਆਇ ਵਿੱਚ ਇਹ ਸਪਸ਼ਟ ਕਰਨ ਦਾ ਯਤਨ ਕੀਤਾ ਗਿਆ ਹੈ ਕਿ ਗੁਰਬਾਣੀ ਵਿਆਖਿਆ ਦੀ ਸਹਿਜ ਪ੍ਰਣਾਲੀ ਬਾਣੀਕਾਰਾਂ ਵੱਲੋਂ ਸਿਧਾਂਤਾਂ ਨੂੰ ਸਹਿਜੇ ਹੀ ਸਪਸ਼ਟ ਕਰਨ ਅਤੇ ਦ੍ਰਿੜ ਕਰਵਾਉਣ ਦੇ ਮੰਤਵ ਨਾਲ ਬਾਣੀ ਵਿੱਚ ਹੀ ਕੀਤੀ ਗਈ ਵਿਆਖਿਆ ਹੈ ਜੋ ਬਾਣੀ ਦੀ ਰਚਨਾ ਦੇ ਦੌਰਾਨ ਹੀ ਆਰੰਭ ਹੋ ਗਈ ਸੀ।ਭਾਈ ਗੁਰਦਾਸ ਨੇ ਗੁਰਬਾਣੀ ਦੀ ਵਿਆਖਿਆ ਆਪਣੀਆਂ 40 ਵਾਰਾਂ, 675 ਕਬਿੱਤ ਸਵੱਈਆਂ ਅਤੇ 6 ਸੰਸਕ੍ਰਿਤ ਸਲੋਕਾਂ ਵਿੱਚ ਕੀਤੀ ਹੈ।ਸੋਢੀ ਮਿਹਰਬਾਨ ਅਤੇ ਉਨ੍ਹਾਂ ਦੇ ਪੁੱਤਰਾਂ ਹਰਿ ਜੀ ਅਤੇ ਚਤੁਰਭੁਜ ਨੇ ਲਗਭਗ ਸਾਰੀ ਗੁਰਬਾਣੀ ਦੀ ਪਰਮਾਰਥਾਂ ਦੇ ਰੂਪ ਵਿੱਚ ਗੱਦਮਈ ਵਿਆਖਿਆ ਕੀਤੀ।ਫਿਰ ਉਦਾਸੀਆਂ ਵਿੱਚੋਂ ਬਾਬਾ ਸ੍ਰੀਚੰਦ, ਬਾਬਾ ਗੁਰਦਿੱਤਾ ਅਤੇ ਬਾਲੂ ਹਸਨਾ ਜੀ ਦੇ ਲਗਭਗ 24 'ਮਾਤ੍ਰੇ' ਪ੍ਰਾਪਤ ਹੋਏ ਹਨ ਅਤੇ ਇਸੇ ਪ੍ਰਣਾਲੀ ਅਧੀਨ ਸਾਧੂ ਅਨੰਦਘਨ ਜੀ, ਸੁਆਮੀ ਸਦਾ ਨੰਦ ਜੀ ਅਤੇ ਬਿਸ਼ਨਦਾਸ ਉਦਾਸੀ ਨੇ ਗੁਰਬਾਣੀ ਵਿਆਖਿਆ ਵੇਦ, ਸ਼ਾਸਤ੍ਰਾਂ ਅਤੇ ਪੌਰਾਣਿਕ ਹਵਾਲੇ ਦੇ ਕੇ ਕੀਤੀ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਗੁਰਬਾਣੀ ਵਿਆਖਿਆ ਦੇ ਨਿਰਮਲਾ ਅਤੇ ਗਿਆਨੀ ਸੰਪ੍ਰਦਾਇ ਦਾ ਮੁੱਢ ਬੰਨ੍ਹਿਆ।ਨਿਰਮਲਿਆਂ ਨੇ ਜਿੱਥੇ ਸਿਧਾਂਤਕ ਵਿਆਖਿਆ ਦਾ ਵਿਸ਼ਾਲ ਸਿੱਖ ਸਾਹਿਤ ਵੇਦਾਂਤਕ ਪ੍ਰਭਾਵ ਅਧੀਨ ਰਚਿਆ ਉੱਥੇ ਭਾਈ ਮਨੀ ਸਿੰਘ ਅਤੇ ਬਾਬਾ ਦੀਪ ਸਿੰਘ ਨੇ ਟਕਸਾਲ ਲਾ ਕੇ ਗੁਰਬਾਣੀ ਦੀ ਬਹੁ ਅਰਥੀ ਕਥਾ ਵਿਆਖਿਆ ਕਰਨ ਦੇ ਨਾਲ ਨਾਲ ਵਿਦਿਆਰਥੀਆਂ ਨੂੰ ਸੰਥਯਾ ਦੇਣ ਦੇ ਕਾਰਜ ਵੀ ਕੀਤੇ ਜੋ ਅੱਜ ਤੱਕ ਵੀ ਜਾਰੀ

ਹਨ।ਅੰਗਰੇਜ਼ਾਂ ਦੇ ਇਸਾਈ ਪ੍ਰਚਾਰ ਤੋਂ ਹੋਣ ਵਾਲੇ ਸਿੱਖੀ ਦੇ ਘਾਣ ਤੋਂ ਚੇਤੰਨ ਹੋ ਕੇ ਭਾਈ ਵੀਰ ਸਿੰਘ, ਭਾਈ ਕਾਨ੍ਹ ਸਿੰਘ ਨਾਭਾ, ਪ੍ਰੋ. ਸਾਹਿਬ ਸਿੰਘ ਅਤੇ ਪ੍ਰਿੰ. ਤੇਜਾ ਸਿੰਘ ਆਦਿ ਨੇ ਪੁਰਾਤਨ ਸਿੱਖ ਸਾਹਿਤ ਨੂੰ ਪੜਚੋਲ ਕੇ ਮੁੜ ਸਮਕਾਲੀਨ ਪਰਿਪੇਖ ਵਿੱਚ ਗੁਰਬਾਣੀ ਦੀ ਵਿਆਖਿਆ ਕੀਤੀ ਹੈ ਜਿਸ ਨੂੰ ਸਿੰਘ ਸਭਾਈ ਪ੍ਰਣਾਲੀ ਦੇ ਨਾਂ ਨਾਲ ਜਾਣਿਆ ਗਿਆ।ਸਿੰਘ ਸਭਾਈ ਪ੍ਰਣਾਲੀ ਦੀ ਨਿਰੰਤਰਤਾ ਵਿੱਚ ਹੀ ਆਧੁਨਿਕ ਪ੍ਰਣਾਲੀ ਦਾ ਵਿਕਾਸ ਹੋਇਆ ਕਿਉਂਕਿ ਸਿੱਖ ਵਿਦਵਾਨਾਂ ਨੇ ਪੁਰਾਤਨ ਸਾਹਿਤ ਦੀ ਆਲੋਚਨਾ ਤੋਂ ਬਾਅਦ ਪੱਛਮੀ ਵਿੱਦਿਆ ਦੇ ਚਾਨਣ ਵਿੱਚ ਵਿਆਕਰਣਕ ਅਤੇ ਸਿਧਾਂਤਕ ਵਿਆਖਿਆ ਕੀਤੀ।ਵੱਖ-ਵੱਖ ਦ੍ਰਿਸ਼ਟੀਕੋਣਾਂ ਜਿਵੇਂ ਕਿ ਇਤਿਹਾਸਕ, ਦਾਰਸ਼ਨਿਕ, ਸੱਭਿਆਚਾਰਕ, ਵਿਗਿਆਨਕ ਅਤੇ ਮਨੋਵਿਗਿਆਨਕ ਆਦਿ ਤੋਂ ਗੁਰਬਾਣੀ ਦੀ ਸਿਧਾਂਤਕਾਰੀ ਕਰਨਾ ਆਧੁਨਿਕ ਵਿਗਿਆਨਕ ਪ੍ਰਣਾਲੀ ਦਾ ਰੁਝਾਨ ਸੀ ਜੋ ਕਿ ਵੀਹਵੀਂ ਸਦੀ ਦੇ ਪਹਿਲੇ ਅੱਧ ਤੱਕ ਸਿੱਖ ਜਗਤ ਵਿੱਚ ਪ੍ਰਭਾਵਸ਼ਾਲੀ ਰਿਹਾ।

ਵੀਹਵੀਂ ਸਦੀ ਦੇ ਦੂਜੇ ਅੱਧ ਵਿੱਚ ਉੱਤਰ ਆਧੁਨਿਕ ਯੁੱਗ ਦਾ ਆਰੰਭ ਆਧੁਨਿਕ ਵਿਗਿਆਨਕ ਯੁੱਗ ਦੀਆਂ ਸਥਾਪਨਾਵਾਂ ਦੇ ਪ੍ਰਤਿ ਉੱਤਰ ਵਜੋਂ ਹੋਇਆ ਜਿਸ ਅਧੀਨ ਧਰਮ ਨੂੰ ਅੰਧ ਵਿਸ਼ਵਾਸ ਕਹਿ ਕੇ ਪਛਾੜਨ ਦੀ ਬਜਾਏ ਧਰਮ ਦੀ ਸੱਚਾਈ ਨੂੰ ਜਾਣਨ ਲਈ ਸੰਸਾਰ ਪੱਧਰ ਉੱਤੇ ਯਤਨ ਕੀਤੇ ਜਾਣ ਲੱਗੇ ਅਤੇ ਧਰਮ ਦੀ ਵਿਆਖਿਆ ਨੂੰ ਸਿਧਾਂਤਕ ਵਿਧੀਬੱਧ ਵਿਗਿਆਨਕ ਢੰਗ ਨਾਲ 'ਵਿਆਖਿਆ-ਸ਼ਾਸਤਰ' ਰਚ ਕੇ ਕਰਨ ਲਈ ਉਤਸ਼ਾਹਿਤ ਕੀਤਾ ਜਾਣ ਲੱਗਾ ਤਾਂ ਜੋ ਵਿਸ਼ਵ ਵਿਆਪੀ ਧਰਮਾਂ ਦੇ ਝੂਠੇ ਅਤੇ ਕਰਮ ਕਾਂਡੀ ਦਾਅਵਿਆਂ ਤੋਂ ਦੂਰ ਧਰਮ ਦੀਆਂ ਅਸਲ ਸੱਚਾਈਆਂ ਨੂੰ ਮਾਨਵਤਾ ਦੇ ਭਲੇ ਲਈ ਸਥਾਪਿਤ ਕੀਤਾ ਜਾ ਸਕੇ।ਇਸ ਪ੍ਰਕਾਰ ਉੱਤਰ ਆਧੁਨਿਕ ਯੁੱਗ ਵਿੱਚ ਧਰਮ ਸ਼ਾਸਤਰੀਆਂ ਦਾ ਝੁਕਾਅ ਇੱਕ ਵਿਸ਼ੇਸ਼ ਕਿਸਮ ਦੇ ਸਿਧਾਂਤੀਕਰਨ ਵੱਲ ਹੋ ਗਿਆ ਜਿਸ ਦੇ ਸਰੋਕਾਰ ਵਿਸ਼ਵਵਿਆਪੀ ਬਣ ਕੇ ਉੱਭਰੇ।ਹੁਣ ਵੱਖ ਵੱਖ ਪੱਧਰਾਂ ਉੱਤੇ ਹੋਈ ਵਿਆਖਿਆਕਾਰੀ ਦੇ ਆਧਾਰ ਉੱਤੇ ਪ੍ਰਮੁੱਖ ਨੇਮਾਂ ਜਾਂ ਸਿਧਾਂਤਾਂ ਦੀ ਘਾੜਤ ਰਾਹੀਂ ਵਿਆਖਿਆਕਾਰੀ ਦਾ ਇੱਕ ਸੁਤੰਤਰ ਅਨੁਸ਼ਾਸਨ ਸਥਾਪਿਤ ਕਰਨ ਵੱਲ ਕਦਮ ਵਧਾਏ ਜਾ ਰਹੇ ਹਨ।ਸੋ ਇਸ ਅਧਿਆਇ ਵਿੱਚ ਗੁਰਬਾਣੀ ਵਿਆਖਿਆਕਾਰੀ ਦੇ ਪ੍ਰਮੁੱਖ ਸਿਧਾਂਤਾਂ ਦੀ ਨਿਸ਼ਾਨਦੇਹੀ ਕਰਕੇ ਗੁਰਬਾਣੀ ਵਿਆਖਿਆ ਲਈ ਯੋਗ ਸਿਧਾਂਤਾਂ ਦਾ ਪਰਿਪੇਖ ਉਲੀਕਿਆ ਗਿਆ ਹੈ।

ਇਸ ਅਧਿਆਇ ਅਧੀਨ ਗੁਰਬਾਣੀ ਵਿਆਖਿਆ ਦੀ ਸਹੀ ਸੇਧ, ਦਿਸ਼ਾ ਨਿਰਦੇਸ਼ ਅਤੇ ਪਹੁੰਚ ਵਿਧੀ ਨੂੰ ਸਥਾਪਿਤ ਕਰਨ ਲਈ ਅਤੇ ਇਸ ਖੇਤਰ ਦੀ ਉਪਲਬਧੀ, ਸਥਿਤੀ ਤੇ ਸੰਭਾਵਨਾਵਾਂ ਤੋਂ ਜਾਣੂੰ ਹੋਣ ਲਈ ਗੁਰਬਾਣੀ ਵਿਆਖਿਆ ਕਰਨ ਵਿੱਚ ਸਹਾਈ ਹੋਣ ਵਾਲੇ ਵਿਭਿੰਨ ਖੋਜ-ਸੰਦਾਂ ਜਿਵੇਂ ਕੋਸ਼, ਨਿਰੁਕਤ, ਹਵਾਲਾ ਗ੍ਰੰਥ, ਸਟੀਕ, ਪਰਿਆਇ-ਕੋਸ਼, ਬਾਣੀ-ਬਿਓਰੇ, ਤੁੱਕ-ਤਤਕਰੇ ਅਤੇ ਅਨੁਕ੍ਰਮਣਿਕਾਵਾਂ ਆਦਿ ਬਾਰੇ ਜਾਣਕਾਰੀ ਵੀ ਇੱਥੇ ਸਾਂਝੀ ਕੀਤੀ ਗਈ ਹੈ।

ਖੋਜ ਪ੍ਰਬੰਧ ਦੇ ਪੰਜਵੇਂ ਅਧਿਆਇ 'ਸੰਤ ਸਿੰਘ ਮਸਕੀਨ ਜੀ : ਜੀਵਨ, ਸ਼ਖ਼ਸੀਅਤ, ਸਮਕਾਲੀ ਪ੍ਰਸਥਿਤੀਆਂ ਅਤੇ ਰਚਨਾਵਾਂ' ਵਿੱਚ ਵਿਦਵਾਨ ਵਿਆਖਿਆਕਾਰ ਸੰਤ ਸਿੰਘ ਮਸਕੀਨ ਜੀ ਦੀ ਗੁਰਬਾਣੀ ਵਿਆਖਿਆਕਾਰੀ ਅਤੇ ਸਿਧਾਂਤਕਾਰੀ ਆਦਿ ਬਾਰੇ ਖੋਜ ਕਰਨ ਤੋਂ ਪਹਿਲਾਂ ਉਨ੍ਹਾਂ ਦੇ ਜੀਵਨ, ਸ਼ਖ਼ਸੀਅਤ, ਸੁਭਾਅ, ਸਮਕਾਲੀ ਪ੍ਰਸਥਿਤੀਆਂ ਤੇ ਉਨ੍ਹਾਂ ਪ੍ਰੇਰਕ ਸੋਮਿਆਂ ਬਾਰੇ ਜਾਣਕਾਰੀ ਦਿੱਤੀ ਗਈ ਹੈ ਜਿਨ੍ਹਾਂ ਕਾਰਣ ਉਨ੍ਹਾਂ ਦਾ ਝੁਕਾਅ ਜੀਵਨ ਦੇ ਮੁਢਲੇ ਦੌਰ ਵਿੱਚ ਹੀ ਇਸ ਖੇਤਰ ਵੱਲ ਹੋ ਗਿਆ ਸੀ।1934 ਈ. ਵਿੱਚ ਪੱਛਮੀ ਪੰਜਾਬ ਵਿੱਚ ਜਨਮੇ ਸੰਤ ਸਿੰਘ ਦਾ ਸੁਭਾਅ ਹਾਈ ਸਕੂਲ ਦੀ ਵਿੱਦਿਆ ਪ੍ਰਾਪਤ ਕਰਦਿਆਂ ਧਾਰਮਿਕ ਸੰਸਕਾਰਾਂ ਵਿੱਚ ਉਤ-ਪ੍ਰੋਤ ਹੋ ਕੇ ਪੱਲਰ ਰਿਹਾ ਸੀ ਕਿ ਭਾਰਤ ਵੰਡ ਨੇ ਉਨ੍ਹਾਂ ਦੇ ਵਿਅਕਤੀਗਤ, ਪਰਿਵਾਰਕ ਅਤੇ ਆਰਥਕ ਜੀਵਨ ਵਿੱਚ ਉਥਲ-ਪੁਥਲ ਮਚਾ ਦਿੱਤੀ ਸੀ।ਆਪਣੀ ਜਨਮ ਭੂਮੀ ਨੂੰ ਛੱਡ ਕੇ ਆਉਣਾ ਉਨ੍ਹਾਂ ਲਈ ਜਿੰਨਾ ਕਸ਼ਟਦਾਈ ਸੀ ਉਨਾ ਹੀ ਭਾਰਤ ਦੇ ਅਲਵਰ ਵਿਖੇ ਨਵੀਂ ਜਗ੍ਹਾ ਆ ਕੇ ਮੁੜ ਵਸਣਾ ਸੀ।ਪਾਕਿਸਤਾਨ ਵਿੱਚ ਉਰਦੂ-ਫਾਰਸੀ ਮਾਧਿਅਮ ਵਿੱਚ ਚੰਗੇ ਹੁਸ਼ਿਆਰ ਵਿਦਿਆਰਥੀਆਂ ਵਿੱਚ ਗਿਣੇ ਜਾਣ ਵਾਲੇ ਸੰਤ ਸਿੰਘ ਨੂੰ ਭਾਰਤ ਆ ਕੇ ਹਿੰਦੀ ਮਾਧਿਅਮ ਵਿੱਚ ਨਵੇਂ ਸਿਰਿਓਂ ਪੜ੍ਹਾਈ ਕਰਨ ਲਈ ਮੁੜ ਪਹਿਲੀ ਜਮਾਤ ਵਿੱਚ ਬਿਠਾਇਆ ਗਿਆ ਤਾਂ ਉਨ੍ਹਾਂ ਨੇ ਪੜ੍ਹਾਈ ਛੱਡ ਕੇ ਨੌਕਰੀ ਕਰਨ ਦਾ ਫੈਸਲਾ ਕਰ ਲਿਆ ਪਰ ਨੌਕਰੀ ਵੀ ਨਾ ਕਰ ਸਕਣ ਕਾਰਣ ਬੇਚੈਨੀ ਅਤੇ ਅਸੰਤੁਸ਼ਟਤਾ ਦੀ ਹਾਲਤ ਵਿੱਚ ਘਰ ਛੱਡ ਕੇ ਕਿਸੇ ਅਗੰਮੀ ਅਨੁਭਵ ਦੀ ਤਲਾਸ਼ ਵਿੱਚ ਨਿਕਲ ਪਏ ਤੇ ਕੀਰਤਨ, ਕਥਾ, ਰਾਗ ਵਿੱਦਿਆ ਅਤੇ ਤਬਲਾ, ਤਾਨਪੁਰਾ, ਹਰਮੋਨੀਅਮ ਆਦਿ ਸਾਜ਼ ਵਜਾਉਣੇ ਸਿੱਖਦਿਆਂ ਨਿਰਮਲੇ ਸੰਤ ਬਾਬਾ ਬਲਵੰਤ ਸਿੰਘ ਜੀ ਨਾਲ ਮੁਲਾਕਾਤ ਹੋ ਗਈ ਜਿਨ੍ਹਾਂ ਕੋਲ ਲਗਭਗ ਦਸ ਸਾਲ 'ਨਿਰਮਲ ਬਾਗ' ਡੇਰੇ ਕਨਖਲ, ਹਰਿਦਵਾਰ ਰਹਿ ਕੇ ਸਿੱਖ ਧਰਮ ਦੇ ਨਾਲ-ਨਾਲ ਹਰ ਧਰਮ , ਇਤਿਹਾਸ, ਵਿਗਿਆਨ ਅਤੇ ਦਰਸ਼ਨ ਸ਼ਾਸਤਰਾਂ ਆਦਿ

ਦੀ ਗਹਿਨ ਸਿੱਖਿਆ ਪ੍ਰਾਪਤ ਕੀਤੀ ਤੇ ਆਪਣੀ ਵਿਲੱਖਣ ਸੋਚ ਅਤੇ ਤੀਬਰ ਯਾਦ ਸ਼ਕਤੀ ਸਦਕਾ ਲਗਭਗ 1949 ਈ. ਵਿੱਚ ਝਾਂਸੀ ਦੇ ਇੱਕ ਗੁਰਦੁਆਰੇ ਵਿੱਚ ਪੰਦਰਾਂ ਦਿਨ ਲਗਾਤਾਰ ਕਥਾ ਕਰਕੇ ਗੁਰਮਤਿ ਦੀ ਨਿਵੇਕਲੀ ਵਿਆਖਿਆ ਕਰਨ ਦਾ ਆਰੰਭ ਕੀਤਾ।ਹਾਲਾਂਕਿ ਕਥਾ ਕਰਨਾ ਉਨ੍ਹਾਂ ਦੀ ਅੰਦਰੂਨੀ ਚੇਤਨਾ ਦੀ ਪੁਕਾਰ ਅਤੇ ਸ਼ੌਕ ਸੀ ਜਿਸਨੂੰ ਉਪਜੀਵਿਕਾ ਬਣਾਉਣਾ ਉਨ੍ਹਾਂ ਨੇ ਕਦੇ ਨਹੀਂ ਸੀ ਸੋਚਿਆ। ਅਜੋਕੇ ਸਮੇਂ ਵਿੱਚ, ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਰਮ ਗਿਆਨ ਸ਼ਕਤੀ ਅਤੇ ਸ੍ਵੈ-ਆਜ਼ਾਦ ਹਸਤੀ ਨੂੰ ਵਿਸ਼ਵ ਪੱਧਰ ਉੱਤੇ ਇੱਕ ਮਿੱਥੀ ਤੇ ਸੋਚੀ-ਸਮਝੀ ਚਾਲ ਨਾਲ ਸੰਦਿਗਧ ਬਣਾਇਆ ਜਾ ਰਿਹਾ ਸੀ ਤਾਂ ਉਸ ਸਮੇਂ ਵਿਗਿਆਨਕ ਅਤੇ ਤਰਕਸ਼ੀਲ ਦਲੀਲਾਂ ਨਾਲ ਸੰਤ ਸਿੰਘ ਮਸਕੀਨ ਜੀ ਨੇ ਗੁਰਮਤਿ ਦੀ ਅਜਿਹੀ ਅਨੁਭਵੀ ਤੇ ਸਿਧਾਂਤਕ ਵਿਆਖਿਆ ਕੀਤੀ ਜਿਸ ਦਾ ਪ੍ਰਭਾਵ ਵਿਸ਼ਵ ਭਰ ਵਿੱਚ ਹਰ ਸਿੱਖ ਅਤੇ ਗ਼ੈਰ ਸਿੱਖ ਨੇ ਕਬੂਲਿਆ।

ਸੰਤ ਸਿੰਘ ਮਸਕੀਨ ਜੀ ਨੇ ਨਾ ਕੇਵਲ ਦੇਸ਼ ਵਿਦੇਸ਼ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਆਖਿਆ, ਗੁਰ ਇਤਿਹਾਸ ਤੇ ਗੁਰਮਤਿ ਫਲਸਫਾ ਕਥਾ ਰਾਹੀਂ ਪ੍ਰਚਾਰਿਆ ਸਗੋਂ ਸਮਕਾਲੀ ਅਤੇ ਆਉਣ ਵਾਲੇ ਪ੍ਰਚਾਰਕਾਂ, ਲੇਖਕਾਂ ਅਤੇ ਜਗਿਆਸੂਆਂ ਲਈ ਗੁਰਮਤਿ ਵਿਚਾਰ ਦੀਆਂ ਅਨੇਕ ਪੁਸਤਕਾਂ ਲਿਖ ਕੇ ਇੱਕ ਵਡਮੁੱਲਾ ਖ਼ਜ਼ਾਨਾ ਸਿੱਖ-ਕੌਮ ਦੀ ਝੋਲੀ ਵਿੱਚ ਪਾਇਆ।ਪਰੰਪਰਾ ਤੋਂ ਹਟ ਕੇ ਵਿਲੱਖਣ ਤਰਕਵਾਦੀ, ਦਲੀਲਮਈ ਅਤੇ ਅਨੁਭਵੀ ਵਿਆਖਿਆ ਨੂੰ ਆਪਣੀ ਜਾਦੂਮਈ ਆਵਾਜ਼ ਅਤੇ ਅਦੁੱਤੀ ਪੇਸ਼ਕਾਰੀ ਨਾਲ ਵਿਸ਼ਵ ਭਰ ਦੇ ਦੇਸ਼ਾਂ ਵਿੱਚ ਲਗਭਗ 56 ਸਾਲ ਸਿੱਖੀ ਦਾ ਪ੍ਰਚਾਰ ਕਰਨ ਲਈ ਸਿੱਖ-ਪੰਥ ਵੱਲੋਂ ਉਨ੍ਹਾਂ ਨੂੰ 'ਪੰਥ ਰਤਨ', 'ਗੁਰਮਤਿ ਵਿੱਦਿਆ ਮਾਰਤੰਡ' ਅਤੇ 'ਭਾਈ ਗੁਰਦਾਸ ਐਵਾਰਡ' ਦੇ ਕੇ ਸਨਮਾਨਿਤ ਕੀਤਾ ਗਿਆ ਜਿਹਾ ਕਿ ਸਿੱਖੀ ਪ੍ਰਚਾਰ ਦੀ ਦੁਨੀਆਂ ਵਿੱਚ ਅੱਜ ਤੱਕ ਕਦੇ ਕਿਸੇ ਨੂੰ ਪ੍ਰਾਪਤ ਨਹੀਂ ਹੋਇਆ।ਉਨ੍ਹਾਂ ਨੇ ਭਾਵੇਂ ਆਪਣੀ ਪ੍ਰੌੜ ਉਮਰ ਵਿੱਚ ਆਪਣੇ ਦਾਰਸ਼ਨਿਕ ਗਿਆਨ ਉੱਤੇ ਆਧਾਰਿਤ ਪੁਸਤਕਾਂ ਪ੍ਰਕਾਸ਼ਿਤ ਕਰਵਾਈਆਂ ਪ੍ਰੰਤੂ ਉਨ੍ਹਾਂ ਦੀਆਂ ਵਧੇਰੇ ਰਚਨਾਵਾਂ ਉਨ੍ਹਾਂ ਦੇ ਅਕਾਲ ਚਲਾਣਾ ਕਰ ਜਾਣ ਉਪਰੰਤ ਉਨ੍ਹਾਂ ਦੇ ਰਿਕਾਰਡ ਕੀਤੇ ਗਏ ਲੈਕਚਰਜ਼ ਉੱਤੇ ਹੀ ਪ੍ਰਕਾਸ਼ਿਤ ਹੋਈਆਂ ਹਨ ਜਿਵੇਂ ਕਿ ਮਸਕੀਨ ਜੀ ਦੇ ਲੈਕਚਰ (ਦੋ ਭਾਗ), ਜੀਵਨ ਦੀ ਅਸਲੀਅਤ, ਮਨੁੱਖ ਦਾ ਜੀਵਨ,ਸਚ ਖਮਡਿ ਵਸੈ ਨਿਰੰਕਾਰੁ, ਸੰਪੂਰਨ ਸਿੱਖੀ ਸਰੂਪ ਆਦਿ।

ਖੋਜ-ਪ੍ਰਬੰਧ ਦੇ ਛੇਵੇਂ ਅਧਿਆਇ 'ਸੰਤ ਸਿੰਘ ਮਸਕੀਨ ਜੀ ਦੀ ਗੁਰਬਾਣੀ ਵਿਆਖਿਆਕਾਰੀ, ਵਿਆਖਿਆ-ਸਿਧਾਂਤ ਤੇ ਸ਼ੈਲੀ' ਵਿੱਚ ਗੁਰਬਾਣੀ ਵਿਆਖਿਆਕਾਰੀ ਸੰਬੰਧੀ ਉਨ੍ਹਾਂ ਦੀ ਸਿਧਾਂਤਕ ਸਮਝ ਨੂੰ ਵਾਚਣ ਦਾ ਯਤਨ ਕੀਤਾ ਗਿਆ ਹੈ ਤੇ ਇਸ ਸਿੱਟੇ ਤੇ ਪੁੱਜਿਆ ਗਿਆ ਹੈ ਕਿ ਗੁਰਬਾਣੀ ਦੇ ਕਿਸੇ ਵੀ ਸਿਧਾਂਤ ਦੀ ਸੰਪੂਰਨ ਵਿਆਖਿਆ ਕਰਨ ਸਮੇਂ ਮਸਕੀਨ ਜੀ ਨਾ ਕੇਵਲ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚਲੀਆਂ ਸੰਬੰਧਤ ਸਾਰੀਆਂ ਟੂਕਾਂ ਦੇ ਪ੍ਰਮਾਣ ਦਿੰਦੇ ਸਨ ਸਗੋਂ ਭਾਈ ਗੁਰਦਾਸ ਦੀਆਂ ਲਿਖਤਾਂ, ਭਾਈ ਨੰਦ ਲਾਲ ਦੀਆਂ ਲਿਖਤਾਂ, ਦਸਮ ਗ੍ਰੰਥ, ਗੀਤਾ, ਬਾਈਬਲ, ਕੁਰਾਨ ਅਤੇ ਹੋਰ ਵੀ ਧਰਮਾਂ ਦੇ ਧਾਰਮਿਕ ਆਗੂਆਂ ਜਿਵੇਂ ਸ਼ੇਖ਼ ਸਾਅਦੀ, ਮੁਹੰਮਦ ਇਕਬਾਲ, ਸੂਫੀ ਜ਼ੌਕ, ਭਗਤ ਕਬੀਰ, ਕਵੀ ਰਹੀਮ, ਸੂਫੀ ਸੰਤ ਹਾਫਿਜ਼ ਆਦਿ ਦੀਆਂ ਲਿਖਤਾਂ ਵਿੱਚੋਂ ਵੀ ਸੰਬੰਧਿਤ ਵਿਚਾਰ ਪੇਸ਼ ਕਰਦੇ ਸਨ।ਸੋ ਉਨ੍ਹਾਂ ਰਾਹੀਂ ਵਿਆਖਿਆ ਦੀ ਤੁਲਨਾਤਮਕ ਅਤੇ ਅੰਤਰ ਅਨੁਸ਼ਾਸਨੀ ਵਿਧੀ ਦੇ ਪ੍ਰਯੋਗ ਕਰਨ ਨਾਲ ਇਹ ਸਪਸ਼ਟ ਹੋਇਆ ਹੈ ਕਿ ਉਨ੍ਹਾਂ ਦਾ ਗੁਰਬਾਣੀ ਵਿਆਖਿਆ ਦਾ ਅਦੁੱਤੀ ਪ੍ਰਭਾਵ ਵਾਲਾ ਸਿਧਾਂਤ ਤੇ ਸ਼ੈਲੀ ਨਾ ਕੇਵਲ ਜਗਿਆਸੂਆਂ ਨੂੰ ਘੰਟਿਆਂ ਬੱਧੀ ਕੀਲੀ ਰੱਖਦੀ ਸੀ ਸਗੋਂ ਹੋਰ ਪ੍ਰਚਾਰਕ-ਜਨਾਂ ਵਾਸਤੇ ਪ੍ਰੇਰਨਾ ਸ੍ਰੋਤ ਵੀ ਬਣ ਚੁੱਕੀ ਸੀ।ਅਜੋਕੇ ਅਕਾਦਮਿਕ ਅਤੇ ਵਿਗਿਆਨਕ ਪਰਿਪੇਖ ਵਿੱਚ ਅਜਿਹੇ ਵਿਆਖਿਆਕਾਰ ਦੀ ਸਿਧਾਂਤਕਾਰੀ ਅਤੇ ਸ਼ੈਲੀ ਨੂੰ ਵਿਚਾਰਨਾ ਨਾ ਕੇਵਲ ਗੁਰਮਤਿ ਦੀ ਵਿਆਖਿਆ ਦਾ ਸਹੀ ਰੂਪ ਪੇਸ਼ ਕਰਦਾ ਹੈ ਸਗੋਂ ਵਿਆਖਿਆਕਾਰੀ ਦੇ ਸਹੀ ਵਿਵਹਾਰਕ ਪੱਖ ਨੂੰ ਦਰਸਾਉਣ ਦੇ ਨਾਲ-ਨਾਲ ਗੁਰਮਤਿ ਪ੍ਰਚਾਰ ਨੂੰ ਵੀ ਸਹੀ ਦਿਸ਼ਾ ਪ੍ਰਦਾਨ ਕਰਦਾ ਹੈ ਅਤੇ ਉਨ੍ਹਾਂ ਦੀ ਪਾਈ ਹੋਈ ਵਿਆਖਿਆ-ਪਿਰਤ ਉੱਤੇ ਚੱਲਣ ਲਈ ਹੋਰ ਵਿਆਖਿਆਕਾਰਾਂ ਨੂੰ ਵੀ ਪ੍ਰੇਰਿਤ ਕਰਦਾ ਹੈ ਭਾਵੇਂ ਉਨ੍ਹਾਂ ਦੇ ਬਹੁਤ ਸਾਰੇ ਵਿਦਿਆਰਥੀ ਅੱਜ ਵੀ ਉਨ੍ਹਾਂ ਦੀ ਸ਼ੈਲੀ ਦੇ ਪ੍ਰਭਾਵ ਵਿੱਚ ਹੀ ਗੁਰਬਾਣੀ ਵਿਆਖਿਆ ਕਰ ਰਹੇ ਹਨ ਪਰ ਉਨ੍ਹਾਂ ਦੇ ਵਿਸ਼ਾਲ ਅਧਿਐਨ, ਸਾਧਨਾ ਅਤੇ ਅਧਿਆਤਮਕ ਪ੍ਰਾਪਤੀ ਦੀ ਅਜੇ ਕੋਈ ਬਰਾਬਰੀ ਨਹੀਂ ਕਰ ਸਕਿਆ।

ਮਸਕੀਨ ਜੀ ਨੇ ਪਰੰਪਰਾ ਤੋਂ ਹਟ ਕੇ ਵਿਆਖਿਆ ਸੰਬੰਧੀ ਆਪਣਾ ਇੱਕ ਵਿਲੱਖਣ, ਮੌਲਿਕ ਤੇ ਨਿਵੇਕਲਾ ਵਿਆਖਿਆ-ਸਿਧਾਂਤ ਅਪਣਾਇਆ ਜਿਸ ਵਿੱਚ ਹਰ ਕਿਸਮ ਦਾ ਸੰਤੁਲਿਤ ਗਿਆਨ ਸਮਾਇਆ ਹੋਇਆ ਸੀ।ਉਨ੍ਹਾਂ ਨੇ ਗੁਰਬਾਣੀ ਵਿਆਖਿਆ ਲਈ ਸੰਕੋਚਵੇਂ ਸ਼ਬਦ ਵਰਤਣ ਦੀ ਬਜਾਏ ਗੁਰਬਾਣੀ ਦੀ ਸਹੀ ਤਸਵੀਰ ਪੇਸ਼ ਕਰਨ ਲਈ

ਨਾ ਸ਼ਬਦ ਲੁਕੋਏ, ਨਾ ਭਾਵ ਲੁਕੋਏ ਤੇ ਨਾ ਹੀ ਆਪਣਾ ਵਿਸਤ੍ਰਿਤ ਗਿਆਨ ਲੁਕੋਇਆ। ਉਨ੍ਹਾਂ ਨੇ ਗੁਰਬਾਣੀ ਵਿਆਖਿਆ ਕਰਨ ਲਈ ਜੋ ਸਿਧਾਂਤ ਅਪਣਾਏ, ਉਨ੍ਹਾਂ ਦਾ ਹਰ ਸਿੱਖ ਅਤੇ ਗ਼ੈਰ ਸਿੱਖ ਨੇ ਖੁੱਲ੍ਹੇ ਦਿਲ ਨਾਲ ਸਵਾਗਤ ਕੀਤਾ। ਸੰਤ ਸਿੰਘ ਮਸਕੀਨ ਦੇ ਵਿਆਖਿਆ ਸਿਧਾਂਤਾਂ ਵਿਚਲੀ ਖੋਜਮਈ ਤਰਕਸ਼ੀਲ ਦ੍ਰਿਸ਼ਟੀ ਤੇ ਅਨੁਭਵੀ ਗਿਆਨ ਨਾਲ ਸ੍ਰੋਤੇ ਦੀ ਸੁਰਤਿ ਨੂੰ ਸਥੂਲਤਾ ਤੋਂ ਸੂਖਮਤਾ ਜਾਂ ਅੰਤਿਮ ਸੱਚ ਦੀ ਸੋਝੀ ਵੱਲ ਲੈ ਜਾਣ ਅਤੇ ਹਰ ਸ਼ਬਦ ਦੀ ਭਾਸ਼ਾਈ ਵਿਆਕਰਣਿਕ ਆਧਾਰਾਂ ਉੱਤੇ ਵਿਆਖਿਆ ਕਰਨ ਜਿਹੀਆਂ ਹੋਰ ਅਨੇਕ ਪ੍ਰਵ੍ਰਿਤੀਆਂ ਉਨ੍ਹਾਂ ਦੀ ਵਿਆਖਿਆਕਾਰੀ ਨੂੰ ਉੱਤਰ ਆਧੁਨਿਕ ਪ੍ਰਣਾਲੀ ਦੇ ਘੇਰੇ ਵਿੱਚ ਲੈ ਆਉਂਦੀਆਂ ਹਨ ਜਿਨ੍ਹਾਂ ਸਦਕਾ ਉਨ੍ਹਾਂ ਦਾ ਸਿਧਾਂਤ ਬਹੁ-ਪਾਸਾਰੀ, ਬਹੁ-ਦਿਸ਼ਾਵੀ, ਬਹੁ-ਭਾਸ਼ੀ, ਬਹੁ-ਆਧਾਰੀ ਅਤੇ ਬਹੁ-ਸੰਕਲਪਿਕ ਸਿੱਧ ਹੁੰਦਾ ਹੈ ਜਿਸ ਦਾ ਕੋਈ ਕੇਂਦਰ ਨਹੀਂ, ਸਗੋਂ ਹਰ ਵਿਚਾਰ ਇੱਕ ਨਵਾਂ ਸੰਕਲਪਿਕ ਸੰਸਾਰ ਸਿਰਜਦਾ ਹੈ। ਸੋ ਇਨ੍ਹਾਂ ਪ੍ਰਵਿਰਤੀਆਂ ਦੇ ਆਧਾਰ ਉੱਤੇ ਇਸ ਸਿੱਟੇ ਤੇ ਪੁੱਜਿਆ ਗਿਆ ਹੈ ਕਿ ਗਿਆਨੀ ਸੰਤ ਸਿੰਘ ਮਸਕੀਨ ਜੀ ਉੱਤਰ ਆਧੁਨਿਕ ਯੁੱਗ ਦੇ ਮੋਢੀ ਵਿਆਖਿਆਕਾਰ ਸਨ ਜਿਨ੍ਹਾਂ ਨੂੰ ਨਿਰਸੰਦੇਹ 'ਨਵੇਂ ਯੁੱਗ ਦੇ ਵਿਆਖਿਆਕਾਰ' ਕਿਹਾ ਜਾ ਸਕਦਾ ਹੈ।

ਖੋਜ ਕਾਰਜ ਦੌਰਾਨ ਸਾਡੀ ਇਹ ਸਥਾਪਨਾ ਵੀ ਬਣੀ ਹੈ ਕਿ ਬਹੁ ਖੇਤਰੀ ਸ਼ਬਦਾਵਲੀ ਅਤੇ ਬਹੁ ਭਾਸ਼ਾਈ ਵਿਆਕਰਣਕ ਨੇਮਾਵਲੀ ਨਾਲ ਵਾਕਾਤਮਕ ਪ੍ਰਸੰਗ ਸਿਰਜਦੇ ਹੋਇਆਂ ਬਾਣੀਕਾਰਾਂ ਨੇ ਸਦੀਵੀ ਸੱਚ ਦੇ ਆਪਣੇ ਜਿਸ ਅਨੁਭਵ ਨੂੰ 'ਬਾਣੀ' ਰਾਹੀਂ ਸਿਰਜਿਆ, ਉਸ ਨੂੰ ਹਰ ਪਰਿਪੇਖ ਤੋਂ ਸਮਝਣ ਲਈ ਸ਼ਬਦ ਸਰੂਪ ਦੇ 'ਅਰਥ' ਦੀਆਂ ਅੰਤਿਮ ਪਰਤਾਂ ਤੱਕ ਪਹੁੰਚਣਾ ਪਹਿਲੀ ਅਤੇ ਮਹੱਤਵਪੂਰਣ ਲੋੜ ਹੈ ਜਿਸ ਲਈ ਵਿਆਖਿਆਕਾਰ ਦਾ ਅਨੁਭਵੀ, ਤਰਕਸ਼ੀਲ ਅਤੇ ਸੂਝਵਾਨ ਹੋਣ ਦੇ ਨਾਲ ਨਾਲ ਬਹੁ ਭਾਸ਼ਾਈ, ਬਹੁ ਸੱਭਿਆਚਾਰਕ ਅਤੇ ਗੂੜ੍ਹ ਅਧਿਐਨ ਕਰਤਾ ਵੀ ਹੋਣਾ ਜ਼ਰੂਰੀ ਹੈ। ਗੁਰਬਾਣੀ ਦੀਆਂ ਹੁਣ ਤੱਕ ਦ੍ਰਿਸ਼ਟੀਗੋਚਰ ਹੋ ਚੁੱਕੀਆਂ ਵਿਆਖਿਆ-ਪ੍ਰਣਾਲੀਆਂ ਦੇ ਪ੍ਰਸੰਗ ਵਿੱਚ ਗਿਆਨੀ ਸੰਤ ਸਿੰਘ ਮਸਕੀਨ ਜੀ ਦੀ ਵਿਆਖਿਆਕਾਰੀ ਨੂੰ ਵਿਚਾਰਨ ਤੇ ਜੋ ਨਵੀਨ, ਵਿਲੱਖਣ ਅਤੇ ਅਜੋਕੇ ਯੁੱਗ ਦੀ ਲੋੜ ਵਿੱਚੋਂ ਉਜਾਗਰ ਹੋਈਆਂ ਪ੍ਰਵਿਰਤੀਆਂ ਦ੍ਰਿਸ਼ਟੀਗੋਚਰ ਹੋਈਆਂ ਹਨ, ਉਨ੍ਹਾਂ ਤੋਂ ਇਹ ਸਿੱਟਾ ਨਿਕਲਿਆ ਹੈ ਕਿ ਗੁਰਬਾਣੀ ਵਿਆਖਿਆ ਦਾ ਬਹੁ ਕੇਂਦਰੀ, ਬਹੁ ਆਧਾਰੀ ਅਤੇ ਬਹੁ ਪਾਸਾਰੀ ਵਿਆਖਿਆ-ਸਿਧਾਂਤ ਅਪਨਾਉਣ ਵਾਲਾ ਇਹ ਵਿਆਖਿਆਕਾਰ ਅਜੋਕੇ ਉੱਤਰ ਆਧੁਨਿਕ ਯੁੱਗ ਵਿਚਲੀ ਗੁਰਬਾਣੀ ਵਿਆਖਿਆ ਦੀ

ਉੱਤਰ ਆਧੁਨਿਕ ਪ੍ਰਣਾਲੀ ਦਾ ਮੋਹਰੀ ਅਤੇ ਸਿਰਮੌਰ ਵਿਆਖਿਆਕਾਰ ਹੈ ਜਿਸ ਨੇ ਆਤਮਕ ਅਨੁਭਵ ਅਤੇ ਤਾਰਕਿਕ ਅਧਿਐਨ ਰਾਹੀਂ ਅਤੇ ਪਾਠਾਤਮਕ ਅਰਥਾਂ ਦੀ ਪਰਤੀਤੀ ਨਾਲ ਬਾਣੀਕਾਰਾਂ ਦੇ ਅਭਿਪਰਾਇ ਤੱਕ ਪਹੁੰਚਣ ਦਾ ਮਾਰਗ਼ ਪ੍ਰਦਰਸ਼ਿਤ ਕੀਤਾ ਹੈ।

ਅੰਤ ਵਿੱਚ ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ ਅਤੇ ਪ੍ਰਮੁੱਖ ਸਿਧਾਂਤਾਂ ਦੇ ਪ੍ਰਸੰਗ ਵਿੱਚ ਸੰਤ ਸਿੰਘ ਮਸਕੀਨ ਜੀ ਦੇ ਵਿਆਖਿਆ ਸਿਧਾਂਤ ਅਤੇ ਸ਼ੈਲੀ ਦਾ ਅਧਿਐਨ ਕਰਨ ਉਪਰੰਤ ਖੋਜ ਪ੍ਰਬੰਧ ਦੇ ਸਾਰ ਅਤੇ ਮੂਲ ਸਥਾਪਨਾਵਾਂ ਦੇ ਆਧਾਰ ਉੱਤੇ ਇਹ ਨਿਸਚੈ ਨਾਲ ਕਿਹਾ ਜਾ ਸਕਦਾ ਹੈ ਕਿ ਗੁਰਬਾਣੀ ਅਨੁਭਵ ਦਾ ਵਿਸ਼ਾ ਵੀ ਹੈ ਤੇ ਅਧਿਐਨ ਦਾ ਵਿਸ਼ਾ ਵੀ ਹੈ।ਅਧਿਐਨ ਦੀ ਦ੍ਰਿਸ਼ਟੀ ਤੋਂ ਧਾਰਮਿਕ ਅਨੁਭਵ ਚਿੰਤਨ ਦੀ ਸਾਮੱਗਰੀ ਹੈ ਜਿਸ ਦੇ ਆਧਾਰ ਉੱਤੇ ਸਿਧਾਂਤ ਸਿਰਜੇ ਜਾਂਦੇ ਹਨ ਅਤੇ ਧਰਮ ਦਰਸ਼ਨ ਦਾ ਨਿਰਮਾਣ ਵੀ ਕੀਤਾ ਜਾਂਦਾ ਹੈ ਜਦੋਂ ਕਿ ਧਾਰਮਿਕ ਅਨੁਭਵ ਮਨੁੱਖ ਦੇ ਅੰਤਰੀਵੀ ਮਨ ਨੂੰ ਅਧਿਆਤਮਕ ਅਤੇ ਨੈਤਿਕ ਜੀਵਨ ਦੀਆਂ ਪ੍ਰਾਪਤੀਆਂ ਹਿੱਤ ਸੇਧ ਤੇ ਪ੍ਰੇਰਨਾ ਵੀ ਦਿੰਦੇ ਹਨ।ਵਿਆਖਿਆ ਪਰਕ ਪ੍ਰਣਾਲੀਆਂ ਅਤੇ ਸਿਧਾਂਤ ਧਾਰਮਿਕ ਅਨੁਭਵ ਅਤੇ ਚਿੰਤਨ ਦੋਹਾਂ ਨੂੰ ਹੀ ਗੰਭੀਰਤਾ ਨਾਲ ਸਮਝਣ ਵਿੱਚ ਸਹਾਇਕ ਹੁੰਦੇ ਹਨ ਸੋ ਇਸ ਪਰਿਪੇਖ ਵਿੱਚ ਸੰਤ ਸਿੰਘ ਮਸਕੀਨ ਜੀ ਦੀ ਗੁਰਬਾਣੀ ਵਿਆਖਿਆ ਜਿਸ ਦੀ ਪ੍ਰਾਕਿਰਤੀ ਬਹੁ ਅਨੁਸ਼ਾਸ਼ਨੀ, ਬਹੁ ਪਾਸਾਰੀ, ਬਹੁ ਖੇਤਰੀ, ਬਹੁ ਸੰਕਲਪੀ, ਬਹੁ ਭਾਸ਼ਾਈ ਹੈ ਤੇ ਜੋ ਵਿਆਕਰਣਕ ਨੇਮਾਵਲੀ ਅਤੇ ਤੁਲਨਾਤਮਕ ਵਿਧੀ ਦੇ ਆਧਾਰ ਉੱਤੇ ਉਸਰੀ ਪਾਈ ਗਈ ਹੈ ਉਸ ਦੀ ਵਿਲੱਖਣਤਾ ਅਤੇ ਉਨ੍ਹਾਂ ਦੇ ਕੀਮਤੀ ਯੋਗਦਾਨ ਦੀ ਨਿਸ਼ਾਨਦੇਹੀ ਨੂੰ ਹਥਲੇ ਖੋਜ ਪ੍ਰਬੰਧ ਰਾਹੀਂ ਗੰਭੀਰ ਰੂਪ ਵਿੱਚ ਖੋਜਣ ਦੇ ਪ੍ਰਯਤਨ ਕੀਤੇ ਗਏ ਹਨ।